ਦੌੜਦਾ ਹੈ। ਭਾਈ ਨੱਥਾ ਸਿੰਘ ਜੀ ਤੇ ਦੋ ਹੋਰ ਸਿੰਘ ਭੱਜ ਕੇ ਲਟੈਨ ਉਪਰ ਚੜ੍ਹ ਗਏ, ਬਾਕੀ ਸਿੰਘ ਚੜ੍ਹ ਨਾ ਸਕੇ ਤੇ ਪਿੱਛੇ ਕੰਢੇ ਤੇ ਹੀ ਰਹਿ ਗਏ।

ਜਦ ਨਦੀ ਦੇ ਪੁੱਲ (ਜੋ ਹੈਦਰਾਬਾਦ ਦੱਖਣ ਰਾਜਧਾਨੀ ਨੂੰ ਜਾਂਦੀ ਸੜਕ ਲਈ ਪੁਲ ਸੀ) ਦੇ ਹੇਠੋਂ ਜਦ ਲੱਕੜ ਲੰਘਣ ਲੱਗੀ ਤਾਂ ਠੋਕਰ ਲੱਗਣ ਨਾਲ ਤਿੰਨੇ ਸਿੰਘ ਡੂੰਘੇ ਪਾਣੀ ਵਿਚ ਡਿੱਗ ਪਏ। ਭਾਈ ਨੱਥਾ ਸਿੰਘ ਜੀ ਚੰਗੇ ਤਾਰੂ ਸਨ। ਉਹਨਾਂ ਨੇ ਹਿੰਮਤ ਕਰ ਕੇ ਦੋ ਸਿੰਘਾਂ ਨੂੰ ਭੀ ਬਚਾ ਕੇ ਤੇ ਫਿਰ ਉਸੇ ਲੱਕੜ ਤੇ ਚੜ੍ਹਾ ਲਿਆ।

ਜੋ ਸਿੰਘ ਨਦੀ ਕੰਢੇ ਦੁਰੇਡੇ ਪਿੱਛੇ ਪੈਦਲ ਆ ਰਹੇ ਸਨ, ਉਹਨਾਂ ਨੇ ਸਿੰਘਾਂ ਨੂੰ ਨਦੀ ਵਿਚ ਡਿੱਗਦੇ ਤਾਂ ਵੇਖਿਆ, ਪਰ ਤੇਜ ਵਹਿਣ ਹੋਣ ਦੇ ਕਾਰਨ ਹੋਰ ਦੁਰੇਡੇ ਜਾ ਕੇ ਉਹ ਤਿੰਨੇ ਸਿੰਘ ਤਾਂ ਲਟੈਨ ਤੇ ਚੜ੍ਹ ਗਏ ਸਨ, ਨਾ ਵੇਖ ਸਕੇ। ਉਹਨਾਂ ਨੂੰ ਸ਼ੱਕ ਹੋ ਗਿਆ ਜੋ ਤਿੰਨ ਸਿੰਘ ਸ਼ਹੀਦ ਹੋ ਗਏ ਹਨ (ਭਾਵ ਕਿ ਡੁੱਬ ਗਏ ਹਨ)। ਹਨੇਰਾ ਹੋ ਚੁੱਕਾ ਸੀ ਤੇ ਹੋਰ ਵੱਧ ਰਿਹਾ ਸੀ। ਸੋ ਸਿੰਘਾਂ ਦੀ ਭਾਲ ਲਈ ਲਾਲਟੈਨਾਂ ਲੈਕੇ ਭਾਈ ਮਹਿਤਾਬ ਸਿੰਘ ਜੀ ਤੇ ਹੋਰ ਸਿੰਘਾਂ ਨੇ ਨਦੀ ਤੱਟ ਤੇ ਦੋ ਦੋ ਮੀਲ ਤੱਕ ਜਾ ਕੇ ਬੜੀ ਖੋਜ ਭਾਲ ਕੀਤੀ ਪਰ ਕੋਈ ਪੱਤਾ ਨਾ ਲੱਗਾ।

ਉਧਰ ਮਾਤਾ ਜੀ ਦੇ ਅਸਥਾਨ ਤੇ ਭੀ ਇਹ ਖਬਰ ਹੋ ਗਈ ਕਿ ਤਿੰਨ ਸਿੰਘ ਸ਼ਹੀਦ ਹੋ ਗਏ ਹਨ। ਸਿੰਘਾਂ ਨੇ ਬਾਬਾ ਜੀ ਨੂੰ ਜਾ ਕੇ ਕਿਹਾ ਕਿ ਲਟੈਨ ਤੇ ਚੜ੍ਹੇ ਤਿੰਨੇ ਸਿੰਘ ਸ਼ਹੀਦ ਹੋ ਗਏ ਹਨ।

ਬਾਬਾ ਮਿੱਤ ਸਿੰਘ ਜੀ ਇਹ ਬਚਨ ਸੁਣ ਕੇ ਮੁਸਕਰਾ ਪਏ ਤੇ ਫਿਰ ਮੁਸਕਰਾਉਂਦੇ ਅੰਦਾਜ਼ ਵਿਚ, ਦੋ ਕਦਮ ਇਧਰ, ਦੋ ਕਦਮ ਉਧਰ ਫਿਰਦੇ ਬਚਨ ਕੀਤਾ–ਹੱਛਾ ! ਸਿੰਘ ਸ਼ਹੀਦ ਹੋ ਗਏ ਨੇ। ਇਹ ਤਾਂ ਫਿਰ ਚੰਗਾ ਹੋਇਆ। ਸ਼ਹੀਦ ਸਿੰਘ ਤਾਂ ਅਮਰ ਹੁੰਦੇ ਹਨ। ਉਹ ਤਾਂ ਕਦੀ ਮਰਦੇ ਨਹੀਂ। ਸਗੋਂ ਸ਼ਹੀਦੀ ਪ੍ਰਾਪਤ ਕਰ ਕੇ ਉਹ ਅਥਾਹ ਸ਼ਕਤੀ ਦੇ ਮਾਲਕ ਹੋ ਜਾਂਦੇ ਹਨ। ਫਿਰ ਸਿੰਘੋ, ਕਾਹਦੀ ਫਿਕਰ ਕਰਦੇ ਹੋ, ਤੇ ਭਾਲ ਕਾਹਦੀ ਕਰਦੇ ਹੋ ? ਤਾਂ ਤੇ ਉਹ ਲਟੈਣ ਛੇਤੀ ਲੈ ਕੇ ਆਵਣਗੇ। ਸਾਨੂੰ ਘਬਰਾਉਣ ਦੀ ਕੋਈ ਲੋੜ ਨਹੀਂ। ਉਹ ਤਾਂ ਮਾਤਾ ਜੀ ਦੇ ਕਾਰਜ ਵਾਸਤੇ ਗਏ ਹਨ। ਆਪਣੇ ਸਪੂਤਾਂ ਨੂੰ ਮਾਤਾ ਜੀ ਆਪੇ ਹੀ ਸੰਭਾਲ ਕੇ ਲੈ ਆਵਣਗੇ।

ਕਾਫੀ ਰਾਤ ਢਲ ਚੁੱਕੀ ਸੀ, ਜਦ ਤਿੰਨੇ ਸਿੰਘ ਸਹੀ ਸਲਾਮਤ ਮਾਤਾ ਜੀ ਦੇ ਅਸਥਾਨ ਤੇ ਆ ਪੁੱਜੇ ਤੇ ਲਟੈਨ (ਲੱਕੜ) ਇਕ ਬਰੇਤੀ ਦੇ ਟਿੱਲੇ ਨਾਲ ਲੱਗ ਕੇ ਰੁਕ ਗਈ।

ਡੇਰੇ ਦੇ ਸਿੰਘਾਂ– [ਬੜੇ ਹੈਰਾਨ ਹੋ ਕੇ ਜਲਦੀ ਨਾਲ ਬਾਬਾ ਜੀ ਨੂੰ ਕਿਹਾ] ਬਾਬਾ ਜੀ ! ਤਿੰਨੇ ਸਿੰਘ ਆ ਗਏ ਹਨ। ਅਤੇ ਉਹ ਲਟੈਨ ਪਿੰਡ ਨਾਗਾ ਪੁਰ ਸਾਹਮਣੇ ਰੇਤ ਦੇ ਟਿੱਲੇ ਨਾਲ ਲੱਗ ਕੇ ਰੁਕੀ ਹੋਈ ਹੈ।

ਬਾਬਾ ਜੀ–ਚੰਗਾ ਹੋਇਆ ਕਿ ਸਿੰਘ (ਸ਼ਹੀਦ ਹੋਏ) ਆ ਗਏ ਹਨ। ਮਾਤਾ ਜੀ ਦੇ ਕਾਰਜ ਨੂੰ ਗਏ ਸਨ। ਧੰਨ ਮਾਤਾ ਜੀ ! ਆਪਣੇ ਸੇਵਕਾਂ ਨੂੰ ਹੱਥ ਦੇ ਕੇ ਰੱਖ ਲਿਆ ਹੈ।

ਤਿੰਨੇ ਸਿੰਘ–ਪਹਿਲਾਂ ਸਤਿਗੁਰੂ ਹਜ਼ੂਰ ਨਮਸ਼ਕਾਰ, ਅਰਦਾਸ, ਬੇਨਤੀ ਕੀਤੀ ਹੈ। ਆਪ ਜੀ ਨੇ

ਦਾਸਾਂ ਤੇ ਬਖਸ਼ਸ਼ ਕੀਤੀ ਹੈ। ਫਿਰ ਬਾਬਾ ਜੀ ਪਾਸ ਦੀਦਾਰ ਕੀਤੇ ਤੇ ਫਤਹਿ ਬੁਲਾਈ।

ਬਾਬਾ ਜੀ– ਸੁਣਾਓ ਬਈ ਸ਼ਹੀਦ ਸਿੰਘੋ ! ਕਿਵੇਂ ਫੁਰਤੀ ਨਾਲ ਲਟੈਨ ਲੈ ਆਏ ਹੋ। ਕੀ ਬੀਤੀ ਹੈ ਆਪ ਨਾਲ। ਸਿੰਘਾਂ ਨੇ ਤਾਂ ਆ ਕੇ ਕਿਹਾ ਹੈ ਕਿ ਤੁਸੀਂ ਸ਼ਹੀਦ ਹੋ ਗਏ ਹੋ।

ਤਿੰਨੇ ਸਿੰਘ– ਬਾਬਾ ਜੀ ! ਆਪ ਜੀ ਨੂੰ ਕੀ ਦੱਸੀਏ, ਆਪ ਜੀ ਇਸ ਖੇਡ ਨੂੰ ਕਿਹੜੇ ਜਾਣਦੇ ਨਹੀਂ ਹੋ ?

ਬਾਬਾ ਜੀ–ਅਸੀਂ ਅਨਜਾਣ ਜਾਣੀਏ ਮਾਤਾ ਜੀ ਦੀ ਖੇਡ ਨੂੰ, ਖੇਡ ਤੁਸਾਂ ਵਰਤਾਈ, ਦਸੀਏ ਅਸੀਂ ? ਅਸੀਂ ਕਿਹੜੇ ਅੰਤ੍ਰਜਾਮੀ ਹਾਂ।

ਤਿੰਨੇ ਸਿੰਘ–ਬਾਬਾ ਜੀ ਸਾਨੂੰ ਅਜੇ ਭੀ ਕੋਈ ਭੁੱਲ ਬਾਕੀ ਰਹੀ, ਜਦ ਅਸੀਂ ਤੁਸਾਂ ਨੂੰ ਪ੍ਰਤੱਖ ਵੇਖਿਆ ਏ। ਜਦ ਅਸੀਂ ਪੁੱਲ ਪਾਸ ਲਟੈਨ ਨੂੰ ਟੱਕਰ ਲਈ, ਅਸੀਂ ਤਿੰਨੇ ਡੂੰਘੇ ਪਾਣੀ ਵਿਚ ਡਿੱਗ ਪਏ। ਸੱਚ ਤਾਂ ਇਹ ਕਿ ਸਾਡਾ ਬੱਚਣਾ ਅਤਿ ਕਠਨ ਸੀ। ਪਰ ਉਸ ਵੇਲੇ ਤਾਂ ਪਰਤੱਖ ਜਗਤ ਮਾਤਾ ਜੀ (ਜੋ ਕਿ ਆਪ ਜੀ ਪਾਸ ਖੜੇ ਸਨ ਉਹਨਾਂ ਨੇ ਆਪ ਜੀ ਨੂੰ ਹੁਕਮ ਕੀਤਾ। ਆਪ ਜੀ ਨੇ ਸਾਨੂੰ ਚੁੱਕ ਕੇ ਫਿਰ ਲਟੈਨ ਤੇ ਚੜ੍ਹ ਦਿਤਾ। ਲਟੈਨ ਤਾਂ ਅੱਗੇ ਰੁੜ੍ਹਦੀ ਜਾ ਰਹੀ ਸੀ। ਅਸੀਂ ਤਾਂ ਪਿਛੇ ਡੁੱਬਕਣੀਆਂ ਖਾ ਰਹੇ ਸਾਂ। ਧੰਨ ਜਗਤ - ਮਾਤਾ ਸਾਹਿਬ ਕੌਰਾਂ ਜੀ ਨੇ ਸਾਇਦ ਦਾਸਾਂ ਪਾਸੋਂ ਅਜੇ ਹੋਰ ਸੇਵਾ ਲੈਣੀ ਹੋਵੇ ਨਾਲੇ ਆਪਣੇ ਬਿਰਦ ਦੀ ਲਾਜ ਰੱਖੀ ਹੈ, ਕਾਰਜ ਤਾਂ ਮਾਤਾ ਜੀ ਦਾ ਸੀ। ਨਮਸ਼ਕਾਰ ! ਨਮਸ਼ਕਾਰ ! ਨਮਸ਼ਕਾਰ !

ਬਾਬਾ ਜੀ–ਸਿੰਘੋ ! ਇਹ ਕਾਰਜ ਤਾਂ ਮਾਤਾ ਜੀ ਨੇ ਆਪ ਹੀ ਕੀਤਾ ਹੈ, ਪਰ ਉਹਨਾਂ ਆਪਾ ਛੁਪਾ ਕੇ 'ਇਸ ਕੀਟ, ਮੂਰਖ' ਦਾ ਇਹਨਾਂ ਸਿੰਘਾਂ ਨੂੰ ਝੌਲਾ ਪੁਆ ਕੇ ਆਪ ਇਹਨਾਂ ਦੀ ਰੱਖਵਾਲੀ ਕੀਤੀ ਹੈ। ਨਾਲੇ ਤੁਸਾਂ ਨੂੰ ਝੌਲਾ ਦੇ ਦਿਤਾ ਕਿ ਸਿੰਘ ਸ਼ਹੀਦ ਹੋ ਗਏ ਹਨ।

ਚੰਗਾ ਸਿੰਘੋ ! ਸਵੇਰੇ (ਦਿਨ ਚੜ੍ਹੇ) ਸਾਰੇ ਸਿੰਘ ਚਲ ਕੇ 'ਲਟੈਨ' ਰੇਹੜ ਕੇ ਲੈ ਆਵਾਂਗੇ। ਸ਼ਹੀਦ ਸਿੰਘਾਂ ਨੇ ਤਾਂ ਇਥੋਂ ਤੱਕ ਲੈ ਆਂਦੀ ਹੈ। ਚੱਲੋ ! ਇਹਨਾਂ ਸਿੰਘਾਂ ਨੂੰ ਜਲ - ਪਾਣੀ ਛਕਾਓ। ਦੁੱਧ ਗਰਮ ਕਰ ਕੇ ਤੇ ਘਿਓ ਪਾ ਕੇ ਛੱਕਾਓ।

ਜਦ ਸਵੇਰ ਹੋਈ ਤਾਂ ਸਾਰੇ ਸਿੰਘ ਲਟੈਨ ਲੈਣ ਲਈ ਗਏ। ਬਰੇਤੀ ਤੋਂ ਅਗੇ ਤੋਰਨ ਲਈ ਬੜਾ ਜ਼ੋਰ ਲਾਇਆ, ਪਰ ਲਟੈਨ ਅਗੇ ਨਾ ਤੁਰੀ। ਏਨੇ ਚਿਰ ਨੂੰ ਕੁਝ ਮਰਹੱਟੇ ਸਿੰਘਾਂ ਨੂੰ ਵੇਖ ਕੇ ਆ ਗਏ। ਉਹਨਾਂ ਨੇ ਬਿਨਾਂ ਡਰੰਮਾਂ ਦੇ ਤਾਰ ਪਾ ਕੇ ਖਿੱਚ ਕੇ ਸਹਿਜੇ ਹੀ ਰੇਹੜ ਕੇ ਮਾਤਾ ਜੀ ਦੇ ਅਸਥਾਨ ਸਾਹਮਣੇ ਉਰਲੇ ਕੰਢੇ ਤੇ ਲੈ ਆਏ।

ਹੁਣ ਇਹ ਲਟੈਨ ੪੦ ਫੁਟ ਡੂੰਘੀ ਨਦੀ ਚੋਂ ਉਪਰ ਚੜ੍ਹਾਉਣ ਦਾ ਕੋਈ ਵਸੀਲਾ ਨਾ ਬਣੇ, ਤਾਂ ਬਾਬਾ ਜੀ ਨੇ ਕਿਹਾ ਸਿੰਘੋ ਇਹ ਸਾਡੇ ਤੁਹਾਡੇ ਵਸ ਦੀ ਗੱਲ ਨਹੀਂ। ਡੇਗਣਾ ਤਾਂ ਸੌਖਾ ਹੈ, ਉਪਰ ਚੜ੍ਹਨਾ ਹੀ ਸਭ ਤੋਂ ਵੱਡੀ ਪਦਵੀ ਹੈ।

ਬਾਬਾ ਜੀ ਦੀ ਆਤਮਕ ਉਡਾਰੀ ਦੀ ਰਮਜ਼

ਜੀਵ ਉਪਰਲੀ ਮੰਜ਼ਲ ਨੂੰ ਪ੍ਰਾਪਤ ਕਰਨ ਲਈ ਕਈ ਤਰਾਂ ਦੇ ਸਾਧਨ ਕਰਦਾ ਹੈ ਪਰ ਇਹ ਸਭ

ਨਿਰਾਰਥ ਹਨ, ਇਥੇ ਨਾ ਸਾਡੀ ਹਿੱਕ - ਮਤ (ਹਿਕਮਤ) ਜ਼ੋਰ ਨਾਲ ਸੁਰਤ ਲਾਣ ਨਾਲ ਉੱਚ ਪਦਵੀ (ਗਿਆਨ) ਦੀ ਪ੍ਰਾਪਤੀ ਨਹੀਂ ਹੁੰਦੀ।

ਜੋਰ ਨ ਸੁਰਤੀ ਗਿਆਨ ਵਿਚਾਰ ॥ ਜੋਰ ਨ ਜੁਗਤੀ ਛੁਟੈ ਸੰਸਾਰ ॥ (ਜਪੁਜੀ)

ਇਸੇ ਤਰ੍ਹਾਂ ਸੰਸਾਰ (ਮਿਥਿਆ, ਮਾਇਆ) ਦੇ ਪਸਾਰੇ ਤੋਂ ਜ਼ੋਰ ਜਾਂ ਜੁਗਤੀ ਨਾਲ ਜੀਵ ਦਾ ਛੁਟਕਾਰਾ ਬਿਲਕੁਲ ਨਹੀਂ ਹੁੰਦਾ।

ਜਿਵੇਂ ਇਹ ਲਟੈਨ ਜੁਗਤ ਜਾਂ ਜ਼ੋਰ ਨਾਲ ਉਪਰ ਨਹੀਂ ਚੜ੍ਹੇਗੀ, ਸਾਡਾ ਜ਼ੋਰ ਲਾਉਣਾ ਕਿਸੇ ਕੰਮ ਨਹੀਂ ਆਉਣਾ, ਇਸੇ ਤਰਾਂ ਸ਼ਬਦ ਸੁਰਤ ਨੂੰ ਉੱਚ ਅਸਥਾਨ (ਦਸਮ ਦਵਾਰ) ਚੜ੍ਹਾਉਣ ਲਈ, ਗੁਰੂ ਦੀ ਬਖਸ਼ਸ਼ ਨਾਲ ਹੀ ਇਹ ਮਸਲੇ ਹਲ਼ ਹੋ ਸਕਦੇ ਹਨ। ਸਭ ਤੋਂ ਪਹਿਲਾਂ ਗੁਰੂ ਧਾਰਨਾ, ਫਿਰ ਵਿਸ਼ਵਾਸ਼, ਦ੍ਰਿੜ ਵਿਸ਼ਵਾਸ, ਜਿਸ ਵਿਚ ਰਾਈ ਭਰ (ਸਰ੍ਹੋਂ ਦੇ ਦਾਣੇ ਮਾਫਕ) ਸ਼ਿਕਵੇ, ਸ਼ੰਕੇ, ਵਿਥ, ਦੂਰੀ ਨਹੀਂ ਹੋਣੀ ਚਾਹੀਦੀ, ਤਾਂ ਹੀ ਸਤਿਗੁਰੂ ਜੀ ਦੀ ਕਿਰਪਾ ਨਾਲ ਜੀਵ ਪ੍ਰਭੂ ਦੀ ਉੱਚ ਉੱਚਆਣਿ ਨੂੰ ਪ੍ਰਾਪਤ ਕਰ ਸਕਦਾ ਹੈ।

ਬਾਬਾ ਜੀ ਨੇ ਸਤਿਗੁਰੂ ਜੀ ਤੇ ਪੂਰਨ ਭਰੋਸਾ ਰੱਖਦੇ ਹੋਏ ਆਖਿਆ—ਸਿੰਘੋ ! ਇਸ ਲਟੈਨ ਦੇ ਦੋਵੇਂ ਸਿਰਿਆਂ ਤੇ ਰੱਸੇ ਪਾ ਕੇ ਉਪਰ ਦਰਖਤਾਂ ਨਾਲ ਜਾਂ ਵੱਡੇ ਕਿਲੇ ਠੋਕ ਕੇ ਬੰਨ ਦਿਉ। ਵੇਖੋ ਜਗਤ - ਮਾਤਾ ਮਾਤਾ ਸਾਹਿਬ ਕੌਰਾਂ ਜੀ ਤੇ ਸਤਿਗੁਰੂ ਜੀ ਦੀ ਬਖਸ਼ਸ਼ ਨਾਲ ਲਟੈਨ ਆਪੇ ਉਪਰ ਆ ਜਾਵੇਗੀ, ਅਸੀਂ ਪੂਰਨ ਵਿਸ਼ਵਾਸ ਨਾਲ ਅਰਦਾਸ ਕਰੀਏ। ਆਪੇ ਜਿਸ ਦਾ ਕਾਰਜ ਹੈ, ਉਸ ਨੂੰ ਸਾਡੇ ਨਾਲੋਂ ਜ਼ਿਆਦਾ ਫਿਕਰ ਹੈ। ਅਸੀਂ ਚਿੰਤਾ ਕਿਉਂ ਕਰੀਏ।

ਅਚਾਨਕ ਨਦੀ ਦਾ ਚੜ੍ਹਨਾ

ਅਜੇ ਕੁਝ ਕੁ ਦਿਨ ਹੀ ਹੋਏ ਸਨ ਕਿ ਅਚਾਨਕ ਬਾਰਸ਼ ਪੈਣ ਕਾਰਣ ਨਦੀ ਵਿਚ ਹੜ੍ਹ ਆ ਗਿਆ ਅਤੇ ਇਹ ਲਟੈਨ ਤਰ ਕੇ ਉਪਰ ਆ ਗਈ। ਜਿਥੇ ਭਾਈ ਤਾਰਾ ਸਿੰਘ ਜੀ ਤੇ ਭਾਈ ਤੇਜਾ ਸਿੰਘ ਜੀ ਦਾ ਬੁੰਗਾ ਸੀ, ਉਸ ਪਾਸ ਆ ਲੱਗੀ।

ਸਿੰਘ—ਬਾਬਾ ਜੀ ! ਮਾਤਾ ਜੀ ਦੀ ਅਪਾਰ ਕ੍ਰਿਪਾ ਦੁਆਰਾ ਨਦੀ ਵਿਚ ਬਾੜ ਆਉਣ ਕਾਰਨ ਔਹ ਸਿੰਘਾਂ ਦੇ ਬੁੰਗਿਆਂ ਲਾਗੇ ਲੱਕੜ ਆਪੇ ਹੀ ਉੱਪਰ ਆ ਗਈ ਹੈ।

ਬਾਬਾ ਜੀ—ਹਾਂ ਸਿੰਘੋ ! ਜਿਸ ਦਾ ਕਾਰਜ ਸੀ, ਉਸੇ ਨੂੰ ਹੀ ਫਿਕਰ ਸੀ। ਸਾਡਾ ਜ਼ੋਰ ਯਤਨ ਇਥੇ ਕੀ ਕਰਦਾ ਸੀ। ਜੇ ਅਸੀਂ ਜ਼ੋਰ ਜੁਗਤ ਵਰਤਦੇ ਤਾਂ ਕਈ ਦਿਨ ਖੱਪਦੇ ਰਹਿੰਦੇ, ਪਰ ਸਫਲਤਾ ਫਿਰ ਭੀ ਨਹੀਂ ਸੀ ਹੋਣੀ ! ਹੈ ਨਾ ਜੀਵ ਦੇ ਜ਼ੋਰ ਲਾਉਣ ਤੋਂ ਬਿਨਾਂ ਸ਼ਕਤੀਆਂ ਦੇ ਮਾਲਕ ਸਤਿਗੁਰੂ ਕਿਵੇਂ ਸਹਿਜੇ ਹੀ ਲੱਕੜ ਉਤਾਂਹ ਲੈ ਆਂਦੀ ਹੈ। ਇਸੇ ਤਰ੍ਹਾਂ ਜੋ ਅਸੀਂ 'ਹਉਮੈਂ' ਵਿਚ ਪ੍ਰਭੂ ਪ੍ਰਾਪਤੀ ਲਈ ਜ਼ੋਰ ਜਬਰ ਜੁਗਤੀ ਕਰ ਕੇ ਮੁਕਤੀ ਚਾਹੁੰਦੇ ਹਾਂ। ਪ੍ਰਭੂ ਸ਼ਕਤਿ ਜੋ ਸਹਿਜ ਦਾ ਮਾਰਗ ਹੈ—

ਸਹਜੇ ਜਾਗਣ ਸਹਜੇ ਸੋਇ ॥ ਸਹਜੇ ਹੋਤਾ ਜਾਇ ਸੁ ਹੋਇ॥
ਸਹਜ ਬੈਰਾਗ ਸਹਜੇ ਹੀ ਹਸਨਾ ॥ ਸਹਜੇ ਚੂਪ ਸਹਜੇ ਹੀ ਜਪਨਾ ॥

ਸਹਜੇ ਭੋਜਨ ਸਹਜੇ ਭਾਉ ॥ ਸਹਜੇ ਮਿਟਿਓ ਸਗਲ ਦੁਰਾਓ ॥
ਸਹਜੇ ਹੋਆ ਸਾਧੂ ਸੰਗੁ ॥ ਸਹਜਿ ਮਿਲਿਓ ਪਾਰਬ੍ਰਹਮ ਨਿਸੰਗ ॥ ੪ ॥

[ਗਉੜੀ ਮ: ੫, ਪੰਨਾ ੨੩੬

(ਇਹ ਅੱਗੋਂ ਸਾਰਾ ਸ਼ਬਦ ੫ ਅੰਕ ਤੋਂ ੮ ਅੰਕ ਤੱਕ ਸਹਿਜ ਅਵਸਥਾ ਹੀ ਦਰਸਾਂਦਾ ਹੈ।)
ਇਸ ਕਰ ਕੇ ਜੀਵ ਨੂੰ ਆਪਣੀ—

ਹਿਕਮਤਿ ਹੁਕਮਿ ਨ ਪਾਇਆ ਜਾਇ ॥ [ਧਨਾਸਰੀ ਮ: ੧—੬੬੧

ਹੱਛਾ ਹੋਇਆ ਜੋ ਤੁਸਾਂ ਨੂੰ ਜ਼ੋਰ ਨਹੀਂ ਲਾਉਣਾ ਪਿਆ। ਚਲੋ ਪਾਣੀ ਨੇ ਲਟੈਣ ਲੈ ਆਂਦੀ ਹੈ, (ਇਹ ਭੀ ਪ੍ਰਭੂ ਦੀ ਸ਼ਕਤੀ ਹੈ) ਉਥੇ ਰੱਸੇ ਖਿੱਚ ਕੇ ਬੰਨ੍ਹ ਦਿਓ। ਕਿਉਂਕਿ ਹੁਣ ਉਪਰ ਸਹਿਜੇ ਹੀ ਚੜ੍ਹਾਈ ਜਾ ਸਕੇਗੀ।

ਇਸ ਤਰ੍ਹਾਂ ਸਿੰਘਾਂ ਨੇ ਸਹਿਜੇ ਹੀ ਉਹ ਲਟੈਨ ਉਪਰ ਮਾਤਾ ਜੀ ਦੇ ਅਸਥਾਨ ਤੇ ਚੜ੍ਹਾ ਲਈ, ਅਤੇ ਖਰਾਸ* ਤੇ ਚੜ੍ਹਾ ਦਿਤੀ। ਕਮਾਈ ਵਾਲੇ ਪੁਰਸ਼ਾਂ ਦੇ ਹਰ ਬਚਨ, ਗਲਬਾਤ ਕਰਨ ਦਾ ਤਰੀਕਾ, ਮਾਰਫਤ

---

* ਖਰਾਸ—ਮਾਤਾ ਜੀ ਦੇ ਅਸਥਾਨ ਤੇ ਵਧੇਰੇ ਸੰਗਤਾਂ ਦੇ ਆਉਣ ਕਾਰਨ ਖਰਾਸ ਲਵਾਇਆ ਸੀ। ਰੋਜ਼ਾਨਾ ਸਵੇਰੇ ਸ਼ਾਮ ਲੰਗਰ ਲਈ ਤਾਜ਼ਾ ਜਵਾਰੀ (ਜੋ ਪਹਿਲਾਂ ਧੋ ਸੁੱਕਾ ਕੇ ਹੰਬਾਰੀਆਂ ਵਿਚ ਰਖੀ ਹੁੰਦੀ ਸੀ) ਦਾ ਖਰਾਸੀਆ ਸੇਵਾਦਾਰ ਪੀਸਦਾ ਤੇ ਨਾਲ ਦੀ ਨਾਲ ਇਸ ਤਾਜ਼ੇ ਆਟੇ ਦਾ ਲੰਗਰ ਪਕਦਾ, ਜਦ ਭੀ ਸੰਗਤ ਆਉਂਦੀ ਤਾਂ ਖਰਾਸੀਆ ਸਿੰਘ ਉਸੇ ਵੇਲੇ ਖਰਾਸ ਜੋੜ ਕੇ ਤਾਜ਼ਾ ਆਟਾ ਲੰਗਰ ਲਈ ਪੀਸਦਾ ਸੀ। ਇਹ ਬੰਦਸ਼ ਨਹੀਂ ਸੀ ਕਿ ਆਟਾ ਫਲਾਣੇ ਵੇਲੇ ਹੀ ਪੀਸਨਾ ਹੈ। ਸਗੋਂ ਜੇ ਅੱਧੀ ਰਾਤ ਨੂੰ ਭੀ ਸੰਗਤ ਆ ਗਈ ਤਾਂ ਉਸੇ ਵੇਲੇ ਹੀ ਖਰਾਸ ਜੋਤੱ ਜਾਂਦਾ ਤੇ ਤਾਜ਼ੇ ਆਟੇ ਦਾ ਲੰਗਰ ਸਜਾ ਕੇ ਛੱਕਾਇਆ ਜਾਂਦਾ ਸੀ। ਇਹ ਖਰਾਸ ਖੂਹੇ ਤੋਂ (ਜੋ ਹੁਣ ਭੀ ਹੈ) ਲਹਿੰਦੇ ਖੂਹ ਦੀ ਮੱਨ ਛੱਡ ਕੇ ਲੱਗਾ ਹੋਇਆ ਸੀ। ਲੰਗਰ ਅਸਥਾਨ, ਬਾਬਾ ਜੀ ਦੇ ਆਸਨ [ਜਿਥੇ ਬਾਬਾ ਜੀ ਦਾ ਹੁਣ ਅੰਗੀਠਾ ਹੈ] ਤੋਂ ਕੁਝ ਅਗੇ ਬੁੰਗੇ ਤੋਂ ਦੋ ਤਿੰਨ ਕਰਮ ਪਹਾੜ ਵਲ ਤੇ ਖਰਾਸ ਤੋਂ ਦੱਖਣ ਵਲ ਖੂਹ ਹੁੰਦਾ ਸੀ ਜੋ ਲਹਿੰਦੇ ਵਲ ਛੱਪਰ ਹੇਠਾਂ ਹੀ ਲੱਕੜ ਦੀਆਂ ਥੰਮ੍ਹੀਆਂ ਗੱਡ ਕੇ ਬਣਿਆ ਹੋਇਆ ਸੀ।

ਇਸੇ ਤਰ੍ਹਾਂ ਸ਼ਹੀਦੀ ਦੇਗਾਂ (ਜਲ ਪਾਣੀ) ਪ੍ਰਕਾਸ਼ ਅਸਥਾਨ ਦੇ ਨਾਲ ਲਗਦੇ ਟੀਨਾਂ ਪਾ ਕੇ ਬਣਿਆ ਹੋਇਆ ਸੀ। ਨਵੀਆਂ ਇਮਾਰਤਾਂ ਦੀ ਉਸਾਰੀ ਹੋਣ ਤੇ ਲੰਗਰ ਦੀ ਇਮਾਰਤ ਬੜੀ ਸੁੰਦਰ ਬਣ ਗਈ ਹੈ। ਤੇ ਬਿਜਲੀ ਆ ਜਾਣ ਕਾਰਨ ਖਰਾਸ ਦੀ ਥਾਂ ਮੋਟਰ ਲਗ ਗਈ ਹੈ। ਆਟਾ ਪਿਸਦਾ ਹੈ ਤੇ ਖਰਾਸ ਵਾਲੀ ਥਾਂ ਤੇ ਸ਼ਹੀਦੀ ਦੇਗਾਂ ਦਾ ਕਮਰਾ, ਹੁਣ ਖਰਾਸ ਦੀ ਥਾਂ ਖੂਹ ਤੋਂ ਲਹਿੰਦੇ ਪਾਸੇ ਵਲ ਬਣਾਇਆ ਹੋਇਆ ਹੈ।

ਸਮਾਂ ਬਦਲਦਾ, ਕਈ ਕਰਵਟਾਂ ਲੈਂਦਾ ਹੀ ਰਹਿੰਦਾ ਹੈ। ਬਾਗਾਂ ਦੀ ਥਾਂ ਮਹਿਲ, ਦਰਿਆਵਾਂ ਦੀ ਥਾਂ ਥੱਲ ਅਤੇ ਥੱਲ ਦੀ ਥਾਂ ਜਲ, ਇਸ ਤਰ੍ਹਾਂ ਗੁ: ਅਸਥਾਨਾਂ ਦੇ ਨਕਸ਼ੇ ੧੯੪੭ ਤੋਂ ਪਹਿਲੇ ਦੇ ਬਦਲ ਕੇ ਅਤਿ ਸੁੰਦਰ ਗੁਰ ਅਸਥਾਨ ਬਣਦੇ ਜਾ ਰਹੇ ਹਨ। ਸ੍ਰੀ ਅੰਮ੍ਰਿਤਸਰ ਤੇ ਸ੍ਰੀ ਤਰਨਤਾਰਨ ਸਾਹਿਬ,☞

ਤੇ ਜਗਤ ਜੀਵਾਂ ਨੂੰ ਹਰ ਕੰਮ ਉਦਾਹਰਣਾਂ ਵਿਚ ਵਰਤ ਕੇ ਬ੍ਰਹਮ ਦੀ ਲੱਖਤਾ ਦਰਸਾਉਣੀ ਹੁੰਦੀ ਹੈ। ਜਿਵੇਂ ਉਸਤਾਦ ਦਾ ਕਰਤੱਵ ਬੱਚਿਆਂ (ਅਨਜਾਣ ਵਿਦਿਆ ਤੋਂ) ਨੂੰ ਜਾਣਕਾਰੀ ਉਦਾਹਰਣਾਂ ਰਾਹੀਂ ਦੇਣੀ ਹੁੰਦੀ ਹੈ। ਇਉਂ ਮਹਾਂਪੁਰਸ਼ਾਂ ਜੀਵਾਂ ਨੂੰ ਪ੍ਰਭ-ਸ਼ਕਤਿ ਹਰ ਥਾਂ ਵਿਆਪਕ ਦਰਸਾਉਣ ਲਈ ਅਜਿਹੇ ਕੌਤਕ ਜੋ ਪ੍ਰਭੂ ਕ੍ਰਿਪਾ ਦਵਾਰਾ ਹੁੰਦੇ ਹਨ, ਦੀਆਂ ਉਦਾਹਰਣਾਂ ਦੇ ਕੇ ਜੀਵ ਨੂੰ ਪ੍ਰਭੂ ਤੇ ਵਿਸ਼ਵਾਸ ਦੇ ਹੁਕਮ, ਰਜ਼ਾ ਵਿਚ ਰਹਿਣ ਦੀਆਂ, ਦੇ ਕੇ, ਸਬਕ (ਸੰਥਾ) ਦੇ ਕੇ ਪ੍ਰਭੂ ਮਿਲਾਪ ਦੀਆਂ ਸੁਖੈਣ ਜੁਗਤੀਆਂ ਦਰਸਾਂਦੇ ਰਹਿੰਦੇ ਹਨ।

ਭਾਈ ਮਹਿਤਾਬ ਜੀ 'ਦਰਜੀ' ਨਾਲ ਅਸਚਰਜ ਘਟਨਾ

ਭਾਈ ਮਹਿਤਾਬ ਸਿੰਘ ਜੀ ਪਿੰਡ ਨੌਰਾ (ਬੰਗਾ, ਸ਼ੰਕਰ ਗੜ੍ਹ, ਦੀ, ਸੜਕ ਵਲੋਂ ੪ ਮੀਲ ਤੇ ਹੈ। ਤਹਿਸੀਲ ਨਵਾਂ ਸ਼ਹਿਰ ਦੁਆਬਾ ਜ਼ਿਲਾ ਜਲੰਧਰ [ਹੁਣ ਨਵਾਂ ਜ਼ਿਲਾ ਨਵਾਂ ਸ਼ਹਿਰ ਬਣ ਜਾਣ ਤੇ ਇਸ ਵਿਚ ਆ ਗਿਆ ਹੈ] ਦੇ ਵਸਨੀਕ, ਜੋ ਮਾਤਾ ਜੀ ਦੇ ਅਸਥਾਨ ਤੇ ਤਕਰੀਬਨ ੮-੯ ਸਾਲ ਤੱਕ ਦਰਜੀ ਦਾ ਕੰਮ ਕਰਦੇ ਰਹੇ। ਆਪ ਜੀ ਸਿੰਘਾਂ ਦੇ ਚੋਲੇ, ਕਛਹਿਰੇ ਬਸਤਰ ਆਦਿ ਸਿਉਣ ਦੀ ਸੇਵਾ ਕਰਦੇ ਰਹੇ ਸਨ।

ਜਦ ਇਹਨਾਂ ਦਾ ਮਨ ਘਰੋਗੀ ਖਿੱਚ ਕਾਰਨ ਉਪਰਾਮ ਹੋਇਆ ਤਾਂ ਪੰਜਾਬ ਆਉਣ ਦਾ ਫੁਰਨਾ ਫੁਰਿਆ। ਕਮਰਕੱਸੇ ਤਿਆਰੇ ਕਰ ਕੇ ਬਾਬਾ ਜੀ ਤੋਂ ਪੰਜਾਬ ਆਉਣ ਦੀ ਆਗਿਆ ਪ੍ਰਾਪਤ ਕਰਨ ਗਏ (ਬਾਬਾ ਜੀ ਆਇਆਂ ਨੂੰ 'ਜੀ ਆਇਆਂ' ਆਖਦੇ, ਅਤੇ ਜਾਣ ਸਮੇਂ ਉਸ ਦੇ ਫੁਰਨੇ ਵਿਚ ਰੁਕਾਵਟ ਭਾਵ 'ਨਾਂਹ ਨੁਕਰ' ਨਹੀਂ ਕਰਦੇ ਸਨ।

ਬਾਬਾ ਜੀ–ਭਾਈ ਜੀ ਤੁਹਾਨੂੰ ਕੀ ਪੰਜਾਬ ਦਾ ਮੋਹ ਜਾਗ ਪਿਆ ਹੈ, ਫਿਰ ਕਲਗੀਧਰ ਸਤਿਗੁਰੂ ਜੀ ਦੇ ਪਾਵਨ ਅਸਥਾਨ ਪਟਨਾ ਸਾਹਿਬ ਦੇ ਦਰਸ਼ਨ ਦੀਦਾਰ ਕਰਨ ਦਾ ਤੁਹਾਡਾ ਫੁਰਨਾ ਭੀ ਹੈ, ਜੋ ਕਿ ਚੰਗਾ ਹੈ। ਤੁਹਾਨੂੰ ਰਸਤੇ ਵਿਚ ਹੋਰ ਸਿੰਘ ਮਿਲ ਪੈਣਗੇ, ਉਹ ਬਿਹੰਗਮ ਹੋਣਗੇ। ਪਰ ਤੁਸੀਂ ਅਸਥਾਨ ਤੋਂ ਚੱਲੇ ਹੋ। ਇਸ ਲਈ ਇਕ ਤਾਂ ਤੁਸਾਂ ਬਿਨਾਂ ਟਿਕਟ ਸਫਰ ਨਹੀਂ ਕਰਨਾ। ਦੂਸਰੇ ਜਲ-ਪਾਣੀ ਲਈ ਕਿਸੇ ਦਾ ਮੁਹਤਾਜ ਨਹੀਂ ਹੋਣਾ। ਅਸਥਾਨੀ ਸਿੰਘ ਦਾ ਧਰਮ ਹੈ ਕਿ ਜੋ ਰਸਤੇ ਵਿਚ ਬਿਹੰਗਮ

ਮੁਕਤਸਰ ਸਾਹਿਬ, ਸ੍ਰੀ ਫਤਹਿਗੜ੍ਹ ਸਾਹਿਬ ਅਤੇ ਹੋਰ ਗੁਰ ਅਸਥਾਨਾਂ ਦੀਆਂ ਇਮਾਰਤਾਂ ਨੇ ਨਵਾਂ ਸਰੂਪ ਧਾਰਨ ਕਰ ਲਿਆ ਹੈ।

ਇਸੇ ਤਰ੍ਹਾਂ ਮਾਤਾ ਜੀ ਦੇ ਅਸਥਾਨ ਦੀ ਤਾਂ ਬਹੁਤ ਵੱਡੀ ਹਰ ਤਰ੍ਹਾਂ ਦੀ ਤਬਦੀਲੀ ਹੋ ਗਈ ਹੈ। ਮਾਤਾ ਜੀ ਦਾ ਅਤਿ ਸੁੰਦਰ ਬਹੁਤ ਵਡੇ ਵਿਸਥਾਰ ਵਿਚ, ਲੰਗਰ ਦੀ ਦਰਸ਼ਨੀ ਇਮਾਰਤ, ਸਰਾਂ, ਤਬੇਲਾ ਪਸ਼ੂਆਂ ਦਾ, ਖੂਹੇ ਤੇ ਮੋਟਰ ਬਿਜਲੀ, ਜਿਥੇ ਸਮੇਂ ਦੀ ਤੇਜ਼ ਰਫਤਾਰ ਨੇ ਕਰਵਟ ਬਦਲਦਿਆਂ ਜ਼ਮਾਨੇ ਨਾਲ ਅਜਿਹਾ ਹੋ ਆਉਣਾ, ਜਗਤ ਮਾਤਾ ਜੀ ਦੀ ਸ਼ਕਤਿ ਦਾ ਪ੍ਰਗਟਾਵਾ ਕਰਦਾ ਹੈ। ਇਸੇ ਤਰ੍ਹਾਂ ਮਹਾਂ-ਪੁਰਸ਼ ਬਾਬਾ ਮਿੱਤ ਸਿੰਘ ਜੀ ਤੇ ਬਾਬਾ ਧਰਮ ਸਿੰਘ ਜੀ ਤੇ ਗੁਰੂ ਖਾਲਸੇ [ਨਿਹੰਗ-ਸਿੰਘਾਂ] ਦੇ ਹੱਠ ਤੱਪ ਹੱਥੀਂ ਸੇਵਾ ਦੀ ਅਤੇ ਅਤੁਟ ਦਿਨ ਰਾਤ ਲੰਗਰ ਦਾ ਚਲਦੇ ਰਹਿਣਾ, ਮਹਾਂਪੁਰਸ਼ਾਂ ਦੀ ਘਾਲ ਕਮਾਈ ਦੀ ਮੂੰਹ ਬੋਲਦੀ ਤਸਵੀਰ ਨਜ਼ਰ ਆ ਰਹੀ ਹੈ।

ਮਿਲਣ, ਉਹਨਾਂ ਨੂੰ ਜਲ-ਪਾਣੀ ਛਕਾਣਾ, ਉਹਨਾਂ ਤੋਂ ਜਲ-ਪਾਣੀ ਦੀ ਆਸ ਨਾ ਕਰੇ। ਸੋ ਆਹ ਲਉ ਮਾਇਆ, ਰਸਤੇ ਵਿਚ ਕੰਮ ਆਵੇਗੀ।

ਭਾਈ ਮਹਿਤਾਬ ਸਿੰਘ– ਬਾਬਾ ਜੀ ਆਪ ਜੀ ਦੀ ਅਪਾਰ ਬਖਸ਼ਸ਼ (ਸਤਿਸੰਗਤ ਕਰਨ ਦਾ ਰਸ ਰੰਗ ਮਾਣਿਆ ਹੈ) ਇਹ ਜੋ ਨਾਮ ਦਾ ਖਜ਼ਾਨਾ ਹੈ, ਇਸ ਵਿਚ ਕੁਝ ਸਮਾਂ ਦਾਸ ਨੂੰ ਸੇਵਾ ਕਰਨ ਦਾ ਸੁਭਾਗ ਬਖਸ਼ਿਆ ਹੈ, ਇਹ ਹੀ ਮੇਰੇ ਲਈ ਵੱਡਭਾਗਾ ਤੋਹਫਾ ਹੈ। ਆਪ ਇਸ ਮਾਇਆ ਦੇ ਭੁਲੇਵੇਂ ਵਿਚ ਨਾ ਪਾਓ ਤੇ ਦਾਸ ਨੂੰ ਨਾਮ ਬਾਣੀ ਤੇ ਬਾਣੇ ਦੀ ਕੇਸਾਂ ਸਵਾਸਾਂ ਨਾਲ ਨਿਭਾਉਣ ਦੀ ਤਾਕਤ ਦੀ ਦਾਤ ਬਖਸ਼ੋ।

ਬਾਬਾ ਜੀ– ਗੁਰਮੁਖਾ ! ਇਹ ਦਾਤਾਂ ਤਾਂ ਤੁਹਾਨੂੰ ਸੇਵਾ ਕਰਨ ਤੇ ਮਾਤਾ ਜੀ ਹੀ ਬਖਸ਼ਣਗੇ ਅਸੀਂ ਭੀ ਤਾਂ ਤੁਹਾਡੇ ਵਾਂਗ ਜਾਚਕ ਹਾਂ। ਯਾਚਨਾ ਹੈ ਕਿ ਸਤਿਗੁਰੂ ਜੀ ਸੇਵਾ ਕਰਨ ਦਾ ਬਲ ਉੱਦਮ ਬਖਸ਼ਦੇ ਰਹਿਣ, ਪਰ ਮਾਤਾ ਜੀ ਦਾ ਖਜ਼ਾਨਾ ਤਾਂ ਸਭ ਦਾ ਸਾਂਝਾ ਹੈ। ਲੈ ਲਉ ਇਹ ਮਾਇਆ, ਰਸਤੇ ਵਿਚ ਸਹਾਈ ਹੋਵੇਗੀ ਤੇ ਕਿਸੇ ਵਲ ਝਾਕਣਾ ਨਹੀਂ ਪਵੇਗਾ।

ਭਾਈ ਮਹਿਤਾਬ ਸਿੰਘ ਜੀ ਨੇ ਸਤਿਬਚਨ ਕਹਿ ਕੇ ਇਹ ਅਨਗਿਣਤ ਮਾਇਆ ਦੀ ਪੋਟਲੀ (ਜਿਸ ਵਿਚ ਪਤਾ ਨਹੀਂ ਕਿੰਨੀ ਮਾਇਆ –ਦੁਆਨੀਆਂ, ਚੁਵੰਨੀਆਂ ਸਨ, ਜੋ ਅੰਗਰੇਜ਼ੀ ਰਾਜ ਸਮੇਂ ਧੇਲੇ, ਪੈਸੇ, ਟਕੇ, ਆਨੇ, ਦੁਆਨੀ, ਚੁਵੰਨੀ ਅਠੰਨੀ ਹੁੰਦੀ ਸੀ। ਇਕ ਰੁਪਏ ਦੇ ੬੪ ਪੈਸੇ, ੧ ਪੈਸੇ ਦੀਆਂ ੪ ਦਮੜੀਆਂ ਤੇ ਪਾਈਆਂ ਜਾਂ ੨ ਧੇਲੇ ਹੁੰਦੇ। ੧ ਰੁਪੈ ਦੇ ੧੬ ਆਨੇ, ੮ ਦੁਆਨੀਆਂ, ੪ ਚੁਆਨੀਆਂ ਜਾਂ ੨ ਅਠੰਨੀਆਂ ਹੁੰਦੀਆਂ ਸਨ। ਰਿਆਸਤ ਹੈਦਰਾਬਾਦ ਦੇ ਸਿਕੇ ਨਾਲੋਂ ਅੰਗਰੇਜ਼ ਦਾ ਸਿੱਕਾ ੬੪+੧੬=੮੦ ਭਾਵ ੧੬ ਪੈਸੇ ਵਧ ਮਿਲਦੇ ਸਨ। ਇਸੇ ਤਰ੍ਹਾਂ ਹੈਦਰਾਬਾਦੀ ਨਵਾਬ ਦੇ ਸਿੱਕੇ ਦੇ ੧੬ ਪੈਸੇ ਅੰਗਰੇਜ਼ੀ ਘਟ ਮਿਲਦੇ ਸਨ) ਦਿਤੀ ਅਤੇ ਇਕ ਨੋਟਾਂ ਦੀ ਥਹੀ ਦੇਂਦਿਆ ਕਿਹਾ ਲੈ ਭਾਈ ਮਹਿਤਾਬ ਸਿੰਘ [ਇਸ ਨੂੰ ਰੱਖ ਲੈ। ਬਿਨਾਂ ਟਿਕਟ ਸਫਰ ਨਾ ਕਰਨਾ ਤੇ ਜੋ ਸਿੰਘ ਤੁਹਾਡੇ ਨਾਲ ਰਲਣ, ਉਹਨਾਂ ਦੀਆਂ ਭੀ ਟਿਕਟਾਂ ਲੈ ਲੈਣੀਆਂ ਅਤੇ ਉਹਨਾਂ ਨੂੰ ਜਲ-ਪਾਣੀ ਭੀ ਛਕਾਈ ਜਾਣਾ। ਕਿਉਂਕਿ ਸਿੰਘ ਦਾ ਧਰਮ ਹੈ ਵੰਡ ਛੱਕੇ, ਫਿਰ ਇਕਲੇ ਕਿਵੇਂ ਜਲ ਪਾਣੀ ਛੱਕੋਗੇ। ਇਹ ਗੁਰ ਮਰਯਾਦਾ ਨਹੀਂ ਕਿ ਸਿੰਘ ਇਕੱਲਾ ਛੱਕੇ, ਛਕਾ ਕੇ ਛੱਕੇ, ਇਸ ਵਿਚ ਗੁਰੂ ਦੀ ਖੁਸ਼ੀ ਹੈ।

ਇਸ਼ਾਰਤਨ ਬਾਬਾ ਜੀ ਨੇ ਭਾਈ ਮਹਿਤਾਬ ਸਿੰਘ ਜੀ ਦੇ ਆਸ਼ੇ ਨੂੰ ਅਨੁਭਵ ਕਰਦਿਆਂ ਪਟਨੇ ਸਾਹਿਬ ਦੇ ਦਰਸ਼ਨ ਦੀਦਾਰ, ਸਿੰਘਾਂ ਨਾਲ ਮੇਲ ਜੋਲ, ਉਹਨਾਂ ਨੂੰ ਟਿਕਟਾ ਤੇ ਜਲ ਪਾਣੀ ਲਈ ਸਾਰੀ ਖਰਚੀ ਦੀਆਂ ਭਵਿੱਖ ਦੀਆਂ ਰਮਜ਼ਾਂ ਤਾਂ ਕਹਿ ਦਿਤੀਆਂ ਸਨ। ਪਰ ਭਾਈ ਮਹਿਤਾਬ ਸਿੰਘ ਜੀ ਨੇ ਦਸਿਆ ਕਿ ਸਾਨੂੰ ਉਹਨਾਂ ਦੀ ਇਸ ਰਮਜ਼ ਦੀ ਸਮਝ ਨਾ ਆਈ ਕਿ ਬਾਬਾ ਜੀ ਅਣਗਿਣਤ ਮਾਇਆ ਕਿਉਂ ਦੇ ਰਹੇ ਹਨ।

ਜਦ ਮਾਤਾ ਜੀ ਦੇ ਅਸਥਾਨ ਤੋਂ ਆਗਿਆ ਲੈ ਕੇ ਸੱਚਖੰਡ ਦੀਦਾਰ ਕਰਕੇ ਰੇਲ ਗੱਡੀ ਰਾਹੀਂ ਆਪ ਜਦ ਮਨਮਾੜ ਪੁਜੇ ਤਾਂ ਇਕ ਸਿੰਘ ਭਾਈ ਭਗਵਾਨ ਸਿੰਘ ਨਿਹੰਗ-ਸਿੰਘ ਮਾੜੇ ਦਾ ਨਾਲ ਰਲ ਗਿਆ। ਉਸ ਨੂੰ ਪੁਛਿਆ–ਬਾਬਾ ਜੀ, ਕਿਧਰ ਜਾਣਾ ਹੈ ?

ਦਾ ਵਿਚਾਰ ਹੈ।

ਭਾਈ ਭਗਵਾਨ ਸਿੰਘ ਜੀ–ਪੰਜਾਬ ਜਾਣ

ਭਾ: ਮਹਿਤਾਬ ਸਿੰਘ ਜੀ*–ਬਾਬਾ ਜੀ ਆਓ ਪਟਨਾ ਸਾਹਿਬ ਦੇ ਦਰਸ਼ਨ ਦੀਦਾਰ ਕਰ ਕੇ ਜਾਵਾਂਗੇ, ਚੰਗਾ ਹੋਇਆ ਤੁਸਾਂ ਦਾ ਸਾਥ ਬਣ ਜਾਏਗਾ।

---

* ਭਾਈ ਮਹਿਤਾਬ ਸਿੰਘ ਜੀ–ਭਾਈ ਮਹਿਤਾਬ ਸਿੰਘ ਜੀ ਦੇ ਪਿਤਾ ਸ: ਮੁੰਦਰ ਸਿੰਘ ਜੀ (ਉਮਰ ੮੦ ਸਾਲ ਦੇ ਲਗ ਪਗ ਹੈ) ਪਿੰਡ ਨੌਰਾ ਬੰਗਾ ਗੜ੍ਹ ਸ਼ੰਕਰ ਵਾਲੀ ਸੜਕ ਤੇ ਬੰਗੇ ਤੋਂ ੬ ਕਿਲੋਮੀਟਰ ਚੜ੍ਹਦੇ ਪਾਸੇ ਵਲ ਹੈ। ਜ਼ਿਲਾ ਜਲੰਧਰ–ਨਵਾਂ ਸ਼ਹਿਰ ਦੁਆਬੇ ਤੋਂ ੮–੧੦ ਕਿਲੋਮੀਟਰ ਲਹਿੰਦੇ ਪਾਸੇ ਪਹਾੜ ਦੀ ਗੁੱਠ ਵਿਚ ਚੰਗਾ ਵੱਡਾ ਪਿੰਡ ਹੈ। ਸ੍ਰੀ ਮਾਨ ਸੰਤ ਸੇਵਾ ਸਿੰਘ ਜੀ, ਜਿਨ੍ਹਾਂ ਨੇ ਅਨੰਦਗੜ੍ਹ ਕਿਲ੍ਹੇ ਦੀ ਸੇਵਾ ਅਤੇ ਹੋਰ ਅਨੇਕਾਂ ਗੁਰ ਅਸਥਾਨਾਂ ਦੀ ਸੇਵਾ ਕਰਾਈ ਹੈ। ਇਕ ਸਰਾਂ ਲੰਗਰ ਤੇ ਫਰੀ ਹਸ-ਪਤਾਲ ਅਤੇ ਸੇਵਾ ਅਸਥਾਨਾਂ ਲਈ ਬੜਾ ਤਕੜਾ ਸਟੋਰ [ਇਮਰਾਤੀ ਸਮਾਨ] ਇਥੇ ਜਮਾਂ ਰਹਿੰਦਾ ਹੈ। ਇਸੇ ਨਗਰ ਵਿਚ ਦੋ ਮਹਾਂਪੁਰਸ਼ਾਂ ਦੀਆਂ ਯਾਦਗਾਰਾਂ–ਸੰਤ ਗੁਲਾਬ ਸਿੰਘ ਜੀ। ਅਤਿ ਸੁੰਦਰ ਅਸਥਾਨ, ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼, ਸਵੇਰੇ ਸ਼ਾਮ ਕੀਰਤਨ ਤੇ ਲੰਗਰ। ਇਹਨਾਂ ਦੀ ਤੱਪਸਿਆ ਤੋਂ ਕਈ ਲੋਕ ਪ੍ਰਭਾਵਤ ਹੋ ਕੇ ਮਨੋ ਭਾਵਨਾ ਨਾਲ ਜੁੜੇ ਹੋਏ ਹਨ।

੨. ਬੰਗੇ ਵਲ ਪਿੰਡੋਂ 2 ਕਿਲੋਮੀਟਰ ਤੇ ਸੰਤ ਬਿਹਾਰੀ ਵਾਲਾ ਬਾਬਾ ਸਾਹਿਬ ਸਿੰਘ ਜੀ ਬੇਦੀ ਦਾ ਭੀ ਅਸਥਾਨ ਹੈ। ਇਥੇ ਬਹੁਤ ਸੁੰਦਰ ਗੁਰਦੁਆਰਾ ਤੇ ਲੰਗਰ ਆਦਿ ਬਣਿਆ ਹੋਇਆ ਹੈ। ਇਹ ਭੀ ਚੰਗੇ ਤੱਪਸਵੀ ਹੋਏ ਹਨ। ਲੋਕਾਂ ਦੀ ਇਹਨਾਂ ਤੇ ਬਹੁਤ ਸ਼ਰਧਾ ਹੈ। ਇਸ ਅਸਥਾਨ ਤੇ ਸੱਚਖੰਡ ਤੋਂ ਆ ਕੇ ਭਾਈ ਮਹਿਤਾਬ ਸਿੰਘ ਜੀ ਨੇ ਕਈ ਸਾਲ ਤਕ ਸੇਵਾ ਕੀਤੀ ਹੈ। ਅਤੇ ਨਾਲ ਲਗਦੇ ਹੀ ਜ਼ਮੀਨ ਇਹਨਾਂ ਦੀ ਹੈ।

ਮਾਤਾ ਜੀ ਦੇ ਅਸਥਾਨ ਤੇ ਇਹ ਦਰਜੀ [ਸਿੰਘਾਂ ਦੇ ਕਪੜੇ ਸਿਊਣ ਦੀ] ਸੇਵਾ ੮–੯ ਸਾਲ ਤਕ ਕਰਦੇ ਰਹੇ। ਕਈ ਵਾਰੀ ਫਿਰ ਭੀ ਮਾਤਾ ਜੀ ਦੇ ਅਸਥਾਨ ਦੇ ਦੀਦਾਰ ਕਰਨ ਆਉਂਦੇ ਰਹੇ ਅਤੇ ਯਥਾ-ਸ਼ਕਤਿ ਪੰਜਾਬੋਂ ਸੇਵਾ ਲਈ ਵਸਤੂਆਂ ਲੈ ਜਾਇਆ ਕਰਦੇ।

ਭਾਈ ਮਹਿਤਾਬ ਸਿੰਘ ਜੀ ਨਿਹੰਗ ਸਿੰਘ [ਗੁਰਦਵਾਰਾ ਜਗਤ ਮਾਤਾ–ਮਾਤਾ ਸਾਹਿਬ ਕੌਰਾਂ ਦੇ ਅਸਥਾਨ ਤੇ ਬਾਬਾ ਮਿੱਤ ਸਿੰਘ ਜੀ, ਬਾਬਾ ਧਰਮ ਸਿੰਘ ਜੀ ਦੇ ਪਹਿਰੇ ਵਿਚ ੯–੧੦ ਸਾਲ ਦਰਜੀ ਦੀ ਸੇਵਾ ਕੀਤੀ ਹੈ। ਦਾਸ ਨੇ ਬਹੁਤ ਸਾਰੇ ਪ੍ਰਸੰਗ ਇਹਨਾਂ ਦੀ ਜ਼ਬਾਨੀ ਸੁਣ ਕੇ ਲਿਖੇ ਹਨ।

'ਪੰਜ ਸੁੱਚੇ ਮੋਤੀ' ਪੁਸਤਕ ਜਿਸ ਵਿਚ ਪੰਜ ਮਹਾਂ ਪੁਰਸ਼ਾਂ ਦੀ ਕੁਝ ਕੁਝ ਜੀਵਨੀ ਲਿਖਣ ਵਾਲੇ ਡਾ: ਤਾਰਾ ਸਿੰਘ ਜੀ 'ਨਾਹਨ' ਨੇ ਬਾਬਾ ਜੀ ਦੀ ਜੀਵਨੀ ਦੀ ਪੁਛ ਬਾਰੇ ਭਾਈ ਮਹਿਤਾਬ ਸਿੰਘ ਜੀ ਨੂੰ ਚਿੱਠੀ ਲਿਖੀ। ਭਾਈ ਮਹਿਤਾਬ ਸਿੰਘ ਜੀ ਨੇ ਸ੍ਰੀ ਮਾਨ ਪੂਜਯ ਸੰਤ ਜੁਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਨੂੰ ਕਿਹਾ। ਉਹਨਾਂ ਨੇ ਹੱਸ ਕੇ ਜਵਾਬ ਦਿਤਾ ਕਿ ਸੰਤ ਦੀ ਮਹਿਮਾ ਤਾਂ ਬੇਦ ਭੀ ਨਹੀਂ ਕਰ ਸਕਦੇ। ਮਹਾਂ ਪੁਰਸ਼ਾਂ ਦੀ ਮਹਿਮਾਂ ਕੌਣ ਲਿਖ ਸਕਦਾ ਹੈ।

ਹਾਂ, ਇਹ ਬਿਲਕੁਲ ਸੱਚ ਹੈ ਕਿ– ☛

ਭਾਈ ਭਗਵਾਨ ਸਿੰਘ ਜੀ–ਸ੍ਰੀ ਪਟਨਾ ਸਾਹਿਬ ਤੁਸੀਂ ਕਿਵੇਂ ਜਾਵੋਗੇ ? ਕੀ ਸਾਧਨ ਹਨ ਆਪ ਜੀ ਪਾਸ ?

ਭਾਈ ਮਹਿਤਾਬ ਸਿੰਘ ਜੀ–ਸਿੰਘ ਜੀ ! ਅਸਾਂ ਨੂੰ ਭਰਮ ਕਰਨ ਦੀ ਲੋੜ ਨਹੀਂ। ਜਗਤ ਮਾਤਾ ਜੀ ਦੇ ਖਜ਼ਾਨੇ ਵਿਚੋਂ ਮਹਾਂਪੁਰਸ਼ਾਂ ਬਾਬਾ ਮਿੱਤ ਸਿੰਘ ਜੀ ਨੇ ਆਹ ਮਾਇਆ ਦਿਤੀ ਸੀ, ਟਿੱਕਟਾਂ ਭੀ ਲੈ ਲਵਾਂਗੇ ਨਾਲੇ ਜਲ ਪਾਣੀ ਛੱਕਦੇ ਛਕਾਉਂਦੇ ਚਲਾਂਗੇ।

ਅਜੇ ਇਹ ਵਿਚਾਰਾਂ ਹੋ ਰਹੀਆਂ ਸਨ ਕਿ ਤਿੰਨ ਸਿੰਘ ਹੋਰ ਆ ਗਏ ਅਤੇ ਉਹਨਾਂ ਆ ਕੇ ਫਤਹਿ ਬੁਲਾਈ। ਹੁਣ ਪੰਜ ਸਿੰਘ ਇਕੱਠੇ ਹੋ ਗਏ, ਜਿਸ ਤੇ ਹੋਰ ਭੀ ਖੁਸ਼ੇ ਹੋ ਗਏ। ਇਹਨਾਂ ਪੰਜਾਂ ਸਿੰਘਾਂ ਦਾ ਗੁਰਮਤਾ ਰਲ ਗਿਆ ਕਿ ਪੰਜਾਬ ਜਾਣ ਤੋਂ ਪਹਿਲਾਂ ਤਖਤ ਸ੍ਰੀ ਪਟਨਾ ਸਾਹਿਬ ਜੀ ਦੇ ਦਰਸ਼ਨ ਦੀਦਾਰ ਕਰਦੇ ਹੀ ਚਲੀਏ।

ਇਸ ਤਰ੍ਹਾਂ ਪੰਜ ਸਿੰਘਾਂ ਦਾ ਪੰਜਾਬ ਜਾਣ ਤੱਕ ਜਲ - ਪਾਣੀ ਦੇ ਖਰਚੇ ਤੇ ਸਫਰ ਲਈ ਟਿੱਕਟਾਂ ਲਈ ਸਾਰੇ ਖਰਚ ਬਾਬਾ ਜੀ ਨੇ ਮਾਤਾ ਜੀ ਦੇ ਖਜ਼ਾਨੇ ਚੋਂ ਬਖਸ਼ੀ ਮਾਇਆ ਵਿਚੋਂ ਹੀ ਕਰਦੇ ਰਹੇ। ਜਦ ਸਾਰੇ ਸਿੰਘ ਵਾਪਸ ਪੰਜਾਬ ਪੁੱਜੇ ਤਾਂ ਭਾਈ ਸਾਹਿਬ ਨੇ ਸਾਰਿਆਂ ਚੌਂਹਾਂ ਸਿੰਘਾਂ ਨੂੰ, ਜਿਥੇ ਜਿਥੇ ਜਾਣਾ ਸੀ, ਟਿੱਕਟਾਂ ਲੈ ਦਿਤੀਆਂ। ਫਿਰ ਰਾਹ ਵਿਚ ਜਲ - ਪਾਣੀ ਦੇ ਖਰਚੇ ਭੀ ਭਾਈ ਮਹਿਤਾਬ ਸਿੰਘ ਜੀ ਨੇ ਦਿਤੇ, ਪਰ ਫਿਰ ਉਸ ਬਖਸ਼ੀ ਮਾਇਆ ਦੀ ਤੋਟ ਹੀ ਨਾ ਆਈ।

[ਜ਼ਬਾਨੀ ਭਾਈ ਮਹਿਤਾਬ ਜੀ

ਗੋਲਕ ਵਿਚੋਂ ਇਕ ਸਿੰਘ ਨੇ ਮਾਇਆ ਚੋਰੀ ਕਰਨੀ

ਇਕ ਸਿੰਘ ਨੇ ਡੇਰੇ ਦੇ ਸਿੰਘਾਂ ਤੋਂ ਅੱਖ ਬੱਚਾ ਕੇ, ਗੁਰੂ ਕੀ ਗੋਲਕ [ਜਿਸ ਨੂੰ ਤਾਲਾ ਨਹੀਂ ਸੀ ਲੱਗਾ ਹੁੰਦਾ। ਕਿਉਂਕਿ ਬਾਬਾ ਜੀ ਕਿਸੇ ਚੀਜ਼ ਨੂੰ ਤਾਲਾ ਨਹੀਂ ਸਨ ਮਾਰ ਕੇ ਰੱਖਦੇ ਸਨ। ਸਭ ਵਸਤੂਆਂ

☛ ਸਾਧ ਕੀ ਮਹਿਮਾ ਬੇਦ ਨ ਜਾਨਹਿ ॥ ਕਿਉਂਕਿ–

ਸਾਧ ਕੀ ਸੋਭਾ ਕਾ ਨਾਹੀ ਅੰਤ ॥ ਸਾਧ ਕੀ ਸੋਭਾ ਸਦਾ ਬੇਅੰਤ ॥

[ਸੁਖਮਨੀ ਸਾਹਿਬ, ਪੰਨਾ ੨੭੨

ਗੁਰਸਿਖੀ ਦਾ ਲਿਖਣਾ ਲਖ ਨ ਚਿਤ੍ਰ ਗੁਪਤਿ ਲਿਖਿ ਜਾਣੈ ॥. . . . .੩ ॥

[ਭਾਈ ਗੁਰਦਾਸ ਜੀ, ਵਾਰ ੨੮

ਸੋ ਦਾਸ ਦਾ ਨਿਮਾਣਾ ਯਤਨ ਜਗਤ - ਮਾਤਾ–ਮਾਤਾ ਸਾਹਿਬ ਕੌਰਾਂ ਦੇ ਅਸਥਾਨ ਦੀ ਕੁਝ ਸਾਲ ਸੇਵਾ ਦੀ ਬਖਸ਼ਸ਼ ਅਤੇ ਮਹਾਂਪੁਰਸ਼ ਬਾਬਾ ਮਿੱਤ ਸਿੰਘ ਜੀ ਦੀ ਮਿਹਰਿ - ਨਜ਼ਰ ਦਾ ਸਦਕਾ ਹੀ ਇਹ ਉਨ੍ਹਾਂ ਦੇ ਉੱਦਮ ਨਾਲ ਕੁਝ ਸਿੰਘਾਂ ਦੀ ਜ਼ਬਾਨੀ ਅਤੇ ਬਹੁਤ ਕੁਝ ਉਸ ਸਮੇਂ ਜਦ ਦਾਸ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਰਿਹਾ ਬਖਸ਼ਸ਼ਾਂ ਬਖਸ਼ੀਆਂ ਸੱਦਕਾ ਹੀ, ਉਹਨਾਂ ਦੀ ਬਖਸ਼ੀ ਅਨੁਭਵਤਾ ਨਾਲ ਹੀ ਜੀਵਨੀ ਅੰਕਤ ਕੀਤੀ ਹੈ। ਫਿਰ ਮੇਰੇ ਜੇਹੇ ਅਨਪੜ੍ਹ ਦੀ ਕੀ ਮਜਾਲ ਸੀ, ਜੋ ਮੈਂ ਦੋ ਅੱਖਰ ਭੀ 'ਸਾਧ ਦੀ ਮਹਿਮਾ' ਬਾਰੇ ਲਿਖਦਾ।

ਇਥੇ ਬਿਨਾਂ ਤਾਲੇ ਦੇ ਖੁੱਲ੍ਹੀਆਂ ਪਈਆਂ ਰਹਿੰਦੀਆਂ ਸਨ।] ਮਾਇਆ ਕੱਢ ਕੇ ਲੈ ਲਿਆ। ਅਜੇ ਉਹ ਥੋੜੀ ਹੀ ਦੂਰ ਗਿਆ ਸੀ ਕਿ ਉਸ ਨੂੰ ਢਿੱਡ ਪੀੜ ਹੋਣੀ ਸ਼ੁਰੂ ਹੋ ਗਈ। ਉਸ ਲਈ ਅਗੇ ਨੂੰ ਪੈਰ ਪੁੱਟਣਾ ਭੀ ਅਤਿ ਕਠਨ ਹੋ ਗਿਆ।

ਜਦ ਉਹ ਸਿੰਘ (ਚੋਰ) ਨੇ ਪਿੱਛੇ ਨੂੰ ਮੂੰਹ ਕਰ ਕੇ ਕਦਮ ਪੁਟਿਆ ਤਾਂ ਉਸ ਦੀ ਢਿੱਡ ਪੀੜ ਦੂਰ ਹੋ ਗਈ। ਇਸ ਤਰ੍ਹਾਂ ਉਸ ਨੇ ਤਿੰਨ ਚਾਰ ਵਾਰ ਯਤਨ ਕੀਤਾ। ਜਦ ਉਹ ਅਗਾਂਹ ਨੂੰ ਕਦਮ ਪੁਟੇ ਤਾਂ ਢਿੱਡ ਪੀੜ ਹੋਣ ਲੱਗ ਪਵੇ, ਜਦ ਪਿਛਾਂਹ ਮੁੜੇ ਤਾਂ ਪੀੜ ਹੱਟ ਜਾਵੇ।

ਚੋਰ ਨੂੰ ਸੋਝੀ ਆਉਣੀ

ਹੁਣ ਉਸ ਸਿੰਘ ਅੰਦਰ ਸੋਝੀ ਆਈ ਕਿ ਇਹ ਕੋਈ ਖੇਡ ਹੈ, ਜੋ ਮੈਂ ਗਲਤੀ ਕਰ ਕੇ ਗੁਰੂ ਕੀ ਗੋਲਕ ਵਿਚੋਂ ਚੋਰੀ ਮਾਇਆ ਕੱਢੀ ਹੈ। ਮੈਂ ਬੜੀ ਭਾਰੀ ਭੁੱਲ ਕੀਤੀ ਹੈ, ਮੇਰੀਆਂ ਅੱਖਾਂ ਤੇ ਮਾਇਆ ਦੀ ਅਜਿਹੀ ਪੱਟੀ ਬੱਝ ਗਈ ਹੈ, ਜੋ ਮੈਂ ਇਹ ਸਮਝ ਨਾ ਸਕਿਆ, ਕਿ ਬਾਬਾ ਜੀ ਨੇ ਬਿਨਾਂ ਤਾਲੇ ਦੇ ਜੋ ਗੋਲਕ ਰੱਖੀ ਹੋਈ ਹੈ, ਇਸ ਦਾ ਭਾਵ ਇਹ ਹੈ ਕਿ ਇਥੇ ਸਭ ਸਾਧ ਹੀ ਹਨ, ਚੋਰ ਕੋਈ ਨਹੀਂ ? ਮੇਰੀ ਮੱਤ ਮਾਰੀ ਗਈ ਸੀ। ਹੁਣ ਬਾਬਾ ਜੀ ਤੋਂ ਮੁਆਫੀ ਮੰਗੀ ਜਾਵੇ।

ਇਉਂ ਮਨ ਵਿਚ ਵਿਚਾਰ ਕਰਦਾ ਹੈ ਕਿ ਮਾਇਆ ਗੋਲਕ ਵਿਚ ਹੀ ਪਾ ਦਿਤੀ ਜਾਵੇ ਅਤੇ ਗੱਲ ਵਿਚ ਪੱਲਾ ਪਾ ਕੇ ਬਾਬਾ ਜੀ ਪਾਸ ਜਾ ਕੇ ਸਿਰ ਨਿਵਾ ਕੇ ਅਰਜ਼ ਕੀਤੀ ਜਾਵੇ ਕਿ ਬਾਬਾ ਜੀ ਮੈਥੋਂ ਬੜੀ ਭਾਰੀ ਗਲਤੀ ਹੋ ਗਈ ਹੈ, ਮੈਨੂੰ ਮਾਫ ਕਰ ਦਿਓ ਤੇ ਮੈਨੂੰ ਤਨਖਾਹ† ਲਾਓ ਕਿਉਂਕਿ ਮੈਂ ਗੁਰੂ ਘਰ ਦਾ ਚੋਰ ਹਾਂ। ਜਦ ਬਾਬਾ ਜੀ ਦੇ ਪਾਸ ਜਾ ਕੇ ਇਸ ਸਿੰਘ ਨੇ ਬੇਨਤੀ ਕੀਤੀ ਤੇ ਸਾਰੀ ਗੱਲ ਦੱਸੀ।

---

†ਤਨਖਾਹ– ਗੁਰਮਤਿ ਰਹਿਤਨਾਮਿਆਂ ਦੇ ਅਧਾਰਤ ਸਿੱਖ ਪੰਥ ਵਿਚ ਜੇ ਕੋਈ ਸਿੰਘ ਗੁਰਮਤਿ ਦੇ ਉਲਟ ਕੋਈ ਕੁਕਰਮ ਕਰਦਾ ਹੈ ਤਾਂ ਪੰਜ ਸਿੰਘ ਗੁਰੂ ਤਾਅਬੇ, ਚਾਰ ਕੁਰਹਿਤਾਂ ਚੋਂ ਕਿਸੇ ਕੁਰਹਿਤ ਲਈ ਤਨਖਾਹ (ਦੰਡ) ਲਗਾਉਂਦੇ ਹਨ। ਤੇ ਦੁਬਾਰਾ ਅੰਮ੍ਰਿਤ ਪਾਨ ਕਰਨ ਤੇ ਕੁਰਹਿਤ ਮੁਆਫ ਹੋ ਜਾਂਦੀ ਹੈ। ਪਰ ਸਾਧਾਰਨ ਭੁੱਲ ਦੀ ਸਜ਼ਾ (ਤਨਖਾਹ) ਤਿਆਰ - ਬਰ - ਤਿਆਰ ਇਕ ਸਿੰਘ ਭੀ ਗੁਰੂ ਹਜ਼ੂਰ ਅਰਦਾਸ ਕਰ ਕੇ ਭੁੱਲੜ ਸਿੰਘ ਦੀ ਭੁੱਲ ਬਖਸ਼ਵਾ ਸਕਦਾ ਹੈ। ਗੁਰਮਤਿ ਅਨੁਸਾਰ ਕਿਸੇ ਭੁੱਲ ਦੀ ਸਜ਼ਾ ਨੂੰ 'ਤਨਖਾਹ ਲਾਉਣੀ' ਜਾਂ 'ਧਰਮ - ਡੰਡ', ਜਿਸ ਨੂੰ ਗੁਰੂ ਖਾਲਸੇ ਦੇ ਬੋਲਿਆਂ ਵਿਚ 'ਤਨਖਾਹ' ਲਾਉਣੀ (ਤਨਖਾਹੀਆ ਕਰਾਰ ਦੇਣਾ) ਪ੍ਰਚਲਤ ਹੈ। ਨੌਕਰੀ ਵਿਚ ਤਨਖਾਹ (ਤਲਬ) ਮਜ਼ਦੂਰੀ ਲੈਣੀ ਹੈ। ਪਰ ਗੁਰੂ ਖਾਲਸੇ ਦੀ ਤਨਖਾਹ (ਡੰਡ - ਸਜ਼ਾ) ਹੈ ਮਾਇਆ - ਮਜ਼ਦੂਰੀ ਦੇਣੀ ਨਹੀਂ, ਸਗੋਂ ਤਨਖਾਹ ਲਾਉਣੀ ਭਾਵ ਸਜ਼ਾ ਵਜੋਂ ਕੋਈ ਭੀ ਦੰਡ ਜੋ ਗੁਰਮਤਿ ਅਨੁਸਾਰ ਹੋਵੇ' ਭੁਲ ਬਖਸ਼ਾਉਣ ਵਾਲੇ ਨੂੰ ਜੋ ਭੀ ਗੁਨਾਹ ਦੇ ਅਨੁਕੂਲ ਹੋਵੇ, ਉਹੋ ਜਿਹੀ ਤਨਖਾਹ ਲਾਈ ਜਾਂਦੀ ਹੈ। ਜਿਹਾ ਕਿ–ਅਖੰਡ ਪਾਠ ਕਰਾਓ, ਸੰਗਤ ਦੇ ਜੂਠੇ ਬਰਤਨ ਮਾਂਜਣੇ, ਜੋੜਿਆਂ ਦੀ ਸੇਵਾ, ਝਾੜੂ ਦੀ ਸੇਵਾ, ਦਰੀਆਂ ਵਿਛਾਉਣ ਦੀ ਜਾਂ ਦਾਤਣਾਂ ਲਿਆ ਕੇ ਸੰਗਤ ਵਿਚ ਵੰਡਣੀਆਂ ਆਦਿ।

ਫਿਰ ਇਸ ਤਨਖਾਹ (ਦੰਡ, ਸਜ਼ਾ) ਦੇ ਵਾਸਤੇ ਸੇਵਾ ਲਈ ਕੁਝ ਦਿਨ ਨੀਯਤ ਕਰ ਦਿਤੇ ਜਾਂਦੇ ਹਨ। ਇਸ ਵਿਚ ਜਪੁ, ਜਾਪੁ, ਚੌਪਈ ਜਾਂ ਸੁਖਮਨੀ ਸਾਹਿਬ ਦੇ ਪਾਠ ਗਿਣਤੀ ਦੇ ਕਰਨ ਦੀ ਭੀ ਤਨਖਾਹ

ਬਾਬਾ ਜੀ– ਸਿੰਘਾ ! ਤੂੰ ਚੋਰ ? ਇਹ ਕਿਵੇਂ ਹੋ ਸਕਦਾ ਹੈ ਕਿ ਗੁਰੂ ਕੇ ਬਾਣੇ ਵਾਲਾ, ਅੰਮ੍ਰਿਤਧਾਰੀ ਸਿੰਘ ਤਾਂ ਚੋਰ ਨਹੀਂ ਹੋ ਸਕਦਾ। ਗੁਰੂ ਕਾ ਸਿੱਖ ਤਾਂ ਗੁਰੂ ਦੇ ਦਸੇ ਰਾਹ ਤੇ ਹੀ ਚਲਦਾ ਹੈ। ਫਿਰ ਗੁਰੂ ਕੀ ਗੋਲਕ ਦੀ ਕੀ ਚੋਰੀ ਤੁਸਾਂ ਕਰ ਲੈਣੀ ਹੈ ?

'ਇਹੁ ਧਨੁ ਅਖੁਟ ਨ ਨਿਖੁਟੇ ਨ ਜਾਇ ॥' ਅਤੇ ਨਾ ਹੀ– 'ਨ ਉਚਕਾ ਲੈ ਜਾਇ ॥'

ਇਥੇ ਅਜਿਹੀ ਕੋਈ ਵਸਤੂ ਹੀ ਨਹੀਂ, ਜਿਸਦੀ ਤੁਸਾਂ ਚੋਰੀ ਕੀਤੀ ਹੋਵੇ। ਏਥੇ ਤਾਂ ਸਭ ਵਸਤੂਆਂ ਖੁਲ੍ਹੀਆਂ ਪਈਆਂ ਹਨ, ਜਿਸ ਨੂੰ ਕੋਈ ਲੋੜ ਹੋਵੇ, ਬਿਨਾਂ ਮੰਗੇ ਲੈ ਜਾਵੇ। ਫਿਰ ਇਸ ਵਿਚ ਚੋਰੀ ਕਾਹਦੀ ? ਸਭ ਮਾਤਾ ਜੀ ਦੇ ਸਪੂਤ ਹੱਕਦਾਰ ਹਨ।

ਸਿੰਘ– ਬਾਬਾ ਜੀ, ਮੈਂ ਸੱਚਮੁੱਚ ਹੀ ਗੁਰੂ ਕੀ ਗੋਲਕ ਦਾ ਚੋਰ ਹਾਂ, ਚੋਰ ਨੂੰ ਸਜ਼ਾ ਮਿਲਣੀ ਹੀ ਚਾਹੀਦੀ ਹੈ। ਆਪ ਜੀ ਨੇ ਜਿਵੇਂ ਫੁਰਮਾਇਆ ਹੈ ਇਹ ਠੀਕ ਹੈ ਕਿ ਸਿੰਘ ਦਾ ਧਰਮ ਚੋਰੀ ਕਰਨਾ ਨਹੀਂ ਹੈ। ਆਪ ਕਿਰਪਾ ਕਰ ਕੇ ਮੈਨੂੰ ਤਨਖਾਹ ਲਾ ਕੇ ਬਖਸ਼ਵਾ ਦਿਓ, ਤਾਂ ਜੋ ਮੈਂ ਗੁਰੂ ਤੋ ਬੇਮੁੱਖ ਹੋਇਆ ਹਾਂ, ਸਨਮੁੱਖ ਹੋ ਸਕਾਂ।

☞ (ਦੰਡ) ਲਗਾਈ ਜਾ ਸਕਦੀ ਹੈ।

ਪਰ ਅੱਜ ਕਲ ਤਾਂ ਲੀਡਰੀ ਚਮਕਾਉਣ ਲਈ ਹੋਈ ਭੁੱਲ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਤੋਂ ਹੀ ਬਖਸ਼ਾਉਂਦੇ ਹਨ। ਆਮ ਜਨਤਾ ਜੋ ਅੰਮ੍ਰਿਤਧਾਰੀ ਹੈ, ਨੂੰ ਅਜੇਹਾ ਕਰਦਿਆਂ ਨਜ਼ਰ ਨਹੀਂ ਆ ਰਿਹਾ। ਜਦ ਕਿ ਪੰਜ ਕਕਾਰਾਂ ਵਿਚੋਂ ਕੰਘਾ, ਕੜਾ, ਕ੍ਰਿਪਾਨ ਜਾਂ ਕਛਹਿਰਾ (ਕੇਸਾਂ ਨੂੰ ਤਾਂ ਸਾਬਤ ਰੱਖਣਾ ਹੀ ਹੈ) ਸਰੀਰ ਤੋਂ ਇਕ ਪਲ ਵੀ ਵਿਸਰਨ ਤੇ ਭੀ ਸਿੰਘ ਦਾ ਧਰਮ ਬਣਦਾ ਹੈ ਕਿ ਉਹ ਖੁਦ ਜਾਂ ਕਿਸੇ ਤਿਆਰ - ਬਰ - ਤਿਆਰ ਸਿੰਘ ਪਾਸੋਂ ਭੁਲ ਦੀ ਅਰਦਾਸ ਕਰਵਾ ਲਵੇ।ਪਰ ਇਹ ਆਮ ਹੀ ਵੇਖਿਆ ਗਿਆ ਹੈ ਕਿ ਡਰ ਕੂਕੇ ਕ੍ਰਿਪਾਨ ਪਾ ਲਈ ਜਾਂਦੀ ਹੈ, ਨਹੀਂ ਤਾਂ ਕਿਲੀ ਦਾ ਸ਼ਿੰਗਾਰ ਬਣੀ ਰਹਿੰਦੀ ਹੈ ਜਾਂ ਫਿਰ ਸਫਰ ਲਈ ਬੈਗ ਜਾਂ ਅਟੈਚੀਕੇਸ 'ਚ ਬੰਦ ਰੱਖਦੇ ਹਨ।

ਦੂਜਾ ਕਛਹਿਰਾ ਨਹੀਂ ਤਾਂ ਮੁਹੰਮਦੀ ਇਸ਼ਨਾਨ (ਬਿਨਾਂ ਕਛਹਿਰੇ, ਨੰਗੇ) ਭੀ ਕਰ ਲੈਂਦੇ ਹਨ।

ਕੰਘਾ–ਜੇ ਕੰਘੇ ਦਾ ਦੰਦਾ ਟੁਟ ਭੀ ਗਿਆ ਤਾਂ ਭੀ ਮਰਯਾਦਾ ਅਨੁਸਾਰ ਛੇਤੀ ਹੀ ਦੂਸਰਾ ਕੰਘਾ ਲੈ ਕੇ ਅਰਦਾਸ ਕਰਾ ਕੇ ਕੇਸਾਂ ਵਿਚ ਰਖੇ ਅਤੇ ਟੁੱਟੇ ਹੋਏ ਕੰਘੇ ਨੂੰ ਪੈਰਾਂ ਵਿਚ ਨਾ ਸੁੱਟੇ, ਸਗੋਂ ਉਸ ਨੂੰ ਅਗਨ - ਭੇਟ ਕਰ ਦੇਵੇ।

ਬਹੁਤ ਸਿੱਖ ਕੇਸਾਂ ਦੀ ਬੇਅਦਬੀ ਭੀ ਕਰਦੇ ਹਨ। ਕੰਘਾ ਕਰ ਕੇ ਵਾਲ ਪੈਰਾਂ ਵਿਚ ਸੁੱਟ ਦੇਂਦੇ ਹਨ। ਜੋ ਕਿ ਮਨਮਤਿ ਹੈ। ਕੰਘੇ ਨਾਲ ਉਤਰੇ ਕੇਸ ਸੰਭਾਲ ਕੇ ਰੱਖੋ ਤੇ ਇਕੱਠੇ ਕਰ ਕੇ ਅਗਨ - ਭੇਟ ਕਰ ਦਿਓ। ਕਿਧਰੇ ਬਾਹਰ ਜਾਣ ਤੇ ਭੀ ਅਗਨ - ਭੇਟ ਜਾਂ ਵਗਦੇ ਜਲ ਵਿਚ ਪ੍ਰਵਾਹ ਕਰ ਦੇਵੋ।

ਕਈ ਸੱਜਣ ਕਛਹਿਰਾ ਮੋਢਿਆਂ ਤੇ ਰੱਖ ਲੈਂਦੇ ਹਨ, ਇਹ ਭੀ ਗੁਰਮਤਿ ਦੇ ਉਲਟ ਹੈ। ਕਛਹਿਰਾ ਲੱਕ ਦੁਆਲੇ ਜਾਂ ਝੋਲੇ ਵਿਚ ਦੂਸਰਾ ਪਾ ਕੇ ਰਖੋ।

ਮੇਰੀ ਬੁੱਧ ਤੇ ਪੜਦਾ ਪੈ ਗਿਆ ਸੀ, ਮੈਂ ਸਤਿਗੁਰੂ ਜੀ ਨੂੰ ਹਾਜ਼ਰ ਨਾਜ਼ਰ ਨਾ ਸਮਝ ਸਕਿਆ। ਮੈਂ ਆਪ ਸਭ ਤੋਂ ਅੱਖ ਬਚਾ ਕੇ ਗੋਲਕ ਚੋਂ ਮਾਇਆ ਕੱਢ ਲਈ ਹੈ। ਜਦ ਮੈਂ ਅਗੇ ਵਲ ਕਦਮ ਪੁੱਟਦਾ ਤਾਂ ਮੇਰੇ ਢਿੱਡ ਵਿਚ ਸਖਤ ਪੀੜ ਸ਼ੁਰੂ ਹੋ ਜਾਂਦੀ ਸੀ ਜਦ ਪਿਛਾਂਹ ਮੁੜਦਾ, ਤਾਂ ਹੱਟ ਜਾਂਦੀ ਸੀ। ਤਿੰਨ ਵਾਰੀ ਅਜਿਹਾ ਹੋਣ ਤੇ ਮੇਰੀਆਂ ਅੱਖੀਆਂ ਤੋਂ ਮਾਇਆ ਦਾ ਪੜਦਾ ਉਠ ਗਿਆ ਕਿ ਮੈਂ ਗੁਰੂ ਦੇ ਖਜ਼ਾਨੇ ਦਾ ਚੋਰ ਹਾਂ। ਇਸੇ ਕਰ ਕੇ ਮੈਨੂੰ ਤਿੰਨ ਵਾਰੀ ਸਖਤ ਢਿਡ ਪੀੜ ਹੋਈ ਹੈ। ਇਸ ਲਈ ਬਾਬਾ ਜੀ ਮੇਰੇ ਤੇ ਕਿਰਪਾ ਕਰੋ ਤੇ ਮੇਰਾ ਗੁਨਾਹ ਬਖਸ਼ਵਾਉਣ ਲਈ ਮੈਨੂੰ ਤਨਖਾਹ ਲਾਵੋ।

ਬਾਬਾ ਜੀ -(ਮੁਸਕਰਾਉਂਦੇ ਹੋਏ) ਸਿੰਘਾ ! ਜਿਤਨੀ ਮਾਇਆ ਦੀ ਤੈਨੂੰ ਲੋੜ ਸੀ, ਤੁਸਾਂ ਆਪਣੀ ਮਾਤਾ ਜੀ ਦੇ ਖਜ਼ਾਨੇ [ਗੋਲਕ] ਚੋਂ ਉਤਨੀ ਮਾਇਆ ਲੈ ਲਈ। ਤੈਨੂੰ ਮਾਤਾ ਪਾਸੋਂ ਮਾਇਆ ਲੈ ਜਾਣ ਦਾ ਕੀਹ ਦੋਸ਼ ਹੈ। ਪੁੱਤ੍ਰ ਦਾ ਮਾਤਾ ਜੀ ਪਾਸੋਂ ਲੈਣ ਦਾ ਹੱਕ ਹੁੰਦਾ ਹੈ। ਇਸ ਲਈ ਦੋਸ਼ ਕਾਹਦਾ ਅਤੇ ਗੁਨਾਹ ਕੀ ?

ਸਿੰਘ— ਨਹੀਂ ਬਾਬਾ ਜੀ, ਮਾਤਾ ਜੀ ਤੋਂ ਲੋੜ ਅਨੁਸਾਰ ਮੰਗ ਕੇ ਜਾਂ ਪੁੱਛ ਕੇ ਹੀ ਲੈਣ ਦਾ ਹੱਕ ਹੁੰਦਾ ਹੈ। ਮਾਂ ਦੇ ਖਜ਼ਾਨੇ ਵਿਚੋਂ ਚੋਰੀ ਕਰ ਕੇ ਲੈ ਜਾਣਾ ਪੁੱਤਰ ਦਾ ਭੀ ਧਰਮ ਨਹੀਂ ਹੁੰਦਾ। ਆਪ ਜੀ ਕਿਰਪਾ ਕਰੋ, ਮੈਨੂੰ ਹੋਰ ਗੁਨਾਹੀ ਨਾ ਬਣਾਓ। ਮੈਂ ਤਾਂ ਸਭ ਪਾਸੋਂ ਭੁੱਲਾ ਹਾਂ। ਮਾਤਾ ਜੀ ਤੋਂ ਪੁੱਛਣ ਦੀ ਤਾਂ ਮੇਰੇ ਵਿਚ ਸ਼ਕਤਿ ਨਹੀਂ ਸੀ ਅਤੇ ਨਾ ਹੀ ਮੈਂ ਆਪ ਪਾਸੋਂ ਹੀ ਮੰਗ ਸਕਿਆ। ਇਸ ਲਈ ਮੈਨੂੰ ਜ਼ਰੂਰ ਤਨਖਾਹ [ਦੰਡ, ਸਜ਼ਾ] ਲਗਾਓ।

ਬਾਬਾ ਜੀ— ਸਿੰਘ ਦੇ ਬਾਰ ਬਾਰ ਅਧੀਨਗੀ ਸਹਿਤ ਬੇਨਤੀ ਕਰਨ ਤੇ ਜਦ ਵੇਖਿਆ ਕਿ ਸਿੰਘ ਨੂੰ ਆਪਣੀ ਭੁੱਲ ਦਾ ਪੂਰਨ ਅਹਿਸਾਸ ਹੋ ਚੁੱਕਾ ਹੈ, ਤਾਂ ਲੰਗਰ ਦੇ ਬਰਤਨ ਮਾਂਜਣ ਦੀ ਜਿਤਨੇ ਦਿਨ ਖੁਸ਼ੀ ਨਾਲ ਮਨ ਮੰਨੇ, ਸੇਵਾ ਕਰ ਲਵੋ। ਸੇਵਾ ਬੰਧਨ ਵਿਚ ਨਹੀਂ ਹੁੰਦੀ, ਤੇ ਨਾ ਹੀ ਬੰਦੀਖਾਨੇ ਵਿਚ ਇਨਸਾਨ ਸੁਧਰਦਾ ਹੈ। ਇਸ ਦੀ ਪ੍ਰਸੰਨਤਾ ਨਾਲ ਜੋ ਭੀ ਸੇਵਾ ਹੋਵੇ, ਉਹ ਹੀ ਥਾਂਏਂ ਪੈਂਦੀ ਹੈ। ਸੋ ਗੁਰਮੁੱਖ ਜੀ, ਚਲੋ, ਤੁਸੀਂ ਆਪ ਹੀ ਗੁਰੂ ਹਜ਼ੂਰ ਜਾ ਕੇ ਇਸ 'ਤਨਖਾਹ' ਸੇਵਾ ਦੀ ਆਪ ਹੀ ਅਰਦਾਸ ਕਰ ਲਵੋ। ਮਾਤਾ ਜੀ ਮਾਫ ਕਰ ਦੇਣਗੇ।

ਸਿੰਘ— ਬਾਬਾ ਜੀ ਨੇ ਜੋ ਸੇਵਾ (ਬਰਤਨ ਮਾਂਜਣ) ਦੀ ਦੱਸੀ ਸਵੀਕਾਰ ਕਰਦਾ ਸਤਿਬਚਨ ਕਹਿ ਕੇ, ਗੁਰੂ ਹਜ਼ੂਰ ਜਾ ਕੇ, ਗਲ ਵਿਚ ਪੱਲਾ ਪਾ ਕੇ ਬੜੀ ਨਿਮਰਤਾ ਸਹਿਤ ਆਪਣੀ ਭੁੱਲ ਦੀ ਮੁਆਫੀ ਦੀ ਅਰਦਾਸ ਕੀਤੀ ਤੇ ਸਵੇਰੇ ਸ਼ਾਮ ਬਰਤਨਾਂ ਦੀ ਸੇਵਾ—ਤਨੋਂ, ਮਨੋਂ ਹੋ ਕੇ ਖੁਸ਼ੀ ਨਾਲ ਲੰਗਰ ਦੇ ਬਰਤਨ ਸਰਬ ਲੋਹ ਦੇ ਐਸੇ ਸੋਧਦਾ [ਮਾਂਜਦਾ] ਕਿ ਚਾਂਦੀ ਵਾਂਗ ਰੇਤੇ ਨਾਲ ਚਿੱਟੇ ਕਰ ਦੇਂਦਾ। ਸਾਰਾ ਦਿਨ ਤੇ ਕਾਫੀ ਰਾਤ ਤਕ ਇਕ ਮਨ ਹੋ ਕੇ ਇਸ ਤਰ੍ਹਾਂ ਸੇਵਾ ਕਰਦਿਆਂ ਕਿਤਨਾ ਹੀ ਸਮਾਂ ਮਾਤਾ ਜੀ ਦੇ ਅਸਥਾਨ ਤੇ ਰਿਹਾ। ਇਹ ਸਿੰਘ ਬਰਤਨਾਂ ਦੀ ਸੇਵਾ ਕਰਦਾ ਰਿਹਾ।

ਮਹਾਂ ਪੁਰਸ਼ਾਂ 'ਬ੍ਰਹਮ ਗਿਆਨੀ ਕੈ ਦ੍ਰਿਸਟ ਸਮਾਨ' ਸਮਾਨਤਾ ਦ੍ਰਿਸ਼ਟੀ ਨਾਲ ਭੁੱਲ ਨੂੰ ਭੁੱਲ ਭਾਵ ਚੋਰ ਨੂੰ ਚੋਰ ਨਾ ਦਰਸਾਂਦੇ ਹੋਏ ਭੀ ਅਜਿਹੀ ਕ੍ਰਿਪਾ ਦ੍ਰਿਸ਼ਟੀ ਕੀਤੀ ਕਿ ਉਸ ਸਿੰਘ ਦਾ ਸਦਾ ਲਈ ਜੀਵਨ

ਬਦਲ ਕੇ ਰੱਖ ਦਿਤਾ। ਤਾਂ ਜੋ ਅਗੋਂ ਕਿਸੇ ਐਸੇ ਥਾਂਵੇਂ ਇਹ ਫਿਰ ਅਜਿਹੀ ਭੁੱਲ ਨਾ ਕਰ ਬੈਠੇ, ਜਿਸ ਤੇ ਗੁਰੂ ਕੇ ਬਾਣੇ ਦੀ ਬੇਅਦਬੀ ਕਰਵਾ ਬੈਠੇ ਤੇ ਉਹਨਾਂ ਧਰਮ ਦੇ ਠੇਕੇਦਾਰਾਂ ਤੋਂ ਕਰੜੀ ਸਜ਼ਾ ਭੁਗਤਣ ਤੇ ਸਿੱਖੀ ਦੇ ਮਾਰਗ ਤੋਂ ਵੰਚਿਤ ਹੋ ਕੇ ਨਾਸਤਕ ਨਾ ਬਣ ਜਾਵੇ।

ਮਹਾਂ ਪੁਰਸ਼ਾਂ ਦਾ ਵਿਸ਼ਾਲ ਸੁਹਿਰਦਾ, ਜੀਵ ਦੀ ਭਲਾਈ ਤੇ ਕਲਿਆਣ ਲਈ ਸਦਾ ਉਮਾਹ ਵਿਚ ਹੀ ਸੱਚ ਨੂੰ ਦਰਸਾਉਣ ਤੇ ਸੱਚੇ ਮਾਰਗ ਵਿਚ ਪਾਉਣ ਦਾ ਨਿਸ਼ਾਨਾ ਹੁੰਦਾ ਹੈ।

ਬਾਬਾ ਜੀ ਦੇ ਆਸਣ ਤੋਂ ਇਕ ਸਿੰਘ ਨੇ ਮਾਇਆ ਚੋਰੀ ਕਰਨੀ

ਬਾਬਾ ਜੀ ਦਾ ਆਸਣ, ਗੋਦਾਵਰੀ 'ਚੋਂ ਬਰੀਕ, ਮਖਮਲ ਨਾਲੋਂ ਮੁਲੈਮ, ਰੋੜੀ ਲਿਆ ਕੇ ਵਿਛਾਈ ਤੇ ਹੁੰਦਾ ਸੀ। ਸਿਰਹਾਣੇ ਇਕ ਲੰਮੀ ਪੱਥਰ ਦੀ ਸਿੱਲ ਤੇ ਇਕ ਕਮਰਕੱਸੇ ਦਾ ਵਿਛੌਣਾ, ਤੇ ਲੋੜ ਪੈਣ ਤੇ ਦੂਸਰੇ ਕਮਰਕੱਸੇ ਨੂੰ ਹੀ ਉਪਰ ਓੜ ਲੈਣਾ ਹੁੰਦਾ। ਕੋਈ ਪਾਸ ਪਲੰਘ ਜਾਂ ਗਦੇਲੇ, ਸਰਹਾਣੇ ਜਾਂ ਮਖਮਲੀ ਚਾਦਰਾਂ ਨਹੀਂ ਸਨ। ਤੇ ਜੋ ਮਾਇਆ ਸੰਗਤ ਵਲੋਂ ਆਉਣੀ, ਉਹ ਚੜ੍ਹਦੇ ਪਾਸੇ ਜੋ ਦੀਵਾਰ ਸੀ, ਅਤੇ ਤਿੰਨ ਪਾਸੇ—ਦੱਖਣ, ਪਹਾੜ ਤੇ ਲਹਿੰਦੇ ਵਲ ਖਲਾਅ ਸੀ। ਉਸ ਵੱਲ ਇਸ ਰੋੜੀ ਵਿਚ ਹੀ ਰੱਖ ਦੇਣੀ। ਨਾ ਕੋਈ ਲਾਕਰ, ਅਲਮਾਰੀ, ਨਾ ਕੋਈ ਸੀਖਾਂ ਵਾਲਾ ਕਮਰਾ, ਨਾ ਸੇਫ ਨਾ ਤਾਲੇ, ਸਗੋਂ ਖੁਲੀ ਹੀ, ਜਿੰਨੀ ਮਾਇਆ ਹੋਣੀ ਰੋੜੀ ਵਿਚ ਅਮਾਨਤ ਰੱਖ ਦੇਣੀ ਤੇ ਇਥੋਂ ਹੀ ਬਿਨਾਂ ਗਿਣੇ ਮੁੱਠ ਭਰ ਕੇ ਦੇਗ ਲੰਗਰ ਜਾਂ ਹੋਰ ਗੁਰੂ ਕਾਰਜਾਂ ਜਾਂ ਬਿਹੰਗਮਾਂ ਨੂੰ ਰਸਤੇ ਦੇ ਜਲ - ਪਾਣੀ ਲਈ ਦੇ ਦੇਣੀ।

ਇਉਂ ਬਾਬਾ ਜੀ ਆਸਣ ਤੋਂ ਹੀ ਮੁੱਠ ਭਰ ਕੇ ਮਾਇਆ ਦੇ ਦੇਂਦੇ। ਇਕ ਸਿੰਘ (ਗਜਗਾਹੀਆ ਸਿੰਘ) ਬਾਬਾ ਜੀ ਨੂੰ ਅਜਿਹਾ ਕਰਦਿਆਂ ਕਈ ਵਾਰੀ ਵੇਖਦਾ ਰਿਹਾ। ਉਸ ਸਿੰਘ ਦਾ ਮਨ ਇਹ ਵੇਖ ਕੇ ਮਾਇਆ ਵਿਚ ਭਰਮ ਗਿਆ। ਅਤੇ ਉਸ ਨੇ ਮਨ ਵਿਚ ਇਹ ਸੰਕਲਪ ਧਾਰਨ ਕਰ ਲਿਆ ਕਿ ਜੋ ਬਾਬਾ ਜੀ ਦੇ ਆਸਣ ਤੇ ਬੇਅੰਤ ਮਾਇਆ ਹੈ, ਉਸ ਨੂੰ ਕੱਢ ਲਿਆ ਜਾਵੇ। ਸੁਖ ਚੈਨ ਨਾਲ ਜਲ ਪਾਣੀ ਦਾ ਗੁਜ਼ਰਾਨ ਹੋ ਜਾਵੇਗਾ, ਤੇ ਫਿਰ ਪੰਜਾਬ ਵਲ ਨਿਕਲ ਜਾਵਾਂਗੇ।

ਗਜ ਗਾਹੀਆ ਸਿੰਘ ਮਾਇਆ ਚੁੱਕਣ ਦੇ ਲਈ ਕਈ ਦਿਨ ਉਪਰਾਲੇ ਕਰਦਾ ਰਿਹਾ। ਪਰ ਹਰ ਵਾਰੀ ਕੋਈ ਨਾ ਕੋਈ ਸਿੰਘ ਜਾਂ ਬਾਬਾ ਜੀ ਨਜ਼ਰੀਂ ਪੈ ਜਾਂਦੇ, ਤਾਂ ਉਹ ਪਿਛਾਂਹ ਹੱਟ ਆਉਂਦਾ। ਕਿੰਨਾ ਕਿੰਨਾ ਚਿਰ ਉਸ ਨੇ ਬਾਬਾ ਜੀ ਦੇ ਆਸਣ ਪਾਸ ਜਾ ਖੜੇ ਹੋਣਾ, ਕਈਆਂ ਸਿੰਘਾਂ ਨੇ ਉਸਦੀ ਇਸ ਹਰਕਤ ਨੂੰ ਅਨੁਭਵ ਭੀ ਕੀਤਾ ਕਿ 'ਗਜਗਾਹੀਆ ਸਿੰਘ' ਬਾਬਾ ਜੀ ਦੇ ਆਸਣ ਦੇ ਦੁਆਲੇ ਕਿਉਂ ਫਿਰਦਾ ਰਹਿੰਦਾ ਹੈ, ਪਰ ਉਹ ਉਸਦੇ ਅੰਦਰਲੇ ਸੰਕਲਪ ਨੂੰ ਜਾਣ ਨਾ ਸਕੇ।

ਕਈ ਵਾਰੀ ਬਾਬਾ ਜੀ ਆਪ ਹੀ ਉਸ ਨੂੰ ਪੁੱਛ ਲੈਂਦੇ ਕਿ ਗਜਗਾਹੀਆ ਸਿੰਘ ਜੀ, ਕੀ ਚਾਹੀਦਾ ਹੈ, ਦੱਸੋ ਤੇ ਲੈ ਲਵੋ। ਬਸਤਰ ਧੋਣ ਲਈ ਸਾਬਣ (ਇਹ ਸਭ ਚੀਜ਼ਾਂ ਬਿਨਾਂ ਜੰਦਰੇ ਦੇ ਲੱਕੜ ਦੇ ਡੱਬਿਆਂ ਵਿਚ ਬਾਬਾ ਜੀ ਦੇ ਪਵਾਂਦੀ ਪਈਆਂ ਹੁੰਦੀਆਂ ਸਨ) ਜਾਂ ਜਿਸ ਚੀਜ਼ ਦੀ ਇੱਛਾ ਹੈ, ਤਾਂ ਦਸੋ ? ਪਰ ਸਿੰਘ ਨੇ ਕਹਿਣਾ ਨਹੀਂ, ਬਾਬਾ ਜੀ ਵੈਸੇ ਹੀ ਖੜਾ ਹਾਂ। ਇਹ ਕਹਿ ਕੇ ਪਰਾਂ ਤੁਰ ਜਾਂਦਾ।

ਇਸ ਤਰ੍ਹਾਂ ਕਈ ਦਿਨ ਦਾਅ ਨਾ ਲੱਗਣ ਕਾਰਨ ਉਹ ਗਜਗਾਹੀਆ ਸਿੰਘ ਚਿੰਤਾਤੁਰ ਰਹਿਣ

ਲੱਗਾ ਤੇ ਉਸ ਦੇ ਮਨ ਵਿਚ ਕਈ ਅਨਹੋਣੇ ਦਾਓ ਪੇਚ ਤੇ ਵਲਵਲੇ ਉਠਦੇ, ਜੋ ਇਸ ਨੂੰ ਦਿਨੇ ਰਾਤ ਬੇਚੈਨ ਤੇ ਬੇਆਰਾਮ ਕਰਨ ਲੱਗ ਪਏ।

ਬਾਬਾ ਜੀ ਦਾ ਜਾਨਣਾ ਉਸ ਦੇ ਮਨ ਦੇ ਵਿਚਾਰ ਨੂੰ

ਬਾਬਾ ਜੀ ਉਸ ਦੀ ਮਨੋ - ਭਾਵਨਾ ਤੇ ਉਸ ਦੇ ਮਾਇਆ ਕੱਢਣ ਲਈ ਤਰਲੋ - ਮੱਛੀ ਹੋਣ ਦੇ ਸੰਕਲਪ ਨੂੰ ਜਾਣ ਗਏ, ਤੇ ਉਸ ਦੇ ਮਨ ਦਾ ਭਰਮ - ਭੁਲੇਖਾ ਕੱਢਣ ਲਈ, ਕਿ ਇਸ ਮਾਇਆ ਦੇ ਰਖ-ਵਾਲੇ ਅਸੀਂ ਨਹੀਂ, ਸਗੋਂ ਜਿਸ ਦੇ (ਮਾਤਾ ਜੀ) ਖਜ਼ਾਨੇ ਦੀ ਮਾਇਆ ਹੈ, ਉਹ ਆਪ ਰਖਵਾਲੇ ਹਨ। ਅਸੀਂ ਤਾਂ ਕੇਵਲ ਇਸ ਅਮਾਨਤ ਨੂੰ ਸੰਭਾਲਣ ਦੇ ਜ਼ਿਮੇਵਾਰ ਹਾਂ। ਜਿਸ ਜਗਤ - ਮਾਤਾ—ਸਾਹਿਬ ਕੌਰਾਂ ਜੀ ਦੀ ਸਾਰੇ ਵਿਸ਼ਵ ਤੇ ਸ਼ਕਤੀ ਪ੍ਰਦਾਨ ਹੈ, ਉਹ ਤਾਂ ਆਪਣੇ ਖਜ਼ਾਨੇ ਦੀ ਕਿਸੇ ਜੀਵ ਜੰਤੂ ਤੋਂ ਭੀ ਰਖ-ਵਾਲੀ ਕਰਵਾ ਸਕਦੇ ਹਨ।

ਪਰ ਉਸ ਗਜਗਾਹੀਏ ਸਿੰਘ ਅੰਦਰ ਤਾਂ ਬਾਬਾ ਜੀ ਦੇ ਪ੍ਰਤੀ ਭੀ ਇਤਨਾ ਭਰਮ, ਭੁਲੇਖਾ ਹੀ ਸੀ, ਕਿ ਇਹ ਤਾਂ ਸਿਧੇ - ਸਾਦੇ ਸਾਡੇ ਵਾਂਗ ਇਕ ਬਿਹੰਗਮ ਹੀ ਹਨ! ਇਹ ਕਿਹੜਾ ਕਿਸੇ ਦੇ ਦਿਲ ਦੀ ਗੱਲ ਬੁੱਝਣ ਵਾਲੇ ਹਨ। ਇਸੇ ਕਰ ਕੇ ਉਹ ਸਿੰਘਾਂ ਤੋਂ ਬੇਖੌਫ ਸੀ ਅਤੇ ਉਸ ਨੂੰ ਇਹ ਡਰ ਨਹੀਂ ਸੀ ਕਿ ਉਹ ਅੰਤਰਯਾਮਤਾ ਨਾਲ ਮੇਰੇ ਤੇ ਕੋਈ ਇਲਜ਼ਾਮ ਲਗਾ ਸਕਣਗੇ। ਇਸ ਤਰ੍ਹਾਂ ਉਹ ਸਿਰਫ ਬਾਬਾ ਜੀ ਤੋਂ ਹੀ ਅੱਖ ਬਚਾਅ ਕੇ ਮਾਇਆ ਕੱਢ ਲੈਣੀ ਹੀ ਸਮਝਦਾ ਸੀ। ਕਿਉਂਕਿ ਬਾਬਾ ਜੀ ਦੀ ਪਹਿਚਾਣ ਤਾਂ ਜਨ-ਸਾਧਾਰਨ ਨੂੰ ਛੇਤੀ ਨਹੀਂ ਸਮਝਆ ਸਕਦੀ ਸੀ। ਘੱਟ ਬੋਲਣਾ ਤੇ ਸਾਧਾਰਨ ਜੀਵਨ'ਚ ਹਰ ਵੇਲੇ ਸੇਵਾ ਹੀ ਕਰਨ ਵਿਚ ਮਨ ਲੱਗਾ ਰਹਿਣਾ, ਕਿਸੇ ਵਿਰਲੇ ਗੁਰਮੁਖ ਦੀ ਪਛਾਣ ਵਿਚ ਹੀ ਆ ਸਕਦਾ ਸੀ ਕਿ ਇਹ ਤਾਂ ਪੂਰਨ ਬ੍ਰਹਮ - ਗਿਆਨੀ ਹੀ ਹਨ। ਭਲਾ ਅਜਿਹੇ ਮਾਇਆ ਦੇ ਲਾਲਚੀ ਨੂੰ ਇਹ ਗਿਆਨ ਕਿਥੇ ਆ ਸਕਦਾ ਸੀ।

ਪਰ ਬਾਬਾ ਜੀ ਉਸ ਦੀ ਨੀਯਤ ਨੂੰ ਜਾਣ ਗਏ ਅਤੇ ਸੁਤੇ ਸਿੱਧ ਹੀ ਉਸ ਨੂੰ ਅਜਿਹਾ ਸਮਾਂ ਦੇ ਦਿਤਾ। ਜਦ ਸਿੰਘ ਭੀ ਬਹੁਤੇ ਖੇਤਾਂ ਵਿਚ ਫਸਲ ਵੱਢਣ ਗਏ ਹੋਏ ਸਨ ਜਾਂ ਫਿਰ ਆਰਾਮ ਕਰਨ ਲਈ ਬਿਰਾਜੇ ਹੋਏ ਸਨ। ਬਾਬਾ ਜੀ ਭੀ ਚੁਪਕੇ ਹੀ ਗੜਵਾ ਲੈ ਕੇ ਜੰਗਲ - ਮੈਦਾਨ ਦੇ ਬਹਾਨੇ ਨਦੀ ਦੇ ਕਿਨਾਰੇ ਦੂਰ ਨਿਕਲ ਗਏ। ਜਦ ਇਸ ਗਜਗਾਹੀਆ ਸਿੰਘ ਨੇ ਵੇਖਿਆ ਕਿ ਹੁਣ ਡੇਰੇ ਵਿਚ ਕੋਈ ਸਿੰਘ ਨਹੀਂ। ਬਾਬਾ ਜੀ ਭੀ ਦੂਰ ਚਲੇ ਗਏ ਹਨ। ਅਜਿਹਾ ਇਕਾਂਤ ਸਮਾਂ ਜਾਣ ਕੇ, ਬਾਬਾ ਜੀ ਆਸਣ (ਮਾਇਆ ਦੇ ਲਾਲਚ ਲਈ) ਜਿਥੇ ਬਾਬਾ ਜੀ ਮਾਇਆ ਰੱਖਦੇ ਤੇ ਕੱਢਦੇ ਹੁੰਦੇ ਸਨ, ਰੋੜੀ ਫਰੋਲਣ ਲੱਗ ਪਿਆ। ਬਾਬਾ ਜੀ ਜਿਥੇ ਮਾਇਆ ਰਖਦੇ ਸਨ, ਜਦ ਉਥੇ ਹੱਥ ਮਾਰਿਆ ਹੀ ਸੀ ਕਿ ਅਚਾਨਕ ਫਨੀਅਰ ਨਾਗ (ਸੱਪ) ਨੇ ਫੁੰਕਾਰਾ ਮਾਰਿਆ। ਸਿੰਘ ਡਰ ਕੇ ਤ੍ਰਭੱਕ ਪਿਆ ਤੇ ਪਿਛੇ ਹੱਟ ਗਿਆ ਤੇ ਸਾਹੋ ਸਾਹੀ ਹੋਇਆ ਬੂੰਗੇ ਤੋਂ ਬਾਹਰ ਹੋ ਖਲੋਤਾ ਤੇ ਸਰਪ ਦੇਵਤਾ ਅਲੋਪ ਹੋ ਗਿਆ।

ਇਸ ਗਜਗਾਹੀਆ ਸਿੰਘ ਨੇ ਫਿਰ ਹੌਂਸਲਾ ਕਰ ਕੇ ਮਾਇਆ ਲੱਭਣ ਦਾ ਯਤਨ ਕੀਤਾ ਤਾਂ ਸਰਪ ਫ਼ਿਰ ਫੰਨ ਖਿਲਾਰੀ ਖੜਾ ਹੋ ਕੇ ਜ਼ੋਰ ਜ਼ੋਰ ਨਾਲ ਫੁੰਕਾਰੇ ਮਾਰਨ ਲੱਗ ਪਿਆ। ਗਜਗਾਹੀਆ ਸਿੰਘ ਫਿਰ

ਫੁਰਤੀ ਨਾਲ ਪਿਛੇ ਹੱਟ ਖਲੋਤਾ ਨੇ ਸਰਪ ਦੇਵਤਾ ਅਲੋਪ ਹੋ ਗਿਆ।

ਐਨੀ ਪ੍ਰੀਖਿਆ ਹੋਵਣ ਤੇ ਭੀ ਮਾਇਆ ਨਾਲ ਮਦ - ਹੋਸ਼ ਸਿੰਘ ਨੂੰ ਅਜੇ ਭੀ ਸਮਝ ਨਾ ਆਈ, ਅਤੇ ਆਪਣੀ ਨਾ - ਕਾਮ ਸਫਲਤਾ ਦਾ ਹੰਕਾਰ ਦਿਲ ਵਿਚ ਜਮਾਈ, ਆਪਣੇ ਹੱਠ ਤੋਂ ਨਾ ਟਲਿਆ। ਉਹ ਤੀਜੀ ਵਾਰੀ ਫਿਰ ਮਾਇਆ ਚੁਰਾਉਣ ਦਾ ਯਤਨ ਕਰਨ ਲੱਗਾ। ਸਰਪ ਫਿਰ ਫੰਨ ਖਲਾਰੀ ਕ੍ਰੋਧਤ ਹੋਇਆ ਇਉਂ ਫੁੰਕਾਰਨ ਲੱਗਾ ਜਿਵੇ ਅਗਨ [ਜਵਾਲਾ] ਨੇ ਇਕ ਦਮ ਭੱੜਕ ਕੇ ਸਭ ਕੁਝ ਸੁਆਹ ਕਰ ਦੇਣਾ ਹੋਵੇ। ਸਰਪ ਖੜਾ ਹੋ ਕੇ ਫੰਨ ਖਿਲਾਰੀ ਫੁੰਕਾਰਦਾ, ਡੰਗ ਮਾਰਨ ਲਈ ਗੁਸੇ ਵਿਚ ਲੋਹਾਰ ਦੇ ਵਦਾਣ (ਘਣ) ਵਾਂਗ ਸਿਰ ਸੁੱਟਿਆ। ਗਜਗਾਹੀਆ ਸਿੰਘ ਪਿੱਠ ਪਰਨੇ ਨੀਮ ਬੇਹੋਸ਼ੀ ਵਿਚ ਡਿੱਗ ਪਿਆ ਅਤੇ ਸਰਪ ਅਲੋਪ ਹੋ ਗਿਆ।

ਏਨੇ ਚਿਰ ਨੂੰ ਬਾਬਾ ਜੀ ਭੀ ਘਾਟ ਚੜ੍ਹ ਆਏ। ਗਜਗਾਹੀਏ ਸਿੰਘ ਦਾ ਧੜੰਮ ਕਰ ਕੇ ਡਿਗਣ ਨਾਲ ਖੜਾਕ ਸੁਣ ਕੇ ਕੁਝ ਸਿੰਘ ਭੀ ਆ ਗਏ। ਸਿੰਘਾਂ ਨੇ ਬਾਬਾ ਜੀ ਨੂੰ ਕਿਹਾ—ਬਾਬਾ ਜੀ ਗਜਗਾਹੀਏ ਸਿੰਘ ਨੂੰ ਕੀ ਹੋ ਗਿਆ ਹੈ।

ਬਾਬਾ ਜੀ— ਸਿੰਘਾ ਉਠ! ਕੀ ਹੋਇਆ ਏ, ਗਸ਼ੀ ਆ ਗਈ, ਜਾਂ ਘੇਰਨੀ ਆ ਗਈ ਹੈ? ਆਹ ਲੈ ਜਲ ਛੱਕ। (ਬਾਬਾ ਜੀ ਜਾਣਦੇ ਹੋਏ ਭੀ ਅਨਜਾਣੇ ਜੇਹੇ ਬਣ ਗਏ) ਉਹਨਾਂ ਨੇ ਗਜਗਾਹੀਏ ਸਿੰਘ ਦੇ ਮੂੰਹ ਤੇ ਛੱਟੇ ਮਾਰੇ, ਪਾਣੀ ਪਿਲਾਇਆ ਅਤੇ ਸਾਵਧਾਨ ਕੀਤਾ। ਗਜਗਾਹੀਆ ਸਿੰਘ ਬੈਠਾ ਬੈਠਾ ਹੀ ਕੰਬੀ ਜਾ ਰਿਹਾ ਸੀ ਤੇ ਝੱਟ ਹੀ ਬਾਬਾ ਜੀ ਦੇ ਚਰਨਾਂ ਤੇ ਢਹਿ ਪਿਆ। ਉਹ ਜ਼ਾਰੋ ਜ਼ਾਰ ਰੋਂਦਾ ਹੋਇਆ ਕਹਿਣ ਲੱਗਾ—ਬਾਬਾ ਜੀ ਬਖਸ਼ ਲੌ, ਜਿਉਂ ਜਾਣੋ ਮੁਆਫ ਕਰ ਦਿਓ, ਮੈਂ ਗੁਨਾਹਗਾਰ ਹਾਂ।

ਮੈ ਕੀਤਾ ਨਾ ਜਾਤਾ ਹਰਾਮ ਖੋਰੁ ॥ ਹਉ ਕਿਆ ਮੁਹੁ ਦੇਸਾ ਦੁਸਟੁ ਚੋਰ ॥

[ਸਿਰੀਰਾਗੁ ਮ: ੧, ਪੰਨਾ ੨੪

ਮੈਂ ਤਾਂ ਆਪ ਜੀ ਦੀਆਂ ਬਖਸ਼ਸ਼ਾਂ ਦਾ ਪਾਤ੍ਰ ਬਣਨਾ ਸੀ, ਸਗੋਂ ਮੇਰੀ ਮੱਤ ਬੁਧ ਤੇ ਮਾਇਆ ਛਲਣੀ ਦਾ ਅਜਿਹਾ ਪੜਦਾ ਪੈ ਗਿਆ, ਜਿਸ ਕਰ ਕੇ ਮੈਂ ਜਗਤ - ਮਾਤਾ ਜੀ ਤੋਂ, ਅਤੇ ਆਪ ਸਭ ਤੋਂ ਬੇ - ਮੁੱਖ ਹੋ ਗਿਆ ਹਾਂ। ਮੇਰੇ ਮੰਦ - ਕਰਮਾਂ ਨੇ ਇਸ ਅਸਥਾਨ ਦੀ ਅਤੇ ਆਪ ਜੀ ਦੀ ਮਹੱਤਤਾ ਨੂੰ ਨਹੀ ਪਛਾਣਿਆ। ਆਪਣੀ ਚਾਤੁਰੀ, ਚਲਾਕੀ ਤੇ ਹੰਕਾਰ ਵਿਚ ਹੀ ਸੱਚਖੰਡ ਦੀ ਯਾਤਰਾ ਨਿਸਫਲ ਕਰ ਲਈ ਹੈ, ਬਖਸ਼ੋ, ਮੈਂ ਪਾਪੀ, ਹਰਾਮਖੋਰ ਤੇ ਬੇਮੁਖ ਹਾਂ।

ਬਾਬਾ ਜੀ— ਸਿੰਘਾ, ਉੱਠ ਸਾਵਧਾਨ ਹੋ ਤੇ ਗੁਰੂ ਗੁਰੂ ਜਪ। ਗੁਰੂ ਕਾ ਸਿੰਘ ਤਾਂ ਸਦਾ ਗੁਰਮਿਤ ਦੀ ਟੇਕ ਨਾਲ ਰਹਿੰਦਾ, ਬਹਿੰਦਾ ਤੇ ਸਹਿੰਦਾ, ਕਹਿੰਦਾ ਹੈ। ਗੁਰਸਿਖਾਂ ਦਾ ਆਦਰਸ਼ ਹੀ ਕਹਿਣੀ, ਬਹਿਣੀ

ਸਰਪ ਦੇਵਤਾ—ਜਦ ਕਦੀ ਸਰਪ ਡੇਰੇ ਵਿਚ ਦੇਖਿਆ ਜਾਂਦਾ ਤਾਂ ਸਿੰਘਾਂ ਨੂੰ ਬਾਬਾ ਜੀ ਕਿਹਾ ਕਰਦੇ ਸਨ ਕਿ ਇਹ ਸਰਪ ਦੇਵਤਾ ਹੈ, ਰਖਵਾਲਾ ਹੈ, ਇਸ ਨੂੰ ਮਾਰਨਾ ਨਹੀਂ ਹੈ। ਇਹ ਤੁਹਾਨੂੰ ਕੁਝ ਨਹੀਂ ਕਹੇਗਾ। ਇਹ ਸੱਚ ਸੀ ਕਿ ਉਹ ਸੱਪ ਕਿਸੇ ਨੂੰ ਭੀ ਕੱਟਦਾ ਨਹੀਂ ਸੀ। ਦਾਸ ਨਾਲ ਵਰਤੀ ਸਰਪ ਦੀ ਵਾਰਤਾ ਅੱਗੇ ਪੜ੍ਹਨਾ।

ਰਹਿਣੀ ਤੇ ਸਹਿਣੀ ਚਹੁੰਆ ਤੇ ਅਧਾਰਤ ਹੈ। ਗੁਰੂ ਨੂੰ ਉਹ ਹਮੇਸ਼ਾ ਆਪਣੇ ਅੰਗ ਸੰਗ ਜਾਣਦਾ ਹੈ। ਕਦੀ ਪਾਪ ਗੁਨਾਹ ਨਹੀਂ ਕਰਦਾ। ਜੇ ਕਦੀ ਭੁੱਲ ਹੋ ਭੀ ਜਾਵੇ ਤਾਂ ਜਗਤ - ਮਾਤਾ–ਮਾਤਾ ਸਾਹਿਬ ਕੌਰਾਂ ਅਤੇ ਜਗਤ - ਪਿਤਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤਾਂ–

ਅਉਗੁਣ ਕੋ ਨ ਚਿਤਾਰਦਾ ਗਲ ਸੇਤੀ ਲਾਇਕ ॥　　[ਪਉੜੀ ੨੧–੧੧੦੧

ਫਿਰ ਅਜਿਹੀ ਕੇਹੜੀ ਭੁੱਲ ਕਰ ਬੈਠੇ ਹੋ ? ਜਿਸ ਲਈ ਤੁਸੀਂ ਇਤਨੇ ਡਰ ਕੇ ਕੰਬ ਰਹੇ ਹੋ ?

ਗਜਗਾਹੀਆ ਸਿੰਘ–ਬਾਬਾ ਜੀ, ਮੈਂ ਅਪਰਾਧੀ ਨੇ ਆਪ ਜੀ ਦੇ ਆਸਣ ਤੋਂ ਮਾਇਆ ਚੁਰਾਉਣ ਲਈ ਤਿੰਨ ਵਾਰੀ ਯਤਨ ਕੀਤਾ। ਦੋ ਵਾਰੀ ਸਰਪ ਨੇ ਫੁੰਕਾਰੇ ਮਾਰੇ, ਪਰ ਮੈਂ ਪਿਛੇ ਹੱਟ ਜਾਂਦਾ ਰਿਹਾ। ਤੀਜੀ ਵਾਰੀ ਜਦ ਮੈਂ ਫਿਰ ਆਸਣ ਫਰੋਲਣ ਲੱਗਾ, ਤਾਂ ਸਰਪ ਨੇ ਫੰਨ ਖਿਲਾਰੀ ਕ੍ਰੋਧ ਵਿਚ ਫੁੰਕਾਰਦੇ ਹੋਏ ਨੇ ਡੰਗ ਮਾਰਿਆ, ਪਰ ਮੈਂ ਡਰਦੇ ਮਾਰੇ ਪਿੱਛੇ ਡਿਗ ਪਿਆ ਅਤੇ ਬੇਹੋਸ਼ ਹੋ ਗਿਆ ਸਾਂ। ਜੋ ਮੇਰੇ ਮਨ ਦੀ ਕਲਪਣਾ ਸੀ, ਮੈਨੂੰ ਮਾਇਆ ਕਿਧਰੋਂ ਨਹੀਂ ਲੱਭੀ। ਕੇਡਾ ਚੰਗਾ ਹੁੰਦਾ ਜੇ ਮੈਨੂੰ ਸੱਪ ਡੰਗ ਮਾਰ ਕੇ ਮਾਰ ਦੇਂਦਾ, ਤਾਂ ਮੈਂ ਇਸ ਗੁਨਾਹ ਦੀ ਸਜ਼ਾ ਪਾ ਲੈਂਦਾ। ਹੁਣ ਮੈਂ ਕਿਸ ਮੂੰਹ ਨਾਲ ਸਤਿਗੁਰੂ ਜੀ ਤੇ ਆਪ ਜੀ ਤੋਂ ਗੁਨਾਹ ਬਖਸ਼ਾ ਕੇ ਸੁਰਖਰੂ ਹੋਵਾਂ।

ਬਾਬਾ ਜੀ– ਗੁਰਮੁਖਾ ! ਜੇ ਸਾਡੀ ਮਾਇਆ ਹੁੰਦੀ ਤਾਂ ਅਸੀਂ ਸਾਂਭ ਕੇ ਰੱਖਦੇ ਤੇ ਤੈਨੂੰ ਲੁੱਟਣ ਦਾ ਮੌਕਾ ਭੀ ਮਿਲ ਜਾਂਦਾ। ਤੇ ਤੁਹਾਡਾ ਸੰਕਲਪ ਭੀ ਪੂਰਾ ਹੋ ਜਾਂਦਾ।

ਇਹ ਤਾਂ ਖਜ਼ਾਨਾ ਹੀ ਜਗਤ - ਮਾਤਾ–ਮਾਤਾ ਸਾਹਿਬ ਕੌਰਾਂ ਸਰਬ ਸ਼ਕਤੀਮਾਨ ਦਾ ਹੈ। ਤਾਂ ਹੀ ਤੇ ਸਾਨੂੰ ਚੋਰ ਉੱਚਕੇ ਦਾ ਡਰ ਨਹੀਂ। ਉਸ ਸਰਬ ਸ਼ਕਤੀਮਾਨ ਦੇ ਬੇਅੰਤ ਖ਼ਜ਼ਾਨਿਆਂ ਨੂੰ ਕਿਸ ਨੇ ਤਾਲੇ ਲਾਏ ਨੇ, ਉਹ ਤਾਂ ਹਮੇਸ਼ਾਂ ਖੁਲ੍ਹੇ ਰਹਿੰਦੇ ਹਨ।

ਸਿੰਘਾ ! ਅਸੀਂ ਤਾਂ ਆਪ ਸੇਵਾਦਾਰ ਹਾਂ। ਜਿੰਨਾਂ ਧਨ - ਪਦਾਰਥ ਬਖ਼ਸ਼ਦੇ ਹਨ, ਅਸੀਂ ਉਨ੍ਹਾਂ ਦੀ ਅਮਾਨਤ ਸਮਝ ਕੇ ਸੰਭਾਲ ਕੇ ਰੱਖਦੇ ਹਾਂ ਤੇ ਲੋੜ ਪੈਣ ਤੇ ਉਸੇ ਦੇ ਕਾਰਜਾਂ ਤੇ ਹੀ ਵਰਤ ਲੈਂਦੇ ਹਾਂ। ਪਰ ਗੁਰਮੁੱਖਾ ! ਪਰਤੀਤ ਕਰਨੀ ਸੀ ਜੋ ਪਹਿਲੀ ਵਾਰੀ ਹੀ ਜਦ ਸਰਪ ਦੇਵਤਾ (ਰਖਵਾਲੇ) ਨੇ ਤੁਹਾਨੂੰ ਫੁੰਕਾਰ ਮਾਰ ਕੇ ਜਾਗਰਤ ਕੀਤਾ ਸੀ। ਫਿਰ ਦੂਜੀ ਵਾਰੀ ਹੀ ਸਮਝ ਜਾਂਦੇ। ਤੀਜੀ ਵਾਰੀ ਭੀ ਤੁਸੀਂ ਆਪਣਾ ਯਤਨ ਜਾਰੀ ਰਖਿਆ ਤੇ ਸਰਪ ਦੇਵਤੇ ਨੂੰ ਕ੍ਰੋਧਿਤ ਕਰ ਦਿਤਾ। ਭਲਾ ਤੇਰੀ ਸਮਝ ਵਿਚ ਇਹ ਨਾ ਆਇਆ ਕਿ ਇਹ ਐਡੀ ਛੇਤੀ ਕਿਥੋਂ ਆ ਖਲੋਤਾ ਹੈ। ਜਗਤ ਮਾਤਾ ਦਾ ਹੁਕਮ ਨਹੀਂ ਸੀ ਉਸ ਨੂੰ ਡੰਗ ਮਾਰਨ ਦਾ। ਨਹੀਂ ਤੇ ਕ੍ਰੋਧਿਤ ਸਰਪ ਨੇ ਡਿੱਗੇ ਹੋਏ ਨੂੰ ਹੀ ਡੰਗ ਮਾਰ ਕੇ ਭਸਮ ਕਰ ਦੇਂਦਾ ਸੀ। ਤੁਹਾਡੇ ਤਾਂ ਭਾਗ ਚੰਗੇ ਕਰਮ ਸਨ ਜੋ ਜਾਨ ਬਖਸ਼ੀ ਹੋ ਗਈ। ਪਰ ਹੁਣ ਆਪ ਨੂੰ ਅਗੋਂ ਤੋਂ ਗੁਰੂ ਦੇ ਖ਼ਜ਼ਾਨੇ ਦੀ ਕੋਈ ਭੀ ਕਿਧਰੇ ਵਸਤੂ ਲੁੱਟਣ ਜਾਂ ਚੋਰੀ ਕਰਨ ਦੀ ਹਮੇਸ਼ਾਂ ਲਈ ਤੋਬਾ ਕਰ ਲੈਣੀ ਚਾਹੀਦੀ ਹੈ। ਫਿਰ ਗੁਰੂ ਕਾ ਸਿਖ ਬਾਣਾ ਪਹਿਨ ਕੇ, ਅੰਮ੍ਰਿਤਧਾਰੀ ਹੋ ਕੇ ਤੁਸਾਂ ਬਾਣੀ ਦੇ ਫੁਰਮਾਣ ਨੂੰ ਸੱਚ ਕਰ ਵਿਖਾਇਆ ਏ–

ਗੁਰੂ ਪਾਸਹੁ ਫਿਰਿ ਚੇਲਾ ਖਾਏ ॥ ਤਾਮਿ ਪਰੀਤਿ ਵਸੈ ਘਰਿ ਆਇ ॥ [ਆਸਾ ਮ:੧–੩੫੦

ਚੇਲਾ (ਸਿੱਖ) ਹੋ ਕੇ ਗੁਰੂ ਨੂੰ ਹੀ ਲੁੱਟਣਾ, ਕੀ ਇਹ ਧਰਮ ਹੈ ਜਾਂ ਪਾਖੰਡ ? ਬਿਹੰਗਮ ਹੋ ਕੇ ਫਿਰ ਅਜਿਹੀ ਤ੍ਰਿਸ਼ਨਾ, ਵਾਸ਼ਨਾ, ਇੱਛਾ ਰੱਖਣੀ, ਆਪਣੇ ਆਪ ਨੂੰ ਧੋਖਾ ਦੇਣਾ ਹੈ ਤੇ–

ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥　　[ਬਾਰਾਮਾਹ–੧੩੫

ਵਾਲੀ ਕ੍ਰਿਆ, ਜੁਗਾਂ ਤਾਈਂ, ਸਤਿਗੁਰੂ ਤੋਂ ਵਿਛੜ ਕੇ, ਚੌਰਾਸੀ ਦੇ ਗੇੜ ਵਿਚ ਪੈ ਕੇ ਧੱਕੇ ਖਾਣੇ ਹੁੰਦੇ ਹਨ।

ਚੰਗਾ ਹੋਇਆ, ਜੋ ਜਗਤ ਮਾਤਾ ਜੀ ਨੇ ਆਪ ਆਪਣੇ ਪਹਿਰੇਦਾਰਾਂ (ਸਰਪ) ਪਾਸੋਂ ਹੀ ਆਪਣੇ ਖਜ਼ਾਨੇ ਦੀ ਰਖਵਾਲੀ ਕਰਵਾਈ ਹੈ। ਸਿੰਘਾ ! ਤੂੰ ਤਾਂ ਚੋਰੀ ਕਰ ਕੇ ਕੇਵਲ ਮਾਇਆ ਹੀ ਲੈ ਜਾਂਦੋ, ਪਰ ਅਸੀਂ ਭੀ ਇਸ ਦੇ ਨਾਲ ਦੋਸ਼ੀ ਹੋਣਾ ਸੀ। ਜੋ ਗੁਰੂ ਕੀ ਗੋਲਕ (ਅਮਾਨਤ) ਦੇ ਖਿਆਨਤ ਦੇ ਮੁਜਰਮ ਗਰਦਾਨੇ ਜਾਂਦੇ। ਸ਼ੁਕਰ ਹੈ ਮਾਤਾ ਜੀ ਦਾ, ਜਿਨ੍ਹਾਂ ਨੇ ਸਾਨੂੰ ਦੋਸ਼ ਮੁਕਤ ਕਰ ਦਿਤਾ ਹੈ। ਨਹੀਂ ਤੇ ਮਾਤਾ ਜੀ ਅੱਗੇ ਅਸਾਂ ਦੀ ਭੀ ਪੇਸ਼ੀ ਹੁੰਦੀ। ਤੇਰੇ ਇਸ ਗੁਨਾਹ ਕਰਨ ਦੇ ਨਾਲ ਸਾਨੂੰ ਭੀ ਗੁਨਾਹਗਾਰ ਬਣਾ ਦੇਣਾ ਸੀ।

ਗਜਗਾਹੀਆ ਸਿੰਘ– ਬੜਾ ਨਿਢਾਲ, ਨਿੰਮੋਝੂਣਾ, ਸਿਰ ਨਿਵਾਈ, ਅੱਖਾਂ ਤੋਂ ਜ਼ਾਰੋ ਜ਼ਾਰ ਹੰਝੂ ਕੇਰਦਾ, ਸਿੱਸਕਦਾ, ਥਿੱਥਲੀ ਜ਼ਬਾਨ ਨਾਲ ਅਤੇ ਹੱਥ ਜੋੜੀ ਖੜਾ ਤਰਲੇ ਤੇ ਵਾਸਤੇ ਘੱਤ ਰਿਹਾ ਸੀ– ਬਖਸ਼ ਲਓ ! ਬਖਸ਼ ਲਓ ! ਮੈਂ ਭੁੱਲਣਹਾਰ ਹਾਂ, ਆਪ ਨੇ ਸੋਝੀ ਬਖਸ਼ੀ ਹੈ, ਨਰਕਾਂ ਵਲ ਜਾਂਦੇ ਹੋਏ ਨੂੰ ਬਚਾ ਲਿਆ ਹੈ। ਮੈਂ ਅਗੋਂ ਕਦਾਚਿਤ ਅਜਿਹਾ ਪਾਪ ਗੁਨਾਹ ਨਹੀਂ ਕਰਾਂਗਾ। ਇਕ ਵਾਰੀ ਬਖਸ਼ ਲਓ। ਬਾਬਾ ਜੀ ! ਗੁਨਾਹੀ ਦੋਸ਼ੀ ਤਾਂ ਮੈਂ ਹਾਂ, ਆਪ ਨਹੀਂ। ਸੱਚ ਮੁੱਚ ਆਪ ਜੀ ਦਾ ਗੁਰੂ ਰਖਵਾਲਾ ਹੈ। ਆਪ ਨੇ ਤਾਂ ਮੇਰੀਆਂ ਅੱਖੀਆਂ ਖੋਹਲ ਦਿਤੀਆਂ ਹਨ। ਇਹ ਤੁਹਾਡੀ ਮਿਹਰ ਬਖਸ਼ਸ ਦਾ ਸਦਕਾ ਹੀ ਅਜਿਹੇ ਫਨੀਅਰ ਕਾਲੇ ਨਾਗ ਤੋਂ ਬੱਚ ਗਿਆ ਹਾਂ। ਆਪ ਹੀ ਮੇਰੇ ਇਸ ਅਪਰਾਧ ਨੂੰ ਬਖਸ਼ ਸਕਦੇ ਹੋ ?

ਡੇਰੇ ਦੇ ਸਾਰੇ ਸਿੰਘ ਇਕੱਠੇ ਹੋ ਗਏ ਤੇ ਇਸ ਕੌਤਕ ਨੂੰ ਵੇਖ ਕੇ ਹੈਰਾਨ ਹੋ ਰਹੇ ਸਨ ਤੇ ਸਭ ਦੇ ਅੰਦਰ ਮਾਤਾ ਜੀ ਹਾਜ਼ਰ ਨਾਜ਼ਰ ਹਨ, ਦਾ ਭੈ ਆ ਰਿਹਾ ਸੀ।

ਬਾਬਾ ਜੀ ਦਇਆ ਵਿਚ ਆਏ

ਦਇਆਵਾਨ ਬਾਬਾ ਜੀ ਨੇ ਗਜਗਾਹੀਏ ਸਿੰਘ ਨੂੰ ਕੋਈ ਕੌੜੇ ਬਚਨ ਨਾ ਕਹੇ, ਸਗੋਂ ਉਹਨਾਂ ਨੇ ਆਪਣੇ ਆਪ ਨੂੰ ਦੋਸ਼ ਦਾ ਭਾਗੀ ਕਹਿ ਕੇ ਕਿਤਨੀ ਵਿਸ਼ਾਲਤਾ ਵਿਖਾਈ। ਹੁਣ ਗੁਰੂ ਹਜ਼ੂਰ ਜਾ ਕੇ ਨਮਸ਼ਕਾਰ ਕਰ ਕੇ ਅਰਦਾਸ ਕੀਤੀ ਕਿ ਹੇ ਸੱਚੇ ਪਾਤਸ਼ਾਹ ਤੇ ਜਗਤ ਮਾਤਾ ਜੀਓ, ਅਸੀਂ ਭੁਲਣਹਾਰ ਹਾਂ। ਸਾਡੀਆਂ ਭੁੱਲਾਂ ਨਾ ਚਿਤਾਰਨੀਆਂ। ਅਤੇ ਸਾਨੂੰ ਸੁਮੱਤ ਬਖਸ਼ੋ, ਤਾਂ ਕਿ ਅਸੀਂ ਕਿਧਰੇ ਭੀ ਆਪ ਦੀ ਅਮਾਨਤ ਵਿਚ ਖਿਆਨਤ ਕਰਨ ਦਾ ਹੀਆ ਨਾ ਕਰੀਏ, ਤੇ ਨਾ ਹੀ ਇਸ ਤਰਾਂ ਚੋਰੀ ਕੋਈ ਵਸਤੂ ਚੁਕਣ ਦਾ ਯਤਨ ਕਰੀਏ। ਹਮੇਸ਼ਾ ਆਪ ਹਾਜ਼ਰ ਨਾਜ਼ਰ ਹੀ ਨਜ਼ਰੀਂ ਆਵੇ।

ਹੇ ਸਤਿਗੁਰੋ ! ਅਸਾਂ ਬੇਮੁਖਾਂ ਨੂੰ ਸਦਾ ਸਨਮੁੱਖ ਰਹਿਣ ਲਈ ਸੋਝੀ ਬਖਸ਼ੋ, ਤਾਂ ਜੋ ਸਾਡਾ ਵਿਸ਼ਵਾਸ

ਭਰੋਸਾ ਆਪ ਜੀ ਤੇ ਸਦਾ ਬਣਿਆ ਰਵੇ ਤੇ ਆਪਣੇ ਬਿਰਦ ਬਾਣੇ ਦਾ ਸਦਕਾ ਸਦਾ ਸਾਨੂੰ ਬਾਣੇ ਦੀ ਲਾਜ ਰੱਖਣ ਲਈ ਬਲ ਬੁੱਧ ਬਖਸ਼ਣੀ। ਨਾਨਕ ਨਾਮ ਚੜ੍ਹਦੀ ਕਲਾ.......। ਅਰਦਾਸ ਕਰ ਸਭ ਨੇ ਨਮਸ਼ਕਾਰ ਕੀਤੀ ਤੇ ਬਖਸ਼ਸ਼ -ਹੁਕਮਨਾਮਾ ਲਿਆ।

ਬਾਬਾ ਜੀ–ਸਿੰਘੋ ! ਗੁਰੂ ਦਰਬਾਰੋਂ ਜੋ ਮੰਗਣਾ ਹੋਵੇ ਮੰਗਿਆ ਕਰੋ। ਜੋ ਅਜਿਹੀ–

ਬਾਬਾ ਜੀ–ਸਿੰਘੋ ! ਗੁਰੂ ਦਰਬਾਰੋਂ ਜੋ ਮੰਗਣਾ ਹੋਵੇ ਮੰਗਿਆ ਕਰੋ। ਜੋ ਅਜਿਹੀ–

ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ ॥੪॥ [ਮਾਰੂ ਮ: ੫–੧੦੧੮

ਦੀ ਮੰਗ ਕਰਨ ਦੀ ਜਾਚ ਨਹੀਂ ਜਾਂ ਸੰਗ ਆਉਂਦੀ ਹੈ, ਤਾਂ ਸੇਵਾ ਸਿਮਰਨ ਬਾਣੀ ਪੜ੍ਹ ਕੇ ਸ਼ਕਤਿ ਪੈਦਾ ਕਰੋ ਤੇ ਫਿਰ ਮੰਗਣ ਦੀ ਲੋੜ ਹੀ ਨਾ ਰਵੇ। ਨਾ ਕਿਸੇ ਵਸਤੂ ਤੇ ਜੀਅ ਲਲਚਾਵੇ ਨਾ ਚੋਰੀ ਕਰ ਕੇ ਗੁਰੂ ਅਤੇ ਗੁਰੂ ਬਾਣੇ ਨੂੰ ਲਾਜ ਲੁਵਾਈਏ। ਕਿਉਂਕਿ ਗੁਰੂ ਜੀ ਸਮਰੱਥ ਹਨ ਤੇ–

ਜੋ ਮਾਗਹਿ ਠਾਕੁਰ ਆਪਨੇ ਤੇ ਸੋਈ ਸੋਈ ਦੇਵੈ ॥ [ਧਨਾਸਰੀ ਮ: ੫–੬੮੧

ਉਹ ਦੇਵਣਹਾਰ ਦਾਤਾਰ ਤਾਂ–

ਵਿਣੁ ਬੋਲਿਆ ਸਭੁ ਕਿਛੁ ਜਾਣਦਾ.....॥ [ਸਲੋਕ ਮ: ੩–੧੪੨੦

ਮੰਗ ਮੰਗਣ ਦੀ ਤਾਂ ਲੋੜ ਹੀ ਸਿੱਖ ਨੂੰ ਨਹੀਂ। ਆਪੇ ਦੇਵੈ, ਹਾਂ ਤਰੁੱਠ ਕੇ ਦੇਵੇ, ਮਿਹਰਵਾਨ ਹੋ ਕੇ ਦੇਵੇ, ਅਚਿੰਤੇ ਬਖਸ਼ਸ਼ ਕਰਨ ਉਸ ਵਿਚ ਹਮੇਸ਼ਾਂ ਬਰਕਤਾਂ ਹਨ–'ਤੋਟ ਨ ਆਵੈ ਕਾਈ' ਜੀ ਹਾਂ ਸਦਾ ਤ੍ਰਿਪਤੀ ਸਬਰ ਤੇ ਸੰਤੋਖ ਦੀ ਦਾਤ ਪ੍ਰਾਪਤ ਹੋ ਜਾਣ ਤੇ ਫਿਰ ਸੰਕਲਪਾਂ ਵਿਕਲਪਾਂ ਤੋਂ ਸਦਾ ਛੁਟਕਾਰਾ ਪਾ ਕੇ

ਸਦਾ ਸਾਹਿਬ ਕੈ ਰੰਗਿ ਰਹੈ, ਕਬਹੂ ਨ ਤੂਟਸਿ ਨੇਹੁ ॥ [ਸਲੋਕ ਮ: ੩–੮੪

ਦੀ ਲਿਵ ਵਿਚ ਜੁੜਕੇ, ਭਟਕਣ ਦੀ ਲਾਲਸਾ ਹੀ ਖਤਮ ਹੋ ਜਾਂਦੀ ਹੈ।

ਕਿਉਂਕਿ ਨਾਮ ਵਿਚ ਸਾਰੇ ਪਦਾਰਥ ਹਨ ਤੇ ਬਿਨਾਂ ਇੱਛਾਂ ਹੀ ਲੋੜਾਂ ਪੂਰੀਆਂ ਹੁੰਦੀਆਂ ਹਨ।

ਤਾਂ ਤੇ– ਚਾਰਿ ਪਦਾਰਥ ਜੇ ਕੋ ਮਾਗੈ ॥ ਸਾਧ ਜਨਾ ਕੀ ਸੇਵਾ ਲਾਗੈ॥

[ਸੁਖਮਨੀ, ਅਸਟਪਦੀ ੩–੨੬੬

ਸਾਧ ਜਨ, ਜਿਨ੍ਹਾਂ ਨੇ ਸਭ ਇੰਦ੍ਰਿਆਂ ਦਾ ਸਾਧਨ (ਕੰਟਰੋਲ) ਕਰ ਲਿਆ ਹੁੰਦਾ ਹੈ, ਉਹਨਾਂ ਸਾਧ ਜਨਾਂ ਦੀ ਸੇਵਾ ਕਰ ਕੇ ਹਉਮੈ ਦਾ ਤਿਆਗਣ ਹੁੰਦਾ ਹੈ ਅਤੇ ਜੇ–

ਜੇ ਕੋ ਅਪੁਨੀ ਸੋਭਾ ਲੋਰੈ ॥ ਸਾਧ ਸੰਗਿ ਇਹ ਹਉਮੈ ਛੋਰੈ ॥ [ਸੁਖਮਨੀ–੨੬੬

ਸਾਧ ਸੰਗਤਿ ਵਿਚ ਆ 'ਹਉਮੈਂ' ਆਪਣੀ ਚਾਤੁਰੀ ਦਾ ਤਿਆਗ ਕਰੇ।

ਸੋ ਗੁਰਮੁਖ ਜਨੋ ! ਸਾਧ ਸੰਗਤ ਵਿਚ ਆ ਕੇ ਸਾਨੂੰ ਅਜਿਹੇ ਕਰਮ ਕਰਨੇ ਸ਼ੋਭਦੇ ਨਹੀਂ। ਚੋਰੀ ਯਾਰੀ, ਠੱਗੀ, ਝੂਠ ਬੋਲਣਾ, ਘੱਟ ਤੋਲਣਾ, ਈਰਖਾ, ਦਵੈਖ, ਨਿੰਦਾ, ਚੁਗਲੀ, ਮਨਮਤਿ ਆਦਿ ਇਹ ਮਨਮੁੱਖਾਂ ਨਾਸਤਕਾਂ ਦੇ ਲੱਛਣ ਹਨ। ਪਰ ਸਤਿਗੁਰਾਂ ਗੁਰਮੁਖ, 'ਸਨਮੁਖਾਂ' ਨੂੰ ਦਯਾ, ਛਿਮਾਂ, ਸੀਲ, ਸੰਤੋਖ, ਜੱਤ, ਸੱਤ, ਸੁਚ ਸੰਜਮ, ਸੇਵਾ ਤੇ ਸਿਮਰਨ ਅਤੇ–

ਕਿਰਤ ਵਿਰਤ ਕਰ ਧਰਮ ਦੀ ਖਟ ਖੁਵਾਲਣ ਕਾਰ ਕਰੇਈ ॥ [ਭਾ: ਗੁਰਦਾਸ ਜੀ

ਦੀ ਕਾਰ ਕਰਨੀ ਹਰ ਗੁਰਸਿੱਖ ਦਾ ਧਰਮ ਬਣਦਾ ਹੈ।

ਗੁਰਬਾਣੀ ਦਾ ਫੁਰਮਾਣ ਹੈ ਕਿ–

ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥ ੧ ॥

[ਮ: ੧, ਪੰਨਾ ੧੨੪੫

ਜੇ ਬੇਹੰਗਮ ਬਣ ਕੇ ਭੀ ਸਾਡੇ ਗ੍ਰਹਿਸਤੀਆਂ ਵਾਲੇ ਕਰਮ ਨਿਡਰ ਹੋ ਕੇ ਕਰੀਏ, ਤਾਂ ਅਸਾਂ ਸਭ ਕੁਝ ਤਿਆਗ ਕੇ ਕੀ ਖੱਟਿਆ ? ਸਗੋਂ ਸਿਰ ਤੇ ਭਾਰ ਚੜ੍ਹਾ ਲਿਆ, ਜੋ ਸੇਵਾ - ਸਿਮਰਨ ਨਹੀਂ ਕੀਤਾ ਤੇ ਸਗੋਂ 'ਫਿਰ ਉਨਹੀ ਕੇ ਘਰਿ ਮੰਗਨ ਜਾਈ ॥' ਉਹਨਾਂ ਦੇ ਘਰਾਂ ਦੇ ਮੰਗਤੇ ਬਣੇ, ਜਿਨ੍ਹਾਂ ਦਾ ਤਿਆਗਣ ਕੀਤਾ ਸੀ, ਤਾਂ ਫਿਰ 'ਕਿਸ ਕਿਸ ਉਤਰ ਦੇਹੀ' ॥ ਕਿਸ ਕਿਸ ਦਾ ਲੇਖਾ ਦੇਵਾਂਗੇ, ਤਾਂ ਤੇ ਜਪ, ਤੱਪ, ਸੱਤ, ਸੰਤੋਖ ਵਿਚ ਰਹਿ ਕੇ ਹੁਕਮ, ਰਜ਼ਾ, ਭਾਣੇ ਵਿਚ ਰਹਿ ਕੇ–

ਜੋ ਦੇਨਾ ਸੋ ਦੇ ਰਹਿਓ ਭਾਵੈ ਤਹ ਤਹ ਜਾਹਿ ॥ [ਬਾਵਨ ਅਖਰੀ ਪਉੜੀ੧੯–੨੫੩

ਤੇ ਵਿਸ਼ਵਾਸ ਰੱਖ ਕੇ, ਜੋ ਵਾਹਿਗੁਰੂ ਦਾ ਅਟੱਲ ਨਿਯਮ ਹੈ–

ਸੈਲ ਪਥਰ ਮਹਿ ਜੰਤ ਉਪਾਏ ਤਾਕਾ ਰਿਜਕੁ ਆਗੈ ਕਰ ਧਰਿਆ ॥ ੧ ॥

[ਗੂਜਰੀ ਮ: ੫, ਪੰਨਾ ੧੦

ਇਸ ਲਈ ਅਸੀਂ– ਮਨ ਮੂਰਖ ਕਾਹੇ ਬਿਲਲਾਈਐ ॥ ਪੂਰਬ ਲਿਖੇ ਕਾ ਲਿਖਿਆ ਪਾਈਐ ॥

[ਸੁਖਮਨੀ ਸਾਹਿਬ–੨੯੨

ਮੂਰਖ ਮਨ ਕਿਉਂ ਵਿਲਕਦਾ, ਤੜਪਦਾ ਤੇ ਲਲਚਾਉਂਦਾ ਹੈ, ਇਉਂ ਹੁਕਮ ਰਜ਼ਾ ਵਿਚ ਰਹਿਣ ਕਰ ਕੇ ਗੁਰੂ ਤੋਂ ਬੇਮੁਖ ਹੋਈਦਾ ਹੈ।

ਇਉਂ ਮਹਾਂਪੁਰਸ਼ਾਂ ਨੇ ਸਭ ਨੂੰ ਸਾਂਝੇ ਗੁਰਮਤਿ ਦੇ ਉਪਦੇਸ਼ ਕਰ ਕੇ, ਹਮੇਸ਼ਾਂ ਸੱਚ ਦੀ ਕ੍ਰਿਤ ਗੁਰਸਿਖੀ ਜੀਵਨ ਵਿਚ ਹਮੇਸ਼ਾਂ ਸਤਿਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਸੇਵਾ - ਸਿਮਰਨ ਕਰਨਾ ਹੀ ਗੁਰਮੁੱਖ ਮਾਰਗ ਦਰਸਾਇਆ ਹੈ।

ਗਜਗਾਹੀਆ ਸਿੰਘ ਨੇ ਇਹ ਆਪਣੀ ਵੱਡੀ ਭੁਲ ਸਮਝ ਕੇ ਛੇਤੀ ਹੀ ਕਮਰਕਸੇ ਕਰ ਕੇ ਪੰਜਾਬ ਚਲਾ ਆਇਆ। ਅਤੇ ਅੱਗੇ ਤੋਂ ਗੁਰਮਤਿ ਅਨੁਸਾਰ ਗੁਰਸਿੱਖਾਂ ਦੀ ਰਹਿਤ ਬਹਿਤ ਅਨੁਸਾਰ ਤੇ ਸੇਵਾ, ਸਿਮਰਨ ਵਿਚ ਜੀਵਨ ਗੁਜ਼ਾਰਨ ਕੀਤਾ।

ਬਾਬਾ ਜੀ ਵਲੋਂ ਸੱਪ ਨਾ ਮਾਰਨ ਦਾ ਆਦੇਸ਼

ਬਹੁਤ ਸਾਰੇ ਸਿੰਘਾਂ ਦੀ ਜ਼ਬਾਨੀ ਸੁਣਿਆ ਸੀ, ਅਤੇ ਦਾਸ ਨੇ ਆਪਣੀ ਅੱਖੀਂ ਵੇਖਿਆ ਸੀ ਕਿ ਮਾਤਾ ਜੀ ਦੇ ਗੁਰ-ਅਸਥਾਨ ਤੇ ਸੱਪ ਤਾਂ ਬਹੁਤ ਫਿਰਦੇ ਸਨ, ਪਰ ਅੱਜ ਤਕ ਕੋਈ ਅਜੇਹੀ ਖਬਰ ਨਹੀ ਸੁਣੀ ਕਿ ਕਦੇ ਕਿਸੇ ਸਿੰਘ ਜਾਂ ਯਾਤ੍ਰੀ ਨੂੰ ਸੱਪ ਨੇ ਕੱਟਿਆ (ਡੰਗ ਮਾਰਿਆ) ਹੋਵੇ।

ਜਦੋਂ ਕੋਈ ਸਿੰਘ ਕਹਿੰਦਾ ਇਥੇ ਸੱਪ ਹੈ, ਤਾਂ ਬਾਬਾ ਜੀ ਦੀ ਖਾਸ ਹਦਾਇਤ ਹੁੰਦੀ ਸੀ ਕਿ ਭਾਈ, ਸਰਪ ਦੇਵਤਾ ਹਨ, ਰੱਖਵਾਲੇ ਹਨ, ਪਹਿਰੇਦਾਰ ਹਨ, ਇਹ ਵੈਰੀ ਨਹੀਂ। ਤੁਸੀਂ ਵੈਰ ਭਾਵਨਾ ਨਾਲ ਇਹਨਾਂ ਨੂੰ ਨਾ ਤੱਕੋ। ਇਹ ਤੁਹਾਨੂੰ ਕਦੇ ਕੁਝ ਨਹੀਂ ਕਹਿਣਗੇ। ਜਿਵੇਂ ਅਸੀਂ ਕਿਸੇ ਪੰਛੀ ਨੂੰ ਪਿਆਰਦੇ

ਹਾਂ ਤਾਂ ਉਹ ਭੀ ਸਾਨੂੰ ਪਿਆਰ ਦੇਂਦਾ ਹਾਂ। ਇਸੇ ਤਰਾਂ ਅਸੀਂ ਜੇ ਪਿਆਰ ਦ੍ਰਿਸ਼ਟੀ ਨਾਲ ਅਤੇ–'ਸਭ ਮਹਿ ਜੋਤਿ ਜੋਤਿ ਹੈ ਸੋਇ' ॥ ਦੀ ਭਾਵਨਾ ਨਾਲ ਵੇਖਾਂਗੇ ਤਾਂ ਇਹਨਾਂ ਅੰਦਰ ਜੋ ਪ੍ਰਮੇਸ਼ੂਰ ਦੀ ਜੋਤ (ਪ੍ਰੇਮ-ਪਿਆਰ) ਵਾਲੀ ਹੈ। ਇਹ ਭੀ ਤੁਹਾਡੇ ਵਿਚ ਵਿਚਰਦੇ ਹੋਏ ਤੁਹਾਨੂੰ ਕੁਝ ਨਹੀਂ ਕਹਿਣਗੇ–

ਜਬ ਧਾਰੈ ਕੋਊ ਬੈਰੀ ਮੀਤ ॥ ਤਬ ਲਗ ਨਿਹਚਲ ਨਾਹੀ ਚੀਤ ॥

[ਸੁਖਮਨੀ ਸਾਹਿਬ

ਕਿਉਂਕਿ ਮਨ (ਜੋਤਿ) ਦਾ ਸਾਡਾ ਸੰਕਲਪ ਦੂਸਰੇ ਮਨ ਪ੍ਰਤੀ ਥੋੜਾ ਜਾਂ ਬਹੁਤ ਜ਼ਰੂਰ ਪ੍ਰਭਾਵ ਉਭਾਰਦਾ ਹੈ। ਪਿਆਰ ਦ੍ਰਿਸ਼ਟੀ ਤੇ ਸਭੇ ਸਾਂਝੀਵਾਲਤਾ ਨਾਲ ਵੇਖੋਗੇ ਤਾਂ ਆਪ ਨੂੰ ਸਦਾ–

ਨਾ ਕੋ ਬੈਰੀ ਨਾਹੀ ਬੇਗਾਨਾ...॥

[ਬਿਹਾਗੜਾ ਮ: ੫

ਨਜ਼ਰ ਆਵੇਗਾ। ਜੇ ਅਸੀਂ ਦੁਬਦਾ ਦੀ ਨਜ਼ਰ ਨਾਲ ਵੇਖਾਂਗੇ ਤਾਂ ਜ਼ਰੂਰੀ ਹੈ, ਕਿ ਅਗਲੇ ਦਾ ਮਨ ਭੀ ਦੁੱਬਦਾ ਦਾ ਚਿੰਨ ਧਾਰਨ ਕਰ ਲਵੇ।

ਸੋ ਬਾਬਾ ਜੀ ਸੱਪ ਨੂੰ 'ਸਰਪ ਦੇਵਤਾ' ਕਰ ਕੇ ਕਹਿੰਦੇ ਅਤੇ ਮਾਰਨ ਲਈ ਵਰਜਿਤ ਕਰਦੇ ਸਨ। ਅਤੇ ਕਹਿੰਦੇ ਦੇਵਤਿਆਂ ਨੂੰ ਮਾਰੀਦਾ ਨਹੀਂ। ਇਹ ਸਿੱਖੀ ਦਾ ਧਰਮ ਨਹੀਂ, ਇਹ ਤਾਂ ਮਨਮੁੱਖਾਂ ਦੇ ਹੀ ਕਰਮ ਹਨ।

ਬਿਹੰਗਮਾਂ ਦੇ ਬੁੰਗਿਆਂ ਵਿਚ ਰਾਤ ਦੇ ਸਮੇਂ ਲਾਲਟੈਨਾਂ ਜਾਂ ਆਮ ਤੌਰ ਤੇ ਹਨੇਰਾ ਹੀ ਹੁੰਦਾ ਸੀ। ਕਿਉਂਕਿ ਭੋਇੰ ਆਸਣ ਤੇ ਕੇਵਲ ਬਾਬਾ ਜੀ ਵਾਂਗ ਬਿਹੰਗਮੀ ਰਾਜ ਸਾਜ ਹੀ ਹੁੰਦਾ, ਹਨੇਰੇ ਵਿਚ ਭੀ ਕੋਈ ਅੜਿਚਨ ਨਹੀਂ ਸੀ ਹੁੰਦੀ।

ਸਰਪ ਦੀ ਵਾਰਤਾ ਭਾਈ ਮਹਿਤਾਬ ਸਿੰਘ ਜੀ ਨਾਲ

ਇਕ ਦਿਨ ਭਾਈ ਮਹਿਤਾਬ ਸਿੰਘ ਜੀ ਦਰਜੀ ਹਨੇਰੇ ਵਿਚ ਹੀ ਜਦ ਆਪਣੇ ਆਸਣ ਤੇ ਬਿਰਾਜੇ ਹੋਏ ਸਨ ਤਾਂ ਇਕ ਚੰਗਾ ਮੋਟਾ ਕਾਫੀ ਲੰਮਾ ਸੱਪ ਉਹਨਾਂ ਦੀਆਂ ਲੱਤਾਂ ਉਤੋਂ ਸਿਰਕਣ ਲੱਗ ਪਿਆ। ਬੜਾ ਕੂਲਾ ਕੂਲਾ ਲੱਗਾ। ਇਉਂ ਉਹਨਾਂ ਦੀਆਂ ਲੱਤਾਂ ਨਾਲ ਪਿੱਠ ਰਗੜ ਕੇ ਲੰਘ ਰਿਹਾ ਸੀ, ਜਿਵੇਂ ਕੁੱਤਾ ਮੰਜੀ ਹੇਠਾਂ ਖੁਰਕ ਹਟਾਣ ਲਈ ਪਿੱਠ ਰਗੜਦਾ ਹੈ।

ਉਨ੍ਹਾਂ ਦੇ ਨਾਲ ਭਾਈ ਬਿਜਲਾ ਸਿੰਘਜੀ ਭੀ ਪਏ ਸਨ। ਭਾ: ਮਹਿਤਾਬ ਸਿੰਘ ਜੀ ਨੇ ਭਾਈ ਬਿਜਲਾ ਸਿੰਘ ਨੂੰ ਆਵਾਜ਼ ਦਿਤੀ ਕਿ ਬੜਾ ਖਤਰਨਾਕ ਸੱਪ ਹੈ। ਉਠੋ ਬਾਹਰ ਹੋ ਜਾਈਏ। ਉਹ ਝੱਟ ਬਾਹਰ ਹੋ ਗਏ ਤੇ ਲਾਲਟੈਣ ਨਾਲ ਲੈ ਆਂਦੀ।

ਜਦ ਉਹਨਾਂ ਨੇ ਲਾਲਟੈਨ ਦੇ ਚਾਨਣ ਵਿਚ ਵੇਖਿਆ ਤਾਂ ਬੜਾ ਭਿਅੰਕਰ ਕਾਲਾ ਫਨੀਅਰ ਨਾਗ ਜੋ ਘੱਟੋ ਘੱਟ ਚਾਰ ਪੰਜ ਮੀਟਰ ਲੰਬਾ ਤੇ ਡੇਢ ਦੋ ਫੁਟ ਦੇ ਘੇਰੇ ਦਾ ਮੋਟਾ, ਬੜੀ ਮਸਤੀ ਵਿਚ ਸਰਕਦਾ ਉਹਨਾਂ ਦੇ ਬੁੰਗੇ ਤੋਂ ਬਾਹਰ ਚਲਾ ਗਿਆ। ਨਾ ਹੀ ਸੱਪ ਨੇ ਕੋਈ ਫੁੰਕਾਰਾ ਮਾਰਿਆ ਤੇ ਨਾ ਹੀ ਕੁੜ ਕਿਹਾ ਭਾਵ ਡੰਗ,ਆਦਿ ਮਾਰਿਆ। ਜਦ ਉਹ ਸਰਕਦਾ ਚਲਾ ਗਿਆ ਤਾਂ ਉਹ ਦੋਵੇਂ ਸਿੰਘ ਫਿਰ ਆਪਣੇ੨ ਆਸਣਾਂ ਤੇ ਆ ਬਿਰਾਜੇ।

ਦਾਸ (ਲਿਖਾਰੀ) ਨਾਲ ਸੱਪਾਂ ਦੀਆਂ ਘਟਨਾਵਾਂ

ਦਾਸ ਨਾਲ ਭੀ ਅਜਿਹੀਆਂ ਹੀ ਦੋ ਵਾਰੀ ਮਾਤਾ ਜੀ ਦੇ ਅਸਥਾਨ ਤੇ ਰਹਿਣ ਸਮੇਂ ਘਟਨਾਵਾਂ ਵਾਪਰੀਆਂ ਸਨ।

ਆਮ ਕਰ ਕੇ ਸਭ ਸਿੰਘਾਂ ਦੇ ਆਸਣ ਗੋਦਾਵਰੀ ਦੀ ਮੁਲੈਮ ਰੇੜੀ ਤੇ ਹੀ ਹੁੰਦੇ ਸਨ ਅਤੇ ਸਿਰਹਾਣੇ ਵੀ ਪੱਥਰਾਂ ਦੇ ਹੁੰਦੇ ਸਨ। ਵਿਛੌਣਿਆਂ ਦੀ ਤਾਂ ਗਰਮੀ ਤੇ ਸਰਦੀ ਲੋੜ ਹੀ ਨਹੀਂ ਪੈਂਦੀ ਸੀ। ਇਕ ਵਾਰੀ ਦਾਸ (ਲਿਖਾਰੀ) ਦੇ ਸਿਰਹਾਣੇ, ਪਤਾ ਨਹੀਂ ਸਾਡੇ ਬਿਰਾਜਣ ਤੋਂ ਪਹਿਲਾਂ ਹੀ ਕਿਧਰੇ ਬਿੰਨੂੰ ਵਾਗੂੰ ਗੋਲ, ਸਿਰੀ ਉਪਰਲੇ ਪਾਸੇ ਧਰੀ ਪਿਆ ਹੋਇਆ ਸੀ। ਸਾਰੀ ਰਾਤ ਲੰਘ ਗਈ। ਮੈਂ ਕਈ ਵਾਰੀ ਪਾਸੇ ਬਦਲੇ, ਪਰ ਸੱਪ ਅਡੋਲ ਹੀ ਜਿਉਂ ਦਾ ਤਿਉਂ ਬੈਠਾ ਰਿਹਾ। ਨਾ ਹੀ ਉਸ ਸੱਪ ਨੇ ਕੋਈ ਫੁੰਕਾਰਾ ਮਾਰਿਆ ਅਤੇ ਨਾ ਹੀ ਕੋਈ ਡੰਗ ਮਾਰਨ ਦੀ ਹਰਕਤ ਕੀਤੀ। ਮੇਰਾ ਸਿਰ ਪੱਥਰ ਦੇ ਸਿਰਹਾਣੇ ਦੀ ਬਜਾਏ ਇਸ ਸੱਪ ਦੇ ਸਰਹਾਣੇ ਉਤੇ ਹੀ ਰਾਤ ਗੁਜ਼ਾਰ ਦਿਤੀ।

ਸਾਡੀ ਰੋਜ਼ ਦੀ ਕ੍ਰਿਤ

ਜਦੋਂ ਦੋ ਵਜੇ ਦਾ ਅਲਾਰਮ ਵਜਿਆ, ਜੋ ਦਾਸ ਦੇ ਨਾਲ ਚਿੱਠੀ ਪੱਤਰ ਜਾਂ ਪੋਥੀਆਂ ਲਿੱਖਣ ਦੇ ਬੱਕਸੇ ਉਪਰ ਟਾਈਮ - ਪੀਸ ਪਿਆ ਹੁੰਦਾ ਸੀ। ਮੈਂ ਲਾਲਟੈਣ ਦੀ ਬੱਤੀ ਜ਼ਰਾ ਉੱਚੀ ਕੀਤੀ ਤੇ ਕਛਹਿਰੇ ਪਰਨੇ ਲੈ ਕੇ ਜਦ ਅਸੀਂ ਦੋਵੇਂ ਸਾਥੀ (ਦਾਸ ਤੇ ਭਾਈ ਰਣ ਸਿੰਘ ਜੀ) ਗੋਦਾਵਰੀ ਨਦੀ ਤੋਂ ਇਸ਼ਨਾਨ ਕਰ ਕੇ ਵਾਪਸ ਆਏ ਤਾਂ ਲਾਲਟੈਣ ਦੀ ਬੱਤੀ ਹੋਰ ਉੱਚੀ ਕੀਤੀ, ਅਤੇ ਸਿਰਹਾਣੇ ਵਲ ਸਤਿਗੁਰਾਂ ਤੇ ਲੰਗਰ ਦੇਗ ਤੇ ਬਾਬਾ ਜੀ ਦਾ ਆਸਨ ਜਿਧਰ ਨੂੰ ਸੀ ਮੂੰਹ ਕਰਕੇ ਦੁਮਾਲੇ[ਦਸਤਾਰੇ]ਝੁਲਾਣ ਲਗੇ ਤਾਂ ਮੇਰੀ ਨਿਗਾਹ ਆਪਣੇ ਸਿਰਹਾਣੇ ਵਲ ਗਈ। ਤਾਂ ਕੀ ਵੇਖਿਆ ? ਤਾਂ ਬੜੇ ਆਰਾਮ ਨਾਲ ਜਿਵੇਂ ਕੋਈ ਮਹਿਮਾਨ ਬੇਖੌਫ ਹੋ ਕੇ ਉਨੀਂਦਰਾ ਲਾਹ ਰਿਹਾ ਹੁੰਦਾ ਹੈ। ਉਹ ਸਾਡੇ ਖੜਾਕ ਤੋਂ ਭੀ ਨਾ ਡਰਿਆ ਤੇ ਬੜੇ ਆਰਾਮ ਨਾਲ ਖਰੀਂਦੜੀ ਜੋ ਅੱਧ ਸਰਹਾਣੇ ਜੇਡੀ ਉੱਚੀ ਸੀ, ਉੱਪਰ ਸਿਰੀ ਧਰ ਕੇ ਬੇ - ਖੌਫ ਹੋਇਆ ਬੜੇ ਆਰਾਮ ਨਾਲ ਕਾਲਾ ਕੌਡੀਆ ਵਾਲਾ ਫਨੀਅਰ ਸੱਪ ਪਿਆ ਹੋਇਆ ਸੀ।

ਮੈਂ ਤ੍ਰਭਕ ਕੇ ਪਿਛਾਂਹ ਹੱਟਿਆ ਤੇ ਬਾਬਾ ਰਣ ਸਿੰਘ ਨੂੰ (ਡਰਾਕਲ ਆਵਾਜ਼ ਵਿਚ) ਕਿਹਾ–ਭਾਈ ਜੀ! ਔਹ ਵੇਖੋ ਕੇਡਾ ਵੱਡਾ ਸੱਪ ਪਿਆ ਹੋਇਆ ਹੈ। (ਤੀਸਰਾ ਸਾਥੀ ਜੋ ਕਿ ਸੁੱਤੇ ਹੋਏ ਸਨ ਭਾਈ ਹਰਦਮ ਸਿੰਘ ਜੀ, ਜੋ ਢੋਲਕਵੀਏ ਸਨ, ਭੀ ਆਵਾਜ਼ ਸੁਣ ਕੇ ਤ੍ਰਭਕ ਕੇ ਉੱਠ ਬੈਠੇ।) ਉਹ ਬਾਬਾ ਰਣ ਸਿੰਘ ਜੀ ਕਹਿਣ ਲੱਗੇ–ਡਰੋ ਨਾ, ਮਹਿਮਾਨ (ਸੱਪ) ਨੂੰ ਕੁਝ ਨਾ ਆਖੋ। ਇਸ ਨੂੰ ਆਪਣਾ ਉਨੀਂਦਰਾ ਲਾਹ ਲੈਣ ਦਿਓ ਸੂ। ਸਾਨੂੰ ਇਹ ਕੁਝ ਨਹੀਂ ਕਹਿੰਦਾ। ਤੁਸੀਂ ਛੇਤੀ ਦੁਮਾਲਾ ਝੁਲਾਓ ਤੇ ਸਮਾਂ ਹੋ ਰਿਹਾ ਹੈ। ਚੱਲ ਕੇ ਸਤਗੁਿਰਾਂ ਦੇ ਆਸਣ ਦੀ ਵਿਛਾਈ ਕਰ ਕੇ ਪਰਕਾਸ਼ ਕਰੋ ਤੇ ਗੈਸ ਜਗਾਵੋ! ਹੁਣੇ ਹੀ ਤਾਂ ਅਸਾਂ ਸੇਵਾ ਤੇ ਚੱਲੇ ਜਾਣਾ ਹੈ। ਇਹ [ਸੱਪ] ਭੀ ਆਪਣੀ ਮੌਜ ਨਾਲ ਜਦੋਂ ਭੀ ਚਾਹੇਗਾ, ਆਪੇ ਹੀ ਚਲਿਆ ਜਾਵੇਗਾ। ਅੱਗੇ ਤਾਂ ਅਸੀਂ ਕੇਵਲ ਕੰਨੀਂ ਸੁਣਿਆ ਸੀ, ਪਰ ਅੱਜ ਅੱਖੀਂ ਡਿੱਠਾ ਸੀ, ਕਿ ਸੱਪ

ਕੁਝ ਨਹੀਂ ਕਹਿੰਦੇ।

ਅਸੀਂ ਦੁਮਾਲੇ ਝੁਲਾ ਕੇ ਲਾਲਟੈਣ ਨਿੰਮੀ ਕਰ ਕੇ ਜਦ ਮੈਂ ਬਾਬਾ ਜੀ ਦੇ ਬੁੰਗੇ ਪਾਸ ਗੈਸ ਲੈ... ਜਗਾਣ ਲੱਗਾ, ਤਾਂ ਬਾਬਾ ਜੀ ਜੋ ਸਦਾ ਜਾਗਦੇ ਹੀ ਹੁੰਦੇ ਸਨ, ਫਤਹਿ ਬੁਲਾਈ। ਉਹ ਪਹਿਲਾਂ ... ਸਾਵਧਾਨ ਹੋ ਬੈਠੇ ਸਨ, ਕਛਹਿਰਾ ਪਰਨਾ ਲੈ ਕੇ ਇਸ਼ਨਾਨ ਕਰਨ ਲਈ ਗੁਦਾਵਰੀ ਵੱਲ ਚਲੇ ਸਨ, ... ਮੈਂ ਅਰਜ਼ ਕੀਤੀ–ਬਾਬਾ ਜੀ ! ਮੇਰੇ ਸਰਹਾਣੇ ਖਰੀਂਦੜੀ ਮਾਰੀ ਪਤਾ ਨਹੀਂ ਕੱਦੋਂ ਦਾ ਸੱਪ ਮੂੰਹ ਉੱਪ... ਰੱਖੀ ਪਿਆ ਹੋਇਆ ਹੈ।

ਬਾਬਾ ਜੀ–(ਬੜੇ ਪਿਆਰ ਭਰੇ ਸ਼ਬਦਾਂ ਵਿਚ ਆਖਿਆ) ਲਿਖਾਰੀ ਸਿੰਘ ! ਉਹ ਤਾਂ ਆਪਣੇ ਆ... ਨੂੰ ਤੁਹਾਡੇ ਲਈ ਸਿਰਹਾਣਾ ਬਨਾਉਣ ਲਈ ਆਏ ਹਨ। ਸਰਪ ਤਾਂ ਦੇਵਤੇ ਹਨ, ਉਹ ਭੀ ਤਾਂ ਸੇ... ਕਰਨ ਵਾਸਤੇ ਆਇਆ ਹੋਇਆ ਹੈ। ਕੀ ਹੋਇਆ ? ਆਪੇ ਹੀ ਚਲੇ ਜਾਵਣਗੇ, ਇਹਨਾਂ ਨੂੰ ਮਾਰ... ਨਹੀਂ, ਦੇਵਤੇ ਭੀ ਤਾਂ ਚਾਹੁੰਦੇ ਹਨ–

ਇਸ ਦੇਹੀ ਕਉ ਸਿਮਰੈ ਦੇਵ॥ ਸੋ ਦੇਹੀ ਭਜ ਹਰਿ ਕੀ ਸੇਵ॥ [ਸੁਖਮਨੀ ਸਾਹਿਬ

ਉਹ ਭੀ ਮਾਤਾ ਜੀ ਦੇ ਸੇਵਾਦਾਰਾਂ ਦੀਆਂ ਖੁਸ਼ੀਆਂ ਲੈਣ ਲਈ ਸੇਵਾ ਕਰਨ ਆਉਂਦੇ ਹਨ। ਨ... ਜੋ ਦਰ ਆ ਜਾਵੇ, ਉਸ ਨੂੰ ਮਾਰੀਦਾ ਨਹੀਂ।

ਮੈਂ ਸਤਿਬਚਨ ਕਹਿ ਕੇ ਚੁੱਪ ਕਰ ਕੇ ਸੋਚਦਾ ਰਿਹਾ ਕਿ ਇਤਨੇ ਜ਼ਹਿਰੀਲੇ ਸੱਪ ਨੂੰ ਬਾਬਾ ਜੀ ਦੇ... ਸ਼ਖ਼ਸੀਅਤ, ਤੱਪ ਤੇ ਬੰਦਗੀ ਨੇ ਇਸ ਦਾ ਜ਼ਹਿਰੀਲਾਪਨ ਕੱਢ ਕੇ ਇਸ ਨੂੰ ਦੇਵਤਾ ਸਰੂਪ ਬਣਾ ਦਿ... ਹੋਇਆ ਹੈ। ਪਰ ਅਸੀਂ ਮਨੁਸ਼ ਹੋ ਕੇ ਆਪਣੇ ਅੰਦਰ 'ਹੰਕਾਰ' ਅਤੇ 'ਕਰੋਧ' ਦੀ ਜ਼ਹਿਰ ਉਗਲਦੇ ਰਹਿੰਦੇ ਹਾਂ।

ਜਦ ਅਸੀਂ ਸੇਵਾ, ਨਿੱਤਨੇਮ ਕੀਰਤਨ ਕਰ ਕੇ ਦਿਨ ਚੜ੍ਹੇ ਵਾਪਸ ਬੁੰਗੇ ਵਿਚ ਆਏ ਤਾਂ ਰਖਵਾਲ... ਸੱਪ ਚਲਾ ਗਿਆ ਹੋਇਆ ਸੀ।

ਦੂਜੀ ਘਟਨਾ—ਇਸ ਤਰ੍ਹਾਂ ਕੁਝ ਮਹੀਨੇ ਲੰਘ ਗਏ। ਇਕ ਵਾਰੀ ਬਾਬਾ ਜੀ ਦੀ ... ਬਖਸ਼ਸ਼ ਹੋਈ। ਮੇਰੇ ਵਿਰਸੇ ਦੀ ਦਾਤ–ਗੁਰਮੁਖੀ ਦੀ ਸੁੰਦਰ ਲਿੱਖਤ ਤੇ ਪ੍ਰਸੰਨ ਹੋ ਕੇ ਬਾਬਾ ਜੀ ਨੇ ... ਸਰਬ ਲੋਹ ਗ੍ਰੰਥ ਚੋਂ ਮੰਗਲ, ਸੰਥਾ ਲੈਣ ਉਪਰੰਤ ਲਿਖਵਾਂਦੇ। ਉਹ ਸਾਰੀ ਸੇਵਾ ਤੇ ਦੀਵਾਨ ਲੰਗਰ ਦੀ ਸਮਾਪਤੀ ਉਪਰੰਤ ਲਾਲਟੈਨ ਦੀ ਰੋਸ਼ਨੀ ਵਿਚ ਦਾਸ ਰਾਤ ਨੂੰ ਆਪਣੇ ਬੁੰਗੇ ਵਿਚ ਪੋਥੀ ਲਿਖਦਾ ਰਹਿੰਦਾ ... ਇਸੇ ਤਰ੍ਹਾਂ ਰਾਤ ਨੂੰ ੧੦–੧੧ ਤੇ ਕਈ ਵਾਰੀ ੧੨ ਭੀ ਵੱਜ ਜਾਂਦੇ। ਇਸ ਤਰ੍ਹਾਂ ਨਿੱਤ ਦੀ ਕਾਰ, ਮਾਤਾ ਜੀ ਦੀ ਬਖਸ਼ਸ਼ ਸਦਕਾ 'ਸੁਲਪ ਸੀ ਨਿੰਦ੍ਰਾ' ਜਿਵੇਂ ਬਾਬਾ ਜੀ ਨੂੰ ਜਦ ਵੇਖੋ ਜਾਗਦੇ ਰਹਿਣ ਵਾਂਗ ਦਾਸ ਉਤੇ ਭੀ ਅਜਿਹੀ ਮਿਹਰ ਕਰ ਦਿਤੀ।

ਜਦ ਘੜੀ ਨੇ ਦੋ ਵਜੇ ਦਾ ਅਲਾਰਮ ਵਜਾਇਆ, ਲਾਲਟੈਨ ਦੀ ਬੱਤੀ ਉੱਚੀ ਕੀਤੀ ਤਾਂ ਵੇਖਿਆ ਕਿ ਮੇਰੇ ਜੇਡਾ ਲੰਮਾ ਸੱਪ, ਤਕਰੀਬਨ ੫–੬ ਫੁਟ ਲੰਮਾ, ਕਾਲਾ ਫਨੀਅਰ ਨਾਗ, ਮੇਰੇ ਨਾਲ ਲੰਮਾ ਪਿਆ ਹੋਇਆ ਸੀ। ਮੇਰੀ ਸੱਜੀ ਬਗਲ ਵਿਚ ਮੋਢੇ ਉਤੇ ਸਿਰ ਰੱਖੀ ਬੜੇ ਆਰਾਮ ਨਾਲ ਪਿਆ ਹੋਇਆ ਸੀ, ਜਿਵੇਂ ਪੁੱਤ ਮਾਂ ਦੀ ਹਿੱਕ ਤੇ ਪਿਆ ਹੁੰਦਾ ਹੈ।

ਬਾਬਾ ਜੀ ਦੇ ਦਸੇ ਬਚਨ ਮੁਤਾਬਕ ਹੁਣ ਮੈਨੂੰ ਡਰ ਨਹੀਂ ਆਇਆ। ਪਤਾ ਨਹੀਂ ਕੱਦ ਦਾ ਇਸੇ ਤਰ੍ਹਾਂ ਬੇਖੌਫ ਹੋ ਕੇ ਪਿਆਰ ਦਾ ਪਾਂਧੀ ਨਿੱਘ ਦੇਣ ਲਈ ਪਿਆ ਹੋਇਆ ਸੀ। ਮੈਂ ਸੋਚਿਆ ਜੋ ਝਟਕੇ ਨਾਲ ਉਠਦਾ ਹਾਂ ਤਾਂ ਇਸ ਦੇ ਆਰਾਮ ਵਿਚ ਖਲਲ ਪਵੇਗਾ। ਮੈਂ ਬੇਖੌਫ਼ (ਨਿੱਡਰ) ਹੋ ਕੇ ਸਹਿਜੇ ਨਾਲ ਉਸ ਦੀ ਸਿਰੀ ਫੜ ਕੇ(ਜਿਵੇਂ ਕਿਸੇ ਘੂਕ ਸੁੱਤੇ ਦੀ ਲੱਤ ਬਾਂਹ ਚੁੱਕ ਕੇ ਰੱਖੀਦੀ ਹੈ।)ਅਡੋਲ ਹੀ ਮੋਢੇ ਤੋਂ ਲਾਹ ਕੇ ਧਰਤੀ ਤੇ ਰੱਖ ਦਿਤੀ ਤੇ ਅਸੀਂ ਨਿੱਤ ਦੀ ਕ੍ਰਿਆ ਕਰਨ, ਕਛਹਿਰੇ ਪਰਨੇ ਲੈ ਕੇ ਮੈਂ ਤੇ ਬਾ: ਰਣ ਸਿੰਘ ਜੀ ਦੋ ਵਜੇ ਰਾਤ ਗੋਦਾਵਰੀ ਤੇ ਇਸ਼ਨਾਨ ਕਰਨ ਚਲੇ ਗਏ।

ਵਾਪਸ ਆਏ ਤਾਂ ਵੇਖਿਆ ਤਾਂ ਬੜੇ ਆਰਾਮ ਨਾਲ ਸਰਪ ਦੇਵਤਾ ਘੂਕ ਸੁੱਤਾ ਪਿਆ ਸੀ। ਉਸ ਕੋਲ ਹੀ ਬੈਠ ਕੇ ਅਸੀਂ ਦੁਮਾਲੇ ਝੁਲਾ ਕੇ ਆਪਣੀ ਸੇਵਾ ਤੇ ਚਲੇ ਗਏ। ਜਦ ਬੁੰਗੇ ਵਿਚ ਪ੍ਰਕਾਸ਼ ਕਰ ਕੇ ਆਸਾ ਦੀ ਵਾਰ ਦਾ ਕੀਰਤਨ ਕਰ ਕੇ ਅਰਦਾਸ ਉਪਰੰਤ ਦਿਨ ਚੜ੍ਹੇ ਆਏ ਤਾਂ ਸਰਪ ਦੇਵਤਾ ਨਾ ਜਾਣੇ ਕਦੋਂ ਤੋਂ ਆਪੇ ਚਲੇ ਗਏ ਹੋਏ ਸਨ।

ਇਸੇ ਤਰਾਂ ਅਜਿਹੇ ਹੋਰ ਭੀ ਸਿੰਘਾਂ ਨਾਲ ਸਰਪ ਦੇਵਤਿਆਂ ਦੇ ਕੌਤਕ ਹੁੰਦੇ ਰਹਿੰਦੇ ਸਨ, ਪਰ ਸੱਪ ਕਿਸੇ ਨੂੰ ਨਾ ਹੀ ਫੁੰਕਾਰਦੇ ਤੇ ਨਾ ਹੀ ਡੰਗ ਮਾਰਦੇ ਸਨ। ਹਾਂ ਗੁਨਾਹੀ ਜਾਂ ਗੁਰੂ ਘਰ ਦੀ ਚੋਰੀ ਕਰਨ ਵਾਲੇ ਨੂੰ ਜ਼ਰੂਰ ਫੁੰਕਾਰਦੇ, ਪਰ ਕੱਟਦੇ ਨਹੀਂ ਸਨ। ਗੁਨਾਹ ਕਰਨੋਂ ਡਰਾਵਾ ਦੇਂਦੇ ਸਨ।

ਬਾਬਾ ਜੀ ਠੀਕ ਹੀ ਫੁਰਮਾਉਂਦੇ ਸਨ ਕਿ ਇਹ ਰਖਵਾਲੇ, ਮਿੱਤਰ, ਸੱਜਣ ਹਨ, ਦੁਸ਼ਮਣ ਨਹੀਂ ਇਹਨਾਂ ਨੂੰ ਤੁਸੀਂ ਦੁਸ਼ਮਣ - ਦ੍ਰਿਸ਼ਟੀ ਨਾਲ ਨਾ ਵੇਖੋ। ਇਹ ਤਾਂ ਪਹਿਰੇਦਾਰ ਬਣ ਕੇ ਰਖਵਾਲੀ ਕਰਦੇ ਹਨ ਮਾਤਾ ਜੀ ਦੇ ਖਜ਼ਾਨੇ ਦੀ।

ਇਸ ਤਰਾਂ ਬਾਬਾ ਜੀ ਦੀ ਭਗਤੀ ਤੇ ਸ਼ਕਤੀ ਦਾ ਸਹਿਜੇ ਹੀ ਗਿਆਨ ਹੋ ਸਕਦਾ ਹੈ ਅਤੇ ਉਹਨਾਂ ਦੇ ਅੰਦਰ ਸਮ - ਦ੍ਰਿਸ਼ਟੀ ਦੀ -

ਸਭ ਮਹਿ ਜੋਤਿ ਜੋਤਿ ਹੈ ਸੋਇ॥ [ਧਨਾਸਰੀ ਮ: ੧

ਸਭ ਵਿਚ ਪ੍ਰਮੇਸ਼ਰ ਦੀ ਜੋਤ ਦੀ ਸਮਾਨਤਾ ਦੇ ਝਲਕਾਰੇ ਦਰਸਾਉਂਦਾ ਹੈ।

ਅਜਿਹੇ ਦ੍ਰਿਸ਼ਟਾਂਤ ਮਹਾਂਪੁਰਖਾਂ ਦੀ ਭਗਤੀ ਦਾ ਹੀ ਪ੍ਰਗਟਾਵਾ ਹੁੰਦੇ ਹਨ, ਜਦ ਕਿ ਇਨਸਾਨ ਦਾ ਵੈਰੀ ਸੱਪ–ਜੋ ਕਦੇ ਆਪਣਾ ਵਾਰ ਕਰਨੋਂ ਨਹੀਂ ਸੰਕੋਚਦਾ, ਅਤੇ ਆਪਣਾ ਵਾਰ ਕਰਕੇ ਰਫੂ - ਚੱਕਰ ਹੋ ਜਾਂਦਾ ਹੈ ਤੇ ਇਨਸਾਨ ਮੌਤ ਦੀ ਨੌਬਤ ਤਕ ਪਹੁੰਚ ਜਾਂਦਾ ਹੈ।

ਪਰ ਇਥੇ ਮਹਾਂ ਪੁਰਸ਼ਾਂ ਦੀ ਸਮਦ੍ਰਿਸ਼ਟੀ ਨੇ ਜ਼ਹਿਰੀਲੇ ਨਾਗਾਂ ਨੂੰ ਭੀ ਅਜਿਹਾ ਕੀਲਿਆ ਹੋਇਆ ਸੀ ਕਿ ਉਹਨਾਂ ਲਈ ਡੰਗ ਮਾਰਨਾ ਤਾਂ ਕੀ, ਇਨਸਾਨ ਨੂੰ ਵੇਖ ਕੇ ਫੁੰਕਾਰਾ ਭੀ ਨਹੀਂ ਸਨ ਮਾਰਦੇ, ਉਹ ਤਾਂ ਸਗੋਂ ਪਾਲਤੂ ਜਾਨਵਰਾਂ ਵਾਂਗ ਪਿਆਰ ਲਾਡ ਕਰਨ ਤੇ ਘੁੱਲ ਮਿਲ ਜਾਂਦੇ ਸਨ। ਉਹ ਬੇਖੌਫ, ਨਿਡਰ ਹੋ ਕੇ ਵਿਚਰਦੇ ਰਹਿੰਦੇ ਸਨ।

ਦੋ ਸੱਪਾਂ ਦੀ ਹਾਜ਼ਰੀ

ਇਕ ਵਾਰੀ ਦੋ ਸੱਪ–ਪੀਲੇ ਰੰਗ ਦੇ–ਚੰਗੇ ਲੰਮੇ ਤੇ ਮੋਟੇ, ਟੀਨਾਂ ਦੇ ਬਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪ੍ਰਕਾਸ਼ ਅਸਥਾਨ ਵਿਚ ਗੋਦਾਵਰੀ ਵਾਲੇ ਪਾਸੇ, ਬਰਾਂਡੇ ਵਿਚ ਲਕੜ ਦੀਆਂ ਥੂਣੀਆਂ ਰਾਹੀਂ ਚੜ੍ਹ ਕੇ ਟੀਨਾਂ ਦੇ ਹੇਠਾਂ ਅੰਦਰ ਆ ਬੈਠੇ। ਇਹ ਦੋ ਸੱਪ ਉਹਨਾਂ ਟੀਨਾਂ ਹੇਠਾਂ ਆ ਬੈਠੇ ਜਿਥੇ ਸਿੰਘ ਬੈਠ ਕੇ ਨਿਤਨੇਮ ਕਰਦੇ ਤੇ ਸੁਣਦੇ ਸਨ।

ਜਦ ਸਿੰਘਾਂ ਨੇ ਇਹ ਦੋ ਸੱਪ ਵੇਖੇ ਤਾਂ ਬਾਬਾ ਜੀ ਨੂੰ ਬੇਨਤੀ ਕੀਤੀ–ਬਾਬਾ ਜੀ ਦੋ ਸੱਪ ਔਹ ਵੇਖੋ! ਬਰਾਂਡੇ ਦੀ ਛੱਤ ਤੇ ਚੜ ਕੇ ਕਿਵੇਂ ਬੇਖੌਫ ਹੋ ਕੇ ਗੋਲ ਖਿੱਦੂ ਬਣ ਕੇ ਸਿਰ ਉਪਰ ਧਰੀ ਬੈਠੇ ਹਨ। ਨਾ ਜਾਣੇ ਕੋਈ ਅਣਭੋਲ ਸਿੰਘ ਜੇਕਰ ਇਧਰ ਲੰਘੇ, ਤਾਂ ਉਹ ਕਿਧਰੇ ਉਸ ਨੂੰ ਡੰਗ ਨਾ ਮਾਰਨ। ਇਸ ਦਾ ਕੋਈ ਉਪਾਓ ਕਰੋ ਕਿ ਇਹ ਇਥੋਂ ਹਟ ਜਾਵਣ।

ਬਾਬਾ ਜੀ–[ਮੁਸਕਰਾ ਕੇ] ਇਹ ਸਰਪ ਤਾਂ ਦੇਵਤੇ ਹਨ। ਦੇਵਤੇ ਡੰਗ ਨਹੀਂ ਮਾਰਦੇ। ਅਸਾਂ ਨੂੰ ਕੀ ਖਬਰ, ਜੋ ਗੁਰੂ ਦਰਬਾਰ ਆਏ ਹਨ ਤਾਂ ਕਿਉਂ ਆਏ ਹਨ ਤੇ ਕੌਣ ਹਨ? ਫਿਰ ਉਹ ਉੱਪਰ ਚੜ੍ਹ ਕੇ ਬੈਠ ਗਏ ਹਨ, ਨਾ ਜਾਣੇ ਇਹ ਆਪਣੀ ਕਲਿਆਣ ਕਰਾਉਣ ਲਈ ਆਏ ਹੋਵਣ, ਕਿਉਂਕਿ 'ਸਾਧ ਸਰਣ ਛੁਟਕਾਰਾ' ਹੁੰਦਾ ਏ। ਇਸ ਲਈ ਇਹ ਸਾਧ ਸੰਗਤ ਵਿਚ ਗੁਰਬਾਣੀ ਦਾ ਕੀਰਤਨ ਸੁਣਨ ਆਏ ਹੋਵਣ। ਜਦੋਂ ਇਹਨਾਂ ਦਾ ਮਨ ਪਸੀਜ ਜਾਵੇਗਾ, ਤਾਂ ਪ੍ਰਸੰਨ ਹੋਣਗੇ, ਇੱਛਾ ਪੂਰੀ ਹੋ ਜਾਣ ਤੇ ਇਹ [ਦੋਵੇਂ ਸੱਪ] ਆਪਣੇ ਆਪ ਚਲੇ ਜਾਵਣਗੇ। ਤੁਸਾਂ ਕਿਸੇ ਨੇ ਇਨ੍ਹਾਂ ਨੂੰ ਬੁਰੀ ਨਜ਼ਰ ਨਾਲ ਨਹੀਂ ਝਾਕਣਾ, ਤੇ ਨਾ ਹੀ ਮਾਰਨਾ ਹੈ।

ਸਿੰਘੋ! ਡਰੋ ਨਾ ਇਹ ਭੀ ਨੂਰੀ ਦੇ ਨੂਰ ਦੇ ਮਤਵਾਲੇ, ਆਸ਼ਕ ਹਨ। ਇਲਾਹੀ ਨੂਰ ਇਕ ਤਾਰ [ਰਬਾਬ] ਦੀ ਤਾਰ ਵਿਚ ਗੁਰਬਾਣੀ ਦੀ ਮਧੁਰ ਸੁਰ ਵਿਚ ਸਭ ਸੰਸਾਰ ਦੇ ਜੀਵ ਜੰਤੂ ਪਸ਼ੂ ਪੰਛੀਆਂ, ਦਰਿੰਦਗੀ ਜੂਨਾਂ ਨੂੰ ਭੀ ਸੁਰ ਨੂੰ (ਸੁਰਤ) ਵਿਚ ਲਿਆਵਣ ਵਾਲੇ, ਬਾਬੇ ਨਾਨਕ ਦੇ ਨੂਰਾਨੀ ਚੇਹਰੇ ਤੋਂ ਠੰਡਕ ਤੇ ਨੂਰ ਪ੍ਰਾਪਤ ਕਰਨ ਅਤੇ ਆਪਣੇ ਜ਼ਹਿਰੀਲੇ ਪਨ ਨੂੰ ਸ਼ਾਂਤੀ ਦਿਵਾਉਣ ਲਈ ਨੂਰੀ ਮੁਖੜੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਤੇ ਸੂਰਜ ਦੇ ਤੇਜ, ਫਨ ਤੇ ਸਹਾਰ ਕੇ, ਛਾਂ ਕਰ ਕੇ, ਕਿਵੇਂ ਇਕ ਸੁਰ ਟਿਕ ਟਿਕੀ ਲਾ ਕ ਅਜਿਹਾ ਮਸਤ ਹੋਇਆ ਕਿ ਜ਼ਹਿਰ ਅੰਮ੍ਰਿਤ ਵਿਚ ਬਦਲ ਗਿਆ। ਜਿਵੇਂ (ਆਪਣੀ ਅਗਨੀ ਨੂੰ ਠੰਡਕ ਦੇਣ ਲਈ ਚੰਦਨ ਦੇ ਰੁਖਾਂ ਦੁਆਲੇ ਜ਼ਹਿਰੀਲੇ ਨਾਗ ਲਿਪਟ ਕੇ ਸੀਤਲਤਾ (ਠੰਡਕ] ਪ੍ਰਾਪਤ ਕਰਦੇ ਹਨ।] ਇਸੇ ਤਰ੍ਹਾਂ ਇਹ ਭੀ ਵੈਰ ਭਾਵ ਗੁਵਾ ਕੇ ਟਹਿਲੀਏ ਹੋ 'ਵਿਚ ਦੁਨੀਆ ਸੇਵ ਕਮਾਈਐ' ਦੇ ਰੰਗ ਵਿਚ ਰੰਗਣਾ ਲੋਚਦੇ ਹਨ।

ਇਸੇ ਤਰ੍ਹਾਂ ਜਿਵੇਂ ਬਾਬੇ ਨਾਨਕ ਨੇ 'ਨੌ ਖੰਡ ਪ੍ਰਿਥਵੀ ਸਚਾ ਢੋਆ' ਪਰਮੇਸ਼ਰ ਨੂੰ ਭੇਟਾ ਕਰਨ ਲਈ ਬਣਾਇਆ ਅਤੇ ਸਭ ਨੂੰ ਅਲਾਹੀ ਨਾਦ 'ਗੁਰਬਾਣੀ' ਜੋ ਸਰਬ ਸਾਂਝੀਵਾਲਤਾ ਦਾ ਪ੍ਰਤੀਕ ਹੈ, ਉਸ ਨੂੰ ਪੜ੍ਹਨ - ਸੁਣਨ ਦਾ ਹਰ ਇਕ ਨੂੰ ਹੱਕ ਦਿਵਾਇਆ। ਕਿਉਂਕਿ 'ਬੀਜ ਮੰਤ੍ਰ ਸਰਬ ਕਉ ਗਿਆਨ' ਫੁਰਮਾਇਆ ਹੈ, ਸਭ ਨੂੰ ਗਿਆਨ ਹੈ। ਚਾਹੇ ਉਹ ਮਨੁਖ ਹੈ ਜਾਂ ਪਸ਼ੂ ਪੰਛੀ। ਭਾਵ ਚੌਰਾਸੀ ਲੱਖ ਜੂਨ

ਨੂੰ ਇਹ ਬੀਜ ਮੰਤਰ ਦਾ ਗਿਆਨ ਹੈ।

ਐ ਗੁਰਮੁੱਖੋ! ਤੁਹਾਨੂੰ ਡਰਨ ਦੀ ਲੋੜ ਨਹੀਂ। ਜੇਕਰ ਤੁਸੀਂ ਇਹਨਾਂ ਨੂੰ ਕੁਝ ਨਾ ਕਹੋਗੇ ਤਾਂ ਇਹ ਵੀ ਤੁਹਾਨੂੰ ਕੁਝ ਨਹੀਂ ਕਰਨਗੇ। ਤਿੰਨ ਦਿਨ ਇਸੇ ਤਰਾਂ ਚੁੱਪ ਚਾਪ ਇਹ ਸੱਪਾਂ ਦਾ ਜੋੜਾ ਬੈਠਾ ਰਿਹਾ, ਅਤੇ ਗੁਰਬਾਣੀ ਦੇ ਚਲਦੇ ਪ੍ਰਵਾਹ ਵਿਚ ਟੁੱਬੀਆਂ ਮਾਰਦੇ ਰਹੇ ਤੇ ਅਨੰਦਤ ਹੁੰਦੇ ਰਹੇ। ਚੌਥੇ ਦਿਨ ਉਹ ਆਪੇ ਹੀ ਨਾ ਜਾਣੇ ਕਿਸ ਵੇਲੇ ਅਲੋਪ ਹੋ ਗਏ।

ਇਹ ਵੇਖ ਕੇ ਸਾਰੇ ਸਿੰਘ ਬੜੇ ਅਸਚਰਜ ਹੋਏ। ਜੋੜੇ ਸੱਪਾਂ ਦਾ ਇਹ ਦ੍ਰਿਸ਼ ਅਤੇ ਬਾਬਾ ਜੀ ਦੀ ਉਦਾਰਤਾ ਸਭਨਾਂ ਪਰੇਮੀਆਂ ਦੇ ਮਨਾਂ ਵਿਚ ਹੋਰ ਪਿਆਰ ਅਤੇ ਸ਼ਰਧਾ ਨੂੰ ਪਰੇਰਤ ਕਰਨ ਲੱਗ ਪਈ।

ਨਦੀ ਵਿਚੋਂ ਰੇਤ ਲਿਆਉਣੀ

ਹਰ ਸਾਲ ਬਾਰਸ਼ਾਂ ਦੇ ਮੌਸਮ (ਸਾਵਣ - ਭਾਦਰੋਂ ਦੇ ਮਹੀਨੇ) ਤੋਂ ਪਹਿਲਾਂ ਪਹਿਲਾਂ ਸਰਬ - ਲੋਹ ਦੇ ਲੰਗਰ ਦੇ ਬਰਤਨਾਂ ਨੂੰ ਮਾਂਜਣ ਲਈ, ਸੁੱਕਾ ਰੇਤਾ ਨਦੀ ਚੋਂ ਇਕੱਠਾ ਕਰ ਲਿਆ ਜਾਂਦਾ ਸੀ। ਬਾਰਸ਼ਾਂ ਨੇੜੇ ਆ ਰਹੀਆਂ ਸਨ। ਪਰ ਇਸ ਵਾਰੀ ਕਿਸੇ ਭੀ ਸਿੰਘ ਨੇ ਰੇਤਾ ਇਕੱਠਾ ਕਰਨ ਦਾ ਉਪਰਾਲਾ ਨਾ ਕੀਤਾ। ਆਮ ਤੌਰ ਤੇ ਬਾਬਾ ਜੀ ਕਿਸੇ ਭੀ ਕੰਮ ਲਈ ਕਦੀ ਭੀ ਕਿਸੇ ਵੇਲੇ ਸਿੰਘਾਂ ਨੂੰ ਕਹਿੰਦੇ ਨਹੀਂ ਸਨ ਹੁੰਦੇ। ਚਾਹੇ ਜ਼ੁਵਾਰੀ ਵੱਢਣੀ ਹੋਵੇ ਜਾਂ ਲੰਗਰ ਪਕਾਉਣਾ ਹੋਵੇ ਜਾਂ ਛਕਾਣਾ, ਤੱਪੜ ਵਿਛੌਣੇ ਜਾਂ ਲੰਗਰ ਦੇ ਬਰਤਨ ਮਾਂਜਣੇ ਹੋਵਣ–ਚੁੱਪਕੇ ਕੇ ਹੀ ਆਪ ਬਾਬਾ ਜੀ ਲੱਗ ਜਾਂਦੇ। ਕਿਸੇ ਨੂੰ ਭੀ ਆਵਾਜ਼ ਨਾ ਮਾਰਦੇ, ਨਾ ਕਿਸੇ ਨੂੰ ਕੌੜਾ ਜਾਂ ਫਿੱਕਾ ਬਚਨ ਬੋਲਦੇ।

ਬਾਬਾ ਜੀ ਨੇ ਜਦ ਦੇਖਿਆ ਕਿ ਇਸ ਵਾਰੀ ਬਰਤਨਾਂ ਦੇ ਮਾਂਜਣ ਵਾਸਤੇ ਰੇਤਾ ਇਕੱਠਾ ਨਹੀਂ ਹੋਇਆ ਤਾਂ ਬਾਬਾ ਜੀ ਆਪ ਹੀ ਗੋਦਾਵਰੀ ਨਦੀ ਵਿਚ ਉਤਰ ਕੇ ਇਕੱਲੇ ਹੀ ਰੇਤੇ ਦੀ ਪੰਡ ਬੰਨ੍ਹ ਰਹੇ ਸਨ। ਦੋ ਸਿੰਘ ਇਹ ਵੇਖਕੇ ਭੱਜ ਕੇ ਗਏ ਕਿ ਐਡੀ ਵੱਡੀ ਪੰਡ ਜੋ ਬਾਬਾ ਜੀ ਬੰਨ੍ਹ ਰਹੇ ਹਨ, ਇਹ ਤਾਂ ਚਾਰ ਸਿੰਘ ਭੀ ਮੁਸ਼ਕਲ ਨਾਲ ਹੀ ਚੁੱਕ ਸਕਣਗੇ। ਇਹ ਪੰਡ ਬਾਬਾ ਜੀ ਤੋਂ ਨਹੀਂ ਚੁੱਕੀ ਜਾਣੀ, ਚੱਲੋ ਅਸੀਂ ਜਾ ਕੇ ਚੁੱਕ ਲਿਆਈਏ।

ਅਜੇ ਇਹ ਸਿੰਘ ਪੁੱਜੇ ਭੀ ਨਹੀਂ ਸਨ ਕਿ ਬਾਬਾ ਜੀ ਨੇ ਸਹਿਜੇ ਹੀ ਰੇਤੇ ਦੀ ਪੰਡ ਮੋਢੇ (ਸਿਰ ਤੇ ਭਾਰਾ ਸੀ, ਇਸ ਕਰ ਕੇ ਸਿਰ ਤੇ ਨਹੀਂ ਚੁੱਕੀ) ਤੇ ਧਰ ਲਈ। ਹੁਣ ਉਹਨਾਂ ਸਿੰਘਾਂ ਨੇ ਸੋਚਿਆ ਕਿ ਬਾਬਾ ਜੀ ਲਈ ਨਦੀ ਦੀ ਘਾਟੀ ਚੜ੍ਹਨਾ ਮੁਸ਼ਕਲ ਹੈ, ਕਿਉਂਕਿ ਆਪ ਜੀ ਦਾ ਸਰੀਰ ਭੀ ਬਿਰਧ ਹੈ ਤੇ ਪੰਡ ਭੀ ਭਾਰੀ ਹੈ। ਉਹ ਭੱਜ ਕੇ ਅੱਗੇ ਹੋ ਕੇ ਕਹਿਣ ਲੱਗੇ, ਬਾਬਾ ਜੀ ਇਹ ਪੰਡ ਭਾਰੀ ਹੈ, ਲਿਆਓ, ਜੀ ਸਾਨੂੰ ਚੁੱਕਾ ਦਿਓ, ਅਸੀਂ ਲੈ ਜਾਂਦੇ ਹਾਂ।

ਬਾਬਾ ਜੀ– ਗੁਰਮੁਖੋ! ਤੁਸੀਂ ਹੋਰ ਪਾ ਕੇ ਲੈ ਆਵੋ, ਅਜੇ ਬਹੁਤ ਰੇਤੇ ਦੀ ਲੋੜ ਹੈ। ਭਲਾ ਸੇਵਾ ਕਰਨ ਤੋਂ ਕੌਣ ਰੋਕਦਾ ਹੈ, ਇਥੇ ਤਾਂ ਕੋਈ ਭੀ ਸੇਵਾ ਕਰ ਸਕਦਾ ਹੈ। ਜਿਸ ਦਾ ਜੀਅ ਚਾਹੇ, ਸੇਵਾ ਕਰੇ। ਅਸੀਂ ਭੀ ਤਾਂ ਸੇਵਾਦਾਰ ਹਾਂ, ਸਾਡਾ ਭੀ ਹੱਕ ਬਣਦਾ ਹੈ ਕਿ ਸੇਵਾ ਕਰੀਏ। ਸਾਨੂੰ ਭੀ ਸੇਵਾ ਕਰ ਲੈਣ

ਦਿਓ। ਸਾਥੋਂ ਕਿਉਂ ਸੇਵਾ ਖੋਹਦੇ ਹੋ ? ਤੁਸੀਂ ਹੋਰ ਰੇਤੇ ਦੀ ਸੇਵਾ ਕਰ ਲਵੋ। ਜਿਤਨਾ ਬਲ ਪੈਂਦਾ ਹੈ,
ਤੁਸੀਂ ਭੀ ਸੇਵਾ ਕਰ ਲਵੋ। ਕੋਈ ਰੋਕਦਾ ਥੋੜਾ ਹੈ।

ਦੋਵੇਂ ਸਿੰਘ– ਬਾਬਾ ਜੀ ਦਾ ਇਹ ਬਚਨ ਸੁਣ ਕੇ ਨਿਰਉੱਤਰ ਜੇਹੇ ਹੋ ਗਏ ਅਤੇ ਨਦੀ ਵਲ ਨੂੰ
ਸਨ ਰੇਤਾ ਪਾ ਕੇ ਚੁੱਕ ਕੇ ਲੈ ਆਏ। ਇਹਨਾਂ ਨੂੰ
ਚਲੇ ਗਏ। ਜਿਤਨਾ ਜਿਤਨਾ ਉਹ ਰੇਤਾ ਚੁੱਕ ਸਕਦੇ ਕਰਨ ਲੱਗ ਪਏ। ਪਰ ਬਾਬਾ ਜੀ ਫਿਰ ਵੀ ਉਸੇ ਤਰ੍ਹਾਂ
ਵੇਖ ਕੇ ਹੋਰ ਸਿੰਘ ਭੀ ਰੇਤਾ ਲਿਆਉਣ ਦੀ ਸੇਵਾ ਰਹੇ, ਜਦ ਤਕ ਲੋੜ ਅਨੁਸਾਰ ਰੇਤਾ ਪੂਰਾ ਨਹੀਂ
ਰੇਤਾ ਲਿਆਉਣ ਦੀ ਸੇਵਾ ਉਦੋਂ ਤਕ ਕਰਦੇ
ਢੋਅ ਲਿਆ ਗਿਆ।

ਇਸੇ ਤਰਾਂ ਜੇ ਬਾਬਾ ਜੀ ਝਾੜੂ ਫੇਰਨ ਲੱਗ ਪੈਂਦੇ, ਤਾਂ ਮੇਰੇ ਜਿਹੇ ਕਈ ਚਾਪਲੂਸ ਭੱਜ ਕੇ, ਜੋ
ਕਹਿੰਦੇ–ਬਾਬਾ ਜੀ ! ਲਿਆਓ ਝਾੜੂ ਸਾਨੂੰ ਦਿਓ, ਅਸੀਂ ਫੇਰਦੇ ਹਾਂ। ਬਾਬਾ ਜੀ ਕਹਿ ਦੇਂਦੇ–ਭਾਈ, ਜੇ
ਸੇਵਾ ਕਰਨ ਨੂੰ ਜੀਅ ਕਰਦਾ ਹੈ ਤਾਂ ਹੋਰ ਝਾੜੂ ਲੈ ਕੇ ਕਰੋ। ਪਰ ਸਾਨੂੰ ਸੇਵਾ ਤੋਂ ਵੰਚਿਤ ਕਿਉਂ ਕਰਦੇ
ਹੋ ? ਅਸੀਂ ਭੀ ਆਪ ਵਾਂਗ ਹੀ ਸੇਵਾਦਾਰ ਹਾਂ। ਮਾਤਾ ਜੀ ਦੇ ਅਸਥਾਨ ਦੀ ਸੇਵਾ ਕਰਨ ਦਾ ਜਿਥੇ
ਆਪ ਦਾ ਹੱਕ ਹੈ, ਉਥੇ ਸਾਡਾ ਭੀ ਹੱਕ ਬਣਦਾ ਹੈ। ਇਸ ਲਈ ਸੇਵਾਦਾਰ ਨੂੰ ਤਾਂ ਸੇਵਾ ਕਰਨੀ ਹੀ
ਬਣਦੀ ਹੈ।

ਇਸ ਤਰਾਂ ਜਦ ਵੇਖਣਾ ਕਿ ਲੰਗਰ ਦੇ ਬਰਤਨ ਮਾਂਜਣ ਵਾਲੇ ਪਏ ਹਨ, ਤੇ ਕੋਈ ਸਿੰਘ ਸੇਵਾ
ਕਰਨ ਲਈ ਨਹੀਂ ਆਇਆ, ਤਾਂ ਬਾਬਾ ਜੀ ਨੇ ਆਪ ਹੀ ਕਿਸੇ ਨੂੰ ਆਵਾਜ਼ ਮਾਰ ਕੇ ਕਹਿਣ ਦੀ ਬਜਾਏ
ਕਮਰਕੱਸਾ ਕਰ ਕੇ ਆਪ ਬਰਤਨ ਮਾਂਜਣ ਲੱਗ ਜਾਂਦੇ। ਇਸੇ ਤਰ੍ਹਾਂ ਕਈ ਵਾਰੀ ਇਕੱਲੇ ਹੀ ਬਰਤਨਾਂ ਨੂੰ
ਮਾਂਜਦਿਆਂ ਅੱਧੀ ਰਾਤ ਤੋਂ ਭੀ ਉਪਰ ਸਮਾਂ ਹੋ ਜਾਂਦਾ। ਤੇ ਕਈ ਵਾਰੀ ਸਾਰੀ ਰਾਤ ਹੀ ਇਸੇ ਤਰ੍ਹਾਂ ਸੇਵਾ
ਕਰਦਿਆਂ ਲੰਘ ਜਾਂਦੀ, ਅਤੇ ਠੀਕ ਸਮੇਂ ਸਮੇਂ ਸਿਰ ਬਾਬਾ ਜੀ ਆਪਣੀ ਕ੍ਰਿਆ ਸੋਧਣ ਨਦੀ ਤੇ ਚਲੇ
ਜਾਂਦੇ। ਦਿਨੇ ਭੀ ਕਦੀ ਆਪ ਨੂੰ ਆਸਣ ਤੇ ਬਿਰਾਜੇ (ਆਰਾਮ ਕਰਦੇ] ਨਹੀਂ ਵੇਖਿਆ ਸੀ।

ਬਾਬਾ ਜੀ ਨਾ ਹੀ ਕਿਸੇ ਨੂੰ ਕੁਝ ਕਹਿੰਦੇ ਸਨ ਅਤੇ ਨਾ ਹੀ ਗੁੱਸੇ ਹੁੰਦੇ ਸਨ। ਜਿਥੇ ਜਿਹੜੀ ਸੇਵਾ
ਵੇਖਦੇ ਸਨ, ਬਿਨਾਂ ਕਿਸੇ ਸੰਕੋਚ, ਬਿਨਾਂ ਗਿਲਾ ਕੀਤੇ ਜਾਂ ਕਹੇ (ਕਿ ਇਹ ਤਾਂ ਤੁਹਾਡੀ ਡੀਊਟੀ ਸੀ, ਕਿਉਂ
ਨਹੀਂ ਪੂਰੀ ਕੀਤੀ ?) ਆਪ ਹੀ ਲੱਗ ਜਾਂਦੇ ! ਚਾਹੇ ਲੰਗਰ ਪਕਾਉਣਾ ਹੋਵੇ ਜਾਂ ਵਰਤਾਉਣਾ, ਚਾਹੇ
ਸੰਗਤਾਂ ਲਈ ਦਰੀਆਂ ਵਿਛਾਉਣੀਆਂ ਹੋਵਣ ਜਾਂ ਜਲ - ਪਾਣੀ ਤਿਆਰ ਕਰਨਾ, ਚਾਹੇ ਖੂਹ ਵਿਚੋਂ ਜਲ
ਕੱਢਣਾ ਹੋਵੇ ਜਾਂ ਗਊਆਂ ਦੀ ਧਾਰ ਕੱਢਣੀ, ਝਾੜੂ ਫੇਰਨਾ ਹੋਵੇ ਜਾਂ ਖੇਤੀ ਬਾੜੀ ਸਮੇਂ ਫਸਲਾਂ ਦੀ ਕਟਾਈ
ਕਰਨੀ, ਚਾਹੇ ਪਸ਼ੂਆਂ ਦੀ ਦੇਖ ਭਾਲ ਹੋਵੇ ਜਾਂ ਉਹਨਾਂ ਨੂੰ ਦਾਣਾ ਪੱਠਾ ਚਾਰਾ ਆਦਿ ਪਾਉਣਾ। ਭਾਵ ਕਿ
ਬਾਬਾ ਜੀ ਇਤਨੇ ਉੱਦਮੀ ਤੇ ਦੂਰ ਅੰਦੇਸ਼ ਸਨ, ਕਿ ਹਰ ਪਾਸੇ ਦੀ ਸੇਵਾ ਵਿਚ ਢਿਲਿਆਈ ਨਹੀਂ ਹੋਣ
ਦਿੰਦੇ ਸਨ। ਭਾਵ ਕੋਈ ਭੀ ਸੇਵਾ ਕਿਸੇ ਸਮੇਂ ਭੀ ਅਧੂਰੀ ਨਹੀਂ ਰਹਿਣ ਦੇਂਦੇ ਸਨ। ਸਵੇਰੇ ਤੇ ਸ਼ਾਮ
ਦਾ ਨਿੱਤਨੇਮ, ਲੰਗਰ ਦਾ ਸਮੇਂ ਸਿਰ ਪਕਾਉਣਾ ਤੇ ਛਕਾਉਣਾ। ਭਾਵੇਂ ਖੇਤੀ ਬਾੜੀ ਦੀ ਜ਼ਿਮੇਵਾਰੀ
ਬਾਬਾ ਧਰਮ ਸਿੰਘ ਜੀ ਦੀ ਸੀ, ਪਰ ਬਾਬਾ ਜੀ ਖੇਤੀ ਬਾੜੀ ਦੀ ਸੰਭਾਲ ਵਿਚ ਭੀ ਤਤਪਰ ਤੇ ਯਤਨ-

ਸ਼ੀਲ ਰਹਿੰਦੇ ਸਨ। ਆਪ ਭੀ ਦਾਤ੍ਰੀ ਫੜ ਕੇ ਜਵਾਰੀ ਵਢਣ ਖੇਤਾਂ ਵਿਚ ਚਲੇ ਜਾਂਦੇ ਤੇ ਫਸਲ ਵੱਢਦੇ,
ਹਲ ਚਲਾਉਂਦੇ ਤੇ ਬੀਜ ਬੀਜਦੇ।

ਮਾਤਾ ਜੀ ਦੇ ਅਸਥਾਨ ਤੇ ਹਰ ਰੋਜ਼ ਦੀ ਕਿਸੇ ਪ੍ਰਕਾਰ ਦੀ ਸੇਵਾ ਜੋ ਅਧੂਰੀ ਦਿਸਦੀ, ਕਿਸੇ ਸਿੰਘ
ਨੂੰ ਕਹਿਣ ਦੀ ਬਜਾਇ ਆਪ ਕਰ ਕੇ ਹੀ ਦਮ ਲੈਂਦੇ।

ਸਤਿਗੁਰਾਂ ਦੀ ਸੇਵਾ - ਪੂਜਾ ਕੜਾਹ ਪ੍ਰਸਾਦਿ ਦੀ ਦੇਗ, ਆਸਾ ਦੀ ਵਾਰ ਦਾ ਕੀਰਤਨ ਸੂਰਜ ਦੀ
ਟਿੱਕੀ ਨਿਕਲਣ ਤੋਂ ਪਹਿਲਾਂ ਕੜਾਹ ਪ੍ਰਸ਼ਾਦਿ ਦਾ ਭੋਗ, ਸ਼ਾਮ ਦਾ ਕੀਰਤਨ ਤੇ ਰਹਰਾਸਿ ਦਾ ਸੰਪੂਰਨ
ਪਾਠ, ਖਲੋ ਕੇ ਆਰਤੀ - ਆਰਤਾ, ਪਰਕਰਮਾਂ (ਚੌਂਕੀ) ਜਿਸ ਵਿਚ ਬਾਬਾ ਜੀ ਕਦੀ ਭੀ ਨਾਗਾ ਨਾ ਕਰਦੇ,
ਬਿਨਾਂ ਨਾਗਾ ਸਵੇਰੇ ਸ਼ਾਮ ਹਾਜ਼ਰੀ ਭਰਦੇ ਅਤੇ ਸਾਰੀ ਰੋਜ਼ਾਨਾ ਦੀ ਸੇਵਾ ਨਿਯਮ - ਬੱਧ ਸੁੱਤੇ ਸਿੱਧ ਹੀ
ਬਾਬਾ ਜੀ ਦੇ ਉੱਦਮ ਤੇ ਹਰ ਪਾਸੇ ਤੱਤਪਰ ਹੋਣ ਕਾਰਨ ਹੁੰਦੀ ਸੀ। ਬਾਬਾ ਜੀ ਦੀ ਨਿਯਮ - ਬੱਧਤਾ ਦਾ
ਪ੍ਰਭਾਵ ਹਮਾਤੜ ਤੇ ਆਲਸੀਆਂ ਉਤੇ ਅਜਿਹਾ ਪੈਂਦਾ ਕਿ ਉਹ ਭੀ ਉਦਮ ਕਰ ਕੇ ਸੇਵਾ ਵਿਚ ਹੱਥ ਵਟੌਣ
ਲੱਗ ਪੈਂਦੇ।

ਇਉਂ ਆਗੂ, ਮੁਖੀ ਦੀ ਰਹਿਣੀ ਬਹਿਣੀ ਦਾ ਪ੍ਰਭਾਵ ਹਰ ਇਕ ਤੇ ਪੈਣਾ ਅਵੱਸ਼ਜਕ ਹੋ ਹੀ ਜਾਂਦਾ
ਹੈ ਅਤੇ ਅਸਥਾਨ ਤੇ ਰਹਿਣ ਵਾਲੇ ਸਿੰਘਾਂ ਵਿਚ ਭੀ ਸੇਵਾ ਕਰਨ ਦਾ ਉਤਸ਼ਾਹ ਜਾਗਰਤ ਹੋ ਆਉਂਦਾ ਹੈ,
ਇਹ ਹੈ ਟਕਸਾਲ, ਜਿਸ ਤੋਂ ਪ੍ਰੇਮ ਦਾ ਪਾਂਧੀ ਸੇਵਾ ਦੇ ਮਾਰਗ ਦੀ ਸੰਥਾ ਲੈ ਕੇ, ਜੀਵਨ ਦੇ ਮੂਲ ਸਿਧਾਂਤ
ਦੀ ਪ੍ਰਾਪਤੀ ਸੇਵਾ ਤੋਂ ਸਿਮਰਨ ਪ੍ਰਾਪਤ ਕਰ ਕੇ ਜੋਤੀ ਜੋਤਿ ਰਲ ਕੇ ਜੀਵਨ ਮੁਕਤਿ ਪ੍ਰਾਪਤ ਕਰ ਲੈਂਦਾ ਹੈ।
ਤਾਂ ਹੀ ਤੇ ਸਤਿਗੁਰਾਂ ਫੁਰਮਾਇਆ ਹੈ–

ਮੇਰੇ ਮਾਧੋ ਜੀ ਸਤਸੰਗਤਿ ਮਿਲੈ ਸੋ ਤਰਿਆ ॥ [ਗੂਜਰੀ ਮ: ੪

ਆਗੂ (ਅਸਥਾਨ ਦੇ ਪਹਿਰੇਦਾਰ) ਨੂੰ ਹਰ ਵੇਲੇ ਸੇਵਾ ਵਿਚ ਲਗੇ ਰਹਿਣਾ ਵੇਖ ਕੇ ਉਹੋ ਕਰਮ ਕਰਨ ਲਈ
ਜੋ ਭੁੱਲਾ, ਬੇਸਮਝ ਜੀਵ ਦੀ ਸਹੀ ਮਾਰਗ ਦੀ ਪਹਿਚਾਣ ਕਰ ਲੈਂਦਾ ਹੈ।

ਅਜਿਹੀ ਚੱਟਸਾਲ, ਧਰਮਸਾਲ ਚੋਂ ਧਰਮ ਦੀ ਕ੍ਰਿਤ - ਕਰਮ† ਦਾ ਮਹਾਂ ਪੁਰਸ਼ਾਂ ਦੀ ਅਜਿਹੀ

† ਮਹਾਂ ਪੁਰਸ਼ਾਂ ਦੀ ਕ੍ਰਿਆ– ਮਹਾਂ ਪੁਰਸ਼ ਬਾਬਾ ਮਿੱਤ ਸਿੰਘ ਜੀ ਤੋਂ ਇਸ ਕ੍ਰਿਆ ਬਾਰੇ ਪੁੱਛਣ ਤੇ
ਉਹਨਾਂ ਇਉਂ ਫੁਰਮਾਇਆ ਸੀ–

ਲਿਖਾਰੀ ਸਿੰਘ, ਬੇਸ਼ਕ ਕਿਸੇ ਜੀਵ ਨੂੰ ਬ੍ਰਹਮ ਗਿਆਨਤਾ ਹੋ ਭੀ ਜਾਵੇ, ਪਰ ਜੇ ਉਹ ਡੇਰੇ ਅਸਥਾਨ
ਦਾ ਸੇਵਾਦਰ, ਮਹੰਤ ਜਾਂ ਜਥੇਦਾਰ ਹੈ ਤਾਂ ਇਹ ਹੋਰ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਮੁੱਢਲੀ ਕ੍ਰਿਆ ਪੰਜਾਂ
ਪਿਆਰਿਆਂ ਤੋਂ ਮਿਲੀ ਸੰਥਾ (ਸਿਖਿਆ) ਅੰਮ੍ਰਿਤ ਵੇਲੇ ਦਾ ਉਠਣਾ, ਨਿੱਤਨੇਮ ਕਰਨਾ, ਸੇਵਾ ਕਰਨੀ।
ਕਿਉਂਕਿ ਜੇਕਰ ਆਗੂ ਅਜਿਹਾ ਕਰਮ ਨਹੀਂ ਕਰੇਗਾ ਤਾਂ ਦੂਜਿਆਂ ਨੂੰ ਭੀ ਉਹ ਆਲਸੀ ਤੇ ਗੁਰਮਤਿ ਤੋਂ
ਵਿਵਰਜਿਤ ਕਰ ਦੇਣ ਦਾ ਦੋਸ਼ੀ ਬਣੇਗਾ। ਕਿਉਂਕਿ ਆਮ ਜਨਤਾ ਤਾਂ ਨਕਲ ਕਰਦੀ ਹੈ ਤੇ ਖਾਸ ਕਰ ਕੇ
ਧਾਰਮਿਕ ਅਸਥਾਨ ਦੇ ਮੁੱਖੀ ਨੂੰ ਵੇਖ ਕੇ ਉਹੋ ਰਸਤਾ ਧਾਰਨ ਕਰਦੇ ਹਨ। ਜੇ ਅਸੀਂ ਨਾ ਕਰੀਏ ਤਾਂ
ਇਹ ਸਿੰਘ ਭੀ ਨਿੱਤ ਕਿਰਿਆ ਛੱਡ ਕੇ ਬਹਿ ਜਾਵਣਗੇ। ਇਸ ਤਰਾਂ ਸਤਿਗੁਰਾਂ ਦੇ ਫੁਰਮਾਨ–

ਅੰਮ੍ਰਿਤ ਵੇਲਾ ਸਚ ਨਾਉ ਵਡਿਆਈ ਵੀਚਾਰ ॥ [ਜਪੁਜੀ ਸਾਹਿਬ

ਨਿੱਤ ਦੀ ਕਾਰ [ਸੇਵਾ] ਦਾ ਹਰ ਪ੍ਰਾਣੀ ਤੇ ਅਜਿਹਾ ਪ੍ਰਭਾਵ ਉਲੀਕਿਆ ਜਾਂਦਾ ਹੈ, ਜੋ ਉਸ ਦੇ ਜੀਵਨ ਦਾ ਸਦਾ ਸਹਾਰਾ ਤੇ ਅਨਿੱਖੜਵਾਂ ਅੰਗ ਬਣ ਜਾਂਦਾ ਹੈ। ਨਿੱਤ ਦੀ ਗੁਰਮਤਿ ਦੀ ਕਾਰ ਦ੍ਰਿੜ ਹੋ ਜਾਂਦੀ ਹੈ। ਸਦਾ ਸਹਾਰਾ ਤੇ ਅਨਿੱਖੜਵਾਂ ਅੰਗ ਬਣ ਜਾਂਦਾ ਹੈ ਤੇ 'ਸਰ ਸਭਾ ਦੀਵਾਨ' ਕਿਧਰੇ ਭੀ ਹੋਵੇ, ਉਹ ਜਿਥੇ ਵੀ ਜਾਵੇ, ਉਸ ਦਾ ਸਹਾਰਾ ਬਣ ਜਾਂਦਾ ਹੈ ਤੇ ਹਉਂ ਰਹਿਤ ਕਰਮ ਕਰਦਾ–
ਵਿਜੈ ਪ੍ਰਾਪਤ ਕਰ ਕੇ ਹਉਂ ਰਹਿਤ ਕਰਮ ਕਰਦਾ–

ਸਦਾ ਅਨੰਦ ਰਹੈ ਦਿਨ ਰਾਤੀ, ਪੂਰੇ ਗੁਰ ਕੈ ਸਬਦਿ ਕਮਾਇ ॥ ੧ ॥

[ਸੂਹੀ ਮ: ੪, ਪੰਨਾ ੭੩੨

ਸਦਾ ਅਨੰਦ, ਸ਼ਾਂਤੀ, ਸਹਿਜ ਪਦ ਵਿਚ ਵਿਚਰਦਾ ਹੈ।

ਸਦਾ ਅਨੰਦ, ਸ਼ਾਂਤੀ, ਸਹਿਜ ਪਦ ਨਹੀਂ ਕਰ ਸਕਾਂਗੇ। ਜਿਸ ਤੇ ਸਤਿਗੁਰੂ ਜੀ ਤੋਂ ਦੂਰ ਹੋ ਜਾਵਾਂਗੇ। ਫਿਰ ਅਸੀਂ

☞ਨੂੰ ਆਪਣੇ ਅੰਦਰ ਧਾਰਨ ਨਹੀਂ ਕਰ ਸਕਾਂਗੇ। ਜਿਸ ਤੇ ਸਤਿਗੁਰੂ ਜੀ ਤੋਂ ਦੂਰ ਹੋ ਜਾਵਾਂਗੇ। ਫਿਰ ਅਸੀਂ ਗੁਰਮਤਿ ਨੂੰ ਧਾਰਨ ਕਰਨ ਦੀ ਬਜਾਇ ਮਨਮਤਿ ਦੇ ਸ਼ਿਕਾਰ ਹੋ ਕੇ ਸੇਵਾ - ਸਿਮਰਨ ਤੋਂ ਵਂਚਿਤ ਹੋ ਜਾਵਾਂਗੇ। ਤਾਂਤੇ ਡੇਰੇਦਾਰ ਨੂੰ ਹਰ ਉਹ ਕ੍ਰਿਆ ਕਰਨੀ ਲੋੜੀਏ, ਜੋ ਗੁਰਬਾਣੀ ਦਾ ਫੁਰਮਾਨ ਹੈ।

ਸੰਤ ਬਾਬਾ ਆਤਮਾ ਸਿੰਘ ਜੀ ਦੀ ਜ਼ਬਾਨੀ

ਮਹਾਂਪੁਰਸ਼ ਸੰਤ ਬਾਬਾ ਆਤਸਾ ਸਿੰਘ ਜੀ (ਉਰਫ ਜੋਗਿੰਦਰ ਸਿੰਘ) ਨਿਹੰਗ-ਸਿੰਘ ਪਿੰਡ ਸਮਾਲਖਾ ਲਾਡਵੇ ਤੋਂ ਦੋ ਕਿਲੋਮੀਟਰ ਤੇ ਡੇਰੇ ਤੇ ਰਹਿੰਦੇ ਸਨ। ਉਹ ਜਦੋਂ ਤਕ ਨਿੱਤਨੇਮ ਨਹੀਂ ਕਰ ਲੈਂਦੇ ਸਨ, ਕਿਸੇ ਨਾਲ ਬਚਨ ਬਿਲਾਸ ਤੱਕ ਨਹੀਂ ਸਨ ਕਰਦੇ। ਇਕ ਵਾਰੀ ਦਾਸ ਨੇ ਉਹਨਾਂ ਦੀ ਬ੍ਰਹਮ ਸੂਝ ਬੂਝ ਨੂੰ ਜਾਣਦਿਆਂ ਪੁੱਛਿਆ–ਬਾਬਾ ਜੀ ਜਦ ਆਪ ਰੋਮ ਰੋਮ ਸਿਮਰਨ ਦੀ ਅਵਸਥਾ ਤਕ ਪੁਜੇ ਹੋਏ ਹੋ, ਤਾਂ ਫਿਰ ਪਹਿਲੀ ਜਮਾਤ ਦੀ ਕ੍ਰਿਆ (ਪਾਠ ਪੜ੍ਹਨਾ, ਨਿਤਨੇਮ ਕਰਨਾ) ਜ਼ਰੂਰੀ ਹੁੰਦਾ ਏ ? ਜਦ ਕਿ ਬਾਣੀ ਦਾ ਫੁਰਮਾਨ ਹੈ–

ਅਤੇ ਸਤਿਗੁਰੂ ਜੀ ਦੇ ਹਜ਼ੂਰ ਨਮਸ਼ਕਾਰ ਨਹੀਂ ਕਰ ਲੈਂਦੇ

ਗਿਆਨੇ ਕਾਰਨ ਕਰਮ ਅਭਿਆਸ ॥ ਗਿਆਨ ਭਇਆ ਤਉ ਕਰਮੈ ਨਾਸੁ ॥

ਜਦ ਗਿਆਨ ਦੀ ਪ੍ਰਾਪਤੀ ਇਹ ਸਾਧਨਾ ਕਰਨ ਕਰ ਕੇ ਹੋ ਜਾਂਦੀ ਹੈ, ਅਤੇ ਜਦੋਂ ਗਿਆਨ (ਪ੍ਰਕਾਸ਼) ਹੋ ਗਿਆ, ਫਿਰ ਇਹਨਾਂ ਕਰਮਾਂ ਦਾ ਕਰਨਾ ਜ਼ਰੂਰੀ ਹੈ।

ਬਾਬਾ ਜੀ ਹੱਸ ਪਏ ਅਤੇ ਕਹਿਣ ਲਗੇ–ਗਿਆਨੀ ਸਿੰਘਾ ! ਤੁਹਾਡਾ ਬਚਨ ਠੀਕ ਹੈ। ਪਰ ਅੰਮ੍ਰਿਤਧਾਰੀ ਸਿੰਘ ਨੂੰ ਭਾਵੇਂ ਬ੍ਰਹਮ ਦਾ ਗਿਆਨ ਭੀ ਹੋ ਜਾਵੇ, ਤਾਂ ਭੀ ਪੰਜ - ਭੂਤਕ ਸਰੀਰ ਲਈ ਸਤਿਗੁਰੂ ਜੀ ਦਾ ਹੁਕਮ ਸਵੇਰੇ ਪੰਜ ਬਾਣੀਆਂ ਪੜ੍ਹਨਾ, ਸ਼ਾਮ ਨੂੰ ਰਹਿਰਾਸ, ਆਰਤੀ, ਰਾਤ ਕੀਰਤਨ ਸੋਹਿਲਾ ਪੜ੍ਹਨਾ ਜ਼ਰੂਰੀ ਹੈ। ਇਹ ਹੁਕਮ ਹੈ, ਹੁਕਮ ਨੂੰ ਮੰਨਣਾ ਹਰ ਪ੍ਰਾਣੀ ਦਾ ਪਰਮ ਧਰਮ ਹੈ। ਜੇਕਰ ਇਹ ਹੁਕਮ ਨਹੀਂ ਮੰਨਾਂਗੇ ਤਾਂ ਸਾਡਾ ਸਤਿਗੁਰੂ ਜੀ ਨਾਲੋਂ ਸਬੰਧ ਟੁੱਟੇਗਾ। ਜੇ ਸਬੰਧ ਟੁੱਟੇਗਾ ਤਾਂ ਕ੍ਰਿਤ ਕੀਤੀ ਜੱਪ, ਤੱਪ, ਸੇਵਾ ਆਦਿ ਥਾਂਏਂ ਨਹੀਂ ਪਵੇਗੀ। ਤਾਂਤੇ 'ਹੁਕਮ ਮੰਨ ਹੋਵੈ ਪ੍ਰਵਾਨ'।

ਸਿਮਰਨ ਕਰਨ ਦੇ ਸਮੇਂ (ਅੰਮ੍ਰਿਤ ਵੇਲੇ) ਸਿਮਰਨ ਕਰੋ। ਜੇ ਬਖਸ਼ਸ਼ ਹੋ ਜਾਵੇ 'ਗੁਰਮੁਖ ਰੋਮ ਰੋਮ ਹਰਿ ਧਿਆਵੈ' ਦੀ ਤਾਂ ਉਹ ਰੌ ਸੁਤੇ ਸਿਧ ਆਪਣੇ ਆਪ ਚਲਦੀ ਰਹਿੰਦੀ ਹੈ। ਜਿਵੇਂ ਮਨ ਦੌੜਦਾ ਹੋਇਆ ਹੈ, ਅਸੀਂ ਗੱਲਾਂ ਭੀ ਕਰੀ ਜਾਂਦੇ ਹਾਂ, ਪਾਠ ਭੀ ਪੜ੍ਹੀ ਜਾਂਦੇ ਹਾਂ ਤੇ ਹੱਥਾਂ ਪੈਰਾਂ, ਨੇਤਰਾਂ, ਕੰਨਾਂ☞

ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਹਜ਼ੂਰ ਨਿਤਨੇਮ ਕਰਨਾ ਕਿਉਂ ਜ਼ਰੂਰੀ ਹੈ ?

ਭਵਿੱਖਤ ਬਾਣੀ–ਕਈ ਇਸ ਭਵਿੱਖਤ ਕਥਾ ਨੂੰ ਸ਼ਾਇਦ ਮਨ-ਘੜਤ ਹੀ ਸਮਝਣ, ਪਰ ਇਹ ਵਾਰਤਾ ਦਾਸ ਦੇ ਅੱਖੀਂ ਡਿੱਠੀ ਅਤੇ ਵਰਤੀ ਸੀ। ਕਿਉਂਕਿ ਅੱਜ ਕੱਲ ਅਸੀਂ ਜੋ ਚਿਤ ਆਵੇ, ਆਪਣੀ ਵਿਚਾਰ ਮੁਤਾਬਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਵੱਖ ਵੱਖ ਮਰਯਾਦਾ ਨਾਲ ਸਵੇਰੇ ਸ਼ਾਮ ਦਾ ਨਿਤਨੇਮ ਕਰ ਰਹੇ ਹਾਂ, ਪਰ ਇਹ ਘਟਨਾ ਸਮੁੱਚੇ ਗੁਰਸਿੱਖਾਂ ਲਈ ਖਾਸ ਸੂਚਕ ਤੇ ਅਮਲੀ ਕਰਮ ਕਰਨ ਨੂੰ ਦਰਸਾਉਣ ਲਈ ਅੰਕਿਤ ਕਰਨੀ ਅਤੀ ਗੁਣਕਾਰੀ ਅਤੇ ਸਤਿਗੁਰੂ ਜੀ ਵਲੋਂ ਭਵਿੱਖ - ਬਾਣੀ ਰਾਹੀਂ ਦਰਸਾਈ ਸਾਡੇ ਜੀਵਨ ਦੀ ਵੱਡਮੁੱਲੀ 'ਅਮੋਲਕ ਦਾਤ' ਹੋਵੇਗੀ। ਜਿਸਨੂੰ ਮੰਨ ਕੇ ਅਮਲ ਕਰਨ ਨਾਲ ਗੁਰੂ ਕੀਆਂ ਖੁਸ਼ੀਆਂ ਅਤੇ ਸ਼ਬਦ - ਸ਼ਕਤਿ ਦੀ ਪ੍ਰਾਪਤੀ ਅਤੇ ਠੀਕ ਮਰਯਾਦਾ ਦੀ ਸਹੀ ਜਾਣਕਾਰੀ ਪ੍ਰਾਪਤ ਕਰ ਕੇ ਵਧੇਰੇ ਲਾਭ ਪ੍ਰਾਪਤ ਕਰ ਸਕਾਂਗੇ।

☞ਰਸਨਾਂ ਦੇ ਕਰਮ ਭੀ ਕਰੀ ਜਾਂਦੇ ਹਨ। ਸੋ ਇਸ ਤਰਾਂ ਵੱਖ ਵੱਖ ਇੰਦ੍ਰਿਆਂ ਦੇ ਵੱਖ ਵੱਖ ਕਰਮ ਹਨ। ਸਿਮਰਨ ਪੰਜ ਗਿਆਨ ਇੰਦਰਿਆਂ ਦਾ ਕਰਮ ਨਹੀਂ ? ਉਹ ਸੁਰਤ ਸ਼ਬਦ ਦਾ ਚੁਪਕੇ ਆਪਣੇ ਆਪ ਹੀ ਚਲਦੇ ਰਹਿਣਾ ਹੈ ਤੇ ਦਸਮ ਦੁਆਰ ਵਿਚ ਤਾਂ ਅਜਿਹੀ ਹਰਕਤ ਕਰਨ ਦੀ ਲੋੜ ਭੀ ਨਹੀਂ ਹੁੰਦੀ। ਉਥੇ ਆਪਣੇ ਆਪ (ਆਟੋਮੈਟਿਕ) ਸ਼ਬਦ ਦੀ ਰੌ ਚੱਲਦੀ ਰਹਿੰਦੀ ਹੈ। ਪਰ ਜੋ ਕਰਮ ਰਸਨਾ, ਕੰਨਾਂ, ਨੇਤ੍ਰਾਂ ਹੱਥਾਂ ਪੈਰਾਂ ਦੇ ਹਨ, ਇਹਨਾਂ ਨੂੰ ਨਿਕੰਮੇ ਕਰ ਕੇ ਰੱਖਣ ਨਾਲ ਸਾਰੇ ਸਰੀਰ ਦਾ ਨਿਜ਼ਾਮ ਹੀ ਦ੍ਰਹਮ - ਬ੍ਰਹਮ ਹੋ ਕੇ ਵਿਗੜ ਜਾਂਦਾ ਹੈ।

ਰਸਨਾ ਦਾ ਕਰਮ ਬਾਣੀ ਪੜ੍ਹਨਾ ਹੈ, ਕੰਨਾਂ ਦਾ ਕਰਮ ਸੁਨਣਾ ਹੈ, ਤੇ ਨੇਤਰਾਂ ਰਾਹੀਂ ਸਾਧ ਸੰਗਤ ਸਤਿਗੁਰੂ, ਤੇ ਗੁਰਬਾਣੀ ਦੇ ਦਰਸ਼ਨ ਕਰਨਾ ਤੇ ਨੇਤਰਾਂ ਕੰਨਾਂ ਦੁਆਰਾ ਅੰਦਰ ਸਿੰਚਤ ਕਰਨਾ, ਵਜਾਣਾ ਤੇ ਹੱਥਾਂ ਨਾਲ ਸੇਵਾ ਤੇ ਪੈਰਾਂ ਦੁਆਰਾ ਸਾਧ ਸੰਗਤ ਵਿਚ ਚਲ ਕੇ ਜਾਣਾ ਆਪਣੇ੨ ਕਰਮ ਇਨ੍ਹਾਂ ਇੰਦ੍ਰਿਆਂ ਨੂੰ ਕਰਾਣੇ ਹੀ ਬਣਦੇ ਹਨ। ਇਨ੍ਹਾਂ ਕ੍ਰਮ ਇੰਦ੍ਰਿਆਂ ਜਿਨ੍ਹਾਂ ਰਾਹੀਂ ਅੰਦਰ ਨਾਮ ਸਿੰਚਨ ਦੀ ਮੁੱਢਲੀ ਕ੍ਰਿਆ ਕਰਦੇ ਰਹਿਣਾ ਜ਼ਰੂਰੀ ਹੈ, ਅਤੇ ਵਾਹਿਗੁਰੂ ਨੇ ਜੋ ਜੋ ਕਰਮ ਇਹਨਾਂ ਇੰਦਰਿਆਂ (ਅੱਖਾਂ, ਕੰਨ, ਜੀਭ, ਹੱਥਾਂ, ਪੈਰਾਂ ਸਮੁੱਚੇ ਸਰੀਰ ਨੂੰ) ਸੌਂਪੀ ਹੋਈ ਹੈ। ਜੇ ਇਹਨਾਂ ਦੇ ਕਰਨ ਵਾਲੇ ਕੰਮ, ਇਹਨਾਂ ਨੂੰ ਆਪਣੀ ਮਨ - ਮਤਿ, ਚਤੁਰਾਈ, ਸਿਆਣਪ (ਜੋ ਹਉਮੈ ਦਾ ਰੋਗ ਹੈ) ਨਾਲ ਰੋਕ ਦੇਂਦੇ ਹਾਂ ਕਿ (ਸਾਨੂੰ ਤਾਂ ਹੁਣ ਗਿਆਨ ਹੋ ਗਿਆ ਹੈ, ਜਾਂ ਨਾਮ ਮਿਲ ਗਿਆ ਹੈ) ਇਹ ਕਰਮ ਕਾਂਡ ਕਿਸ ਕੰਮ ਛੱਡ ਦਿਓ ? ਇਹਨਾਂ ਇੰਦਰਿਆਂ ਦੇ ਕਰਮ ਛੱਡਣ ਨਾਲ ਜੀਵ ਨੂੰ ਜੋ ਘਾਟਾ ਪੈਣਾ ਹੈ, ਜਿਸ ਨਾਲ ਇਹ ਪ੍ਰਭੂ ਦੇ ਹੁਕਮ ਦੀ 'ਹੁਕਮ - ਅਦੂਲੀ' ਕਰ ਕੇ ਪ੍ਰਭੂ ਤੋਂ ਅਮੁੱਲੀ ਦਾਤ ਪ੍ਰਾਪਤ ਕਰਨ ਤੋਂ ਵੰਚਿਤ ਹੋ ਬੈਠਦਾ ਹੈ।

ਇਸ ਤਰ੍ਹਾਂ ਡੇਰੇਦਾਰ, ਸੰਤ, ਮਹੰਤ ਨੂੰ ਤਾਂ ਹੋਰ ਭੀ ਚੌਕਸੀ ਨਾਲ ਰਹਿਣ ਅਤੇ ਗੁਰਮਤਿ ਦੇ ਨਿਯਮਾਂ ਦੀ ਪਾਲਣਾ ਹਰ ਵਕਤ ਕਰਨ ਲਈ ਤਤਪਰ ਰਹਿਣਾ ਚਾਹੀਦਾ ਹੈ। ਅਤੇ ਸਤਿਗੁਰੂ ਜੀ ਦੇ ਹੁਕਮਾਂ ਦੀ☞

ਭਵਿੱਖ ਬਾਣੀ ਦੀ ਵਾਰਤਾ ਇਉਂ ਹੋਈ

ਸੰਨ ੧੯੮੨ ਈਸਵੀ ਵਿਚ 'ਦਾਸ' ਗੁ: ਸ਼ੇਰਗਾਹ ਪਾਤਸ਼ਾਹੀ ੧੦ ਦੀ ਬਣ ਰਹੀ ਇਮਾਰਤ ਦੀ
ਨਿਗਰਾਨੀ ਕਰਨ ਲਈ ਉਥੇ ਗਿਆ ਹੋਇਆ ਸੀ। ਜੋ ਹਰ ਮਹੀਨੇ ਮਹਾਂਪੁਰਸ਼ ਬਾਬਾ ਆਤਮਾ ਸਿੰਘ ਜੀ
ਸਮਾਲਖੇ ਵਾਲਿਆਂ ਵਲੋਂ ਸੇਵਾ ਲਾਈ ਹੋਈ ਸੀ। ਗੁ: ਸ਼ੇਰ ਗਾਹ ਪਾ: ੧੦ [ਪਿੰਡ ਨਿਹਾਲ ਗੜ੍ਹ] ਜਿਥੇ
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ (ਆਯੂ ੧੮ ਸਾਲ ਦੇ ਸਨ) ਰਾਜੇ ਜੈਦਰਥ ਦਾ ਉਧਾਰ ਕੀਤਾ ਸੀ,
ਜਿਸ ਨੇ ਕੁਰਕਛੇਤ੍ਰ ਦੇ ਜੰਗ ਵਿਚ ਅਰਜਨ ਦੇ ਪੁੱਤਰ 'ਅਭਿਮਨੂੰ' ਨੂੰ 'ਚੱਕਰਵਿਯੂ' ਕਿਲ੍ਹੇ ਜਿਸ ਬਾਰੇ
ਜੈਦਰਥ ਨੂੰ ਜਾਣਕਾਰੀ ਸੀ, ਵਿਚ ਧੋਖੇ ਨਾਲ ਮਾਰਨ ਕਰਕੇ, ਜੋ ਉਸ ਯੁਗ [ਦੁਆਪਰ] ਦੇ ਨਿਯਮ ਨਹੀਂ
ਜੈਦਰਥ ਨੂੰ ਜਾਣਕਾਰੀ ਸੀ, ਵਿਚ ਧੋਖੇ ਨਾਲ ਮਾਰਨ ਕਰਕੇ, ਜੋ ਉਸ ਯੁਗ [ਦੁਆਪਰ] ਦੇ ਨਿਯਮ ਨਹੀਂ
ਸਨ, ਭੰਗ ਕਰਨ ਕਰ ਕੇ ਸ਼ੇਰ ਦੀ ਜੂਨੀ ਪਿਆ ਸੀ।

ਉਸ ਸਮੇਂ ਦੇ ਨਿਯਮ ਸਨ—ਸਾਹਮਣੇ ਹੋ ਕੇ ਲੜਨਾ, ਥੱਕ ਕੇ ਬੈਠ ਜਾਣਾ ਜਾਂ ਕਲ ਤੇ ਗੱਲ ਪਾ
ਦੇਣੀ, ਜੋ ਹਥਿਆਰ ਦੂਜੇ ਪਾਸ ਹਨ ਉਸ ਨਾਲ ਹੀ ਲੜਨਾ, ਜੇ ਵਿਰੋਧੀ ਪਾਸ ਉਹ ਹਥਿਆਰ ਨਹੀਂ
ਤਾਂ ਉਸ ਨਾਲ ਵਾਰ ਨਹੀਂ ਕਰਨਾ, ਭਾਵ ਉਸ ਦੀ ਵਰਤੋਂ ਨਾ ਕਰਨੀ। ਹਥਿਆਰ ਮੁੱਕ ਜਾਂ ਟੁੱਟ-ਭੱਜ
ਜਾਣ ਤੇ ਹੱਥਾਂ ਪੈਰਾਂ ਨਾਲ ਜੁੱਧ ਕਰਨਾ, ਆਪਸ ਵਿਚ ਲੜਦਿਆਂ ਥੱਕ ਜਾਣ ਤੇ ਜੁੱਧ ਬੰਦ ਕਰ ਕੇ, ਫਿਰ
ਇਕੱਠਿਆਂ ਚੌਪੜ ਖੇਡਦੇ ਰਹਿਣਾ।

ਪਰ ਰਾਜੇ ਜੈਦਰਥ ਨੇ ਉਸ ਵਕਤ ਦੀ ਰਾਜ - ਨੀਤੀ ਦੇ ਉਲਟ ਧੋਖੇ ਨਾਲ ਅਭਿਮਨੂੰ ਨੂੰ ਮਾਰਨ

ਪਾਲਣਾ ਕਰਨੀ ਤੇ ਕਰਮ ਕਰਨੇ ਅਤੀ ਜ਼ਰੂਰੀ ਹੁੰਦੇ ਹਨ।

ਡੇਰੇ ਜਾਂ ਧਰਮ ਅਸਥਾਨ ਦੇ ਮੁੱਖੀ ਦੀ ਕ੍ਰਿਆ ਤੋਂ ਹੀ ਜਗਿਆਸੂ (ਸੰਗਤਾਂ) ਜੋ ਅਸਥਾਨ ਦੇ
ਦਰਸ਼ਨ ਕਰਨ ਆਉਂਦੀਆਂ ਹਨ, ਉਹ ਉਸ ਸਾਧੂ ਜਾਂ ਡੇਰੇਦਾਰ ਦੀ ਕ੍ਰਿਆ (ਗੁਰਮਤਿ ਅਨੁਸਾਰ) ਜਦ
ਵੇਖਦੀਆਂ ਹਨ, ਤਾਂ ਉਸ ਦਾ ਪ੍ਰਭਾਵ ਅਵਸ਼ਜਕ ਉਹਨਾਂ ਪ੍ਰੇਮੀਆਂ ਤੇ ਪਵੇਗਾ। ਕਿਉਂਕਿ ਗੁਰ-ਅਸਥਾਨ
ਡੇਰੇ [ਧਰਮਸਾਲ] ਹੁੰਦੇ ਹਨ ਤੇ ਆਮ ਸੰਗਤ ਜਿਵੇਂ ਅਸਥਾਨਾਂ ਤੇ ਸੇਵਾ ਪੂਜਾ ਹੁੰਦੀ ਹੈ,ਮਨ ਵਿਚ ਧਾਰਨ
ਕੇ ਲੈ ਜਾਂਦੇ ਹਨ ਤੇ ਆਪਣਾ ਜੀਵਨ ਢਾਲਦੇ ਹਨ।

ਲਿਖਾਰੀ ਸਿੰਘਾ ! ਜੇ ਅਸੀਂ ਨਿੱਤਨੇਮ ਨਾ ਕਰੀਏ ਤਾਂ ਇਸ ਦਾ ਪ੍ਰਭਾਵ ਆਉਣ ਵਾਲੀਆਂ ਸੰਗਤਾਂ
ਅਤੇ ਨਿੱਤਨੇਮੀਆਂ ਤੇ ਪਵੇਗਾ ਕਿ ਫਲਾਣੀ ਥਾਂ ਤੇ ਬਾਬਾ ਜੀ ਤਾਂ ਕੋਈ ਭੀ ਕ੍ਰਿਆ ਨਹੀਂ ਕਰਦੇ (ਤਾਂ ਤੇ
ਸਾਨੂੰ ਕੀ ਲੋੜ ਹੈ) ਅਸੀਂ ਕਿਉਂ ਕਰੀਏ। ਇਹ ਕੋਈ ਜ਼ਰੂਰੀ ਹੈ।

ਤਾਂ ਤੇ ਅਸਾਂ ਇਕ ਤਾਂ ਗੁਰ ਫੁਰਮਾਣ ਦੀ ਹੁਕਮ - ਅਦੂਲੀ ਕੀਤੀ, ਦੂਸਰੇ ਸੰਗਤ ਦੀ ਚੰਗੀ
ਕਿਰਿਆ ਕਰਦੇ (ਇਸ਼ਨਾਨ—ਨਿਤਨੇਮ) ਕਰਦਿਆਂ ਨੂੰ ਗੁਰੂ ਮਾਗਗ ਤੋਂ ਹੱਟਾ ਕੇ ਗੁਰੂ ਧਰੋਹੀ, ਦੋਸ਼ੀ,
ਗੁਨਾਹਗਾਰ ਬਣੀਏ।

ਸਗੋਂ ਨਿੱਤ ਕ੍ਰਿਆ ਨਿੱਤ ਨੇਮ ਨਾਲ ਲਾਭ ਹੀ ਹੈ, ਤੋਟਾ ਤਾਂ ਨਹੀਂ ਹੁੰਦਾ ਅਤੇ ਸੁਖਦਾਈ ਭੀ
ਤੇ ਸੰਗਤ ਲਈ ਨਿੱਤ ਕ੍ਰਿਆ ਲਈ ਪ੍ਰੇਰਤ ਉਪਦੇਸ਼ ਭੀ ਬਣ ਜਾਂਦਾ ਹੈ।

ਕਾਰਨ ਸ੍ਰੀ ਕ੍ਰਿਸ਼ਨ ਜੀ ਮਹਾਰਾਜ਼ ਦੇ ਸਰਾਪ ਦੇਣ ਦੇ ਕਾਰਨ ਇਹ ਦੁਆਪਰ ਯੁੱਗ ਤੋਂ ਹੀ ਦਰਿੰਦਗੀ ਦੀ
ਜੂਨ ਕੱਟ ਰਿਹਾ ਸੀ। ਆਪਣੇ ਉਧਾਰ ਬਾਰੇ ਜਦ ਇਸ ਨੇ ਸ੍ਰੀ ਕ੍ਰਿਸ਼ਨ ਜੀ ਤੋਂ ਪੁੱਛਿਆ ਤਾਂ ਉਹਨਾਂ ਹੁਕਮ
ਕੀਤਾ—ਕਿ ਆਪ ਦਾ ਊਧਾਰ ਕਲਿਜੁਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਰੂਪ ਦਸਵੇਂ ਜਾਮੇ, ਸ੍ਰੀ ਗੁਰੂ
ਗੋਬਿੰਦ ਸਿੰਘ ਜੀ ਹੱਥੋਂ ਹੋਵੇਗਾ।

ਦਾਸ ਇਸ ਅਸਥਾਨ ਤੇ ਸ਼ੀਸ਼ੇ ਤੇ ਇਥੋਂ ਦਾ ਇਤਿਹਾਸ ਭੀ ਲਿਖ ਰਿਹਾ ਸੀ। ਵਰਤੀ ਖੇਡ, ਜਿਸ
ਦਾ ਜ਼ਿਕਰ ਪਿੱਛੇ ਆ ਚੁਕਾ ਹੈ। ਸਾਮ ਦੇ ਨਿਤਨੇਮ ਸਮੇਂ ਦੋ ਭੁਜੰਗੀ ਰਹਰਾਸਿ ਸਾਹਿਬ ਦਾ ਪਾਠ ਗੁਟਕੇ
ਤੋਂ ਕਰ ਰਹੇ ਸਨ। ਪਰ ਜਦ ਚੌਪਈ (ਕਾਕਾ ਬਚਿੱਤਰ ਸਿੰਘ) ਪੜ੍ਹ ਰਿਹਾ ਸੀ ਤਾਂ ਚੌਪਈ ਤੋਂ ਅੱਗੇ
'ਤੇਗ ਬਹਾਦਰ ਕੇ ਚਲਿਤ ... ਹੈ ਹੈ ਹੈ' ਪਾਠ ਨੂੰ ਤੇ 'ਜੈ ਜੈ ਜੈ ਸੁਰ ਲੋਕ' ਹੈ। ਪਰ ਉਹ ਇਹਨਾਂ ਨੂੰ
ਹੈ ਹੈ ਤੇ ਜੈ ਜੈ' ਦੋ ਵਾਰੀ ਪੜ੍ਹਨ ਤੇ ਦਾਸ ਕੋਲ ਬੈਠੇ ਨੇ ਝਿੜਕ ਕੇ ਕਿਹਾ ਕਿ ਰੋਜ਼ ਆਪ ਨੂੰ ਕਹੀਦਾ ਹੈ
ਪਾਠ ਸੁਧ ਕਰਿਆ ਕਰੋ।

ਇਹ ਬਚਨ ਕਹੇ ਹੀ ਸਨ ਤਾਂ (ਸ਼ਹੀਦੀ ਪਹਿਰਾ) ਉਸ ਭੁਯੰਗੀ ਬਚਿੱਤਰ ਸਿੰਘ ਜੀ ਤੇ ਹੀ ਹਾਜ਼ਰ
ਹੋ ਗਿਆ। ਉਸ ਬੜੀ ਕੜਕਵੀਂ ਆਵਾਜ਼ ਵਿਚ ਬਚਨ ਕੀਤਾ—'ਕੀ ਅਸੀਂ ਹਾਜ਼ਰ ਨਹੀਂ ? ਅਸ਼ੁੱਧ ਬਾਣੀ
ਸਾਨੂੰ ਪੜ੍ਹਕੇ ਸੁਣਾਉਂਦੇ ਹੋ। ਅਗੋਂ ਰਹਿੰਦਾ ਪਾਠ ਤਾਂ ਦਾਸ ਨੇ ਕਰਨਾ ਸ਼ੁਰੂ ਕਰ ਦਿਤਾ। ਨਾਲ ਦੇ ਭੁਯੰਗੀ
ਨੇ ਬਾਬਾ ਰਣ ਸਿੰਘ ਜੀ ਨੂੰ ਬੁਲਾ ਲਿਆਂਦਾ ਜੋ ਭਾਈ ਬਚਿੱਤਰ ਸਿੰਘ ਜੀ ਨੂੰ ਨਾਲ ਦੀ ਛੰਨ ਵਿਚ ਲੈ
ਗਏ। (ਪਹਿਲਾਂ ਅਸੀਂ ਛੰਨ ਵਿਚ ਹੀ ਗੁਜ਼ਾਰਾ ਕਰਿਆ ਕਰਦੇ ਸਾਂ ਅਤੇ ਲੰਗਰ ਭੀ ਛੰਨ ਵਿਚ ਪੱਕਦਾ
ਸੀ। ਮੈਂ ਪਾਠ ਕਰ ਕੇ ਅਰਦਾਸ ਕਰ ਕੇ ਆਦਿ ਅਤੇ ਦਸਮ ਦੇ ਹੁਕਮਨਾਮੇ ਲੈ ਕੇ ਰੁਮਾਲੇ ਪਾਏ ਹੀ ਸਨ,
ਕਿ ਦਾਸ ਨੂੰ ਭੀ ਸੱਦਾ ਪੈ ਗਿਆ।

ਪਹਿਲਾਂ ਤਾਂ ਬਾਬੇ ਰਣ ਸਿੰਘ ਨੂੰ ਕੋਸਣ ਲੱਗੇ। ਮਹੰਤ ਤੇ ਡੇਰੇਦਾਰ (ਜਥੇਦਾਰ) ਬਣ ਬਹਿੰਦੇ
ਹਨ। ਸਾਨੂੰ ਅੱਖੋਂ ਪ੍ਰੋਖੇ (ਨਜ਼ਰ - ਅੰਦਾਜ਼) ਕਰ ਕੇ ਮਨ - ਮਰਜ਼ੀ ਨਾਲ ਸਾਡੀ ਸੇਵਾ ਪੂਜਾ ਕਰਦੇ ਹੋ,
ਲੰਗਰ ਵਿਚ ਗੱਲਾਂ ਕਰਦੇ ਹਨ। ਸਾਨੂੰ ਜੂਠੇ ਪ੍ਰਸ਼ਾਦਿਆਂ ਦਾ ਭੋਗ ਲਾਂਦੇ ਹੋ, ਜਦ ਗੱਲਾਂ ਹੁੰਦੀਆਂ ਹਨ ਤਾਂ
ਥੁੱਕ ਡਿੱਗਦੀ ਹੈ। ਬਾਬਾ ਰਣ ਸਿੰਘ ਜੀ ਤਾਂ ਚੁੱਪ ਹੋ ਗਏ ਸਨ।

ਇਸੇ ਦੌਰਾਨ ਭਾਈ ਗੁਰਦਿਆਲ ਸਿੰਘ ਜੋ ਗਰੰਥੀ ਦੀ ਸੇਵਾ ਕਰਦਾ ਸੀ, ਇਸੇ ਛੰਨ ਵਿਚੋਂ ਸਵੇਰੇ
ਬਦਲਣ ਵਾਲੇ 'ਗੁਰੂ ਮਹਾਰਾਜ ਜੀ' ਰੁਮਾਲੇ ਲੈਣ ਗਿਆ ਤਾਂ ਇਸ ਨੂੰ ਭੀ 'ਸ਼ਹੀਦੀ ਪਹਿਰੇ ਦੀ ਕ੍ਰੋਪੀ
ਹੋ ਗਈ। ਬਚਨ ਕੀਤਾ—ਅਸੀਂ ਜ਼ਨਾਨੀ (ਇਸਤ੍ਰੀ) ਨਹੀਂ। ਜੋ ਸਾਨੂੰ ਫੁਟਕੜੀਆਂ, ਫੁੱਲਾਂ ਆਦਿ ਦੇ
ਰੁਮਾਲੇ ਪਾਂਦੇ ਹੋ। ਸਾਡਾ ਹੁਣ ਸੂਖਮ ਸਰੂਪ ਚਿੱਟੇ ਬਾਣੇ ਵਿਚ ਹੈ ਚਿੱਟੇ ਰੁਮਾਲੇ ਪਾਇਆ ਕਰੋ। ਭਾਈ
ਗੁਰਦਿਆਲ ਸਿੰਘ ਜੀ ਨੇ ਹੱਥ ਜੋੜ ਕੇ ਮਾਫ਼ੀ ਮੰਗੀ—ਹਜ਼ੂਰ ਹੁਣ ਤਾਂ ਹਾਜ਼ਰ ਨਹੀਂ, ਸਵੇਰੇ ਲਿਆ ਕੇ
ਪਾਵਾਂਗੇ।

ਹੁਣ 'ਦਾਸ' ਦੀ ਵਾਰੀ ਆ ਗਈ। ਬਚਨ ਹੋਇਆ ਕਿ ਬੁਲਾਓ ਲਿਖਾਰੀ ਸਿੰਘ ਨੂੰ, ਗਿਆਨਵਾਨ
ਹੁੰਦਿਆਂ ਹੋਇਆਂ ਭੀ ਭੁੱਲ ਗਏ।

ਦਾਸ ਨੇ ਛੰਨ ਵਿਚ ਜਾ ਕੇ ਚਰਨ ਫੜ ਕੇ ਫਤਿਹ ਬੁਲਾਈ। (ਬਚਿੱਤਰ ਸਿੰਘ ਵਿਚੋਂ ਸਹੀਦੀ ਪਹਿਰੇ ਵਿਚ) ਫੁਰਮਾਇਆ—ਗਿਆਨੀ ਸਿੰਘ ! ਜਾਣਦੇ ਹੋਏ ਭੀ ਸਾਨੂੰ ਪਿੱਠ ਕਰ ਕੇ ਬੈਠ ਗਏ।

ਜੀ ਹਜ਼ੂਰ ਗਲਤੀ ਦੀ ਜਾਣਕਾਰੀ ਦਿਓ। ਹਾਂ ਤੇ ਅਸੀਂ ਭੁੱਲਣਹਾਰ ਹੀ, ਪਰ ਸਾਥੋਂ ਕੋਈ ਭੁੱਲ ਹੋ ਗਈ ਹੋਵੇਗੀ।

ਸ਼ਹੀਦੀ ਬਾਣੀ— ਫੁਰਮਾਇਆ ! ਅੱਜ ਤੋਂ ੪ ਦਿਨ ਪਹਿਲਾਂ, ਦੁਪਹਿਰ ਵੇਲੇ ਜਦ ਆਪ ਸ਼ੀਸ਼ੇ ਤੇ ਸਾਡਾ ਇਤਿਹਾਸ ਲਿਖ ਰਹੇ ਸੀ, ਸੰਗਤ ਦਰਸ਼ਨਾਂ ਨੂੰ ਆਈ। ਨਮਸ਼ਕਾਰ ਕਰ ਕੇ ਸਾਹਮਣੇ ਬੈਠੀ ਨੂੰ ਤੁਸਾਂ ਸਾਡੇ ਵਲ ਪਿੱਠ ਕਰ ਕੇ ਇਤਿਹਾਸ ਸੁਣਾਇਆ।

ਹਾਂ, ਤੁਸਾਂ ਇਹ ਜਾਤਾ ਕਿ ਅਸੀਂ ਭੋਹਰੇ ਦੇ ਕੋਨੇ ਨਾਲ ਹਾਂ, ਪਰ ਅਸੀਂ ਤਾਂ ਹਾਜ਼ਰ ਸਾਂ, ਸਭ ਕੁਝ ਸੁਣਦੇ ਸਾਂ। ਜ਼ਰਾ ਕੌਲੇ ਨਾਲੋਂ ਪਰੇ ਹੋ ਕੇ ਬੈਠ ਕੇ ਇਤਿਹਾਸ ਸੁਣਾ ਦੇਣਾ ਸੀ।

ਦਾਸ ਵਲੋਂ ਬੇਨਤੀ— ਦਾਸ ਦੀ ਜਾਣਕਾਰੀ ਵਿਚ ਸਾਰਾ ਮਾਜਰਾ ਆ ਗਿਆ। (ਜਿਸ ਨੂੰ ਸਤਿਗੁਰੂ ਜੀ ਜਾਂ ਦਾਸ ਹੀ ਜਾਣਦਾ ਸੀ) ਦਾਸ ਨੇ ਝੱਟ ਮੁਆਫੀ ਮੰਗੀ ਅਤੇ ਅਰਜ਼ ਕੀਤੀ—ਹੇ ਸੱਚੇ ਪਾਤਸ਼ਾਹ ! ਅਸੀਂ ਅਨਜਾਣ ਹਾਂ, ਭੁਲਣਹਾਰ ਹਾਂ, ਗਲਤੀ ਹੋ ਗਈ ਹੈ। ਮਾਫ ਕਰ ਦਿਓ। ਆਪ ਜੀ ਤਾਂ ਬਖਸ਼ਣਹਾਰ ਹੋ।

ਸ਼ਹੀਦੀ ਬਾਣੀ— ਨਹੀਂ ਗਿਆਨੀ ਸਿੰਘਾ ! ਮਾਫ ਤਾਂ ਕਰ ਦਿਤਾ ਹੈ। ਪਰ ਅਜਿਹੀ ਗਲਤੀ ਫਿਰ ਨਾ ਕਰਨ ਦੀ ਚਿਤਾਵਨੀ ਭੀ ਦਿਤੀ ਹੈ। ਤੁਸੀਂ ਸਮਝਿਆ ਸੀ ਕਿ ਅਸੀਂ ਹਾਜ਼ਰ ਨਹੀਂ। ਨਹੀਂ ਅਸੀਂ ਹਾਜ਼ਰ ਸਾਂ, ਸੁਣਦੇ ਸਾਂ।

ਦਾਸ— ਹਾਜ਼ਰ ਸਤਿਗੁਰੂ ਜੀ ! ਦਾਸ ਦੀ ਗਲਤੀ ਤਾਂ ਆਪ ਬਖਸ਼ਣਹਾਰ ਹੋ, ਮਾਫ ਕਰ ਦਿਤੀ, ਪਰ ਇਕ ਅਰਜ਼ ਹੈ, ਹੁਕਮ ਕਰੋ ਤਾਂ ਕਰਾਂ, ਜੇ ਗੁਸਤਾਖੀ ਮਾਫ਼ ਹੋਵੇ ਤਾਂ।

ਅਗੰਮੀ ਆਵਾਜ਼— ਹਾਂ, ਜ਼ਰੂਰ ਕਰੋ, ਅਸੀਂ ਤੇਰੇ ਤੇ ਖੁਸ਼ ਹਾਂ। ਕਹੋ ਜੋ ਕਹਿਣਾ ਹੈ।

ਦਾਸ - ਪਾਤਸ਼ਾਹ ਜੀ ! ਪਹਿਲੀ ਅਰਜ਼ ਤਾਂ ਇਹ ਹੈ ਕਿ ਗਲਤੀ ਦੀ ਚੇਤਾਵਨੀ ਤੁਸਾਂ ਅਜ ਅੱਠ ਦਿਨਾਂ ਬਾਅਦ ਹਾਜ਼ਰ ਹੋ ਕੇ ਦਿਤੀ ਹੈ। ਜੇ ਉਸ ਵਕਤ ਹੀ ਦਾਸ ਦੇ ਮਨ ਵਿਚ ਫੁਰਨਾ ਫੇਰ ਦੇਂਦੇ-ਕਿ ਜ਼ਰਾ ਪਿਛੇ ਹੱਟ ਕੇ ਇਤਿਹਾਸ ਸੁਣਾਓ।

ਅਗੰਮੀ ਆਵਾਜ਼— ਗਿਆਨੀ ਸਿੰਘਾ ! ਸੱਚ ਕਿਹਾ ਈ। ਪਰ ਜੇ ਇਕੱਲੇ ਤੇਰੇ ਅੰਦਰ ਹੀ ਸੋਝੀ ਦੇ ਦੇਂਦੇ ਤਾਂ ਇਹ ਆਮ ਸੰਗਤਾਂ ਨੂੰ ਕਿਵੇਂ ਜਣਾਇਆ ਜਾਂਦਾ ਕਿ ਸਾਡੇ ਪਾਵਨ ਅਸਥਾਨਾਂ ਤੇ ਅਸੀਂ ਹਰ ਥਾਂ ਹਾਜ਼ਰ ਹੁੰਦੇ ਹਾਂ। ਸਾਨੂੰ ਹਾਜ਼ਰ ਨਾਜ਼ਰ ਹਰ ਗੁਰਸਿੱਖ ਸਮਝ ਕੇ ਸਾਡੇ ਅਦਬ ਸਤਿਕਾਰ ਵਲ ਖਾਸ ਧਿਆਨ ਰਖੇ। ਕਈ ਥਾਵੇਂ ਬਹੁਤੀਆਂ ਸਿੱਖ - ਸੰਗਤਾਂ ਸਾਡੇ ਵਲ ਪਿੱਠ ਜਾਂ ਪੈਰ ਕਰ ਕੇ ਬੈਠ ਜਾਂਦੀਆਂ ਹਨ। ਸਾਡੇ ਆਸਣ [ਬਣੀ ਥਾਉਂ ਇਮਾਰਤ] ਦੀ ਕੰਧ ਨਾਲ ਢੋ ਲਾ ਕੇ, ਸਾਡੇ ਵਲ ਪਿੱਠ ਕਰ ਕੇ ਬੈਠ ਜਾਂਦੀਆਂ ਹਨ, ਜੋ ਸਾਡੀ ਬੇਅਦਬੀ, ਜੋ ਸਾਡੇ ਤੇ ਸ਼ਰਧਾ ਸਤਿਕਾਰ ਦੀ ਆਮ ਜਨਤਾ ਵਿਚ ਘਾਟ ਪਾਈ ਜਾ ਰਹੀ ਹੈ, ਜੋ ਸਾਨੂੰ ਕਦਾਚਿਤ ਪ੍ਰਵਾਨ ਨਹੀਂ।

ਇਸੇ ਤਰ੍ਹਾਂ ਸਾਡੀ ਸੇਵਾ ਪੂਜਾ ਭੀ ਮਨ - ਮਰਜ਼ੀ ਨਾਲ, ਗੁਰਮਤਿ ਮਾਰਗ ਦੇ ਦਰਸਾਏ ਹੋਏ ਨਿਯਮਾਂ ਮੁਤਾਬਕ ਨਹੀਂ ਹੋ ਰਹੀ ਹੈ। ਅਸੀਂ ਸਭ ਕੁਝ ਵੇਖ ਰਹੇ ਹਾਂ। ਸਾਡਾ [ਗੁਰੂ ਨਾਨਕ ਜੋਤਿ ਦਾ] ਕਲਿਜੁਗ ਵਿਚ ਪਹਿਰਾ ਹੈ। ਅਸੀਂ ਇਸ ਯੁੱਗ ਦੇ ਪ੍ਰਮੇਸ਼ਵਰ ਵਲੋਂ ਭੇਜੇ ਪਹਿਰੇਦਾਰ ਹਾਂ, ਜੋ ਅਕਾਲ ਪੁਰਖ ਦੀ ਦਰਗਾਹੋਂ ਆਏ ਹੁਕਮ (ਗੁਰਬਾਣੀ) ਨੂੰ ਅੰਤਰ ਆਤਮੇ ਨਹੀਂ ਵਸਾਏਗਾ, ਤੇ ਉਸ ਬਾਣੀ ਮੁਤਾਬਕ ਇਕੋ ਕਰਤਾ ਪਰਮੇਸ਼ਰ ਨੂੰ ਕਰਤਾ ਜਾਣ ਕੇ ਬਾਣੀ ਦੇ ਦਸੇ ਮਾਰਗ ਮੁਤਾਬਕ ਨਹੀਂ ਚਲੇਗਾ ਤਾਂ ਅਸੀਂ ਉਸ ਦੀ ਰਖਵਾਲੀ ਨਹੀਂ ਕਰਾਂਗੇ।

ਪ੍ਰਮੇਸ਼ਰ ਦਾ ਮਾਰਗ, ਸੱਚ ਦਾ ਮਾਰਗ ਹੈ, ਸੱਚ ਦੇ ਨਿਯਮ ਧਾਰਨ ਕਰਨ ਵਾਲਾ ਪੁਰਸ਼ ਹੀ ਸਾਡਾ ਹੈ ਅਤੇ ਅਸੀਂ ਉਸ ਦੇ ਹਾਂ।

ਦਾਸ— ਸਤਿਗੁਰੋ ! ਆਪ ਜੀ ਦਾ ਲੱਖ ਲੱਖ ਸ਼ੁਕਰ ਹੈ, ਜੋ ਆਪ ਜੀ ਨੇ ਹਾਜ਼ਰ ਹੋ ਕੇ ਸਾਡੀਆਂ ਗਲਤੀਆਂ ਮਾਫ ਕਰ ਕੇ ਸੋਝੀ ਦਿਤੀ ਹੈ, ਪ੍ਰੰਤੂ—

ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ ॥ [ਦਖਣੀ ਓਅੰਕਾਰ—੯੩੦

ਪ੍ਰਮੇਸ਼ਰ ਦੀ ਗਤਿ ਤਾਂ ਆਪ ਉਸ ਦੇ ਸਪੂਤ ਹੋ, ਆਪ ਹੀ ਜਾਣੋ। ਪਰ ਕੀ ਮਰਯਾਦਾ ਕੀਤੀ ਜਾਵੇ ਜਿਸ ਨਾਲ ਆਪ ਜੀ ਦੀ ਪ੍ਰਸੰਨਤਾ ਹੋ ਸਕੇ ?

ਅਗੰਮੀ ਆਵਾਜ਼— ਹਾਂ ਗਿਆਨੀ ਸਿੰਘਾ ! ਭਲਾ ਪੁੱਛਿਆ ਈ, ਸਾਡੀ ਮਰਯਾਦਾ ਬਾਰੇ। ਲਿਆ ਫਿਰ ਕਾਗਜ਼ ਤੇ ਕਲਮ ਲਿਖ।

ਦਾਸ ਕਾਗਜ਼ ਤੇ ਕਲਮ ਲੈ ਆਇਆ ਤੇ ਅਗੰਮੀ ਆਵਾਜ ਨੇ ਮਰਯਾਦਾ ਇਉਂ ਲਿਖਵਾਈ—

ਸਤਿਗੁਰੂ ਜੀ ਦੀ ਰੋਜ਼ਾਨਾ ਦੀ ਸਵੇਰ - ਸ਼ਾਮ ਦੀ ਮਰਯਾਦਾ ਦਾ ਵਰਨਣ

1. ਸਵੇਰੇ ੩ ਵਜੇ ਉੱਠ ਕੇ ਆਪਣੀ ਕ੍ਰਿਆ ਸੋਧੋ। ਫਿਰ ਸਵੱਛ ਬਸਤ੍ਰ ਪਹਿਨੋ।
2. ਜੰਗਲ ਮੈਦਾਨ ਜਿਨ੍ਹਾਂ ਬਸਤ੍ਰਾਂ ਨਾਲ ਜਾਂਦੇ ਹੋ, ਉਹ ਬਸਤਰ ਸਾਡੀ ਸੇਵਾ ਸਮੇਂ ਨਹੀਂ ਪਹਿਨਣੇ. ਸਵੱਛ ਬਸਤਰ ਗੁਰਮੁਖੀ ਪਹਿਰਾਵੇ ਵਾਲੇ ਬਣਾ ਕੇ ਵੱਖ ਰੱਖੋ।
3. ਤੇੜ ਪਜਾਮਾ ਨਹੀਂ ਪਾਣਾ, ਚੋਲਾ ਗੋਡਿਆਂ ਤੋਂ ਥੱਲੇ ਤਕ, ਕਲੀਆਂ ਵਾਲਾ, ਕਮਰ - ਕੱਸਾ, ਇਕ ਗਲ ਵਿਚ ਹਜ਼ੂਰੀਆ ਹੋਣਾ ਚਾਹੀਦਾ ਹੈ, ਤੇੜ ਕਛਹਿਰਾ ਗੋਡਿਆਂ ਤਕ, ਚੇਹਰਾ ਸਜਾਣਾ (ਭਾਵ ਹਜ਼ੂਰੀਏ ਨਾਲ ਢੱਕ ਲਵੋ)।

[ਇਹ ਸਭ ਕੁਝ ਛੰਨ ਵਿਚ ਹੀ ਫੁਰਮਾਇਆ। ਅਗੋਂ ਭੁਜੰਗੀ ਬਚਿੱਤਰ ਸਿੰਘ ਜੀ ਉੱਠ ਕੇ, ਭੋਹਰਾ ਸਾਹਿਬ, (ਜਿਥੇ ਸਤਿਗੁਰਾਂ ਨੇ ਸ਼ੇਰ ਦਾ ਸ਼ਿਕਾਰ ਕੀਤਾ ਸੀ, ਭੋਹਰੇ ਉਪਰ ਬਣੇ ਛੋਟੇ ਅਸਥਾਨ, ਜਿਥੇ ਪ੍ਰਕਾਸ਼ ਹੁੰਦਾ ਸੀ), ਸਾਹਮਣੇ ਦਰਵਾਜ਼ੇ ਅੱਗੇ ਖਲੋ ਕੇ ਅਗਲੀ ਮਰਯਾਦਾ ਇਉਂ ਦਸੀ—]

4. ਕ੍ਰਿਆ ਸੋਧਣ ਉਪ੍ਰੰਤ ੪ ਵਜੇ ਸਾਹਮਣੇ ਦਰਵਾਜ਼ੇ ਅੱਗੇ ਆ ਕੇ ਪਹਿਲਾਂ ਅਰਦਾਸ ਕਰੋ। ਫਿਰ

ਦਰਵਾਜ਼ਾ ਖੋਲ੍ਹਣ ਤੇ ਸੇਵਾ ਕਰਨ ਦੀ ਆਗਿਆ ਲਵੋ। ਨਾ ਜਾਣੇ ਅਸੀਂ ਕਿਥੇ ਕਿਸੇ ਪ੍ਰੇਮੀ ਦੇ
ਕਾਰਜ ਸਵਾਰਨ ਗਏ ਹੁੰਦੇ ਹਾਂ, ਅਰਦਾਸ ਕਰਨ ਤੇ ਅਸੀਂ ਹਾਜ਼ਰ ਹੁੰਦੇ ਹਾਂ।

੫. ਫਿਰ ਸਾਡੇ ਤਖਤ (ਆਸਣ) ਦਾ ਇਸ਼ਨਾਨ ਕਰਾਵੋ। ਫਿਰ ਤਖਤ ਨੂੰ ਪੂੰਝ ਕਰ ਕੇ, ਸੁੱਕਾ ਕੇ
ਸਵੱਛ ਵਿਛਾਈ ਕਰੋ। ਰੋਜ਼ ਵਿਛਾਈਆਂ ਚਾਦਰਾਂ ਤੇ ਰੁਮਾਲੇ ਬਦਲੋ। (ਅੱਠ ਦਸ ਦਿਨ ਜਾਂ
ਉਹੋ ਹੀ ਕਈ ਕਈ ਦਿਨ ਤੱਕ ਵਿਛਾਈ ਨਹੀਂ ਰੱਖਣੀ। ਰੁਮਾਲੇ ਧੋ ਕੇ, ਪ੍ਰੈਸ ਕਰ ਕੇ, ਵੱਟ ਕੱਢ
ਕੇ ਤਹਿ ਲਾ ਕੇ ਰੱਖੋ।

ਵਿਛਾਈ ਕਰ ਕੇ ਸਾਡੇ ਪਲੰਘੇ ਰੱਖ ਕੇ ਉਹਨਾਂ ਉਪਰ ਭੀ ਸਵੱਛ ਵਿਛਾਈ ਕਰੇ।

੬. ਅਦਬ ਤੇ ਸਤਿਕਾਰ ਨਾਲ ਸਾਡੇ ਸੁੱਖ - ਆਸਨ ਅਸਥਾਨ ਤੇ ਅਰਦਾਸ ਕਰ ਕੇ ਦਰਵਾਜ਼ਾ ਖੋਲ੍ਹੋ।

੭, ਅਤੇ ਸੇਵਾ ਕਰਨ, ਤਖਤ ਤੇ ਸੁਭਾਇਮਾਨ ਹੋਣ ਦੀ ਅਰਦਾਸ ਉਪਰੰਤ ਇਕ ਸਿੰਘ ਚੌਰ ਲੈ ਕੇ
ਸਤਿਨਾਮ ਵਾਹਿਗੁਰੂ ਪੜ੍ਹਦੇ, ਸਾਡੇ ਪਲੰਘੇ (ਪੀੜ੍ਹੇ) ਤੇ ਸੁਭਾਇਮਾਨ ਕਰੋ।

੮. ਪ੍ਰਕਾਸ਼ ਕਰਨ ਲੱਗਿਆਂ, ਬਾਣੀ ਪੜ੍ਹਦੇ, ਚੌਂਕੜਾ ਮਾਰੀ ਕਛਹਿਰੇ ਤੇ ਹਜ਼ੂਰੀਆਂ ਪਾ ਰੱਖੋ, ਤਾਂ ਜੋ
ਸਾਡੇ ਰੁਮਾਲੇ ਕਛਹਿਰੇ ਨਾਲ ਨਾ ਲੱਗਣ।

੯. ਸਾਡੇ ਨਿਜ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਿਰ ਤੇ ਚੁੱਕਣ ਦੀ ਬਜਾਇ ਨਾਲ ਇਕ ਹੋਰ
ਪੀਹੜਾ–ਗਦੇਲਾ, ਰੁਮਾਲੇ ਪਾ ਕੇ ਰੱਖਕੇ ਉਸ ਉਪਰ ਰੱਖ ਲਵੋ। ਇਕੱਲਾ ਸਿੰਘ ਹੋਵੇ ਤਾਂ ਮੁਸ਼ਕਲ
ਨਾਲ ਵਿਛਾਈ ਰੁਮਾਲੇ ਇਕ ਹੱਥ ਨਾਲ ਨਹੀਂ ਸੰਭਾਲ ਸਕਦਾ।

੧੦. ਪਲੰਘੇ ਤੇ ਸੁਭਾਇਮਾਨ (ਪ੍ਰਕਾਸ਼) ਕਰ ਕੇ, ਧੂਪ (ਕੋਲਿਆਂ ਤੇ ਧੁੱਖਦੀ; ਆਪ ਬਣਾਈ ਹੋਈ) ਸਾੜ
ਦਿਓ। ਜੇ ਅਸਥਾਨ ਤੇ ਹੋਰ ਸਿੰਘ ਹੋਵੇ ਤਾਂ ਉਹ ਪਹਿਲਾਂ ਹੀ ਧੂਪ ਲੈ ਕੇ ਆਵੇ ਅਤੇ ਫਿਰ
ਹੁਕਮਨਾਮੇ ਲਵੋ।

੧੧. ਸਾਡੇ ਨਿਜ ਸਰੂਪ–ਆਦਿ ਬਾਣੀ ਤੇ ਦਸਮ ਬਾਣੀ ਦੇ ਦੋਹਾਂ ਸਰੂਪਾਂ ਦਾ ਪਿਛੇ ਤਾਅਬੇ ਬੈਠੇ ਸਿੰਘ
ਦੇ, ਖੱਬੇ ਹੱਥ (ਜਿਧਰੋਂ ਆਦਿ ਬਾਣੀ ਜਪੁ ਸਾਹਿਬ ਸ਼ੁਰੂ ਹੁੰਦਾ ਹੈ) ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ
ਦਾ ਪ੍ਰਕਾਸ਼ ਕਰੋ ਅਤੇ ਦਸਮ ਬਾਣੀ ਦਾ ਰਾਗ ਮਾਲਾ ਵਾਲੇ ਪਾਸੇ (ਸੱਜੇ ਹੱਥ ਵਾਲੇ ਪਾਸੇ)
ਪਰਕਾਸ਼ ਕਰੋ।

੧੨. ਸਾਡੇ ਦੋਹਾਂ ਸਰੂਪਾਂ ਤੇ ਪਲਕਾਂ ਦੋਹਰੀਆਂ ਦਿਓ। ਇਕ ਇਕ ਰੁਮਾਲੇ ਦੇ ਥੱਲੇ, ਬਾਣੀ ਉਪਰ
ਦੂਜੀ ਸੁਭਾਇਮਾਨਤਾ ਲਈ ਪਲੰਘੇ ਦੇ ਦੋਹੀਂ ਪਾਸੀਂ ਲਮਕਦੀਆਂ ਸਜਾਓ।

੧੩. ਰੋਜ਼ਾਨਾ ਸਵੇਰ ਦੇ ਨਿੱਤਨੇਮ ਦੀ ਮਰਯਾਦਾ–

ਸਾਡੇ ਪਾਸ (ਆਦਿ - ਦਸਮ) ਸਰੂਪਾਂ ਦੇ ਪਾਸ ਬੈਠ ਕੇ ਪੰਜ ਬਾਣੀਆਂ [ਜਪੁ, ਜਾਪ, ਤ੍ਵਪ੍ਰਸਾਦਿ ਸ੍ਵਯੇ, ਕਬਿਓ ਬਾਚ ਚੌਪਈ ੪੦੫ ਅੰਕ ਤੱਕ ਤੇ ਸਾਰਾ ਅਨੰਦ ਸਾਹਿਬ) ਇਹ ਉੱਚੀ ਸੁਣਾ ਕੇ ਪੜ੍ਹਨਾ ਹੈ।

ਪੰਜ ਬਾਣੀਆਂ ਪੜ੍ਹਨ ਉਪਰੰਤ ਜੇ ਸਮਾਂ ਹੈ ਤਾਂ ਸੁਖਮਨੀ ਸਾਹਿਬ ਦਾ ਪਾਠ ਕਰ ਲਵੋ। ਆਸਾ ਦੀ ਵਾਰ ਦਾ ਕੀਰਤਨ ਕਰੋ। ਜੇ ਜੱਥਾ ਨਹੀਂ ਹੈ ਤਾਂ ਪਾਠ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਅਬੇ ਬੈਠ ਕੇ ਕਰੋ। ਯਾਦ ਰਖੋ–ਸੂਰਜ ਦੀ ਟਿੱਕੀ ਉੱਗਣ ਤੋਂ ਪਹਿਲਾਂ ਪਹਿਲਾਂ ਆਸਾ ਦੀ ਵਾਰ ਪੜ੍ਹੀ ਜਾਵੇ। ਮੱਖੀ ਉੱਡਣ ਤੋਂ ਪਹਿਲਾਂ ਹੀ ਕੜਾਹ ਪ੍ਰਸ਼ਾਦਿ ਦਾ ਭੋਗ ਤੇ ਸਵੇਰ ਦੇ ਦੀਵਾਨ ਦੀ ਅਰਦਾਸ ਕਰੋ ਉਪਰੰਤ ਜੇ ਬਲ ਪਵੇ ਤਾਂ ਕਥਾ ਕਰੋ! ਕਿਉਂਕਿ ਅਸੀਂ ਬਾਬੇ ਨਾਨਕ ਦੇ ਦਸ ਸਰੂਪ ਇਸ 'ਧੁਰ ਕੀ ਬਾਣੀ' ਵਿਚ ਸੰਮਿਲਤ ਹਾਂ। ਸਾਡਾ ਪੰਜ ਭੂਤਕ ਸਰੀਰ ਨਹੀਂ ਹੈ। ਜੋ ਅਸੀਂ ਆਪ ਵਾਂਗ ਪਾਠ ਪੜ੍ਹਨ ਕਰ ਸਕੀਏ। ਪਰ ਅਸੀਂ ਪਾਠ ਸੁਣ ਸਕਦੇ ਹਾਂ।

ਅਸਾਂ ਭੀ ਪੰਜਾਂ ਪਿਆਰਿਆਂ ਤੋਂ ਜਦ ਅੰਮ੍ਰਿਤ ਪਾਨ ਕੀਤਾ ਹੈ, ਤਾਂ ਸਾਡੇ ਤੇ ਭੀ ਉਹੋ ਹੀ ਨਿਯਮ (ਮਰਯਾਦਾ) ਲਾਗੂ ਹੁੰਦੇ ਹਨ, ਜੋ ਅਸਾਂ ਖਾਲਸੇ ਲਈ ਹੁਕਮ ਕੀਤਾ ਹੈ। ਸਾਨੂੰ ਭੀ ਤਾਂ ਪੰਜਾਂ ਪਿਆਰਿਆਂ ਨੇ ਉਹੀ ਹੁਕਮ ਸੁਣਾਇਆ ਸੀ।

ਅੱਜ ਅਸੀਂ ਵੇਖ ਰਹੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ 'ਅਕਾਲ ਬਾਣੀ' ਦੇ ਸਰੂਪ ਅੱਗੇ ਸਾਰਾ ਸਿੱਖ ਜਗਤ ਪੜ੍ਹੀ ਤਾਂ ਜਾ ਰਿਹਾ ਹੈ–'ਪ੍ਰਗਟ ਗੁਰਾਂ ਦੀ ਦੇਹ' ਪਰ ਇਸ ਤੇ ਅਮਲ ਕਰਨ ਲਈ ਬਹੁਤ ਚੰਦ ਸਿੱਖ ਹਨ। ਸਾਨੂੰ ਇਹ ਸਮਝ ਕੇ ਕਿ ਅਸੀਂ ਤਾਂ ਹੁਣ ਪੰਜ - ਭੂਤਕ ਸਰੀਰ ਵਿਚ ਨਹੀਂ ਹਾਂ। ਜਿਸ ਕਰ ਕੇ ਸਾਨੂੰ ਹਾਜ਼ਰ - ਨਾਜ਼ਰ ਅਤੇ ਸਰਬ ਵਿਆਪੀ (ਹਰ ਥਾਂ ਤੇ ਮੌਜੂਦ) ਹਾਂ, ਸਮਝਣ ਤੋਂ ਬਹੁਤ ਸਾਰਾ ਸਿੱਖ ਜਗਤ ਅਨਭੋਲ ਹੈ।

ਸਿੱਖੋ! ਇਸ ਯੁਗ ਦਾ ਪਹਿਰੇਦਾਰ 'ਵੱਡੇ ਬਾਬਾ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ' ਹਨ। ਜੋ 'ਪ੍ਰਮੇਸ਼ਰ - ਜੋਤ' ਵਾਂਗ ਹਰ ਥਾਂ ਹਰ ਸਮੇਂ ਹਾਜ਼ਰ ਨਾਜ਼ਰ ਜੋਤ ਹੈ। ਅਸੀਂ ਸਭ ਵੇਖ ਰਹੇ ਹਾਂ, ਪਰ ਕੋਈ ੨ ਸਿੰਘ ਸਾਡੇ ਬਚਨਾਂ ਦੀ ਪਾਲਣਾ ਕਰ ਰਿਹਾ ਹੈ, ਅਤੇ ਪਰਮੇਸ਼ਰ ਦਾ ਹੁਕਮ, ਬਾਣੀ ਦੇ ਅਦਬ ਸਤਿਕਾਰ ਨੂੰ ਕੋਈ ਵਿਰਲਾ ਹੀ ਪ੍ਰੇਮ ਤੇ ਉਤਸ਼ਾਹ ਨਾਲ ਕਰ ਰਿਹਾ ਹੈ।

ਸਵੇਰ ਦੇ ਭੋਜਨ (ਲੰਗਰ) ਦਾ ਭੋਗ

ਜਦ ਸਾਨੂੰ ਪਰਤੱਖ ਗੁਰੂ ਦੀ ਸਮਝ ਆ ਹੀ ਗਈ, ਤਾਂ ਕੀ ਅਸਾਂ ਫਿਰ ਭੋਜਨ ਨਹੀਂ ਛਕਣਾ ਹੁੰਦਾ? ਸੋ ਤੁਸੀਂ ਸਾਨੂੰ ਜੋ ਲੰਗਰ ਛਕਾਉਂਦੇ ਹੋ, ਜੂਠਾ ਛਕਾਉਂਦੇ ਹੋ। ਲੰਗਰ ਵਿਚ ਪ੍ਰਸ਼ਾਦੇ ਪਕਾਣ ਵੇਲੇ ਗੱਲਾਂ ਹੁੰਦੀਆਂ ਹਨ, ਇਸ ਕਰ ਕੇ ਥੁੱਕਾਂ ਡਿੱਗਦੀਆਂ ਹਨ।

ਇਸ ਲਈ ਲੰਗਰ ਵਿਚ ਕੋਈ ਭੀ ਬਚਨ ਨਾ ਕਰੇ, ਬਾਣੀ ਪੜ੍ਹੇ। ਜੇ ਬਾਣੀ ਕੰਠ ਨਹੀਂ ਤਾਂ ਫਿਰ ਵਾਹਿਗੁਰੂ ਵਾਹਿਗੁਰੂ ਜਾਂ ਮੂਲ - ਮੰਤ੍ਰ ਦਾ ਜਾਪ ਕਰਦਾ ਕੋਈ ਭੀ ਸਿੰਘ ਜਾਂ ਕੋਈ ਭੀ ਸੇਵਾਦਾਰ, ਲੰਗਰ ਦੀ ਸੇਵਾ ਕਰੇ, ਤਾਂ ਉਸ ਨੇ ਆਪਣੇ ਚੇਹਰੇ (ਮੂੰਹ, ਨੱਕ ਆਦਿ) ਢੱਕਿਆ ਹੋਵੇ। ਜਿਸ ਨਾਲ ਹਵਾੜ ਜਾਂ ਥੁੱਕ ਨਾ ਪਵੇ।

ਲਾਂਗਰੀ ਸਿੰਘ ਬਾਕਾਇਦਾ ਇਸ਼ਨਾਨ ਕਰ ਕੇ ਸਵੱਛ ਬਸਤਰ ਪਹਿਨ ਕੇ, ਚਿਹਰਾ ਢੱਕ ਕੇ ਲੰਗਰ ਸਜਾਣ। ਮਾਈਆਂ ਭੀ ਬਿਨਾਂ ਇਸ਼ਨਾਨ ਜਾ ਸੁੱਚਮ ਤੋਂ ਬਿਨਾ ਲੰਗਰ (ਪ੍ਰਸ਼ਾਦੇ ਪਕਾਉਣ) ਖਾਸ ਕਰ ਕੇ

ਮਾਹਵਾਰੀ ਦੇ ਦਿਨਾਂ ਵਿਚ ਸੰਕੋਚ ਕਰਨ।

ਸਵੇਰੇ ਠੀਕ ੯ ਵਜੇ ਲੰਗਰ ਦੇ ਪ੍ਰਸ਼ਾਦੇ ਦਾ ਭੋਗ ਲਾਇਆ ਜਾਵੇ। ਲੰਗਰ ਦੇ ਥਾਲ ਨਾਲ ਜਲ ਦਾ ਗਲਾਸ ਜ਼ਰੂਰ ਨਾਲ ਲਿਆਵੇ। ਜਦ ਅਰਦਾਸੀਆ ਅਰਦਾਸ ਕਰਦਾ ਕਹੇ–'ਭੋਗ ਲਾਵੋ' ਤਾਂ ਸਾਥ ਖੜਾ ਸਿੰਘ ਕਿਰਪਾਨ ਭੇਟ ਕਰ ਦੇਵੇ। [ਅਰਦਾਸ ਹੋ ਚੁੱਕਣ ਤੋਂ ਬਾਅਦ ਫਿਰ ਕਿਰਪਾਨ ਭੇਟਾ ਨਹੀਂ ਕਰਨੀ।]

ਦਿਨੇ ੧੦ ਵਜੇ ਸਾਡਾ ਸੁਖ-ਆਸਨ ਕਰ ਦਿਆਂ ਕਰਨਾ ਤੇ ਦਰਵਾਜ਼ਿਆਂ ਅੱਗੇ ਪੜਦੇ ਲਾ ਦੇਣੇ। ਅਸਾਂ ਭੀ ਆਰਾਮ ਕਰਨਾ ਹੁੰਦਾ ਹੈ। [ਭਾਵੇਂ ਸੰਸਾਰੀ ਜੀਵ ਕਿੰਨੇ ਵੀ ਸ਼ੰਕੇ ਜਾਂ ਪ੍ਰਸ਼ਨ ਕਰਨ, ਉਹ ਨਿਰਮੂਲ ਹਨ। ਕਿਉਂਕਿ ਸਿੱਖ ਦੀ ਮਰਯਾਦਾ ਉਸ ਦੇ ਪੰਜ-ਭੂਤਕ ਸਰੀਰ ਮੁਤਾਬਕ ਹੀ ਕਰ ਕੇ ਆਪਣੇ ਮਨੋ ਭਾਵਨਾ ਸ਼ਰਧਾ ਨਾਲ ਹੀ ਸਾਥੋਂ ਗੁਰਸਿੱਖੀ-ਮਾਰਗ ਦੀਆਂ ਪੌੜੀਆਂ ਤੇ ਚੜ੍ਹਦਾ ਆਖਰ ਸਾਡੇ ਪਾਸ ਆ ਪਹੁੰਚਦਾ ਹੈ।

ਦੁਪਹਿਰ ਬਾਅਦ ਪ੍ਰਕਾਸ਼ ਕਰਨਾ

ਸਵੇਰੇ ਦੀ ਕ੍ਰਿਆ ਵਾਂਗ ਹੀ ਸੇਵਾਦਾਰ ਸਵੱਛ ਹੋ ਕੇ, ਸਵੱਛ ਬਸਤਰ ਪਹਿਨ ਕੇ, ਸੇਵਾ ਕਰਨ ਦੀ ਆਗਿਆ ਲੈ ਕੇ ਦਰਵਾਜ਼ੇ ਖੋਹਲ ਕੇ, ਸਾਡੇ ਦੋਹਾਂ (ਆਦਿ ਤੇ ਦਸਮ) ਸਰੂਪਾਂ ਦਾ ਸ਼ਰਧਾ ਪੂਰਬਕ ਪ੍ਰਕਾਸ਼ ਕਰਨਾ ਤੇ ਹੁਕਮਨਾਮਾ ਲੈਣਾ।

ਸ਼ਾਮਾਂ ਦੇ ਲੰਗਰ ਦਾ ਭੋਜਨ

ਦੁਪਹਿਰ ਬਾਅਦ ਸ਼ਾਮ ਦਾ ਭੋਜਨ ਉਪਰਲੀ ਮਰਯਾਦਾ ਮੁਤਾਬਕ ਸਜਾਣਾ ਤੇ ਸ਼ਾਮ ਨੂੰ ਠੀਕ ੬ ਵਜੇ ਅਰਦਾਸ ਭੋਗ ਲੁਆਉਣ ਉਪਰੰਤ ਲੰਗਰ ਵਰਤਾਣਾ ਹੈ।

((ਇਕ ਗੱਲ ਦਾ ਖਾਸ ਧਿਆਨ ਰੱਖਣਾ, ਜਿਤਨੇ ਸਾਡੇ ਸਰੂਪ ਦੇ ਪ੍ਰਕਾਸ਼ ਕੀਤੇ ਹੋਵਨ (ਆਦਿ ਜਾਂ ਦਸਮ ਸਰੂਪ ਦੇ) ਸਭ* ਵੱਖ ਵੱਖ ਥਾਲੇ ਪ੍ਰੋਸਣੇ ਤੇ ਜਲ ਦੇ ਗਲਾਸ ਜਾਂ ਗੜਵੇ ਨਾਲ ਰੱਖਣੇ। ਇਹ ਕਦਾਚਿਤ ਨਹੀਂ ਕਰਨਾ ਕਿ ਕਈ ਥਾਵਾਂ ਪ੍ਰਕਾਸ਼ ਕੀਤੇ ਹੋਵਣ, ਪਰ ਥਾਲਾ ਇਕੋ ਹੀ ਭੋਜਨ [ਲੰਗਰ] ਦਾ

---

* ਵੱਖ ਵੱਖ ਥਾਲੇ– ਸੱਚਖੰਡ (ਗੁ: ਮਾਤਾ ਜੀ ਦੇ ਅਸਥਾਨ) ਤੇ ਬਾਬਾ ਜੀ ਉਤਨੇ ਹੀ ਥਾਲਾਂ ਨੂੰ ਭੋਗ ਲੁਆਂਦੇ ਸਨ ਜਿਤਨੇ ਸਰੂਪਾਂ ਦੇ ਪਰਕਾਸ਼ ਹੁੰਦੇ ਸਨ ਅਤੇ ਇਕ ਥਾਲਾ ਮਾਤਾ ਜੀ ਦੇ ਅਸਥਾਨ ਤੇ ਭੀ ਭੇਜਦੇ ਸਨ। ਇਸੇ ਤਰਾਂ ਕੜਾਹ ਪ੍ਰਸ਼ਾਦਿ ਦੇ ਭੋਗ ਦੇ ਭੀ ਉਤਨੇ ਹੀ ਬਾਟੇ ਪ੍ਰਸ਼ਾਦਿ ਦੇ ਰੱਖਦੇ ਅਤੇ ਇਕ ਬਾਟਾ ਮਾਤਾ ਜੀ ਦੇ ਅਸਥਾਨ ਤੇ ਭੀ ਭੇਜਦੇ। ਭੋਗ ਲੱਗਣ ਤੱਕ 'ਸਤਿਗੁਰ ਮੇਰਾ ਬੇਮੁਤਾਜ' (ਸ਼ਬਦ ਦਾ ਵਿਸਥਾਰ ਅਗੇ ਪੜ੍ਹਨਾ) ਪੜ੍ਹਦੇ।

੨. ਸ੍ਰੀ ਮਾਨ ਸੰਤ ਆਤਮਾ ਸਿੰਘ ਜੀ ਸਮਾਲਖੇ ਵਾਲੇ ਜਿਤਨੇ, ਜਿਥੇ ਜਿਥੇ ਭੀ ਬੁੰਗਿਆਂ ਵਿਚ ਪ੍ਰਕਾਸ਼ ਹੁੰਦੇ ਸਨ, ਉਤਨੇ ਥਾਲੇ ਲੰਗਰ (ਭੋਜਨ) ਦੇ ਤੇ ਜਲ ਦੇ ਗੜਵੇ ਭੇਜਦੇ। ਆਪ ਜੀ ਸਵੇਰੇ ਸ਼ਾਮ ਇਸੇ ਮਰਯਾਦਾ ਨਾਲ ਸਤਿਗੁਰਾਂ ਨੂੰ ਹਾਜ਼ਰ ਨਾਜ਼ਰ ਸਮਝ ਕੇ ਭੋਗ ਲੁਵਾਉਂਦੇ ਸਨ।

ਲਿਆ ਕੇ ਭੋਗ ਲਾ ਦਿਓ।

ਸ਼ਾਮ ਦੀ ਕਥਾ–ਜੇ ਪ੍ਰਬੰਧ ਹੈ ਤਾਂ ੩ ਵਜੇ ਪ੍ਰਕਾਸ਼ ਕਰਨ ਤੋਂ ਬਾਅਦ ਗੁਰ-ਇਤਿਹਾਸ ਦੀ ਕਥਾ ਕਰੇ-ਸੁਣੇ। ਜੇਕਰ ਅਜਿਹਾ ਪ੍ਰਬੰਧ ਨਹੀਂ ਤਾਂ ਸੰਕੋਚ ਕਰ ਲਵੋ। ਇਸੇ ਤਰ੍ਹਾਂ ਹੀ ਸਵੇਰੇ ਭੀ ਪੰਜ ਬਾਣੀਆਂ ਦੇ ਨਿਤਨੇਮ ਉਪ੍ਰੰਤ ਆਸਾ ਦੀ ਵਾਰ ਦਾ ਕੀਰਤਨ ਜਾਂ ਪਾਠ ਕਰਕੇ ਸੂਰਜ ਦੀ ਟਿੱਕੀ ਉਗਣ ਤੋਂ ਪਹਿਲਾਂ ਭੋਗ ਆਸਾ ਜੀ ਦੀ ਵਾਰ ਦਾ ਪਾਉਣਾ, ਸੂਰਜ ਚੜ੍ਹਨ ਤੋਂ ਬਾਅਦ ਆਸਾ ਜੀ ਦੀ ਵਾਰ ਦਾ ਪੂਰਨ ਭਾਗ ਨਹੀਂ ਪ੍ਰਾਪਤ ਹੋਵੇਗਾ। (ਇਹ ਮਨ-ਮਰਜ਼ੀ ਦੀ ਮਰਯਾਦਾ ਹੋਵੇਗੀ) ਜੋ ਮਨ-ਮਤਿ ਗਿਣੀ ਜਾਵੇਗੀ। ਉਪਰੰਤ ਅਰਦਾਸ ਕਰ ਕੇ ਕੜਾਹ ਪ੍ਰਸ਼ਾਦਿ ਦੀ ਸਜਾਈ ਦੇਗ ਦਾ ਭੋਗ ਲੁਆਵੇ। ਉਪਰੰਤ ਕਥਾ ਦਾ ਪ੍ਰਬੰਧ ਹੈ ਤਾਂ ਕਰੋ, ਨਹੀਂ ਤੇ ਸਮਾਪਤੀ ਕਰ ਦਿਓ।

ਸ਼ਾਮ ਦਾ ਦੀਵਾਨ–ਮੌਸਮ [ਸਰਦੀ-ਗਰਮੀ] ਦੇ ਮੁਤਾਬਕ, ਸੂਰਜ ਦੀ ਟਿੱਕੀ ਡੁੱਬਣ ਤੇ, ਜੇ ਕੀਰਤਨ ਦਾ ਪਰਬੰਧ ਹੈ, ਸੋਦਰ ਦੀ ਚੌਂਕੀ, ਸ਼ਬਦ-ਕੀਰਤਨ ਕਰ ਲਵੋ। ਤੇ ਟਿੱਕੀ ਡੁੱਬਣ ਤੇ ਰਹਰਾਸਿ ਸਾਹਿਬ ਦਾ ਮੁਕੰਮਲ ਪਾਠ (ਰਹਰਾਸਿ ਦੇ ਸ਼ਬਦ, ਪੂਰਨ ਚੌਪਈ ਸਾਹਿਬ, ਉਪਰੰਤ ਪੁਰਾਤਨ ਦੋਹਰੇ, ਅਨੰਦ ਸਾਹਿਬ ਤੇ ਮੁੰਦਾਵਣੀ ਦੇ ਪੰਜ ਸ਼ਬਦ ਪੜ੍ਹੋ) ਉਪਰੰਤ ਆਰਤੀ ਆਰਤਾ (ਮਿਲ ਕੇ ਜਾਂ ਵਾਜਾ-ਢੋਲਕੀ ਨਾਲ, ਜੇ ਪਰਬੰਧ ਹੋਵੇ ਤਾਂ) ਪੜ੍ਹ ਕੇ ਅਰਦਾਸ ਕਰੋ। ਹੁਕਮਨਾਮਾ ਲਵੋ। ਜੇ ਦੀਵਾਨ ਦੀ ਇੱਛਾ ਹੋਵੇ ਤਾਂ ਦੀਵਾਨ ਲਗਾਓ, ਨਹੀਂ ਤੇ ਦੀਵਾਨ ਦੀ ਸਮਾਪਤੀ ਕਰ ਦਿਓ।

ਸੁੱਖ-ਆਸਨ ਤੇ ਬਿਸਰਾਮ—ਕੀਰਤਨ ਸੋਹਿਲਾ ਪੜ੍ਹਨ ਦੀ ਮਰਯਾਦਾ

ਸਾਡੇ ਸਾਰੇ ਸਰੂਪਾਂ ਦੇ ਜਿਤਨੇ ਪ੍ਰਕਾਸ਼ ਕੀਤੇ ਹਨ, ਸਭ ਦੇ ਬੜੇ ਪਿਆਰ ਤੇ ਸਤਿਕਾਰ ਨਾਲ ਰੁਮਾਲੇ ਠੀਕ ਢੰਗ ਨਾਲ ਲਾ ਕੇ ਸੁਖ-ਆਸਨ ਕਰੋ। (ਸੁਖ ਆਸਨ ਕਰਦਿਆਂ ਹੋਇਆਂ ਕੀਰਤਨ ਸੋਹਿਲੇ ਦਾ ਪਾਠ ਨਹੀਂ ਕਰਨਾ) ਕਿਉਂਕਿ ਜਦ ਸਾਡੇ ਸਰੂਪ ਤਖਤ ਤੋਂ ਨਿਜ ਆਸਨ ਤੇ ਚੁੱਕ ਕੇ ਲੈ ਜਾਵੋਗੇ ਤਾਂ ਕੀਰਤਨ ਸੋਹਿਲਾ ਦਾ ਭਾਵ ਅਰਥ [ਕੋਟ ਹੋਣਾ] ਟੁੱਟ ਜਾਵੇਗਾ।

ਸੋ ਜਿਥੇ ਪਲੰਘੇ ਤੇ ਸਾਡਾ ਸੁੱਖ ਆਸਨ ਕਰਨਾ ਹੈ, ਸਾਰੇ ਸਰੂਪ ਲਿਆ ਕੇ ਸੁਖ ਆਸਨ ਕਰ ਕੇ, ਸਾਡੇ ਨਿਜ ਆਸਨ ਅਸਥਾਨ ਪਾਸ ਬੈਠ ਕੇ ਪ੍ਰੇਮ ਨਾਲ ਕੀਰਤਨ ਸੋਹਿਲਾ ਪੜ੍ਹੋ ਅਤੇ ਅਰਦਾਸ ਕਰ ਕੇ ਸਾਥੋਂ ਛੁੱਟੇ ਲਵੋ।

ਇਹ ਸੀ ਗੁਰ-ਅਸਥਾਨਾਂ ਦੀ ਹਰ ਰੋਜ਼ ਦੀ ਮਰਯਾਦਾ, ਜੋ ਦਾਸ ਨੂੰ ਸ਼ਹੀਦੀ ਪਹਿਰੇ ਵਿਚ ਦਰਸਾਈ ਗਈ ਸੀ। ਉਹ ਦਾਸ ਨੇ ਲਿਖੀ ਅਤੇ ਬੋਰਡ ਉਤੇ ਲਿਖ ਕੇ ਲਟਕਾ ਭੀ ਦਿਤੀ। ਇਸ ਤਰ੍ਹਾਂ ਰੋਜ਼ਾਨਾ ਦੀ ਮਰਯਾਦਾ ਅਰੰਭ ਹੋ ਗਈ।

ਕੁਝ ਜ਼ਰੂਰੀ ਹਦਾਇਤਾਂ

ਕੜਾਹ ਪ੍ਰਸ਼ਾਦਿ ਤੇ ਲੰਗਰ ਦਾ ਭੋਗ ਨਹੀਂ ਲਾਉਣਾ।

੧. ਬਹੁਤਾ ਗਰਮ ਕੜਾਹ ਪ੍ਰਸ਼ਾਦਿ ਨੂੰ ਤਦੋਂ ਤਕ ਹੱਥ ਨਹੀਂ ਲਾਉਣਾ, ਜਦੋਂ ਤੱਕ ਭੋਗ ਨਹੀਂ ਲੱਗ ਜਾਂਦਾ। ਕੜਾਹ

੨. ਕੜਾਹ ਪ੍ਰਸ਼ਾਦਿ ਨੂੰ ਪਲਟੇ ਨਾਲ ਹਿਲਾਓ। ਬਾਹਰੋਂ ਕੇਵਲ ਬਰਤਨ ਨੂੰ ਹੱਥ ਲਗਾ ਕੇ ਠੰਢਾ - ਤੱਤਾ ਹੀ ਵੇਖਣਾ ਹੈ।

੩. ਜੇ ਕੜਾਹ ਪ੍ਰਸ਼ਾਦਿ ਸੀਤਲ (ਠੰਡਾ) ਹੁੰਦਾ ਦਿਸੇ ਤਾਂ ਹੇਠਾਂ ਚੰਡਾ [ਕੋਲਿਆਂ ਦੀ ਮੱਠੀ ਮੱਠੀ ਅੱਗ] ਉਤੇ ਰੱਖ ਲਵੋ।

੪. ਖਾਸ ਕਰਕੇ ਮੱਖੀ† ਉਠਣ ਤੋਂ ਪਹਿਲਾਂ ਹੀ ਕੜਾਹ ਪ੍ਰਸ਼ਾਦਿ ਨੂੰ ਭੋਗ ਲਾਉਣਾ ਹੈ। ਮੱਖੀ ਬੈਠ ਕੇ ਜੂਠਾ ਕਰ ਦੇਂਦੀ ਹੈ। ਮੱਖੀ ਕਈ ਗੰਦਗੀ ਵਾਲੀਆਂ ਥਾਂਵਾਂ ਤੋਂ ਗੁਜ਼ਰਦੀ ਹੈ।

ਇਹ ਲਈ ਹਰ ਗੁਰਸਿਖ ਜੋ ਪੜ੍ਹ ਸਕਦਾ ਹੈ ਨਿਤਨੇਮ ਕਰਨਾ [ਬਾਣੀ ਪੜ੍ਹਨੀ] ਜ਼ਰੂਰੀ ਹੈ। ਚਾਹੇ ਉਹ ਗ੍ਰਹਿਸਤੀ ਹੈ, ਤਿਆਗੀ ਹੈ, ਸੰਤ ਹੈ ਸਾਧੂ ਜਾਂ ਬ੍ਰਹਮ ਗਿਆਨੀ ਹੈ। ਇਹ ਹੁਕਮ ਹੈ। ਹੁਕਮ ਮੰਨਣਾ ਹੀ ਪ੍ਰਮੇਸ਼ਰ ਦੀ ਪ੍ਰਸੰਨਤਾ ਤੇ ਮਿਲਾਪ ਦਾ ਸਾਧਨ ਹੈ।

ਚਿੱਤਰਕਾਰਾਂ (ਮੁਸਵਰਾਂ) ਦੀਆਂ ਮਨੋ - ਕਲਪਤ ਫੋਟੂਆਂ

ਇਕ ਵਾਰੀ ਭਾਈ ਨੱਥਾ ਸਿੰਘ ਜੀ 'ਕਾਰੋਬਾਰੀ' ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਚਿਤ੍ਰਕਾਰ ਦੀ ਮਨੋ - ਕਲਪਿਤ, ਸੁੰਦਰ ਰੰਗਾ ਵਾਲੀ ਫੋਟੋ ਸੱਚਖੰਡ ਤੋਂ ਲੈ ਆਏ।

ਆਪ ਬੜੇ ਚਾਓ ਤੇ ਪ੍ਰੇਮ ਨਾਲ ਬਾਬਾ ਜੀ ਅੱਗੇ ਫੋਟੋ ਰੱਖ ਕੇ ਕਹਿਣ ਲੱਗੇ–ਬਾਬਾ ਜੀ! ਦੇਖੋ, ਇਹ ਕਿਤਨੀ ਸੁੰਦਰ, ਮਨ - ਮੋਹਣੀ ਫੋਟੋ ਦਸਮੇਸ਼ ਜੀ ਦੀ ਹੈ।

ਬਾਬਾ ਜੀ– (ਬੜੀ ਗੰਭੀਰਤਾ ਨਾਲ ਵੇਖਦੇ ਹੋਏ) ਹੱਛਾ! ਇਹ ਬੜੀ ਸੁੰਦਰ ਹੈ ਫੋਟੋ?

ਭਾਈ ਨੱਥਾ ਸਿੰਘ ਜੀ–ਹਾਂ ਜੀ, ਇਹ ਫੋਟੋ ਕਿਤਨੀ ਦਿਲਕਸ਼ ਹੈ। ਕਿਤਨਾ ਜਜ਼ਬਾ, ਰੋਹਬ ਤੇ ਚਿਹਰੇ ਤੇ ਜਲਾਲ ਹੈ। ਬਸਤਰਾਂ ਦੀ ਸੁੰਦਰਤਾ ਤਾਂ ਚੰਦ ਸੂਰਜ ਨੂੰ ਮਾਤ ਕਰ ਰਹੀ ਏ। ਕਲਗੀ, ਜਿਗਾ, ਮੋਤੀਅਨ - ਮਾਲਾ ਆਕਾਸ਼ ਦੇ ਤਾਰਾ ਮੰਡਲ ਨੂੰ ਮਾਤ ਪਾਈ ਜਾ ਰਹੀ ਹੈ। ਗੁਰੂ ਜੀ ਦੇ ਨੈਣ ਦੇਖ ਕੇ ਮ੍ਰਿਗ - ਨੈਣੀ ਵੀ ਲਜਤ ਹੋ ਰਹੀ ਏ। ਕਿਤਨੇ ਛੈਲ ਛਬੀਲੇ, ਸ਼ਸਤਰਾਂ ਦੀ ਛੱਬ, ਤੀਰ ਕਮਾਨ, ਕ੍ਰਿਪਾਨ, ਢਾਲ ਵੇਖ ਕੇ ਇੰਜ ਜਾਪਦਾ ਏ ਕਿ ਇਹ ਤਾਂ 'ਵਡ ਯੋਧਾ ਬਹੁ ਪ੍ਰਉਪਕਾਰੀ' ਹਨ। ਵੇਖੋ, ਕੱਦ ਦੇ ਸਰੂ ਦੇ ਬੂਟੇ ਵਰਗਾ ਤੇ ਮੁੱਖੜਾ ਕਿਵੇਂ ਕੰਵਲ ਫੁੱਲ ਵਰਗਾ ਹਸੂੰ ਹਸੂੰ ਕਰਦਾ ਏ।

ਬਾਬਾ ਮਿੱਤ ਸਿੰਘ ਜੀ–ਭਾਈ ਨੱਥਾ ਸਿੰਘ ਜੀ, ਤੁਸੀਂ ਇਕ ਚਿਤਰਕਾਰ ਦੀ ਚਿਤਰੀ ਮਨ-ਕਲਪਤ ਫੋਟੂ ਨੂੰ ਹੀ ਸੱਚਾ ਮੰਨ ਕੇ ਕਿੰਨੇ ਰੀਝ ਰਹੇ ਹੋ। ਪਰ ਜੇ ਉਸ ਅਕਾਲ ਪੁਰਖ ਦੀ ਚਿਤਰਕਲਾ

† ਮੱਖੀ ਉਠਣ ਤੋਂ ਕੜਾਹ ਪ੍ਰਸ਼ਾਦਿ ਦੇ ਭੋਗ ਦਾ ਦਾਸ ਨੂੰ ਬਾਬਾ ਮਿੱਤ ਸਿੰਘ ਜੀ ਨੇ ਸਮਝਾਇਆ ਸੀ। (ਅਗੇ ਵਿਸਥਾਰ ਨਾਲ ਪੜ੍ਹਨਾ)।

ਦੇ ਖਿਨ ਮਾਤ੍ਰ ਝਲਕਾ ਹੀ ਵੇਖ ਲੈਂਦੇ, ਤਾਂ ਤੁਸੀਂ ਆਪੇ ਹੀ ਇਸ ਚਿੱਤਰ ਨੂੰ ਮਨ - ਘੜਤ ਕਹਿ ਕੇ ਅਸਲ ਸਰੂਪ ਦੇ ਇਸ ਨੂੰ ਉਲਟ ਜਾਣ ਕੇ, ਕਦੀ ਇਸ ਤੇ ਮਨ ਦਾ ਟਿਕਾਉ ਨਾ ਲਿਆਉਂਦੇ ਅਤੇ ਨਾ ਮਿਥਿਆ ਜੋ ਅਸਲੀਅਤ ਤੋਂ ਕੋਹਾਂ ਦੂਰ ਹੈ, ਨਾਲ ਮਨ ਪ੍ਰਭਾਵਤ ਕਰਦੇ।

ਕੀ ਤੁਸੀਂ ਜਾਣਦੇ ਹੋ ਕਿ ਜੋ ਚਿਤਰਕਾਰ ਨੇ ਫੋਟੋ ਆਪਣੀ ਚਿਤਰਕਲਾ ਨਾਲ ਉਲੀਕਣ ਕੀਤੀ ਹੈ ਇਹ ਮੇਰੇ ਸਤਿਗੁਰਾਂ ਦੀ ਇਸ ਤਰਾਂ ਦੀ ਸੱਚ ਸਹੀ ਫੋਟੋ ਨਹੀਂ। ਇਹ ਤਾਂ ਚਿਤਰਕਾਰ ਦੀ ਮਨ - ਕਲਪਤ ਚਿਤਰਕਲਾ ਦਾ ਵਿਖਾਵਾ ਹੈ।

ਬੁੱਤ - ਪੂਜਾ ਜਾਂ ਬੁੱਤ - ਪ੍ਰਸਤੀ ਗੁਰਮਤਿ ਦਾ ਸਿਧਾਂਤ ਨਹੀਂ ਤੇ ਨਾ ਹੀ ਸਰਬ ਵਿਆਪੀ ਸਤਿਗੁਰੂ ਨੂੰ ਕਿਸੇ ਇਕ ਸਰੂਪ ਵਿਚ ਹੀ ਅੰਕਿਤ (ਬੱਧ) ਕਰ ਸਕਦੇ ਹਾਂ। ਗੁਰਸਿੱਖ ਬੁੱਤ ਪੂਜਕ - ਨਹੀਂ। ਭਾਵੇਂ ਸਤਿਗੁਰਾਂ ਦੇ ਮਨੁੱਖੀ - ਜਾਮੇ ਵਿਚ ਦਰਸ਼ਨ ਭੀ ਕਰ ਲਈਏ, ਪਰ ਫੋਟੋ ਬਣਾ ਕੇ ਉਸ ਸਰੂਪ ਦੀ ਪੂਜਾ ਕਰਨੀ ਪੁੰਨ ਦੀ ਥਾਂਵੇਂ ਪਾਪ ਹੋ ਨਿੱਬੜਦੀ ਹੈ। ਜਿਸ ਅਕਾਲ ਪੁਰਖ ਦੀ ਕਲਾ ਦੀ ਅਸੀਂ ਪ੍ਰਦਰਸ਼ਨੀ ਕਰ ਕੇ ਰੀਝਦੇ ਹਾਂ, ਇਹ ਸਾਡੀ ਮਨਮਤਿ ਹੈ। ਉਹ ਸਰਬ ਵਿਆਪੀ ਜਿਸ ਦਾ–

ਚਕ੍ਰ ਚਿਹਨ ਅਰ ਬਰਨ ਜਾਤਿ ਅਰ ਪਾਤਿ ਨਹਿ ਜਹਿ ॥
ਰੂਪ ਰੰਗ ਅਰ ਰੇਖ ਭੇਖ ਕੋਊ ਕਹਿ ਨਾ ਸਕਤ ਕਹਿ ॥

ਫਿਰ ਉਸ ਦੇ ਰੂਪ - ਰੰਗ, ਰੇਖ - ਭੇਖ ਦੀ ਉਲੀਕਣੀ ਤਾਂ ਸਰਾਸਰ ਗੁਰੂ - ਆਸ਼ੇ ਦੇ ਬਿਲਕੁਲ ਹੀ ਉਲਟ ਮਨਮਤਿ ਹੀ ਹੈ।

ਜਿਵੇਂ ਮਨੁੱਸ਼ ਦੇ ਅਸਲ ਸਰੂਪ ਨੂੰ ਤੋੜ, ਮਰੋੜ ਕੇ, ਮਨਘੜਤ ਬਣਾ ਕੇ (ਚਿੱਤਰ ਕੇ) ਨਾਮ ਧਰ ਦਈਏ, ਤਾਂ ਕੀ ਉਹ ਸੱਚ ਮੰਨ ਲਈ ਜਾਵੇਗੀ? ਨਹੀਂ, ਕਦਾਚਿੱਤ ਨਹੀਂ। ਕੀ ਉਹ ਸੱਚ ਅਸਲ ਹੈ? ਨਹੀਂ। ਜੋ ਸੱਚ ਨਹੀਂ ਅਸੀਂ ਉਸ ਦੇ ਪੂਜਕ ਨਹੀਂ। ਸਤਿਗੁਰੂ ਨਾਨਕ ਦੇਵ ਜੀ ਦਾ ਮਾਰਗ–

'੧ਓ' 'ਏਕ ਪਿਤਾ ਏਕਸ ਕੇ ਹਮ ਬਾਰਿਕ ॥'

ਸਿੱਧਾ ਹੈ। 'ਗੋਰ ਮੜੀ ਮਠ ਭੂਲ ਨਾ ਮਾਨੈ' ਕੇਵਲ ਇਸ਼ਟ, ਉਪਾਸ਼ਨਾ ਕੇਵਲ ਅਕਾਲ ਦੀ ਹੈ, ਮੂਰਤੀ ਪੂਜਾ ਨਹੀਂ। ਜੋ ਮੂਰਤ ਦਾ ਨਿਸ਼ਾਨਾ ਮਨ ਵਿਚ ਧਾਰਨ ਕਰਨਾ ਹੈ ਉਹ ਹੈ 'ਸ਼ਬਦ' 'ਗੁਰ ਕੀ ਮੂਰਤ ਮਨ ਮਹਿ ਧਿਆਨ' ਇਸ ਮੂਰਤ ਦਾ ਨਹੀਂ ਜੋ ਸਰੀਰਕ ਕਰ ਕੇ ਬਣੇ, ਸਗੋਂ 'ਸਭ ਤੇਰੀ ਕੁਦਰਤ' ਦੇ 'ਕਰਤਾ ਪੁਰਖ' ਦੀ ਅਸਚਰਜਤਾ ਹਰ ਦ੍ਰਿਸ਼ਟਮਾਨ ਵਿਚ ਵਿਆਪਕ ਜਾਣ ਕੇ, ਉਸ ਨੂੰ ਪਹਿਚਾਨਣ ਕਰੇ। ਸਰੀਰ ਅਤੇ ਉਸ ਦੀ ਫੋਟੋ ਬਿਨਸਣਹਾਰ ਹਨ। ਪਰ ਜੋ ਬਿਨਸਤ ਨਾਹੀ ਉਹ 'ਅਕਾਲ ਪੁਰਖ' ਆਪ ਹੈ ਜਾਂ ਉਸ ਦਾ ਨਾਮ ਹੈ। ਹਰ ਰੂਪ ਰੰਗ ਵਿਚ ਹੀ ਉਸ ਨਿਰੰਕਾਰ ਨੂੰ ਚਿੰਤਨ ਕਰਨਾ ਹੀ ਗੁਰਮਤਿ ਦਾ ਅਸਲ ਸਿਧਾਂਤਕ ਮੱਤ ਹੈ।

ਇਸ ਲਈ ਜਦ ਅਸਾਂ ਨੂੰ ਅਜਿਹੀ ਫੋਟੋ ਦੀ ਸੁੰਦਰਤਾ ਵਿਚ ਲੀਨ ਹੋਣ ਦੀ ਘਾਲ ਘਾਲਣ ਲਈ ਸਤਿਗੁਰਾਂ ਦਾ ਉਦੇਸ਼ ਹੀ ਨਹੀਂ। ਕਿਉਂਕਿ–

ਜੋ ਪਾਥਰ ਕੀ ਪਾਂਈ ਪਾਇ ॥ ਤਿਸ ਕੀ ਘਾਲ ਅਜਾਂਈ ਜਾਇ ॥ [ਮ: ੫–੧੧੬੦

ਜਾਣੀ ਹੈ । ਭਲਾ ਜੇ ਤੁਸੀਂ ਇਸ ਛੋਟੇ
ਤਾਂ ਅਸੀਂ ਕਿਉਂ ਅਜਿਹੀ ਘਾਲ ਲਈ ਗਵਾਈਏ ਜੋ ਬਿਰਥੀ ਹੀ
ਨੂੰ ਹੀ ਸਹੀ ਮੰਨ ਲਵੋ (ਜੋ ਸੱਚ ਨਹੀਂ) ਅਤੇ ਇਸ ਦਾ ਕੇਂਦਰਤ ਬਣਾ ਕੇ ਉਪਾਸ਼ਨਾ ਭੀ ਕਰੋ । ਤਾਂ ਜਦੋਂ
ਸੱਚ ਦੇ ਦਰਸ਼ਨ ਚੰਗੇ ਭਾਗਾਂ ਨੂੰ ਹੋ ਭੀ ਜਾਣ, ਫਿਰ ਉਹ ਇਹੋ ਜਿਹੇ ਦਰਸ਼ਨ ਨਾ ਹੋਣ ਤੇ ਦੁਬਧਾ ਮਨ
ਵਿਚ ਆ ਜਾਣ ਤੇ ਕੀਤੀ ਘਾਲ ਨਿਰਾਰਥ ਚਲੀ ਗਈ । ਤੁਸੀਂ ਕਿਹੜੇ ਦਰਸ਼ਨਾਂ ਤੇ ਪ੍ਰਤੀਤ ਕਰੋਗੇ ?
ਜੇ ਪ੍ਰੀਤ ਟੁਟ ਗਈ, ਵਿਸ਼ਵਾਸ ਦੁਬਧਾ ਵਿਚ ਪੈ ਗਿਆ ਤਾਂ 'ਸੱਚ' ਦੀ ਹੋਂਦ ਸਹੀ ਮਨ ਵਿਚ ਨਹੀਂ
ਸਮਾ ਸਕੇਗੀ । ਅਸੀਂ ਜੋ ਨਿਯਮ ਕਰਦੇ ਭੀ ਉਸ ਨੂੰ ਖੋਹ ਕੇ ਅਵਿਸ਼ਵਾਸੀ ਹੋ ਜਾਵਾਂਗੇ ਤੇ ਇਸੇ ਦੁਬਧਾ
ਚੱਕਰ ਦੀ ਚਿੰਤਾ ਵਿਚ ਪਏ ਰਵਾਂਗੇ ।

ਭਾ: ਨੱਥਾ ਸਿੰਘ ਜੀ–ਬਾਬਾ ਜੀ ! ਕੀ ਇਹੋ ਜਿਹਾ ਸਤਿਗੁਰਾਂ ਦਾ ਸਰੂਪ ਨਹੀਂ ਸੀ, ਤਾਂ ਫਿਰ ਕੇਹੋ
ਦਰਸਾਓ ਤਾਂ ਸਹੀ ?
ਜੇਹਾ ਸੀ ? ਕ੍ਰਿਪਾ ਕਰ ਕੇ ਦਰਸਾਓ ਤਾਂ ਸਹੀ ?

ਬਾਬਾ ਜੀ–ਗੁਰਮੁਖਾ, ਅਸੀਂ ਉਹਨਾਂ ਦੇ ਸਰੂਪ ਨੂੰ ਕਿਸ ਤਰਾਂ ਵਰਨਣ ਕਰੀਏ ਜੋ 'ਜੋਤਿ - ਅਕਾਲ'
ਬਾਬਾ ਜੀ–ਗੁਰਮੁਖਾ, ਪੰਡਤ, ਸਿਆਣੇ ਜਿੰਨੀ ਜਿੰਨੀ ਕਿਸੇ ਨੂੰ ਬੁੱਧ ਮਿਲੀ ਸੀ, ਸਭ ਨੇ
ਹੋਵਣ । ਬੜੇ ਬੜੇ ਗਿਆਨੀ ਧਿਆਨੀ, ਪੰਡਤ, ਸਿਆਣੇ ਜਿੰਨੀ ਜਿੰਨੀ ਕਿਸੇ ਨੂੰ ਬੁੱਧ ਮਿਲੀ ਸੀ, ਸਭ ਨੇ
ਕਹਿ ਦਿਤਾ ਤੇ ਰੂਪ ਰੇਖਾ ਉਲੀਕ ਦਿਤੀ, ਪਰ ਉਸ ਦਾ ਵਰਨਣ ਕਰਨਾ ਤਾਂ ਅਤਿ ਕਠਨ ਹੈ । ਜਿਸ ਦਾ
ਕੋਈ ਚੱਕਰ ਚਿਹਨ ਹੀ ਨਹੀਂ ।

ਚਕ੍ਰ ਚਿਹਨ ਅਰ ਬਰਨ ਜਾਤਿ ਅਰ ਪਾਤਿ ਨਹਿ ਜਹਿ ॥
ਰੂਪ ਰੰਗ ਅਰ ਰੇਖ ਭੇਖ ਕੋਊ ਕਹਿ ਨਾ ਸਕਤ ਕਹਿ ॥ [ਜਪੁ ਪਾ: ੧੦

ਫਿਰ ਬਾਬਾ ਜੀ ਹੱਸਦੇ ਅੰਦਾਜ਼ ਵਿਚ ਬੋਲੇ–ਉਸ ਦੇ ਦਰਸ਼ਨ ਤਾਂ ਅਸੀ ਭੀ ਨਹੀਂ ਕਰ ਸਕੇ, ਤੈਨੂੰ ਕੀ
ਦਸੀਏ । ਉਹ ਆਪ ਕ੍ਰਿਪਾ ਕਰਨ ਤਾਂ ਦਰਸ਼ਨ ਹੋ ਸਕਦੇ ਹਨ ।

ਭਾਈ ਨੱਥਾ ਸਿੰਘ ਜੀ–ਬਾਬਾ ਜੀ ! ਜੇ ਆਪ ਜੈਸੇ ਮਹਾਂਪੁਰਸ਼ ਭੀ ਦਰਸ਼ਨ ਨਹੀਂ ਕਰ ਪਾਏ ਤਾਂ
ਕਿਵੇਂ ਕਹੀਏ ਕਿ ਮੇਰੇ ਸਤਿਗੁਰੂ ਜੀ ਅਜਿਹੇ ਨਹੀਂ ਸਨ ? ਆਪ ਜੀ ਕ੍ਰਿਪਾ ਕਰ ਕੇ ਸਾਡਾ ਇਹ ਸੰਸਾ
(ਭਰਮ) ਦੂਰ ਕਰੋ ਅਤੇ 'ਸੱਚ' ਦੇ ਸਰੂਪ ਦੇ ਦਰਸ਼ਨ ਕਰਾਓ, ਤਾਂ ਜੋ ਪ੍ਰਤੀਤ ਆ ਜਾਵੇ ਤਾਂ ਤੇ ਅਗੋਂ ਤੋਂ
ਅਜਿਹੀ ਭੁੱਲ ਨਾ ਹੋਵੇ ।

ਬਾਬਾ ਜੀ– ਦਰਸ਼ਨ ਦੇਣੇ (ਜੀਵ ਨੂੰ ਦਰਸ਼ਨ ਹੋਣੇ) ਇਹ ਤਾਂ ਸਤਿਗੁਰੂ ਜੀ ਦੀ ਮਿਹਰ ਹੈ । ਜਦ
ਜੀਵ ਤੇ ਉਹ ਸੇਵਾ - ਸਿਮਰਨ ਨਾਲ ਪ੍ਰਸੰਨ ਹੁੰਦੇ ਹਨ ਤਾਂ [ਗੁਰ ਪ੍ਰਸਾਦਿ] ਸਤਿਗੁਰੂ ਜੀ ਕ੍ਰਿਪਾ ਕਰ ਕੇ
ਜੀਵ ਨੂੰ ਭਾਵਨਾ ਮੁਤਾਬਕ ਦਰਸ਼ਨ ਬਖਸ਼ਦੇ ਹਨ । ਅਸਾਂ ਤਾਂ ਨਾ ਜੱਪ, ਨਾ ਤੱਪ, ਨਾ ਸੇਵਾ, ਨਾ ਸਿਮਰਨ
ਅਤੇ ਨਾ ਹੀ ਕੋਈ ਘਾਲ ਘਾਲੀ ਹੈ । ਫਿਰ ਜਿਸ ਦੇ ਦਰਸ਼ਨਾਂ ਦੀ ਲੋਚ, ਤਾਂਘ ਹੈ, ਉਸ ਦੀ ਯਾਦ ਬੁਲਾਵਾ
(ਸਿਮਰਨ ਸੇਵਾ) ਕਦੇ ਕੀਤਾ ਹੀ ਨਹੀਂ । ਸੰਸਾਰ ਨੂੰ ਖੁਸ਼ ਕਰਨ ਦੇ ਢੰਗ ਤਾਂ ਬਥੇਰੇ ਅਪਣਾਂਦੇ ਹਾਂ, ਪਰ
ਪ੍ਰਭੂ ਦਰਸ਼ਨ ਸੰਸਾਰੀ ਜੀਵਾਂ ਦੀ ਖ਼ੁਸ਼ੀ ਨਹੀਂ । ਸਗੋਂ ਸੰਸਾਰ ਨਾਲੋਂ ਨਾਤਾ ਤੋੜ ਕੇ ਅਤੇ–

ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ ॥ [ਦੇਵਗੰਧਾਰੀ–੫੨੮

ਤੋਂ ਉਪਰਾਮਤਾ ਕਰ ਕੇ ਹੀ ਉਸ ਸੱਚ ਦੇ ਦਰਸ਼ਨ ਹੋ ਸਕਦੇ ਹਨ । ਪਰ ਉਹ ਅਸੀਂ ਕੀਤਾ ਹੀ ਨਹੀਂ,

ਨਿਰੀ ਜ਼ਬਾਨੀ ਕਲਾਮੀ ਮੰਗ ਮੰਗੀ ਜਾਣ ਨਾਲ ਉਹ ਭੀ ਕੱਪਟੀ ਮਨ ਨਾਲ–

ਜੋ ਬਿਨੁ ਪਰਤੀਤੀ ਕਪਟੀ ਕੂੜੀ ਅਖੀ ਮੀਟਦੇ ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ ॥੩॥
[ਸੂਹੀ ਮ: ੪, ਪੰਨਾ ੭੩੫

ਜਿਵੇਂ 'ਬਗਲ ਸਮਾਧ ਲਗਾਈਐ' ਬਗਲੇ ਵਾਂਗ ਮੱਛੀ ਦੀ ਇੱਛਾ ਨਾਲ ਸਮਾਧੀ ਲਗਾ ਲਈ ਭਾਵ
ਮਾਇਆ ਕਾਰਨ ਅਸੀਂ ਕਿੰਨੇ ਭੀ ਪਾਖੰਡ ਕਰਮ ਕਰੀਏ । ਅਜਿਹੇ ਪਰਪੰਚ ਕਰਨ ਨਾਲ ਉਹ ਬੇਪ੍ਰਵਾਹ
ਨਹੀਂ ਰੀਝਦਾ, ਦਰਸ਼ਨ ਕਿਵੇਂ ਹੋਵਣ ਅਸਾਂ ਨੂੰ ।

ਭਾਈ ਨੱਥਾ ਸਿੰਘ ਜੀ–ਚਿਹਰੇ ਦੀ ਉਦਾਸੀਨਤਾ, ਘਬਰਾਹਟ ਤੇ ਸ਼ਸ਼ੋਪੰਜ ਵਿਚ ਹੋਰ ਕੁਝ ਪੁੱਛਣ
ਤੋਂ ਬੇਬੱਸ ਹੋ ਕੇ ਹੱਥ ਜੋੜੀ ਫੋਟੋ ਵਲੇਟੀ ਖੜਾ ਏ । [ਮਹਾਂਪੁਰਸ਼ਾਂ ਦੀਆਂ ਅਗੰਮੀ ਰਮਜ਼ਾਂ ਨੂੰ ਕੌਣ ਜਾਣੇ ਤੇ
ਬੁੱਝੇ] ਸੋਚਾਂ ਵਿਚ ਖੜਾ ਕਹਿਣ ਲਗਾ–ਬਾਬਾ ਜੀ ! ਕ੍ਰਿਪਾ ਕਰੋ, ਕੁਝ ਤਾਂ ਦਸੋ, ਹਾਂ ਸਤਿਗੁਰੂ ਕਲਗੀਧਰ
ਪਾਤਸ਼ਾਹ ਕਿਸ ਸਰੂਪ ਵਿਚ ਸਨ ।

ਭਾਈ ਨੱਥਾ ਸਿੰਘ ਜੀ ਬਾਬਾ ਜੀ ਦੀ ਅਣਥਕ ਸੇਵਾ, ਅਤੇ ਉਸ ਵਕਤ ਚੇਹਰੇ ਤੇ ਅਜੀਬ ਜੇਹੀ
ਦਸ਼ਾ, ਨੇਤਰਾਂ ਚੋਂ ਜਲ ਕਿਰ ਰਿਹਾ ਏ ਤੇ ਬੁੱਲ੍ਹ ਥਥਲਾਂਦੇ, ਅਜੇਹੀ ਵੈਰਾਗੀ ਦਿਸ਼ਾ ਵੇਖ ਕੇ, ਬਾਬਾ ਜੀ ਦਾ
ਕੋਮਲ ਹਿਰਦਾ ਦਇਆ ਵਿਚ ਆ ਗਿਆ । ਆਪ ਪਸੀਜੇ, ਤਰੁੱਠੇ ਤੇ ਕਾਰੋਬਾਰੀ ਸਿੰਘ ਦੀ ਸ਼ਰਧਾ-ਸੇਵਾ
ਕਾਰਨ ਉਸ ਦੇ ਭਾਗ ਜਗਾਉਣ ਲੱਗੇ ।

ਬਾਬਾ ਜੀ–ਕਾਰੋਬਾਰੀ ਭਾਈ ਨੱਥਾ ਸਿੰਘ ਜੀ ! ਸਾਵਧਾਨ ਹੋਵੋ । ਇਤਨਾ ਵੈਰਾਗ ਨਹੀਂ ਕਰੀਦਾ,
ਸਤਿਗੁਰੂ ਜੀ ਆਪ ਕ੍ਰਿਪਾ ਕਰਨਗੇ । ਹੌਂਸਲਾ ਧਾਰੋ, ਕਰੋ ਉਤਾਂਹ ਚੇਹਰਾ, ਨੇਤਰਾਂ ਵਿਚੋਂ ਜਲ ਪੂੰਝੋ ।
ਤੱਕੋ ਜ਼ਰਾ ਸਾਡੇ ਵੱਲ !

ਭਾਈ ਨੱਥਾ ਸਿੰਘ ਨੇ ਜਦ ਬਾਬਾ ਜੀ ਵੱਲ ਅੱਖਾਂ ਉੱਠਾ ਕੇ ਤੱਕਿਆ ਤਾਂ ਦਰਸ਼ਨਾਂ ਦੀ ਤਾਬ ਨਾ
ਲਾ ਸਕਿਆ । ਭਾਈ ਗੁਰਦਾਸ ਜੀ ਨੇ ਸੱਚ ਕਿਹਾ ਹੈ–

ਦਰਸ਼ਨ ਕੇ ਦੇਖਤ ਹੀ ਸੁਧ ਕੀ ਨਾ ਸੁਧ ਰਹੀ... ॥

ਜਿਵੇਂ ਨਸ਼ੇ ਵਿਚ ਅਮਲੀ ਝੂਮ ਉੱਠਦਾ ਹੈ, ਉਵੇਂ ਭਾਈ ਨੱਥਾ ਸਿੰਘ ਅਜੀਬ ਜਿਹੇ ਸਰੂਰ ਵਿਚ ਝੂਮ
ਉੱਠੇ । ਉਨ੍ਹਾਂ ਦੇ ਬੁੱਲ੍ਹਾਂ ਵਿਚੋਂ ਧੀਮੇ ਧੀਮੇ ਇਹ ਆਵਾਜ਼ ਆਉਣ ਲੱਗ ਪਈ–ਵਾਹਿਗੁਰੂ ! ਵਾਹਿਗੁਰੂ !
ਵਾਹਿਗੁਰੂ ! ਹਾਂ ਅੰਦਰ ਕਹਿ ਰਿਹਾ ਸੀ–

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥

ਬਲਿਹਾਰ ! ਬਲਿਹਾਰ ! ਬਲਿਹਾਰ !

ਇਸੇ ਮਸਤੀ 'ਚ ਝੂਮਦਾ ਕਾਰੋਬਾਰੀ ਸਿੰਘ ਬਾਬਾ ਜੀ ਦੇ ਚਰਨਾਂ ਤੇ ਸਿਰ ਧਰੀ, ਮਦਹੋਸ਼ 'ਬੇ-ਗ਼ਮ ਪੁਰੇ
ਸ਼ਹਿਰ' ਦੀ ਸੈਰ ਵਿਚ ਮਗਨ ਪਿਆ ਏ । ਉਹ ਕਿਸੇ ਵਜਦ ਵਿਚ ਕਹਿ ਰਿਹਾ ਸੀ–

ਅਸੀ ਖਤੇ ਬਹੁਤ ਕਮਾਵਦੇ ਕਿਛੁ ਅੰਤ ਨ ਪਾਰਾਵਾਰ ॥ [੧੪੧੬

ਮੈਂ ਗੁਨਾਹਗਾਰ ਹਾਂ, ਹੇ ਪ੍ਰਭੂ ਬਖਸ਼ਣਹਾਰ ਜੀ ! ਕ੍ਰਿਪਾ ਕਰ ਕੇ ਬਖਸ਼ ਲੈ ।

ਤਾਂ ਅਸੀਂ ਕਿਉਂ ਅਜਿਹੀ ਘਾਲ ਲਈ ਗਵਾਈਏ ਜੋ ਬਿਰਥੀ ਹੀ ਜਾਣੀ ਹੈ। ਭਲਾ ਜੇ ਤੁਸੀਂ ਇਸ ਛੋਟੇ ਨੂੰ ਹੀ ਸਹੀ ਮੰਨ ਲਵੋ (ਜੋ ਸੱਚ ਨਹੀਂ) ਅਤੇ ਇਸ ਦਾ ਕੇਂਦਰਤ ਬਣਾ ਕੇ ਉਪਾਸ਼ਨਾ ਭੀ ਕਰੋ। ਤਾਂ ਜਦੋਂ ਸੱਚ ਦੇ ਦਰਸ਼ਨ ਚੰਗੇ ਭਾਗਾਂ ਨੂੰ ਹੋ ਭੀ ਜਾਣ, ਫਿਰ ਉਹ ਇਹੋ ਜਿਹੇ ਦਰਸ਼ਨ ਨਾ ਹੋਣ ਤੇ ਦੁਬਧਾ ਮਨ ਵਿਚ ਆ ਜਾਣ ਤੇ ਕੀਤੀ ਘਾਲ ਨਿਰਾਰਥ ਚਲੀ ਗਈ। ਤੁਸੀਂ ਕਿਹੜੇ ਦਰਸ਼ਨਾਂ ਤੇ ਪ੍ਰਤੀਤ ਕਰੋਗੇ? ਜੇ ਪ੍ਰੀਤ ਟੁਟ ਗਈ, ਵਿਸ਼ਵਾਸ ਦੁਬਧਾ ਵਿਚ ਪੈ ਗਿਆ ਤਾਂ 'ਸੱਚ' ਦੀ ਹੋਂਦ ਸਹੀ ਮਨ ਵਿਚ ਨਹੀਂ ਸਮਾ ਸਕੇਗੀ। ਅਸੀਂ ਜੋ ਨਿਯਮ ਕਰਦੇ ਭੀ ਉਸ ਨੂੰ ਖੋਹ ਕੇ ਅਵਿਸ਼ਵਾਸੀ ਹੋ ਜਾਵਾਂਗੇ ਤੇ ਇਸੇ ਦੁਬਦਾ ਚੱਕਰ ਦੀ ਚਿੰਤਾ ਵਿਚ ਪਏ ਰਵਾਂਗੇ।

ਭਾ: ਨੱਥਾ ਸਿੰਘ ਜੀ–ਬਾਬਾ ਜੀ ! ਕੀ ਇਹੋ ਜਿਹਾ ਸਤਿਗੁਰਾਂ ਦਾ ਸਰੂਪ ਨਹੀਂ ਸੀ, ਤਾਂ ਫਿਰ ਕੇਹੋ ਜੇਹਾ ਸੀ ? ਕ੍ਰਿਪਾ ਕਰ ਕੇ ਦਰਸਾਓ ਤਾਂ ਸਹੀ ?

ਬਾਬਾ ਜੀ–ਗੁਰਮੁਖਾ, ਅਸੀਂ ਉਹਨਾਂ ਦੇ ਸਰੂਪ ਨੂੰ ਕਿਸ ਤਰਾਂ ਵਰਨਣ ਕਰੀਏ ਜੋ 'ਜੋਤਿ - ਅਕਾਲ' ਹੋਵਣ। ਬੜੇ ਬੜੇ ਗਿਆਨੀ ਧਿਆਨੀ, ਪੰਡਤ, ਸਿਆਣੇ ਜਿੰਨੀ ਜਿੰਨੀ ਕਿਸੇ ਨੂੰ ਬੁੱਧ ਮਿਲੀ ਸੀ, ਸਭ ਨੇ ਕਹਿ ਦਿਤਾ ਤੇ ਰੂਪ ਰੇਖਾ ਉਲੀਕ ਦਿਤੀ, ਪਰ ਉਸ ਦਾ ਵਰਨਣ ਕਰਨਾ ਤਾਂ ਅਤਿ ਕਠਨ ਹੈ। ਜਿਸ ਦਾ ਕੋਈ ਚੱਕਰ ਚਿਹਨ ਹੀ ਨਹੀਂ।

ਚਕ੍ਰ ਚਿਹਨ ਅਰ ਬਰਨ ਜਾਤਿ ਅਰ ਪਾਤਿ ਨਹਿ ਜਹਿ ॥
ਰੂਪ ਰੰਗ ਅਰ ਰੇਖ ਭੇਖ ਕੋਉ ਕਹਿ ਨਾ ਸਕਤ ਕਹਿ ॥ [ਜਪੁ ਪਾ: ੧੦

ਫ਼ਿਰ ਬਾਬਾ ਜੀ ਹੱਸਦੇ ਅੰਦਾਜ਼ ਵਿਚ ਬੋਲੇ–ਉਸ ਦੇ ਦਰਸ਼ਨ ਤਾਂ ਅਸੀ ਭੀ ਨਹੀਂ ਕਰ ਸਕੇ, ਤੈਨੂੰ ਕੀ ਦਸੀਏ। ਉਹ ਆਪ ਕ੍ਰਿਪਾ ਕਰਨ ਤਾਂ ਦਰਸ਼ਨ ਹੋ ਸਕਦੇ ਹਨ।

ਭਾਈ ਨੱਥਾ ਸਿੰਘ ਜੀ–ਬਾਬਾ ਜੀ ! ਜੇ ਆਪ ਜੈਸੇ ਮਹਾਂਪੁਰਸ਼ ਭੀ ਦਰਸ਼ਨ ਨਹੀਂ ਕਰ ਪਾਏ ਤਾਂ ਕਿਵੇਂ ਕਹੀਏ ਕਿ ਮੇਰੇ ਸਤਿਗੁਰੂ ਜੀ ਅਜਿਹੇ ਨਹੀਂ ਸਨ ? ਆਪ ਜੀ ਕ੍ਰਿਪਾ ਕਰ ਕੇ ਸਾਡਾ ਇਹ ਸੰਸਾ (ਭਰਮ) ਦੂਰ ਕਰੋ ਅਤੇ 'ਸੱਚ' ਦੇ ਸਰੂਪ ਦੇ ਦਰਸ਼ਨ ਕਰਾਓ, ਤਾਂ ਜੋ ਪ੍ਰਤੀਤ ਆ ਜਾਵੇ ਤਾਂ ਤੇ ਅਗੋਂ ਤੋਂ ਅਜਿਹੀ ਭੁੱਲ ਨਾ ਹੋਵੇ।

ਬਾਬਾ ਜੀ– ਦਰਸ਼ਨ ਦੇਣੇ (ਜੀਵ ਨੂੰ ਦਰਸ਼ਨ ਹੋਣੇ) ਇਹ ਤਾਂ ਸਤਿਗੁਰੂ ਜੀ ਦੀ ਮਿਹਰ ਹੈ। ਜਦ ਜੀਵ ਤੇ ਉਹ ਸੇਵਾ - ਸਿਮਰਨ ਨਾਲ ਪ੍ਰਸੰਨ ਹੁੰਦੇ ਹਨ ਤਾਂ [ਗੁਰ ਪ੍ਰਸਾਦਿ] ਸਤਿਗੁਰੂ ਜੀ ਕ੍ਰਿਪਾ ਕਰ ਕੇ ਜੀਵ ਨੂੰ ਭਾਵਨਾ ਮੁਤਾਬਕ ਦਰਸ਼ਨ ਬਖਸ਼ਦੇ ਹਨ। ਅਸਾਂ ਤਾਂ ਨਾ ਜੱਪ, ਨਾ ਤੱਪ, ਨਾ ਸੇਵਾ, ਨਾ ਸਿਮਰਨ ਅਤੇ ਨਾ ਹੀ ਕੋਈ ਘਾਲ ਘਾਲੀ ਹੈ। ਫਿਰ ਜਿਸ ਦੇ ਦਰਸ਼ਨਾਂ ਦੀ ਲੋਚ, ਤਾਂਘ ਹੈ, ਉਸ ਦੀ ਯਾਦ ਬੁਲਾਵਾ (ਸਿਮਰਨ ਸੇਵਾ) ਕਦੇ ਕੀਤਾ ਹੀ ਨਹੀਂ। ਸੰਸਾਰ ਨੂੰ ਖੁਸ਼ ਕਰਨ ਦੇ ਢੰਗ ਤਾਂ ਬਥੇਰੇ ਅਪਣਾਂਦੇ ਹਾਂ, ਪਰ ਪ੍ਰਭੂ ਦਰਸ਼ਨ ਸੰਸਾਰੀ ਜੀਵਾਂ ਦੀ ਖ਼ੁਸ਼ੀ ਨਹੀਂ। ਸਗੋਂ ਸੰਸਾਰ ਨਾਲੋਂ ਨਾਤਾ ਤੋੜ ਕੇ ਅਤੇ–

ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ ॥ [ਦੇਵਗੰਧਾਰੀ–੫੨੮

ਤੋਂ ਉਪਰਾਮਤਾ ਕਰ ਕੇ ਹੀ ਉਸ ਸੱਚ ਦੇ ਦਰਸ਼ਨ ਹੋ ਸਕਦੇ ਹਨ। ਪਰ ਉਹ ਅਸੀਂ ਕੀਤਾ ਹੀ ਨਹੀਂ,

ਨਿਰੀ ਜ਼ਬਾਨੀ ਕਲਾਮੀ ਮੰਗ ਮੰਗੀ ਜਾਣ ਨਾਲ ਉਹ ਭੀ ਕੱਪਟੀ ਮਨ ਨਾਲ–

ਜੋ ਬਿਨੁ ਪਰਤੀਤੀ ਕਪਟੀ ਕੂੜੀ ਅਖੀ ਮੀਟਦੇ ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ ॥੩॥
[ਸੂਹੀ ਮ: ੪, ਪੰਨਾ ੭੩੫

ਜਿਵੇਂ 'ਬਗਲ ਸਮਾਧ ਲਗਾਈਐ' ਬਗਲੇ ਵਾਂਗ ਮੱਛੀ ਦੀ ਇੱਛਾ ਨਾਲ ਸਮਾਧੀ ਲਗਾ ਲਈ ਭਾਵ ਮਾਇਆ ਕਾਰਨ ਅਸੀਂ ਕਿੰਨੇ ਭੀ ਪਾਖੰਡ ਕਰਮ ਕਰੀਏ। ਅਜਿਹੇ ਪਰਪੰਚ ਕਰਨ ਨਾਲ ਉਹ ਬੇਪ੍ਰਵਾਹ ਨਹੀਂ ਰੀਝਦਾ, ਦਰਸ਼ਨ ਕਿਵੇਂ ਹੋਵਣ ਅਸਾਂ ਨੂੰ।

ਭਾਈ ਨੱਥਾ ਸਿੰਘ ਜੀ–ਚਿਹਰੇ ਦੀ ਉਦਾਸੀਨਤਾ, ਘਬਰਾਹਟ ਤੇ ਸ਼ਸ਼ੋਪੰਜ ਵਿਚ ਹੋਰ ਕੁਝ ਪੁੱਛਣ ਤੋਂ ਬੇਬੱਸ ਹੋ ਕੇ ਹੱਥ ਜੋੜੀ ਫੋਟੋ ਵਲੇਟੀ ਖੜਾ ਏ। [ਮਹਾਂਪੁਰਸ਼ਾਂ ਦੀਆਂ ਅਗੰਮੀ ਰਮਜ਼ਾਂ ਨੂੰ ਕੌਣ ਜਾਣੇ ਤੇ ਬੁੱਝੇ] ਸੋਚਾਂ ਵਿਚ ਖੜਾ ਕਹਿਣ ਲਗਾ–ਬਾਬਾ ਜੀ ! ਕ੍ਰਿਪਾ ਕਰੋ, ਕੁਝ ਤਾਂ ਦਸੋ, ਹਾਂ ਸਤਿਗੁਰੂ ਕਲਗੀਧਰ ਪਾਤਸ਼ਾਹ ਕਿਸ ਸਰੂਪ ਵਿਚ ਸਨ।

ਭਾਈ ਨੱਥਾ ਸਿੰਘ ਜੀ ਬਾਬਾ ਜੀ ਦੀ ਅਣਥਕ ਸੇਵਾ, ਅਤੇ ਉਸ ਵਕਤ ਚੇਹਰੇ ਤੇ ਅਜੀਬ ਜੇਹੀ ਦਸ਼ਾ, ਨੇਤਰਾਂ ਚੋਂ ਜਲ ਕਿਰ ਰਿਹਾ ਏ ਤੇ ਬੁੱਲ੍ਹ ਥਥਲਾਂਦੇ, ਅਜੇਹੀ ਵੈਰਾਗੀ ਦਿਸ਼ਾ ਵੇਖ ਕੇ, ਬਾਬਾ ਜੀ ਦਾ ਕੋਮਲ ਹਿਰਦਾ ਦਇਆ ਵਿਚ ਆ ਗਿਆ। ਆਪ ਪਸੀਜੇ, ਤਰੁੱਠੇ ਤੇ ਕਾਰੋਬਾਰੀ ਸਿੰਘ ਦੀ ਸ਼ਰਧਾ-ਸੇਵਾ ਕਾਰਨ ਉਸ ਦੇ ਭਾਗ ਜਗਾਉਣ ਲੱਗੇ।

ਬਾਬਾ ਜੀ–ਕਾਰੋਬਾਰੀ ਭਾਈ ਨੱਥਾ ਸਿੰਘ ਜੀ ! ਸਾਵਧਾਨ ਹੋਵੋ। ਇਤਨਾ ਵੈਰਾਗ ਨਹੀਂ ਕਰੀਦਾ, ਸਤਿਗੁਰੂ ਜੀ ਆਪ ਕ੍ਰਿਪਾ ਕਰਨਗੇ। ਹੌਂਸਲਾ ਧਾਰੋ, ਕਰੋ ਉਤਾਂਹ ਚੇਹਰਾ, ਨੇਤਰਾਂ ਵਿਚੋਂ ਜਲ ਪੂੰਝੋ। ਤੱਕੋ ਜ਼ਰਾ ਸਾਡੇ ਵੱਲ !

ਭਾਈ ਨੱਥਾ ਸਿੰਘ ਨੇ ਜਦ ਬਾਬਾ ਜੀ ਵੱਲ ਅੱਖਾਂ ਉੱਠਾ ਕੇ ਤੱਕਿਆ ਤਾਂ ਦਰਸ਼ਨਾਂ ਦੀ ਤਾਬ ਨਾ ਲਾ ਸਕਿਆ। ਭਾਈ ਗੁਰਦਾਸ ਜੀ ਨੇ ਸੱਚ ਕਿਹਾ ਹੈ–

ਦਰਸ਼ਨ ਕੇ ਦੇਖਤ ਹੀ ਸੁਧ ਕੀ ਨਾ ਸੁਧ ਰਹੀ... ॥

ਜਿਵੇਂ ਨਸ਼ੇ ਵਿਚ ਅਮਲੀ ਝੂਮ ਉੱਠਦਾ ਹੈ, ਉਵੇਂ ਭਾਈ ਨੱਥਾ ਸਿੰਘ ਅਜੀਬ ਜਿਹੇ ਸਰੂਰ ਵਿਚ ਝੂਮ ਉਠੇ। ਉਨ੍ਹਾਂ ਦੇ ਬੁੱਲ੍ਹਾਂ ਵਿਚੋਂ ਧੀਮੇ ਧੀਮੇ ਇਹ ਆਵਾਜ਼ ਆਉਣ ਲੱਗ ਪਈ–ਵਾਹਿਗੁਰੂ ! ਵਾਹਿਗੁਰੂ ! ਵਾਹਿਗੁਰੂ ! ਹਾਂ ਅੰਦਰ ਕਹਿ ਰਿਹਾ ਸੀ–

ਬਲਿਹਾਰੀ ਗੁਰ ਆਪਣੈ ਦਿਉਹਾੜੀ ਸਦ ਵਾਰ ॥

ਬਲਿਹਾਰ ! ਬਲਿਹਾਰ ! ਬਲਿਹਾਰ !

ਇਸੇ ਮਸਤੀ 'ਚ ਝੂਮਦਾ ਕਾਰੋਬਾਰੀ ਸਿੰਘ ਬਾਬਾ ਜੀ ਦੇ ਚਰਨਾਂ ਤੇ ਸਿਰ ਧਰੀ, ਮਦਹੋਸ਼ 'ਬੇ-ਗ਼ਮ ਪੁਰੇ ਸ਼ਹਿਰ' ਦੀ ਸੈਰ ਵਿਚ ਮਗਨ ਪਿਆ ਏ। ਉਹ ਕਿਸੇ ਵਜਦ ਵਿਚ ਕਹਿ ਰਿਹਾ ਸੀ–

ਅਸੀ ਖਤੇ ਬਹੁਤ ਕਮਾਵਦੇ ਕਿਛੁ ਅੰਤ ਨ ਪਾਰਾਵਾਰ ॥ [੧੪੧੬

ਮੈਂ ਗੁਨਾਹਗਾਰ ਹਾਂ, ਹੇ ਪ੍ਰਭੂ ਬਖਸ਼ਣਹਾਰ ਜੀ ! ਕ੍ਰਿਪਾ ਕਰ ਕੇ ਬਖਸ਼ ਲੈ।

ਬਖਸਨਹਾਰ ਬਖਸ ਲੈ ਨਾਨਕ ਪਾਰ ਉਤਾਰ ॥ [ਸਲੋਕ–੨੬੧

ਬਖਸਨਹਾਰ ਬਖਸ ਲੈ ਨਾਨਕ ਪਾਰ ਉਤਾਰ ॥

ਹਾਂ ਹੱਠ ਕੀਤਾ, ਆਪ ਜੀ ਨੂੰ ਕਸ਼ਟ ਦਿਤਾ ਹੈ, ਗੁਨਾਹੀ ਹਾਂ ਬਖਸ਼ ਲੌ।

ਬਾਬਾ ਜੀ–ਉਠ ਗੁਰਮੁਖਾ ! ਸਾਵਧਾਨ ਹੋ, ਵੇਖ ਲਏ ਨੀ ਦਰਸ਼ਨ ? ਆ ਗਈ ਆ ਪ੍ਰਤੀਤ। ਕੇਹੋ ਜਿਹੇ ਨੇ ਸਤਿਗੁਰੂ, ਸਾਨੂੰ ਭੀ ਤਾਂ ਦਸੋ ਸਹੀ।

ਹੁਣ ਦਸ ! ਜੋ ਫੋਟੋ ਤੇਰੇ ਹੱਥ ਵਿਚ ਹੈ, ਤੇ ਜਿਸ ਨੂੰ ਅਤਿ ਸੁੰਦਰ ਦਰਸਾਣ ਲਈ ਲਿਆਏ ਸਾਓ, ਕੀ ਇਹ ਸੱਚ ਹੈ, ਕਿ ਇਹੀ ਮੇਰੇ ਕਲਗੀਧਰ ਸ਼ਹਿਨਸ਼ਾਹ ਜੀ ਦਾ ਸਰੂਪ ਹੈ ? ਹੁਣ ਤੂੰ ਖੁਦ ਹੀ ਨਿਰਣਾ ਕਰ ਅਤੇ ਦੱਸ ?

ਕਾਰੋਬਾਰੀ–ਬਾਬਾ ਜੀ, ਇਸ ਫੋਟੋ ਨਾਲ ਤਾਂ ਨਹੀਂ ਮਿਲਦੇ। ਉਹ ਤਾਂ ਅਜਬ ਹੀ ਸਰੂਪ ਹੈ। ਮੈਂ ਤਾਂ ਨੂਰਾਨੀ ਚਿਹਰੇ ਦੀ ਚਮਕ ਹੀ ਨਹੀਂ ਝਲ ਸਕਿਆ। ਕਿਰਪਾ ਕਰ ਕੇ ਮੈਨੂੰ ਮੁਆਫ ਕਰੋ। ਮੈਂ ਅੱਗੋਂ ਤੋਂ ਕਦੀ ਫ਼ੋਟੋ ਨਾ ਲਿਆਵਾਂਗਾ। ਤੇ ਨਾ ਹੀ ਇਸ ਦਾ ਕੇਂਦਰਤ ਬਨਾਣ ਦਾ ਮਨ ਹੀ ਬਣਾਵਾਂਗਾ, ਸੱਚ ਕਿਹਾ ਜੇ ਜੋ ਕਲਗੀਧਰ ਸਤਿਗੁਰੂ 'ਅਕਾਲ ਸਪੂਤ' ਜੋਤੀ ਜੋਤਿ ਰਲੇ ਅਤੇ 'ਅਸਚਰਜ ਰੂਪੰ' ਹਨ

ਅਤੇ– ਨਹੀ ਜਾਣ ਜਾਈ ਕਛੂ ਰੂਪ ਰੇਖੰ ॥ ਕਹਾ ਬਾਸ ਤਾਕਉ ਬਸੈ ਕੌਣ ਭੇਸੰ ॥

ਉਸ 'ਅਕਾਲ ਕਲਾ' ਨੂੰ ਮੈਂ ਕਿਵੇਂ ਚਿਤਰਾਂ, ਕਿਵੇਂ ਲੱਖ ਸਕਦਾ ਹਾਂ ? ਜਿਨ੍ਹਾਂ ਦੀ ਲੀਲਾ–

ਲਖੀ ਨ ਜਾਇ ਨਾਨਕ ਲੀਲਾ ॥੧॥ [ਮ: ੫-੨੫੦

ਲਖੀ (ਜਾਣੀ) ਹੀ ਨਹੀਂ ਜਾ ਸਕਦੀ।

ਨਾ ਰਾਗੰ ਨ ਰੰਗੰ ਨ ਰੂਪੰ ਨ ਰੇਖੰ ॥

ਬਾਬਾ ਜੀ–ਹਾਂ ਗੁਰਮੁਖ ਜੀ !– ਉਸ ਅਕਾਲ ਪੁਰਖ ਦੀ ਕਲਾ ਦੀ ਰੂਪ ਰੇਖਾ ਕਿਸੇ ਹੱਦ ਵਿਚ ਵੀ ਚਿੱਤਰੀ ਨਹੀਂ ਜਾ ਸਕਦੀ, ਕਿਉਂਕਿ–

ਬਹੁਤਾ ਕਹੀਐ ਬਹੁਤਾ ਹੋਇ ॥ [ਜਪੁਜੀ ਸਾਹਿਬ

ਤਾਂ ਤੇ ਉਸ ਦੀ ਚਿੱਤਰਕਲਾ ਮਨ ਵਿਚ ਨਾਮ ਦੀ ਧਾਰਨ ਕਰਨ ਨਾਲ–

ਬੇਅੰਤ ਬੇਅੰਤ ਕਉ ਕਰੰਤ ਪਾਠ ਪੇਖੀਐ ॥ [ਪਾ: ੧੦

ਬੇਅੰਤ ਚਿੱਤ੍ਰਾਂ ਵਿਚ ਸੁਤੇ ਸਿੱਧ ਹੀ ਰੂਪ ਮਾਨ ਹੋ ਕੇ ਦਿਸ ਆਉਂਦਾ ਹੈ, ਜੋ ਉਸ ਦੇ ਸ਼ਬਦ ਸਰੂਪ ਨੂੰ ਧਾਰਨ ਕਰ ਕੇ ਜਪ ਕਰੇ। ਫਿਰ ਇਹ ਜੀਵ ਉਹਨਾਂ ਸਾਰੀਆਂ ਦ੍ਰਿਸ਼ਟਮਾਨ 'ਕਾਦਰ ਦੀ ਕੁਦਰਤ' ਦੀਆਂ ਵਸਤੂਆਂ ਚਾਹੇ ਉਹ ਮਨੁੱਖ ਹੋਵੇ ਜਾਂ ਦ੍ਰਿੰਦੇ ਜਾਨਵਰ, ਜਾਂ ਜ਼ਹਿਰੀਲੇ ਸੱਪ, ਮਗਰ ਮੱਛ ਜਾਂ ਸੰਸਾਰ, ਪਹਾੜ ਹੋਵਣ ਜਾਂ ਥਲ, ਪਾਣੀ, ਪਉਣ, ਅਗਨ ਤੇ ਆਕਾਸ਼, ਫੁੱਲ ਹੋਵਣ ਜਾਂ ਫਲ, ਪਸ਼ੂ ਹੋਵਣ ਜਾਂ ਪੰਛੀ

ਸਭ ਵਿਚ– ਸਭ ਮਹਿ ਜੋਤਿ ਜੋਤਿ ਹੈ ਸੋਇ ॥ [ਧਨਾਸਰੀ ਮ: ੧

ਅਤੇ– ਕਾਦਰ ਕਰੀਮ ਓਹੀ ਰਾਜਕ ਰਹੀਮ ਉਹੀ ॥ [ਪਾ: ੧੦

ਹੀ ਹਰ ਥਾਵੇਂ ਉਸ ਦੀ ਸੂਰਤ, ਉਸ ਦੀ ਜੋਤਿ ਜਾਣ ਕੇ ਪਿਆਰਦਾ ਹੈ ਤੇ ਸਨਮਾਨਦਾ ਹੈ, ਉਸ ਨੂੰ ਹੀ ਸਤਿਕਾਰਦਾ ਹੈ, ਕਿਸੇ ਭੀ ਰੂਪ ਦਾ 'ਮਜ਼ਬੀ' ਜਨੂੰਨ ਤੁਅੱਸਬੀ, ਜੁਵਾਲਾ (ਅਗਨੀ) ਵਿਚ ਨਾ ਤਾਂ ਉਹ ਆਪ ਸੜਦਾ ਹੈ ਤੇ ਨਾ ਹੀ ਦੂਜਿਆਂ ਨੂੰ ਸਾੜਦਾ ਹੈ ਅਤੇ ਨਸ਼ਟ ਕਰਦਾ ਹੈ ਅਤੇ ਨਾ ਹੀ ਨਫਰਤ ਕਰ

ਕੇ ਤ੍ਰਿਸਕਾਰਦਾ ਹੈ, ਨਾ ਹੀ ਧਰਮ ਦੇ ਨਾਮ ਤੇ ਕਿਸੇ ਭੀ ਧਰਮ ਦੇ ਇਸ਼ਟ ਚਾਹੇ ਉਹ ਮੂਰਤੀਮਾਨ ਹੋਵੇ ਜਾਂ ਨਾ, ਅਤੇ ਨਾ ਹੀ ਕਿਸੇ ਮਜ਼ਹਬ ਦੇ ਧਰਮ ਗ੍ਰੰਥਾਂ ਦਾ ਤ੍ਰਿਸਕਾਰ ਕਰਦਾ ਹੈ ਸਗੋਂ–

ਪੋਥੀ ਪਰਮੇਸਰ ਕਾ ਥਾਨੁ ॥ [ਸਾਰਗ ਮ: ੫–੧੨੨੬

ਜਿਥੋਂ ਪ੍ਰਮੇਸ਼ਵਰ ਦੇ ਗੁਣਨਵਾਦ ਦੀ ਪੜ੍ਹਿਆਂ ਸੋਝੀ ਆਉਂਦੀ ਹੋਵੇ, ਪਰਮੇਸ਼ਵਰ ਦਾ ਅਸਥਾਨ ਜਾਣਦਾ ਹੈ ਤੇ ਉਸ ਅੰਦਰ ਗੁਰ ਉਪਦੇਸ਼ ਦੀ ਪ੍ਰਤੀਤ ਆ ਜਾਂਦੀ ਹੈ ਜੋ–

ਬੇਦ ਕਤੇਬ ਕਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥ [ਪ੍ਰਭਾਤੀ ਕਬੀਰ–੧੩੫੦

ਅਸੀਂ ਬਿਨਾਂ ਸੋਚੇ ਸਮਝੇ ਅਧਿਐਨ ਕਰਨ ਦੇ ਆਪਣੇ ਆਪ ਨੂੰ ਝੂਠਾ ਨਹੀਂ ਕਹਿੰਦੇ, ਸਗੋਂ ਧਰਮ ਗ੍ਰੰਥ ਤੇ ਧਰਮ ਉਤੇ ਅਰੋਪ (ਇਲਜ਼ਾਮ) ਲਗਾ ਕੇ ਨਿੰਦਿਆ ਤੇ ਅਪਮਾਨ ਕਰ ਕੇ ਪ੍ਰਭੂ ਦੀ 'ਪ੍ਰਤੱਖ ਕਲਾ' ਤੋਂ ਹਮੇਸ਼ਾਂ ਵੰਚਿਤ ਰਹਿ ਜਾਂਦੇ ਹਾਂ ਤੇ ਨਾਸਤਕ ਤੇ ਬੇਮੁੱਖ ਹੋ ਕੇ ਚੌਰਾਸੀ ਦੇ ਗੇੜ ਨੂੰ ਖੁਦ ਆਪਣੇ ਕਰਮਾਂ ਦੁਆਰਾ ਬੁਲਾਵਾ ਦੇਂਦੇ ਹਾਂ। ਗੁਰਸਿਖ ਮਾਰਗ ਤਾਂ–

ਗੁਰ ਮੂਰਤਿ ਗੁਰ ਸ਼ਬਦ ਹੈ.. ... [ਭਾਈ ਗੁਰਦਾਸ ਜੀ

ਤਾਂ 'ਵਾਹਿਗੁਰੂ' ਸ਼ਬਦ ਨੂੰ ਮੂਰਤ ਬਣਾ ਕੇ ਜਾਪ ਕਰਨ ਨਾਲ ਦਸਮ ਦੁਆਰ ਵਿਚ ਦਰਸ਼ਨ ਹੀ ਦਰਸ਼ਨ ਕਰਦਾ ਰੱਜਦਾ ਨਹੀਂ।

ਭਾਈ ਨੱਥਾ ਸਿੰਘ* ਜੀ ਕਾਰਬਾਰੀ ਤੇ ਹੋਰ ਮਿੱਤਰ ਇਕੱਤਰ ਹੋ ਰਹੇ ਸਨ। ਉਹ ਬਾਬਾ ਜੀ ਦੇ ਅਜਿਹੇ ਅਮੋਲਕ ਬਚਨ ਸੁਣ ਕੇ ਕ੍ਰਿਤਾਰਥ ਹੋ ਰਹੇ ਸਨ ਤੇ ਜਿਨ੍ਹਾਂ ਦਾ ਕੇਵਲ ਟਿਕਾਓ ਮੂਰਤੀਮਾਨ ਤੇ

---

* ਭਾਈ ਨੱਥਾ ਸਿੰਘ ਜੀ ਕਾਰੋਬਾਰੀ– ਭਾਈ ਕਰਮ ਸਿੰਘ ਜੀ ਉਰਫ ਭਾਈ ਨੱਥਾ ਸਿੰਘ ਜੀ ਕਾਰਬਾਰੀ ਦੇ ਪਿੱਤਾ ਸ: ਦਰਸ਼ਨ ਸਿੰਘ ਜੀ ਅਤੇ ਮਾਤਾ ਸਰਦਾਰ ਕੌਰ ਜੀ ਸਨ। ਆਪ ਬਲ ਗੋਤ ਦੇ ਜ਼ਿਮੀਂਦਾਰ ਸਨ। ਪਿੰਡ ਚੰਡੇ ਡਾਕਖਾਨਾ ਮਜੀਠਾ ਜ਼ਿਲਾ ਅੰਮ੍ਰਿਤਸਰ ਦੇ ਵਸਨੀਕ ਸਨ। ਆਪ ਜੱਟਕੇ ਸੁਭਾ ਦੇ ਮੜ੍ਹੈਲ ਸਨ, ਪਰ ਸਾਦਗੀ ਜੀਵਨ ਵਾਲੇ, ਸੇਵਾ ਭਾਵ, ਸ਼ਰਧਾ ਵਾਲੇ ਗੁਰਸਿੱਖ ਸਨ, ਜਦ ਜੀਵ ਦੇ ਪੂਰਬਲੇ ਭਾਗ ਉਦੇ (ਉਜਾਗਰ) ਹੁੰਦੇ ਹਨ ਫਿਰ ਜੀਵ ਗੁਰੂ ਵਾਲਾ ਬਣ ਕੇ ਸਾਧ ਸੇਵਾ ਲਈ ਭਾਲ ਕਰਦਾ ਹੈ।

ਭਾਵੇਂ ਇਹ ਗ੍ਰਿਹਸਤੀ ਸਨ ਤੇ ਜੱਟਕੀ (ਜ਼ਿਮੀਂਦਾਰਾ) ਕਾਰ ਕਰਦੇ ਸਨ। ਇਹਨਾਂ ਦੇ ਚਾਰ ਪੁਤ੍ਰ ਸਨ। (ਸ: ਹਰਜੀਤ ਸਿੰਘ ਜੀ, ਸ: ਇੰਦਰਜੀਤ ਸਿੰਘ ਜੀ, ਸ: ਜਸਵੀਰ ਸਿੰਘ ਜੀ ਤੇ ਸ: ਪ੍ਰਿਤਪਾਲ ਸਿੰਘ ਜੀ) ਹਨ। ਘਰੋਂ ਉਪਰਾਮ ਹੋ ਗਏ ਤੇ ਸੱਚਖੰਡ ਹਜ਼ੂਰ ਸਾਹਿਬ ੧੯੩੭-੩੮ ਵਿਚ ਪੁੱਜੇ। ਜਦ ਦਾਸ ਬਾਬਾ ਜੀ ਪਾਸ ਆਦਿ ਤੇ ਦਸਮ ਦੇ ਪਾਠ ਦੀ ਸੰਥਾ ਕਰਦਾ ਸੀ।

ਇਹ ਬਹੁਤਾ ਚੁੱਪ ਰਹਿੰਦੇ ਤੇ ਘਟ ਬੋਲਦੇ ਸਨ। ਅਤੇ ਜਦ ਕੋਈ ਭੀ ਸੇਵਾ ਹੁੰਦੀ ਤਾਂ ਆਪ ਸੇਵਾ ਕਰਨ ਲਈ ਜੁੱਟ ਜਾਂਦੇ ਸਨ। ਆਪ ਜੀ ਮਿੱਠ - ਬੋਲੜੇ ਹੋਣ ਕਾਰਨ ਛੇਤੀ ਹੀ ਹਰਮਨ ਪਿਆਰੇ ਹੋ ਗਏ। ਬਸਤਰ ਆਦਿ ਧੋਣ ਲਈ ਸਾਬਣ ਜਾਂ ਰੀਠੇ ਜਾਂ ਹੋਰ ਵਸਤੂ ਬਾਬਾ ਜੀ ਤੋਂ ਮੰਗਦੇ। ਅਤੇ ਕਈ ਵਾਰੀ ਬਾਬਾ ਜੀ ਵਿਦਿਆਰਥੀਆਂ ਨੂੰ ਸੰਥਾ ਕਰਵਾ ਰਹੇ ਹੁੰਦੇ ਜਾਂ ਕਿਸੇ ਹੋਰ ਸੇਵਾ ਵਿਚ ਲੱਗੇ ਹੋਣ ਕਾਰਣ ☞

ਮਨ ਕਰ ਕੇ ਰਚੇ ਉਲੀਕੇ ਸੰਕਲਪਾਂ ਵਿਚ ਟਿਕਿਆ ਹੋਇਆ ਸੀ, ਉਹਨਾਂ ਨੂੰ ਅਗੇ ਮਾਰਗ ਤੁਰਨ ਦਾ ਨਵਾਂ ਰਾਹ ਮਿਲ ਗਿਆ।

ਸਿੰਘ ਵਸਤੂ ਮੰਗਣੋਂ ਸੰਗ ਜਾਂਦੇ ਸਨ। ਇਸ ਤਰਾਂ ਕਈ ਕਈ ਦਿਨ ਲੰਘ ਜਾਂਦੇ। ਨਾਂਦੇੜ ਤੋਂ ਲੰਗਰ ਆਦਿ ਦੀਆਂ ਵਸਤੂਆਂ ਭੀ ਲਿਆਵਣ ਲਈ ਕਿਸੇ ਇਕ ਦੀ ਡਿਊਟੀ (ਸੇਵਾ) ਨਹੀਂ ਸੀ।

ਬਾਬੂ ਮੇਹਰ ਸਿੰਘ ਜੀ ਜੋ ਹੈੱਡ ਗ੍ਰੰਥੀ ਸਨ। ਕੁਝ ਸਿੰਘਾਂ ਨੂੰ ਨਾਲ ਲੈ ਕੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਬਾਬਾ ਜੀ, ਇਕ ਸਿੰਘ ਕਾਰੋਬਾਰੀ ਥਾਪਨ ਕਰ ਦਿਓ, ਤਾਂ ਜੋ ਆਪ ਜੀ ਨੂੰ ਬਹੁਤੀ ਖੇਚਲ ਨਾ ਕਰਨੀ ਪਿਆ ਕਰੇ, ਕਿਉਂਕਿ ਭਾਵੇਂ ਸਾਰੀਆਂ ਵਸਤੂਆਂ ਬਿਨਾਂ ਤਾਲੇ ਬਾਬਾ ਜੀ ਦੇ ਆਸਣ ਤੇ ਪਈਆਂ ਹੁੰਦੀਆਂ ਸਨ। ਪਰ ਕੋਈ ਭੀ ਸਿੰਘ ਆਪਣੇ ਆਪ ਕੋਈ ਭੀ ਵਸਤੂ ਨਹੀਂ ਚੁੱਕਦਾ ਸੀ। ਉਹੋ ਹੀ ਸ਼ਹਿਰੋਂ ਆਪ ਜੀ ਦੇ ਹੁਕਮ ਮੁਤਾਬਕ ਰਸਦਾਂ ਆਦਿ ਦੁਕਾਨ ਆਦਿ ਤੋਂ ਲਿਆਇਆ ਕਰੇ ਅਤੇ ਸਿੰਘਾਂ ਨੂੰ ਲੋੜ ਪੈਣ ਤੇ ਉਹੋ ਸਿੰਘ ਹੀ ਵਰਤਾਇਆ ਕਰੇ।

ਜਦੋਂ ਕਦੀ ਸਿੰਘ ਇਕੱਤਰ ਹੋ ਕੇ ਅਜਿਹੇ ਗੁਰਮਤੇ ਕਰਦੇ ਤਾਂ ਬਾਬਾ ਜੀ ਕਦੇ ਦਖ਼ਲ ਅੰਦਾਜ਼ੀ ਨਹੀਂ ਕਰਦੇ ਸਨ। ਸਗੋਂ ਜਿਵੇਂ ਸਿੰਘ ਚਾਹੁੰਦੇ ਸਨ, ਸਤਿਬਚਨ ਕਹਿ ਦੇਂਦੇ ਸਨ। ਬਾਬਾ ਜੀ ਨੇ ਕਿਹਾ ਜਿਵੇਂ ਸਿੰਘਾਂ ਦੀ ਰਜ਼ਾ। ਤਾਂ ਭਾਈ ਨੱਥਾ ਸਿੰਘ ਨੂੰ ਕਾਰੋਬਾਰੀ ਸੇਵਾ ਲਈ ਸਭ ਸਿੰਘਾਂ ਨੇ ਸਰਬ-ਸੰਮਤੀ ਪ੍ਰਗਟ ਕੀਤੀ। ਆਪ ਜੀ ਉਸ ਦਿਨ ਤੋਂ ਲੈ ਕੇ ਬਾਬਾ ਜੀ ਦੇ ਚੜ੍ਹਾਈ ਕਰਨ ਤਕ ਅਤੇ ਕੁਝ ਸਮਾਂ ਹੋਰ ਇਹ ਤਨੋਂ ਮਨੋਂ ਪਿਆਰ ਭਾਵਨਾ, ਲਗਨ ਤੇ ਲਿਵਲੀਨਤਾ ਕਾਰੋਬਾਰੀ ਸੇਵਾ ਕਰਦੇ ਰਹੇ। ਬਾਬਾ ਜੀ ਦੇ ਅੰਤਮ ਸਮੇਂ ਤਕ ਇਹ ਬਾਬਾ ਜੀ ਦੇ ਨਾਲ ਸਨ। ਇਹਨਾਂ ਦੀਆਂ ਕੁਝ ਘਟਨਾਵਾਂ ਬਾਬਾ ਮਿੱਤ ਸਿੰਘ ਜੀ ਦੇ ਅੰਤਮ ਸਮੇਂ ਵਿਚ ਅੱਗੇ ਪੜ੍ਹੋ

ਜਦ ਭਾ: ਨੱਥਾ ਸਿੰਘ ਜੀ ਕਾਰੋਬਾਰੀ ਮੁਕਰਰ ਹੋ ਗਏ ਤਾਂ ਸਭ ਸਿੰਘਾਂ ਨੂੰ ਆਦੇਸ਼ ਦਿਤਾ ਗਿਆ ਕਿ ਜਿਸ ਵਸਤੂ ਦੀ ਕਿਸੇ ਸਿੰਘ ਨੂੰ ਲੋੜ ਹੋਵੇ, ਉਹ ਬਾਬਾ ਜੀ ਤੋਂ ਨਾ ਮੰਗੇ ਸਗੋਂ ਭਾਈ ਨੱਥਾ ਸਿੰਘ ਜੀ ਨੂੰ ਕਹਿ ਕੇ ਉਹਨਾਂ ਹੱਥੀਂ ਲਿਆ ਕਰਨ। ਸਾਰਿਆਂ ਨੇ ਇਹ ਗੁਰਮਤਾ ਮੰਨ ਲਿਆ ਅਤੇ ਅਗੋਂ ਤੋਂ ਉਹ ਕਾਰੋਬਾਰੀ ਜੀ ਤੋਂ ਹੀ ਮੰਗ ਲਿਆ ਕਰਨ।

ਦੂਸਰੇ ਦਿਨ ਜਦ ਦਾਸ (ਲਿਖਾਰੀ ਤੇ ਭਾਈ ਰਣ ਸਿੰਘ ਜੀ) ਪਿਛਲੇ ਪਹਿਰ ਸੰਥਾ ਲੈਣ ਮਾਤਾ ਜੀ ਦੇ ਅਸਥਾਨ ਉਪਰ ਬੈਠੇ। ਸੰਥਾ ਲੈਣ ਪਿਛੋਂ ਸ੍ਰੀ ਸਰਬ ਲੋਹ ਚੋਂ ਮੰਗਲ ਲਿਖਣੇ ਸਨ। ਬਾਬਾ ਰਣ ਸਿੰਘ ਜੀ ਸਰਬ ਲੋਹ ਗ੍ਰੰਥ ਲੈਣ ਚਲੇ ਗਏ। ਦਾਸ ਨੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਬਾਬਾ ਜੀ ਜੋ ਆਪ ਜੀ ਦੇ ਫੁਰਮਾਨ ਮੁਤਾਬਕ ਸਿੰਘਾਂ ਨੇ ਕਾਰੋਬਾਰੀ ਥਾਪਨ ਕੀਤਾ ਹੈ। ਤੇ ਸਭ ਚੀਜ਼ ਉਹਨਾਂ ਪਾਸੋਂ ਲਿਆ ਕਰਨਗੇ, ਇਸ ਬਾਰੇ ਦਾਸ ਨੂੰ ਕੀ ਹੁਕਮ ਹੈ?

ਬਾਬਾ ਜੀ ਮੁਸਕਰਾਉਂਦੇ ਹੋਏ ਕਹਿਣ ਲਗੇ–ਭਲਾ ਲਿਖਾਰੀ ਤਾਂ ਲੇਖੇ ਲਿਖਣੇ ਵਾਲੇ ਹੁੰਦੇ ਹਨ ਤੇ ਲੇਖੇ ਤੋਂ ਬਾਹਰ ਹੁੰਦੇ ਹਨ।

ਮੈਂ ਹੈਰਾਨ ਹੋ ਕੇ ਆਖਿਆ–ਬਾਬਾ ਜੀ ਮੈਂ ਸਮਝਿਆ ਨਹੀਂ।

ਬਾਬਾ ਜੀ ਤੋਂ ਅਜਿਹੀ 'ਸ਼ਬਦ ਗੁਰ ਮੂਰਤ' ਦੀ ਸਿੱਖਿਆ ਪ੍ਰਾਪਤ ਕਰ ਕੇ ਆਪਣੇ ਜੀਵਨ ਨੂੰ ਸੱਚ ਰੰਗ ਵਿਚ ਰੰਗ ਗਏ ਤੇ ਸਭ ਸਿੰਘਾਂ ਨਾਲ ਬੜੇ ਪਿਆਰ ਭਰੇ ਵਰਤਾਓ ਨਾਲ ਵਰਤਦੇ। ਕਦੇ ਕਿਸੇ ਨੂੰ ਕੌੜਾ ਨਾ ਬੋਲਦੇ ਅਤੇ ਸੇਵਾ ਓਸੇ ਲਗਨ, ਚਾਓ ਤੇ ਪ੍ਰੇਮ ਨਾਲ ਕਰਦੇ ਰਹੇ। ਇਸ ਤਰਾਂ ਇਨ੍ਹਾਂ ਨੇ ਬਾਬਾ ਜੀ ਦਾ ਅੰਤਮ ਸਮੇਂ ਤੱਕ ਸਾਥ ਦਿਤਾ।

ਇਹ ਸੀ ਮਹਾਂ ਪੁਰਸ਼ਾਂ ਦਾ ਨਦਰੋ-ਨਦਰ ਨਿਹਾਲ ਕਰਨਾ। ਸਾਧੂ ਮਹਾਂ ਪੁਰਸ਼ ਤਾਂ ਜਿਸ ਉਤੇ ਮਿਹਰਬਾਨ ਹੋ ਜਾਵਣ, ਫਿਰ ਉਹ ਤਾਂ–

ਸਾਧ ਕੈ ਸੰਗਿ ਨਹੀ ਕਛੁ ਘਾਲ॥ [ਸੁਖਮਨੀ ਸਾਹਿਬ

ਦੇ ਮਹਾਂਵਾਕ ਦੀ ਪੂਰਤੀ ਬਿਨਾਂ ਘਾਲਿ, ਅਚਿੰਤੇ ਹੀ ਦਾਤਾਂ ਦੀ ਬਖਸ਼ਸ਼ ਕਰ ਦੇਂਦੇ ਹਨ।

ਇਸੇ ਤਰਾਂ ਜੋ ਭੀ ਗੁਰਮੁਖ ਬਾਬਾ ਜੀ ਦੀ ਸੰਗਤ ਵਿਚ ਕੁਝ ਦਿਨ ਸੁਧ ਮਨ ਨਾਲ ਵਣਜਾਰਾ ਬਣ ਕੇ ਵਣਜ ਵਣਜਣ ਲਈ ਆਇਆ। ਉਹ ਆਪਣੀ ਮਨੋ-ਭਾਵਨਾ ਅਨੁਸਾਰ ਵਸਤੂ ਪ੍ਰਾਪਤ ਕਰ ਕੇ ਹੀ ਗਿਆ। ਕੋਈ ਨਿਰਾਸਾ ਜਾਂ ਅਧੂਰਾ ਜਗਤ-ਮਾਤਾ ਜੀ ਦੇ ਅਸਥਾਨ ਤੋਂ ਨਹੀਂ ਗਿਆ ਸੀ। ਚਾਹੇ ਕੋਈ

ਬਾਬਾ ਜੀ ਨੇ ਆਖਿਆ–ਤੁਸੀਂ ਤਾਂ ਗੁਰੂ ਜੀ ਦੀ ਬਾਣੀ ਲਿਖਣ ਦੇ ਲਿਖਾਰੀ ਹੋ ਨਾ! ਫਿਰ ਤੁਸਾਂ ਨੂੰ ਕਾਹਦੀ ਬੰਦਸ਼। ਤੁਸਾਂ ਲਈ ਤਾਂ ਭੰਡਾਰੇ ਖੁਲ੍ਹੇ ਹਨ, ਜਿਸ ਵਸਤੂ ਦੀ ਲੋੜ ਹੋਵੇ, ਜਦੋਂ ਜੀਅ ਚਾਹੇ, ਬਿਨਾਂ ਕਿਸੇ ਤੋਂ ਮੰਗਣ ਤੇ ਲੈ ਲਿਆ ਕਰੋ।

ਮੈਂ ਕਿਹਾ–ਬਾਬਾ ਜੀ, ਮਰਯਾਦਾ ਮੁਤਾਬਕ ਤਾਂ ਮੈਨੂੰ ਭੀ ਕਾਰੋਬਾਰੀ ਜੀ ਪਾਸੋਂ ਹੀ ਮੰਗਣਾ ਚਾਹੀਏ।

ਬਾਬਾ ਜੀ ਨੇ ਕਿਹਾ–ਲਿਖਾਰੀ ਸਿੰਘਾ! ਹੈ ਤਾਂ ਸੱਚ, ਪਰ ਜਦ ਜਗਤ ਮਾਤਾ ਦਾ ਦਵਾਰਾ ਤੁਹਾਡੇ ਲਈ ਖੁਲ੍ਹਾ ਹੈ ਤਾਂ ਅਸੀਂ ਕਿਵੇਂ ਤੁਹਾਡੇ ਤੇ ਮਿਹਰਾਂ ਦੇ ਹੱਥ ਨੂੰ ਰੋਕ ਕੇ ਦਰਵਾਜੇ ਬੰਦ ਕਰ ਦਈਏ।

ਇਹ ਸੀ ਇਕ ਮਹਾਂਪੁਰਸ਼ਾਂ ਦੀ ਮਿਹਰ, ਕ੍ਰਿਪਾ ਦ੍ਰਿਸ਼ਟੀ ਤੇ ਗਰੀਬ ਨਿਵਾਜ਼ੀ, ਉਹਨਾਂ ਦੀ ਵਡਿਤ। ਸੰਗਤ ਵਿਚ ਹੋਏ ਗੁਰਮਤੇ ਅਨੁਸਾਰ ਮੈਂ ਕਾਰੋਬਾਰੀ ਜੀ ਪਾਸੋਂ ਲੋੜ ਅਨੁਸਾਰ ਹੀ ਸਾਬਣ ਤੇਲ ਮੰਗਦਾ। ਪਰ ਬਾਬਾ ਜੀ ਨੇ ਜੋ ਫੁਰਮਾਇਆ ਸੀ–ਤੁਸਾਂ ਨੂੰ ਮੰਗਣ ਦੀ ਲੋੜ ਨਹੀਂ। ਨਾ ਜਾਣੇ ਬਾਬਾ ਜੀ ਨੇ ਕਾਰੋਬਾਰੀ ਨੂੰ ਹੁਕਮ ਕੀਤਾ ਹੋਵੇ। ਕਾਰਬਾਰੀ ਸਿੰਘ ਭੀ ਹੱਸ ਪੈਂਦੇ ਤੇ ਕਹਿ ਦੇਂਦੇ ਲਿਖਾਰੀ ਸਿੰਘ ਜੀ ਜਾਓ ਅਤੇ ਆਪੇ ਲੈ ਲਵੋ। ਤੁਹਾਨੂੰ ਕੌਣ ਮੋੜੇ। ਕਈ ਵਾਰੀ ਦਿਲ ਭਰ ਆਉਂਦਾ। ਪ੍ਰੇਮ ਉਛਾਲੇ ਮਾਰ ਕੇ ਨੇਤਰਾਂ ਰਾਹੀਂ ਵਹਿ ਤੁਰਦਾ। ਪ੍ਰੇਮ ਜੋ ਕਥਿਆ ਨਹੀਂ ਜਾਂਦਾ, ਨੇਤ੍ਰਾਂ ਚੋਂ ਹੰਝੂ ਬਣ ਕੇ ਦਰਸਾ ਦੇਂਦਾ ਹੈ। ਜਗਤ ਮਾਤਾ! ਤੂੰ ਧੰਨ ਹੈਂ ਤੇ ਧੰਨ ਹਨ ਤੇਰੇ ਵਰੋਸਾਏ ਮਹਾਂ ਪੁਰਸ਼ ਬਾਬਾ ਮਿੱਤ ਸਿੰਘ ਜੀ। ਮੇਰੇ ਜਿਹੇ ਕੀਟ ਤੇ ਇਤਨੀ ਮੇਹਰ! ਮੇਹਰ! ਮੇਹਰ! ਕਿਤਨਾ ਚਿਰ ਸ਼ੁਕਰਾਨੇ ਵਿਚ ਮਨ ਜੁੜਿਆ ਰਹਿੰਦਾ। (ਜਗਤ ਮਾਤਾ ਤੇ ਬਾਬਾ ਜੀ ਦੀਆਂ ਮਿਹਰਾਂ ਅਗੇ ਵਿਸਥਾਰ ਨਾਲ ਪੜ੍ਹੋ ਜੋ ਦਾਸ ਤੇ ਸੁੱਤੇ ਸਿਧ ਹੀ ਕਰਦੇ ਰਹੇ।]

ਭਾਵੇਂ ਉਹਨਾਂ ਦਾ ਪਾਰਸ ਸੁਭਾ, ਜੋ ਭੀ ਛੋਂਹਦਾ, ਸੋਨਾ ਹੋ ਕੇ ਨਿਤਰਦਾ। ਅਨੇਕਾਂ ਹੀ (ਲੋਹੇ) ਬਾਬਾ ਜੀ ਦੀ ਪਾਰਸ ਛੋਹ ਨਾਲ ਜੀਵਨ ਦਾ ਗਿਆਨ ਪ੍ਰਾਪਤ ਕਰ ਕੇ ਚਮਕੇ। ਜਿਨ੍ਹਾਂ ਦੀ ਗਿਣਤੀ ਕਰਨੀ ਦਾਸ ਪਾਸੋਂ ਅਤਿ ਕਠਨ ਹੈ। ਜੋ ਮੇਰੀ ਤੁੱਛ ਬੁੱਧੀ ਤੋਂ ਬਾਹਰੀ ਹੈ।

ਬਿਹੰਗਮ ਜਾਂ ਗ੍ਰਿਹਸਤੀ, ਆਤਮ ਗਿਆਨ ਦੀ ਚਾਹਣਾ ਕਰਨ ਵਾਲਾ ਹੈ ਜਾਂ ਗ੍ਰਿਹਸਥੀ ਸੰਸਾਰਕ ਪਦਾਰਥਾਂ ਦੀ ਭਾਵਨਾਂ - ਪੂਰਤੀ ਕਰਨ ਲਈ ਆਇਆ ਹੈ, ਮਾਤਾ ਜੀ ਦੇ ਅਸਥਾਨ ਤੋਂ ਤਾਂ ਸਭ ਸ਼ਰਧਾਲੂ ਝੋਲੀਆਂ ਭਰ ਕੇ ਹੀ ਗਏ।

ਪਰ ਕਈ ਵਾਰੀ ਅਸੀਂ ਸੰਸਾਰਕ ਲੋਕ, ਜੇਹੋ ਜਹੀਆਂ ਸਾਡੀਆਂ ਲੋੜਾਂ, ਮਨੋ ਭਾਵਨਾਵਾਂ ਦ੍ਰਿਸ਼ਟਾ ਜਾਂ ਅਦ੍ਰਿਸ਼ਟਾ ਉਤਪੰਨ ਹੁੰਦੀਆਂ ਹਨ, ਜਿਨ੍ਹਾਂ ਕਰ ਕੇ ਅਸੀਂ ਉਸ ਦੀ ਪ੍ਰਾਪਤੀ ਲਈ ਬੜੇ ਉਤਾਵਲੇ, ਚਿੰਤਾਤੁਰ ਤੇ ਵਿਲਕਣਾ ਕਰਦੇ ਹਾਂ। ਕਈ ਤਰਾਂ ਦੇ ਪ੍ਰਪੰਚ ਕਰਦੇ ਹਾਂ ਅਤੇ ਲੋੜਦੇ ਹਾਂ ਕਿ ਸਾਡੀ ਮਨੋ-ਕਾਮਨਾ ਸ਼ੀਘਰ ਹੀ ਪੂਰੀ ਹੋ ਜਾਵੇ।

ਪਰ ਗੁਰਮਤਿ ਸਿਧਾਂਤਕ ਮਾਰਗ 'ਸੇਵਾ ਤੇ ਹਰਿ ਪਾਈਐ' ਮਾਲਕ ਦੀ ਸੇਵਾ ਤੋਂ ਪ੍ਰਸੰਨਤਾ, ਖੁਸ਼ੀ ਪ੍ਰਾਪਤ ਕਰਨ ਤੇ ਹੀ ਜੋ–

ਸਹਿਜੇ ਹੋਤਾ ਜਾਇ ਸੁ ਹੋਇ ॥ [ਗਉੜੀ ਮ: ੫–੨੩੬

ਜੀ ਹਾਂ ਸਹਿਜ ਸੰਤੋਖ ਨਾਲ ਪ੍ਰਾਪਤੀ ਦਾ ਬਦਲ ਇਵਜ਼ਾਨਾ ਸਤਿਗੁਰੂ ਜੋ 'ਇਕ ਤਿਲ ਨਹੀ ਭੰਨੈ ਘਾਲੈ' ਨਿਰਇਛਤ ਘਾਲ ਤਾਂ ਤਿਲ ਜਿੰਨੀ ਭੀ ਨਹੀਂ ਭੰਨਦਾ, ਸਗੋਂ–

ਉਸ ਤੇ ਚਉਗੁਣ ਕਰੈ ਨਿਹਾਲ ॥ [ਸੁਖਮਨੀ ਸਾਹਿਬ

ਚਾਰ ਗੁਣਾਂ ਨਿਹਾਲ (ਬਖਸ਼ਸ਼ਾਂ) ਬਖਸ਼ ਦੇਂਦਾ ਹੈ। ਤਾਂ ਤੇ ਜੀਵ ਨੂੰ ਮੁੜ ਅਜਿਹੀ ਇੱਛਾ ਹੀ ਨਹੀਂ ਫੁਰਦੀ ਅਤੇ ਨਾ ਹੀ ਉਸ ਗੁਣ ਬਖਸ਼ਸ਼ ਦੀ ਕਦੇ ਤੋਟ ਆਉਂਦੀ ਹੈ।

ਇਸ ਲਈ ਸਭ ਤੋਂ ਸੁਖੈਣ ਮਾਰਗ ਪ੍ਰਭੂ ਦੀ ਪ੍ਰਾਪਤੀ ਦਾ 'ਸੇਵਾ' ਹੀ ਹੈ, ਜਿਸ ਤੋਂ ਨਾਮ ਪ੍ਰਾਪਤ ਹੋ ਕੇ ਜੀਵ ਮੁਕਤ ਪਦਾਰਥ ਦੀ ਪ੍ਰਾਪਤੀ ਕਰ ਲੈਂਦਾ।ਬਖਸ਼ਸ਼ ਤੇ ਮੰਗ ਵਿਚ ਕਾਫੀ ਅੰਤਰ ਹੈ। ਮੰਗ ਸੀਮਤ ਹੁੰਦੀ ਹੈ ਤੇ ਸਾਡੀ ਮੰਗ ਲੈਣ ਦੇਣ ਤਕ ਹੀ ਹੁੰਦੀ ਹੈ। ਅਤੇ ਮੰਗੀ ਵਸਤੂ ਮੁੜ ਵਾਪਸ ਹੋ ਸਕਦੀ ਹੈ, ਪਰ ਜੋ ਸਤਿਗੁਰਾਂ ਵਲੋਂ ਤਰੁੱਠ ਕੇ ਬਖਸ਼ਸ਼ ਦੁਆਰਾ ਕੋਈ ਭੀ ਵਸਤੂ ਪ੍ਰਦਾਨ ਹੁੰਦੀ ਹੈ, ਉਸ ਦੀ ਨਾ ਤੋਟ ਆਉਂਦੀ ਹੈ ਤੇ ਨਾ ਹੀ ਮੁੜ ਮੰਗਣ ਦੀ ਲੋੜ ਪੈਂਦੀ ਹੈ। ਅਤੇ ਨਾ ਹੀ ਬਖਸ਼ਸ਼ ਸਤਿਗੁਰੂ ਉਸ ਗੁਰਸਿਖ ਪਾਸੋਂ ਵਾਪਸ ਹੀ ਮੋੜਦੇ ਹਨ। ਤਾਂ ਤੇ ਗੁਰਮਤਿ ਮਾਰਗ ਸਤਿਗੁਰਾਂ ਦੀ ਬਖਸ਼ਸ਼ਾਂ ਦੇ ਪਾਤਰ ਬਣਨ ਲਈ–

ਕਿਸ ਹੀ ਕੋਈ ਕੋਟਿ ਮੰਞ ਨਿਮਾਣੀ ਇਕੁ ਤੂ ॥ [ਸਲੋਕ ਮ: ੨–੭੯੧

ਦ੍ਰਿੜ ਵਿਸ਼ਵਾਸੀ ਹੋ ਕੇ–

ਤੁਧੁ ਬਿਨ ਦੂਜਾ ਨਾਹੀ ਕੋਇ ॥ [ਰਾਮਕਲੀ ਮ: ੫–੯੬੩

ਤੇ ਪੂਰਨ ਭਰੋਸਾ ਤੇ ਵਿਸ਼ਵਾਸ ਨਾਲ ਟੇਕ ਰੱਖ ਕੇ, ਹੁਕਮ ਦੀ ਪਾਲਣਾ ਕਰ ਕੇ ਪ੍ਰਭੂ ਰਜ਼ਾ ਵਿਚ ਰਾਜ਼ੀ ਰਹਿਣ ਨਾਲ ਚਾਰ ਪਦਾਰਥਾਂ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ।

ਇਹ ਦਾਤਾਂ ਸਾਧੂ ਜਨਾਂ ਪਾਸੋਂ ਸੁਤੇ ਸਿੱਧ ਹੀ ਮਿਲ ਜਾਂਦੀਆਂ ਹਨ। ਜੇ ਉਹਨਾਂ ਦੀ ਨਿਰਇੱਛਤ ਸੇਵਾ ਕਰ ਕੇ ਪ੍ਰਸੰਨਤਾ ਲਈ ਜਾਵੇ।

ਇਕ ਮਰਹੱਟੇ ਦੀ ਸੇਵਾ ਦੀ ਯਾਚਨਾ

ਮਾਤਾ ਜੀ ਦੇ ਅਸਥਾਨ ਦੀ ਹਰ ਪਾਸੇ ਕੀਰਤੀ ਵੱਧਣ ਲੱਗੀ, ਕਿਉਂਕਿ ਦਿਨੇ ਰਾਤ ਲੰਗਰ ਪੰਗਤ ਤੇ ਕੀਰਤਨ ਸਤਿਸੰਗ ਤੇ ਆਏ ਯਾਤ੍ਰੀਆਂ ਦੀ ਜਲ - ਪਾਣੀ ਤੇ ਲੰਗਰ ਦੀ ਸੇਵਾ, ਹਰ ਇਕ ਪ੍ਰਾਣੀ ਦੇ ਮਨ ਨੂੰ ਖਿੱਚਾਂ - ਧੂਹਾਂ ਪਾ ਰਹੀਆਂ ਸਨ। ਬਾਬਾ ਜੀ ਦੀ ਅਣਥੱਕਾ ਸੇਵਾ, ਮਿੱਠਾ ਪਿਆਰ ਹਰੇਕ ਮਨ ਨੂੰ ਨਿੱਘਾ ਤੇ ਸ਼ਾਂਤ ਕਰਦਾ ਜਾ ਰਿਹਾ ਸੀ। ਇਕ ਵਾਰੀ ਜੋ ਕੋਈ ਪ੍ਰਾਣੀ ਦਰਸ਼ਨ ਕਰ ਜਾਂਦਾ ਤਾਂ ਬਾਰ ਬਾਰ ਦਰਸ਼ਨਾਂ ਤੇ ਸੇਵਾ ਲਈ ਲੋਚਦਾ।

ਇਧਰ ਦੱਖਣ ਰਿਆਸਤ ਦੇ ਵਸਨੀਕ ਮਰਹੱਟੇ, ਜੋ ਕਦੀ ਸਿੱਖਾਂ ਨੂੰ ਨਫ਼ਰਤ ਦੀ ਨਿਗਾਹ ਨਾਲ ਵੇਖਦੇ ਸਨ, ਅਤੇ ਬਾਬਾ ਮਿੱਤ ਸਿੰਘ ਜੀ ਤੇ ਬਾਬਾ ਧਰਮ ਸਿੰਘ ਜੀ ਦੇ ਮਾਤਾ ਜੀ ਦੇ ਅਸਥਾਨ ਉਤੇ ਆਸਨ ਲਾਣ ਸਮੇਂ ਤੋਂ ਤੇ ਇਸ ਤੋਂ ਪਹਿਲਾਂ ਭੀ ਜੋ ਸੇਵਾਦਾਰ ਸੇਵਾ ਕਰਨ ਦੀ ਭਾਵਨਾ ਨਾਲ ਸੇਵਾ ਕਰਨਾ ਚਾਹੁੰਦਾ ਤਾਂ ਇਹ ਮਰਹੱਟੇ ਤੰਗ ਕਰਦੇ ਸਨ ਅਤੇ ਮਾਤਾ ਜੀ ਦੇ ਅਸਥਾਨ ਦੀ ਰੌਣਕ ਵਧਾਉਣ ਦੇ ਰਾਹ ਵਿਚ ਹਰ ਤਰਾਂ ਦੇ ਰੋੜੇ ਅਟਕਾਂਦੇ ਸਨ। ਬਾਬਾ ਜੀ ਦੇ ਤੱਪ ਤੇਜ ਅਤੇ ਕਸ਼ਟ ਝੱਲਣ ਦੀ ਸਮਰੱਥਾ ਨੇ ਇਹਨਾਂ ਪੱਥਰ ਪੂਜਕ (ਪੱਥਰ ਦਿਲ) ਮਰਹੱਟਿਆਂ ਨੂੰ ਭੀ ਮੋਮ (ਨਰਮ) ਕਰਨਾ ਸ਼ੁਰੂ ਕਰ ਦਿਤਾ। ਤੇ ਬਾਬਾ ਜੀ ਦੇ ਤੱਪ ਤੇਜ ਅਗੇ ਸਿਰ ਨਿਵਾਉਣ ਲੱਗ ਪਏ।

ਪਹਿਲਾਂ ਪਹਿਲ ਤਾਂ ਮਰਹੱਟੇ ਬਹੁਤ ਤੰਗ ਕਰਦੇ ਸਨ–ਘੋੜਿਆਂ ਲਈ ਘਾਹ ਨਾ ਖੋਤਰਨ ਦੇਣਾ, ਘੋੜਿਆਂ ਅਗੋਂ ਘਾਹ ਚੁੱਕ ਕੇ ਲੈ ਜਾਣਾ, ਲੰਗਰ ਲਈ ਇਕੱਠੀਆਂ ਕੀਤੀਆਂ ਲੱਕੜਾਂ ਜਬਰੀ ਚੁੱਕ ਕੇ ਲੈ ਜਾਣੀਆਂ ਆਦਿ ਮਨਮਾਨੀਆਂ ਕਰ ਕੇ ਕਸ਼ਟ ਪੁਚਾਉਣ ਦੇ ਯਤਨ ਕਰਨੇ।

ਸਮਾਂ ਹਮੇਸ਼ਾਂ ਬਦਲਦਾ ਰਹਿੰਦਾ ਹੈ। ਦੁਖਾਂਤ ਸਮਾਂ ਢਲਦੇ ਪਰਛਾਵੇਂ ਵਾਂਗ ਢਲ ਜਾਂਦਾ ਹੈ, ਪਰ ਇਸ ਲਈ ਦ੍ਰਿੜਤਾ, ਵਿਸ਼ਵਾਸ ਤੇ ਸਬਰ ਸੰਤੋਖ ਦੀ ਲੋੜ ਹੋਇਆ ਕਰਦੀ ਹੈ ਤੇ ਜਰਨ ਸ਼ਕਤੀ–ਦਯਾ, ਧਰਮ ਤੇ ਸੱਚ ਅੰਤ ਉਜਾਗਰ ਹੋ ਹੀ ਆਉਂਦਾ ਹੈ। 'ਕੂੜ' (ਅਮਾਵਸ) 'ਸੱਚ' (ਚੰਦ੍ਰਮਾਂ) ਅੱਗੇ ਪਰ ਲਾ ਕੇ ਉਡ ਜਾਂਦਾ। ਪਰ ਸੱਚ ਦੀ ਕਮਾਈ, ਸਰੀਰਕ ਤੌਰ ਤੇ ਅਨੇਕਾਂ ਕਸ਼ਟਾਂ ਦਾ ਅੰਤਰ ਆਤਮੇ ਦੀ ਦ੍ਰਿੜਤਾ (ਵਾਹਿਗੁਰੂ ਤੇ ਭਰੋਸੇ) ਨਾਲ ਮੁਕਾਬਲਾ ਕਰਦਿਆਂ ਹੋਇਆਂ ਆਖਰ ਵਿਜੇ ਧਰਮ ਦੀ ਹੀ ਹੁੰਦੀ ਹੈ।

ਬਾਬਾ ਜੀ ਕਈ ਸਾਲ ਇਹਨਾ ਮਾਨਸਕ ਸਰੀਰਕ ਤੌਰ ਤਾਂ ਕਸ਼ਟ (ਆਮ ਲੋਕਾਂ ਦੀ ਦ੍ਰਿਸ਼ਟੀ ਮੁਤਾਬਕ) ਝੱਲਦੇ ਰਹੇ। ਭਾਂਵੇਂ ਆਤਮਕ ਤੌਰ ਤੇ ਉਹਨਾਂ ਕਸ਼ਟਾਂ ਦਾ ਰੰਚਕ ਮਾਤਰ ਭੀ ਲੇਸ ਉਦਾਸੀਨਤਾ ਜਾਂ ਮਨ ਤੇ ਕੋਈ ਚਿੰਤਕ ਅਸਰ ਨਹੀਂ ਸੀ ਕਿਉਂਕਿ ਜਦ ਭੀ ਮਨੁਖ ਤੇ ਕਸ਼ਟ ਆਉਂਦਾ ਹੈ ਤਾਂ ਉਸ ਦੇ ਸਰੀਰ ਦੇ ਕਈ ਚਿੰਨ੍ਹਾਂ ਤੋਂ ਜਾਣਿਆਂ ਜਾ ਸਕਦਾ ਹੈ। ਚੇਹਰੇ ਦੀ ਉਦਾਸੀ ਅੱਖਾ ਦੀ ਨਿਵਾਨਤਾ ਤੇ ਬੋਲ ਵਿਚ ਧੀਮਾਪਨ, ਸਰੀਰਕ ਨਿਰਬਲਤਾ, ਪ੍ਰੰਤੂ ਬਾਬਾ ਜੀ ਨਾ ਮਨ ਕਰ ਕੇ ਨਾ ਹੀ ਸਰੀਰ ਕਰ ਕੇ ਅਜਿਹੀ ਇਹਨਾਂ ਕਸ਼ਟਾਂ ਦੀ ਉਦਾਸੀਨਤਾ ਜਾਂ ਚਿੰਤਾ ਹੀ ਦਰਸਾਈ ਦੇਂਦੀ ਸੀ, ਸਗੋਂ

ਚਿਹਰਾ ਹਸੂੰ ਹਸੂੰ ਕਰਦਾ, ਚਮਕਦੇ ਹੀਰੇ ਵਾਂਗ ਲਾਲ ਭਾਅ ਮਾਰਦਾ। ਸਰੀਰ ਵਿਚ ਚੁਸਤੀ, ਆਤਮਕ ਖੇੜਾ ਹੀ ਨਜ਼ਰ ਆਉਂਦਾ। ਜਿਵੇਂ ਪੰਚਮ ਪਾਤਸ਼ਾਹ ਤੱਤੀ ਲੋਹ ਤੇ ਅਡੋਲ, ਸ਼ਾਂਤ ਚਿੱਤ, ਦੁੱਖ ਰਹਿਤ-'ਤੇਰਾ ਕੀਆ ਮੀਠਾ ਲਾਗੈ' ਦੀ ਆਮ ਸਿਖਿਆਰਥੀ - ਜਗਤ ਨੂੰ ਸਿਖਿਆ ਪ੍ਰਦਾਨ ਕਰਦੇ। ਮੀਆਂ ਮੀਰ ਇਹ ਕੌਤਕ ਵੇਖ, ਚੇਹਰੇ ਦੀ ਉਦਾਸੀ ਅੰਦਰ ਵਿਆਕੁਲਤਾ ਤੇ ਜੋਸ਼ ਵਿਚ ਹੋਸ਼ ਭੁਲਾ ਕੇ ਲਾਹੌਰ ਤੇ ਦਿਲੀ ਦੀ ਇੱਟ ਨਾਲ ਇੱਟ ਵਜਾਣ ਦੀ ਕਰਾਮਾਤ ਦਰਸਾ ਰਿਹਾ ਸੀ, ਪਰ ਵਿਸ਼ਵ ਦੇ ਮਾਲਕ ਅਡੋਲਤਾ ਦਰਸਾ ਰਹੇ ਸਨ। ਮੀਆਂ ਮੀਰ ਅੱਖਾਂ ਮੀਟ ਤੇ ਵੇਖ ਰੰਗ ਕਰਤਾਰ ਦੇ, ਇਹ ਵੇਖਦਿਆਂ ਉਸ ਨੂੰ ਗਲਤੀ ਦਾ ਅਹਿਸਾਸ ਹੋ ਆਇਆ ਸੀ।

ਇਸੇ ਤਰ੍ਹਾਂ ਮਹਾਂ ਪੁਰਸ਼ ਪ੍ਰਭੂ ਦੀ ਰਜ਼ਾ, ਹੁਕਮ ਤੇ ਭਾਣੇ ਨੂੰ ਹਮੇਸ਼ਾਂ ਸਵੀਕਾਰਤਾ ਦੇ ਕੇ ਕਸ਼ਟ ਨੂੰ ਕਸ਼ਟ ਨਹੀਂ, ਸਗੋਂ ਮਾਲਕ ਦੀ ਖੇਡ ਚੋਜ, ਵੇਖ ਕੇ ਤੇ ਖੁਸ਼ੀ ਖੇੜੇ ਵਿਚ ਰਹਿ ਕੇ 'ਚਹੁਗੁਣ ਪ੍ਰਸੰਨਤਾ' ਦੇ ਪਾਤ੍ਰ ਬਣ ਜਾਂਦੇ ਹਨ।

ਕਸ਼ਟਾਂ ਸਮੇਂ ਕਈ ਵਾਰੀ ਬਾਬਾ ਧਰਮ ਸਿੰਘ ਜੀ ਭਾਵੇਂ ਕਾਹਲੇ ਪੈ ਜਾਂਦੇ, ਪਰ ਬਾਬਾ ਮਿੱਤ ਸਿੰਘ ਜੀ ਠੰਡੇ ਸੁਭਾਓ ਨਾਲ ਕਹਿੰਦੇ-ਨਹੀਂ ਬਾਬਾ ਜੀ! ਅਸਾਡੇ ਕਰਮ ਜੁ ਅਜਿਹੇ ਕੀਤੇ ਹੋਏ ਹਨ, ਉਹ ਤਾਂ ਅਸਾਂ ਹੀ ਭੋਗਣੇ ਹਨ। ਹੋਰ ਕੌਣ ਭੋਗੇਗਾ? ਕਿਉਂਕਿ ਕਲਿਜੁਗ ਦਾ ਨਿਆਉ ਹੈ-

ਅਹਿ ਕਰੁ ਕਰੇ ਸੁ ਅਹਿ ਕਰੁ ਪਾਇ॥ ਕੋਈ ਨਾ ਪਕੜੀਐ ਕਿਸੈ ਥਾਇ॥ ੩॥

[ਆਸਾ ਮ: ੫-੪੦੬

ਬਾਬਾ ਧਰਮ ਸਿੰਘ ਜੀ! ਜਦ ਅਸੀਂ ਅੰਮ੍ਰਿਤ ਪਾਨ ਕਰਨ ਸਮੇਂ ਤਨ, ਮਨ ਤੇ ਧਨ ਸਭ ਸਤਿਗੁਰੂ ਜੀ ਨੂੰ ਸੌਂਪਣ ਹੀ ਕਰ ਦਿਤਾ ਸੀ, ਤਾਂ ਹੁਣ ਸਾਡਾ ਤਾਂ ਕੁਝ ਨਹੀਂ। ਜੇ ਹੈ, ਤਾਂ ਫਿਰ ਅਸੀਂ ਗੁਰੂ ਦੇ ਤੇ ਗੁਰੂ ਸਾਡਾ ਕਿਵੇਂ ਰਿਹਾ? ਇਹ ਸ਼ਰਤ ਕਬੂਲ ਕੇ ਹੀ ਅੰਮ੍ਰਿਤ ਦੀ ਦਾਤ, ਬਾਣੀ ਤੇ ਆਪਣਾ ਬਾਣਾ ਉਹਨਾਂ ਨੇ ਬਖਸ਼ਸ਼ ਕੀਤਾ ਹੈ। ਕੀ ਸਤਿਗੁਰਾਂ ਨੇ ਕਿਤਨੀਆਂ ਮੁਸੀਬਤਾਂ ਸਾਡੇ ਲੋਕਾਂ ਵਾਸਤੇ ਨਹੀਂ ਝੱਲੀਆਂ? ਆਪ ਸਮਰੱਥ ਹੁੰਦੇ ਹੋਏ ਭੀ ਭਾਣੇ ਅੰਦਰ ਰਹਿ ਕੇ ਸੰਤੁਸ਼ਟ ਰਹੇ ਤੇ ਕਦੇ ਬੁੱਲ੍ਹਾਂ ਤੇ ਕੀਹ, ਦਿਲ ਵਿਚ ਫੁਰਨੇ ਮਾਤਰ ਭੀ ਗਿਲੇ ਸ਼ਿਕਵੇ ਨਹੀਂ ਫੁਰੇ। ਵਾਹਿਗੁਰੂ ਅਕਾਲ ਪੁਰਖ ਪਰ ਸ਼ਿਕਵਾ ਨਹੀਂ ਸੀ ਲਿਆਂਦਾ ਅਤੇ ਸਗੋਂ ਆਪਣੀ ਤਨਹਾਈ (ਇਕੱਲਤਾ) ਆਪਣੇ ਸੱਚੇ ਯਾਰ ਨੂੰ ਮਾਛੀਵਾੜੇ ਵਿਚ ਟਿੰਡ ਦਾ ਸਿਰ-ਹਾਣਾ ਕਰ ਕੇ ਧਰਤੀ ਤੇ ਭੁੰਜੇ ਹੀ ਬਿਰਾਜਮਾਨ ਹੋਏ ਇਉਂ ਅਕਾਲ ਪੁਰਖ ਦੇ ਸ਼ੁਕਰਾਨੇ ਵਿਚ ਸੱਦ (ਆਵਾਜ਼) ਗਾ ਰਹੇ ਹਨ-

ਖਿਆਲ ਪਾਤਸ਼ਾਹੀ ੧੦ ॥

ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ ॥
ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ ਨਾਗ ਨਿਵਾਸਾ ਦੇ ਰਹਿਣਾ ॥
ਸੂਲ ਸੁਰਾਹੀ ਖੰਜਰ ਪਿਯਾਲਾ ਬਿੰਗੁ ਕਸਾਈਆਂ ਦਾ ਸਹਣਾ ॥
ਯਾਰੜੇ ਦਾ ਸਾਨੂੰ ਸਥਰੁ ਚੰਗਾ ਭੱਠ ਖੇੜਿਆਂ ਦਾ ਰਹਿਣਾ ॥ [ਸ਼ਬਦ ਹਜ਼ਾਰੇ ਪਾ: ੧੦

ਕਹਿ ਕੇ ਪੁਕਾਰਿਆ ਸੀ।

ਸੋ ਬਾਬਾ ਧਰਮ ਸਿੰਘ ਜੀ, ਤੁਸੀਂ ਇਹ ਕਸ਼ਟ ਨਾ ਸਮਝੋ। ਇਹ ਤਾਂ ਪ੍ਰੀਖਿਆ ਹੈ ਜੀਵਨ ਦੀ। ਜੋ ਘਬਰਾ ਜਾਂਦਾ ਹੈ ਜਾਂ ਸ਼ਿਕਵਾ ਕਰਦਾ ਰਹਿੰਦਾ ਹੈ, ਉਹ ਸਮਾਂ ਬਿਅਰਥ ਗੁਜ਼ਾਰ ਕੇ, ਕੋਰਾ (ਖਾਲੀ) ਖਰਚਾ ਦੇ ਆਉਂਦਾ ਹੈ। ਉਹ ਕਦੀ ਉੱਚ ਪਦਵੀ ਪ੍ਰਾਪਤ ਨਹੀਂ ਕਰ ਸਕਦਾ, ਨਾ ਹੀ ਪ੍ਰਭੂ ਬਖਸ਼ਸ਼ਾਂ ਦੇ ਖਜ਼ਾਨੇ ਗੁਰਮੁਖ, ਸਾਧ ਸੰਤ ਬ੍ਰਹਮ ਗਿਆਨੀ ਦੀ ਡਿਗਰੀ ਪ੍ਰਾਪਤ ਕਰ ਸਕਦਾ ਹੈ।ਇਹ ਤਾਂ ਛਲ ਹੈ,ਸਮਝਣ ਤੇ ਸਬਰ ਸੰਤੋਖ ਬੱਦਲਾਂ ਦੀ ਛਾਂ ਨੂੰ ਪਲਾਂ ਵਿਚ ਲੰਘਦੇ ਵੇਖਣ ਦੀ ਲੋੜ ਹੈ। ਫਿਰ ਸੱਚ ਚੰਦ੍ਰਮਾ, ਸੂਰਜ ਦੀਆਂ ਸੁਨਹਿਰੀ ਰਿਸ਼ਮਾਂ ਨਾਲ ਜੀਵ ਦਾ ਭਵਿੱਖ ਕਿੰਨਾ ਸੁੰਦਰ, ਚਮਕਦਾ ਤੇ ਹਰ ਪਾਸੇ ਰੋਸ਼ਨੀ ਦੇਂਦਾ, ਸਦਾ ਅਨੰਦ ਮਾਣਦਾ, ਖੁਸ਼ੀਆਂ ਭਰਪੂਰ ਦਿਖਾਈ ਦੇਵੇਗਾ।

ਹੁਣ ਇਹ ਪਿਆਰ ਉਤਸ਼ਾਹ ਤੇ ਲੱਗਨ ਦੀ ਮਹਿਕ ਹਰ ਦਿਲਾਂ ਵਿਚ ਕਸ਼ਸ਼ ਪੈਦਾ ਕਰਨ ਲੱਗ ਪਈ। ਪੱਥਰ ਦਿਲ ਭੀ ਢਲ ਕੇ ਮੋਮ ਹੋਣ ਲਗੇ ਤੇ ਕੋਮਲ ਪਿਆਰਾਂ ਦੇ ਭੰਡਾਰ ਬਾਬਾ ਜੀ ਦੇ ਦਰਸ਼ਨ ਹੀ ਨਹੀਂ ਸਗੋਂ ਤਨ ਕਰ ਕੇ, ਮਨ ਕਰ ਕੇ ਤੇ ਧਨ ਕਰ ਕੇ ਸਨਬੰਧ ਜੋੜਨ ਨੂੰ ਜੀਉ ਲੋਚਦਾ, ਹਰ ਪ੍ਰਾਣੀ ਦੀ ਸੱਧਰ ਕਿ ਹਰ ਇਕ ਦਾ ਜਗਤ ਮਾਤਾ-ਮਾਤਾ ਸਾਹਿਬ ਕੌਰ ਦੇ ਅਸਥਾਨ ਤੇ ਹਾਜ਼ਰੀ ਲੁਆਉਣ ਨੂੰ ਉਮਗਦਾ। ਪਰ ਜਦੋਂ ਜੀਵ ਦੇ 'ਪੂਰਬ ਕਰਮ ਅੰਕੁਰ ਜਬ ਪ੍ਰਗਟੇ' ਜੀਵ ਦੇ ਪੂਰਬਲੇ ਕਰਮਾਂ ਦਾ ਅੰਗੂਰ ਫੁਟਦਾ ਹੈ, ਭਾਵ ਉਗ ਕੇ ਪ੍ਰਗਟ ਹੁੰਦਾ ਹੈ, ਤਦੋਂ ਹੀ ਜੀਵ ਸੱਚ ਦੇ ਮਾਰਗ ਦੀ ਭਾਲ ਲੋਚ ਕਰ ਕੇ 'ਭੇਟਿਓ ਪੁਰਖੁ ਰਸਿਕ ਬੈਰਾਗੀ' ॥ ਤਾਂ ਫਿਰ-

ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥੨॥੨॥੧੧੯॥

[ਗਉੜੀ ਮ: ੫-੨੦੪

ਬੈਰਾਗ ਧਾਰਨ ਕਰ ਕੇ ਪੁਰਖ ਜੋ 'ਏਕਾ ਪੁਰਖੁ ਸਬਾਈ ਨਾਰ' ॥ ਅਕਾਲ ਪੁਰਖ ਦੇ ਵਰੋਸਾਏ ਮਹਾਂਪੁਰਸ਼ਾਂ ਨਾਲ ਭੇਟ ਹੁੰਦੀ ਹੈ। ਤਦੋਂ ਕਾਰਨ, ਕਾਰਜ ਤੇ ਸਮਾਂ ਉਜਾਗਰ ਹੁੰਦਾ ਹੈ ਤਾਂ ਜੀਵ ਨੂੰ ਸੁਰਤ, ਬੁਧ, ਮੱਤ' ਦਾ ਗਿਆਨ ਤੇ ਸੋਝੀ ਆਉਂਦੀ ਹੈ।

ਇਸੇ ਤਰਾਂ ਅਨੇਕਾਂ ਜੀਵ, ਜੋ ਪ੍ਰਭੂ ਲੋਦਣਾ ਵਾਲੇ ਵੈਰਾਗੀ ਹੋਏ ਖੋਜ ਵਿਚ ਰਹਿੰਦੇ ਹਨ, ਪਰ ਪੂਰਨ ਸਾਧੂ ਨਾ ਮਿਲਣ ਕਰ ਕੇ ਉਹਨਾਂ ਦਾ ਕੇਂਦਰਤ (ਨਿਸ਼ਾਨਾ) ਅਸਥਿਤ ਨਹੀਂ ਹੁੰਦਾ ਹੈ ਤੇ ਉਹ ਭਟਕਦੇ ਫਿਰਦੇ ਹੀ ਜਨਮ ਗੰਵਾ ਲੈਂਦੇ ਹਨ। ਤੇ ਕਈ ਵਾਰੀ ਅੰਦਰ ਦੀ ਲੋਚ ਤੀਬਰਤਾ, ਜਲਦੀ, ਵੈਰਾਗੀ ਦਸ਼ਾ ਅਜਿਹੀ ਹੋ ਜਾਂਦੀ ਹੈ। ਜੋ ਜੀਵ ਸਬਰ ਸ਼ੁਕਰ ਦੀ ਬਜਾਇ ਉਤਾਵਲੇ ਪਨ, ਕਾਹਲੀ ਕਰਨ ਕਰ ਕੇ ਗਲਤ ਢੰਗ (ਨਾਟਕੀ ਚੇਟਕੀ) ਸਾਧੂਆਂ ਦੇ ਲੜ ਲੱਗ ਕੇ, ਫਿਰ ਆਸ ਨਾ ਪੂਰੀ ਹੁੰਦੀ ਵੇਖ ਕੇ ਕਈ ਵਾਰੀ ਰਸਤੇ ਭਟਕ ਕੇ ਰਸਾਤਲ ਕਰਮਾਂ ਵਿਚ ਫਸ ਕੇ, ਜਨਮ ਬਿਰਥਾ ਗੰਵਾ ਲੈਂਦਾ ਹੈ, ਤੇ ਨਾਸਤਕ ਬੁੱਧੀ ਧਾਰਨ ਕਰ ਕੇ, ਪਰਮੇਸ਼ਵਰ ਤੋਂ ਬੇ ਮੁਖ ਹੋ ਕੇ-

ਬੇਮੁਖ ਹੋਇ ਰਾਮਿ ਤੇ ਲਗਨ ਜਨਮ ਵਿਜੋਗ ॥ [ਬਾਰਹ ਮਾਹ, ਮਾਝ

ਜਨਮਾਂ ਦੇ ਵਿਛੋੜੇ ਪਾ ਲੈਂਦਾ ਹੈ। ਪਰ ਸੱਚ ਦੀ ਭਾਲ, ਸੱਚ ਦੀ ਟਕਸਾਲ, ਸੱਚ ਦੀ ਕਸਵਟੀ

(ਗੁਰਬਾਣੀ) ਦੀ ਟੇਕ, ਆਧਾਰ, ਆਸਰਾ ਲੈਣ ਵਾਲਾ ਜੀਵ ਨਾ ਡੋਲਦਾ ਹੈ, ਨਾ ਭਟਕਦਾ ਹੈ, ਤੇ ਨਾ ਹੀ ਅਧਰਮ ਦਾ ਮਾਰਗ ਅਪਣਾਂਦਾ ਹੈ। ਉਹ ਧਰਮ ਦੇ ਠੇਕੇਦਾਰਾਂ ਦੀ ਬਾਬੇ ਨਾਨਕ ਵਾਂਗ ਸੱਚ ਤੇ ਝੂਠ ਦੀ ਕਸਵੱਟੀ ਗੁਰਬਾਣੀ ਨਾਲ ਪਰਖ ਕਰ ਕੇ ਹੀ, ਸੱਚ ਦਰਸਾਉਣ ਵਾਲੇ ਮਹਾਂਪੁਰਸ਼ਾਂ ਨਾਲ ਹੀ ਆਪਣੇ ਸੰਬੰਧ ਜੋੜਦਾ ਹੈ।

ਭਾਈ ਰਾਮ ਸਿੰਘ ਜੀ ਮਰਹੱਟਾ

ਇਸੇ ਤਰਾਂ ਭਾਈ ਰਾਮ ਸਿੰਘ ਜੀ ਮਰਹੱਟਾ ਜੋ ਸ਼ਿਕਾਰ ਘਾਟ ਦੇ ਲਾਗਲੇ ਪਿੰਡ ਖੇਤੀ ਬਾੜੀ ਕਰ ਕੇ ਗੁਜ਼ਾਰਾ ਕਰਦਾ ਸੀ। ਉਸ ਨੇ ਬਾਬਾ ਜੀ ਦੀ ਸ਼ਖ਼ਸੀਅਤ ਦੀਆਂ ਸੋਆਂ ਸੁਣੀਆਂ ਹੋਈਆਂ ਸਨ। ਉਹ ਕਈ ਵਾਰੀ ਮਾਤਾ ਜੀ ਦੇ ਅਸਥਾਨ ਤੇ ਦਰਸ਼ਨ ਕਰਨ ਆਉਂਦਾ ਅਤੇ ਮਨੋਂ ਭਾਵਨਾ ਭੇਟਾ ਹਾਜ਼ਰ ਕਰ ਕੇ ਮਨ ਨੂੰ ਠੰਢਕ ਪ੍ਰਾਪਤ ਕਰ ਕੇ ਜਾਂਦਾ।

ਉਸ ਦੇ ਮਨ ਅੰਦਰ ਪ੍ਰੇਮ ਠਾਠਾਂ ਮਾਰਦਾ, ਜਦ ਜੀਅ ਕਰਦਾ ਨਾ ਦਿਨ ਦੇਖਦਾ ਨਾ ਰਾਤ, ਜਦ ਵੈਰਾਗ ਤੀਖਣ ਹੋ ਉੱਠਦਾ, ਉਹ ਘਰੋਂ ਉੱਠਦਾ ਤੇ ਬਾਬਾ ਜੀ ਦੇ ਪਾਸ ਆ ਕੇ ਮਨ ਨੂੰ ਸ਼ਾਂਤੀ ਮਹਿਸੂਸ ਕਰਦਾ। ਕਈ ਵਾਰੀ ਤਾਂ ਘਰ ਨੂੰ ਜਾਣ ਲਈ ਵੀ ਜੀਅ ਹੀ ਨਾ ਕਰਦਾ। ਇਉਂ ਪ੍ਰੇਮ - ਰੰਗਣ ਦਾ ਰੰਗ ਭਾਈ ਰਾਮ ਸਿੰਘ ਜੀ ਦੇ ਮਨ ਤੇ ਚੜ੍ਹਦਾ ਗਿਆ। ਅੰਦਰਲੇ ਮਨ ਵਿਚੋਂ ਕਈ ਵਾਰੀ ਸੰਕਲਪ ਉਭਰਦਾ, ਕਿ ਬਾਬਾ ਜੀ ਦੇ ਨਾਲ ਅਜਿਹਾ ਸਬੰਧ ਬਣ ਜਾਵੇ ਜੋ ਕਦੇ ਟੁੱਟੇ ਹੀ ਨਾ ਤੇ ਮੈਂ ਸਦਾ ਚਰਨ ਪਰਸਦਾ ਹੀ ਰਵਾਂ। ਬਾਬਾ ਜੀ ਦੀ ਸੰਗਤ ਨਾਲ ਪਹਿਲਾਂ ਤਾਂ ਇਹ ਸਿੰਘ ਸੱਜ ਗਿਆ ਸੀ ਤੇ ਅੰਮ੍ਰਿਤ ਵੀ ਪਾਨ ਕਰ ਲਿਆ ਹੋਇਆ ਸੀ ਤੇ ਰਾਮ ਤੋਂ ਰਾਮ ਸਿੰਘ ਬਣ ਗਿਆ।

ਇਸੇ ਸੋਚ ਵਿਚ ਭਾਈ ਰਾਮ ਸਿੰਘ ਜੀ ਇਕ ਦਿਨ ਬਹੁਤ ਵੈਰਾਗੀ ਹੋ ਗਿਆ ਤੇ ਬਾਬਾ ਜੀ ਪਾਸ ਆ ਕੇ, ਗਲ ਵਿਚ ਪੱਲਾ ਪਾ ਕੇ ਹੱਥ ਜੋੜ ਕੇ ਬਾਬਾ ਜੀ ਅੱਗੇ ਬੇਨਤੀ ਕੀਤੀ ਕਿ ਬਾਬਾ ਜੀ! ਮੈਨੂੰ ਅਜਿਹੀ ਸੇਵਾ ਬਖਸ਼ੋ, ਜਿਸ ਨਾਲ ਮੇਰਾ ਸਦਾ ਮਾਤਾ ਜੀ ਦੇ ਅਸਥਾਨ ਅਤੇ ਆਪ ਜੀ ਦੇ ਨਾਲ ਸੰਪਰਕ ਬਣਿਆ ਰਹੇ।

ਬਾਬਾ ਜੀ– ਭਾਈ ਜੀ! ਸੇਵਾ ਕਰਨ ਤੋਂ ਤੁਹਾਨੂੰ ਕੌਣ ਰੋਕਦਾ ਹੈ, ਨਾਲੇ ਸੇਵਾ ਦਸ ਕੇ ਜਾਂ ਮਿੱਥ ਕੇ ਜਾਂ ਕਿਸੇ ਦੇ ਕਹੇ ਤੇ ਨਹੀਂ ਕੀਤੀ ਜਾਂਦੀ। ਜੋ ਪ੍ਰੇਮ ਤੇ ਉਤਸ਼ਾਹ ਨਾਲ ਜੀਅ ਆਵੇ, ਉਹ ਹੀ ਸੇਵਾ ਕਰ ਲਓ। ਹਰ ਇਕ ਜੀਵ ਨੂੰ ਮਨ - ਇੱਛਤ ਸੇਵਾ ਕਰਨ ਦਾ ਪੂਰਨ ਹੱਕ ਹੈ। ਜੋ ਦੱਸ ਕੇ ਬੰਧਨ ਨਾਲ ਸੇਵਾ ਕੀਤੀ ਜਾਂਦੀ ਹੈ, ਉਸ ਵਿਚ ਤਾ. ਨਾ ਹੀ ਮਨ ਦੀ ਸ਼ਾਂਤੀ ਹੁੰਦੀ ਹੈ ਅਤੇ ਨਾ ਹੀ ਅਜਿਹੀ ਸੇਵਾ ਕਦੀ ਫਲੀਭੂਤ ਹੁੰਦੀ ਹੈ।

ਭਾਈ ਰਾਮ ਸਿੰਘ ਜੀ– ਬਾਬਾ ਜੀ ਹਮ ਤੋ ਅਨਜਾਨ ਹੈਂ, ਹਮ ਨੇ ਆਗੇ ਕਉਨ ਸੀ ਕਬੀ ਸੇਵਾ ਕੀ ਹੈ। ਆਪ ਕ੍ਰਿਪਾ ਕਰ ਕੇ ਹੁਕਮ ਕਰੋ, ਮੈਂ ਵੁਹੀ ਕਰੂੰਗਾ।

ਬਾਬਾ ਜੀ–ਜੇਕਰ ਅਸਾਂ ਕੋਈ ਅਜਿਹੀ ਸੇਵਾ ਕਹਿ ਦਿਤੀ, ਜੋ ਤੁਹਾਡੇ ਵੱਸ ਤੋਂ ਬਾਹਰੀ ਹੋਈ, ਤਾਂ ਫਿਰ ਕਹੋਗੇ ਕਿ ਕੋਈ ਹੋਰ ਸੇਵਾ ਦਸੋ। ਇਸ ਨਾਲੋਂ ਤਾਂ ਚੰਗਾ ਹੈ ਤੁਸੀਂ ਆਪ ਹੀ ਮਨ ਵਿਚ ਧਾਰਨ

ਕਰ ਕੇ ਸੇਵਾ ਕਰ ਲਿਆ ਕਰੋ।

ਭਾਈ ਰਾਮ ਸਿੰਘ ਜੀ–ਬਾਬਾ ਜੀ, ਜੋ ਭੀ ਸੇਵਾ ਆਪ ਬਖਸ਼ੋਗੇ, ਮੈਂ ਜ਼ਰੂਰ ਉਹੋ ਹੀ ਕਰੂੰਗਾ, ਚਾਹੇ ਵੁਹ ਮੇਰੇ ਬੱਸ ਮੇਂ ਹੋ ਯਾ ਨਾ ਹੋ। ਮੈਂ ਤੋ ਯਤਨ ਕਰੂੰਗਾ ਆਪ ਜੀ ਕੇ ਹੁਕਮ ਪਰ ਫੂਲ ਚੜ੍ਹਾਨੇ ਕਾ। ਚਾਹੇ ਕਿਤਨੀ ਭੀ ਕਠਨ ਸੇਵਾ ਕਿਉਂ ਨਾ ਹੋ। ਮੇਰੇ ਮਨ ਮੇਂ ਪਰਤੀਤ ਹੈ ਕਿ ਆਪ ਮੇਰੀ ਹੈਸੀਅਤ ਮੁਤਾਬਕ ਹੀ ਸੇਵਾ ਬਖਸ਼ੋਗੇ।

ਬਾਬਾ ਜੀ–ਹੱਛਾ! ਤੁਹਾਨੂੰ ਯਕੀਨ ਹੈ ਕਿ ਜੋ ਅਸੀਂ ਸੇਵਾ ਦਸਾਂਗੇ, ਉਹੀ ਕਰਿਆ ਕਰੋਗੇ। ਵੇਖ ਲਓ ਮੈਦਾਨ ਵਿਚੋਂ ਭੱਜ ਨਾ ਜਾਣਾ, ਕਸਵੱਟੀ ਕਰੜੀ ਹੈ। ਜੇ ਪੱਕੀ ਗੰਢ ਪਾਉਣੀ ਹੈ ਤਾਂ ਪੀਡੀ ਪਾਈਂ। ਸੋਚ ਲੈ ਜੇ ਕੱਲ੍ਹ ਨੂੰ ਤੇਰੇ ਪਾਸੋਂ ਨਿਭਾ ਨਹੀਂ ਹੋਣੀ ਤਾਂ ਫਿਰ ਜੋ ਤੁਹਾਡੇ ਮਨ ਵਿਚ ਆਵੇ, ਉਹੀ ਸੇਵਾ ਕਰਦੇ ਰਿਹਾ ਕਰੋ।

ਭਾਈ ਰਾਮ ਸਿੰਘ–(ਬੜੀ ਅਧੀਨਗੀ ਨਾਲ) ਬਾਬਾ ਜੀ ਆਪ ਹੀ ਮੁਝੇ ਕ੍ਰਿਪਾ ਕਰ ਕੇ ਸੇਵਾ ਬਖਸ਼ੋ, ਔਰ ਮੁਝੇ ਬਲ ਦੋਗੇ ਤੋ ਮੈਂ ਵੁਹੀ ਕਰ ਸਕੂੰਗਾ।

ਬਾਬਾ ਜੀ–ਚੰਗਾ ਫਿਰ ਤੂੰ ਸਾਡਾ ਸ਼ਾਹ ਬਣ ਜਾ ਕਿਉਂਕਿ–

ਗੁਰੂ ਬਿਨਾਂ ਗਤਿ ਨਹੀਂ ਤੇ ਸ਼ਾਹ ਬਿਨਾਂ ਪਤਿ ਨਹੀਂ।

ਇਹ ਸਿਆਣਿਆਂ ਦੀ ਕਹਾਵਤ ਹੈ। ਤੂੰ ਸਾਡੇ ਨਾਲ ਹੀ ਵਣਜ ਵਪਾਰ ਕਰ ਲਿਆ ਕਰ, ਕਿਉਂਕਿ–

ਹੋਛਾ ਸਾਹੁ ਨ ਕੀਜੀਐ ਮਤ ਪਛੋਤਾਈਐ॥ [ਭਾ: ਗੁਰਦਾਸ ਜੀ

ਭਾਈ ਰਾਮ ਸਿੰਘ ਜੀ–ਬਾਬਾ ਜੀ ਮੁਝੇ ਸਮਝ ਨਹੀਂ ਆਈ, ਮੇਰੇ ਪਾਸ ਤੋ ਵਣਜ ਬਿਉਪਾਰ ਕਰਨੇ ਕੀ ਕੌਨ ਸੀ ਵਸਤੂ ਹੈ ਔਰ ਫਿਰ ਆਪ ਕੇ ਸਾਥ? ਕੌਨ ਸੇ ਸੌਦੇ ਕਾ ਵਣਜ ਕਰ ਸਕਤਾ ਹੂੰ। ਆਪ ਬਖਸ਼ਸ਼ੋਂ ਕੇ ਮਾਲਕ ਹੈਂ, ਔਰ ਮੈਂ ਅਦਨਾ ਸਾ, ਗਰੀਬੜਾ, ਨਾਮ - ਧਰੀਕ ਸਿੱਖ ਹੂੰ। ਮੁਝੇ ਤੋ ਕੇਵਲ ਖੇਤੀ ਕਾ ਹੀ ਵਣਜ ਆਤਾ ਹੈ। ਆਪ ਕ੍ਰਿਪਾ ਕਰ ਕੇ ਮੁਝੇ ਸਮਝਾਵੋ, ਮੈਂ ਤੋ ਬੇਸਮਝ ਹੂੰ।

ਬਾਬਾ ਜੀ–ਹਾਂ, ਤੂੰ ਜ਼ਿਮੀਂਦਾਰ ਏਂ ਤੇ ਮਾਤਾ ਜੀ ਦੇ ਅਸਥਾਨ ਦੀ ਭੀ ਬਹੁਤ ਸਾਰੀ ਮਾਲਕੀ ਜ਼ਮੀਨ ਹੋ ਗਈ ਹੈ, ਤੁਸੀਂ ਸਰਕਾਰੀ ਮਾਲੀਆ ਤਾਂ ਤਾਰਦੇ ਹੋਵੋਗੇ। ਇਸੇ ਤਰਾਂ ਮਾਤਾ ਜੀ ਦੀ ਜ਼ਮੀਨ ਤੇ ਭੀ ਸਰਕਾਰੀ ਮਾਲ ਦਾ ਮਾਲੀਆ ਜੋ ਤਕਰੀਬਨ ਪੰਜ ਛੇ ਸੌ ਰੁਪੈ ਸਾਲਾਨਾ ਆ ਜਾਂਦਾ ਹੈ। ਉਹ ਰਕਮ ਸਰਕਾਰੀ ਕਰਮਚਾਰੀ ਫ਼ੌਰਨ ਮੰਗਦੇ ਹਨ। ਕਈ ਵਾਰੀ ਰਕਮ ਗੁਰੂ ਕੇ ਖਜ਼ਾਨੇ ਵਿਚ ਨਹੀਂ ਹੁੰਦੀ ਅਤੇ ਕਈ ਵਾਰ ਖਜ਼ਾਨੇ ਭਰਪੂਰ ਹੁੰਦੇ ਹਨ। ਪਰ ਲੋੜ ਪੈਣ ਤੇ ਨਾ ਹੋਣ ਸਰਕਾਰ ਦੇ ਕਰਮਚਾਰੀਆਂ ਨੂੰ ਨਿਰਾਸ਼ ਨਾ ਹੋਣਾ ਪਿਆ ਕਰੇ। ਬੱਸ ਅਜਿਹੇ ਸਮੇਂ ਸਰਕਾਰੀ ਮਾਮਲਾ ਅਦਾ ਕਰਨ ਵਾਸਤੇ, ਜਿਤਨੀ ਰਕਮ ਦੀ ਲੋੜ ਹੋਵੇਗੀ, ਦੇ ਦਿਆਂ ਕਰੀਂ। ਜਦ ਸਾਡੇ ਪਾਸ ਰੁਪੈ ਹੋਇਆ ਕਰਨਗੇ ਅਸੀਂ ਤੈਨੂੰ ਉਹ ਸੂਦ ਸਹਿਤ ਮੋੜ ਦਿਆਂ ਕਰਾਂਗੇ।

ਭਾਈ ਰਾਮ ਸਿੰਘ ਜੀ– ਹੱਥ ਜੋੜੀ ਖੜਾ, ਖੁਸ਼ੀ ਨਾਲ ਸਤਿਬਚਨ, ਬਾਬਾ ਜੀ! ਆਪ ਜੀ ਨੇ ਤੋ ਮੁਝ ਪਰ ਬਹੁਤ ਹੀ ਕ੍ਰਿਪਾ ਕੀ ਹੈ। ਜੋ ਮੁਝੇ ਬੇਅੰਤ ਖਜ਼ਾਨੇ ਕਾ ਵਰ ਬਖਸ਼ ਦੀਆ ਹੈ। ਧੰਨ ਹੋ ਆਪ।

ਪਰ ਬਾਬਾ ਜੀ, ਮੈਨੇ ਸੁਨਾ ਹੈ ਸਿੰਘ ਜੋ ਸੂਦ ਲਵੇ, ਵੋਹ ਤਨਖਾਹੀਆ ਹੋਤਾ ਹੈ। ਇਸ ਲੀਏ ਮੁਝ ਗਰੀਬ ਕੋ ਕੇਵਲ ਸੇਵਾ ਹੀ ਬਖਸ਼ੋ। ਸੂਦ ਕਾ ਲਾਲਚ ਦੇ ਕਰ ਗੁਰੂ ਜੀ ਸੇ ਔਰ ਮਾਤਾ ਜੀ ਸੇ ਮੁਝੇ ਬੇ-ਮੁੱਖ ਮਤ ਕੀਜੀਏ। ਅਗਰ ਆਪ ਤਰੁੱਠੇ ਹੋ ਤੋ ਮੁਝੇ ਇਸ ਭੂਲ ਮੇਂ ਮਤ ਡਾਲੋ। ਮੇਰੇ ਪਾਸ ਤੋ ਹੈ ਹੀ ਸਭ ਗੁਰੂ ਕਾ, ਮੇਰਾ ਤੋ ਕੁਛ ਹੈ ਭੀ ਨਹੀਂ। ਗੁਰੂ ਕੀ ਵਸਤੂ, ਗੁਰੂ ਕੇ ਹੀ ਕਾਰਜ ਕੇ ਲੀਏ ਲੱਗੇ ਤੋ ਫ਼ਿਰ ਬਦਲੇ ਮੇਂ ਲੇਨਾ ਦੇਨਾ ਕਾਹੇ ਕਾ।

ਬਾਬਾ ਜੀ—ਵਾਹ ਵਾਹ ਧੰਨ ਹੋ! ਭਾਈ ਰਾਮ ਸਿੰਘ ਜੀ, ਜਿਨ੍ਹਾਂ ਅੰਦਰ ਸਤਿਗੁਰੂ ਜੀ ਨੇ ਇਤਨੀ ਸੋਝੀ ਬਖਸ਼ੀ ਹੈ। ਅਸਾਂ ਤਾਂ ਤੈਨੂੰ ਕਿਹਾ ਸੀ, ਮਤਾਂ ਤੂੰ ਸੋਚੀਂ ਪੈ ਜਾਵੇਂ ਤੇ ਤੈਨੂੰ ਚਿੰਤਾ ਲੱਗ ਜਾਵੇ ਕਿ ਮੈਂ ਇਤਨੀ ਰਕਮ ਕਿਥੋਂ ਦਿਆ ਕਰਾਂਗਾ। ਪਤਾ ਨਹੀਂ ਕਦ ਮਿਲੇਗੀ। ਅਸਾਂ ਤਾਂ ਤੁਹਾਡੇ ਮਨ ਨੂੰ ਧੀਰਜ ਦੇਣ ਲਈ ਕਿਹਾ ਸੀ। ਤੂੰ ਬੜਾ ਸੁਭਾਗਾ ਏਂ, ਜੋ ਮਾਤਾ ਜੀ ਦੀਆਂ ਸਭ ਵਸਤੂਆਂ ਦੀ ਸੂਝ ਬੂਝ ਤੁਹਾਡੇ ਅੰਦਰ ਆ ਗਈ ਏ।

ਭਾਈ ਰਾਮ ਸਿੰਘ ਜੀ ਅਤਿਅੰਤ ਖੁਸ਼ੀ ਖੁਸ਼ੀ, ਚਾਈਂ ਚਾਈਂ ਘਰ ਚਲਾ ਗਿਆ ਅਤੇ ਉਸ ਨੇ ਗੁਰੂ-ਘਰ ਨਾਲ ਪੀਡੀ ਗੰਢ ਪਾ ਲਈ। ਜਦ ਕਦੀ ਮਾਲੀਆ ਤਾਰਨਾ ਹੁੰਦਾ ਤਾਂ ਉਹ ਪਹਿਲਾਂ ਹੀ ਆ ਕੇ ਬਾਬਾ ਜੀ ਨੂੰ ਪੁੱਛਦਾ ਕਿ ਕਿਤਨਾ ਮਾਮਲਾ ਦੇਣਾ ਹੈ। ਜਦ ਬਾਬਾ ਜੀ ਉਸ ਨੂੰ (ਉਸ ਵਲੋਂ ਮਾਮਲੇ ਦੀ ਤਾਰੀ ਹੋਈ) ਰਕਮ ਮੋੜਦੇ ਤਾਂ ਕਈ ਵੇਰ ਪੈਸੇ ਲੈਣ ਤੋਂ ਨਾਂਹ ਕਰ ਦੇਂਦਾ ਤੇ ਕਹਿ ਦੇਂਦਾ, ਮੇਰੀ ਇਹ ਰਕਮ ਗੁਰੂ ਘਰ ਵਿਚ ਹੀ ਗੁਰੂ ਕੇ ਖਜ਼ਾਨੇ ਜਮਾਂ ਰਹਿਣ ਦਿਓ।

ਬਾਬਾ ਜੀ ਕਿਹਾ ਕਰਦੇ ਸਨ—ਰਾਮ ਸਿੰਘ ਜੀ! ਅਸੀਂ ਤੇਰੇ ਨਾਲ ਵਣਜ ਕਰਨ ਦਾ ਬਚਨ ਕੀਤਾ ਹੋਇਆ ਹੈ। ਸੌਦਾ ਲੈ ਲਿਆ ਤੇ ਦੇ ਦਿਤਾ। ਜੇਕਰ ਤੁਸੀਂ ਅਜਿਹਾ ਕਰੋਗੇ ਤਾਂ ਸਾਨੂੰ ਕੋਈ ਹੋਰ ਸ਼ਾਹ ਢੂੰਡਣਾ ਪਵੇਗਾ ਅਤੇ ਇਸ ਤਰਾਂ ਪੀਡੀ ਗੰਢ ਕੱਚੀ ਹੋ ਜਾਵੇਗੀ। ਤੁਸਾਂ ਦੀ ਇਹ ਰਕਮ ਅਮਾਨਤ ਹੁੰਦੀ ਹੈ ਤੇ ਅਮਾਨਤ ਮੋੜਨ ਨਾਲ ਹੀ ਸੁੱਖ ਸ਼ਾਂਤੀ ਹੁੰਦੀ ਹੈ। ਨਾਲੇ ਸਾਨੂੰ ਕੀ ਅਧਿਕਾਰ ਹੈ ਕਿ ਅਸੀਂ ਅਮਾਨਤ ਵਿਚ ਖਿਆਨਤ ਕਰ ਕੇ ਦੋਸ਼ੀ ਬਣੀਏ।

ਇਉਂ ਭਾਈ ਰਾਮ ਸਿੰਘ ਜੀ ਪ੍ਰੇਮ ਤੇ ਸ਼ਰਧਾ ਨਾਲ ਅਜਿਹਾ ਸੱਚਾ ਸੇਵਕ ਬਣ ਕੇ ਸੇਵਾ ਕਮਾਂਦਾ ਰਿਹਾ। ਜਿਸ ਦੇ ਫਲ ਸਰੂਪ ਦਿਨਾਂ ਵਿਚ ਹੀ ਚੜ੍ਹਦੀਆਂ ਕਲਾਂ ਹੋ ਗਈਆਂ। ਮਾਤਾ ਜੀ ਦੇ ਅਸਥਾਨ ਨਾਲ ਕੀਤੇ ਵਣਜ ਨੇ ਅਜਿਹੇ ਭਾਗ ਲਾਏ ਕਿ—

ਭਾਵਨੀ ਭਗਤ ਭਾਇ ਕਉਡੀ ਅਗਰ ਭਾਗ ਰਾਖੈ ਤਾਹਿ ਗੁਰ ਸਰਬ ਨਿਧਾਨ ਦਾਨ ਦੇਤ ਹੈ॥

[ਕਬਿਤ ਸ੍ਵਯੇ ਭਾ: ਗੁਰਦਾਸ ਜੀ

ਉਸ ਨੂੰ ਅਜਿਹੇ ਭਾਗ ਲਗੇ ਕਿ ਇਲਾਕੇ ਵਿਚ ਚੰਗਾ ਸ਼ਾਹੂਕਾਰ ਬਣ ਗਿਆ ਤੇ ਗਰੀਬ ਗੁਰਬੇ ਦਾ ਸਹਾਰਾ ਬਣ ਗਿਆ। ਉਹ ਕਿਸੇ ਪਾਸੋਂ ਭੀ ਸੂਦ ਨਾ ਲੈਂਦਾ ਤੇ ਨਾ ਹੀ ਵਹੀਆਂ ਖਾਤਿਆਂ ਵਿਚ ਝੂਠੇ ਅੰਗੂਠੇ ਲੁਆ ਕੇ ਜ਼ਮੀਨਾਂ, ਜਾਇਦਾਦ ਤੇ ਮਕਾਨ ਹੜੱਪਣ ਦੀ ਹੀ ਮਨ ਵਿਚ ਕੋਈ ਲਾਲਸਾ ਆਈ। ਸਗੋਂ ਜੇ ਕਿਸੇ ਗ਼ਰੀਬ ਨੇ ਜੋ ਰਕਮ ਲਈ ਹੁੰਦੀ, ਮੋੜਨ ਦਾ ਉਸ ਪਾਸ ਕੋਈ ਚਾਰਾ ਨਾ ਹੁੰਦਾ ਤਾਂ ਉਸਨੂੰ ਕਦੇ ਪੁੱਛਦਾ

ਹੀ ਨਾ, ਸਗੋਂ ਮਾਫ਼ ਕਰ ਦੇਂਦਾ।

ਵਾਹਿਗੁਰੂ ਜੀ ਨੇ ਉਸ ਨੂੰ ਅਜਿਹੇ ਭਾਗ ਲਾਏ ਕਿ ਸੂਦ ਤੋਂ ਭੀ ਚਉਗੁਣਾ ਨਿਹਾਲ ਕਰ ਦਿਤਾ ਤੇ ਆਪਣੇ ਇਲਾਕੇ ਵਿਚ ਭਾ: ਸਾਹਿਬ ਭਾਈ ਰਾਮ ਸਿੰਘ ਦੇ ਨਾਂ ਨਾਲ ਸਨਮਾਨਿਆ ਜਾਣ ਲਗਾ।

ਇਹ ਹੈ—

ਮਹਿਮਾ ਸਾਧੂ ਸੰਗ ਕੀ ਸੁਣਿਓ ਮੇਰੇ ਮੀਤਾ।

ਸਾਧੂ ਦੀ ਸੰਗਤ ਪ੍ਰੇਮ ਸ਼ਰਧਾ ਵਿਸ਼ਵਾਸ ਤੇ ਦ੍ਰਿੜ੍ਹ ਇਰਾਦੇ ਨਾਲ ਕਰਨ ਦਾ ਫਲ ਜੋ ਭਾਈ ਰਾਮ ਸਿੰਘ ਨੂੰ ਪ੍ਰਾਪਤ ਹੋਇਆ।

ਇਕ ਮਰਹੱਟੇ ਦੀ ਸ਼ਰਧਾ

ਸਤਿਗੁਰੂ ਜੀ ਲਈ ਰੋਜ਼ਾਨਾ ਆਸਾ ਜੀ ਦੀ ਵਾਰ ਦੇ ਭੋਗ ਤੇ ਦੇਸੀ ਘਿਓ ਦਾ ਕੜਾਹ ਪ੍ਰਸ਼ਾਦਿ ਸਜਾਇਆ ਜਾਂਦਾ ਸੀ। ਜੋ ਇਕ ਸ਼ਰਧਾਵਾਨ ਹਿੰਦੂ ਮਰਹੱਟਾ* ਬੜੀ ਸ਼ਰਧਾ ਨਾਲ ਅਤਿ ਸੁੰਦਰ ਦੇਸੀ ਘਿਓ ਘਰ ਦਾ ਤਿਆਰ ਕਰ ਕੇ ਬਾਬਾ ਜੀ ਨੂੰ ਦੇ ਜਾਇਆ ਕਰਦਾ ਸੀ।

ਬਾਬਾ ਜੀ ਦੇ ਦਰਸ਼ਨਾਂ ਦੇ ਨੂਰੀ ਪ੍ਰਭਾਵ ਅਤੇ ਲੰਗਰ ਆਦਿ ਦੀ ਸੇਵਾ ਦਾ ਉਸ ਦੇ ਅੰਦਰ ਭੀ ਡੂੰਘਾ ਅਸਰ ਘਰ ਕਰ ਗਿਆ ਹੋਇਆ ਸੀ। ਤੇ ਕਈ ਵਾਰੀ ਸੰਸਾਰਕ ਮੁਸ਼ਕਲਾਂ ਲਈ ਮਾਤਾ ਜੀ ਦੇ ਅਸਥਾਨ ਤੇ ਆ ਕੇ ਅਰਦਾਸ ਕਰਾਉਂਦਾ, ਜੋ ਪੂਰੀਆਂ ਹੋ ਜਾਂਦੀਆਂ। ਇਸ ਤਰਾਂ ਇਸ ਦੀ ਸ਼ਰਧਾ ਹੋਰ ਭੀ ਪੱਕੀ ਹੋ ਗਈ।

---

* ਹਿੰਦੂ ਮਰਹੱਟੇ—ਨਾਂਦੇੜ (ਸੱਚਖੰਡ ਹਜ਼ੂਰ ਸਾਹਿਬ) ਵਲ ਆਮ ਵੇਖਿਆ ਜਾਂਦਾ ਹੈ ਇਥੋਂ ਦੇ ਲੋਕ ਆਮ ਤੌਰ ਤੇ ਪੱਥਰ ਪੂਜਕ (ਬੁੱਤ ਪ੍ਰਸਤ) ਬਹੁਤੇ ਹਨ। ਇਥੋਂ ਤੱਕ ਕਿ ਰਾਹਾਂ ਵਿਚ ਵੀ ਪਏ ਕਿਸੇ ਪੱਥਰ ਨੂੰ ਸੰਧੂਰ ਮਲਿਆ ਹੁੰਦਾ ਹੈ। ਇਹ ਲੋਕ ਹਨੂੰਮਾਨ ਦੇ ਵਧੇਰੇ ਪੁਜਾਰੀ ਹਨ। ਕਿਉਂਕਿ ਸ੍ਰੀ ਰਾਮ ਚੰਦਰ ਜੀ ਦਾ ਬਣਵਾਸੀ ਇਲਾਕਾ ਪੰਚਵੱਟੀ ਇਸੇ ਹੀ ਇਲਾਕੇ ਵਿਚ ਹੈ। ਇਧਰ ਸੀਤਾ ਫਲ ਤੇ ਰਾਮ ਫਲ ਆਮ ਪਾਏ ਜਾਂਦੇ ਹਨ।

ਇਹ ਪਰਗਨਾ ਰਾਵਣ ਕਾਲ ਵਿਚ ਰਾਵਣ ਨੇ ਆਪਣੀ ਭੈਣ ਸਰੂਪਨਖਾਂ ਨੂੰ ਦਿਤਾ ਹੋਇਆ ਸੀ। ਹਨੂੰਮਾਨ ਜੀ ਸ੍ਰੀ ਰਾਮ ਚੰਦਰ ਜੀ ਮਹਾਰਾਜ ਪ੍ਰਤੀ—ਬਨਵਾਸ ਤੇ ਸੀਤਾ ਹਰਣ, ਲੰਕਾ ਨੂੰ ਸਾੜਨ ਤੇ ਪੁਲ ਬਨਾਉਣ ਅਤੇ ਜੰਗ ਵਿਚ ਲਛਮਣ ਦੀ ਮੂਰਛਾ ਸਮੇਂ ਸੰਜੀਵਨੀ ਬੂਟੀ ਸੁਮੇਰ ਪਰਬਤ ਤੋਂ ਲਿਆਵਣਾ, ਜੰਗ ਵਿਚ ਵਾਨਰ ਸੈਨਾ ਸਮੇਤ ਸਾਥ ਦੇਣ ਤੇ, ਹਨੂੰਮਾਨ ਜੀ ਦੀ ਵਧੇਰੇ ਭੂਮਕਾ ਕਾਰਨ ਸ੍ਰੀ ਹਨੂੰਮਾਨ ਜੀ ਦੀ ਸਾਰੇ ਮਰਹੱਟੇ ਹਿੰਦੂ ਥਾਂ ਥਾਂ ਪੱਥਰਾਂ ਨੂੰ ਸੰਧੂਰ ਲਾ ਕੇ ਪੂਜਾ ਕਰਦੇ ਹਨ ਤੇ ਮੰਗਲਵਾਰ ਹਰ ਪਿੰਡ ਵਿਚ ਇਕ ਉੱਚਾ ਥੜਾ ਪੱਥਰਾਂ ਦਾ ਬਣਾ ਕੇ, ਉਪਰ ਇਕ ਵੱਡਾ ਉਚਾ ਲੰਮਾ ਪੱਥਰ ਰੱਖ ਕੇ ਉਸ ਸਾਰੇ ਤੇ ਸੰਧੂਰ ਮਲਿਆ ਹੁੰਦਾ ਹੈ।

ਇਹ ਅਸਥਾਨ ਆਮ ਤੌਰ ਤੇ ਪਿੱਪਲ ਦੇ ਦਰਖਤ ਥੱਲੇ ਹੀ ਬਣਾਉਂਦੇ ਹਨ ਅਤੇ ਖਾਸ ਕਰ ਕੇ ਮੰਗਲਵਾਰ(ਜੋ ਹਿੰਦੂ ਮਤ ਅਨੁਸਾਰ ਦੇਵੀ ਦਾ ਤੇ ਹਨੂੰਮਾਨ ਦਾ ਦਿਨ ਮੰਨਦੇ ਹਨ)ਸਾਰੀ ਸਾਰੀ ਰਾਤ ਭੇਟਾ ਪੜ੍ਹਦੇ ਤੇ [ਜਗਰਾਤਾ] ਕਰਦੇ ਹਨ।

ਜਦ ਭੀ ਘਿਓ ਦਾ ਟੀਨ ਤਿਆਰ ਹੋ ਜਾਂਦਾ, ਤਾਂ ਇਹ ਬਾਬਾ ਜੀ ਨੂੰ ਦੇ ਜਾਂਦਾ। ਜੇਕਰ ਮਾਇਆ ਸਮੇਂ ਤੇ ਹਾਜ਼ਰ ਨਾ ਭੀ ਹੁੰਦੀ, ਤਾਂ ਇਹ ਪੈਸੇ ਕਦੀ ਨਾ ਮੰਗਦਾ। ਜਦ ਭੀ ਖਜ਼ਾਨੇ ਵਿਚ ਰਕਮ ਹੁੰਦੀ, ਤੇ ਬਾਬਾ ਜੀ ਉਸ ਨੂੰ ਪੈਸੇ ਦੇਣ ਲਗਦੇ ਤਾਂ ਭੀ ਹੱਥ ਜੋੜ ਕੇ ਇਹੀ ਕਹਿੰਦਾ–ਬਾਬਾ ਜੀ, ਅਭੀ ਮੁਝੇ ਜ਼ਰੂਰਤ ਨਹੀਂ ਹੈ, ਰਹਿਣੇ ਦੋ। ਜਬ ਜ਼ਰੂਰਤ ਹੋਗੀ ਲੇ ਲੂੰਗਾ।

ਅੱਖਾਂ ਦੀ ਜੋਤ ਚਲੀ ਜਾਣੀ

ਪ੍ਰਮੇਸ਼ਰ ਦੀ ਅਸਚਰਜਤਾ, ਇਸ ਮਰਹੱਟੇ ਦੇ ਨੇਤ੍ਰਾਂ ਦੀ ਜੋਤ ਖਿੱਚੀ ਗਈ ਭਾਵ ਦਿਸਣਾ ਬੰਦ ਹੋ ਗਿਆ। ਸਾਰੇ ਪ੍ਰਵਾਰ ਵਿਚ ਘਬਰਾਹਟ ਪੈ ਗਈ, ਪਰ ਇਸ ਮਰਹੱਟੇ ਨੂੰ ਸਰੀਰਕ ਤੌਰ ਤੇ ਭਾਵੇ ਦੁਖ ਤਾਂ ਹੋਇਆ, ਪਰ ਇਸ ਦੇ ਮਨ ਤੇ ਅਜਿਹੀ ਕੋਈ ਗ਼ਮ ਜਾਂ ਚਿੰਤਾ ਨਾ ਹੋਈ। ਉਸਨੇ ਆਪਣੇ ਘਰ ਵਾਲਿਆਂ ਨੂੰ ਕਿਹਾ–ਦੇਖਿਆ! ਬਾਬਾ ਜੀ ਦੇ ਕੋਲ ਘਿਓ ਸਮੇਂ ਸਿਰ ਪਹੁੰਚਾ ਦਿਆ ਕਰਨਾਂ ਉਹ ਹੀ ਕ੍ਰਿਪਾ ਕਰਕੇ ਮੇਰੇ ਨੇਤਰ ਠੀਕ ਕਰ ਦੇਣਗੇ।

ਇਹ ਤਾਂ ਮੇਰੇ ਕਿਸੇ ਪਿਛਲੇ ਕਰਮਾਂ ਦਾ ਭੋਗ ਹੈ, ਜੋ ਮੈਨੂੰ ਹੀ ਭੋਗਣਾ ਪੈਣਾ ਹੈ। ਘਰਦਿਆਂ ਨੇ ਬਥੇਰਾ ਕਿਹਾ ਕਿ ਤੂੰ ਕਿਉਂ ਪਾਗਲ ਹੋ ਗਿਆ ਏਂ, ਐਵੇਂ ਹੱਠ ਕਰ ਰਿਹਾ ਏਂ। ਸਾਧਾਂ ਦੇ ਪਾਸ ਜੇ ਨੇਤਰ ਠੀਕ ਹੋਣ ਲੱਗਣ ਤਾਂ ਲੋਕਾਂ ਦੀ ਭੀੜ ਲੱਗ ਜਾਵੇ। ਚਲ ਸਾਡੇ ਨਾਲ, ਕਿਸੇ ਸਿਆਣੇ ਡਾਕਟਰ ਨੂੰ ਤੇਰੀਆਂ ਅੱਖਾਂ ਵਿਖਾਉਂਦੇ ਹਾਂ।

ਪਰ ਇਸ ਮਰਹੱਟੇ ਅੰਦਰ ਭੀ ਸੱਚ ਦੀ ਜੋਤਿ ਉਜਾਲਾ ਮਾਰ ਰਹੀ ਸੀ। ਉਹ ਘਰਦਿਆਂ ਨੂੰ ਕਹਿ ਦੇਂਦਾ ਕਿ ਡਾਕਟਰਾਂ ਪਾਸ ਜੇ ਅੰਨ੍ਹੇ ਰਾਜ਼ੀ ਹੋ ਜਾਵਣ, ਸਾਰੇ ਸੰਸਾਰ ਤੇ ਅੰਨ੍ਹਾ ਕੋਈ ਨਾ ਰਹੇ। ਨਹੀਂ! ਮੈਂ ਕਿਧਰੇ ਨਹੀਂ ਜਾਣਾ। ਜੇ ਤੁਸਾਂ ਮੈਨੂੰ ਕਿਧਰੇ ਲੈਕੇ ਜਾਣਾ ਹੈ ਤਾਂ ਬਾਬਾ ਜੀ ਪਾਸ ਗੁ:ਮਾਤਾ ਜੀ ਲੈ ਚਲੋ। ਜੇ ਉਹਨਾਂ ਨੇ ਬਖਸ਼ਸ਼ ਨਾ ਕੀਤੀ, ਤਾਂ ਮੈਂ ਇਹ ਸਮਝਾਂਗਾ ਕਿ ਮੇਰੇ ਕਰਮ ਹੀ ਅਜਿਹੇ ਹਨ। ਫਿਰ ਡਾਕਟਰਾਂ ਦੇ ਵੱਸ ਦਾ ਰੋਗ ਨਹੀਂ ਰਹਿ ਜਾਵੇਗਾ।

ਮਰਹੱਟੇ ਦੀ ਸ਼ਰਧਾ

ਇਸ ਮਰਹੱਟੇ ਦੀ ਸ਼ਰਧਾ, ਪਿਆਰ ਤੇ ਹੱਠ ਨੇ ਆਖਰ ਸਾਰਿਆਂ ਨੂੰ ਰਜ਼ਾਮੰਦ ਕਰ ਹੀ ਲਿਆ। ਇਕ ਦਿਨ ਗੜਬਹਿਲ (ਬੈਲ ਗੱਡੀ) ਤੇ ਪ੍ਰਵਾਰ ਸਮੇਤ ਸਾਰੇ ਮਾਤਾ ਜੀ ਦੇ ਅਸਥਾਨ ਤੇ ਆ ਗਏ। ਉਨ੍ਹਾਂ ਸਭਨਾਂ ਨੇ ਨਮਸ਼ਕਾਰ ਕੀਤੀ ਤੇ ਯਥਾ - ਸ਼ਕਤਿ ਮਾਇਆ ਭੇਟ ਕੀਤੀ ਤੇ ਪੀਪਾ ਘਿਓ ਦਾ ਸਿਰ ਤੇ ਇਹ ਮਰਹੱਟਾ ਖੁਦ ਚੁੱਕੀ, ਇਕ ਸਾਥੀ ਦੀ ਉਂਗਲ ਫੜੀ ਬਾਬਾ ਜੀ ਪਾਸ ਆ ਪਹੁੰਚੇ। ਦੂਸਰੇ ਸਾਥੀ ਨੇ ਪੀਪਾ ਸਿਰ ਤੋਂ ਲਾਹ ਕੇ ਮੋਦੀਖਾਨਾ (ਜੋ ਬਾਬਾ ਜੀ ਦਾ ਬੁੰਗਾ ਸੀ) ਪਾਸ ਰਖ ਕੇ ਬਾਬਾ ਜੀ ਨੂੰ ਟਟੋਲਦਿਆਂ ਭਾਵ ਐਧਰ ਉਧਰ ਹੱਥ ਫੈਲਾ ਰਿਹਾ ਸੀ। ਉਂਗਲ ਫੜੀ ਨਾਲ ਦੇ ਸਾਥੀ ਨੇ ਕਿਹਾ ਕਿ ਐਹ ਖੜੇ ਹਨ ਬਾਬਾ ਜੀ, ਮਰਹੱਟੇ ਨੇ ਬੜੇ ਅਦਬ ਨਾਲ ਝੁੱਕ ਕੇ ਧਰਤੀ ਤੇ ਨਮਸ਼ਕਾਰ ਕੀਤੀ।

ਬਾਬਾ ਜੀ– ਕਿਉਂ ਭਾਈ! ਕੀ ਹੋਇਆ ਏ? ਅੱਖਾਂ ਦੁੱਖਣੇ ਆ ਗਈਆਂ ਹਨ?' ਕਦੋਂ ਤੋਂ ਦਾਰੂ

ਨਹੀਂ ਪੁਆਇਆ। ਕਿਉਂ ਖੇਚਲ ਕਰਨੀ ਸੀ।

ਮਰਹੱਟਾ– ਬਾਬਾ ਜੀ ਆਪ ਤਾਂ ਸਭ ਕੁਝ ਜਾਣਦੇ ਹੋ, ਇਹ ਮੇਰੇ ਮਾੜੇ ਕਰਮਾਂ ਦਾ ਫਲ ਹੈ, ਜੋ ਮੈਨੂੰ ਅਚਾਨਕ ਹੀ ਦਿਸਣੋਂ ਬੰਦ ਹੋ ਗਿਆ ਹੈ। ਪਰ ਆਪ ਜੀ ਬਚਨ 'ਆ . ਗਈਆਂ ਹਨ'? ਹਾਂ ਮੈਨੂੰ ਪ੍ਰਤੀਤ ਹੋ ਰਿਹਾ ਹੈ, ਕਿ ਜੇ ਆਪ ਮੇਰੇ ਸਿਰ ਤੇ ਹੱਥ ਰਖੋਗੇ ਤਾਂ ਮੈਂ [ਜੋ ਮਨ ਕਰ ਕੇ ਸੇਵਾ ਕਰਨ ਦਾ ਮਨ ਬਣਾਇਆ ਹੋਇਆ ਹੈ) ਜੇ ਥੋੜੀ ਜਿਹੀ ਭੀ ਨਜ਼ਰ ਹੋ ਜਾਵੇ ਤਾਂ ਮੈਂ ਜਗਤ - ਮਾਤਾ (ਪ੍ਰਭੂ ਸ਼ਕਤੀ) ਦੇ ਅਸਥਾਨ ਦੀ ਸੇਵਾ ਕਰਦਾ ਰਵਾਂ, ਅਤੇ ਆਪ ਜੀ ਦੇ ਦਰਸ਼ਨ ਦੀਦਾਰੇ ਕਰ ਕੇ ਦੀਦੇ ਠਾਰ ਲਵਾਂ ਤੇ ਪੂਰਨ ਜੋਤਿ ਪ੍ਰਾਪਤ ਕਰ ਸਕਾਂ।

ਮਰਹੱਟਾ ਇਸ ਦੁਖਾਂਤ ਨੂੰ, ਨੇਤ੍ਰਾਂ ਵਿਚੋਂ ਮੂਹਲਾਧਾਰ ਹੰਝੂ ਕੇਰ ਕੇ ਹੀ ਦਰਸਾਣ ਦਾ ਯਤਨ ਕਰ ਰਿਹਾ ਸੀ। ਉਹ ਮਨ ਹੀ ਮਨ ਵਿਚ ਥਿਥਲਾਂਦੇ ਬੁੱਲ੍ਹਾਂ ਵਿਚ ਪ੍ਰਾਰਥਨਾ ਕਰ ਰਿਹਾ ਸੀ–ਹੇ ਜਗਤ ਮਾਤਾ! ਮੈਂ ਕੇਡਾ ਅਪਰਾਧੀ ਹਾਂ, ਕਿ ਮੈਨੂੰ ਆਪ ਦੇ ਦਰ ਦੀ ਸੇਵਾ ਅਤੇ ਮਹਾਂਪੁਰਸ਼ਾਂ ਦੇ ਦਰਸ਼ਨ ਨਹੀਂ ਹੋਇਆ ਕਰਨਗੇ। ਸਾਧ ਦੀ ਸੇਵਾ ਦੇ ਫਲ ਨਾਲ ਹੀ ਤਾਂ ਸਭ ਪਾਪ ਮਾਫ਼ ਹੋ ਜਾਂਦੇ ਹਨ। ਮੇਰੇ ਪਾਪ ਮਾਫ ਕਰ ਦੇ ਮਾਂ, ਪੁੱਤ ਕਪੁੱਤ ਹੋ ਜਾਂਦੇ ਹਨ, ਪਰ ਮਾਂ, ਕਦੇ ਕੁਮਾਂ ਨਹੀਂ ਹੁੰਦੀ। ਮਾਂ! ਮੇਰੀ ਚੰਗੀ ਮਾਂ! ਮੈਨੂੰ ਮਾਫ ਕਰ ਦੇ। ਮੈਂ ਭੁਲਣਹਾਰ ਹਾਂ ਮਾਤਾ ਜੀ!

ਇਹ ਅਸਚਰਜ ਜਿਹੀ ਖੇਡ, ਇਕ ਵੈਰਾਗੀ ਦੀ ਵੇਦਨਾ, ਅਰਦਾਸ ਸੁਣ ਕੇ ਡੇਰੇ ਦੇ ਸਿੰਘ ਭੀ ਇਕੱਠੇ ਹੋ ਗਏ ਅਤੇ ਇਸ ਮਰਹੱਟੇ ਦਾ ਸਾਰਾ ਪ੍ਰਵਾਰ ਵੈਰਾਗੀ ਹੋ ਕੇ ਨੇਤਰਾਂ ਤੋਂ ਅੱਥਰੂ ਕੇਰਦੇ ਭੁੱਬਾਂ ਮਾਰ ਮਾਰ ਕੇ ਰੋਣ ਲੱਗ ਪਏ। ਸਾਰਿਆਂ ਦੀ ਇਹ ਪੁਕਾਰ ਜਗਤ ਮਾਤਾ ਨੇ ਸੁਣ ਲਈ।

ਮਰਹੱਟੇ ਦੇ ਮਨ ਵਿਚ ਅਗੰਮੀ ਆਵਾਜ਼

ਇਉਂ ਮਨ ਹੀ ਮਨ ਨਾਲ ਇਹ ਮਰਹੱਟਾ ਝਗੜਾ ਤੇ ਸੱਥ ਕਰ ਰਿਹਾ ਸੀ। ਅਚਾਨਕ ਹੀ ਉਸ ਨੂੰ ਅੰਦਰੋਂ ਧੀਰਜ ਜੇਹੀ ਆਈ ਤੇ ਫੁਰਨਾ ਆਇਆ ਕਿ ਤੇਰੇ ਨੇਤ੍ਰ ਗੁਰੂ ਦੁਆਰ ਤੋਂ ਮੁੜ (ਜੋਤਿ) ਮਿਲ ਜਾਵਣਗੇ। ਹਾਂ ਤੇਰੀ ਭਾਵਨਾ ਤੇ ਸ਼ਰਧਾ ਨਾਲ ਕੀਤੀ ਹੋਈ ਸੇਵਾ ਬਿਰਥਾ ਕਦੀ ਨਹੀਂ ਜਾ ਸਕਦੀ। ਉਠ ਉਦਮ ਕਰ, ਟੇਕ ਮੱਥਾ ਮਾਤਾ ਜੀ ਦੇ ਦਵਾਰ ਜਾ ਕੇ ਤੇ ਪਰਸਨ ਕਰ ਧੂੜ ਸਾਧ ਦੀ, ਇਸ ਤਰਾਂ ਨਾਲ ਤੇਰੇ ਨੇਤਰਾਂ ਵਿਚ ਜੋਤਿ ਆ ਜਾਵੇਗੀ। ਕਿਉਂਕਿ–

ਗੰਗਾ ਜਮੁਨਾ ਗੋਦਾਵਰੀ ਸਰਸਵਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੈ ਤਾਈ॥

[ਮਲਾਰ ਮ: ੪, ਪੰਨਾ ੧੨੬੩

ਇਸ ਦਾ ਮਨ ਉਤਸ਼ਾਹ ਵਿਚ ਆਇਆ। ਹੰਝੂ ਪੂੰਝ ਕੇ, ਸਾਵਧਾਨ ਹੋ ਕੇ, ਹੱਥ ਜੋੜ ਕੇ ਬੇਨਤੀ ਕੀਤੀ–ਬਾਬਾ ਜੀ! ਮੈਨੇ ਅੱਗੇ ਭੀ ਅਤੇ ਹੁਣ ਭੀ ਪੂਰਨ ਵਿਸ਼ਵਾਸ ਹੋ ਗਿਆ ਹੈ ਕਿ ਆਪ ਮੇਰੇ ਸਿਰ ਤੇ ਹੱਥ ਰੱਖੋਗੇ ਤਾਂ ਮੇਰੇ ਨੇਤ੍ਰਾਂ ਵਿਚ ਅਵੱਸ਼ਕ ਜੋਤ ਜਗਤ ਮਾਤਾ ਜੀ ਮੋੜ ਦੇਣਗੇ। ਚਲੋ ਮੈਨੂੰ ਮਾਤਾ ਜੀ ਦੇ ਅਸਥਾਨ ਤੇ ਲੈ ਚਲੋ, ਮੈਂ ਜਾ ਕੇ ਨਮਸ਼ਕਾਰ ਕਰਾਂ।

ਭਾਈ ਨੱਥਾ ਸਿੰਘ ਕੋਲ ਖੜੇ ਭਾ: ਨੱਥਾ ਸਿੰਘ ਜੀ ਕਾਰੋਬਾਰੀ, ਜੋ ਅਣਥੱਕ ਸੇਵਕ ਸਨ, ਦੇ ਮਨ

ਵਿਚ ਦਯਾ ਆ ਗਈ। ਜੋ ਮਰਹੱਟੇ ਦੇ ਬੰਦ ਨੇਤਰਾਂ ਨੂੰ ਵੇਖ ਕੇ ਬਾਬਾ ਜੀ ਪਾਸ ਲੈ ਆਏ ਸਨ। ਉਹਨਾਂ ਨੇ ਬਾਬਾ ਜੀ ਨੂੰ ਕਿਹਾ–ਬਾਬਾ ਜੀ ਇਹ ਸੇਵਕ ਗੁਰੂ ਘਰ ਦਾ ਕਿੰਨਾ ਪ੍ਰੇਮੀ ਤੇ ਸ਼ਰਧਾਵਾਨ ਹੈ ਤੇ ਕਿਤਨੇ ਸਮੇਂ ਤੋਂ ਦੇਗ ਲੰਗਰ ਲਈ ਸ਼ੁਧ ਘਿਓ ਦੀ ਸੇਵਾ ਕਰਦਾ ਆ ਰਿਹਾ ਹੈ। ਹੁਣ ਘਿਓ ਦੀ ਕਿਤਨੀ ਭਾਰੀ ਮੁਸ਼ਕਲ ਆ ਜਾਵੇਗੀ। ਜਿਵੇਂ ਇਸ ਦੀ ਭਾਵਨਾ ਹੈ ਜੇ ਇਸ ਦੇ ਸਿਰ ਤੇ ਹੱਥ ਰਖੋ ਤਾਂ ਮਾਤਾ ਜੀ ਬਖਸ਼ਸ਼ ਕਰ ਦੇਣਗੇ। ਫਿਰ ਇਸ ਦੇ ਨੇਤ੍ਰ ਠੀਕ ਹੋ ਜਾਵਣਗੇ।

ਬਾਬਾ ਜੀ–(ਬੜੀ ਗੰਭੀਰਤਾ ਤੇ ਵਜਦ ਵਿਚ ਆ ਗਏ ਤੇ ਆਖਣ ਲੱਗੇ) ਭਾ: ਨੱਥਾ ਸਿੰਘ ਜੀ, ਜੇ ਮੇਰੇ ਸਿਰ ਤੇ ਹੱਥ ਧਰਨ ਨਾਲ ਅੰਨ੍ਹੇ ਰਾਜ਼ੀ ਹੋ ਕੇ ਸੁਜਾਖੇ ਹੋ ਜਾਵਣ ਤਾਂ ਸਾਰੇ ਸੰਸਾਰ ਵਿਚ ਤਾਂ ਅੰਨ੍ਹਾ ਕੋਈ ਭੀ ਨਾ ਹੋਵੇ। ਨਹੀਂ ਕਾਰੋਬਾਰੀ ਸਿੰਘ !

ਕਬੀਰ ਬੈਦੁ ਕਹੈ ਹਉ ਹੀ ਭਲਾ ਦਾਰੂ ਮੇਰੈ ਵਸਿ ॥
ਇਹ ਤਉ ਬਸਤੁ ਗੋਪਾਲ ਕੀ ਜਬ ਭਾਵੈ ਲੇਇ ਖਸਿ ॥ [ਸਲੋਕ ਕਬੀਰ–੧੩੬੯

ਇਹ ਖੇਡ ਤਾਂ ਖਸਮ ਦੀ ਹੈ। ਮਾਰਨਾ, ਜੀਵਾਲਣਾ, ਘਾੜਤ ਘੜਨੀ ਤੇ ਸੁੰਦਰਤਾ ਬਖਸ਼ਣੀ, ਸੁੰਦਰ ਸਰੂਪ ਸਾਰੇ ਅੰਗ ਸੰਪੂਰਨ ਹੋਣੇ, ਇਹ ਸਭ–

ਕਹੁ ਨਾਨਕ ਕਰਤੈ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ ॥ ੨ ॥
[ਆਸਾ ਮ: ੧, ਪੰਨਾ ੪੬੯

ਕਰਤੇ ਦੇ ਹੱਥ ਹਨ। ਕਿਸੇ ਜੀਵ ਦੇ ਹੱਥ ਵਿਚ ਇਹ ਨਹੀਂ ਹਨ। ਹਾਂ, ਅਸੀਂ ਆਪਣੇ ਕਰਮਾਂ ਦਾ ਫਲ ਤਾਂ ਭੋਗਣਾ ਹੀ ਹੈ। ਇਹ ਤਾਂ ਇਹਨਾਂ ਦੇ ਕੀਤ੍ਰੇ ਕਰਮਾਂ ਦਾ ਫਲ ਹੈ। ਕਿਸੇ ਜੀਵ ਦੇ ਵੱਸ ਤਾਂ ਨਿਰੰਕਾਰ ਨੇ ਕੋਈ ਰੱਖਿਆ ਹੀ ਨਹੀਂ।

ਭਾਈ ਨੱਥਾ ਸਿੰਘ–ਬਾਬਾ ਜੀ ! ਇਹ ਇਸ ਦਰ ਦਾ ਸੇਵਾਦਾਰ ਹੈ ਤੇ ਸਤਿਗੁਰੂ ਜੀ ਦਾ ਫੁਰਮਾਨ ਹੈ ਕਿ 'ਇਕ ਤਿਲ ਨਹੀ ਭੰਨੈ ਘਾਲੈ'। ਕਿਤਨੇ ਸਮੇਂ ਤੋਂ ਇਹ ਬੜੇ ਪ੍ਰੇਮ ਨਾਲ ਸੇਵਾ ਕਰਦਾ ਆ ਰਿਹਾ ਹੈ, ਜਦ ਭੀ ਲੋੜ ਪਈ, ਜਿਤਨੀ ਪਈ, ਇਹ ਉਦਮ ਕਰ ਕੇ ਸ਼ੁਧ ਦੇਸੀ ਘਿਓ ਤਸੱਲੀ ਬਖਸ਼ ਪੈਦਾ ਕਰ ਕੇ ਪਹੁੰਚਾਇਆ ਕਰਦਾ ਹੈ। ਇਸ ਦੇ ਕਿਤਨੇ ਉਤਮ ਭਾਗ ਹਨ, ਜੋ ਮਾਤਾ ਜੀ ਦੇ ਅਸਥਾਨ ਦੀ ਸੇਵਾ ਕਰਨ ਦੇ ਪੂਰਬਲੇ ਸੰਜੋਗ ਆ ਜੁੜੇ ਹੋਏ ਹਨ। ਫਿਰ ਕੇਹੜੀ ਮਾਂ ਹੈ ਜੋ ਆਪਣੇ ਸੁਜਾਖੇ ਪੁਤਰ ਨੂੰ ਅੰਨ੍ਹਾਂ ਹੋਇਆ ਵੇਖ ਸਕੇ। ਇਹ ਤਾਂ ਜਗਤ ਮਾਤਾ–'ਆਦਿ ਭਵਾਨੀ ਈਸ਼ਰੀ' ਸਾਰੇ ਵਿਸ਼ਵ ਦੀ ਦਰਦਿ ਦਿਲ ਵਾਲੀ ਮਾਤਾ ਹੈ, ਤੁਹਾਡੀ ਕੱਦ ਮੋੜਦੀ ਹੈ ? ਕਰੋ ਕ੍ਰਿਪਾ ਤੇ ਇਸ ਦੀ ਭਾਵਨੀ ਪੂਰੀ ਕਰੋ। ਇਸ ਦੇ ਮਸਤੱਕ ਤੇ ਹੱਥ ਰੱਖੋ। ਇਹ ਵੀ ਜਗਤ - ਮਾਤਾ ਦੀ ਗੋਦ ਦਾ ਨਿੱਘ ਮਾਣ ਸਕੇ। ਇਹ ਇਥੋਂ ਨਿਆਸਰਾ ਨਾ ਜਾਵੇ। ਇਹ ਘਰ ਤਾਂ ਨਿਆਸਰਿਆਂ ਦਾ ਆਸਰਾ ਹੈ। ਆਸ ਕਰ ਕੇ ਆਇਆ ਹੈ।

ਬਾਬਾ ਜੀ–(ਦਯਾ ਦੇ ਘਰ ਵਿਚ ਆਏ) ਤੇ ਮਰਹੱਟੇ ਨੂੰ ਕਹਿਣ ਲਗੇ ਕਿ ਜੇ ਤੁਸਾਂ ਦੇ ਮਨ ਵਿਚ ਭਾਵਨਾ ਆਈ ਹੈ ਕਿ ਸਾਡਾ ਹੱਥ ਧਰਨ ਨਾਲ ਤੂੰ ਸੱਚ ਮੁੱਚ ਰਾਜ਼ੀ ਹੋ ਜਾਵੇਂਗਾ। ਤੈਨੂੰ ਇਹ ਪਰਤੀਤ ਕਿਵੇਂ ਹੋ ਆਈ ਏ। ਸਾਡੇ ਤਾਂ ਵਸ ਵਿਚ ਕੁਝ ਵੀ ਨਹੀਂ। ਇਹ ਤੁਹਾਨੂੰ ਕਿਸ ਨੇ ਕਿਹਾ ਏ ਜਾਂ ਐਵੇਂ ਹੀ

ਮਨੋ - ਕਲਪਤ ਵਿਚਾਰ ਹੀ ਆਈ ਏ।

ਮਰਹੱਟਾ–ਛੇਤੀ ਨਾਲ ਬਾਬਾ ਜੀ ਦੇ ਚਰਨਾਂ ਤੇ ਢਹਿ ਪਿਆ ਤੇ ਜ਼ਾਰੋ ਜ਼ਾਰ ਰੁੱਦਨ ਕਰਨ ਲੱਗਾ। ਬਾਬਾ ਜੀ, ਮੈਨੂੰ ਨਾ ਕਿਸੇ ਕਿਹਾ ਹੈ ਤੇ ਨਾ ਹੀ ਮੈਂ ਕਿਸੇ ਦੇ ਕਹੇ ਸੁਣੇ ਪ੍ਰਾਰਥਨਾ ਕਰ ਰਿਹਾ ਹਾਂ। ਇਹ ਤਾਂ ਮੇਰੀ ਆਤਮਾ ਦੀ ਆਵਾਜ਼ ਹੈ। ਮੈਂ ਕੀ ਜਾਣਾ, ਜੇ ਜਗਤ - ਮਾਤਾ ਜੀ ਨੇ ਹੀ ਮੈਨੂੰ ਇਹ ਪਰਪੱਕ ਫੁਰਨਾ ਉਤਪੰਨ ਕੀਤਾ ਹੋਵੇ। ਮੈਨੂੰ ਪੂਰਨ ਯਕੀਨ ਹੈ (ਕਿਉਂਕਿ ਮੇਰੀਆਂ ਅੱਖੀਆਂ ਨੇ ਮੁੱਢ ਤੋਂ ਆਪ ਨੂੰ ਵੇਖਿਆ, ਜਾਂਚਿਆ ਤੇ ਬਹੁਤ ਨੇੜੇ ਹੋ ਕੇ ਸਮਝਿਆ, ਪਰ ਜਦੋਂ ਤੋਂ ਘਿਓ ਦੀ ਸੇਵਾ ਕਰਨ ਦਾ ਅਵਸਰ ਮਿਲਿਆ ਤਾਂ ਜੋ ਮੈਂ ਸੁਣਿਆ ਸੀ, ਉਸ ਤੋਂ ਕਿਧਰੇ ਵੱਧ ਆਪ ਨੂੰ ਵੇਖਿਆ) ਜੇ ਮੈਨੂੰ ਅਜੇ ਭੀ ਪ੍ਰਤੀਤ ਨਾ ਆਵੇ ਤਾਂ ਤੇ ਮੈਂ ਬੜਾ ਨਿਕੰਮਾ ਹੋਇਆ।

ਮੁੱਢਲਾ ਸਮਾਂ ਸੀ, ਜਦ ਤੁਸਾਂ ਨੂੰ ਅਸੀਂ ਲੋਕ ਕਈ ਪ੍ਰਕਾਰ ਦੇ ਦੁੱਖ ਦੇਂਦੇ ਰਹੇ ਸਾਂ, ਪਰ ਤੁਸਾਂ ਕਦੀ ਭੀ ਕਿਸੇ ਨੂੰ ਕੌੜੇ ਬੋਲ ਨਾ ਕਹੇ। ਭੁਖੇ ਰਹਿ ਕੇ ਤੁਸੀਂ ਸੰਗਤਾਂ ਦੀ ਸੇਵਾ ਖਿੜੇ ਮੱਥੇ ਕਰਦੇ ਰਹੇ। ਕਈ ਤਰ੍ਹਾਂ ਦੇ ਉਤਰਾਅ ਚੜ੍ਹਾ ਆਏ, ਪਰ ਤੁਸਾਂ ਨੂੰ ਇਕੋ ਰੰਗ ਵਿਚ ਹੀ ਵੇਖਿਆ। ਪਰ ਹੁਣ ਤੁਹਾਡੀ ਤੱਪਸਿਆ ਫਲ ਸਾਹਮਣੇ ਪਰਤੱਖ ਵੇਖਦਾ ਹਾਂ ਕਿ ਏਥੇ ਲੰਗਰ ਅਤੁੱਟ ਹੈ, ਬੇਅੰਤ ਜ਼ਮੀਨ ਹੈ ਅਤੇ ਸਿੰਘਾਂ ਤੇ ਯਾਤ੍ਰੀਆਂ ਦੀ ਆਵਾਜਾਈ ਹੈ। ਕਿਥੇ ਸਿਵਾਏ ਤੁਸਾਂ ਦੋਹਾਂ ਸੰਤਾਂ ਦੇ ਹੋਰ ਕੋਈ ਇਥੇ ਦਿਸਦਾ ਨਹੀਂ ਸੀ, ਪਰ ਅੱਜ ਇਤਨੀ ਰੌਣਕ ਹੈ। ਕੀ ਇਹ ਇਕ ਸਾਧੂ ਦੀ ਬਰਕਤ ਅਤੇ ਤੱਪ ਦਾ ਸਿੱਟਾ ਨਹੀਂ ਤੇ ਹੋਰ ਕੀ ਏ।

ਕੀ ਅਜੇ ਭੀ ਕੋਈ ਭੁਲ ਰਹਿ ਜਾਂਦੀ ਹੈ ਕਿ ਆਪ ਇਕ ਮਹਾਂਪੁਰਸ਼ ਤਪਸਵੀ ਹੋ, ਅਤੇ ਸਰਬ ਸ਼ਕਤੀ ਮਾਨ ਹੁੰਦੇ ਹੋਏ ਭੀ ਗੁਪਤ ਰਹਿ ਰਹੇ ਹੋ। ਬਾਬਾ ਜੀ ਇਹ ਮੇਰੀ ਆਤਮਾ ਦੀ ਆਵਾਜ਼ ਹੈ ਜੋ ਸੱਚ ਹੈ। ਕਰੋ ਮੇਰੇ ਗਰੀਬ ਤੇ ਤਰਸ।

ਹਾਂ ਤੁਸੀਂ ਜਿਵੇਂ ਮਾਂ ਪੁਤਰ ਨੂੰ ਪਿਆਰ ਕਰਦੀ ਹੈ ਇਸ ਤਰਾਂ ਮੈਨੂੰ ਭੀ ਮੇਰਾ ਸਿਰ ਪਲੋਸ ਕੇ ਹੀ ਪਿਆਰ ਦੇ ਦੇਵੇ, ਮੇਰੇ ਮਨ ਦੀ ਮਨਸ਼ਾ ਪੂਰੀ ਹੋ ਜਾਵੇਗੀ।

ਬਾਬਾ ਜੀ ਮਰਹੱਟੇ ਦੇ ਅਜਿਹੇ ਸ਼ਰਧਾ ਦੇ ਭਰੇ ਬਚਨ ਸੁਣ ਕੇ ਮਿਹਰ ਵਿਚ ਆ ਗਏ। ਅਤੇ ਉਸ ਮਰਹੱਟੇ ਦੇ ਸਿਰ ਤੇ ਹੱਥ ਫੇਰਿਆ। ਹੱਥ ਫੇਰਦੇ ੨ ਮੱਥੇ ਤੇ ਨੇਤਰਾਂ ਤੋਂ ਚੇਹਰੇ ਤੇ ਹੱਥ ਫੇਰ ਕੇ ਕਿਹਾ– ਲੈ ਭਾਈ ! ਜੇ ਜਗਤ - ਮਾਤਾ ਜੀ ਤੇਰੇ ਤੇ ਕਿਰਪਾ ਕਰ ਦੇਣ ਤਾਂ ਸਾਨੂੰ ਕੀ ਇਤਰਾਜ਼ ਹੋ ਸਕਦਾ ਹੈ। ਜੇ ਮਾਤਾ ਜੀ ਆਪ ਦੁਖੀ ਪ੍ਰਾਣੀ ਦਾ ਭਲਾ ਲੋੜੇ ਤਾਂ ਇਸ ਨਾਲ ਸਾਡਾ ਭੀ ਭਲਾ ਹੈ। ਸ਼ੁਕਰ ਸ਼ੁਕਰ ਕਰਦਾ ਸਾਰਾ ਪ੍ਰਵਾਰ ਘਰ ਚਲਾ ਗਿਆ।

ਮਰਹੱਟੇ ਦੇ ਨੇਤ੍ਰਾਂ ਵਿਚ ਜੋਤ ਆਉਣੀ

ਕੁਝ ਦਿਨ ਬੀਤਣ ਤੇ ਉਸ ਮਰਹੱਟੇ ਦੇ ਨੇਤ੍ਰਾਂ ਵਿਚ ਸਹਿਜੇ ਸਹਿਜੇ ਜੋਤਿ ਦਾ ਉਜਾਲਾ ਹੋਣ ਲੱਗ ਪਿਆ ਤੇ ਜਿਵੇਂ ਅੱਗੇ ਸੀ, ਮੁੜ ਉਸੇ ਤਰ੍ਹਾਂ ਵੇਖਣ ਲਗ ਪਿਆ। ਇਸ ਦੀ ਹੀ ਨਹੀਂ, ਸਗੋਂ ਸਾਰੇ ਪ੍ਰਵਾਰ ਸਨਬੰਧੀਆਂ ਤੇ ਹੋਰ ਭੀ ਜਿਸ ਜਿਸ ਨੇ ਸੁਣਿਆ, ਉਹਨਾਂ ਦੀ ਜਗਤ ਮਾਤਾ ਜੀ ਦੇ ਅਸਥਾਨ ਨਾਲ ਪ੍ਰੇਮ

ਸ਼ਰਧਾ ਅਨੁਸਾਰ ਭੇਟਾ ਲੈ ਕੇ ਦਰਸ਼ਨਾਂ ਨੂੰ ਆਉਣ ਲਗ ਪਏ। ਤੇ ਸ਼ਰਧਾ ਵਧ ਗਈ। ਉਹ ਵੀ ਆਪਣੀ ਸ਼ਰਧਾ ਅਨੁਸਾਰ ਭੇਟਾ ਲੈ ਕੇ ਦਰਸ਼ਨਾਂ ਨੂੰ ਆਉਣ ਲਗ ਪਏ। ਉਹ ਹਰ ਪ੍ਰਾਣੀ ਨੂੰ ਕਹਿੰਦਾ ਕਿ ਬਾਬਾ ਜੀ

ਹੁਣ ਇਹ ਮਰਹੱਟਾ ਇਤਨਾ ਸ਼ਰਧਾਵਾਨ ਹੋ ਗਿਆ। ਉਹ ਹਰ ਪ੍ਰਾਣੀ ਨੂੰ ਕਹਿੰਦਾ ਕਿ ਬਾਬਾ ਜੀ ਜੇ ਮੇਰੇ ਉਤੇ ਕ੍ਰਿਪਾ ਨਾ ਕਰਦੇ ਤਾਂ ਮੈਂ ਸਾਰੀ ਆਯੂ ਅੰਨ੍ਹਾਂ ਹੀ ਰਹਿ ਜਾਂਦਾ ਤੇ ਠੋਕਰਾਂ ਖਾਂਦਾ ਫਿਰਦਾ। ਨਾ ਜਾਣੇ ਡਾਕਟਰਾਂ ਪਾਸ ਅਸੀਂ ਕਿਤਨਾ ਧਨ ਲੁਟਾਉਂਦੇ, ਫਿਰ ਭੀ ਸਾਡੀ ਮੁਰਾਦ ਪੂਰੀ ਨਹੀਂ ਸੀ ਹੋਣੀ। ਧੰਨ ਜਗਤ ਮਾਤਾ, ਪ੍ਰਭੂ ਸ਼ਕਤੀ ਦੇ ਅਸਥਾਨ ਤੋਂ ਅਸੀਂ ਅਜ ਤਕ ਭੁੱਲੇ ਹੀ ਰਹੇ।

ਇਸ ਮਰਹੱਟੇ ਨੇ ਇਸ ਸ਼ੁਕਰਾਨੇ ਵਜੋਂ, ਬਾਬਾ ਜੀ ਦੀ ਮਿਹਰ ਦਾ ਅਹਿਸਾਨ ਚੁਕਾਉਣ ਲਈ ਮਨ ਬਣਾ ਲਿਆ ਕਿ ਜੋ ਘਿਓ ਅੱਗੇ ਮੈਂ ਮੁੱਲ ਦੇਂਦਾ ਸੀ, ਹੁਣ ਉਸ ਦਾ ਮੁੱਲ ਨਹੀਂ ਲਿਆ ਕਰਾਂਗਾ, ਕਿਉਂਕਿ ਜਿਨ੍ਹਾਂ ਨੇ ਮੇਰੇ ਨੇਤਰਾਂ ਵਿਚ ਜੋਤ ਬਖਸ਼ੀ ਹੈ। ਨਾ ਜਾਣੇ ਮੇਰੇ ਕਰਮਾਂ ਦੇ ਇਸ ਫਲ ਨੂੰ ਬਖਸ਼ਾਉਣ ਲਈ ਬਾਬਾ ਜੀ ਨੂੰ ਕਿਤਨਾ ਕਰਜ਼ ਚੁਕਾਉਣਾ ਪਿਆ ਹੋਵੇਗਾ। ਕਿਤਨੀ ਭਗਤੀ ਦਾ ਭਾਗ ਦੇ ਕੇ ਮੈਨੂੰ ਜੋ ਦਾਨ ਬਖਸ਼ਿਆ ਨੇ। ਮੈਂ ਭੀ ਜੀਉਂਦੇ ਜੀ ਇਸ ਅਹਿਸਾਨ ਦਾ ਕਰਜ਼ ਉਤਾਰਨ ਲਈ ਮੈਂ ਹੁਣ ਬਿਨਾਂ ਭੇਟਾ (ਮੁੱਲ ਲਿਆ) ਦਸਵੰਧ ਵਜੋਂ ਬਾਬਾ ਜੀ ਨੂੰ ਕੜਾਹ ਪ੍ਰਸ਼ਾਦਿ ਜਾਂ ਲੰਗਰ ਲਈ ਘੀ ਜਿਤਨਾ ਭੀ ਲੱਗੇ, ਦਿਆ ਕਰਾਂਗਾ।

ਇਸ ਦੀ ਸ਼ਰਧਾ, ਪਿਆਰ ਵਿਚ ਇਤਨਾ ਵਾਧਾ ਹੋਇਆ ਕਿ ਗੁਰੂ ਘਰ ਲਈ ਜਿਤਨਾ ਭੀ ਘਿਓ ਲੋੜ ਹੁੰਦਾ ਇਹ ਆਪਣੀ ਖੁਸ਼ ਕਿਸਮਤੀ ਸਮਝਦਾ ਤੇ ਘਿਓ ਪਹੁੰਚਾਂਦਾ।

ਬਾਬਾ ਜੀ ਨੇ ਕਈ ਵਾਰੀ ਉਸ ਨੂੰ ਕਿਹਾ–ਭਾਈ ਤੂੰ ਘਿਓ ਦਾ ਮੁੱਲ ਲੈ ਜਾਇਆ ਕਰ। ਅਸੀਂ ਕਿਸੇ ਦੀ ਮਿਹਨਤ ਨਹੀਂ ਰੱਖਣਾ ਚਾਹੁੰਦੇ। ਨਾਲੇ ਤੁਸੀਂ ਮੱਝਾਂ ਸੰਭਾਲਦੇ ਹੋ, ਘਿਓ ਤਿਆਰ ਕਰਨ ਵਿਚ ਕਿਤਨੀ ਮਿਹਨਤ ਕਰਦੇ ਹੋ। ਤੁਸੀਂ ਵਾਜਬ ਮੁੱਲ ਤਾਂ ਲੈ ਜਾਇਆ ਕਰੋ।

ਮਰਹੱਟਾ–ਬਾਬਾ ਜੀ ਜੋ ਮੇਰੇ ਤੇ ਬਖਸ਼ਸ਼ ਜਗਤ-ਮਾਤਾ ਜੀ ਨੇ ਕੀਤੀ ਹੈ, ਮੇਰੇ ਜਿਹੇ ਗੁਨਾਹਗਾਰ ਦੇ ਗੁਨਾਹ ਮਾਫ ਕਰ ਕੇ ਕਿੰਨੀ ਛੇਤੀ ਮੇਰੇ ਨੇਤ੍ਰਾਂ ਦੀ ਜੋਤ ਮੋੜੀ ਨੇ। ਜੇ ਸੱਚ ਪੁੱਛੋ ਤਾਂ ਮੈਂ ਤਾਂ ਕੀਹ, ਮੇਰੀਆਂ ਕਈ ਪੀੜ੍ਹੀਆਂ ਭੀ ਇਸ ਦਾ ਮੁੱਲ ਨਹੀਂ ਤਾਰ ਸਕਣਗੇ। ਪਿਛੋਂ ਨਾ ਜਾਣੇ ਮੇਰੀ ਖਾਨਦਾਨੀ ਇਹ ਅਹਿਸਾਨ ਭੁੱਲ ਜਾਵੇ ਪਰ ਮੈਂ ਚਾਹੁੰਦਾ ਹਾਂ ਆਪਣੀ ਜ਼ਿੰਦਗੀ ਵਿਚ ਹੀ ਇਹ ਭਾਰ ਜਿਤਨਾ ਮਾਤਾ ਜੀ ਬਲ ਬਖਸ਼ਣ, ਉਤਾਰਨ ਦਾ ਯਤਨ ਕਰਾਂ, ਭਾਵੇਂ ਇਹ ਮੇਰੇ ਤੇ ਕੀਤੇ ਪਰਉਪਕਾਰ ਤਾਂ ਨਹੀਂ ਉਤਾਰ ਸਕਾਂਗਾ। ਪਰ ਇਹ ਮੈਂ ਕਿਸੇ ਤੇ ਅਹਿਸਾਨ ਨਹੀਂ ਕਰਦਾ। ਮੇਰੇ ਅੰਦਰਲੇ ਮਨ ਦੀ ਦਿਲੀ ਭਾਵਨਾ ਬਣ ਆਈ ਏ। ਹੁਣ ਮੇਰੇ ਤੇ ਬਖਸ਼ਸ਼ ਕਰੋ ਤੇ ਮੇਰੀ ਸ਼ਰਧਾ ਨੂੰ ਨਾ ਮੋੜੋ। ਮੈਨੂੰ ਸਮਝ ਆਈ ਏ ਕਿ ਮੇਰਾ ਪਿਛਲਾ ਜਨਮ ਦਾ ਕੋਈ ਅਜਿਹਾ ਪਾਪ ਸੀ ਜੋ ਮੈਂ ਅੰਨ੍ਹਾ ਹੋ ਗਿਆ ਸਾਂ ਤੇ ਹੁਣ ਮੈਂ ਇਸ ਜਨਮ ਦਾ ਲਾਹਾ ਲੈਣ ਲਈ ਜਗਤ ਮਾਂ ਨਾਲ ਉਹਨਾਂ ਦੀਆਂ ਬਖਸ਼ੀਆਂ ਦਾਤਾਂ–

ਤੇਰਾ ਕੀਆ ਤੁਝੈ ਕਿਆ ਅਰਪਉ ॥ [ਰਵਿਦਾਸ ਜੀ

ਵਿਚੋਂ ਦੇਣ ਯੋਗ ਤਾਂ ਹਾਂ ਨਹੀਂ ? ਪਰ ਮੈਂ ਮਨ ਬਣਾਇਆ ਹੈ। ਇਸ ਤਰਾਂ ਮੈਂ ਜਗਤ ਮਾਤਾ ਦੀ ਸੇਵਾ ਕਰ ਸਕਾਂ, ਜੋ ਮੇਰਾ ਫਰਜ਼ ਤੇ ਹੱਕ ਬਣਦਾ ਹੈ।

ਉਸ ਦੀ ਭਾਵਨਾ ਨੂੰ ਅਜਿਹੇ ਭਾਗ ਲੱਗੇ ਕਿ ਕੁਝ ਸਮੇਂ ਵਿਚ ਹੀ ਮਾਲੋ ਮਾਲ ਹੋ ਗਿਆ। ਘਰ ਵਿਚ ਹਰ ਤਰਾਂ ਖੁਸ਼ਹਾਲੀ ਆ ਗਈ।

ਇਹ ਸੀ ਮਹਾਂਪੁਰਸ਼ਾਂ ਦੀ ਸੁਤੇ ਸਿਧ ਹੀ ਮਿਹਰ। ਇਸੇ ਤਰਾਂ ਹੀ ਕਈ ਜੀਵਾਂ ਨੂੰ ਬੇਅੰਤ ਬਖਸ਼ਸ਼ਾਂ ਪ੍ਰਾਪਤ ਹੋਈਆਂ।

ਬਾਬਾ ਧਰਮ ਸਿੰਘ ਜੀ ਨੇ ਅੱਖਾਂ ਬਨਾਉਣ ਲਈ ਛੁੱਟੀ ਮੰਗਣੀ

ਪਰਮ ਪੂਜਯ ਬਾਬਾ ਧਰਮ ਸਿੰਘ ਜੀ, ਜੋ ਪਰਮ ਸਤਿਕਾਰ ਯੋਗ ਬਾਬਾ ਮਿੱਤ ਸਿੰਘ ਜੀ ਦੇ ਪੱਕੇ ਜੀਵਨ - ਸਾਥੀ ਬਣ ਚੁੱਕੇ ਸਨ ਤੇ ਹਰ ਦੁੱਖ ਸੁਖ ਦੇ ਸਾਂਝੀਵਾਲ ਹੋ ਗਏ ਹੋਏ ਸਨ।

ਆਪ ਜੀ ਦੀ ਵਡੇਰੀ ਉਮਰ ਹੋਣ ਕਰ ਕੇ ਅਤੇ ਖਾਸ ਕਰ ਕੇ ਖੇਤੀ ਬਾੜੀ ਦੀ ਜ਼ਿਮੇਵਾਰੀ, ਹਰ ਵੇਲੇ ਧੂੜ, ਧੁੱਪ, ਪਸੀਨਾ ਅਕਸਰ ਅੱਖਾਂ ਨੂੰ ਨੁਕਸਾਨ ਪਹੁੰਚਾਉਂਦਾ ਸੀ। ਇਸ ਕਰ ਕੇ ਆਪ ਜੀ ਦੀਆਂ ਅੱਖੀਆਂ ਦੀ ਜੋਤ ਕੁਝ ਘਟ ਗਈ ਅਤੇ ਆਪ ਜੀ ਲਈ ਚੰਗੀ ਤਰਾਂ ਦੂਰ ਜਾਂ ਨੇੜੇ ਦੇਖਣਾ ਭੀ ਮੁਸ਼ਕਲ ਹੋ ਰਿਹਾ ਸੀ। ਉਚੀਆਂ ਨੀਵੀਆਂ ਪੈਲੀਆਂ (ਖੇਤ) ਪੱਧਰ ਨਾ ਹੋਣ ਕਰ ਕੇ ਨੇਤਰਾਂ ਤੋਂ ਬਿਨਾਂ ਚਲਣਾ, ਫਿਰਨਾਂ ਅਤਿ ਕਠਨ ਹੋ ਰਿਹਾ ਸੀ।

ਇਉਂ ਬਾਬਾ ਧਰਮ ਸਿੰਘ ਜੀ ਨੇ ਮਨ ਵਿਚ ਵਿਚਾਰ ਬਣਾਇਆ ਕਿ ਇਧਰ ਸ਼ਾਇਦ ਚੰਗੇ ਅੱਖਾਂ ਦੇ ਮਾਹਰ ਨਾ ਮਿਲ ਸਕਣ। ਪਰ ਜੇ ਮਿਲਣ ਭੀ ਤਾਂ ਹੈਦਰਾਬਾਦ (ਦੱਖਣ) ਹੀ ਜਾਣਾ ਪਵੇਗਾ ਤੇ ਜਲ ਪਾਣੀ ਦੀ ਵੀ ਕਾਫੀ ਤੰਗੀ ਆਇਗੀ, ਕਿਉਂ ਨਾ ਪੰਜਾਬ ਜਾ ਕੇ ਹੀ ਅੱਖਾਂ ਦਾ ਅਪ੍ਰੇਸ਼ਨ ਕਿਸੇ ਵੱਡੇ ਹਸਤਪਤਾਲ ਵਿਚ ਕਰਵਾਇਆ ਜਾਏ। ਇਉਂ ਆਪਣੇ ਮਨ ਵਿਚ ਵਿਚਾਰ ਕਰ ਕੇ ਆਪ ਜੀ ਨੇ ਪੰਜਾਬ ਜਾਣ ਦੇ ਤਿਆਰੇ ਕਰ ਲਏ।

ਬਾਬਾ ਧਰਮ ਸਿੰਘ ਜੀ–ਬਾਬਾ ਜੀ (ਪਰਮ ਪੂਜਯ ਬਾਬਾ ਮਿੱਤ ਸਿੰਘ ਜੀ) ਦਾਸ ਦੇ ਨੇਤਰ ਖਰਾਬ ਹੋ ਗਏ ਹਨ, ਹੁਣ ਤੇ ਰਾਹ ਖੈਹੜਾ ਭੀ ਨਹੀਂ ਦਿਸਦਾ ਤੇ ਚੱਲਣਾ ਫਿਰਨਾ ਮੁਸ਼ਕਲ ਹੁੰਦਾ ਜਾ ਰਿਹਾ ਹੈ, ਜੇ ਆਗਿਆ ਦਿਓ ਤਾਂ ਪੰਜਾਬ ਜਾ ਕੇ ਅੱਖਾਂ ਬਣਵਾ ਆਈਏ।

ਬਾਬਾ ਮਿੱਤ ਸਿੰਘ ਜੀ– ਚੰਗੀ ਗੱਲ ਏ, ਅੱਖਾਂ ਤੇ ਨਿਆਮਤ ਹਨ। ਅੱਖਾਂ ਬਿਨਾਂ ਤਾਂ ਜਹਾਨ ਤੇ ਜੀਵਨ ਹੀ ਕਾਹਦਾ ਏ ? ਪਰ ਇਕ ਗੱਲ ਤਾ ਦਸੋ ਕਿ ਕੀ ਪੰਜਾਬ ਵਿਚ ਅੰਨ੍ਹੇ ਨਹੀਂ ਹਨ ? ਹਾਂ ਉਥੇ ਤਾਂ ਅੰਨ੍ਹਿਆਂ ਨੂੰ ਠੀਕ ਕਰਨ ਵਾਲੇ ਮਾਹਰ ਡਾਕਟਰ ਜੂ ਹੋਇ ਤੇ ਸਾਰੇ ਲੋਕ ਜੋ ਅੰਨ੍ਹੇ ਹੋ ਜਾਂਦੇ ਨੇ, ਕੀ ਸੁਜਾਖੇ ਹੋ ਜਾਂਦੇ ਹਨ ?

ਸਾਡੇ ਵਲੋਂ ਤਾਂ ਬੇਸ਼ਕ ਪੰਜਾਬ ਚਲੇ ਜਾਓ। ਨਾਲੇ ਤੁਸਾਂ ਨੇ ਆਪਣੀ ਜ਼ਿੰਦਗੀ ਜਗਤ ਮਾਤਾ– ਮਾਤਾ ਸਾਹਿਬ ਕੌਰਾਂ ਦੇ ਅਸਥਾਨ ਲਈ ਅਰਦਾਸਾ* ਸੋਧਿਆ ਹੋਇਆ ਹੈ। ਅਰਦਾਸਾ ਸੁਧਾ ਕੇ ਚਲੇ

* ਅਰਦਾਸ–ਗੁਰਸਿੱਖੀ ਮਰਯਾਦਾ–ਇਸ ਮਾਰਗ ਦੀ ਸਭ ਤੋਂ ਵਡੀ ਵਿਸ਼ੇਸ਼ਤਾ ਅਰਦਾਸ ਹੀ ਹੈ ਜੋ ਪ੍ਰਮੇਸ਼ਵਰ ਨੂੰ ਖਿੱਚਾਂ ਤੇ ਧੂਹਾਂ ਪਾ ਦੇਂਦੀ ਹੈ–

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸ ॥ [ਬਿਲਾਵਲ ਮ: ੫–੮੧੯

ਤੁਹਾਡਾ ਮਨ ਬਦਲ ਗਿਆ, ਨਾਲੇ ਕੱਸ਼ਟਾਂ ਦੇ ਨਾਲ
ਚਲੇ ਜਾਵੋਗੇ। ਪਰ ਜੇ ਪੰਜਾਬ ਜਾ ਕੇ ਹੋ ਸਕਦਾ ਹੈ ਕਿ ਆਪ ਪੰਜਾਬ ਵਿਚ ਟਿੱਕ ਜਾਓ। ਫਿਰ ਤੁਸਾਂ
ਭਰੀ ਜ਼ਿੰਦਗੀ ਨੂੰ ਜੇ ਸੁਖ ਮਿਲ ਗਿਆ ਤਾਂ ਕਰ ਚੁੱਕੇ ਹੋ। ਇਸ ਲਈ ਕੀ ਹੋਰ ਜਨਮ ਧਾਰਨ ਦੀ
ਅਰਦਾਸ ਕੀਤੀ ਹੈ ਤੇ ਜੀਵਨ ਗੁਰੂ ਜੀ ਦੇ ਅਰਪਣ
ਤੁਹਾਡੀ ਇੱਛਾ ਹੈ।
ਅਸੀ ਤਾਂ ਨਹੀਂ ਚਾਹੁੰਦੇ ਕਿ ਤੁਹਾਡੇ ਇਸੇ ਜੀਵਨ ਵਿਚ ਨਾਗਾ ਪਵੇ ਤੇ ਸਤਿਗੁਰੂ ਜੀ ਕ੍ਰਿਪਾ

ਅਰਦਾਸ ਪ੍ਰਥਾਏ ਬਹੁਤ ਗੁਰਬਾਣੀ ਦੀਆਂ ਉਦਾਹਰਣਾਂ ਹਨ।
ਪਿਛਲੇ ਜੁਗਾਂ ਵਿਚ ਜਦੋਂ ਭਗਤ ਜਨਾਂ ਤੇ ਬਿਪਤਾ ਪੈਂਦੀ ਸੀ ਤਾਂ ਉਹ ਅਰਦਾਸ ਕਰਦੇ ਸਨ।
ਜਿਵੇਂ ਗਜਿੰਦਰ [ਹਾਥੀ] ਦੀ ਪੁਕਾਰ, ਦਰੋਪਤੀ ਦੀ ਅਰਦਾਸ, ਭੀਲਣੀ ਦੀ ਅਰਦਾਸ ਤੇ ਉਸ ਦੇ ਜੂਠੇ
ਬੇਰ ਰਾਮ ਜੀ ਨੇ ਖਾਣੇ ਆਦਿ।
ਇਉਂ ਕ੍ਰਿਸ਼ਨ ਮਹਾਰਾਜ ਦੇ ਵਕਤ ਵੀ ਅਨੇਕਾਂ ਹੀ ਉਦਾਹਰਣਾਂ ਹਨ। ਪਰ ਗੁਰਮਤਿ ਵਿਚ ਹਰ
ਗੁਰਸਿਖ ਸਵੇਰ ਤੋਂ ਸ਼ਾਮ ਤੱਕ ਹਰ ਕਾਰਜ ਲਈ ਅਰਦਾਸ ਕਰਦਾ ਹੈ। ਕੋਈ ਨਵਾਂ ਕਾਰਜ ਕਰੇ ਤਾਂ
ਅਰਦਾਸ। ਅਰਦਾਸ ਦੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਵਿਚ ਇਕ ਖਾਸ ਮਹੱਤਤਾ ਹੈ। ਜਿਥੇ ਅਰਦਾਸ
ਤੇ ਪਹਿਲਾਂ ਗੁਰਸਿੱਖ ਦਾ ਪੂਰਨ ਵਿਸ਼ਵਾਸ ਹੁੰਦਾ ਸੀ, ਉਥੇ ਅੱਜ ਉਸ ਵਿਚ ਕਿੰਨਾ ਅੰਤਰ ਆ ਚੁੱਕਾ ਹੈ।
ਅੱਜ ਅਸੀਂ ਗੁਰੂ ਹਜ਼ੂਰ ਅਰਦਾਸ ਕਰਦੇ ਹਾਂ ਅਤੇ ਮਨ - ਮਰਜ਼ੀ ਨਾਲ ਹੀ ਭੰਗ ਕਰ ਦਿੰਦੇ ਹਾਂ। ਕੀ ਜਿਸ
ਮਾਲਕ ਅੱਗੇ ਅਰਦਾਸ ਕਰਦੇ ਹਾਂ, ਕੀ ਉਸੀ ਦੀ ਆਗਿਆ ਪ੍ਰਾਪਤ ਕਰ ਕੇ ਕੀਤੀ ਅਰਦਾਸ ਫ਼ਿਰ ਵਾਪਸ
ਲੈ ਲੈਂਦੇ ਹਾਂ। ਤਾਂ ਤੇ ਸਾਡੀ ਮਨਮਤਿ ਹੀ ਹੋਈ। ਗੁਰੂ ਕਾ ਬਚਨ ਤਾਂ–
ਬਚਨ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ ॥ [ਪਉੜੀ–੧੦੯੯
ਜੇ ਅਰਦਾਸ ਦਰਿਆ ਅਟੱਕ (ਮਹਾਰਾਜਾ ਰਣਜੀਤ ਸਿੰਘ ਜੀ ਵਕਤ) ਅਟੱਕਾ ਸਕਦੀ ਹੈ, ਅਤੇ
ਅਰਦਾਸ ਸਿਰ ਲੱਥ ਜਾਣ ਤੇ ਭੀ (ਬਾਬਾ ਦੀਪ ਸਿੰਘ ਜੀ) ਸਿਰ ਤਲੀ ਤੇ ਰੱਖ ਕੇ ੭ ਮੀਲ ਦਾ ਫ਼ਾਸਲਾ
ਤਰਨਤਾਰਨ ਦੀ ਸੜਕੇ ਪਿੰਡ ਚਾਟੀਵਿੰਡ ਤੇ ਸੀਸ ਪ੍ਰਕਰਮਾ ਵਿਚ ਦੇਣ ਦੀ ਅਨੋਖੀ ਖੇਡ ਕਰ ਵਿਖਾਈ ਤੇ
ਇਸੇ ਅਰਦਾਸ ਦੀ ਸ਼ਕਤਿ ਨਾਲ ਜੂਝਦੇ ਆਏ ਸਨ।
ਪਰ ਅੱਜ ਕਲ ਸਾਡੀ ਅਰਦਾਸ ਦੀ ਸੱਤਾ ਕਿਧਰ ਗਈ। ਅੱਜ ਸਿੱਖ ਜਗਤ ਵਿਲਕਦਾ, ਤਰਲੇ ਤੇ
ਹਾੜੇ ਘੱਤ ਰਿਹਾ ਹੈ। ਪਰ ਅਰਦਾਸ ਦੀ ਸੁਣਵਾਈ ਨਹੀਂ ਹੋ ਰਹੀ। ਕਿਉਂਕਿ ਇਹ ਸਾਡੀ ਨੇਸ਼ਟਾ-ਭਗਤੀ
ਦੀ ਕਮਜ਼ੋਰੀ ਹੈ ਜੋ ਅਸਾਂ ਸ਼ਬਦਾਵਤਾਰ (ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ ਨੂੰ ਸਤਿ ਹੁਕਮ ਨਾ ਮੰਨ
ਕੇ) ਲੋਕ ਵਿਖਾਵੇ ਦੀ ਸੇਵਾ ਪੂਜਾ ਤੇ ਸੱਚ ਮਾਰਗ ਦਾ ਤਿਆਗ ਕਰ ਕੇ ਸਿਆਸਤ [ਝੂਠ] ਦਾ ਮਾਰਗ
ਨੂੰ ਅਪਣਾ ਲਿਆ ਹੈ। ਸੱਚ ਸ਼ਬਦ ਦੀ ਕਮਾਈ, ਸ਼ਬਦ ਦੀ ਟੇਕ, ਸ਼ਬਦ ਸੁਰਤ ਰਾਹੀਂ ਭਗਤੀ ਤੇ ਸ਼ਕਤੀ
ਨਾਲ ਕੀਤੀ ਅਰਦਾਸ ਹੀ ਸੱਚ ਪ੍ਰਮੇਸ਼ਵਰ ਨੂੰ ਭਾਉਂਦੀ ਹੈ।
ਜੋ ਮਾਗਹਿ ਠਾਕੁਰ ਆਪਣੇ ਤੇ ਸੋਈ ਸੋਈ ਦੇਵੈ ॥
ਅਰਦਾਸ ਬਾਰੇ–ਬਾਬਾ ਜੀ ਦੇ ਵਕਤ ਇਕ ਵੇਰੀ ਆਸਾ ਦੀ ਵਾਰ ਦੇ ਕੀਰਤਨ ਉਪ੍ਰੰਤ ਦਿਨ ਚੜ੍ਹ

ਕਰਨ ਤੇ ਇਹ ਜਨਮ ਲੇਖੇ ਲੱਗ ਜਾਵੇ। ਜੇ ਅਗਲੇ ਜਨਮ ਵਿਚ ਇਸ ਕੀਤੀ ਅਰਦਾਸ ਦੀ ਪੂਰਤੀ
ਕਰਨ ਦੀ ਇੱਛਾ ਹੈ, ਤਾਂ ਸਾਡੇ ਵਲੋਂ ਬੇਸ਼ਕ ਪੰਜਾਬ ਚਲੇ ਜਾਵੋ।
ਅਸੀਂ ਤਾਂ ਤ੍ਰਾਹੇ ਤ੍ਰਾਹੇ ਕਰ ਕੇ ਅਰਦਾਸ ਬੇਨਤੀ ਕਰ ਰਹੇ ਹਾਂ ਕਿ ਹੇ ਸਤਿਗੁਰੂ–
ਇਹੁ ਜਨਮੁ ਤੁਮਾਰੇ ਲੇਖੈ ॥ [ਧਨਾਸਰੀ ਰਵਿਦਾਸ–੬੯੪
ਲੇਖੇ ਵਿਚ ਲਾ ਲਵੋ ਤੇ ਜਨਮ ਮਰਨ ਦੇ ਦੁਖਾਂਤ ਤੋਂ ਛੁਟਕਾਰਾ ਕਰਾ ਦਿਓ। ਕਿਉਂਕਿ–
ਬਹੁਤ ਜਨਮ ਬਿਛਰੇ ਥੇ ਮਾਧਉ ... [ਧਨਾਸਰੀ ਰਵਿਦਾਸ–੬੯੪
ਬਹੁਤੇ ਜਨਮਾਂ ਤੋਂ ਪ੍ਰਭੂ ਨਾਲੋਂ ਵਿਛੋੜਾ ਪਿਆ ਹੋਇਆ ਏ। ਪਰ ਤੁਹਾਡੀ ਭਾਵਨਾ ਅਗਲੇ ਜਨਮ ਦੀ
ਹੈ ਤਾਂ ਆਪ ਜੀ ਦੀ ਰਜ਼ਾ, ਮੈਂ ਕਿਵੇਂ ਮੋੜ ਸਕਦਾ ਹਾਂ, ਫਿਰ ਆਪ ਦੀ ਭਾਵਨਾ ਜੇ ਬਣ ਆਈ ਹੈ ਤਾਂ
ਅਸੀਂ ਕਿਵੇਂ ਰੋਕ ਸਕਦੇ ਹਾਂ।
ਬਾਬਾ ਧਰਮ ਸਿੰਘ ਜੀ– (ਕੁਝ ਕਾਹਲੇ ਜਿਹੇ ਹੋ ਕੇ) ਇਹ ਡਰਾਵਾ ਨਾ ਦੇਵੋ ਤਾਂ ਹੋਰ ਕੀ
ਕਰੋਂਗੇ? ਅਸੀਂ ਕੱਦ ਚਾਹੁੰਦੇ ਹਾਂ ਕਿ ਅਸੀਂ ਵਾਰ ਵਾਰ ਜਨਮ ਧਾਰਦੇ ਰਵੀਏ। ਇਸੇ ਕਰ ਕੇ ਤਾਂ ਜਗਤ
ਮਾਤਾ ਜੀ ਪਾਸ ਰਹਿ ਕੇ ਅਨੇਕਾਂ ਕਸ਼ਟ ਸਹਾਰ ਕੇ ਵੀ ਵਾਪਸ ਮੁੜ ਜਾਣ ਦਾ ਕਦੇ ਖਿਆਲ ਨਹੀਂ ਸੀ

ਗਿਆ। ਨਾਲੇ ਸੰਗਤ ਕਰ ਕੇ ਪ੍ਰੇਮ ਵਿਚ ਦਾਸ ਪਾਸੋਂ ਅਰਦਾਸ ਕੁਝ ਲੰਬੀ ਹੋ ਗਈ। ਜਦ ਸੰਥਾ
ਕਰਨ ਲਈ ਦੁਪਹਿਰ ਬਾਅਦ ਬਾਬਾ ਜੀ ਪਾਸ ਗਏ। ਜਦ ਸੰਥਾ ਕਰ ਲਈ ਤਾਂ ਬਾਬਾ ਜੀ ਕਹਿਣ ਲਗੇ–
ਲਿਖਾਰੀ ਸਿੰਘ ਜੀ! ਮਰਯਾਦਾ ਤਾਂ ਇਹ ਹੈ ਕਿ ਆਸਾ ਜੀ ਦੀ ਵਾਰ ਦਾ ਭੋਗ ਸੂਰਜ ਦੀ ਟਿੱਕੀ ਨਿਕਲਣ
ਤੋਂ ਪਹਿਲਾਂ ਪੈ ਜਾਵੇ ਤੇ ਕੜਾਹ ਪ੍ਰਸਾਦਿ ਦਾ ਭੋਗ ਮੱਖੀ ਉੱਠਣ ਤੋਂ ਪਹਿਲਾਂ ਲਗ ਜਾਵੇ। ਇਸ ਲਈ
ਅਰਦਾਸ ਸੂਰਜ ਦੀ ਟਿੱਕੀ ਨਿਕਲਣ ਤੋਂ ਪਹਿਲਾਂ ਕਰ ਦਿਆ ਕਰੋ।
ਦੂਸਰੀ ਗੱਲ, ਅਰਦਾਸ ਸੰਗਤ ਵਿਚ ਥੋੜੀ (ਛੋਟੀ) ਕਰਿਆ ਕਰੋ, ਲੰਮੀ ਨਾ ਕਰਿਆ ਕਰੋ।
ਕਿਉਂਕਿ ਇਹ ਅਰਦਾਸ ਅਸੀਂ ਅਕਾਲ ਪੁਰਖ ਜੀ ਅਗੇ ਕਰਦੇ ਹਾਂ। ਇਸ ਅਰਦਾਸ ਵਿਚ ਦੇਵੀ
ਦੇਵਤੇ, ਪੀਰ ਪੈਗੰਬਰ ਸਭ ਇਕ ਅੰਗੂਠੇ ਦੇ ਭਾਰ ਖੜੇ ਹੁੰਦੇ ਹਨ, ਜਦ ਕਿ ਅਸੀਂ ਦੋ ਪੈਰਾਂ ਤੇ ਖੜੇ
ਹੁੰਦੇ ਹਾਂ। ਸਾਡੀ ਦ੍ਰਿਸ਼ਟੀ ਦੀ ਇਹ ਜਾਣਕਾਰੀ ਨਾ ਹੋਣ ਕਾਰਨ, ਅਸੀਂ ਉਹਨਾਂ ਗੁਪਤ ਰੂਹਾਂ ਨੂੰ ਕਸ਼ਟ
ਦੇਂਦੇ ਹਾਂ, ਤਾਂ ਤੇ ਸੰਗਤ ਵਿਚ ਖੜੇ ਹੋ ਕੇ ਅਰਦਾਸ ਛੋਟੀ ਕਰਿਆ ਕਰੋ।
ਸੰਨ ੧੯੮੨ ਵਿਚ ਸ੍ਰੀ ਪਾਉਂਟਾ ਸਾਹਿਬ [ਗੁ: ਸ਼ੇਰ ਗਾਹ ਪਾ: ੧੦] ਤੇ ਸ਼ਹੀਦੀ ਪਹਿਰੇ 'ਚ ਵੀ ਜਦ
ਦਾਸ ਨੇ ਅਰਦਾਸ ਕੀਤੀ, ਤਾਂ ਫੁਰਮਾਨ ਹੋਇਆ ਸੀ, ਕਿ ਅਰਦਾਸ ਸਹਿਜ ਨਾਲ, ਟਿਕ ਕੇ, ਹਰ ਪਾਤਸ਼ਾਹੀ
ਨੂੰ ਹਾਜ਼ਰ ਨਾਜ਼ਰ ਸਾਹਮਣੇ ਦੇਖਦੇ ਹੋਏ ਬੜੇ ਅਦਬ ਤੇ ਸਤਿਕਾਰ ਨਾਲ ਟਿਕਾਓ (ਸਹਿਜ) ਨਾਲ
ਅਰਦਾਸ ਕਰੋ ਤੇ ਛੋਟੀ ਕਰੋ।
ਸਤਿਗੁਰੂ ਹਜ਼ੂਰ ਕੀਤੀ ਅਰਦਾਸ (ਸਤਿਗੁਰੂ ਨਾਲ ਕੀਤਾ ਬਚਨ) ਕੇਸਾਂ, ਸਵਾਸਾਂ ਤੱਕ ਨਿਭਾਹੁਣਾ
ਪੈਂਦਾ ਹੈ। ਅਰਦਾਸ ਨੂੰ ਅੱਧ ਵਿਚਾਲਿਓਂ ਛੱਡ ਦੇਣਾ, ਸਤਿਗੁਰਾਂ ਤੋਂ ਬੇਮੁੱਖਤਾ (ਨਰ - ਕੱਚੇ ਦਾ ਰਾਹ
ਅਪਣਾ ਲੈਂਦੇ ਹਾਂ।

ਆਇਆ, ਪਰ ਨੇਤਰਾਂ ਬਿਨਾਂ ਸੇਵਾ ਨਾ ਹੋ ਸਕੇ ਤੇ ਨਾ ਹੀ ਕ੍ਰਿਆ ਸਾਧੀ ਜਾ ਸਕੇ। ਤਾਂ ਹੀ ਅਰਜ਼ ਕੀਤੀ ਹੈ ਕਿ ਪੰਜਾਬ ਜਾ ਕੇ ਇਲਾਜ ਕਰਾ ਆਈਏ।

ਬਾਬਾ ਮਿੱਤ ਸਿੰਘ ਜੀ–ਸਾਡੇ ਵਲੋਂ ਤਾਂ ਛੁੱਟੀ ਹੈ, ਪਰ ਜਗਤ-ਮਾਤਾ ਜੀ ਤੋਂ ਛੁੱਟੀ ਲੈ ਜਾਵੋ। ਪਰ ਜਾਵੋ ਤਾਂ, ਜੇ ਪੰਜਾਬ ਵਿਚ ਕੋਈ ਅੰਨ੍ਹੇ ਨਹੀਂ ਰਹਿ ਗਏ ਅਤੇ ਅੰਨ੍ਹੇ ਭੀ ਸੁਜਾਖੇ ਹੋ ਜਾਂਦੇ ਹਨ। ਜੇ ਤੁਸਾਂ ਇਲਾਜ ਕਰਾਉਣਾ ਹੈ, ਤਾਂ ਉਹੋ ਦਵਾਈਆਂ ਤੇ ਮਾਹਰ ਤੋਂ ਮਾਹਰ ਡਾਕਟਰ ਇਥੇ ਭੀ ਹਨ। ਅਗਰ ਇਥੇ ਨਹੀਂ ਤਾਂ ਹੈਦਰਾਬਾਦ ਵਿਚ ਨਵਾਬ ਸਾਹਿਬ ਦੇ ਵਡੇ ਹਸਤਪਤਾਲ ਭੇਜ ਦੇਂਦੇ ਹਾਂ। ਉਥੇ ਸਭ ਡਾਕਟਰ ਤੁਹਾਡੀ ਚੰਗੀ ਦੇਖ - ਭਾਲ ਕਰਨਗੇ। ਨਾਲ ਤੁਹਾਡੇ, ਅਸੀਂ ਦੋ ਚਾਰ ਸਿੰਘ ਭੇਜ ਦਿੰਦੇ ਹਾਂ ਅਤੇ ਅੱਖਾਂ ਬਣਵਾ ਕੇ ਫਿਰ ਇਥੇ ਆ ਸਕੋ। ਕਿਉਂਕਿ ਸਾਡੀ ਇੱਛਾ ਸਤਿਗੁਰੂ ਅਰਦਾਸ ਤੋੜ ਚੜ੍ਹਾਵਣ ਤੇ ਅਸੀਂ ਆਪਣੇ ਅੰਤਮ ਸੁਆਸਾਂ ਤੱਕ ਇਥੇ ਹੀ ਸੇਵਾ ਕਰਦੇ ਰਹੀਏ।

ਬਾਬਾ ਧਰਮ ਸਿੰਘ ਜੀ– (ਕੁਝ ਸੋਚ ਕੇ) ਚੰਗਾ ਬਾਬਾ ਜੀ ਜਿਵੇਂ ਆਪ ਕਹਿ ਰਹੇ ਹੋ ਕਿ ਆਪ ਨੂੰ ਹੈਦਰਾਬਾਦ ਭੇਜ ਦਈਏ। ਪਰ ਤੁਸਾਂ ਮੈਨੂੰ ਸੋਝੀ ਦੇ ਕੇ ਮੇਰੀ ਤਾਂ ਟੁਟੀ - ਗੰਢ ਲਈ ਹੈ, ਠੀਕ! ਨਾ ਜਾਣੇ ਮੈਂ ਪੰਜਾਬ ਚਲਾ ਜਾਂਦਾ ਹੋ ਸਕਦਾ ਸੀ ਕਿ ਮਨ ਬਦਲ ਜਾਂਦਾ ਤੇ ਮੁੜ ਆਉਣ ਨੂੰ ਜੀਅ ਹੀ ਨਾ ਕਰਦਾ। ਮੇਰੇ ਜੀਵਨ ਵਿਚ ਪਾੜਾ ਪੈ ਜਾਂਦਾ। ਫਿਰ ਤੁਹਾਡਾ ਸਾਡਾ ਮੇਲ ਹੁੰਦਾ ਕਿ ਨਾ ਹੁੰਦਾ। ਨਾਲੇ ਗੁਰੂ ਜੀ ਤੇ ਮਾਤਾ ਜੀ ਦੀ ਗੋਦ ਚੋਂ ਨਿਕਲ ਕੇ ਆਪਣੇ ਸੰਕਲਪ ਨਾਲ ਵਿਛੜ ਜਾਂਦਾ। ਆਪ ਨੇ ਬੜੀ ਕਿਰਪਾ ਕੀਤੀ ਹੈ, ਮੈਨੂੰ ਤਾਂ ਤੁਸਾਂ ਰਾਹੇ ਪਾ ਦਿਤਾ ਹੈ। ਹਾਂ ਠੀਕ ਕਿਹਾ ਹੈ ਤੁਸਾਂ ਕਿ ਪੰਜਾਬ ਵਿਚ ਅੰਨ੍ਹੇ ਨਹੀਂ, ਕੀ ਉਥੇ ਸਭ ਸੁਜਾਖੇ ਹੀ ਹਨ? ਜੇ ਮੇਰੇ ਕਰਮਾਂ ਵਿਚ ਨੇਤ੍ਰ ਠੀਕ ਹੋ ਜਾਣੇ ਲਿਖੇ ਹਨ ਤਾਂ ਉਹ ਇਥੇ ਭੀ ਹੋ ਜਾਵਣਗੇ ਅਤੇ ਆਪ ਨੇ ਭੀ ਕਹਿ ਦਿਤਾ ਹੈ ਕਿ ਅੱਖਾਂ ਇਥੇ ਹੀ ਠੀਕ ਹੋ ਜਾਣਗੀਆਂ। ਜਦ ਆਪ ਮਰਹੱਟੇ ਨੂੰ ਨੇਤ੍ਰ ਬਖਸ਼ ਸਕਦੇ ਹੋ ਤਾਂ ਮੇਰੇ ਨੇਤਰ ਭੀ ਜ਼ਰੂਰ ਠੀਕ ਕਰ ਸਕਦੇ ਹੋ। ਫਿਰ ਦਾਸ ਨੂੰ ਕਿਉਂ ਹੈਦਰਾਬਾਦ ਭੇਜਦੇ ਹੋ। ਕਰੋ ਕ੍ਰਿਪਾ ਤੇ ਦਾਸ ਦੇ ਨੇਤਰਾਂ ਤੇ ਭੀ ਹੱਥ ਫੇਰੋ।

ਬਾਬਾ ਮਿੱਤ ਸਿੰਘ ਜੀ– ਮੇਰੇ ਜੀਵਨ ਸਾਥੀ! ਸਾਥੀ ਦਾ ਅੰਤਰਾ ਨਹੀਂ ਲਈਦਾ। ਇਸ ਤਰਾਂ ਤਾਂ ਸਾਰਾ ਸੰਸਾਰ ਤੁਹਾਡੇ ਪਾਸ (ਅੰਨ੍ਹੇ) ਆ ਡੇਰਾ ਲਾਣਗੇ। ਪਰ ਇਹ ਤਾਂ ਵਾਹਿਗੁਰੂ ਦੀ ਰਜ਼ਾ ਦੇ ਉਲਟ ਹੈ, ਇਸ ਲਈ ਤੁਸੀਂ ਜਾਣਦੇ ਹੋਏ ਭੀ ਅਨਜਾਣ ਨਾ ਬਣੋ, ਅਸੀਂ ਉਸੇ ਲੀਹ ਨੂੰ ਹਟਾਉਣ ਲਈ ਹੀ ਤਾਂ ਆਪ ਜੀ ਨੂੰ ਹੈਦਰਾਬਾਦ ਹੱਸਤਪਤਾਲ ਵਿਚ ਭੇਜ ਰਹੇ ਹਾਂ। ਫਿਰ ਅਸੀਂ ਅਗੋਂ ਤੋਂ ਕਹਿ ਸਕਿਆ ਕਰਾਂਗੇ ਕਿ ਅਸੀਂ ਤਾਂ ਆਪਣੇ ਸਾਥੀ ਦੇ ਨੇਤਰ ਨਾ ਠੀਕ ਕਰ ਸਕੇ, ਤੁਹਾਡੇ ਕਿਥੋਂ ਕਰ ਸਕਾਂਗੇ। ਪੁਰਖ ਜੀ, ਅਸੀਂ ਅਜਿਹੇ ਝਮੇਲਿਆਂ ਵਿਚ ਨਹੀਂ ਪੈਣਾ ਚਾਹੁੰਦੇ। ਨਾਲੇ ਤੁਸੀਂ ਆਪ ਵੀ ਜਾਣਦੇ ਹੀ ਹੋ ਕਿ ਸਾਡੇ ਪਾਸ ਹੈ ਭੀ ਕੀ?

ਸੇਵਕ ਨੇ ਤਾਂ ਸੇਵਾ ਹੀ ਕਰਨੀ ਹੁੰਦੀ ਹੈ, ਪਰ ਮਾਲਕ ਦੇ ਅਖਤਿਆਰ ਤਾਂ ਮਾਲਕ ਨੂੰ ਹੁੰਦੇ ਹਨ, ਨੌਕਰ (ਸੇਵਾਦਾਰ) ਨੂੰ ਨਹੀਂ ਹੁੰਦੇ। ਅਸੀਂ ਤੁਸੀਂ ਤਾਂ ਵਾਹਿਗੁਰੂ ਦੀ ਰੀਸ (ਬਰਾਬਰੀ) ਕਿਵੇਂ ਕਰ ਸਕਦੇ ਹਾਂ। ਇਹ ਤਾਂ–

ਖਸਮੈ ਕਰੈ ਬਰਾਬਰੀ ਫਿਰਿ ਗੈਰਤ ਅੰਦਰ ਪਾਇ ।! [ਆਸਾ ਦੀ ਵਾਰ–੪੭੪

ਦੂਈ ਤੇ ਹਉਮੈ ਦਾ ਕੰਡਾ ਖੜਾ ਕਰ ਲਈਏ ਤੇ ਖਸਮ ਨਾਲ ਬਰਾਬਰੀ ਕਰ ਕੇ ਸਤਿਕਾਰ ਕਰਾਉਣ ਦੀ ਥਾਂ ਤਿਰਸਕਾਰੇ ਜਾਈਏ। ਸੋ ਆਪ ਹੈਦਰਾਬਾਦ ਜਾਣ ਲਈ ਤਿਆਰੇ ਕਰੋ। ਜਗਤ - ਮਾਤਾ–ਮਾਤਾ ਸਾਹਿਬ ਕੌਰਾਂ ਜੀ ਭਲੀ ਕਰਨਗੇ।

ਇਕ ਦੋ ਦਿਨਾਂ ਵਿਚ ਤਿਆਰੇ ਕਰ ਕੇ, ਇਕ ਦੋ ਸਿੰਘ ਨਾਲ ਭੇਜ ਕੇ ਹੈਦਰਾਬਾਦ ਹੱਸਤਪਤਾਲ ਵਿਚ ਦਾਖਲ ਕਰਵਾ ਦਿੱਤਾ। ਆਪ ਦੇ ਕੁਝ ਹੀ ਦਿਨਾਂ ਵਿਚ ਸਤਿਗੁਰਾਂ ਦੀ ਕ੍ਰਿਪਾ ਦੁਵਾਰਾ ਨੇਤਰ ਬਣ ਗਏ ਅਤੇ ਠੀਕ ਹੋ ਕੇ ਵਾਪਸ ਅਸਥਾਨ ਤੇ ਆ ਗਏ।

ਬਚਨ ਤਾਂ ਬਾਬਾ ਜੀ ਨੇ ਇਥੇ ਹੀ ਕਰ ਦਿਤਾ ਸੀ ਕਿ 'ਠੀਕ ਹੋ ਜਾਵੋਗੇ' ਪਰ ਆਪਣਾ ਆਪ ਜ਼ਾਹਰ ਨਾ ਕਰਨ ਲਈ ਅਜਿਹੀ ਖੇਡ ਕੀਤੀ ਸੀ।

ਭੁਯੰਗੀ ਦੀ ਦਾਤ

ਸੱਚਖੰਡ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਪੁਜਾਰੀ ਭਾ: ਹਰਨਾਮ ਸਿੰਘ ਜੀ, ਉਹਨਾਂ ਦੀ ਭੈਣ, ਜਿਨ੍ਹਾਂ ਦੀ ਕੋਈ ਉਲਾਦ ਨਹੀਂ ਸੀ, ਇਸ ਯਾਚਨਾ ਤੇ ਸ੍ਰੀ ਸੱਚਖੰਡ ਤਖਤ ਦੇ ਦਰਸ਼ਨ ਦੀਦਾਰ ਕਰਨ ਲਈ ਆਏ। ਸ੍ਰੀ ਹਜ਼ੂਰ ਸਾਹਿਬ ਜੀ ਦੇ ਦੀਦਾਰ ਕਰਦਿਆਂ ਮਨ ਵਿਚ ਸੋਚ ਆਈ ਕਿ ਇਸ ਪਾਵਨ ਦਰਬਾਰ ਤੋਂ ਜਿਸ ਦੇ ਪੁਜਾਰੀ ਮੇਰੇ ਭਰਾਤਾ ਜੀ ਹਨ, ਉਹਨਾਂ ਰਾਹੀ ਅਰਦਾਸ (ਭੁਯੰਗੀ ਦੀ ਦਾਤ ਲਈ) ਕਰਵਾਈ ਜਾਵੇ। ਇਹ ਵਿਚਾਰ ਮਨ ਵਿਚ ਲੈ ਕੇ ਜਦ ਪੁਜਾਰੀ ਹਰਨਾਮ ਸਿੰਘ ਜੀ ਰਾਤ ਸੱਚਖੰਡ ਤਖ਼ਤ ਦੀ ਸੇਵਾ ਕਰ ਕੇ ਬੁੰਗੇ ਵਿਚ ਆਏ ਤਾਂ ਭੈਣ ਜੀ ਨੇ ਆਪਣੀ ਇੱਛਾ ਪ੍ਰਗਟ ਕਰਨ ਦਾ ਮਨ ਬਣਾਇਆ।

ਭੈਣ ਜੀ– ਵੀਰਿਆ! ਤੁਸੀਂ ਸ੍ਰੀ ਹਜ਼ੂਰ ਸਾਹਿਬ ਸੱਚਖੰਡ ਦੇ ਪੁਜਾਰੀ ਹੋ। ਤੁਸਾਂ ਤੇ ਸਤਿਗੁਰੂ ਜੀ ਦੀਆਂ ਅਪਾਰ ਬਖਸ਼ਸ਼ਾਂ ਹਨ। ਸਾਡੇ ਧੰਨ ਭਾਗ ਹਨ ਜੋ ਤੁਸਾਂ ਸਾਡੀ ਕੁੱਲ ਉਜਾਗਰ ਕੀਤੀ ਹੈ। ਅਤੇ ਹਜ਼ੂਰ ਦੇ ਤਖਤ ਦੀ ਸੇਵਾ ਕਰ ਰਹੇ ਹੋ। ਪਰ ਵੀਰ ਜੀ ਤੁਹਾਨੂੰ ਪਤਾ ਹੀ ਹੈ ਕਿ ਮੇਰੀ ਸੰਸਾਰਕ ਸਾਂਝ–

ਪੁੱਤ੍ਰੀ ਗੰਢੁ ਪਵੈ ਸੰਸਾਰਿ ॥
[ਮ: ੧, ਪੰਨਾ ੧੪੩

ਨਹੀਂ ਬਣੀ। ਸ਼ਾਦੀ ਹੋਇਆਂ ਕਈ ਸਾਲ ਗੁਜ਼ਰ ਗਏ ਹਨ। ਸੌਹਰੇ ਘਰ ਭੀ ਮਾਨ ਨਹੀਂ ਜਾਪਦਾ। ਫਿਰ ਬਾਂਝ ਔਰਤ ਦਾ ਕੀ ਜੀਵਨ ਹੈ। ਮੇਰੀ ਨਿਭਾਗਣ ਦੇ ਕਰਮ ਹੀ ਅਜਿਹੇ ਹਨ, ਜੋ ਮੈਂ ਬੇ - ਔਲਾਦੀ ਹੀ ਸੰਸਾਰ ਤੋਂ ਚਲੀ ਜਾਵਾਂਗੀ। ਵੀਰਿਆ! ਤੂੰ ਭੀ ਤਾਂ ਉਸੇ ਹੀ ਮਾਂ ਦਾ ਪੁੱਤਰ ਹੈਂ, ਤੂੰ ਕਿਤਨੇ ਭਾਗਾਂ ਵਾਲਾ ਹੈਂ। ਮੇਰੀ ਨਿਭਾਗਣ ਦੇ ਵੀ ਭਾਗ ਜਗਾ ਦੇ, ਅਤੇ ਸਤਿਗੁਰੂ ਜੀ ਦੇ ਹਜ਼ੂਰ ਅਰਦਾਸ ਕਰੋ, ਤਾਂ ਕਿ ਮੇਰੀ ਝੋਲੀ (ਗੋਦ) ਹਰੀ ਹੋ ਜਾਵੇ।

ਪੁਜਾਰੀ ਹਰਨਾਮ ਸਿੰਘ ਜੀ–ਭੈਣ ਜੀ! ਮਾਤਾ ਪਿਤਾ ਤਾਂ ਕੇਵਲ ਜਨਮ ਹੀ ਦਿੰਦੇ ਹਨ, ਪਰ ਕਰਮ ਨਹੀਂ ਦਿੰਦੇ [ਬਣਾਉਂਦੇ]। ਇਹ ਤਾਂ ਜੀਵ ਦੇ ਆਪੋ ਆਪਣੇ ਕਰਮ ਹੁੰਦੇ ਹਨ ਤੇ ਵਾਹਿਗੁਰੂ ਨੇ ਮਾਂ, ਬਾਪ, ਭੈਣ, ਭਾਈਆਂ ਦਾ ਸਬੰਧ ਜੋੜਿਆ ਹੁੰਦਾ ਹੈ।

ਭੈਣ ਜੀ, ਇਹ ਤਾਂ ਮੇਰੇ ਵੱਸ ਨਹੀਂ ਜੋ ਮੈਂ ਤੁਹਾਡੇ ਕਰਮ ਬਦਲ ਦਿਆਂ, ਪਰ ਇਹ ਠੀਕ ਹੈ ਕਿ ਮੇਰੇ ਕਰਮਾਂ ਕਰ ਕੇ ਮੈਨੂੰ ਸੇਵਾ ਤਾਂ ਮਿਲ ਗਈ ਹੈ, ਪਰ ਮੇਰੇ ਵਿਚ ਸ਼ਕਤੀ ਨਹੀਂ ਜੋ ਮੈਂ ਤੁਹਾਡੀ ਇੱਛਾ ਦੀ ਪੂਰਤੀ ਲਈ ਅਰਦਾਸ ਕਰ ਸਕਾਂ।

ਭੈਣ ਜੀ– ਵੀਰਿਆ ! ਮੈਂ ਤਾਂ ਬੜੀਆਂ ਆਸਾਂ ਲੈਕੇ ਹੀ ਸੱਚਖੰਡ ਆਈ ਹਾਂ। ਸੁਣਿਆ ਹੈ ਸਤਿਗੁਰੂ ਜੀ ਸਿੱਖ ਨੂੰ ੬੦ ਸਾਲ ਦੀ ਉਮਰ ਤੱਕ ਉਡੀਕਦੇ ਹਨ। ਜੋ ਆ ਜਾਂਦਾ ਹੈ ਉਸ ਦੀ ਹਾਜ਼ਰੀ ਅਤੇ ਮਨੋ-ਕਾਮਨਾਵਾਂ ਪੂਰੀਆਂ ਕਰ ਦੇਂਦੇ ਹਨ।

ਬਸ ਮੈਨੂੰ ਭਿਖਾਰਨ ਨੂੰ ਇਕ ਪੁੱਤਰ ਦੀ ਦਾਤ ਹੀ ਬਖਸ਼ ਦੇਵਣ, ਤਾਂ ਮੈਂ ਭੀ ਸੰਸਾਰ ਦੀ ਸਾਂਝ ਨਾਲ 'ਪੁਤੀ ਗੰਢ ਪਵੈ ਸੰਸਾਰਿ' ਮਿਲ ਜਾਵਾਂ, ਮੇਰੇ ਮਨ ਵਿਚ ਇਹ ਤ੍ਰਿਸ਼ਨਾ ਨਾ ਰਹਿ ਜਾਵੇ। ਪੁਤਰ ਦੀ ਦਾਤ ਨਾਲ ਜਿਥੇ ਮੇਰੇ ਮਨ ਦੀ ਤ੍ਰਿਸ਼ਨਾ ਖਤਮ ਹੋ ਜਾਵੇਗੀ, ਉਥੇ ਮੇਰੀ ਕੁੱਖ ਹਰੀ ਹੋ ਕੇ ਦੋਹਾਂ ਘਰਾਂ (ਪੇਕੇ ਤੇ ਸਹੁਰੇ) ਦਾ ਚਾਨਣ ਰੁਸ਼ਨਾਣ ਲੱਗ ਪਵੇਗਾ।

ਪੁਜਾਰੀ ਜੀ– ਬੀਬੀ ਭੈਣ, ਤੂੰ ਸੱਚ ਜਾਣ ਮੈਂ ਅਸਮਰੱਥ ਹਾਂ, ਮੇਰੇ ਵਿਚ ਇਹ ਸ਼ਕਤੀ ਨਹੀਂ, ਜੋ ਮੈਂ ਰੇਖ ਵਿਚ ਮੇਖ ਮਾਰ ਸਕਾਂ। ਇਹ ਵਾਹਿਗੁਰੂ ਦੇ ਹੱਥ ਹੈ।

ਭੈਣ ਜੀ– ਤੁਸੀਂ ਤਾਂ ਸਤਿਗੁਰੂ ਦੇ ਦਰ ਦੇ ਟਹਿਲੀਏ ਹੋ, ਹਾਂ–

ਟਹਲ ਮਹਲ ਤਾਕਉ ਮਿਲੈ ਜਾ ਕਉ ਸਾਧ ਕ੍ਰਿਪਾਲ ॥
ਸਾਧ ਸੰਗਤਿ ਤਉ ਬਸੈ ਜਉ ਆਪਨ ਹੋਇ ਦਇਆਲ ॥ [ਪਉੜੀ–੨੫੫

ਇਹ ਸੇਵਾ ਤਾਂ ਮਿਲਦੀ ਹੈ, ਜਦੋਂ ਸਤਿਗੁਰੂ ਜੀ ਜੀਵ ਤੇ ਦਿਆਲ (ਪਰਸੰਨ) ਹੁੰਦੇ ਹਨ। ਫਿਰ ਆਪ ਦੀ ਅਰਦਾਸ ਕਿਉਂ ਨਾ ਸੁਣਨਗੇ, ਜ਼ਰੂਰ ਤੁਸਾ ਦੀ ਕੀਤੀ ਅਰਦਾਸ ਨੂੰ ਸਤਿਗੁਰੂ ਜੀ ਪਰਵਾਨ ਕਰਨਗੇ। ਇਹ ਮੈਨੂੰ ਯਕੀਨ ਹੈ।

ਪੁਜਾਰੀ ਜੀ– ਭੋਲੀਏ ਭੈਣੇ ! ਐਵੇਂ ਭੁਲੇਖਾ ਹੀ ਹੈ। ਜੀਵ ਦੇ ਮਨ ਦਾ ਆਪਣਾ ਆਪਣਾ ਵਿਸ਼ਵਾਸ ਹੁੰਦਾ ਹੈ। ਭਾਵੇਂ ਮੈਨੂੰ ਪੂਰਨ ਵਿਸ਼ਵਾਸ ਹੈ, ਪ੍ਰੰਤੂ ਮੇਰੇ ਅੰਤਸ਼ਹ ਕਰਣ ਚੋਂ ਆਪ ਦੀ ਮੰਗ ਦੀ ਪੂਰਤੀ ਹੋਣੀ ਅਸੰਭਵ ਨਜ਼ਰੀਂ ਆ ਰਹੀ ਹੈ।

ਭੈਣ ਜੀ– ਵੀਰ ਜੀ ! ਸਤਿਗੁਰੂ ਜੀ ਸਮਰੱਥ ਹਨ। ਭਲਾ ਉਹ ਆਪਣੇ ਜਨ ਦੀ ਭੀ ਅਰਦਾਸ ਨਹੀਂ ਸੁਣਨਗੇ ਤਾਂ ਹੋਰ ਕਿਸ ਦੀ ਸੁਣਨਗੇ। ਕਿਉਂਕਿ–

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥ [ਬਿਲਾਵਲ ਮ: ੫–੮੧੯

ਇਹ ਕਿਵੇਂ ਹੋ ਸਕਦਾ ਹੈ। ਮੈਨੂੰ ਤਾਂ ਤੁਹਾਡੀ ਗੱਲ ਤੇ ਯਕੀਨ ਨਹੀਂ ਆ ਰਿਹੈ।

ਪੁਜਾਰੀ ਸਿੰਘ– ਸੱਚ ਭੈਣੇ ! ਤੂੰ ਤਾਂ ਮੈਨੂੰ ਐਵੇਂ ਵਡਿਆਈ ਜਾ ਰਹੀ ਏਂ। ਪਰ ਤੂੰ ਸੱਚ ਮੰਨ ਕਿ ਵਾਹਿਗੁਰੂ ਦੀ ਖੇਡ ਵਾਹਿਗੁਰੂ ਜੀ ਹੀ ਜਾਣਦੇ ਹਨ ਜਾਂ ਫਿਰ ਉਹਨਾਂ ਦੇ ਬਖਸ਼ੇ ਸਾਧੂ ਜਨ ਜਾਣਦੇ ਹਨ। ਹਾਂ ਤੁਸਾਂ ਕਿਹਾ ਹੈ ਕਿ 'ਜਨ' ਕੀ ਅਰਦਾਸ ਪਰਵਾਨ ਕਰ ਲੈਂਦੇ ਹਨ। ਕੀ ਪਰਤੀਤ ਕਰੋਗੇ ? ਜੇ ਯਕੀਨ ਹੋਵੇ ਤਾਂ ਫਿਰ ਕੱਲ ਨੂੰ ਮਹਾਂਪੁਰਸ਼ ਬਾਬਾ ਮਿੱਤ ਸਿੰਘ ਜੀ, ਜੋ ਜਗਤ-ਮਾਤਾ–ਮਾਤਾ ਸਾਹਿਬ ਕੌਰਾਂ

ਜੀ ਦੇ ਅਸਥਾਨ ਤੇ ਸੇਵਾ ਕਰਦੇ ਹਨ। ਅਸਾਂ ਵੇਖਿਆ ਹੈ ਉਹ ਪੂਰਨ ਸਾਧੂ ਹਨ। ਕੱਲ ਉਹਨਾਂ ਪਾਸ ਜਾ ਕੇ ਅਰਜ਼ ਕਰਾਂਗੇ।

ਲੋੜਵੰਦ–ਜਦ ਤੱਕ ਉਸ ਦੀ ਲੋੜ ਪੂਰੀ ਨਾ ਹੋ ਜਾਵੇ, ਉਸ ਨੂੰ ਨਾ ਦਿਨੇ, ਨਾ ਰਾਤੀਂ ਚੈਨ ਆਉਂਦਾ ਹੈ। ਸਗੋਂ ਨੀਂਦਰ ਤੇ ਭੁੱਖ ਭੀ ਨਹੀਂ ਰਹਿੰਦੀ। ਅੰਦਰ ਕਾਹਲ, ਉਤਾਵਲਾਪਨ ਹੁੰਦਾ ਹੈ। ਉਹ ਨਾ ਟਿਕਦਾ ਹੈ ਤੇ ਨਾ ਹੀ ਕਿਸੇ ਨੂੰ ਟਿਕਣ ਦਿੰਦਾ ਹੈ।

ਅੰਮ੍ਰਿਤ ਵੇਲੇ ਪੁਜਾਰੀ ਸਿੰਘ ਜੀ ਤਖ਼ਤ ਦੀ ਸੇਵਾ ਤੇ ਚਲੇ ਗਏ। ਬੀਬੀ ਜੀ ਸੋਚਾਂ ਤੇ ਉਡੀਕਾਂ ਵਿਚ ਬੈਠੇ ਹੋਏ ਸਨ। ਜਦ ਸਵੇਰ ਦੀ ਸੇਵਾ ਦੀ ਸਮਾਪਤੀ ਕਰ ਕੇ ਪੁਜਾਰੀ ਸਿੰਘ ਜੀ ਬੁੰਗੇ ਵਿਚ ਆ ਗਏ ਤਾਂ ਭੈਣ ਜੋ ਤਿਆਰ ਬੈਠੀ ਸੀ,ਪੁਜਾਰੀ ਹਰਨਾਮ ਸਿੰਘ ਜੀ ਨੂੰ ਕਿਹਾ–

ਵੀਰ ਜੀ ! ਛੇਤੀ ਤਿਆਰੀ ਕਰੋ ? ਚਲੀਏ ਜਗਤ ਮਾਤਾ ਜੀ ਦੇ ਅਸਥਾਨ ਦੇ ਦਰਸ਼ਨ ਕਰੀਏ, ਨਾਲੇ ਜੋ ਤੁਸੀਂ ਦੱਸ ਰਹੇ ਹੋ ਕਿ ਉਥੇ ਬਾਬਾ ਮਿੱਤ ਸਿੰਘ ਜੀ ਬ੍ਰਹਮ ਗਿਆਨੀ ਸਾਧੂ ਸੇਵਾ ਕਰਦੇ ਹਨ, ਉਹਨਾਂ ਦੇ ਦਰਸ਼ਨ ਕਰੀਏ।

ਝੱਟ ਤਿਆਰੀ ਕਰ ਕੇ ਪੁਜਾਰੀ ਹਰਨਾਮ ਸਿੰਘ ਜੀ ਉਹਨਾਂ ਦੇ ਭੈਣ ਜੀ, ਮਾਤਾ ਜੀ ਦੇ ਅਸਥਾਨ ਤੇ ਪਹੁੰਚ ਕੇ ਦਰਸ਼ਨ ਕੀਤੇ। ਬਾਬਾ ਜੀ ਜੋ ਮਰਯਾਦਾ ਪਰਸ਼ੋਤਮ ਸਨ, ਸੱਚਖੰਡ ਦੇ ਸਾਰੇ ਪੁਜਾਰੀਆ ਤੇ ਸੇਵਾਦਾਰਾਂ ਦਾ ਪੂਰਨ ਸਤਿਕਾਰ, ਅਦਬ ਕਰਦੇ ਹੁੰਦੇ ਸਨ। ਆਪ ਨੇ ਸੱਚਖੰਡ ਸਾਹਿਬ ਦੇ ਪੁਜਾਰੀ ਹਰਨਾਮ ਸਿੰਘ ਜੀ ਅਤੇ ਉਹਨਾਂ ਦੇ ਭੈਣ ਜੀ ਦਾ ਪੂਰਨ ਸਨਮਾਨ ਤੇ ਸਤਿਕਾਰ ਕੀਤਾ ਤੇ ਕਿਹਾ–ਪੁਜਾਰੀ ਜੀ ! ਧੰਨ ਭਾਗ ! ਜੋ ਤੁਸਾਂ ਨੇ ਦਰਸ਼ਨ ਦਿਤੇ ਹਨ। ਸ੍ਰੀ ਹਜ਼ੂਰ ਦੇ ਦਰਸ਼ਨ ਦੀਦਾਰ ਕਰਵਾ ਦਿਤੇ ਹਨ। ਹੁਕਮ ਕਰੋ ਕਿਵੇਂ ਆਉਣਾ ਹੋਇਆ ? ਬੜੀ ਇਸ ਕੀਟ ਤੇ ਮਿਹਰ ਕੀਤੀ ਜੇ। ਆਪ ਆਏ ਹੋ, ਚਲੋ ਪਹਿਲਾਂ ਜਲ ਪਾਣੀ ਛਕੋ, ਲੰਗਰ ਤਿਆਰ ਹੈ, ਛੱਕ ਲਵੋ। ਫਿਰ ਜੋ ਆਪ ਦਾ ਹੁਕਮ ਹੋਵੇਗਾ।

ਪੁਜਾਰੀ ਹਰਨਾਮ ਸਿੰਘ ਜੀ– ਬਾਬਾ ਜੀ, ਅਸੀਂ ਤਾਂ ਦਰਸ਼ਨ ਕਰਨ ਆਏ ਹਾਂ ਹੁਕਮ ਤਾਂ ਸਤਿਗੁਰੂ ਜੀ ਦਾ ਹੈ,ਜਾਂ ਆਪ ਜੀ ਦਾ ਹੀ ਹੋ ਸਕਦਾ ਹੈ। ਮੰਗਤੇ ਤਾਂ ਮੰਗ ਮੰਗਣ ਆਇਆ ਕਰਦੇ ਹਨ।ਹੁਕਮ ਨਹੀਂ, ਹਾਂ ਅਰਜ਼ ਹੈ, ਤੇ ਸਾਨੂੰ ਪੂਰਨ ਆਸ ਹੈ ਕਿ ਆਪ ਸਾਡੀ ਬੇਨਤੀ ਜ਼ਰੂਰ ਪ੍ਰਵਾਨ ਕਰੋਗੇ, ਅਤੇ ਸਾਨੂੰ ਨਿਰਾਸੇ ਨਹੀਂ ਮੋੜੋਗੇ।

ਬਾਬਾ ਜੀ– ਪੁਜਾਰੀ ਸਿੰਘ ਜੀ, ਤੁਸੀਂ ਤਾਂ ਹਜ਼ੂਰ ਦੇ ਟਹਿਲੀਏ ਹੋ, ਮੰਗਤੇ ਕਿਉਂ ਹੋ। ਹਜ਼ੂਰ ਦੇ ਤਖ਼ਤ ਦੀ ਸੇਵਾ ਤਾਂ ਵੱਡੇ ਭਾਗਾਂ ਵਾਲੇ ਨੂੰ ਮਿਲਦੀ ਹੈ, ਜਿਸ ਤੇ ਆਪ ਪਰਸੰਨ ਹੋਵਣ। ਅਸੀਂ ਤਾਂ ਆਪ ਮੰਗਤੇ ਹਾਂ, ਅਸੀਂ 'ਮਾਲਕ' ਦੇ ਪੁਜਾਰੀ (ਵਜ਼ੀਰ) ਨੂੰ ਕੀ ਦੇ ਸਕਦੇ ਹਾਂ।

ਪੁਜਾਰੀ ਸਿੰਘ– ਬਾਬਾ ਜੀ,ਆਪ ਜੀ ਭੀ ਤਾਂ ਖਾਲਸੇ ਜੀ ਦੀ ਜਗਤ - ਮਾਤਾ ਜੀ ਦੇ ਅਸਥਾਨ ਦੇ ਸੇਵਾਦਾਰ ਹੋ। ਮਾਂ ਨੂੰ ਧੀਆਂ ਪੁਤਰਾਂ ਦਾ ਵਧੇਰੇ ਸਨਮਾਨ, ਸਤਿਕਾਰ ਤੇ ਹਮਦਰਦੀ ਹੁੰਦੀ ਹੈ। ਪਿਤਾ ਨਾਲੋਂ ਮਾਤਾ ਪਾਸੋਂ ਜੋ ਮੰਗੀਏ ਉਹ ਦੇਂਦੀ ਹੈ, ਨਾਂਹ ਨਹੀਂ ਕਰਦੀ।

ਐਹ ਮੇਰੇ ਭੈਣ ਜੀ ਹਨ। ਇਹਨਾਂ ਦੇ ਘਰ ਹੁਣ ਤੱਕ ਕੋਈ ਬੱਚੀ ਬੱਚਾ ਨਹੀਂ ਹੋਇਆ। ਇਹ ਬੜੇ

ਨਿਰਾਸ ਹਨ, ਸੰਸਾਰ ਨਾਲ ਇਹਨਾਂ ਦੀ ਸਾਂਝ ਜੋੜੋ, ਤਾਂ ਜੋ ਇਹ ਭੀ ਸੱਚਖੰਡ ਦੀ ਯਾਤ੍ਰਾ ਸਫਲੀ ਕਰ ਕੇ ਜਾਵਣ। ਇਥੋਂ ਸਭ ਦਾਤਾਂ ਮਿਲਦੀਆਂ ਹਨ।

ਬਾਬਾ ਜੀ– ਪੁਜਾਰੀ ਜੀ! ਇਹ ਤਾਂ ਕਾਰਜ ਤੁਸੀਂ ਵੀ ਕਰ ਸਕਦੇ ਸੀ। ਤੁਹਾਡੀ ਸਤਿਗੁਰਾਂ ਨੇ ਕੋਈ ਮੋੜਨੀ ਸੀ? ਸਗੋਂ ਪਾਵਨ ਤਖ਼ਤ ਤੇ ਅਰਦਾਸ ਕਰਦੇ। ਜਦ ਸਤਿਗੁਰੂ ਜੀ ਤਖ਼ਤ ਤੇ ਹਾਜ਼ਰ ਨਾਜ਼ਰ ਹਨ, ਤਾਂ ਕੀ ਤੁਸਾਂ ਇਹ ਮਨ ਵਿਚ ਭਰੋਸਾ ਕਿਉਂ ਨਹੀਂ ਕੀਤਾ। ਮੈਂ ਪਿਤਾ ਹਜ਼ੂਰ ਪਾਸੋਂ ਮੰਗ ਮੰਗਣ ਦੀ ਸਮਰੱਥਾ ਨਹੀਂ ਰਖਦਾ। ਮੇਰੇ ਵਿਚ ਸ਼ਕਤੀ ਨਹੀਂ ਜੋ ਵਾਹਿਗੁਰੂ ਜੀ ਦੇ ਹੁਕਮ ਦੀ ਹੁਕਮ ਅਦੂਲੀ ਕਰ ਸਕਾਂ।

ਪੁਜਾਰੀ ਸਿੰਘ– ਬਾਬਾ ਜੀ! ਹੁਕਮ ਇਸ ਅਸਥਾਨ ਤੇ ਆਪ ਜੀ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਹੀ ਹੋਇਆ ਹੈ। ਕਰੋ ਕ੍ਰਿਪਾ ਤੇ ਦਾਸ ਦੀ ਮੰਗ ਪ੍ਰਵਾਨ ਕਰੋ।

ਬਾਬਾ ਜੀ– (ਪੁਜਾਰੀ ਸਿੰਘ ਜੀ ਦੀ ਮਹਾਨਤਾ ਨੂੰ ਪ੍ਰਮੁਖਤਾ ਦੇਂਦੇ ਹੋਏ ਨਾਂਹ ਨਾ ਕਰ ਸਕੇ) ਚੰਗਾ ਪੁਜਾਰੀ ਜੀ, ਆਪ ਹਜ਼ੂਰ ਦੇ ਹੈੱਡ ਪੁਜਾਰੀ ਹੋ, ਡਰ ਲਗਦਾ ਏ, ਕਿਧਰੇ ਸਾਡੇ ਗੁਨਾਹਾਂ ਦੀ ਮਾਫ਼ੀ ਨਾ ਕਰਾਵੋ, ਕਿਉਂਕਿ ਆਪ ਦਾ ਹੁਕਮ ਮੋੜਨਾ ਭੀ ਤਾਂ (ਵਜ਼ੀਰ ਦਾ) ਗੁਨਾਹ ਹੈ। ਤੁਸਾਂ ਨੂੰ ਭੀ ਯਤਨ ਕਰਨਾ ਹੋਵੇਗਾ। ਜਾਓ ਧੂਪ ਸਮੱਗਰੀ ਲਿਆਓ।

ਪੁਜਾਰੀ ਸਿੰਘ ਸਤਿਬਚਨ ਕਹਿ ਕੇ ਅਤੇ ਆਗਿਆ ਲੈ ਕੇ ਸੱਚਖੰਡ ਚਲੇ ਗਏ, ਤੇ ਦੂਸਰੇ ਦਿਨ ਧੂਪ ਸਮਗਰੀ ਕੂਟਣ ਵਾਲੀ ਲਿਆ ਹਾਜ਼ਰ ਕੀਤੀ–ਜਿਸ ਵਿਚ ੧੦੧ ਚੀਜ਼ਾਂ ਸਨ।

ਬਾਬਾ ਜੀ– ਲਓ ਫਿਰ ਇਹ ਸਮੱਗਰੀ ਦੋਵੇ ਭੈਣ ਭਰਾ ਕੁੱਟੋ ਤੇ ਛਾਣ ਲਓ।

ਸਤਿਬਚਨ ਕਹਿ ਕੇ ਦੋਨੋਂ ਭੈਣ ਭਰਾ (ਪੁਜਾਰੀ ਹਰਨਾਮ ਸਿੰਘ ਜੀ ਤੇ ਉਹਨਾਂ ਦੀ ਭੈਣ ਜੀ) ਇਹ ਧੂਪ ਸਮਗਰੀ [ਜਿਸ ਵਿਚ ਕੇਸਰ, ਕਸਤੂਰੀ, ਮੁਸ਼ਕੰਬਰ, ਚੰਦਨ ਅਤੇ ਹੋਰ ਸੁਗੰਧੀ (ਖ਼ੁਸ਼ਬੂ) ਵਾਲੀਆਂ ਚੀਜ਼ਾਂ ਸਨ) ਕੁੱਟ ਰਹੇ ਸਨ। ਤਾਂ ਕੁਟਦਿਆਂ ਹੀ ਐਨੀ ਸੁਗੰਧੀ (ਖੁਸ਼ਬੂ) ਆਉਣ ਲੱਗ ਪਈ ਕਿ ਦੂਰ ਦੂਰ ਤੱਕ ਇਹ ਮਹਿਕ ਫੈਲ ਗਈ।

ਬਾਬਾ ਜੀ ਵਿਦਿਆਰਥੀਆਂ ਨੂੰ ਸੰਥਾ ਕਰਵਾ ਕੇ ਪਸ਼ੂਆਂ ਦੇ ਵਾੜੇ ਚੋਂ ਚੱਕਰ ਲਾ ਕੇ ਜਦ ਘੁੰਮਦੇ ਘੁੰਮਾਂਦੇ ਜਿਥੇ ਦੋਵੇਂ ਭੈਣ ਭਰਾ ਧੂਪ ਸਮਗਰੀ ਕੁੱਟ ਰਹੇ ਸਨ, ਮੁਸਕਰਾਉਂਦੇ ਹੋਏ ਆ ਖਲੋਤੇ ਅਤੇ ਬਚਨ ਕੀਤਾ– ਪੁਜਾਰੀ ਸਿੰਘ ਜੀ! ਵਾਹ! ਵਾਹ! ਕਿੰਨੀ ਉੱਤਮ ਸੁਗੰਧੀ ਆ ਰਹੀ ਏ। ਦੇਵ ਮੰਡਲ ਭੀ ਪ੍ਰਸੰਨ ਹੋ ਰਿਹਾ ਹੈ। ਜਗਤ ਮਾਤਾ ਜੀ ਨੇ ਤਾਂ ਖ਼ੁਸ਼ ਹੋਣਾ ਹੀ ਹੈ, ਅਜਿਹੀ ਸੁਗੰਧੀ ਤਾਂ ਦੇਵ ਮੰਡਲ ਵਿਚ ਭੀ ਨਹੀਂ? ਸਗੋਂ ਸੱਚਖੰਡ ਹਜ਼ੂਰ ਦੀ ਹਾਜ਼ਰੀ ਵਿਚ ਅਜੇਹੀ ਸੁਗੰਧੀ ਹਮੇਸ਼ਾ ਆਉਂਦੀ ਰਹਿੰਦੀ ਏ।

ਪੁਜਾਰੀ ਹਰਨਾਮ ਸਿੰਘ ਬਾਬਾ ਜੀ ਦੇ ਅਜਿਹੇ ਬਚਨਾਂ ਨੂੰ ਸ਼ੀਘਰ ਹੀ ਅਨੁਭਵ ਕਰ ਗਏ। ਚੇਹਰੇ ਦੀ ਮੁਸਕਰਾਹਟ ਤੇ ਰੰਗਤ ਨੇ ਪੂਰਨ ਯਕੀਨ ਦਿਵਾ ਦਿਤਾ ਕਿ ਬਾਬਾ ਦੀ ਨੇ 'ਭੁਯੰਗੀ ਦੀ ਦਾਤ' ਦੀ ਬਖਸ਼ਸ਼ ਦਾ ਬਚਨ ਕਰ ਦਿਤਾ ਹੈ। ਸਤਿਗੁਰੂ ਜੀ ਜ਼ਰੂਰ 'ਸਾਧ ਬਚਨ ਅਟਲਾਧਾ' ਸਾਧੂ ਦਾ ਨਾ ਟੱਲਣ ਵਾਲਾ ਬਚਨ ਪੂਰਾ ਕਰ ਦੇਣਗੇ।

ਧੂਪ ਕੁੱਟੀ ਗਈ ਤੇ ਪੁਜਾਰੀ ਜੀ ਅਤੇ ਉਹਨਾਂ ਦੇ ਭੈਣ ਜੀ ਖ਼ੁਸ਼ੀ ਖ਼ੁਸ਼ੀ ਵਾਪਸ ਸੱਚਖੰਡ ਆ ਗਏ। ਜਦ ਭੈਣ ਜੀ ਨੇ ਪੁੱਛਿਆ– ਵੀਰਿਆ ਕੀ ਸਮਝਿਆ ਈ?

ਪੁਜਾਰੀ ਸਿੰਘ ਜੀ– ਭੋਲੀਏ ਭੈਣੇ! ਸਾਧੂਆਂ ਦੀਆਂ ਰਮਜ਼ਾਂ ਹੀ ਹੁੰਦੀਆਂ ਹਨ। ਉਹ ਸਾਰੇ ਸੰਸਾਰੀਆਂ ਵਾਂਗ ਸਿੱਧਾ ਫੱਟ ਨਹੀਂ ਮਾਰਦੇ। ਬੱਸ ਸਾਧੂ ਦੀ ਰਮਜ਼ ਦਾ ਜੋ ਮਹਿਰਮ ਹੋ ਗਿਆ, ਉਹ ਪਾ ਗਿਆ। ਬਾਬੇ ਨਾਨਕ ਦੀ ਰਮਜ਼ ਦੇ ਇਕੋ ਮਹਿਰਮ (ਭਾਈ ਲਹਿਣਾ ਜੀ ਹੀ ਬਣੇ, ਜੋ ਹਰ ਬਚਨ ਨੂੰ ਸਤਿਬਚਨ ਕਹਿ ਕੇ ਸਵੀਕਾਰਦੇ ਰਹੇ ਤੇ ਗੁਰੂ ਨਾਨਕ ਰੂਪ ਹੀ ਹੋ ਗਏ।

ਸੋ ਭੈਣ ਜੀ। ਮਹਾਂ ਪੁਰਸ਼ਾਂ ਦੀਆਂ ਰਮਜ਼ਾਂ (ਇਸ਼ਾਰੇ) ਹੀ ਹੁੰਦੀਆਂ ਹਨ। ਪਰ ਇਸ ਦੇ ਸਮਝਣ ਦੀ ਆਮ ਜੀਵਾਂ ਵਿਚ ਸੁਰਤ, ਬੁੱਧ, ਵਿਚਾਰ ਨਹੀਂ ਹੁੰਦੀ, ਜਿਸ ਕਰ ਕੇ ਭਰਮ ਭੁਲੇਖਿਆਂ ਵਿਚ ਪੈ ਕੇ ਕਈ ਤਰਾਂ ਦੇ ਸ਼ੰਕੇ ਮਨ ਵਿਚ ਧਾਰ ਕੇ ਨਿਸ਼ਰਧਕ ਬਣ ਜਾਈਦਾ ਹੈ। ਪਰ ਨਿਰੰਕਾਰ ਦਾ ਭਾਣਾ, ਹੁਕਮ ਰਜ਼ਾ [ਰਮਜ਼, ਰਾਜ਼] ਨੂੰ ਕੋਈ ਵਿਰਲਾ ਜੋ ਗੁਰਮੁਖ ਵਿਚਾਰਾਂ ਵਾਲਾ, ਜਿਸਨੂੰ ਪ੍ਰਭੂ ਆਪ ਗੁਰਮੁਖ ਪਦਵੀ ਬਖਸ਼ਸ਼ ਕਰਨ, ਉਹ ਹੀ ਸਮਝ ਸਕਦਾ ਹੈ–

ਗੁਰਮੁਖ ਕੋਈ ਗਾਰੜੂ... ... ... ॥

[ਮ: ੩, ਪੰਨਾਂ ੫੧੦

ਜਿਵੇਂ ਸੱਪ ਦੇ ਮੰਤਰ ਨੂੰ ਜਾਨਣ ਵਾਲਾ ਹੀ ਸੱਪ ਦੀ ਜ਼ਹਿਰ ਉਤਾਰ ਸਕਦਾ ਹੈ। ਤਿਵੇਂ ਹੀ ਪ੍ਰਭੂ ਦੇ ਮੰਤ੍ਰ ਦੇ ਜੱਪਣ (ਅਰਾਧਨ) ਵਾਲਾ ਹੀ ਪ੍ਰਭੂ ਦੀ ਰਜ਼ਾ ਨੂੰ ਸਮਝ ਸਕਦਾ ਹੈ। ਅਸੀਂ ਜਗਿਆਸੂ ਕੀ ਜਾਣ ਸਕਦੇ ਹਾਂ, ਕਿ ਪ੍ਰਭੂ ਭਗਤ ਕਿਸ ਰਮਜ਼ ਵਿਚ ਵਰਦਾਨ ਦੇ ਬਚਨ ਕਰ ਦੇਂਦੇ ਹਨ। ਇਹ ਤਾਂ–

ਗੁਰਮੁਖ ਕੋਈ ਵਿਰਲਾ ਬੂਝੈ, ਜਿਸ ਨੋ ਨਦਰਿ ਕਰੇਇ॥ [ਮਲਾਰ ਮ: ੩–੧੨੫੮

ਜੀ ਹਾਂ– ਗੁਰਮੁਖਿ ਹੋਵੈ ਬੂਝੈ ਸੋਇ ॥੭॥ [ਆਸਾ ਮ: ੧–੪੧੩

ਗੁਰਮੁਖਿ ਹੋਵੈ ਸੁ ਕਰੇ ਵੀਚਾਰ ॥ ਗੁਰਮੁਖਿ ਨਾਨਕ ਪਾਵੈ ਪਾਰ ॥ ੧੪ ॥

[ਸਲੋਕ ਮ: ੫, ਪੰਨਾ ੧੪੨੨

ਸੋ ਜਦ ਪ੍ਰਾਣੀ 'ਗੁਰਮੁਖਿ' ਦੀ ਪਦਵੀ ਪ੍ਰਾਪਤ ਕਰਦਾ ਹੈ ਤਾਂ ਹੀ ਅਗੰਮੀ ਰਮਜ਼ਾਂ ਦੀ ਸਮਝ ਸਹਿਜੇ ਹੀ ਸੁਤੇ ਅੰਦਰ ਜਾਗਰਤ ਹੋ ਆਉਂਦੀ ਹੈ।

ਸੋ ਭੈਣ ਜੀ, ਆਪ ਇਸ ਆਸ਼ੇ ਵਿਚ ਹੋਵੋਗੇ ਕਿ ਮਹਾਂ ਪੁਰਸ਼ਾਂ ਨੇ ਸਿੱਧਾ ਬਚਨ ਨਹੀਂ ਕੀਤਾ। ਜਾਓ ਤੁਹਾਡੇ ਪੁੱਤਰ ਹੋ ਜਾਵੇਗਾ, ਪਰ ਤੁਸਾਂ ਅਨੁਭਵ ਨਹੀਂ ਕੀਤਾ ਕਿ ਕਿਸ ਜੁੱਗਤ ਨਾਲ ਵਰ ਦਿਤਾ ਹੈ। [ਧੂਪ ਕੁੱਟੋ] ਭਲਾ ਧੂਪ ਦਾ ਇਥੇ ਕੋਈ ਘਾਟਾ ਸੀ ਜਾਂ ਕਿ ਇਹ ਕੋਈ ਧੂਪ ਕੁਟਣੀ ਇਥੇ ਨਵੀਂ ਗੱਲ ਤਾਂ ਨਹੀਂ ਸੀ?

ਮਹਾਂ ਪੁਰਸ਼ਾਂ ਦੀ 'ਯੁਕਤ ਨਾਲ ਮੁਕਤ' ਦੀ ਖੇਡ ਨੂੰ ਕੌਣ ਜਾਣੇ। ਨਹੀਂ ਸਮਝੇ? ਜਦ ਕਿਹਾ ਸੀ ਬਾਬਾ ਜੀ ਨੇ! ਦੇਵ ਮੰਡਲ ਭੀ ਧੂਪ ਦੀ ਸੁਗੰਧੀ ਤੋਂ ਪ੍ਰਸੰਨ ਹੋ ਗਏ ਹਨ। ਮਾਤਾ ਜੀ ਤੇ ਸਤਿਗੁਰਾਂ ਨੂੰ ਭੀ ਇਸ ਸੁਗੰਧੀ ਨੇ ਪ੍ਰਸੰਨ ਕਰ ਦਿਤਾ ਹੈ। ਵੇਖੋ! ਚਾਰ ਚੁਫੇਰੇ ਸੁਗੰਧੀ ਹੀ ਸੁਗੰਧੀ ਫੈਲ ਗਈ ਹੈ। ਸਾਰੇ ਪਾਸੇ ਖੁਸ਼ੀਆਂ ਹੋ ਰਹੀਆਂ ਹਨ।

ਭੈਣ ਜੀ! ਨਹੀਂ ਸਮਝੇ? ਇਹ ਵਰਦਾਨ ਸੀ, ਜੋ ਰਮਜ਼ ਵਿਚ ਆਪਾ ਛੁਪਾ ਕੇ ਬਾਬਾ ਜੀ ਨੇ ਆਖ ਦਿਤਾ ਹੈ। ਹੁਣ ਆਪ ਦੇ ਭਰੋਸੇ ਤੇ ਯਕੀਨ ਨੂੰ ਭਾਗ ਲੱਗਣਾ ਹੈ। ਸਤਿਗੁਰੂ ਜੀ ਜ਼ਰੂਰ ਭੁਯੰਗੀ ਦੀ

ਦਾਤ ਦੀ ਬਖਸ਼ਸ਼ ਕਰਨਗੇ। 'ਸਾਧ ਬਚਨ ਅਟਲਾਧਾ' ਹੋਵੇਗਾ। ਖੁਸ਼ੀਆਂ ਨਾਲ ਭੈਣ ਭਰਾ ਨੇ ਸੱਚਖੰਡ ਦਰਬਾਰ ਨਮਸ਼ਕਾਰ ਕੀਤੀ।

ਪੁੱਤਰ ਦਾ ਜਨਮ

ਸਮਾਂ ਆਉਣ ਤੇ ਸਤਿਗੁਰਾਂ ਭੁਯੰਗੀ ਦੀ ਦਾਤ ਬਖਸ਼ੀ, ਜਿਸ ਤੇ ਸਾਰੇ ਰਿਸ਼ਤੇਦਾਰਾਂ ਵਿਚ ਅਥਾਹ ਖੁਸ਼ੀਆਂ ਮਨਾਈਆਂ ਗਈਆਂ। ਪੁਜਾਰੀ ਹਰਨਾਮ ਸਿੰਘ ਨੇ ਮਾਤਾ ਜੀ ਦੇ ਅਸਥਾਨ ਤੇ ਆ ਕੇ ਆਪਣੀ ਸ਼ਰਧਾ ਭੇਟਾ ਲਿਆਂਦੀ ਤੇ ਬੇਅੰਤ ਮਾਇਆ, ਬਸਤ੍ਰ ਆਦਿ ਭੇਟਾ ਕੀਤੇ। ਧੰਨ ਜਗਤ ਮਾਤਾ ਜੀ ਦਾ ਲੱਖ ੨ ਸ਼ੁਕਰ ਕੀਤਾ। ਬਾਬਾ ਜੀ ਦਾ ਸਨਮਾਨ ਪੁਜਾਰੀ ਜੀ ਦੇ ਮਨ ਵਿਚ ਹੋਰ ਘਰ ਕਰ ਗਿਆ।

ਪੁਜਾਰੀ ਸਿੰਘ ਜੀ ਦਾ ਸਾਰਾ ਪ੍ਰਵਾਰ ਪੇਕੇ, ਸੌਹਰੇ ਮਾਤਾ ਜੀ ਦੇ ਅਸਥਾਨ ਦੇ ਅਤੁੱਟ ਸ਼ਰਧਾਲੂ ਬਣ ਗਏ ਤੇ ਵੱਧ ਤੋਂ ਵਧ ਭੇਟਾਵਾਂ ਭੇਜ ਕੇ ਜਗਤ ਮਾਤਾ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਿਆ ਕਰਦੇ ਸਨ। ਇਉਂ ਬੀਬੀ ਜੀ ਦੇ ਮਨ ਵਿਚ ਸ਼ਰਧਾ ਆਈ ਕਿ ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਸੁੰਦਰ ਕਾਗਜ਼, ਸੁੰਦਰ ਛੱਪਾਈ ਵਾਲੀ ਮਾਤਾ ਜੀ ਦੇ ਅਸਥਾਨ ਤੇ ਭੇਜੀ ਜਾਵੇ। ਕਿਉਂਕਿ ਉਥੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ (ਸਰੂਪ) ਸਨ, ਉਹ ਹੱਥ ਲਿਖਤ ਬੀੜਾਂ ਸਨ। ਉਹਨਾਂ ਨੇ ਪੁੱਤਰ ਦੀ ਦਾਤ ਪ੍ਰਾਪਤ ਹੋਣ ਦੀ ਖੁਸ਼ੀ ਵਿਚ ਛਾਪੇ ਦੀ ਸੁੰਦਰ ਬੀੜ ਭੇਜਣ ਦਾ ਸੰਕਲਪ ਕਰ ਲਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬੀੜ ਪੰਜਾਬੋਂ ਭੇਜਣੀ

ਪੁਜਾਰੀ ਹਰਨਾਮ ਸਿੰਘ ਦੀ ਭੈਣ ਨੇ ਇਕ ਵੱਡੇ ਅਕਾਰ 'ਚ ਛਾਪੇ ਦੀ ਸੁੰਦਰ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ, ਪੰਜਾਬ ਤੋਂ ਗੱਡੀ ਰਾਹੀਂ ਪਾਰਸਲ ਕਰਵਾ ਕੇ ਨਾਂਦੇੜ ਸਟੇਸ਼ਨ ਤੇ ਬੁੱਕ ਕਰਵਾ ਕੇ ਬਿਲਟੀ ਮਾਤਾ ਜੀ ਦੇ ਅਸਥਾਨ ਤੇ ਭੇਜ ਦਿਤੀ।

ਜਦ ਬਿਲਟੀ ਮਾਤਾ ਜੀ ਦੇ ਅਸਥਾਨ ਤੇ ਪੁੱਜੀ, ਤਾਂ ਸਿੰਘਾਂ ਨੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਨਾਂਦੇੜ ਸਟੇਸ਼ਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬੀੜ ਦੀ ਬਿਲਟੀ ਆਈ ਹੈ, ਆਪ ਪੰਜ ਸੱਤ ਸਿੰਘਾਂ ਨੂੰ ਆਗਿਆ ਕਰੋ, ਜੋ ਅਦਬ ਨਾਲ ਗੁਰੂ ਮਹਾਰਾਜ ਜੀ ਦਾ ਸਵਾਰਾ ਲੈ ਆਵਣ।

ਬਾਬਾ ਜੀ– (ਬੜੇ ਅਸਚਰਜ ਅੰਦਾਜ਼ ਨਾਲ) ਹੱਛਾ ! ਸਤਿਗੁਰੂ 'ਸ਼ਬਦਾਵਤਾਰ' ਪੰਜਾਬੋਂ ਨਾਂਦੇੜ ਸਟੇਸ਼ਨ ਤੱਕ ਇਕੱਲੇ ਹੀ ਆ ਗਏ ਹਨ ? ਰਸਤੇ ਵਿਚ ਉਹਨਾਂ [ਸ੍ਰੀ ਗੁਰੂ ਗਰੰਥ ਸਾਹਿਬ ਜੀ] ਕਿਸੇ ਨੇ ਬੇਅਬਦੀ ਨਹੀਂ ਕੀਤੀ ਹੋਵੇਗੀ। ਕੀ ਉਹਨਾਂ ਨੂੰ ਪੰਜਾਬ ਤੋਂ ਪੰਜ ਸੱਤ ਸਿੰਘਾਂ ਦੇ ਲਿਆਉਣ ਦੀ ਕੋਈ ਲੋੜ ਨਹੀਂ ਸੀ ? ਸਮਰੱਥ ਸਤਿਗੁਰੂ ਜੇ ਹਜ਼ਾਰਾਂ ਮੀਲ ਇਕੱਲੇ ਸਫ਼ਰ ਕਰ ਆਏ ਹਨ ਤਾਂ ਕੀ ਆਹ ਅੱਠ ਮੀਲ ਬਹੁਤਾ ਖਤਰਾ ਹੋ ਗਿਆ ਹੈ ? ਸਿਵਾਏ ਪੰਜ ਸੱਤ ਸਿੰਘਾਂ ਦੇ ਹੁਣ ਇਕੱਲੇ ਨਹੀਂ ਆ ਸਕਦੇ ?

ਇਹ ਇਕ ਭਾਵਕ ਪ੍ਰਸ਼ਨ ਸੀ ? ਜਿਸ ਨਾਲ ਸਿੰਘਾਂ ਵਿਚ ਹੈਰਾਨੀ ਜਿਹੀ ਛਾ ਗਈ ਅਤੇ ਸਾਰੇ ਸਿੰਘ ਅਸਚਰਜ ਜਿਹੇ ਚੁੱਪ ਖੜੇ ਸੋਚੀਂ ਪੈ ਗਏ। ਭਲਾ ਬਾਬਾ ਜੀ ਦੀ ਰਮਜ਼ ਨੂੰ ਕੌਣ ਜਾਣੇ। ਕੁਝ ਕੁ

ਹਮਾਤੜ, ਸ਼ਰ੍ਹਾ ਦੇ ਜਨੂੰਨੀ, ਅੰਦਰੇ ਅੰਦਰ ਵਿਸ ਘੋਲੀ ਜਾ ਰਹੇ ਸਨ ਕਿ ਬਾਬਾ ਜੀ ਨੇ ਇਹ ਕੀ ਬਚਨ ਕੀਤਾ ਹੈ। ਭਲਾ ਉਹ ਮਨੁੱਖੀ ਜਾਮੇ ਵਿਚ ਹਨ ? ਜੋ ਆਪੇ ਚਲ ਆਂਵਦੇ। 'ਸ਼ਬਦਾਵਤਾਰ' ਸਤਿਗੁਰੂ ਜੀ ਨੂੰ ਤਾਂ ਪਾਲਕੀ ਵਿਚ ਪੰਜ - ਸੱਤ ਸਿੰਘ ਹੀ ਲਿਆ ਸਕਦੇ ਹਨ। ਨਾਲੇ ਪਿਛੋਂ ਤਾਂ ਬਿਲਟੀ (ਬੰਦ) ਕਰ ਕੇ ਭੇਜੇ ਹਨ !

ਪਰ ਇਸ ਰਾਜ਼ ਨੂੰ ਬਾਬਾ ਜੀ ਦੀ ਅੰਤਸ਼ਹ ਕਰਣ ਦੀ ਭਾਵਨੀ ਤੇ ਗੂੜ੍ਹਤਾ ਨੂੰ ਸਿੰਘ ਕੀ ਜਾਣਦੇ ਸਨ। ਉਨ੍ਹਾਂ ਦਾ ਗੁਰਮਤਿ ਗੁਰ - ਮਰਯਾਦਾ ਦੇ ਨਿਯਮਾਂ ਅਨੁਸਾਰ ਗੁਰੂ ਜੀ ਦੇ ਸਤਿਕਾਰ ਵੱਲ ਇਸ਼ਾਰਾ ਸੀ, ਜੋ ਸ੍ਰੀ ਗੁਰੂ ਗਰੰਥ ਸਾਹਿਬ ਜੀ ਮਹਾਰਾਜ ਦੀ ਬੀੜ ਬਿਲਟੀ ਕਰ ਕੇ ਨਹੀਂ ਸੀ ਭੇਜਣੀ ਚਾਹੀਦੀ। (ਜਿਵੇਂ ਪੰਚਮ ਪਾਤਸ਼ਾਹ ਜੀ ਨੇ ਬੀੜ ਦਾ ਸਰੂਪ ਦੇਣ ਲਈ ਜਦ ਬਾਬਾ ਮੋਹਨ ਜੀ ਤੋਂ ਗੋਇੰਦਵਾਲ ਸਾਹਿਬ ਤੋਂ ਗੁਰਬਾਣੀ ਦੀਆਂ ਪੋਥੀਆਂ ਦੇ ਸਰੂਪ ਕਿਵੇਂ, ਅਦਬ ਨਾਲ ਪਾਲਕੀ ਵਿਚ ਸੁਸ਼ੋਭਤ ਕਰ ਕੇ, ਨੰਗੀ ਪੈਰੀਂ, ਆਪ ਚੌਰ ਕਰਦੇ, ਅੱਗੇ ਸ਼ਬਦ ਕੀਰਤਨ ਕਰਦੇ ਹੋਏ ਅੰਮ੍ਰਿਤਸਰ ਲੈ ਕੇ ਆਏ ਸਨ। ਇਹ ਸਾਡੇ ਲਈ ਇਕ ਵੱਡੀ ਉਦਾਹਰਨਾ ਸੀ। ਜਿਸ ਨੂੰ ਧਾਰਨ ਕਰਦਿਆਂ, ਜੋ ਇਹ ਪੋਥੀਆਂ ਦਾ ਉਸ ਸਮੇਂ ਦਾ ਸਤਿਕਾਰ ਹੈ ਜਦ ਉਹਨਾਂ ਨੂੰ ਗੁਰੂ ਪਦ ਦੀ ਉਪਾਧਜਖਸੱਤਾ ਅਜੇ ਪ੍ਰਦਾਨ ਨਹੀਂ ਸੀ ਹੋਈ। ਜਦ ਸਤਿਗੁਰੂ ਸਰੂਪ 'ਸ਼ਬਦਾਵਤਾਰ' ਗੁਰੂ ਪਦ ਦੀ ਪਦਵੀ ਮਿਲ ਚੁੱਕੀ ਹੈ, ਤਾਂ ਪੇਟੀਆਂ ਵਿਚ ਬੰਦ ਕਰ ਕੇ ਬਿਲਟੀ ਭੇਜਣਾ, ਘੋਰ ਪਾਪ ਤੇ ਸਖਤ ਬੇਅਦਬੀ ਤੇ ਮਹਾਨ ਪਾਪ ਹੈ। (ਸਰਬ ਵਿਆਪੀ ਸਤਿਗੁਰੂ ਜੀ ਨੂੰ ਪੇਟੀ ਵਿਚ ਬੰਦ ਕਰਨਾ ਇਹ ਕਿਵੇਂ ਯੋਗ ਹੋ ਸਕਦਾ ਹੈ।) ਜਦ ਅਸੀਂ ਇਸ ਬਾਣੀ ਨੂੰ ਦਸਾਂ ਗੁਰਾਂ ਦੀ ਦੇਹ ਕਰ ਕੇ ਮੰਨਦੇ ਹਾਂ, ਫਿਰ ਉਸ ਦੇਹ ਸਰੂਪ ਨੂੰ ਪੇਟੀ ਵਿਚ ਬੰਦ ਕਰ ਕੇ ਭੇਜਣ ਦੇ ਕੀ ਅਰਥ ਹੋਏ ? ਇਸ਼ਟ ਸਤਿਗੁਰੂ ਹੈ, ਜਾਂ ਕੋਈ ਪੋਥੀ ? ਜਿਵੇਂ ਚਾਹਿਆ ਕਰ ਲਿਆ, ਇਹ ਮਨਮਤਿ ਹੈ।

ਬਾਬਾ ਜੀ– (ਸਿੰਘਾਂ ਨੂੰ ਚੁੱਪ ਤੇ ਨਿੰਮੋਝੂਣੇ ਜਿਹੇ ਖੜੇ ਵੇਖ ਕੇ ਅਤੇ ਉਹਨਾਂ ਅੰਦਰ ਜੋ ਸ਼ੰਕਿਆਂ ਦਾ ਤਾਣਾ ਬਾਣਾ ਬੁਣਿਆ ਜਾ ਰਿਹਾ ਸੀ) ਨੂੰ ਜਾਣ ਕੇ ਕਹਿਣ ਲੱਗੇ, ਚੰਗਾ ! ਜਿਵੇਂ ਸਿੰਘਾਂ ਦਾ ਵੀਚਾਰ ਹੋਵੇ, ਜਾਓ ! ਪੰਜ ਸੱਤ ਸਿੰਘ ਚਲੇ ਜਾਵੋ। ਨੰਗੀ ਪੈਰੀਂ ਜਾਣਾ, ਜਲ ਜੋ ਅਗੇ ਛਿੜਕੋਗੇ ਉਸ ਲਈ ਗੜਵਾ ਲੈ ਜਾਵੋ। ਨਦੀ ਦੇ ਵਿਚੋਂ ਜਲ ਲੈ ਲਿਆ ਕਰਨਾ, ਤੇ ਨਦੀ ਦੇ ਕੰਢੇ ਕੰਢੇ ਆਉਣਾ। ਧੂਪ ਲੈ ਜਾਵੋ ਜੋ ਕਰਦੇ ਆਉਣਾ ਅਤੇ ਚੌਰ ਸਾਹਿਬ ਕਰਦੇ ਅਦਬ ਸਤਿਕਾਰ ਨਾਲ ਗੁਰਬਾਣੀ (ਸ਼ਬਦ-ਕੀਰਤਨ) ਕਰਦਿਆਂ ਆਉਣਾ।

ਬਾਬਾ ਜੀ ਦੇ ਦਿੱਬਜ-ਦ੍ਰਿਸ਼ਟੀ ਦੇ ਬਚਨ

ਬਾਬਾ ਜੀ–ਅਸੀਂ ਵੇਖ ਰਹੇ ਹਾਂ,ਕਿ ਤੁਹਾਡੇ ਮਨਾਂ ਵਿਚ ਅਨੇਕਾਂ ਉਤਰਾਅ ਚੜ੍ਹਾਅ ਆ ਰਹੇ ਹਨ,ਪਰ ਅਸੀਂ ਤੁਹਾਡਾ ਭਰਮ ਕੱਢਣਾ ਚਾਹੁੰਦੇ ਸਾਂ–

'ਸ਼ਬਦਾਵਤਾਰ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜਦ ਸੁੱਖ ਆਸਨ-ਅਸਥਾਪਨ ਹੁੰਦੇ ਹਨ ਤਾਂ ਸ਼ਬਦ 'ਜੋਤਿ' ਜੋਤ ਵਿਚ ਸੰਮਿਲਤ ਹੋ ਜਾਂਦੀ ਹੈ। ਭਾਵ ਸ਼ਬਦ, ਸ਼ਬਦ ਵਿਚ ਮਿਲ ਜਾਂਦਾ ਹੈ ਤਾਂ ਉਸ ਦਾ ਵੱਖਰਾ ਸਰੂਪ–ਜਿਵੇਂ ਸਾਗਰ ਦੀ ਬੂੰਦ, ਓਨਾ ਚਿਰ ਵੱਖ ਬੂੰਦ ਹੀ ਕਹਾਉਂਦੀ ਹੈ ਜਦ ਤਕ ਉਹ ਸਾਗਰ

ਵਿਚ ਨਹੀਂ ਮਿਲਦੀ । ਪਰ ਜਦੋਂ ਸਾਗਰ ਵਿਚ ਮਿਲ ਜਾਂਦੀ ਹੈ ਤਾਂ ਬੂੰਦ ਸਾਗਰ ਹੋ ਕੇ ਅਲੋਪ ਹੋ ਜਾਂਦੀ ਹੈ। ਇਉਂ ਹੀ ਅਕਾਲ ਪੁਰਖ ਦੀ ਦਰਗਾਹੋਂ ਆਏ ਸ਼ਬਦ [ਗੁਰਬਾਣੀ], ਬ੍ਰਹਮ ਬਾਣੀ, ਦਰਗਾਹੀ ਬਾਣੀ, ਨਿਰੰਕਾਰ ਦੀ ਬਾਣੀ, ਪੁਰਖ ਦੀ ਬਾਣੀ ਉਸ ਸ਼ਬਦ ਵਿਚ ਸਮਾ ਜਾਂਦੀ ਹੈ, ਜੋ ਹਰ ਵਕਤ ਪ੍ਰਕਾਸ਼ਮਾਨ ਹੈ, ਤਾਂ ਲਿਖਤ ਸ਼ਬਦ ਦੀ ਸ਼ਕਤਿ ਸੁਖ - ਆਸਨ (ਸੁਪਨ ਅਵੱਸਥਾ ਜਿਸ ਨੂੰ ਸੰਸਾਰਕ ਕਹਿੰਦੇ ਹਨ) ਭਾਵੇਂ ਇਹ ਸਦਾ ਜਾਗਰਤ ਅਵਸਥਾ ਦੇ ਸਰੂਪ ਹਨ। ਪਰ 'ਦੇਹ ਸਰੂਪ' ਜਾਗਰਤ ਤੇ ਸੁਪਨ ਅਵਸਥਾ ਵਿਚ ਪ੍ਰਕਾਸ਼ ਤੇ ਸੁਖ ਆਸਨ ਕਹੀਦੇ ਹਨ ।

ਉਸ ਜਾਗਰਤ ਸ਼ਬਦ 'ਓਅੰ' ਵਿਚ ਸਮੋ ਜਾਂਦੀ ਹੈ। ਇਸ ਲਈ ਬੇਅਦਬੀ ਜਾਂ ਅੱਦਬ ਨਾਲ ਪੰਜ ਜਾਂ ਸੱਤ ਸਿੰਘਾਂ ਦਾ ਹੋਣਾ ਜਾਂ ਨਾ ਹੋਣਾ ਇਕ ਸਮਾਨ ਹੈ। ਪਰ ਜਦੋਂ ਗੁਰਬਾਣੀ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ) ਪ੍ਰਕਾਸ਼ਮਾਨ ਹੋ ਕੇ ਪਲੰਘੇ ਤੇ ਬਿਰਾਜਮਾਨ ਹੁੰਦੇ ਹਨ ਤਾਂ ਜੋਤਿ (ਸ਼ਬਦ-ਪ੍ਰਭੂ ਸ਼ਬਦ ਚੋਂ) ਪ੍ਰਤੱਖ ਦ੍ਰਿਸ਼ਟਾਮਾਨ ਜੋਤਿ ਸਰੂਪ ਵਿਚ 'ਸ਼ਬਦ - ਸ਼ਕਤਿ' ਪ੍ਰਵੇਸ਼ ਕਰਦੀ ਹੈ। ਉਸ ਸਮੇਂ ਹੀ ਪੂਜਾ, ਅਦਬ, ਕੜਾਹ ਪ੍ਰਸ਼ਾਦਿ ਅਤੇ ਲੰਗਰ ਦਾ ਭੋਗ ਲੱਗਦਾ ਹੈ। ਸੁਖ ਆਸਨ ਸਰੂਪ'ਚ ਇਸੇ ਕਾਰਨ ਨਾ ਕੜਾਹ ਪ੍ਰਸ਼ਾਦਿ ਅਤੇ ਨਾ ਹੀ ਲੰਗਰ ਦਾ ਭੋਗ ਲਾਇਆ ਜਾਂਦਾ ਹੈ। ਪਰਕਾਸ਼ ਸਰੂਪ ਵਿਚ ਅਸੀਂ ਸਾਰੇ ਸੰਸਾਰਕ ਰਸਮੋਂ ਰਿਵਾਜ ਭੀ ਕਰਦੇ ਹਾਂ। ਵਿਆਹ ਹੋਵੇ ਜਾਂ ਮਿਰਤਕ, ਖੁਸ਼ੀ ਦਾ ਜਾਂ ਗਮੀ ਦਾ ਸਮਾਗਮ ਹੋਵੇ, ਸਾਰੇ ਨਿਯਮ ਮਰਯਾਦਾ ਪ੍ਰਕਾਸ਼ ਸਵਰੂਪ ਦੀ ਹੋਂਦ ਵਿਚ ਹੀ ਕੀਤੇ ਜਾਂਦੇ ਹਨ,ਬਿਰਾਜਮਾਨ ਅਵੱਸਥਾ ਵਿਚ ਨਹੀਂ।

ਬਾਬਾ ਜੀ ਦੇ ਇਹ ਅਨੁਭਵੀ ਤੇ ਅਮੋਲਕ ਬਚਨ ਸੁਣ ਕੇ ਸਿੰਘਾਂ ਦੇ ਮਨਾਂ ਵਿਚ ਜੋ ਰੇੜ ਘੇੜ ਚੱਲ ਰਹੇ ਸਨ, ਸਭ ਸ਼ੰਕੇ ਦੂਰ ਹੀ ਨਹੀਂ ਹੋਏ, ਸਗੋਂ ਇਕ ਮਹਾਨ ਗੁਰਮਤਿ ਦੀ ਸੂਝ ਮਿਲ ਗਈ। ਸਾਧੂ ਬਿਨਾਂ ਇਹ ਗੋਹਜ ਗੁੱਥੀ ਕੌਣ ਖੋਲ੍ਹੇ ? ਸਾਰੇ ਸਿੰਘ ਹੱਥ ਜੋੜ ਕੇ, ਸਿਰ ਨਿਵਾ ਕੇ, ਅਤੀ ਪ੍ਰਸੰਨਤਾ ਨਾਲ ਸਤਿਗੁਰੂ ਜੀ ਦਾ ਪਾਵਨ ਸਰੂਪ ਲਿਆਵਣ ਤੇ ਸੱਚਖੰਡ ਦੇ ਦੀਦਾਰ ਕਰਨ ਚਲੇ ਗਏ। ਤੇ ਜਿਵੇਂ ਬਾਬਾ ਜੀ ਨੇ ਫੁਰਮਾਇਆ, ਉਸੇ ਤਰਾਂ ਅਦਬ ਸਤਿਕਾਰ ਨਾਲ ਸਤਿਗੁਰੂ ਜੀ† ਦਾ ਪਾਵਨ ਸਰੂਪ ਮਾਤਾ ਜੀ ਦੇ ਅਸਥਾਨ ਤੇ ਲੈ ਕੇ ਆ ਰਹੇ ਸਨ ਤਾਂ ਬਾਬਾ ਮਿੱਤ ਸਿੰਘ ਜੀ, ਬਾਬਾ ਧਰਮ ਸਿੰਘ ਜੀ ਅਤੇ ਹੋਰ ਜੋ ਅਸਥਾਨ ਤੇ ਸਿੰਘ ਸਨ ਸਾਰੇ ਬੜੇ ਅਦਬ ਨਾਲ ਗੁ: ਹੀਰਾ ਘਾਟ ਤੱਕ ਅੱਗੋਂ ਹੋ ਮਿਲੇ। ਸਤਿਗੁਰਾਂ ਨੂੰ ਬੜੇ ਅਦਬ ਨਾਲ ਨਮਸ਼ਕਾਰ ਕੀਤੀ ਤੇ ਸਤਿਗੁਰਾਂ ਨਾਲ ਇਕ ਨਗਰ ਕੀਰਤਨ (ਜਲੂਸ) ਦਾ ਰੂਪ ਬਣ ਗਿਆ। ਹੀਰਾ ਘਾਟ ਗੁਰਦਵਾਰੇ ਤੋਂ ਕੁਝ ਸੰਗਤ ਭੀ ਨਾਲ ਰਲ ਗਈ।

ਮਾਤਾ ਜੀ ਦੇ ਅਸਥਾਨ ਤੇ ਪਹੁੰਚ ਕੇ ਅਦਬ ਨਾਲ ਸਤਿਗੁਰੂ ਜੀ ਦਾ ਪਾਵਨ ਸਰੂਪ ਰਖਕੇ ਕੜਾਹ ਪ੍ਰਸ਼ਾਦਿ ਦੀ ਦੇਗ ਤਿਆਰ ਕਰ ਕੇ ਸਤਿਗੁਰਾਂ ਦਾ ਪੰਜਾਬੋਂ ਮਾਤਾ ਜੀ ਦੇ ਪਹੁੰਚਣ ਤਕ, ਹੋਈ ਕੋਈ ਵੀ ਬੇਅਦਬੀ ਦੀ ਮਾਫੀ ਦੀ ਅਰਦਾਸ ਕਰ ਕੇ ਬਿਸਰਾਮ ਅਸਥਾਨ ਤੇ ਬਿਰਾਜਮਾਨ ਕਰਵਾਏ ਗਏ।

† ਸਤਿਗੁਰੂ ਸਰੂਪ ਜੀ ਦੀ ਜੋਤਿ, ਮਰਯਾਦਾ, ਲੰਗਰ ਦਾ ਭੋਗ, ਪ੍ਰਕਾਸ਼, ਸੁਖ - ਆਸਨ ਤੇ ਰੋਜ਼ਾਨਾ ਨਿੱਤਨੇਮ ਦੀ ਮਰਯਾਦਾ ਦਾ ਵਿਸਥਾਰ ਪਿਛੇ ਆ ਚੁਕਾ ਹੈ ਜੋ [ਸ਼ਹੀਦੀ ਪਹਿਰੇ ਵਿਚ ਸ੍ਰੀ ਪਾਉਂਟਾ ਸਾਹਿਬ (ਗੁ: ਸ਼ੇਰ ਗਾਹ, ਪਾ: ੧੦) ਤੇ ਦਾਸ ਦਾ ਅੱਖੀਂ ਡਿੱਠਾ ਤੇ ਲਿਖਿਆ] ਦਰਸਾਇਆ ਗਿਆ ਹੈ।(ਪਿਛੇ ਪੜ੍ਹੋ)

ਸੰਗਤਾਂ ਦੀ ਪੀੜਾਂ ਨੂੰ ਪਹਿਚਾਨਣਾ (ਲਾਂਗਰੀ ਬਲਵੰਤ ਸਿੰਘ)

ਭਾਵੇਂ ਹੁਣ ਕੋਈ ਦਿਨ ਖਾਲੀ ਨਹੀਂ ਸੀ ਜਾਂਦਾ, ਜਦ ਯਾਤ੍ਰੀ ਬੱਸਾਂ, ਟਰੱਕਾਂ ਜਾਂ ਪੈਦਲ ਵਹੀਰਾਂ ਘੱਤ ਕੇ ਜਗਤ ਮਾਤਾ ਜੀ ਦੇ ਅਸਥਾਨ ਦੇ ਦਰਸ਼ਨ ਕਰਨ ਨੂੰ ਨਾ ਆਉਂਦੀਆਂ। ਇਕ ਦਿਨ ਦੁਪਹਿਰ ਦੀ ਕੜਕਦੀ ਧੁੱਪ, ਧਰਤੀ ਚੋਂ ਭੱਠ ਵਾਂਗ ਅੱਗ ਦੇ ਸ਼ੋਅਲੇ ਨਿਕਲ ਰਹੇ ਸਨ। ਪਸ਼ੂ - ਪੰਛੀ ਭੀ ਘਬਰਾ ਰਹੇ ਸਨ। ਛਾਂਵੇਂ ਭੀ ਗਰਮੀ ਦੀ ਲਪਟ,ਲੂਹੀ ਜਾ ਰਹੀ ਸੀ। ਸੂਰਜ ਦੇ ਕ੍ਰੋਧਤ ਜੁਵਾਲਾ ਦੇ ਅੰਗਾਰਿਆਂ ਦੀ ਪ੍ਰਵਾਹ ਨਾ ਕਰਦੀਆਂ ਸੰਗਤਾਂ ਸਵੇਰੇ ਤੋਂ ਹੀ ਸੱਚਖੰਡ ਤੋਂ ਹੋਰ ਗੁਰ ਅਸਥਾਨਾਂ ਦੇ ਦਰਸ਼ਨ ਕਰਦੀਆਂ ਮਾਤਾ ਜੀ ਦੇ ਅਸਥਾਨ ਦੇ ਦਰਸ਼ਨਾਂ ਨੂੰ ਸਿਖਰ ਦੁਪਹਿਰੇ ਆ ਰਹੀਆਂ ਸਨ।

ਬਾਬਾ ਜੀ ਨੇ ਪਹਿਲਾਂ ਹੀ ਇਹ ਜਾਣ ਕੇ ਤੱਪੜ ਵਿਛਾ ਦਿਤੇ ਤੇ ਖੂਹੇ ਚੋਂ ਜਲ ਕੱਢ ਕੇ ਮਿੱਠਾ ਜਲ ਤਿਆਰ ਕਰ ਲਿਆ। ਭਾਵੇਂ ਸਖਤ ਗਰਮੀ ਕਾਰਨ ਸਿੰਘ ਬੁੰਗਿਆਂ ਵਿਚ ਆਰਾਮ ਕਰ ਰਹੇ ਸਨ, ਪਰ ਬਾਬਾ ਜੀ ਇਕੱਲੇ ਹੀ ਜਲ ਪਾਣੀ ਤਿਆਰ ਕਰ ਲਿਆ ਕਰਦੇ ਸਨ। ਆਪ ਆਉਂਦੀਆਂ ਸੰਗਤਾਂ ਦਾ ਸੁਆਗਤ ਕਰ ਕੇ ਜਲ ਪਾਣੀ ਛਕਾ ਹੀ ਰਹੇ ਸਨ, ਕਿ ਉਪਰੋਂ ਕੁਝ ਹੋਰ ਸਿੰਘ ਯਾਤਰੀ ਭੀ ਮਾਤਾ ਜੀ ਦੇ ਅਸਥਾਨ ਤੇ ਆ ਗਏ।

ਸਵੇਰ ਦਾ ਪਕਾਇਆ ਲੰਗਰ ਵਰਤ ਚੁਕਾ ਸੀ ਅਤੇ ਜੋ ਬੱਚਿਆ ਪਿਆ ਸੀ, ਉਹ ਏਨੀ ਸੰਗਤ ਲਈ ਕਾਫੀ ਨਹੀਂ ਸੀ। ਆਮ ਤੌਰ ਤੇ ਬਾਬਾ ਜੀ ਜਵਾਰੀ ਦੇ ਤਾਜ਼ੇ ਤਾਜ਼ੇ ਪ੍ਰਸ਼ਾਦੇ ਹੀ ਪੱਕਾ ਕੇ ਸੰਗਤਾਂ ਨੂੰ ਛਕਾਇਆ ਕਰਦੇ ਸਨ, ਕਿਉਂਕਿ ਉਧਰ ਦੀ ਜਵਾਰੀ ਦਾ ਰਸ [ਸਵਾਦ] ਤਾਜ਼ੀ ਰੋਟੀ ਵਿਚ ਬਹੁਤ ਸੁਆਦਿਸ਼ਟ ਹੁੰਦਾ ਹੈ।

ਬਾਬਾ ਜੀ ਨੇ ਵੇਖਿਆ ਜੋ ਅਜੇ ਤੱਕ ਭਾਈ ਬਲਵੰਤ ਸਿੰਘ ਜੀ ਜੋ ਲੰਗਰ ਦੀ ਸੇਵਾ ਕਰਦੇ ਸਨ, ਉਹਨਾਂ ਆ ਕੇ ਲੰਗਰ ਦੀ ਤਿਆਰੀ ਨਹੀਂ ਕੀਤੀ।

ਬਾਬਾ ਜੀ ਨੇ ਪੁਛਿਆ–ਲਾਂਗਰੀ ਸਿੰਘ ਕਿਥੇ ਹੈ ?

ਇਹ ਪਹਿਲਾ ਸਮਾਂ ਸੀ ਕਿ ਜਦ ਬਾਬਾ ਜੀ ਨੇ ਕਿਸੇ ਲਾਂਗਰੀ (ਸੇਵਾਦਾਰ) ਬਾਰੇ ਕਿਸੇ ਰੋਹ ਵਿਚ ਪੁਛਿਆ ਹੋਵੇ। ਆਮ ਤੌਰ ਤੇ ਤਾਂ ਬਾਬਾ ਜੀ ਕਿਸੇ ਭੀ ਸੇਵਾਦਾਰ ਨੂੰ ਬੁਲਾਏ ਬਿਨਾਂ, ਆਪ ਹੀ ਸੇਵਾ ਵਿਚ ਲੱਗ ਜਾਂਦੇ ਸਨ। ਪਰ ਨਾ ਜਾਣੇ ! ਬਾਬਾ ਜੀ ਅੱਜ ਇਤਨੇ ਜਲਾਲ ਤੇ ਰੋਹ ਵਿਚ ਕਿਉਂ ਲਾਂਗਰੀ ਸਿੰਘ ਦੀ ਪੁੱਛ ਕਰ ਰਹੇ ਸਨ ? ਕੌਣ ਜਾਣਦੈ ਕਿ ਸੰਗਤਾਂ ਦੀ ਕੜਕਦੀ ਦੁਪਹਿਰੇ, ਭੁੱਖ ਤ੍ਰੇਹ, ਨਾਲ ਵਿਲਕਦੇ ਆਉਂਦਿਆਂ ਦੀ ਪੀੜਾ ਨੂੰ। ਛੋਟੇ ਛੋਟੇ ਬੱਚੇ ਭੁੱਖ ਨਾਲ ਵਿਲਕਦੇ, ਭੁੱਖ ਦੇ ਕਾਰਨ ਰਸਤੇ ਦੀ ਥਕਾਵਟ, ਸੰਗਤਾਂ ਦੇ ਚੇਹਰੇ ਤੋਂ ਘਬਰਾਹਟ ਦੇ ਚਿੰਨ੍ਹ ਦਰਸਾ ਰਹੇ ਸਨ। ਪਰ ਇਹ ਪੀੜਾ ਕੌਣ ਜਾਣੇ ? ਹਾ ਹਾਂ–

ਕਉਣੁ ਜਾਣੈ ਪੀਰ ਪਰਾਈ ॥ [ਬਿਲਾਵਲ ਮ: ੧–੭੯੫

ਇਹ ਤਾਂ ਜਾਨਣਹਾਰ ਹੀ ਜਾਣੈ ਜਾਂ ਦਯਾਵਾਨ ਪਰਉਪਕਾਰੀ 'ਜਨ' ਹੀ ਜਾਣੇ।

ਇਕ ਸਿੰਘ– ਜੋ ਕੋਲ ਖੜੇ ਸਨ, ਨੇ ਕਿਹਾ ਬਾਬਾ ਜੀ ! ਉਹ ਤਾਂ ਗੜਵਾ ਲੈ ਕੇ ਜੰਗਲ - ਮੈਦਾਨ ਨੂੰ ਗਏ ਹੋਏ ਹਨ।

ਬਾਬਾ ਜੀ– ਭਲਾ ਸਿੰਘਾਂ ਦਾ ਆਹ ਵੇਲਾ ਜੰਗਲ - ਮੈਦਾਨ ਜਾਣ ਦਾ ਹੈ ?

ਅਜਿਹੇ ਭਾਵਕ ਪੂਰਕ ਬਚਨ ਬਾਬਾ ਜੀ ਦੇ ਸੁਣ ਕੇ ਸਿੰਘ ਹੈਰਾਨ ਹੋ ਰਹੇ ਸਨ। ਪਰ ਉਹ ਜੋ ਜਾਣਦੇ ਸਨ ਕਿ ਸੰਗਤਾਂ ਭੁੱਖ ਨਾਲ ਵਿਆਕੁਲ ਹੋ ਰਹੀਆਂ ਹਨ। ਸਾਡੇ ਜਲ - ਪਾਣੀ ਛਕਾਉਣ ਤੱਕ ਮੈਦਾ ਜੱਪਕੇ,ਲੋਹ ਹੇਠਾਂ ਚੰਡਾ ਕੀਤਾ ਹੁੰਦਾ, ਤਾਂ ਸੰਗਤਾਂ ਅੰਦਰ ਧੀਰਜਤਾ ਤੇ ਸ਼ਾਂਤੀ ਆ ਜਾਂਦੀ। ਬਾਬਾ ਜੀ ਨੇ ਕਿਉਂ ਉਤਾਵਲੇ ਹੋ ਕੇ ਇਹ ਕਿਹਾ। ਕਿਉਂਕਿ ਸੰਗਤਾਂ ਦੇ ਮਨ ਦਾ ਟਿਕਾਉ, ਹਮੇਸ਼ਾ ਪਰਚਾਰਕ, ਕੀਰਤਨੀਏ, ਪਾਠੀ, ਸੇਵਾਦਾਰ ਦੇ ਅਵੱਸ਼ਕ ਹੀ ਮਨ ਦੇ ਟਿਕਾਓ, ਸ਼ਾਂਤੀ ਦਾ ਪ੍ਰਭਾਵ ਪਵੇਗਾ। ਜੇ ਸੰਗਤ ਦੇ ਮਨ ਉਤਾਵਲੇ ਹੋਣਗੇ ਤਾਂ ਜ਼ਰੂਰੀ ਹੈ ਕਿ ਅਜਿਹਾ ਪ੍ਰਭਾਵ ਹਰ ਇਕ ਦੇ ਮਨ ਤੇ ਕਾਹਲੀ ਦਾ ਪਵੇਗਾ। ਪਰ ਇਥੇ ਮਸਲਾ ਸੰਗਤਾਂ ਦੇ ਅੰਦਰ ਲੰਗਰ ਛੱਕਣ ਦੀ ਇੱਛਾ, ਜਿਸ ਨੂੰ ਬਾਬਾ ਜੀ ਹੀ ਜਾਣ ਕੇ ਅਜਿਹਾ ਬਚਨ ਕਰ ਰਹੇ ਸਨ।

ਦੂਸਰਾ ਮਰਯਾਦਾ ਮੁਤਾਬਕ ਜੰਗਲ - ਮੈਦਾਨ ਜਾਣ ਤੋਂ ਬਾਅਦ ਇਸ਼ਨਾਨ ਕਰਨਾ ਜ਼ਰੂਰੀ ਸੀ, ਪਰ ਅਜਿਹੀ ਕਾਹਲ ਵਿਚ ਲਾਂਗਰੀ ਸਿੰਘ ਲਈ ਅਜਿਹਾ ਕਰਨਾ ਨਾ-ਮੁਮਕਿਨ ਹੋ ਜਾਂਦਾ, ਕਿਉਂਕਿ ਝੱਟ ਹੀ ਜਵਾਰੀ ਦਾ ਮੈਦਾ ਜਪ (ਗੁੰਨ) ਕੇ ਪ੍ਰਸ਼ਾਦੇ ਪਕਾਉਣੇ ਸ਼ੁਰੂ ਹੋ ਗਏ। ਬਾਬਾ ਜੀ ਪਲਟਾ ਕਰਨ ਲੱਗ ਪਏ ਤੇ ਭਾ: ਨਿਹਾਲ ਸਿੰਘ ਜੀ ਨਿਹੰਗ-ਸਿੰਘ (ਪਿੰਡ ਫਰੋਜ਼ਪੁਰ ਬੇਲਾ ਵਾਲੇ) ਲੋਹ ਹੇਠਾਂ ਚੰਡਾ ਕਰਨ ਲੱਗ ਪਏ। ਹੋਰ ਬਬੇਕੀ ਸਿੰਘ ਭੀ ਆ ਕੇ ਲੰਗਰ ਪਕਾਉਣ ਲੱਗ ਪਏ।

ਇਸ ਤਰ੍ਹਾਂ ਸ਼ੀਘਰ ਹੀ ਸੰਗਤਾਂ ਦੀਆਂ ਪੰਗਤਾਂ ਲੱਗ ਗਈਆਂ। ਬਾਬਾ ਜੀ ਜਵਾਰੀ ਦੇ ਪ੍ਰਸ਼ਾਦੇ ਵਰਤਾਉਣ ਲੱਗ ਪਏ। ਮਾਂਹ ਦਾ ਦਾਲਾ ਬਾਬਾ ਧਰਮ ਸਿੰਘ ਜੀ ਨੇ ਵਰਤਾਣਾ ਸ਼ੁਰੂ ਕਰ ਦਿਤਾ। ਹਰ ਪਦਾਰਥ ਸਵਾਦਿਸ਼ਟ ਲਗਦਾ ਹੈ, ਜਦ ਭੁੱਖ ਲੱਗੀ ਹੋਵੇ। ਫਿਰ ਮਹਾਂਪੁਰਸ਼ਾਂ ਦੇ ਹੱਥੋਂ ਪ੍ਰਸ਼ਾਦੇ ਛੱਕਣ ਦਾ ਜੋ ਅਨੰਦ ਸੰਗਤਾਂ ਨੇ ਮਾਣਿਆਂ, ਸੰਗਤਾਂ ! ਜਿਨ੍ਹਾਂ ਨੇ ਕਦੀ ਜੁਵਾਰੀ ਦੇ ਪ੍ਰਸ਼ਾਦੇ ਛੱਕੇ ਤਾਂ ਕੀਹ, ਵੇਖੇ ਭੀ ਨਹੀਂ ਸਨ। ਅਜ ਮੂੰਹੋਂ ਮੰਗ ਮੰਗ ਕੇ ਨਾ ਜਾਣੇ ਕਿਤਨੇ ਰਸ ਰੰਗ ਵਿਚ ਪ੍ਰਸ਼ਾਦੇ ਛੱਕੀ ਗਏ ਤੇ ਸੰਗਤਾਂ ਨੂੰ ਜੋ ਅਨੰਦ ਰਸ ਦੀ ਅੰਦਰੋਂ ਤ੍ਰਿਪਤੀ ਹੋ ਰਹੀ ਸੀ, ਦੀ ਧੀਮੀ ਆਵਾਜ਼ ਨਾਲ ਮਿੱਠੀ ਮਿੱਠੀ ਸੁਰ ਵਿਚ ਸਾਰੇ ਉਚਾਰਨ ਕਰ ਰਹੇ ਸਨ ਵਾਹਿਗੁਰੂ ! ਵਾਹਿਗੁਰੂ !! ਵਾਹਿਗੁਰੂ !!! ਧੰਨ ਹੈ ਮਾਤਾ ਜੀ ਦਾ ਪਾਵਨ ਅਸਥਾਨ ਤੇ ਧੰਨ ਹਨ ਸੇਵਾਦਾਰ, ਧੰਨ ਹਨ ਬਾਬਾ ਜੀ।

ਪ੍ਰਸ਼ਾਦਾ ਛੱਕ ਕੇ ਅਰਦਾਸ ਹੋਈ–ਹੇ ਜਗਤ ਮਾਤਾ ! ਆਪ ਜੀ ਦਾ ਅਸਥਾਨ ਹੋਰ ਚੜ੍ਹਦੀ ਕਲਾਂ ਵਿਚ ਹੋਵੇ। ਲੋਹ - ਲੰਗਰ ਚਲਦੇ ਰਹਿਣ, ਸੇਵਾਦਾਰਾਂ ਅਤੇ ਬਾਬਾ ਜੀ ਨੂੰ ਸੇਵਾ ਕਰਨ ਦਾ ਹੋਰ ਵਧੇਰੇ ਬਲ ਬਖਸ਼ੋ। ਅਰਦਾਸ ਕਰ ਕੇ ਫਤਹਿ ਬੁਲਾਈ। ਸਾਰੀਆਂ ਸੰਗਤਾਂ ਦੇ ਅੰਦਰ ਬਾਬਾ ਜੀ ਵਲੋਂ ਕੀਤੀ ਸੇਵਾ ਦੇ ਅਜਿਹੇ ਪ੍ਰਭਾਵ ਦੀ ਛਾਪ ਛਾਪੀ ਗਈ ਤੇ ਉਹ ਸਦਾ ਲਈ ਜਗਤ ਮਾਤਾ ਜੀ ਦੇ ਅਸਥਾਨ ਦਾ ਸਤਿਕਾਰ ਮਨਾਂ ਵਿਚ ਲੈ ਕੇ ਗਏ। ਧੰਨ ਜਗਤ ਮਾਤਾ ਸਾਹਿਬ ਕੌਰਾਂ ਜੀ, ਧੰਨ ਜਗਤ ਮਾਤਾ ਸਾਹਿਬ ਕੌਰਾਂ ਜੀ ਪੁਕਾਰਦੇ ਵਿਦਾ ਹੋਏ।

ਇਹ ਸੀ ਮਹਾਂਪੁਰਸਾਂ ਅੰਦਰ ਸੰਗਤ ਦੀ ਭੁੱਖ ਨੂੰ ਨਾ ਸਹਾਰਦੇ ਹੋਏ ਅਜਿਹੇ ਉਤਾਵਲੇ ਬਚਨ

ਰਹਿਣ ਦਾ ਅਸਲ ਮਨੋਰਥ ਹਮੇਸ਼ਾਂ ਸੰਗਤ ਦੀ ਸੇਵਾ ਕਰ ਦੇ ਬਾਬਾ ਜੀ ਉਹਨਾਂ ਤੋਂ ਹਰ ਤਰਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਸਨ।

ਬਾਬਾ ਜੀ ਨੇ ਸਿੰਘਾਂ ਵਿਚ ਸ਼ਸਤਰ ਵੰਡਣੇ (ਨਿਰਮੋਹਤਾ)

ਜਦ ਤੋਂ ਮਾਤਾ ਜੀ ਦੇ ਅਸਥਾਨ ਦੀ ਪ੍ਰਕਿਰਤੀ ਵੱਧਣ ਲੱਗੀ, ਕਈ ਨਿਹੰਗ - ਸਿੰਘ ਤੇ ਉਧਰ ਦੇ ਰਹਿਣ ਵਾਲੇ ਸਿਕਲੀਗਰ, ਬਾਬਾ ਜੀ ਨੂੰ ਪੁਰਾਣੀਆਂ ਤਲਵਾਰਾਂ ਤੇ ਹੋਰ ਕਈ ਪ੍ਰਕਾਰ ਦੇ ਸ਼ਸਤਰ ਭੇਟਾ ਦੇ ਜਾਇਆ ਕਰਦੇ ਸਨ। ਉਸ ਵਕਤ ਉਸ ਇਲਾਕੇ ਵਿਚ ਬੜੇ ਬੜੇ ਕੀਮਤੀ ਸ਼ਸਤਰ, ਬਹੁਤੇ ਸੱਸਤੇ ਮੁੱਲ ਵਿਚ ਮਿਲ ਜਾਂਦੇ ਸਨ। ਸੋਨੇ ਫੁਲੀ ਢਾਲਾਂ, ਇਸਪਾਤ ਦੀਆਂ ਸੋਨੇ ਦੀ ਮੁੱਠੀ ਵਾਲੀਆਂ ਤਲਵਾਰਾਂ ਆਦਿ, ਕਿਉਂਕਿ ਸਾਇੰਸ ਦੀ ਕਾਢ ਕਾਰਨ ਨਵੀਂ ਤਕਨੀਕ ਦੇ ਹਥਿਆਰ ਨਿਕਲਣ ਦੇ ਕਾਰਨ, ਪੁਰਾਣੇ ਫੌਜੀ ਹਥਿਆਰਾਂ ਦੀ ਕੀਮਤ ਸਿਫ਼ਰ ਬਰਾਬਰ ਹੋ ਗਈ ਸੀ ਤੇ ਉਹ ਕੇਵਲ ਗੁਰਧਾਮਾਂ ਜਾਂ ਨਿਹੰਗ ਸਿੰਘਾਂ ਦਾ ਹੀ ਸ਼ਿੰਗਾਰ ਬਣ ਕੇ ਰਹਿ ਗਏ ਸਨ। ਜਾਂ ਕੋਈ ਇਧਰ ਦੇ ਯੋਧੇ (ਮਰਹੱਟੇ) ਭੀ ਅਜਿਹੇ ਸ਼ਸਤਰ ਪਹਿਨ ਕੇ ਆਪਣੀ ਪਰੰਪਰਾ ਰੀਤੀ ਦਾ ਚਿੰਨ ਦਰਸਾਉਂਦੇ ਸਨ।

ਮਾਤਾ ਜੀ ਦੇ ਅਸਥਾਨ ਤੇ ਤੋਸ਼ੇਖਾਨੇ 'ਚ ਅਜਿਹੇ ਸ਼ਸਤ੍ਰ ਕਾਫੀ ਜਮਾਂ ਹੋ ਗਏ ਸਨ।ਉਨ੍ਹਾਂ ਸਾਰਿਆਂ ਦੀ ਸੰਭਾਲ ਲਈ ਨਾ ਤਾਂ ਕੋਈ ਅਜਿਹਾ ਅਸਥਾਨ ਹੀ ਸੀ, ਕਿ ਉਹ ਹਥਿਆਰ ਅਜਾਇਬ ਘਰ ਵਾਂਗ ਸਜਾਏ ਜਾਵਣ, ਸਗੋਂ ਉਹਨਾਂ ਦੀ ਸਾਂਭ ਸੰਭਾਲ ਭੀ ਯੋਗ ਢੰਗ ਨਾਲ ਨਹੀਂ ਸੀ ਹੋ ਰਹੀ।

ਸ਼ਸਤਰ ਤੇ ਸ਼ਾਸਤ੍ਰ ਦਾ ਪੁਜਾਰੀ [ਰਾਜਾ - ਜੋਗੀ] ਗੁਰਮੁਖ ਇਹ ਕਦ ਬਰਦਾਸ਼ਤ ਕਰ ਸਕਦਾ ਹੈ ਕਿ ਸ਼ਸਤ੍ਰ ਦੀ ਯੋਗ ਸੇਵਾ ਸੰਭਾਲ ਨਾ ਹੋਵੇ। ਕਿਉਂਕਿ ਸਤਿਗੁਰੂ ਜੀ ਦੇ ਫੁਰਮਾਨ ਅਨੁਸਾਰ–

ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰਿ ਤੀਰ ॥
ਸੈਫ ਸਰੋਹੀ ਸੈਹਥੀ ਯਹੀ ਹਮਾਰੈ ਪੀਰ ॥

'ਪੀਰ' ਉਚਤਮ ਨਮਸ਼ਕਾਰ ਯੋਗਜ ਹਨ–

ਜਿਤੈ ਸ਼ਸਤ੍ਰ ਨਾਮੰ ਨਮਸ਼ਕਾਰ ਤਾਮੰ ॥ [ਸ਼ਸਤ੍ਰ ਮਾਲਾ, ਦਸਮ ਗ੍ਰੰਥ, ਪਾ: ੧੦

ਤਾਂ ਤੇ ਸ਼ਸਤਰ, ਸ਼ਾਸਤਰ ਦਾ ਪੂਜਕ ਗੁਰਸਿਖ ਹਮੇਸ਼ਾਂ 'ਸਨਮਾਨ ਤੇ ਸਤਿਕਾਰ' 'ਰਾਜ - ਜੋਗ' ਇਸ਼ਟਾਂ ਦੀ ਪੂਜਾ ਕਰਦਾ ਹੀ ਸੰਤੁਸ਼ਟ ਹੁੰਦਾ ਹੈ।

ਤੋਸ਼ੇ ਖਾਨੇ ਵਿਚ ਬੇਅੰਤ ਸ਼ਸਤ੍ਰਾਂ ਦੀ ਸੇਵਾ ਪੂਜਾ ਕੀਤੀ ਜਾਣੀ ਅਸੰਭਵ ਸੀ, ਜਿਸ ਵਿਚਾਰ ਅਧੀਨ, ਬਾਬਾ ਜੀ ਨੇ ਸਾਰੇ ਸ਼ਸਤਰ ਸਿੰਘਾਂ ਵਿਚ ਵੰਡਣੇ ਯੋਗ ਸਮਝੇ ਤਾਂ ਜੋ ਸਿੰਘ ਸ਼ਸਤਰਾਂ ਦੀ ਸੇਵਾ-ਸੰਭਾਲ ਤੇ ਪੂਜਨ ਕਰਨਗੇ। ਨਾਲੇ ਜੋ ਬੇਹੰਗਮ ਸ਼ਸਤਰ ਖਰੀਦ ਕੇ ਪਹਿਨ ਨਹੀਂ ਸਕਦੇ, ਉਹਨਾਂ ਦੀ ਖੁਸ਼ੀ ਲਈ ਜਾਵੇ। ਨਾਲੇ ਇਹ ਭੀ ਇਕ ਮੋਹ ਦੀ ਕੜੀ (ਬੰਧਨ) ਹੈ, ਇਸ ਤੋਂ ਸੁਤੰਤਰ (ਆਜ਼ਾਦ) ਹੋਇਆ ਜਾਵੇ। ਬਾਬਾ ਜੀ ਸਿਵਾਏ ਲੰਗਰ ਦੀ ਰਸਦ ਬਸਤ ਤੋਂ ਬਿਨਾਂ ਹੋਰ ਆਈ ਵਸਤੂ ਤੁਰੰਤ ਹੀ ਸਿੰਘਾਂ ਵਿਚ ਵੰਡ ਦੇਂਦੇ ਸਨ।

ਬਾਬਾ ਜੀ ਨੇ ਸਿਕਲੀਗਰਾਂ ਨੂੰ ਬੁਲਵਾ ਕੇ ਤੋਸ਼ੇਖਾਨੇ ਵਿਚੋਂ ਸਾਰੇ ਸ਼ਸਤਰ ਕੱਢਵਾ ਕੇ ਸਾਫ ਕਰਵਾ

ਦਿਤੇ। ਬਾਹਰ ਹੀ ਵੱਖ ਵੱਖ ਕਿਸਮ ਦੇ ਸ਼ਸਤਰਾਂ ਦੇ ਢੇਰ ਲੁਵਾ ਦਿਤੇ, ਅਤੇ ਅਸਥਾਨ ਦੇ ਸਾਰੇ ਸਿੰਘਾਂ ਨੂੰ ਬੁਲਵਾ ਲਿਆ।

ਬਾਬਾ ਜੀ ਸਿੰਘਾਂ ਨੂੰ ਸੰਬੋਧਨ ਕਰ ਕੇ ਕਹਿਣ ਲਗੇ– ਸਿੰਘੋ! ਸ਼ਸਤ੍ਰ ਤਾਂ ਗਾਤਰੇ ਪਾਏ ਹੀ ਸੋਹਣੇ ਲੱਗਦੇ ਹਨ। ਇਹ ਤਾਂ ਜਮਾਂ ਕਰਨ ਲਈ ਨਹੀਂ ਹੁੰਦੇ। ਫਿਰ ਤੁਸਾਂ ਦੇ ਜਦ ਗਾਤਰੇ ਵਿਚ ਸ਼ਸਤਰ ਹੋਵਣਗੇ ਤਾਂ ਤੁਸੀਂ ਕਿਤਨੇ ਸੁੰਦਰ ਅਤੇ ਤਿਆਰ-ਬਰ-ਤਿਆਰ ਸਜੇ ਸਿੰਘ ਲਗੋਗੇ।

ਲੌ ਪਹਿਨੋ ਗਾਤਰੇ ਸ਼ਸਤਰ, ਜਿਸ ਜਿਸ ਸ਼ਸਤ੍ਰ ਦੀ ਸਿੰਘਾਂ ਅੰਦਰ ਰੁਚੀ ਹੋਈ–ਕੋਈ ਤਲਵਾਰ, ਕੋਈ ਢਾਲ,ਕੋਈ ਕਟਾਰ,ਕੋਈ ਪੱਟਸ, ਕੋਈ ਰਾਮ ਜੰਗਾ (ਤੋੜੇਦਾਰ ਬੰਦੂਕ) ਕੋਈ ਖੰਡਾ ਆਦਿ ਲੈ ਲਏ।

ਇਉਂ ਬਾਬਾ ਜੀ ਨੇ ਪਲਾਂ ਵਿਚ ਸਾਰੇ ਸਸ਼ਤਰ ਸਿੰਘਾਂ ਨੂੰ ਵੰਡ ਦਿਤੇ। ਆਪ ਨਿਰਮੋਹ ਹੋ ਕੇ ਬੜੇ ਖੇੜੇ ਖੁਸ਼ੀ ਵਿਚ ਸਿੰਘਾਂ ਦੀਆਂ ਖੁਸ਼ੀਆਂ ਪ੍ਰਾਪਤ ਕਰ ਲਈਆਂ।

ਸਿੱਖ ਸੰਗਤਾਂ ਵਲੋਂ ਸ਼ਰਧਾ ਭੇਟਾ ਹਾਜ਼ਰ ਕਰਨੀਆਂ ਤੇ ਬਾਬਾ ਜੀ ਨੇ ਪਲਾਂ ਵਿਚ ਵੰਡ ਦੇਣੀਆਂ

ਭਾਈ ਪਾਖਰ ਸਿੰਘ ਨਿਹੰਗ-ਸਿੰਘ[ਜਿਸ ਦੇ ਸੀਸ ਦੇ ਹੱਥ ਧਰੀ ਇਕ ਫ਼ੋਟੋ ਬਾਬਾ ਜੀ ਦੀ ਦਾਸ ਨੂੰ ਮਿਲੀ ਸੀ ਹੈ] ਇਹ ਡੇਰਾ ਬਸੀ (ਅੰਬਾਲਾ ਤੋਂ ਮੁਬਾਰਕਪੁਰ ਕਾਲਕਾ ਸੜਕ ਤੇ) ਗੁਰਦੁਆਰਾ ਸਾਹਿਬ ਦੀ ਸੇਵਾ ਕਰਦੇ ਹੁੰਦੇ ਸਨ। ਜਦੋਂ ਤੋਂ ਆਪ ਦੀ ਬਾਬਾ ਜੀ ਨਾਲ ਸੰਗਤ ਹੋਈ ਤਾਂ ਇਹ ਜੋ ਭੀ ਚੜ੍ਹਾਵਾ ਹੁੰਦਾ, ਉਸ ਦੇ ਬਸਤਰ, ਜੋੜੇ, ਤੇਲ ਸਰਸੋਂ ਸਿੰਘਾਂ ਲਈ ਬੋਰੇ ਭਰ ਕੇ ਤੇ ਤੇਲ ਦੇ ਪੀਪੇ ਸੱਚਖੰਡ ਜਗਤ ਮਾਤਾ ਜੀ ਦੇ ਅਸਥਾਨ ਤੇ ਲੈ ਜਾਇਆ ਕਰਦੇ ਸਨ। ਜਦ ਭੀ ਲੈ ਕੇ ਜਾਂਦੇ ਤਾਂ ਬਾਬਾ ਜੀ ਤੁਰੰਤ ਹੀ ਸਿੰਘਾਂ ਨੂੰ ਬੁਲਾ ਕੇ ਬਸਤਰ ਤੇ ਜੋੜੇ ਵੰਡ ਦੇਂਦੇ। ਇਸ ਤਰਾਂ ਹੋਰ ਸਿੰਘ ਅਤੇ ਸੰਗਤਾਂ ਪੰਜਾਬ ਤੋਂ ਬਿਹੰਗਮ ਸਿੰਘਾਂ ਦੇ ਬਸਤਰਾਂ ਲਈ ਖੱਦਰ ਇਕੱਠਾ ਕਰ ਕੇ ਲੈ ਕੇ ਜਾਂਦੇ, ਪਰ ਬਾਬਾ ਜੀ ਆਪਣੇ ਲਈ ਕੁੱਝ ਭੀ ਨਾ ਰੱਖਦੇ, ਸਭ ਕੁਝ ਤੁਰੰਤ ਸਿੰਘਾਂ ਵਿਚ ਵੰਡ ਦੇਂਦੇ।

ਸਫਾਂ (ਚਟਾਈਆਂ) ਵੰਡਣੀਆਂ

ਦਾਸ ਦੇ ਵੇਖਣ ਦੀ ਗੱਲ ਹੈ, ਕਿ ਇਕ ਵਾਰੀ ਇਕ ਪ੍ਰੇਮੀ ਬਹੁਤ ਸਾਰੀਆਂ ਸਫ਼ਾਂ (ਚਟਾਈਆਂ) ਸਿੰਘਾਂ ਦੇ ਹੇਠਾਂ ਵਿਛਾਈ ਲਈ ਪੰਜਾਬੋਂ ਲੈ ਕੇ ਆਇਆ। ਬਾਬਾ ਜੀ ਨੇ ਵੇਖਦਿਆਂ ਹੀ ਵੇਖਦਿਆਂ ਸਭ ਸਿੰਘਾਂ ਨੂੰ ਵੰਡ ਦਿਤੀਆਂ। ਖੇਤਾਂ ਵਿਚ ਕੰਮ ਕਰਦੇ ਸਿੰਘ ਜਿਉਂ ਜਿਉਂ ਆਏ, ਉਹ ਭੀ ਲੈ ਗਏ। ਇਕ ਸਫ (ਚਟਾਈ) ਰਹਿ ਗਈ, ਬਾਬਾ ਜੀ ਨੇ ਆਪਣੇ ਆਸਣ ਹੇਠ ਰੱਖ ਦਿਤੀ।

ਸ਼ਾਮ ਡੂੰਘੀ ਹੋਣ ਤੇ ਭਾਈ ਸੇਵਾ ਸਿੰਘ ਕਾਲੀਆ, ਜੋ ਖੇਤਾਂ ਵਿਚ ਹੀ ਕੰਮ ਕਰਦੇ ਸਨ, ਬੜੇ ਉਚੇ ਲੰਮੇ ਜਵਾਨ, ਰੰਗ ਕਾਲਾ ਹੋਣ ਕਰ ਕੇ ਸਾਰੇ ਉਸ ਨੂੰ 'ਕਾਲੀਆ' ਕਹਿੰਦੇ ਸਨ, ਜਿਥੇ ਉਹ ਸੇਵਾ ਵਿਚ ਤੁਰਤ ਫੁਰਤ ਸਨ, ਉਥੇ ਹਰ ਗੱਲੇ ਕਾਹਲੇ ਭੀ ਸਨ।

ਜਦ ਕਾਲੀਆ ਜੀ ਬਾਹਰੋਂ ਆਏ ਤਾਂ ਕਿਸੇ ਨੇ ਉਹਨਾਂ ਨੂੰ ਦਸ ਦਿਤਾ ਕਿ ਬਾਬਾ ਜੀ ਨੇ ਅੱਜ ਸਫਾਂ

ਵੰਡੀਆਂ ਹਨ। ਉਸ ਨੇ ਕਾਹਲੀ ਨਾਲ ਬਾਬਾ ਜੀ ਦੇ ਪਾਸ ਜਾ ਕੇ ਕਿਹਾ– ਬਾਬਾ ਜੀ ਮੈਂ ਪੱਛੜ ਗਿਆ ਹਾਂ, ਮੈਨੂੰ ਸਫ ਨਹੀਂ ਮਿਲੀ। ਕਿਉਂਕਿ ਬਾਹਰ ਖੇਤਾਂ ਵਿਚ ਦੇਰ ਹੋ ਗਈ ਹੈ। ਇਸ ਲਈ ਆਪ ਮੈਨੂੰ ਭੀ ਸਫ (ਚਟਾਈ) ਦਿਓ।

ਬਾਬਾ ਜੀ ਬੁੰਗੇ ਦੇ ਬਾਹਰ ਇਵੇਂ ਖੜੇ ਸਨ, ਜਿਵੇਂ ਕੋਈ ਕਿਸੇ ਦੀ ਉਡੀਕ ਵਿਚ ਖੜਾ ਹੋਵੇ। ਹਾਂ ਕਾਲੀਆ ਸਿੰਘ ਜੀ ਤੁਹਾਨੂੰ ਸੱਫ ਨਹੀਂ ਮਿਲੀ? ਬਾਬਾ ਜੀ ਨੇ ਉਸ ਨੂੰ ਪੁਛਿਆ। ਆਪ ਕਿਥੇ ਸੀ ਜਦ ਸਫਾ ਵੰਡੀਆਂ ਸਨ।

ਭਾਈ ਸੇਵਾ ਸਿੰਘ ਜੀ ਕਾਲੀਆ– ਹਾਂ ਬਾਬਾ ਜੀ, ਖੇਤਾਂ ਵਿਚ ਜੁਵਾਰੀ ਦੀਆਂ ਪੂਲੀਆਂ ਬੰਨਦਿਆਂ ਦੇਰ ਹੋ ਗਈ ਹੈ ਤੇ ਮੈਂ ਹੁਣੇ ਹੀ ਆਇਆ ਹਾਂ।

ਬਾਬਾ ਜੀ– ਭਾਈ ਸੇਵਾ ਸਿੰਘ ਜੀ, ਅਸੀਂ ਭੀ ਤੇਰੀ ਹੀ ਉਡੀਕ ਵਿਚ ਖੜੇ ਹਾਂ ਅਤੇ ਤੁਹਾਡਾ ਵਰਤਾਰਾ ਅਸਾਂ ਸਾਂਭ ਕੇ ਰੱਖਿਆ ਹੋਇਆ ਹੈ। ਆਹ ਲਓ ਸਫ਼, ਹੁਣ ਤਾਂ ਰਾਜ਼ੀ ਹੋ ਗਏ ਹੋ ਨਾ। ਜਾਓ! ਵਿਛਾ ਕੇ ਸੁੱਖ ਲਵੋ।

ਭਾਈ ਸੇਵਾ ਸਿੰਘ ਜੀ– ਬਾਬਾ ਜੀ, ਜੇ ਆਪ ਸਾਡਾ ਧਿਆਨ ਨਾ ਰੱਖੋ ਤਾਂ ਹੋਰ ਕੌਣ ਰਖੇ? ਬੜੀ ਕ੍ਰਿਪਾ ਕੀਤੀ ਜੇ।

ਇਉਂ ਬਾਬਾ ਜੀ ਨੇ ਆਪਣੇ ਵਿਛਾਉਣ ਲਈ ਇਕ ਸਫ ਭੀ ਨਾ ਰੱਖੀ ਅਤੇ ਆਪ ਉਸੇ ਤਰਾਂ ਹੀ ਪੱਥਰ ਦੇ ਗੀਟਿਆਂ ਦੇ ਵਿਛੌਣੇ ਤੇ ਹੀ ਬਿਸਰਾਮ ਕਰਦੇ ਰਹੇ।

ਬਸਤ੍ਰ ਅਤੇ ਜੋੜਿਆਂ ਦੀ ਸੇਵਾ ਦੀ ਵੰਡ

ਭਾਈ ਇੰਦਰ ਸਿੰਘ ਜੀ ਨਿਹੰਗ-ਸੰਘ, ਜੋ ਦਾਸ ਦੇ ਨਗਰ ਗੋਂਦਲਾਂਵਾਲੇ (ਗੁਜਰਾਂਵਾਲਾ ਹੁਣ ਪਾਕਿਸਤਾਨ) ਦੇ ਵਸਨੀਕ ਸਨ। ਜਥੇਦਾਰ ਕਲਾਧਾਰੀ ਬਾਬਾ ਸਾਹਿਬ ਸਿੰਘ ਜੀ ਬੁੱਢਾ ਦਲ ਦੇ ਅਕਾਲ ਚਲਾਣੇ ਉਪ੍ਰੰਤ ਜਥੇਦਾਰ ਸਾਹਿਬ ਦੇ ਵਿਛੋੜੇ ਦਾ ਦਾਸ ਦੇ ਮਨ ਤੇ ਬਹੁਤ ਡੂੰਘਾ ਅਸਰ ਹੋਇਆ। ਆਪ ਦਾਸ ਨੂੰ 'ਲਿਖਾਰੀ' ਜਾਣ ਕੇ ਬਹੁਤ ਪਿਆਰ ਕਰਦੇ ਸਨ। ਦਾਸ ਅਜੇ ਜਵਾਨ, ਅਨਜਾਣ ਉਮਰ ਹੀ ਸੀ ਕਿ ਉਹ ਦਾਸ ਨੂੰ ਪਿੰਡ ਮੱਤਾ [ਗੁਜਰਾਂ ਵਾਲਾ] ਜਿਥੇ ਉਹ ਗਰੰਥੀ ਦੀ ਸੇਵਾ ਕਰਦੇ ਸਨ, ਉਥੇ ਲੈ ਗਏ। ਕੀਰਤਨ ਤੇ ਮਰਯਾਦਾ ਨਾਲ ਅਖੰਡ ਪਾਠ ਕਰਨ ਨਾਲ ਇਲਾਕੇ ਵਿਚ ਚੰਗਾ ਪਰਚਾ ਬਣ ਗਿਆ। ਇਕ ਦਿਨ ਮਾਤਾ ਜੀ ਦੇ ਅਸਥਾਨ ਦੀ ਯਾਦ ਆ ਗਈ। ਮੈਂ ਉਨ੍ਹਾਂ ਨੂੰ ਕਿਹਾ ਕਿ ਬਾਬਾ ਜੀ ਦੇ ਦਰਸ਼ਨ ਕਰਨ ਸੱਚਖੰਡ ਚਲੀਏ ਨਾਲੇ ਮਾਈਆਂ ਪਾਸੋਂ ਖੱਦਰ ਇਕੱਠਾ ਕਰ ਲਵੀਏ।

(ਭਾਈ ਇੰਦਰ ਸਿੰਘ ਜੀ, ਭਾਈ ਪ੍ਰੀਤਮ ਸਿੰਘ, ਭਾਈ ਹਰਨਾਮ ਸਿੰਘ ਜੀ 'ਸ਼ਹੀਦ' ਭਾਈ ਗੁਪਾਲ ਸਿੰਘ ਜੀ 'ਵੱਡਾ ਭਾਈ' ਅਤੇ ਦਾਸ) ਅਸੀਂ ਸਾਰੇ ਇਕੱਤਰ ਹੋ ਕੇ ਤਿੰਨ ਚਾਰ ਬੋਰਿਆਂ ਵਿਚ (ਹਜ਼ਾਰ ਕੁ ਗਜ਼) ਖੱਦਰ ਇਕੱਠਾ ਕਰ ਲਿਆ। ਦੋ ਬੋਰੀਆਂ ਜੋੜੇ [ਜੁੱਤੀਆਂ] ਮਜ਼ਬੂਤ, ਮੋਚੀਆਂ ਪਾਸੋਂ ਤਿਆਰ ਕਰਵਾਏ ਅਤੇ ਇਕ ਬਹੁਤ ਹੀ ਮੁਲੈਮ ਕਢਾਈ ਕਰਾ ਕੇ ਬਾਬਾ ਜੀ ਵਾਸਤੇ ਹੌਲਾ ਫੁੱਲ ਜੋੜਾ ਰੀਝ ਨਾਲ

ਤਿਆਰ ਕਰਵਾਇਆ।

ਮੈਂ ਤੇ ਭਾਈ ਇੰਦਰ ਸਿੰਘ ਜੀ ਸੱਚਖੰਡ ਦਰਸ਼ਨਾਂ ਨੂੰ ਗਏ ਤਾਂ ਆਪਣੇ ਨਾਲ ਕਪੜਾ, ਜੋੜੇ, ਸਰੋਂ ਦਾ ਤੇਲ ਲੈ ਕੇ ਪੁੱਜੇ। ਸੱਚਖੰਡ ਦੀਦਾਰ ਕਰ ਕੇ ਅਰਦਾਸਾ ਕਰਵਾਇਆ ਸੱਚਖੰਡ ਤਖ਼ਤ ਹਾਜ਼ਰੀ ਦਾ। ਉਸ ਦਿਨ ਅਸੀਂ 'ਛਾਉਣੀ ਨਿਹੰਗ ਸਿੰਘਾਂ' ਦੀ ਵਿਚ ਬਿਸਰਾਮ ਕੀਤਾ। ਦੂਸਰੇ ਦਿਨ ਅਸੀਂ ਮਾਤਾ ਜੀ ਦੇ ਅਸਥਾਨ ਦੇ ਦਰਸ਼ਨ ਕੀਤੇ। ਬਾਬਾ ਜੀ ਸਾਨੂੰ ਅੱਗੋਂ ਵਾਂਢੀ ਹੋ ਕੇ ਮਿਲੇ ਅਤੇ ਗੱਜ ਕੇ ਫਤਿਹ ਬੁਲਾਈ। ਅਸਾਂ ਭੇਟਾਵਾਂ (ਬੋਰੇ ਅਤੇ ਪੀਪੇ) ਜਾ ਰਖੇ।

ਬਾਬਾ ਜੀ ਨੇ ਮੁਸਕਰਾਉਂਦਿਆਂ ਕਿਹਾ– ਆਓ ਲਿਖਾਰੀ ਸਿੰਘ ਜੀ! ਅਨੰਦ ਕੁਸ਼ਲ ਰਹੇ ਹੋ? ਇਹ ਕੀ ਲਿਆਏ ਹੋ?

ਅਸਾਂ ਕਿਹਾ– ਬਾਬਾ ਜੀ, ਅਸੀਂ ਕੀ ਦੇਣ ਦੇ ਸਕਦੇ ਹਾਂ ਆਪ ਜੀ ਦੇ ਪਰਉਪਕਾਰਾਂ ਦੀ। ਜੋ ਜਗਤ ਮਾਤਾ ਜੀ ਨੇ ਜਲ ਬਖਸ਼ਿਆ। ਹਾਜ਼ਰੀ ਭਰਨ ਆਏ ਹਾਂ। ਤੁਛ ਭੇਟਾ ਆਪ ਤੋਂ ਵਰੋਸਾਏ ਨਿਮਾਣੇ ਸੇਵਕ ਦੀ ਭੇਟਾ ਪ੍ਰਵਾਨ ਕਰ ਕੇ ਜਗਤ ਮਾਤਾ ਜੀ ਦੀਆਂ ਖੁਸ਼ੀਆਂ ਦਿਵਾ ਦਿਓ।

ਬਾਬਾ ਜੀ ਨੇ ਸਾਨੂੰ ਬਲ - ਪਾਣੀ, ਲੰਗਰ ਛੱਕਾ ਕੇ ਸਾਰੇ ਬੋਰਿਆਂ ਨੂੰ ਖੁਲ੍ਹਵਾ ਕੇ ਢੇਰ ਲੁਆ ਦਿਤੇ, ਦਰਜ਼ੀ ਭਾਈ ਮਹਿਤਾਬ ਸਿੰਘ ਨੂੰ ਬੁਲਾ ਭੇਜਿਆ ਕਿ ਉਹ ਕੈਂਚੀ ਫੀਤਾ ਵੀ ਨਾਲ ਲਈ ਆਵਣ। ਸਿੰਘਾਂ ਨੂੰ ਬੁਲਾ ਲਿਆ ਤੇ ਚਾਦਰੇ, ਚੋਲੇ ਤੇ ਦੋ ਦੋ ਕਛਹਿਰਿਆਂ ਨੂੰ, ਜਿੰਨਾ ਜਿੰਨਾ ਕਿਸੇ ਸਿੰਘ ਨੂੰ ਕਪੜਾ ਲੱਗਦਾ ਸੀ, ਮਿਣ ਮਿਣ ਕੇ ਭਾਈ ਮਹਿਤਾਬ ਸਿੰਘ ਜੀ ਪਾੜ ਪਾੜ ਕੇ ਦੇਈ ਗਏ। ਕੁਝ ਕੁ ਕੱਪੜਾ ਬੱਚ ਗਿਆ, ਉਹ ਬਾਬਾ ਜੀ ਨੇ ਆਪਣੇ ਆਸਣ ਤੇ ਰੱਖਵਾ ਲਿਆ, ਪਰ ਆਪਣੇ ਲਈ ਕੁਝ ਨਾ ਲਿਆ।

ਜੋੜਿਆਂ ਦੇ ਵੱਖ ਵੱਖ ਸਾਇਜ਼ ਦੇ ਜੁੱਤੇ, ਅਸਾਂ ਦੋ ਵੱਖ ਵੱਖ ਬੱਧੇ ਹੋਏ ਸਨ, ਤਾਂ ਕਿ ਉਹ ਰਲ ਨਾ ਜਾਵਣ। ਬਾਬਾ ਜੀ ਲੱਗੇ ਹੋਏ ਜੋੜਿਆਂ ਦੇ ਢੇਰ ਵਲ ਇਸ਼ਾਰਾ ਕਰ ਕੇ ਸਿੰਘਾਂ ਨੂੰ ਕਿਹਾ– ਸਿੰਘੋ! ਜੋ ਜੋ ਜੋੜਾ ਤੁਹਾਡੇ ਪੈਰ ਆਉਂਦਾ ਹੈ, ਪਾ ਲਵੋ। ਇਸ ਤਰ੍ਹਾਂ ਸਾਰੇ ਜੋੜੇ ਸਿੰਘਾਂ ਵਿਚ ਵਰਤਾਏ ਗਏ।

ਇਕ ਜੋੜਾ ਜੋ ਬੜੀ ਰੀਝ ਨਾਲ ਮੈਂ ਬਾਬਾ ਜੀ ਲਈ ਬਣਵਾ ਕੇ ਲੈ ਗਿਆ ਸੀ, ਭਾਵੇਂ ਮੈਨੂੰ ਪਤਾ ਤਾਂ ਸੀ ਕਿ ਬਾਬਾ ਜੀ ਹਮਸ਼ਾ ਨੰਗੀ ਪੈਰੀਂ ਰਹਿੰਦੇ ਹਨ, ਤੇ ਜੋੜਾ ਨਹੀਂ ਪਾਉਂਦੇ। ਪਰ ਮੇਰੇ ਮਨ ਦੀ ਰੀਝ ਸੀ, ਜੋ ਸਿੰਘਾਂ ਨਾਲ ਬਾਬਾ ਜੀ ਨਮਿਤ ਭੀ ਵਰਤਾਰਾ ਲੈ ਕੇ ਜਾਈਏ। ਤਾਂ ਜੋ ਸੰਗਤ ਵਿਚ ਸਾਰਿਆਂ ਦਾ ਇਕੋ ਜਿਹਾ ਹੱਕ ਹੁੰਦਾ ਏ। ਬਾਬਾ ਜੀ ਸੰਗਤ ਵਿਚ ਆਪਣੇ ਆਪ ਨੂੰ ਸੇਵਾਦਾਰ ਹੀ ਸਮਝਦੇ ਸਨ। ਇਸੇ ਭਾਵਨਾ ਨਾਲ ਹਲਕਾ ਤੇ ਮੁਲੈਮ ਜੋੜਾ ਬਣਵਾਇਆ ਸੀ

ਜਦ ਦਾਸ ਨੇ ਝੋਲੇ ਚੋਂ ਜੋੜਾ ਕੱਢ ਕੇ ਬਾਬਾ ਜੀ ਨੂੰ ਪੈਰੀਂ ਪਾਣ ਲਈ ਬੇਨਤੀ ਕੀਤੀ, ਤਾਂ ਦਾਸ ਦਾ ਮਾਨ ਰੱਖਦਿਆਂ, ਪ੍ਰੇਮ ਵਿਚ ਨੇਮ ਦੀ ਹੱਦ ਤੋੜ ਕੇ ਹੱਸਦੇ ਹੱਸਦੇ ਜੋੜਾ ਪੈਰੀਂ ਪਾ ਲਿਆ। ਫਿਰ ਜੋੜੇ ਨੂੰ ਅਗੋਂ ਪਿਛੋਂ ਵੇਖਦੇ ਹੋਏ ਕਹਿਣ ਲਗੇ– ਲਿਖਾਰੀ ਸਿੰਘਾ! ਇਹ ਬੜਾ ਸੁੰਦਰ ਜੋੜਾ ਹੈ। ਕਿੰਨਾ ਮੁਲੈਮ (ਕੂਲਾ) ਹੈ, ਪੈਰਾਂ ਵਿਚ ਪਤਾ ਨਹੀਂ ਲੱਗਦਾ ਕਿ ਪਾਇਆ ਹੈ ਕਿ ਨਹੀਂ। ਦਾਸ ਖੁਸ਼ੀ ਵਿਚ ਨਹੀਂ ਸੀ ਮੇਵ ਰਿਹਾ। ਮਹਾਂ ਪੁਰਸ਼ਾਂ ਕਿਵੇਂ ਗਰੀਬ ਨਿਵਾਜ਼ੀ ਕੀਤੀ ਹੈ। ਬਾਬਾ ਜੀ ਜੋੜਾ ਪਾ ਕੇ ਆਪਣੇ

ਬੁੰਗੇ ਦੀਆਂ ਪੰਜ ਪ੍ਰਕ੍ਰਮਾਂ ਕਰਕੇ ਅਜੇ ਆ ਕੇ ਖਲੋਤੇ ਹੀ ਸਨ ਅਤੇ ਕਹਿ ਰਹੇ ਸਨ ਵਾਹ ਵਾਹ, ਕਿਤਨਾ ਪੈਰਾਂ ਨੂੰ ਸੁਖਦਾਈ ਜੋੜਾ ਬਣਾਇਆ ਜੇ।

ਇਤਨੇ ਨੂੰ ਕਾਹਲੀ ਨਾਲ ਭਾਈ ਸੇਵਾ ਸਿੰਘ ਜੀ ਕਾਲੀਆ, ਖੇਤਾਂ ਵਿਚੋਂ ਆ ਕੇ ਕਹਿਣ ਲੱਗਾ– ਬਾਬਾ ਜੀ! ਆਹ ਵੇਖੋ ਨਾ, ਮੇਰੇ ਪਾਸ ਜੋ ਚੋਲਾ ਹੈ, ਫਟਿਆ ਹੋਇਆ ਹੈ, ਕਛਹਿਰਾ ਭੀ ਨਹੀਂ। ਬਾਹਰ ਖੇਤਾਂ ਵਿਚ ਕੰਮ ਕਰਦਿਆਂ ਪੈਰਾਂ ਵਿਚ ਕੰਡੇ ਵੱਜਦੇ ਹਨ, ਮੇਰੇ ਪਾਸ ਤਾਂ ਜੁੱਤੀ ਭੀ ਨਹੀਂ। ਪਰ ਤੁਸਾਂ ਸਾਰਿਆਂ ਨੂੰ ਸਭ ਕੁਝ ਵੰਡ ਦਿਤਾ ਏ, ਮੇਰੇ ਲਈ ਕੁਝ ਨਹੀਂ ਰੱਖਿਆ।

ਬਾਬਾ ਜੀ– ਸਿੰਘਾ! ਕਾਹਲੇ ਨਹੀਂ ਪਈਦਾ। ਸਬਰ ਕਰ? ਝੱਟ ਕਪੜਾ ਆਸਨ ਤੋਂ ਲੈ ਕੇ ਸਾਰਾ ਦੇ ਦਿਤਾ, ਲੈ ਸਿੰਘਾ! ਜੋ ਜੀ ਚਾਹੇ ਬਣਵਾ ਲੈ, ਤੇ ਆਹ ਵੇਖ, ਅਸਾਂ ਤੇਰੇ ਲਈ ਕਿਤਨਾ ਸੁੰਦਰ ਜੋੜਾ (ਜੁੱਤੀ) ਸੰਭਾਲ ਤੇ ਰੱਖੀ ਹੋਈ ਹੈ।

ਬਾਬਾ ਜੀ ਨੇ ਉਹੀ ਜੁੱਤੀ (ਜੋ ਦਾਸ ਨੇ ਬਾਬਾ ਜੀ ਲਈ ਜੋੜਾ ਬਣਵਾਇਆ ਸੀ) ਪੈਰੋਂ ਲਾਹ ਕੇ ਦੇ ਦਿਤੀ ਤੇ ਕਹਿਣ ਲਗੇ–ਆਹ ਪਾਓ ਪੈਰੀਂ, ਤੈਨੂੰ ਸੁੱਖ ਦੇਵੇਗੀ।

ਭਾਈ ਸੇਵਾ ਸਿੰਘ ਜੀ ਕਾਲੀਏ ਨੇ ਕਿਹਾ– ਨਹੀਂ ਬਾਬਾ ਜੀ, ਆਪ ਜੀ ਦੇ ਚਰਨਾਂ ਚੋਂ ਜੋੜਾ ਲੁਹਾਕੇ ਮੈਂ ਆਪ ਕਿਵੇਂ ਪਾ ਲਵਾਂ? ਮੇਰੇ ਸਿਰ ਤੇ ਭਾਰ ਨਾ ਚਾੜ੍ਹੋ, ਜੇ ਜੋੜਾ ਨਹੀਂ ਹੈ ਤਾਂ ਹੋਰ ਬਣ ਜਾਵੇਗਾ।

ਬਾਬਾ ਜੀ– ਇਹ ਤਾਂ ਅਸ਼ਾਂ ਆਪ ਲਈ ਹੀ ਆਪਣੇ ਪੈਰੀਂ ਪਾ ਕੇ ਸੰਭਾਲਕੇ ਰਖਿਆ ਹੋਇਆ ਸੀ। ਇਹ ਆਪ ਵਾਸਤੇ ਹੀ ਹੈ, ਲੈ ਲਵੋ।

ਭਾਈ ਸੇਵਾ ਸਿੰਘ ਜੀ ਕਾਲੀਆ ਨੇ ਉਹ ਜੋੜਾ ਪਾ ਕੇ ਬੜੀ ਪ੍ਰਸੰਨਤਾ ਪ੍ਰਾਪਤ ਕੀਤੀ ਤੇ ਕਿਹਾ– ਮੇਰੀ ਗੁਸਤਾਖੀ ਮਾਫ ਕਰਨੀ, ਮੈਂ ਆਪ ਜੀ ਦੇ ਚਰਨਾਂ ਦਾ ਜੋੜਾ ਪਾ ਰਿਹਾ ਹਾਂ॥

ਇਹ ਸੀ ਬਾਬਾ ਜੀ ਦੀ ਉਦਾਰਤਾ, ਨਿਰਮੋਹਤਾ ਤੇ ਵਿਸ਼ਾਲਤਾ ਦਾ ਨਮੂਨਾ। ਸਿੱਖ ਸੰਗਤਾਂ ਦੀ ਸੇਵਾ ਕਰ ਕੇ ਪ੍ਰਸੰਨਤਾ ਪ੍ਰਾਪਤ ਕਰਨੀ, ਆਪ ਜੀ ਦੇ ਜੀਵਨ ਦਾ ਵੱਡਾ ਲਖਸ਼ ਸੀ। ਜਿਸ ਕਰ ਕੇ ਹਰ ਪ੍ਰਾਣੀ ਤੇ ਸੁਤੇ ਸਿਧ ਹੀ ਉਹਨਾਂ ਦੀ ਸ਼ਖਸੀਅਤ ਦਾ ਪ੍ਰਭਾਵ ਪੈ ਜਾਂਦਾ ਅਤੇ ਉਹ ਸਦਾ ਲਈ ਆਪਣੇ ਮਨ ਅੰਦਰ ਇਕ ਮਿੱਠੀ ਯਾਦ ਤੇ ਪਿਆਰ ਵਸਾ ਕੇ ਲੈ ਜਾਂਦੇ ਅਤੇ ਸਦਾ ਦਰਸ਼ਨਾਂ ਲਈ ਮਾਤਾ ਜੀ ਦੇ ਪਾਵਨ ਅਸਥਾਨ ਲਈ ਲੋਚਦੇ ਰਹਿੰਦੇ। ਇਸ ਤਰ੍ਹਾਂ ਜੋ ਭੀ ਵਸਤੂ ਸ਼ਰਧਾਲੂ ਲਿਆਉਂਦੇ, ਉਹ ਸ਼ੀਘਰ ਹੀ ਸਿੰਘਾਂ ਵਿਚ ਵੰਡ ਦੇਂਦੇ ਸਨ।

ਇਕ ਵੇਦ ਪਾਠੀ ਪੰਡਤ ਦੀ ਸ਼ਰਧਾ

ਮਾਤਾ ਜੀ ਦੇ ਅਸਥਾਨ ਦੀ ਪ੍ਰਭਤਾ ਤੇ ਬਾਬਾ ਜੀ ਦੀ ਅਣਥੱਕ ਸੇਵਾ–

ਨਾ ਕੋ ਬੈਰੀ ਨਾਹੀ ਬੇਗਾਨਾ ॥ [ਬਿਹਾਗੜਾ ਮ: ੫

ਦੀ ਸਮ - ਦ੍ਰਿਸ਼ਟੀ ਦੀਆਂ ਸੋਆਂ ਸੁਣ ਕੇ, ਹਰ ਸਾਧੂ ਮੰਡਲੀਆਂ, ਵਿਦਵਾਨਾਂ, ਪੰਡਤਾਂ, ਗਿਆਨੀਆਂ ਅੰਦਰ ਦਰਸ਼ਨਾਂ ਦੀ ਤਾਂਘ ਸੁਤੇ ਸਿੱਧ ਹੀ ਉੱਪਜਦੀ ਤੇ ਅਜਿਹੇ ਕਲਜੁਗ ਦੇ ਘੋਰ ਅਨਿਆਏ ਅਤੇ ਮੈਤ੍ਰੀ ਹੀਣਤਾ ਦੇ ਸਮੇਂ, ਜਦ ਕਿ ਸੱਚ ਸੁੱਚ ਦੀਆਂ ਅਲੋਪ ਹੁੰਦੀਆਂ ਜਾ ਰਹੀਆਂ ਕਿਰਨਾਂ, ਇਸ ਹਨੇਰ ਗਰਦੀ ਵਿਚ

ਸੱਚ ਚੰਦ੍ਰਮਾ ਦੀ ਰੋਸ਼ਨੀ ਲੱਭਣੀ ਮੁਸ਼ਕਲ ਹੋ ਰਹੀ ਸੀ, ਪਰ ਤਾਂਘੀ, ਖੋਜੀ, ਖੋਜ ਵਿਚ ਜਿਥੇ ਕਿਧਰੇ ਸੱਚ ਦੀ ਲੋਅ ਦਾ ਉਜਾਲਾ ਟਿਮ - ਟਿਮਾਉਂਦਾ ਸੁਣਦੇ ਹਨ, ਤਾਂ ਆਪਣੇ ਮਨ ਦੀ ਤ੍ਰਿਪਤੀ, ਸ਼ਾਂਤੀ ਲਈ ਭੰਬਿਆਂ ਵਾਂਗ ਜੱਗਦੀ ਸ਼ਮ੍ਹਾਂ ਤੇ ਕੁਰਬਾਨੀ ਦੇਣ ਆ ਹੀ ਉਮੱਡਦੇ ਹਨ।

ਇਸੇ ਤਰਾਂ ਇਕ ਵਿਦਵਾਨ ਵੇਦ ਪਾਠੀ, ਯੋਗ ਅਭਿਆਸੀ, ਗਿਆਨਵਾਨ ਪੰਡਤ, ਚੰਗੇ ਸੁੱਚੇ ਆਚਰਨ ਵਾਲਾ, ਪ੍ਰਮੇਸ਼ਵਰ ਦੇ ਮਾਰਗ ਦਾ ਪਾਂਧੀ, ਸੱਚ ਦੀ ਭਾਲ ਵਾਲਾ ਮੰਜ਼ਲਾਂ ਭਾਲਦਾ, ਮੰਜ਼ਲਾਂ ਕੱਟਦਾ, ਮੰਜ਼ਲ ਦੀ ਸਿੱਖਰ ਦੀ ਛੁਹ ਲਈ ਸੰਸਾਰ ਗਵਨ ਕਰਦਾ ਹੋਇਆ। ਅਜ ਮਾਤਾ ਜੀ ਦੇ ਅਸਥਾਨ ਤੇ ਹੱਥ ਕਮੰਡਲ ਧੋਤੀ ਟਿੱਕਾ, ਜਨੇਊ ਪਹਿਨੀ, ਬੜੇ ਸਾਦਗੀ ਪਹਿਰਾਵੇ ਵਿਚ ਆ ਗਿਆ।

ਬਾਬਾ ਜੀ ਨੇ ਅੱਗੋਂ ਵਾਂਢੀ ਹੋ ਕੇ ਇਸ ਪਾਂਧੀ - ਭਾਲਕ ਪੰਡਤ ਦਾ ਇਤਨਾ ਸਤਿਕਾਰ, ਸਵਾਗਤ ਕੀਤਾ, ਜਿਵੇਂ ਕੋਈ ਅਤੀ ਪਿਆਰ ਵਾਲੇ ਸਨੇਹੀ ਦਾ ਕਰਦਾ ਹੈ। ਇਸ ਭਾਵ - ਭਿੰਨੇ ਆਦਰ ਤੋਂ ਪੰਡਤ ਜੀ ਬਹੁਤ ਹੀ ਪ੍ਰਸੰਨ ਹੋਏ। ਹੁਣ ਤੱਕ ਵਿਚਰਦਿਆਂ ਸਾਧੂਆਂ ਦੇ, ਗ੍ਰਹਿਸਤੀਆਂ ਦੇ, ਰਾਜਿਆਂ, ਮਹਾਰਾਜਿਆਂ ਦੇ ਵੀ ਉਹਨਾਂ ਨੂੰ ਅਜਿਹਾ ਆਦਰ ਨਹੀਂ ਸੀ ਮਿਲਿਆ।

ਪੰਡਤ ਜੀ ਹੈਰਾਨ ਅਤੇ ਅਸਚਰਜ ਹਨ ਕਿ ਇਹ ਸਾਧੂ ਬੇਹੰਗਮ (ਨਿਹੰਗ-ਸਿੰਘ) ਹੁੰਦੇ, ਮੈਨੂੰ ਕਿੰਨਾ ਮਾਨ ਸਤਿਕਾਰ ਦਿਤਾ ਹੈ। ਅਜਿਹਾ ਤਾਂ ਕੋਈ ਮੇਰੇ ਮਾਤਾ ਪਿਤਾ ਭੀ ਸ਼ਾਇਦ ਨਹੀਂ ਕਰਦੇ ਸਨ, ਫਿਰ ਇਹਨਾਂ ਅਣਪਛਾਤਿਆਂ ਨੇ ਇਹ ਕਿਵੇਂ ਜਾਣਿਆ ਕਿ ਇਹ ਵਿਦਵਾਨ ਨੇ। ਮੈਂ ਸਾਰੇ ਹਿੰਦੁਸਤਾਨ ਵਿਚ ਗਵਨ ਕਰ ਕੇ ਵੇਖਿਆ ਹੈ ਕਿ ਸਾਧੂ, ਮਹਾਤਮਾ, ਸੰਤ, ਮਹੰਤ, ਡੇਰੇਦਾਰ ਸਭ ਸ਼ਰੀਯਤ ਭੇਖਾਂ ਦੀ ਦੁਬਿਧਾ ਵਿਚ ਫਸੇ ਨਜ਼ਰੀਂ ਆਏ ਹਨ। ਕਿਧਰੇ ਕੋਈ–ਕੋਈ ਇਸ 'ਹਉਮੈ' ਤੋਂ ਰਹਿਤ ਨਿਰਵੈਰਤਾ ਵਾਲੇ ਮਿਲੇ ਹਨ। ਪਰ ਇਸ ਸਾਧੂ (ਬਾਬਾ ਜੀ) ਦੇ ਦਰਸ਼ਨਾਂ ਤੋਂ ਹੀ ਕਿਤਨੀ ਸ਼ਾਂਤੀ, ਟਿਕਾਉ ਹਿਰਦੇ ਵਿਚ ਆ ਗਿਆ ਹੈ। ਜੇ ਕੁਝ ਸਮਾਂ ਇਹਨਾਂ ਦੀ ਸੰਗਤ ਕੀਤੀ ਜਾਵੇ ਤਾਂ ਮੇਰੀ ਲੋਚਾ ਪੂਰੀ ਹੋ ਸਕਦੀ ਹੈ। ਮੈਂ ਕਿਤਨਾ ਚਿਰ ਭਟਕਦਾ ਹੀ ਫਿਰਦਾ ਰਿਹਾ ਹਾਂ। ਮੈਨੂੰ ਨਾ ਵੇਦ ਪਾਠਾਂ ਤੋਂ, ਨਾ ਹੱਠ ਜੋਗ ਤੋਂ, ਨਾਂ ਹੀ ਕਰਮ ਕਾਂਡਾਂ ਤੋਂ ਇਤਨੀ ਸ਼ਾਂਤੀ ਕਦੇ ਭੀ ਨਹੀਂ ਮਿਲੀ ਸੀ, ਜਿਤਨੀ ਜੋ ਪਲ ਵਿਚ ਇਹਨਾਂ ਮਹਾਂਪੁਰਸ਼ਾਂ ਦੇ ਦਰਸ਼ਨ ਕਰਨ ਤੋਂ ਮਿਲੀ ਹੈ।

ਜਦੋਂ ਪੰਡਤ ਜੀ ਨੇ ਬਾਬਾ ਜੀ ਦੇ ਹੱਥੋਂ ਬੜੇ ਪ੍ਰੇਮ ਭਾਵ ਨਾਲ ਜਲ ਪਾਣੀ, ਲੰਗਰ ਛੱਕਿਆ ਤਾਂ ਅਸਚਰਜ ਜਿਹਾ ਸਵਾਦ ਆਇਆ। ਜਿਉਂ ਜਿਉਂ ਉਹ ਪ੍ਰਸ਼ਾਦੇ ਛੱਕ ਰਿਹਾ ਸੀ, ਉਸ ਨੂੰ ਇਉਂ ਭਾਸ ਰਿਹਾ ਸੀ, ਜਿਵੇਂ ਜਨਮ ਜਨਮ ਦੀ ਮਨ ਨੂੰ ਲੱਗੀ ਕਾਲਖ ਧੁਪ ਰਹੀ ਹੈ, ਤੇ ਅੰਤਸ਼ਹ ਕਰਨ ਵਿਚ ਰੋਸ਼ਨੀ ਪਰਕਾਸ਼ ਦੀਆਂ ਝੱਲਕਾਂ ਵੱਜ ਰਹੀਆਂ ਹਨ। ਵੇਦ ਪਾਠ ਦਾ ਗਿਆਨ, ਖੋਜ ਬਿਨਾਂ ਉਸ ਦੇ ਤੱਤ ਮੂਲ ਦੀ ਸਮਝ ਬਿਨਾਂ ਹਉਮੈ ਦਾ ਹੀ ਰੋਗ ਜਾਪਣ ਲਗ ਪਿਆ, ਤੇ ਅੰਦਰ ਕੋਈ ਰੌ 'ਰਾਮ - ਰਾਮ - ਰਾਮ' ਦੀ ਸੁਤੇ ਸਿੱਧ ਹੀ ਚੱਲ ਪਈ। ਬਿਰਤੀ ਦਾ ਟਿਕਾਓ ਬਣ ਗਿਆ। ਉਸ ਦਾ ਮਨ ਸੁੰਨ - ਮੰਡਲ ਵਿਚ ਮਸਤ ਹੋ ਗਿਆ।

ਪੰਡਤ ਜੀ ਦੇ ਮਨ ਅੰਦਰੋਂ ਆਵਾਜ਼ ਆ ਰਹੀ ਸੀ– ਜਿਸ ਦੀ ਭਾਲ ਵਿਚ ਐ ਮਨ ! ਤੂੰ ਹੁਣ ਤੱਕ

ਭਟਕਦਾ ਫਿਰਦਾ ਰਿਹਾ ਹੈਂ, ਹੁਣ ਤੂੰ ਆਪਣੀ ਵਸਤੂ ਦੀ ਪ੍ਰਾਪਤੀ ਲਈ ਉਸ ਟਿਕਾਣੇ ਆ ਪਹੁੰਚਿਆ ਹੈਂ ? ਟਿਕ ਜਾ ! ਇਸ ਟਿਕਾਓ ਵਿਚ ਹੀ ਅਨੰਦ ਹੈ, ਰਸ ਹੈ, ਸਾਂਤੀ ਤੇ ਸਹਿਜ ਹੈ। ਹੇ ਮਨਾ ! ਤੂੰ ਵਿਦਵਤਾ ਦਾ ਮਾਨ, ਹੱਠ, ਤੱਪ, ਕਰਦਿਆਂ ਕਿਤਨਾ ਸਮਾਂ ਗੁਜ਼ਾਰ ਛਡਿਆ ਈ ਪਰ ਇਹਨਾਂ ਮਹਾਂ ਪੁਰਸ਼ਾਂ ਦੀ ਪਲ ਭਰ ਦੀ ਸੰਗਤ ਨਾਲ ਵਰਿਆਂ ਦੀ ਘਾਲ ਘੜੀਆਂ ਵਿਚ ਬਿਨਾਂ ਕਠਨ ਘਾਲ ਦੇ ਪ੍ਰਾਪਤ ਹੋ ਗਈ ਹੈ। ਇਹ ਕਿਤਨੀ ਅਸਚਰਜਤਾ ਹੈ।

ਇਉਂ ਮਨ ਵਿਚ ਗੋਂਦਾਂ ਗੁੰਦਦੇ ਹੋਏ ਪੰਡਤ ਜੀ ਪ੍ਰਸ਼ਾਦਾ ਛੱਕ ਕੇ, ਚੂਲਾ ਕਰ ਕੇ ਮਾਲਕ (ਪ੍ਰਭੂ) ਦੇ ਸ਼ੁਕਰਾਨੇ ਦੀ ਅਰਦਾਸ ਕੀਤੀ। ਉੱਠ ਖੜੇ ਹੋਏ, ਤੇ ਹੱਥ ਜੋੜ ਕੇ ਬਾਬਾ ਜੀ ਅੱਗੇ ਅਰਜ਼ ਕੀਤੀ– ਬਾਬਾ ਜੀ ! ਅਗਰ ਆਗਿਆ ਹੋ ਤੋ ਹਮਾਰਾ ਮਨ ਕੁਛ ਦਿਨ ਮਾਤਾ ਜੀ ਕੇ ਅਸਥਾਨ ਪਰ ਟਿਕਨੇ ਕੋ ਕਰਤਾ ਹੈ। ਔਰ ਆਪ ਜੀ ਕੀ ਸੰਗਤ ਸੇ ਸਤਿਸੰਗ ਕਾ ਲਾਭ ਪ੍ਰਾਪਤ ਕਰਨੇ ਕੋ ਜੀਅ ਚਾਹਤਾ ਹੈ। ਆਜ ਤੱਕ ਮੈਂ ਭਟਕਦਾ ਫਿਰ ਰਹਾ ਹੂੰ। ਮਗਰ ਮਨ ਮੇਂ ਸ਼ਾਂਤੀ, ਟਿਕਾਓ ਔਰ ਅੰਤਸ਼ਹ ਕਰਣ ਮੇਂ ਉਜਾਲਾ ਦ੍ਰਿਸ਼ਟੀ ਨਹੀਂ ਆਈ। ਮਗਰ ਆਪ ਜੀ ਕੇ ਦਰਸ਼ਨ ਕਰਨੇ ਸੇ ਹੀ ਜੋ ਮੇਰੇ ਮਨ ਨੂੰ ਸ਼ਾਂਤੀ ਮਿਲੀ ਹੈ, ਔਰ ਲੰਗਰ ਛਕਤੇ ਵਕਤ ਜੋ ਮੇਰਾ ਅੰਤਸ਼ਹ ਕਰਨ ਪ੍ਰਭਾਵਤ ਹੂਆ ਹੈ, ਵੁਹ ਬਿਆਨ ਨਹੀਂ ਕਰ ਸਕਤਾ। ਸੋ ਕਿਰਪਾ ਕਰ ਕੇ ਮੁਝ ਕੋ ਯਹਾਂ ਕੁੱਛ ਦਿਨ ਮਾਤਾ ਜੀ ਕੇ ਅਸਥਾਨ ਪਰ ਠਹਿਰਨੇ ਕੀ ਆਗਿਆ ਦੀਜੀਐ।

ਬਾਬਾ ਜੀ– ਵਾਹ ! ਵਾਹ ! ਪਰਮੇਸ਼ਰ ਦੇ ਪਿਆਰੇ, ਇਹ ਤਾਂ ਘਰ ਹੀ ਆਪ ਸਭ ਦਾ ਹੈ। ਅਸੀਂ ਤਾਂ ਸੇਵਾਦਾਰ ਹਾਂ। ਪੁੱਛ ਕੇ ਠਹਿਰਨ ਦੀ ਕਿਹੜੀ ਗੱਲ ਹੈ ? ਕਦੀ ਮਾਲਕ, (ਘਰ ਵਾਲੇ ਭੀ) (ਨੌਕਰ) ਸੇਵਾਦਾਰ ਪਾਸੋਂ ਪੁੱਛਦੇ ਹਨ ?

ਇਹ ਤਾਂ ਸਗੋਂ ਸਾਨੂੰ ਆਪ ਜੀ ਤੋਂ ਪੁਛਣ ਦੀ ਲੋੜ ਹੈ ਕਿ ਆਪ (ਮਾਲਕ) ਸਾਨੂੰ ਸੇਵਾ ਦਾ ਅਵਸਰ ਬਖਸ਼ੋਗੇ ਕਿ ਨਹੀਂ ? ਫਿਰ ਆਪ ਚਾਰ ਵੇਦੋਂ ਕੇ ਗਿਆਤਾ ਹੋ, ਸਾਨੂੰ ਭੀ ਬ੍ਰਹਮਾਂ ਜੀ ਦੇ ਵੇਦਾਂ ਦਾ ਸਾਰ [ਤੱਤ] ਸਮਝਾਵੋਗੇ। ਗਿਆਨ ਪ੍ਰਦਾਨ ਕਰੋਗੇ। ਇਹ ਤਾਂ ਸਾਡੇ ਧੰਨ ਭਾਗ ਹਨ, ਜੋ ਆਪ ਜੈਸੇ ਵਿਦਵਾਨ ਪੁਰਸ਼ੋ ਨੇ ਦਰਸ਼ਨ ਹੀ ਨਹੀਂ, ਸਗੋਂ ਕੁਝ ਦਿਨ ਠਹਿਰਨ ਦਾ ਮਨ ਬਣਾਇਆ ਹੈ। ਇਹ ਤਾਂ ਸਾਡੇ ਉੱਤੇ ਵੱਡੀ ਬਖਸ਼ਸ਼ ਹੋਈ ਹੈ।

ਪੰਡਤ ਜੀ– ਮਨ ਹੀ ਮਨ ਵਿਚ ਸੋਚਾਂ ਦੇ ਘੁੰਮਣ - ਘੇਰੀਆਂ ਵਿਚ ਚਕ੍ਰਿਤ, ਹੈਰਾਨ ਖੜੇ ਇਤਨੀ ਨਿਮਰਤਾ, ਪਿਆਰ, ਸਤਿਕਾਰ, ਆਦਰ, ਹਮ ਨੇ ਸੰਸਾਰ ਕੇ ਹਰ ਧਰਮ ਅਸਥਾਨ ਹੀ ਨਹੀਂ, ਬਲਕਿ ਉਨ ਕੇ ਡੇਰੇਦਾਰੋਂ, ਸੰਤੋਂ, ਮਹੰਤੋਂ ਸੇ ਵਿਚਾਰ ਗੋਸ਼ਟੀਆਂ ਔਰ ਚਰਚੇ ਭੀ ਹੂਐ, ਮਗਰ ਜੋ ਅਨੰਦ ਰਸ, ਸੇਵਾ - ਭਾਵਨਾ ਔਰ ਇਤਨੀ ਨਿਮਰਤਾ, 'ਹਉਂ' ਰਹਿਤ ਆਪ ਸੇਵਕ ਭਾਵਨਾ ਔਰ ਅਣਡਿੱਠੇ ਨੂੰ ਮਾਲਕ ਬਣਾ ਕੇ ਫਿਰ ਉਨ ਕੀ ਸੇਵਾ ਕਰਨੇ ਕੀ ਯਾਚਨਾ ਕਰਨੀ, ਯਹ ਤੋ ਕਹੀਂ ਭੀ ਮੇਰੇ ਦੇਖਣੇ ਮੇਂ ਨਹੀਂ ਆਇਆ।

ਪੰਡਤ ਜੀ ਡੂੰਘੀ ਸੋਚ ਦੇ ਸਮੁੰਦਰ ਵਿਚ ਉਤਰੇ ਹੋਇ ਸਨ, ਕਿ ਬਾਬਾ ਜੀ ਨੇ ਕਿਹਾ– ਪੰਡਤ

ਜੀ, ਸਾਵਧਾਨ ਹੋਵੇ, ਸੋਚਣ ਦੀ ਲੋੜ ਨਹੀਂ। ਕਿਉਂ ਕਿ–

ਰੰਗ ਸਭੇ ਨਾਰਾਇਣੈ ....॥ [ਬਾਰਹ ਮਾਹ, ਮਾਝ

ਇਹ ਰੰਗ ਸਭ ਨਾਰਾਇਣ ਦੇ ਹਨ ਅਤੇ ਜਿਸ ਵਸਤੂ ਦੀ ਭਾਲ ਤੁਹਾਡੇ ਮਨ ਵਿਚ ਹੈ ਇਹ ਤਾਂ–

ਜਿਸ ਨੂੰ ਦੇਵੈ ਦਇਆ ਕਰ .. ॥ [ਬਾਰਹ ਮਾਹ, ਮਾਝ

ਇਹ ਤਾਂ ਉਸ ਦੀ ਦਯਾ ਦ੍ਰਿਸ਼ਟੀ ਹੈ। ਹਰ ਜੀਵ ਦੇ ਭਾਂਡੇ [ਸਰੀਰ] ਵਿਚ ਜੇਹੀ ਜਿਹੀ ਵਸਤੂ ਦੀ ਲੋੜ ਹੁੰਦੀ ਹੈ, ਪਾਈ ਹੋਈ ਹੈ। ਇਹ ਕਿਸੇ ਦੇ ਵੱਸ ਦੀ ਗੱਲ ਨਹੀਂ। ਹਾਂ ਜਿਥੇ ! ਜਦੋਂ ਜੀਵ ਨੂੰ ਵਸਤੂ ਮਿਲਣ ਦਾ ਸਮਾਂ ਆਉਂਦਾ ਹੈ, ਮਾਲਕ ਆਪੇ ਕਾਰਨ ਬਣਾ ਦੇਂਦਾ ਹੈ।

ਸੋ ਜਿਥੇ ਤੁਹਾਡਾ ਮਨ ਕਰਦਾ ਹੈ ਅਤੇ ਜੋ ਤੁਹਾਨੂੰ ਚੰਗੀ ਥਾਂ ਲੱਗਦੀ ਹੈ, ਉਥੇ ਆਸਣ ਲਾ ਲਓ। ਲੰਗਰ ਪਾਣੀ ਗੁਰੂ ਕਾ ਹੈ, ਛਕੋ ਤੇ ਜਦ ਤੱਕ ਜੀਅ ਚਾਹੇ ਰਵੋ।

ਇਹ ਸੁਣ ਕੇ ਪੰਡਤ ਜੀ ਦੀ ਪ੍ਰਸੰਨਤਾ ਦੀ ਕੋਈ ਹੱਦ ਨਾ ਰਹੀ। ਨਦੀ ਕੰਢੇ ਖ਼ਾਲੀ ਬੁੰਗੇ ਵਿਚ ਆਸਣ ਲਾ ਲਿਆ। ਲੰਗਰ ਛੱਕਣ ਦਾ ਸਮਾਂ ਹੋ ਗਿਆ। ਸਾਰੀ ਸੰਗਤ ਨੇ ਪੰਗਤ ਵਿਚ ਬੈਠ ਕੇ ਲੰਗਰ ਛਕਿਆ। ਪਰ ਪੰਡਤ ਜੀ ਨਾ ਆਏ।

ਬਾਬਾ ਜੀ ਪੰਡਤ ਜੀ ਦੇ ਆਸਣ ਤੇ ਗਏ, ਤਾਂ ਪੰਡਤ ਜੀ ਚੌਂਕੜਾ ਮਾਰ ਕੇ ਸਮਾਧੀ ਅਸਥਿਤ ਸਨ। ਭਾਵੇਂ ਬਾਬਾ ਜੀ ਉਸ ਨੂੰ ਉਠਾਉਣਾ ਨਹੀਂ ਸਨ ਚਾਹੁੰਦੇ, ਪਰ ਲੰਗਰ ਦੀ ਮਹੱਤਤਾ ਅਤੇ ਸਾਰੀ ਸੰਗਤ ਪੰਗਤ ਵਿਚ ਆ ਕੇ ਲੰਗਰ ਛੱਕਦੇ ਸਨ ਤੇ ਬਾਬਾ ਜੀ ਭੀ ਪੰਗਤ ਵਿਚ ਬੈਠ ਕੇ ਛਕਦੇ ਸਨ। ਪਰ ਜੋ ਸਿੰਘ ਪੰਗਤ ਵਿਚ ਨਹੀਂ ਹੁੰਦੇ, ਤਾਂ ਬਾਬਾ ਜੀ ਹਰ ਇਕ ਦਾ ਧਿਆਨ ਰਖਦੇ। ਜੇ ਕੋਈ ਸਿੰਘ ਆਇਆ ਨਾ ਹੁੰਦਾ ਤਾਂ ਆਪ ਜਾ ਕੇ ਸੱਦ* ਲਿਆਉਂਦੇ।

---

* ਬਾਬਾ ਜੀ ਦਾ ਲੰਗਰ ਸਮੇਂ ਸਦਣਾ–ਦਾਸ ਜਦ ਮਾਤਾ ਜੀ ਦੇ ਅਸਥਾਨ ਤੇ ਰਹਿੰਦਾ ਸੀ, ਤਾਂ ਮੇਰੇ ਮਨ ਦਾ ਸ਼ੌਂਕ, ਜਿਥੇ ਮਨ ਦਾ ਰੁਝੇਵਾਂ ਕਿਸੇ ਨਾ ਕਿਸੇ ਸੇਵਾ ਵਿਚ ਲੱਗੇ ਰਹਿਣਾ ਸੀ, ਉਥੇ ਮੇਰੀ ਮੁੱਢਲੀ ਲਗਣ ਬਾਗ ਬਗੀਚੇ ਤੇ ਫੁੱਲਵਾੜੀ ਨਾਲ ਬਹੁਤ ਸੀ। ਮੈਂ ਵਿਹਲੇ ਸਮੇਂ ਬਾਗ ਲਈ ਖਾਲੀਆਂ ਪੁਟਦਾ, ਤੇ ਸੜਕਾਂ ਬਣਾਈਆਂ।

ਇਉਂ ਕਈ ਵਾਰੀ ਮੈਂ ਆਪਣੀ ਧੁਨ ਵਿਚ ਲੱਗੇ ਰਹਿਣਾ। ਲੰਗਰ ਦਾ ਨਗਾਰਾ ਵੱਜ ਜਾਣਾ ਤੇ ਸੰਗਤਾਂ ਨੇ ਲੰਗਰ ਛੱਕ ਲੈਣਾ। ਪਰ ਜਦ ਬਾਬਾ ਜੀ ਨੇ ਮੈਨੂੰ ਪੰਗਤ ਵਿਚ ਨਾ ਵੇਖਣਾ, ਤਾਂ ਜਿਥੇ ਅੱਜ ਕੱਲ ਸਰਾਂ ਬਣੀ ਹੈ, ਕੁਝ ਦਰਬਾਰ ਵਾਲੇ ਪਾਸੇ ਸੜਕ ਦੇ ਨਾਲ ਗੈਂਤੀ ਨਾਲ ਖਾਲੀਆਂ ਪੁੱਟ ਰਿਹਾ ਹੁੰਦਾ, ਤਾਂ ਅਚਾਨਕ ਬਾਬਾ ਜੀ ਕਈ ਵਾਰੀ ਦਾਸ ਦੇ ਪਿਛੇ ਚੁੱਪਕੇ ਜਿਹੇ ਖਲੋ ਜਾਂਦੇ। ਜਦ ਮੈਂ ਉਧਰ ਨੂੰ ਅਚਾਨਕ ਵੇਖਦਾ, ਤਾਂ ਬਾਬਾ ਜੀ ਖੜੇ ਹੁੰਦੇ। ਮੈਂ ਚਰਨ ਪਰਸਦਾ, ਤਾਂ ਸਹਿਜੇ ਹੀ ਕਹਿੰਦੇ–

'ਲਿਖਾਰੀ ਸਿੰਘਾ ! ਅਸੀਂ ਸਾਰੇ ਕੰਮ ਪੇਟ ਲਈ ਕਰਦੇ ਹਾਂ, ਅਤੇ ਜਦ ਲੰਗਰ ਦਾ ਨਗਾਰਾ ਵੱਜਦਾ ਹੈ, ਤਾਂ ਆ ਕੇ ਪ੍ਰਸ਼ਾਦਾ ਛੱਕਣ ਨੂੰ ਸਾਰੇ ਕੰਮ ਛੱਡ ਕੇ ਪਹਿਲ ਦਿਆ ਕਰੋ। ਇਕ ਤਾਂ ਸੰਗਤ, ਪੰਗਤ ਵਿਚ ਸਤਿਗੁਰੂ ਜੀ ਹਾਜ਼ਰ ਹੁੰਦੇ ਹਨ। ਨਾਲੇ ਸੰਗਤ ਦਾ ਫਲ ਬਹੁਤ ਅਧਿਕਾਈ ਹੁੰਦਾ ਹੈ। ਮੈਂ ਸਤਿਬਚਨ ਕਹਿ ਕੇ, ਉਸੇ ਵੇਲੇ ਗੈਂਤੀ ਛੱਡ ਕੇ ਲੰਗਰ ਆ ਛੱਕਣਾ। ☞

ਪੰਡਤ ਜੀ ਆਓ ! ਭੋਜਨ (ਲੰਗਰ) ਛਕੋ, ਸਮਾਂ ਹੋ ਗਿਆ ਹੈ। ਸ਼ਾਇਦ ਆਪ ਜੀ ਨੂੰ ਇਥੋਂ ਦੀ ਮਰਯਾਦਾ ਦਾ ਪਤਾ ਨਹੀਂ ਹੈ। ਇਥੇ ਦੁਪਹਿਰੇ ਅਤੇ ਸ਼ਾਮ ਲੰਗਰ ਦਾ ਨਗਾਰਾ ਵੱਜਦਾ ਹੈ, ਆਪ ਭੀ ਆ ਕੇ ਲੰਗਰ ਛੱਕ ਲਿਆ ਕਰੋ।

ਪੰਡਤ ਜੀ– ਬਾਬਾ ਜੀ ਹਮ ਤੋਂ ਏਕ ਵਕਤ ਹੀ ਭੋਜਨ ਪਾਨ ਕਰਤੇ ਹੈਂ, ਦੋ ਵਕਤ ਨਹੀਂ ? ਔਰ ਵੁਹ ਭੀ ਬੇਹੀ ਲਗਾ ਕਰ। ਹੱਛੀ ਖਾਸੀ ਰੋਟੀਆਂ ਔਰ ਬੜਾ ਬਾਟਾ ਦਾਲੇ ਕਾ, ਏਕ ਹੀ ਬਾਰ ਲੇ ਕਰ ਛੱਕ ਲੇਤੇ ਹੈਂ, ਜਿਸ ਕੋ ਮਨ ਭਰ ਕਰ ਖਾ ਲੇਤਾ ਹੂੰ, ਔਰ ਫਿਰ ਰਾਤ ਦਿਨ ਕੁਛ ਨਹੀਂ ਖਾਤਾ।

ਬਾਬਾ ਜੀ– ਹੱਛਾ ਤੁਮਾਰੀ ਰਜ਼ਾ, ਜਦੋਂ ਜੀਅ ਕਰੇ ਤੇ ਜਿੰਨਾ ਜੀਅ ਕਰੇ, ਖੂਬ ਮਨ ਭਰ ਕਰ ਛਕੋ। ਭੂਖੇ ਨਹੀਂ ਰਹਿਣਾ, ਪੇਟ ਭਰ ਕੇ ਖਾਣਾ, ਯੇਹ ਘਰ ਆਪ ਕਾ ਹੈ, ਸੰਗਾ (ਸੰਕੋਚ) ਨਹੀਂ ਕਰਨੀ ਅਤੇ ਨਾ ਹੀ ਇਹ ਅਸਥਾਨ ਬੇਗਾਨਾ ਸਮਝਣਾ।

ਪੰਡਤ ਜੀ– ਜੀ ਨਹੀਂ ! ਮੈਂ ਖੂਬ ਰੱਜ ਕਰ ਭੋਜਨ ਛੱਕੂੰਗਾ। ਜਬ ਤੱਕ ਮੇਰੀ ਤ੍ਰਿਪਤੀ ਨਾ ਹੋ ਜਾਏ। ਚਲੋ ਅਬ ਭੋਜਨ ਅਚਵਤੇ ਹੈਂ। ਆਪ ਜੀ ਕਾ ਬਚਨ ਮੋੜਨਾ ਭੀ ਤੋ ਉੱਚਿਤ ਨਹੀਂ ਹੈ। ਆਪ ਜੀ ਕੇ ਬਚਨੋਂ ਮੇਂ ਅਨੰਦ ਆਤਾ ਹੈ, ਔਰ ਮੈਂ ਸਮਝਦਾ ਹੂੰ ਕਿ ਹਰ ਬਾਤ ਮੇਂ ਆਪ ਕੀ ਪ੍ਰਸੰਨਤਾ, ਔਰ ਇਸ ਮੇਂ ਕੋਈ ਅਗੰਮੀ ਰਾਜ਼ ਹੋਤਾ ਹੈ, ਜਿਸ ਕੋ ਸੁਨ ਕਰ ਮੁਝੇ ਸ਼ਾਂਤੀ ਪ੍ਰਦਾਨ ਹੋਤੀ ਹੈ।

ਪੰਡਤ ਜੀ, ਬਾਬਾ ਜੀ ਦੇ ਨਾਲ ਲੰਗਰ ਅਸਥਾਨ ਤੇ ਆ ਗਏ ਅਤੇ ਚੌਂਕੜਾ ਮਾਰ ਕੇ ਲੰਗਰ ਛੱਕਣ ਬੈਠ ਗਏ। ਬਾਬਾ ਜੀ ਨੇ ਤਾਜ਼ੇ ਜਵਾਰੀ ਦੇ ਪ੍ਰਸ਼ਾਦੇ ਟੋਕਰੀ ਭਰ ਕੇ ਲੈ ਆਂਦੇ, ਤੇ ਸਾਰੇ ਹੀ ਪੰਡਤ ਜੀ ਦੇ ਅੱਗੇ ਰੱਖ ਦਿਤੇ। ਦਾਲ ਦਾ ਬਾਲਟਾ ਭੀ ਉਸ ਦੇ ਬਰਤਨ ਵਿਚ ਪਲਟ ਦਿਤਾ। ਸਹਿਜੇ ਸਹਿਜੇ ਪੰਡਤ ਜੀ ਸਾਰੇ ਪ੍ਰਸ਼ਾਦੇ ਹੀ ਛੱਕ ਗਏ।

ਬਾਬਾ ਜੀ ਨੇ ਕਿਹਾ– ਪੰਡਤ ਜੀ ! ਹੋਰ ਹੁਕਮ ਕਰੋ।

ਪੰਡਤ ਜੀ ਨੇ ਕਿਹਾ– ਹਮ ਕੋ ਜੋ ਕੁਛ ਏਕ ਬਾਰ ਮਿਲ ਜਾਏ, ਵੋਹ ਹੀ ਛੱਕਤੇ ਹੈ, ਦੁਬਾਰਾ ਨਹੀਂ ਮਾਂਗਤੇ। ਭਾਵੇਂ ਅੱਜ ਦਾ ਪ੍ਰਸ਼ਾਦਾ (ਭੋਜਨ) ਪੰਡਤ ਜੀ ਦੇ ਰੋਜ਼ਾਨਾ ਆਹਾਰ ਨਾਲੋਂ ਕਿਧਰੇ ਵੱਧ ਸੀ, ਪਰ ਉਹਨਾਂ ਦੀ ਕ੍ਰਿਆ ਜੂਠਾ ਨਹੀਂ ਛੱਡਣਾ ਸੀ, ਚਾਹੇ ਜਿਤਨਾ ਇਕ ਵਾਰੀ ਭੋਜਨ ਮਿਲੇ। ਇਸ ਨੂੰ ਭਾਵੇਂ ਖ਼ੁਰਾਕ ਸਮਝੋ ਜਾਂ ਸਾਧੂਆਂ ਦੇ ਨਾਟਕ ਚੇਟਕ (ਰਿੱਧ - ਸਿੱਧ) ਕਰਾਮਾਤ ਦਾ ਵਿਖਾਵਾ। ਪਰ ਇਹ ਵਿਖਾਵਾ ਤਾਂ ਅਜਿਹੇ ਥਾਵੇਂ ਤਾਂ ਚਲ ਸਕਦਾ ਹੈ, ਜਿਥੇ ਰਿੱਧ - ਸਿੱਧ ਆਦਿ ਦੀ ਕੋਈ ਸੂਝ ਹੀ ਨਾ ਹੋਵੇ, ਤੇ ਜਿਥੇ 'ਰਿਧਿ ਸਿਧਿ ਅਵਰਾ ਸਾਦ' ਜਾਣਕੇ ਅਗਲੇ ਦੀ ਸਮਝ ਸੂਝ ਹੋਵੇ, ਉਥੇ ਉਸ ਪੁਰਸ਼ ਨੂੰ ਕੁਝ ਸਮਾਂ ਉਸ ਦੀ

☞ ਇਹ ਸੀ ਬਾਬਾ ਜੀ ਦਾ ਹਰ ਇਕ ਦਾ ਧਿਆਨ ਰਖਣਾ। ਦੂਸਰੇ ਉਹਨਾਂ ਦਾ ਹਰ ਤਰਾਂ ਦਾ ਉਪਦੇਸ਼ ਲਾਭਦਾਇਕ ਸਾਬਤ ਹੁੰਦਾ। ਜਿਸ ਵਲ ਉਹਨਾਂ ਦੀ ਮਿਹਰ ਹੁੰਦੀ, ਉਸ ਨੂੰ ਹਰ ਬਹਾਨੇ, ਹਰ ਤਰਾਂ ਦੀ ਸੋਝੀ ਬਖਸ਼ ਦੇਂਦੇ ਸਨ।

ਇਉਂ ਬਾਬਾ ਜੀ ਜਗਤ ਮਾਤਾ ਜੀ ਦੇ ਅਸਥਾਨ ਤੇ ਰਹਿਣ ਵਾਲੇ ਸਭ ਸਿੰਘਾਂ ਦਾ ਖਾਸ ਧਿਆਨ ਰਖਦੇ ਹੁੰਦੇ ਸਨ।

ਹੰਗਤਾ ਦਿਲੋਂ ਕੱਢਣ ਲਈ 'ਜ਼ੋਰ ਲਾ ਲਵੇ' ਦੀ ਖੁਲ੍ਹ ਦੇ ਕੇ ਸਹਿਜੇ ਹੀ ਉਸ ਨੂੰ ਅਜਿਹੀ ਸੋਝੀ ਬਖ਼ਸ਼ਦੇ ਸਨ ਜਿਸ ਤੇ ਉਹ ਖੁਦ ਜਾਨਣ ਕਰੇ, ਕਿ ਰਿੱਧੀ ਸਿੱਧੀ ਤੋਂ ਅੱਗੇ ਚੱਲਣਾ ਹੈ।

ਦੂਸਰੇ ਦਿਨ ਬਾਬਾ ਜੀ ਨੇ ਉਸ ਤੋਂ ਭੀ ਵਧੇਰੇ ਭੋਜਨ ਦੇ ਦਿਤਾ। ਜਿਵੇਂ ਕਿਵੇਂ ਕਰ ਕੇ ਪੰਡਤ ਜੀ ਸਾਰਾ ਭੋਜਨ ਛੱਕ ਗਏ। ਪਰ ਜਦ ਤੀਸਰੇ ਦਿਨ ਪੰਡਤ ਜੀ ਪੰਗਤ ਵਿਚ ਬੈਠ ਕੇ ਭੋਜਨ ਛੱਕਣ ਲੱਗੇ, ਤਾਂ ਉਹਨਾਂ ਨੂੰ ਆਪਣੇ ਅੰਦਰੋਂ ਤ੍ਰਿਪਤੀ ਜੇਹੀ ਭਾਸਣ ਲੱਗੀ। ਇਉਂ ਥੋੜੇ ਹੀ ਦਿਨਾਂ ਵਿਚ ਉਹਨਾਂ ਦੇ ਅੰਦਰੋਂ 'ਹਉਂ' ਦੀ ਭਾਵਨਾ ਖਤਮ ਹੋ ਗਈ ਅਤੇ ਪੰਗਤ ਵਿਚ ਬੈਠ ਕੇ ਕੇਵਲ ਦੋ ਤਿੰਨ ਪ੍ਰਸ਼ਾਦੇ ਹੀ ਛੱਕਣ ਲੱਗ ਪਏ। ਇਉਂ ਮਨ ਅੰਦਰ ਤ੍ਰਿਪਤੀ, ਸਬਰ, ਸੰਤੋਖ ਆ ਜਾਣ ਕਾਰਣ ਪੰਡਤ ਜੀ ਦੇ ਮਨ ਤੇ ਬਹੁਤ ਡੂੰਘਾ ਅਸਰ ਹੋ ਗਿਆ। ਪੰਡਤ ਜੀ ਆਪਣੇ ਮਨ ਵਿਚ ਸੋਚਦੇ– ਇਸ ਪੇਟ ਦੀ ਝੁਲਸਣ ਨੂੰ ਮੈਂ ਕਿਸੇ ਵੀ ਥਾਵੇਂ ਅਤੇ ਕਿਸੇ ਭੀ ਯਤਨ ਨਾਲ ਬੁਝਾ ਨਾ ਸਕਿਆ। ਨਾ ਜਾਣੇ ਇਤਨੇ ਥੋੜੇ ਸਮੇਂ ਵਿਚ ਮੇਰੇ ਮਨ ਨੂੰ ਸਬਰ, ਸੰਤੋਖ ਅਤੇ ਤ੍ਰਿਪਤੀ ਆ ਗਈ ਹੈ?

ਅਲਪ ਆਹਾਰ ਸੁਲਪ ਸੀ ਨਿੰਦ੍ਰਾ. . . . .॥ [ਪਾ: ੧੦

ਜਿਥੇ ਪੰਡਤ ਜੀ ਦਾ ਅਹਾਰ ਦੋ ਤਿੰਨ ਪ੍ਰਸ਼ਾਦੇ ਛੱਕਣ ਦਾ ਹੋ ਗਿਆ, ਉਥੇ ਨਿੰਦਰਾ ਆਲਸ ਭੀ ਆਪ ਤੋਂ ਕੋਹਾਂ ਦੂਰ ਚਲੇ ਗਏ। ਜਿਸ ਕਰ ਕੇ ਤੱਪ ਸਾਧਨ ਵਿਚ ਚੁਸਤੀ ਤੇ ਚੇਤਨਤਾ, ਫੁਰਤੀ ਆ ਗਈ। ਹੁਣ ਪੰਡਤ ਜੀ ਨੇ ਤੱਪ ਸਾਧਨ ਦੀ ਕ੍ਰਿਆ ਸਵੇਰ ਤੋਂ ਸ਼ਾਮ ਤਕ ਗੋਦਾਵਰੀ ਜਲ ਵਿਚ ਸਾਰਾ ਦਿਨ ਖੜੇ ਹੋ ਕੇ ਤਪ ਕਰਦੇ ਰਹਿਣਾ, ਸ਼ਾਮ ਨੂੰ ਵਾਪਸ ਮੁੜਨਾ। ਤੇ ਰਾਤ ਦਾ ਹੀ ਲੰਗਰ ਛੱਕਣਾ।

ਇਕ ਦਿਨ ਜਦ ਸ਼ਾਮ ਨੂੰ ਸੰਗਤ ਲੰਗਰ ਛੱਕਣ ਲਈ ਬੈਠੀ ਤਾਂ ਪੰਡਤ ਜੀ ਭੀ ਆਪਣੇ ਬਰਤਨ ਲੈ ਕੇ ਬਾਬਾ ਜੀ ਪਾਸ ਆ ਬੈਠੇ। ਉਹਨਾਂ ਨੇ ਦੋ ਪ੍ਰਸ਼ਾਦੇ ਹੀ ਛਕੇ ਤੇ ਚੂਲਾ ਕਰ ਕੇ ਪ੍ਰਮੇਸ਼ੂਰ ਨੂੰ ਸਲਾਹਿਆ ਤਾਂ ਬਚਨ ਕਰਨ ਲੱਗੇ–

ਪੰਡਤ ਜੀ– ਬਾਬਾ ਜੀ! ਆਪ ਨੇ ਮੁਝ ਪਰ ਬਹੁਤ ਕ੍ਰਿਪਾ ਕੀ ਹੈ, ਜੋ ਮੁਝੇ ਭੋਜਨ ਸੇ ਮੁਕਤ ਕਰਾਇਆ ਹੈ। ਜਿਸ ਸੇ ਮੁਝੇ ਬਹੁਤ ਆਨੰਦ ਔਰ ਸੁਖ ਮਿਲਾ ਹੈ ਔਰ ਤੱਪ ਕਰਨੇ ਮੇਂ ਮਨ ਕਾ ਟਿਕਾਓ ਭੀ ਵਧੇਰੇ ਹੋਤਾ ਹੈ।

ਬਾਬਾ ਜੀ– ਪੰਡਤ ਜੀ! ਇਹ ਤਾਂ ਆਪ ਜੀ ਦੇ ਹੀ ਭਾਗ ਹਨ। ਇਹ ਸਭ ਜਗਤ ਮਾਤਾ–ਆਦਿ - ਸ਼ਕਤੀ ਦੀ ਸ਼ਕਤਿ ਹੈ। ਜੋ ਜਿਸ ਭਾਵਨਾ ਨਾਲ ਜੀਵ ਆਉਂਦਾ ਹੈ, ਉਹ ਸਭ ਨੂੰ ਵਰਦਾਨ ਬਖਸ਼ਦੇ ਹਨ। ਪ੍ਰੰਤੂ ਜੋ ਆਪ ਅਜੇ ਭੀ ਸਰੀਰ ਨੂੰ ਸਾਰਾ ਦਿਨ ਜਲ ਵਿਚ ਖੜੇ ਹੋ ਕੇ ਕਸ਼ਟ ਦੇ ਕੇ ਜੋ ਤਪ ਕਰਦੇ ਹੋ ਇਹ ਹੱਠ ਜੋਗ ਹੈ, ਪ੍ਰੰਤੂ ਗੁਰੂ ਨਾਨਕ ਦਾ ਮਾਰਗ ਤਾਂ ਇਸ ਕਰਮ ਨੂੰ ਵਰਜਿਤ ਕਰਦਾ ਹੈ–

ਹਠੁ ਕਰਿ ਮਰੈ ਨਾ ਲੇਖੈ ਪਾਵੈ॥ [ਗਉੜੀ ਮ: ੧–੨੧੬

ਜਿਸ ਸਰੀਰ– ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ
ਤਾ ਤੂੰ ਜਗ ਮਹਿ ਆਇਆ॥ [ਅਨੰਦ ਸਾਹਿਬ–੯੨੧

ਵਿਚ ਪ੍ਰਭੂ ਦੀ ਜੋਤ ਰੱਖੀ ਹੋਈ ਹੈ, ਉਸ ਨੂੰ ਕਸ਼ਟ ਦੇਣ ਨਾਲ 'ਜੋਤਿ' ਨੂੰ ਭੀ ਕਸ਼ਟ ਹੋਵੇਗਾ। ਫਿਰ ਕਸ਼ਟ

ਦੇ ਕੇ ਕੀਤਾ ਕਰਮ 'ਭਜਨ ਤੱਪ' ਹੱਠ ਦਾ ਰੂਪ ਧਾਰਨ ਕਰ ਕੇ 'ਹਉਮੈਂ' ਦੀ ਜਕੜ ਵਿਚ ਆ ਜਾਵੇਗਾ। ਪ੍ਰਭੂ ਦੀ ਭਗਤੀ 'ਮਨ ਸਾਧੈ ਸਿਧ ਹੋਇ' ਮਨ ਨੂੰ ਸਾਧਨ ਕਾਬੂ ਕਰਨ ਨਾਲ ਹੀ ਪ੍ਰਾਪਤ ਹੁੰਦੀ ਹੈ, ਨਾ ਕਿ ਸਰੀਰ ਦੀ 'ਦੇਹੀ ਦੂਖ ਦੀਆ ਸਹੁ ਵੇ ਜੀਆ' ਦੇਹੀ ਨੂੰ ਦੁਖ ਦੇ ਕੇ ਕੀਤੀ ਕਮਾਈ ਦਾ ਦੁਖ ਸਹੁ? ਫਿਰ 'ਦੋਸ ਨ ਦਿਓ ਰਾਏ ਨੂੰ' ਪ੍ਰਭੂ ਨੂੰ ਕੀ ਦੋਸ਼! ਉਹ ਪ੍ਰਭੂ ਮਿਲਦਾ ਨਹੀਂ, ਦਰਸ਼ਨ ਨਹੀਂ ਹੁੰਦੇ। ਅਸੀਂ ਇਤਨੀ ਕੱਠਨ ਘਾਲ ਘਾਲੀ। ਇਹ ਮਨ ਦੇ ਦੋ ਉਲਾਹਮੇ ਇਹ ਸਭ 'ਹਉਮੈ' ਦਾ ਰੋਗ ਕੰਡਾ ਹਨ। ਬਾਬੇ ਨਾਨਕ ਦਾ ਰਾਹੁ ਬੜਾ ਪੱਧਰ ਤੇ ਸਿੱਧਾ ਹੈ, ਕਿਉਂਕਿ 'ਰਾਹੁ ਪਾਧਰ ਗੁਰ ਦਸੈ', ਫਿਰ ਜੀਵ ਨੂੰ ਸਾਰੀ ਕੁਦਰਤ ਕਾਇਨਾਤ ਚਿ ਇਕ ਨੂਰ ਦੀ ਜਾਣ ਕਰਵਾ ਕੇ ਮਾਨਵਤਾ ਦੀ ਸੇਵਾ ਬਖਸ਼ਦਾ ਹੈ। ਇਸੇ ਕਰ ਕੇ– ਗੁਰ ਸੇਵਾ ਤੇ ਨਾਉ ਪਾਇਆ ਵੁਠਾ ਅੰਦਰ ਆਇ॥੭॥ [ਆਸਾ ਮ: ੩–੪੨੭

ਸੇਵਾ ਤੋਂ ਉਸ ਦੀ ਪ੍ਰਸੰਨਤਾ ਤੇ ਨਾਮ ਮਿਲਦਾ ਹੈ। ਜਿਸ ਕਰ ਕੇ–

ਘਾਲ ਨ ਮਿਲਿਓ ਸੇਵ ਨ ਮਿਲਿਓ ਮਿਲਿਓ ਆਇ ਅਚਿੰਤ॥

[ਧਨਾਸਰੀ ਮ: ੫, ਪੰਨਾ ੬੭੨

ਜੇ ਉਸ ਦੀ ਪ੍ਰਸੰਨਤਾ ਹੋਵੇ ਤਾਂ ਉਹ ਸੇਵਾ ਘਾਲ ਨਹੀਂ ਵੇਖਦਾ, ਅਚਿੰਤ ਹੀ ਬਖਸ਼ਸ਼ ਕਰ ਦੇਂਦਾ ਹੈ। ਤਾਂ ਤੇ ਅਜਿਹਾ ਹੱਠ ਕਰ ਕੇ ਤੁਸਾਂ ਕਿਤਨਾ ਸਮਾਂ ਗੁਜ਼ਾਰਨ ਕਰ ਦਿਤਾ ਹੈ।

ਪੰਡਤ ਜੀ– ਬਾਬਾ ਜੀ, ਬੜੀ ਕ੍ਰਿਪਾ ਕੀਤੀ ਜੇ, ਦਾਸ ਨੂੰ ਸੋਝੀ ਦਿਤੀ ਜੇ। ਮੈਂ ਵੇਦਾਂ ਵਿਚੋਂ ਤੇ ਹੋਰ ਸਾਧੂਆਂ ਤੋਂ ਜੋ ਪ੍ਰਾਪਤ ਕਰ ਸਕਿਆ ਹਾਂ। ਉਹ ਤਾਂ ਕਰਮ - ਕਾਂਡ ਨੂੰ ਹੀ ਵਿਸ਼ੇਸ਼ਤਾ ਦਰਸਾਂਦੇ ਹਨ। ਪਰ ਆਪ ਦੇ ਸਤਿਗੁਰੂ 'ਨਾਮ' ਜਪਣ ਦਾ ਫੁਰਮਾਨ ਕਰਦੇ ਹਨ।

ਬਾਬਾ ਜੀ– ਹਾਂ ਪੰਡਤ ਜੀ! ਤੁਸਾਂ ਅਥਰਬਣ ਬੇਦ ਜੋ ਕਲਜੁਗ ਦੀ ਕ੍ਰਿਆ ਦਰਸਾਂਦਾ ਹੈ, ਉਸ ਦਾ ਅਧਿਐਨ ਤਾਂ ਕੀਤਾ ਹੀ ਹੈ। ਪਰ ਤੁਸਾਂ ਸਮਝਿਆ ਤੇ ਅਪਣਾਇਆ ਨਹੀਂ। ਕਿਉਂਕਿ ਦਰਗਾਹੀ ਫੁਰਮਾਣ ਗੁਰਬਾਣੀ ਦਸਦੀ ਹੈ–

ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ॥ ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ॥

[ਗਉੜੀ ਗੁਆਰੇਰੀ ਮ: ੩–੧੬੧

ਤਾਂ ਤੇ ਜੋ ਕਲਜੁਗ ਦਾ ਧਰਮ ਹੈ, ਉਹ ਪੜ੍ਹੋ–

ਕਲਿਜੁਗ ਕਾ ਧਰਮੁ ਕਹਹੁ ਤੁਮ ਭਾਈ॥ [ਧਨਾਸਰੀ ਮ: ੪–੬੬੮

ਇਸ ਲਈ ਜੋ ਕਲਜੁਗ ਦਾ ਧਰਮ ਹੈ। ਉਹ ਤਾਂ–

ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੇ ਕਰਮਾ॥]ਸੋਰਠਿ ਮ: ੫–੬੪੨

ਇਸ ਕਰ ਕੇ ਨਾ ਜਪ, ਨਾ ਤੱਪ, ਨਾ ਹੋਮ, ਨਾ ਜੱਗ, ਨਾ ਹੱਠ ਜੋਗ, ਨਾ ਨਿਉਲੀ ਕਰਮ ਸਾਰੇ ਨਾ ਤਾਂ ਕਲਜੁਗ ਵਿਚ ਹੋ ਹੀ ਸਕਦੇ ਹਨ ਅਤੇ ਨਾ ਹੀ ਇਸ ਯੁਗ ਦੇ ਧਰਮ ਅਨੁਸਾਰ ਹਨ–

ਜਪ ਤਪ ਕਰਮ ਉਹਨਾ ਜੁਗਾ ਕਾ ਧਰਮ ਥਾ ਕਲਜੁਗ ਕੀਰਤਨ ਮਾਹਿ ਪ੍ਰਧਾਨਾ॥

ਕੇਵਲ ਪ੍ਰਭੂ ਕੀਰਤੀ ਜੋ ਸਹਿਜ ਪਦ ਵਿਚ ਕਰਨ ਨੂੰ ਪ੍ਰਧਾਨਤਾ ਹੈ। ਤੇ 'ਹਰਿ ਕੀਰਤਿ ਸਾਧ ਸੰਗਤ ਹੈ'

ਸਤਸੰਗਤਿ ਕੈਸੀ ਜਾਣੀਐ ॥ ਜਿਥੈ ਇਕੋ ਨਾਮੁ ਵਖਾਣੀਐ ॥ [ਸਿਰੀਰਾਗੁ ਮ: ੧-੭੨

ਨਿੰਦਾ, ਚੁਗਲੀ, ਦਵੈਤਾ ਭਾਵ ਤੋਂ ਰਹਿਤ ਕੇਵਲ ਇਕ ਨਾਮ ਦੀ ਹੀ ਕੀਰਤੀ ਹੋਵੇ। ਅਜਿਹੀ ਸੰਗਤ ਨੂੰ ਸਤਿਗੁਰਾਂ ਨੇ–

ਤਹਾ ਬੈਕੁੰਠੁ ਜਹ ਕੀਰਤਨ ਤੇਰਾ ਤੂੰ ਆਪੇ ਸਰਧਾ ਲਾਇਹਿ ॥੨॥ [ਸੂਹੀ ਮ: ੫, ਪੰਨਾ ੭੪੯

ਅਤੇ ਉਸ ਸਾਧ ਸੰਗਤ ਨੂੰ ਬੈਕੁੰਠ ਕਿਹਾ ਹੈ ਜਿਸ ਦੀ ਭਾਲ ਲਈ ਅਸੀਂ ਲੱਖਾਂ ਕਰਮ ਕਰ ਕੇ ਭੀ ਪ੍ਰਾਪਤ ਨਹੀਂ ਕਰ ਸਕਦੇ

ਸਾਧ ਸੰਗਤ ਬੈਕੁੰਠੈ ਆਹਿ ॥ [ਗਉੜੀ ਕਬੀਰ-੩੨੫

ਸੋ ਪੰਡਤ ਜੀ ! ਇਹ ਤਾਂ ਨਾਟਕ ਚੇਟਕ ਸਾਧਨ ਹਨ। ਭਾਵ ਲੋਕ ਵਿਖਾਵਾ ਜੋ ਹੈ, ਉਹ ਅਵਸ਼ਕ ਹਉਮੈ ਦਾ ਰੂਪ ਹੈ ਅਤੇ ਪਰ ਵਸ ਸਰੀਰ ਨੂੰ ਭਜਨ ਕਰਨਾ ਉਚਿਤ ਨਹੀਂ। ਜਿਵੇਂ ਕੋਈ ਸੁਲਫ਼ਾ, ਭੰਗ, ਗਾਂਜਾ, ਤਮਾਕੂ, ਅਫੀਮ, ਸ਼ਰਾਬ ਦੇ ਨਸ਼ਿਆਂ ਦਾ ਅਧਾਰ, ਆਸਰਾ ਲੈ ਕੇ ਬਿਰਤੀ ਜੋੜਨ ਦਾ ਯਤਨ ਕਰਦਾ ਹੈ ਤਾਂ ਇਹ ਪਰ ਅਧੀਨਤਾ ਹੋ ਗਈ। ਜਦ ਨਾ ਮਿਲਿਆ, ਬਿਰਤੀ ਨਹੀਂ ਲਗਣੀ। ਜੜੀ ਬੂਟੀਆਂ ਦਾ ਸਹਾਰਾ ਲੈ ਕੇ ਜਲ - ਧਾਰਾ ਕਰਨਾ, ਜਲ ਜਾਂ ਬਰਫ ਵਿਚ ਖੜੇ ਹੋਣਾ, ਕੰਡਿਆਂ ਦੀ ਸੇਜ, ਬਿਭੂਤ (ਸੁਆਹ) ਮਲ ਕੇ ਗਰਮੀ ਸਰਦੀ ਤੋਂ ਸਰੀਰ ਨੂੰ ਬਚਾਉਣਾ ਆਦਿ–ਇਹ ਸਭ ਪਾਖੰਡ ਹੈ। ਪ੍ਰਭੂ ਇਹਨਾਂ ਚਾਤਰੀਆਂ, ਕਾਢਾਂ ਤੇ ਪ੍ਰਸੰਨ ਨਹੀਂ ਹੁੰਦਾ।

ਤੁਸੀਂ ਜੋ ਸਾਰਾ ਦਿਨ ਜਲ ਵਿਚ ਖੜੇ ਰਹਿੰਦੇ ਹੋ, ਸਰੀਰ ਨੂੰ ਜੜੀ ਬੂਟੀਆਂ ਦਾ ਆਧਾਰ ਬਣਾ ਕੇ ਲੋਕ - ਵਿਖਾਵਾ ਕਰਦੇ ਹੋ, ਇਹ ਪ੍ਰਭੂ ਪ੍ਰਸੰਨਤਾ ਨਹੀਂ, ਸਗੋਂ ਲੋਕ ਪਚਾਰਾ ਹੈ–

ਲੋਕ ਪਚਾਰਾ ਕਰੈ ਦਿਨੁ ਰਾਤਿ ॥ [ਸੁਖਮਨੀ ਸਾ:-੨੬੭

ਪ੍ਰਭੂ ਦੇ ਰੀਝਾਨ ਲਈ–

ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ ॥ [ਦੇਵਗੰਧਾਰੀ-੫੨੮

ਤਾਂ ਫਿਰ ਤੁਹਾਡਾ ਧਿਆਨ ਲੋਕ ਪ੍ਰਚਾਵੇ ਵਲ ਹੀ ਰਿਹਾ, ਪ੍ਰਭੂ ਭਗਤੀ ਤਾਂ ਵਿਖਾਵੇ, ਭੇਖ ਕਰਮਾਂ ਤੋਂ ਬਾਹਰ ਹੈ।

ਪੰਡਤ ਜੀ– ਬਾਬਾ ਜੀ, ਸੱਚ ਪੁੱਛੋ ਤਾਂ ਮੈਂ ਜਦ ਤੋਂ ਆਪ ਜੀ ਦੇ ਦਰਸ਼ਨ ਕੀਤੇ ਹਨ, ਮੇਰਾ ਮਨ ਇਤਨਾ ਪ੍ਰਸੰਨ ਹੋ ਰਿਹਾ ਹੈ ਤੇ ਮੈਨੂੰ ਆਪ ਦੀ ਹਰ ਟੋਹ, ਬੁਝਾਰਤ ਮੇਰੇ ਅੰਦਰਲੇ 'ਹਉਂ' ਦੇ ਪੜਦੇ ਪਾੜ ਕੇ ਕੋਈ ਸੱਚ ਦੀ ਚਮਕ ਦਰਸਾਉਂਦੀ ਹੈ। ਮੈਂ ਠੀਕ ਵੇਦਾਂ ਦਾ ਗਿਆਤਾ ਹਾਂ, ਪਰ ਪੜ੍ਹਿਆ ਹੈ, ਸਮਝਿਆ ਨਹੀਂ, ਵਿਚਾਰਿਆ ਨਹੀਂ। ਅਸੀਂ ਕੇਵਲ ਪ੍ਰੰਪਰਾ, ਰੀਤ, ਲੀਕ ਦੇ ਫਕੀਰ ਹੀ ਬਣੇ ਰਹੇ ਹਾਂ। ਜੇ ਹੁਣ ਆਪ ਨੇ ਸੋਝੀ ਦਿਤੀ ਹੈ, ਤਾਂ ਫਿਰ ਕ੍ਰਿਪਾ ਕਰੋ, ਮੈਂ ਕੀ ਕਰਿਆ ਕਰਾਂ।

ਬਾਬਾ ਜੀ– ਇਹ ਤਾਂ ਸਤਿਗੁਰੂ ਜੀ ਹੀ ਦਰਸਾ ਸਕਦੇ ਹਨ, ਜਿਨ੍ਹਾਂ ਦਾ ਫੁਰਮਾਨ ਹੈ–

ਗੁਰ ਸਤਿਗੁਰ ਕਾ ਜੋ ਸਿਖ ਅਖਾਏ ॥ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥

ਤਾਂ ਤੇ ਗੁਰਵਾਕ ਅਨੁਸਾਰ–

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ [ਜਪੁਜੀ ਸਾਹਿਬ

ਸੋ ਗੁਰਾਂ ਦਾ ਮਾਰਗ ਤਾਂ ਅਤਿ ਸੁਖੈਣ ਹੈ। ਆਪ ਨੇ ਫੁਰਮਾਇਆ ਹੈ–

ਫਰੀਦਾ ਪਹਿਲੇ ਪਹਿਰੈ ਫੁਲੜਾ ਫਲੁ ਭੀ ਪਛਾ ਰਾਤਿ ॥
ਜੋ ਜਾਗੰਨਿ ਲਹੰਨਿ ਸੇ ਸਾਈ ਕੰਨੋ ਦਾਤਿ ॥੧੧੩॥ [ਸਲੋਕ ਫਰੀਦ-੧੩੮੪

ਤਾਂ ਤੇ ਸਾਈਂ 'ਪ੍ਰਭੂ' ਤੋਂ ਦਾਤਿ ਫਲ ਪ੍ਰਾਪਤ ਕਰਨ ਦਾ ਸਮਾਂ, ਪਹਿਲੀ ਰਾਤ ਫੂਲ ਤੇ ਪਿਛਲ ਰਾਤ ਫਲ ਪ੍ਰਾਪਤ ਕਰਨ ਲਈ––

ਫਰੀਦਾ ਪਿਛਲ ਰਾਤ ਨ ਜਾਗਿਓਹਿ ਜੀਵਦੜੋ ਮੋਇਓਹਿ ॥
ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥੧੦੭॥ [ਸਲੋਕ ਫਰੀਦ

ਅੰਮ੍ਰਿਤ ਵੇਲੇ ਜਾਗਨ ਕਰਨ ਤੇ ਸਿਮਰਨ ਭਗਤੀ ਵਿਚ ਮਨ ਲਗਣ ਨਾਲ ਪ੍ਰਭੂ ਤੋਂ ਦਾਤਾਂ ਸੁਤੇ ਸਿਧ ਹੀ ਪ੍ਰਾਪਤ ਹੋ ਜਾਂਦੀਆਂ ਹਨ।

ਪੰਡਤ ਜੀ– ਧੰਨ ਹੋ ਬਾਬਾ ਜੀ ! ਆਪ ਜੀ ਨੇ ਮੇਰੇ ਕਪਾਟ ਹੀ ਨਹੀਂ ਖੋਹਲੇ, ਲੇਕਨ ਅਥਰਬਨ ਵੇਦ ਕੀ ਕ੍ਰਿਆ ਬਤਾ ਦੀ। ਆਪ ਤੋ ਸਭ ਕੁਝ ਜਾਨਤੇ ਹੈਂ। ਅਬ ਮੈਂ ਯਹ ਕ੍ਰਿਆ ਜਲ ਮੇਂ ਖੜਾ ਹੋਨੇ ਕੀ (ਠੀਕ ਲੋਕ ਪ੍ਰਪੰਚ ਥਾ) ਨਹੀਂ ਕਰੂੰਗਾ ਔਰ ਅੰਮ੍ਰਿਤ ਵੇਲੇ ਆਸਣ ਪਰ ਬੈਠ ਕਰ ਹੀ ਜਪ ਕੀਆ ਕਰੂੰਗਾ। ਮਗਰ ਏਕ ਬਾਤ ਕਾ ਨਿਰਣਾ ਕਰ ਦੀਜੀਏ, ਤਾਂ ਜੋ ਮੇਰਾ ਮਨ ਇਸ ਬੰਧਨ ਸੇ ਭੀ ਮੁਕਤ ਹੋ ਜਾਏ। ਵੁਹ ਯੇਹ ਹੈ ਕਿ ਮੈਂ ਇਕਾਦਸ਼ੀ ਕਾ ਬਰਤ ਅਬ ਤਕ ਰੱਖਤਾ ਆ ਰਹਾ ਹੂੰ। ਜੋ ਮੁਝੇ ਇਸ ਕਾ ਮਹਾਤਮ ਬਹੁਤ ਬਤਾਇਆ ਗਿਆ ਹੈ। ਕਿਆ ਯਹ ਠੀਕ ਕਰਤਾ ਹੂੰ ?

ਬਾਬਾ ਜੀ– ਜੀਵ ਦਾ ਮਨ ਜਦੋਂ ਤਕ ਕਰਮ ਕਰਦਾ ਹੈ, ਉਹ ਉਸ ਨੂੰ ਠੀਕ ਸਮਝ ਕੇ ਹੀ ਕਰਦਾ ਹੈ। ਪਰ ਜਿਵੇਂ ਜਿਵੇਂ ਇਸ ਦੇ ਅੰਦਰ ਗਿਆਨ (ਪਰਕਾਸ਼) ਹੁੰਦਾ ਜਾਂਦਾ ਹੈ, ਤਾਂ ਉਹ ਖੁਦ ਹੀ ਇਹਨਾਂ ਬੰਧਨਾਂ ਤੋਂ ਮੁਕਤ ਹੁੰਦਾ ਜਾਂਦਾ ਹੈ।। ਆਪ ਨੂੰ ਜੋ ਗਿਆਨ ਮਿਲਿਆ ਹੈ, ਆਪ ਉਸ ਤੇ ਦ੍ਰਿੜ ਹੋ ਬੈਠੇ ਹੋ। ਭਲਾ ਆਪ ਹੁਣ ਦਸ ਸਕਦੇ ਹੋ ਕਿ ਇਸ ਦਾ ਫਲ ਹੁਣ ਤੱਕ ਕੀ ਪਰਾਪਤ ਹੋਇਆ ਹੈ ? ਗੁਰਮਤਿ ਅਨੁਸਾਰ ਤਾਂ–

ਏਕਾਦਸੀ ਬ੍ਰਤ ਰਹੈ, ਕਾਹੇ ਕਉ ਤੀਰਥ ਜਾਈਂ ॥ [ਟੋਡੀ ਨਾਮਦੇਵ-੭੧੮

ਸਭ ਨਿਰਾਰਥ ਕਾਮ ਹਨ। 'ਇਕਾਦਸੀ ਏਕ ਲਿਵ ਲਾਵੈ ॥' ਜੇ ਤਾਂ ਇਸ ਦੇ ਬਰਤ ਨਾਲ ਤੁਹਾਡੀ ਲਿਵ ਅੱਠੋ ਪਹਿਰ ਲੱਗ ਗਈ ਹੈ ਤਾਂ ਭਲਾ ਹੈ।

ਪੰਡਤ ਜੀ– ਜੀ ਨਹੀਂ ! ਹਾਂ ਇਕ ਕਵਿਤਾ ਦੁਆਦਸੀ ਦੀ ਬਣਾਈ ਹੋਈ ਹੈ–

'ਇਕਾਦਸੀ ਕਾਹੇ ਦੁਆਦਸੀ ਕੀ ਨਾਨੀ ਹੈ।'

ਬਾਬਾ ਜੀ– ਬੜੇ ਹੱਸੇ ! ਤੇ ਕਿਹਾ (ਦੁਆ+ਦਸੀ) ਦੁਬਿਧਾ ਦੀ ਤਾਂ ਨਾਨੀ ਹੋਈ। ਇਕਾਦਸ਼ੀ (ਇਕਾ+ਦਸੀ) ਤਾਂ ਇਕ ਦ੍ਰਿਸ਼ਟ, ਇਕ ਇਸ਼ਟ, ਇਕ ਉਪਾਸ਼ਨਾ ਦਰਸਾਉਂਦੀ ਹੈ। ਵਾਹ ਵਾਹ ਪੰਡਤ ਜੀ, ਫਿਰ ਤੁਸੀਂ ਕਿਸ ਦੁਬਿਧਾ ਵਿਚ ਫਸੇ ਬੈਠੇ ਹੋ। ਇਹ ਤਾਂ ਸਿਆਣਿਆਂ ਦੀਆਂ ਕਾਢਾਂ ਹਨ। ਪ੍ਰਭੂ ਨੇ ਕੇਹੜੀ ਥਿੱਤ ਵਾਰ ਬਣਾਈ ਸੀ ?

ਪੰਡਤ ਜੀ ਦੇ ਸਭ ਭਰਮ ਭੁਲੇਖੇ ਦੂਰ ਹੋ ਗਏ। ਭਗਤੀ ਦਾ ਸੁਖੈਣਤਾ ਦਾ ਮਾਰਗ ਮਿਲ ਗਿਆ ਅਤੇ ਇਸ ਤਰਾਂ ਰੋਜ਼ ਤੱਪ ਸਾਧਨ ਕਰਦਾ।

ਪੰਡਤ ਜੀ ਦੀ ਮਾਨਤਾ

ਇਕ ਵਾਰੀ ਕਾਰੋਬਾਰੀ ਸਿੰਘ ਭਾਈ ਨੱਥਾ ਸਿੰਘ ਜੀ ਨਾਂਦੇੜ ਲੰਗਰ ਲਈ [ਲਾਲਾ ਸੰਤੋਖ ਸਿੰਘ ਜੀ†] ਦੁਕਾਨਦਾਰ (ਮੋਦੀ) ਪਾਸੋਂ ਰਸਦ ਲੈਣ ਗਏ ਤਾਂ ਪੰਡਤ ਜੀ ਭੀ ਸੱਚਖੰਡ ਦੀਦਾਰ ਕਰਨ ਅਤੇ ਸ਼ਹਿਰ ਨਾਂਦੇੜ ਵੇਖਣ ਲਈ ਨਾਲ ਚਲੇ ਗਏ।

ਮੋਦੀ (ਲਾਲਾ ਸੰਤੋਖ ਸਿੰਘ ਦੁਕਾਨਦਾਰ) ਨੇ, ਜੋ ਮਰਹੱਟਾ ਸੀ, ਆਪਣੇ ਘਰ ਵੇਦ ਪਾਠ ਕਰਾਣ ਲਈ ਪੰਡਤ ਸੱਦੇ ਹੋਏ ਸਨ ਤੇ ਉਹ ਸਾਰੇ ਪੰਡਤ ਦੁਕਾਨ ਤੇ ਬੈਠੇ ਧੂਪ ਹਵਨ ਸਮਗਰੀ ਬਣਾ ਰਹੇ ਸਨ। ਪੰਡਤ ਜੀ ਨੇ ਪੰਡਤਾਂ ਨੂੰ ਦੇਖ ਕੇ ਆਦੇਸ [ਨਮਸ਼ਕਾਰ] ਕੀਤੀ।

ਭਾਈ ਨੱਥਾ ਸਿੰਘ ਜੀ ਨੇ ਮੋਦੀ ਲਾਲਾ ਸੰਤੋਖ ਸਿੰਘ ਜੀ ਨੂੰ ਪੰਡਤ ਜੀ ਬਾਰੇ ਜਾਣਕਾਰੀ ਦਿਤੀ ਕਿ ਇਸ ਵਕਤ ਬਾਬਾ ਜੀ ਪਾਸ ਮਾਤਾ ਜੀ ਦੇ ਅਸਥਾਨ ਤੇ ਠਹਿਰੇ ਹੋਏ ਹਨ। ਆਪ ਬੜੇ ਵਿਦਵਾਨ ਅਤੇ ਵੇਦ ਪਾਠੀ ਭੀ ਹਨ। ਤਾਂ ਮੋਦੀ (ਦੁਕਾਨਦਾਰ) ਨੇ ਪੰਡਤ ਜੀ ਦਾ ਬੜੇ ਅਦਬ ਨਾਲ ਸਤਿਕਾਰ ਕਰ-ਦਿਆਂ ਨਮਸ਼ਕਾਰ ਕੀਤੀ ਅਤੇ ਕਿਹਾ--ਅਹੋ! ਮੇਰੇ ਧੰਨ ਭਾਗ! ਇਹ ਤਾਂ ਬਾਬਾ ਜੀ ਨੇ ਮੇਰੇ ਤੇ ਅਪਾਰ ਬਖਸ਼ਸ਼ ਕੀਤੀ ਹੈ। ਉਹਨਾਂ ਕਿਵੇਂ ਜਾਣਿਆ ਹੈ? ਤੇ ਉਹਨਾਂ ਨੇ ਚਰਨ ਪਰਸਨ ਲਈ ਵਿਦਵਾਨ ਪੰਡਤ ਨੂੰ ਭੀ ਆਪੇ ਹੀ ਭੇਜ ਦਿਤਾ ਹੈ। ਮੇਰੀ ਆਸ਼ਾ ਪੂਰੀ ਹੋ ਗਈ ਹੈ। ਹੁਣ ਮੈਨੂੰ ਕੋਈ ਸੰਦੇਹ ਨਹੀਂ, ਜੋ ਮੇਰਾ ਯੱਗਜ ਜ਼ਰੂਰ ਸੰਪੂਰਨ ਹੋਵੇਗਾ। ਹਾਂ, ਬਾਬਾ ਜੀ ਆਪ ਹੀ ਆ ਖਲੋਤੇ ਹਨ।

ਮੋਦੀ– ਭਾਈ ਨੱਥਾ ਸਿੰਘ ਜੀ, ਇਹਨਾਂ ਨੂੰ ਤੁਸੀਂ ਸਾਡੇ ਵਲੋਂ ਬੇਨਤੀ ਕਰੋ ਤਾਂ ਜੋ ਇਹ ਯੱਗਜ

† ਲਾਲਾ ਸੰਤੋਖ ਸਿੰਘ ਮੋਦੀ–ਇਹ ਮੋਦੀ, ਜਿਸ ਤੋਂ ਬਾਬਾ ਜੀ ਮੁੱਢ ਤੋਂ ਜਗਤ - ਮਾਤਾ–ਮਾਤਾ ਸਾਹਿਬ ਕੌਰ ਜੀ ਦੇ ਅਸਥਾਨ ਲਈ ਸੌਦਾ ਲਿਆ ਕਰਦੇ ਸਨ। ਇਸ ਮਰਹੱਟੇ ਤੇ ਬਾਬਾ ਜੀ ਦੀ ਅਜਿਹੀ ਬਖਸ਼ਸ਼ ਹੋ ਗਈ ਕਿ ਇਸ ਨੇ ਆਪਣਾ ਨਾਮ ਬਦਲ ਕੇ ਲਾਲਾ ਸੰਤੋਖ ਸਿੰਘ ਰੱਖ ਲਿਆ। ਪਿਛੇ ਆਪ ਇਸ ਬਾਰੇ ਪੜ੍ਹ ਆਏ ਹੋ ਕਿ ਇਹ ਕਿਤਨਾ ਵਿਸ਼ਵਾਸ ਬਾਬਾ ਜੀ ਤੇ ਰੱਖਦਾ ਸੀ।

ਮੋਦੀ ਦੀ ਖ਼ਾਨਦਾਨੀ—

ਲਾਲਾ ਸੰਤੋਖ ਸਿੰਘ ਜੀ

ਲਾ: ਉਮਰਾਵ ਸਿੰਘ ਜੀ	ਲਾ: ਮਦਨ ਸਿੰਘ ਜੀ	ਲਾ: ਗੁਰੂ ਸਿੰਘ ਜੀ	ਲਾ: ਰਘੂ ਸਿੰਘ ਜੀ

ਇਹਨਾਂ ਦੀ ਹੱਟੀ ਪਹਿਲਾਂ ਪੁਰਾਣੇ ਸ਼ਹਿਰ ਵਿਚ ਸੀ। ਅਤੇ ਹੁਣ ਤੱਕੜਾ ਹੱਟ ਮੰਡੀ ਪਾਸ ਹੈ। ਇਹ ਜਗਤ ਮਾਤਾ ਜੀ ਦੀ ਕ੍ਰਿਪਾ ਹੈ, ਜੋ ਇਹ ਨਿਸ਼ਕਾਮ ਸੇਵਾ ਕਰਦੇ ਰਹੇ ਹਨ।

ਵੇਦ ਪਾਠ ਵਿਚ ਸ਼ਾਮਲ ਹੋਣ।

ਪੰਡਤ ਜੀ ਨੇ ਕਿਹਾ–ਮੋਦੀ ਜੀ! ਮੈਂ ਇਸ ਵਕਤ ਪ੍ਰੇਮ ਬੰਧਨ ਮੇਂ ਬੰਧਾ ਹੂਆ ਹੂੰ ਔਰ ਪ੍ਰੇਮ ਡੋਰੀ ਕੀ ਤਾਰ ਬਾਬਾ ਜੀ ਕੇ ਹਾਥ ਮੇਂ ਹੈ। ਮੁਝੇ ਤੋ ਵੋਹ ਜਿਧਰ ਖੈਂਚਤੇ ਹੈਂ, ਉਧਰ ਮੈਂ ਜਾਤਾ ਹੂੰ। ਆਜ ਭੀ ਨਾ ਜਾਣੇ ਕੈਸੇ ਔਰ ਕਿਉਂ, ਸ਼ਾਇਦ ਆਪ ਕੇ ਇਨ ਔਰ ਪੰਡਤ ਜਨੋਂ ਕੋ ਭੇਜ ਦੀਆ ਹੈ। ਵੈਸੇ ਭੀ ਮੇਰਾ ਮਨ ਅਬ ਬੇ - ਖਰੀਦ ਹੋ ਚੁਕਾ ਹੈ। ਇਕ ਪਲ ਉਨ ਕੇ ਚਰਨੋਂ ਸੇ ਭੀ ਅੱਲਗ ਹੋਨੇ ਕੋ ਬਿਲਕੁਲ ਜੀਅ ਨਹੀਂ ਚਾਹਤਾ।

ਪੰਡਤ ਜੀ ਫਿਰ ਬੋਲੇ– ਮੋਦੀ ਜੀ! ਮੈਂ ਜਾਨਤਾ ਹੂੰ ਕਿ ਆਪ ਬਾਬਾ ਜੀ ਕੇ ਕਿਤਨੇ ਪ੍ਰੇਮੀ ਹੋ। ਔਰ ਆਪ ਧੰਨ ਭਾਗੇ ਭੀ ਜੋ ਜਗਤ - ਮਾਤਾ ਜੀ ਕੇ ਅਤੁੱਟ ਲੰਗਰ ਮੇਂ ਰਸਦ ਭੇਜ ਕਰ ਯੋਗਦਾਨ ਪਾ ਰਹੇ ਹੋ। ਮੈਂ ਤੁਮ੍ਹੇਂ ਇਨਕਾਰ ਨਾ ਕਰਤਾ। ਪ੍ਰੰਤੂ ਮਰਯਾਦਾ ਮੁਤਾਬਕ ਜਹਾਂ (ਬਾਬਾ ਜੀ) ਪਾਸ ਰਹਿ ਰਹਾ ਹੂੰ, ਉਨ ਕੀ ਆਗਿਆ ਲੇਣੀ ਜ਼ਰੂਰੀ ਹੈ।

ਜਦ ਭਾਈ ਨੱਥਾ ਸਿੰਘ ਜੀ ਅਤੇ ਪੰਡਤ ਜੀ ਵਾਪਸ ਮਾਤਾ ਜੀ ਦੇ ਅਸਥਾਨ ਤੇ ਬਾਬਾ ਜੀ ਪਾਸ ਆਏ ਤਾਂ ਭਾਈ ਨੱਥਾ ਸਿੰਘ ਜੀ ਨੇ ਮੋਦੀ (ਦੁਕਾਨਦਾਰ) ਦੀ ਬੇਨਤੀ ਕਹਿ ਸੁਣਾਈ। ਇਹਨਾਂ ਪੰਡਤ ਹੋਰਾਂ ਨੂੰ ਵੇਦ - ਪਾਠ ਲਈ ਉਹਨਾਂ ਨੇ ਯਾਚਨਾ ਕੀਤੀ ਹੈ, ਇਨ੍ਹਾਂ ਨੂੰ ਆਗਿਆ ਦੇ ਦਿਓ।

ਬਾਬਾ ਜੀ– ਕੋਈ ਜੀਵ ਕਿਸੇ ਦੇ ਬੰਧਨ 'ਚ ਨਹੀਂ। ਹਾਂ, ਪ੍ਰੇਮ ਇਕ ਅਜਿਹਾ ਬੰਧਨ ਤਾਂ ਜ਼ਰੂਰ ਹੈ। ਪਰੰਤੂ ਇਹ ਵਿਦਿਆਵਾਨ ਹਨ, ਗੁਣਵਾਨ ਹਨ। ਅਜੇਹਾ ਗੁਣ ਤਾਂ ਇਹਨਾਂ ਨੂੰ ਜ਼ਰੂਰ ਦਰਸਾਣਾ ਚਾਹੀਦਾ ਹੈ, ਜੋ ਪੁੰਨ ਹੈ, ਭਲਾ ਹੈ।

ਸਾਡੇ ਵਲੋਂ ਤਾਂ ਹਮੇਸ਼ਾਂ ਹਰ ਇਕ ਪ੍ਰਾਣੀ ਨੂੰ ਖੁਸ਼ੇ ਹਨ। ਜਦ ਜੀਅ ਚਾਹੇ ਆ ਜਾਵੇ, ਜਦ ਜੀਅ ਚਾਹੇ ਚਲਾ ਜਾਵੇ, ਇਹ ਬੜੀ ਖੁਸ਼ੀ ਦੀ ਗੱਲ ਹੈ,ਪੰਡਤ ਜੀ ਜ਼ਰੂਰ ਜਾਵੋ, ਤੇ ਉਸ ਮਾਤਾ ਜੀ ਦੇ ਸੇਵਕ ਦੀ ਭਾਵਨਾ ਵਿਚ ਸ਼ਾਮਲ ਹੋ ਕੇ ਕਾਰਜ ਸੰਪੂਰਨ ਕਰੋ।

ਜਦ ਬਾਬਾ ਜੀ ਦੀ ਆਗਿਆ ਹੋ ਗਈ ਤਾਂ ਪੰਡਤ ਜੀ ਵੇਦ - ਪਾਠ ਵਿਚ ਸ਼ਾਮਲ ਹੋਣ ਲਈ ਜਦ ਸ਼ਹਿਰ ਨਾਦੇੜ ਪੁੱਜੇ ਤਾਂ ਮੋਦੀ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਭਾਵੇਂ ਦੂਸਰੇ ਪੰਡਤਾਂ ਨੇ ਬਾਬਾ ਜੀ ਦੇ ਦਰਸ਼ਨ ਤਾਂ ਨਹੀਂ ਕੀਤੇ ਸਨ, ਪਰ ਸਾਧੂ ਦੀ ਉਪਮਾ ਸੁਣ ਕੇ ਹੀ ਅਤੇ ਵੇਦ - ਪਾਠੀ ਪੰਡਤ ਜੀ ਦੇ ਬਚਨ ਸੁਣ ਕੇ ਉਹਨਾਂ ਦੇ ਮਨ ਅੰਦਰ ਇਸ ਪੰਡਤ ਜੀ ਦੇ ਪ੍ਰਤੀ ਈਰਖਾ ਨਹੀਂ ਉਪਜੀ, ਸਗੋਂ ਸ਼ਰਧਾ ਪਿਆਰ ਜਾਗਰਤ ਹੋ ਗਿਆ।

ਯੱਗਜ ਸੰਪੂਰਨ ਹੋ ਗਿਆ। ਵੇਦ - ਪਾਠੀਆਂ ਦੀ ਮੋਦੀ ਨੇ ਦਿਲ ਖੋਹਲ ਕੇ ਸੇਵਾ ਕਰ ਕੇ ਪ੍ਰਸੰਨਤਾ ਪ੍ਰਾਪਤ ਕੀਤੀ। ਪਰ ਪੰਡਤ ਜੀ ਨੇ ਭੇਟਾ ਲੈਣ ਤੋਂ ਸੰਕੋਚ ਕੀਤਾ, ਅਤੇ ਕਿਹਾ–ਮੈਂ ਤਾਂ ਇਥੇ ਬਾਬਾ ਜੀ ਦੇ ਹੁਕਮ ਨਾਲ ਆਇਆ ਹਾਂ, ਇਸ ਸੱਦੇ ਤੇ ਨਹੀਂ ਆਇਆ, ਜੇ ਮੈਂ ਵੇਦ ਪਾਠੀ ਦੇ ਰੂਪ ਵਿਚ ਆਇਆ ਹੋਵਾਂ। ਫਿਰ ਇਹ ਭੇਟਾ ਤਾਂ ਬਾਬਾ ਜੀ ਦੀ ਆਗਿਆ ਤੋਂ ਬਿਨਾਂ ਲੈਣੀ ਮੇਰਾ ਧਰਮ ਨਹੀਂ।

ਮੋਦੀ ਜੀ– ਪਰਮ ਪੂਜਯ ਪੰਡਤ ਜੀ! ਮੈਂ ਕਿਵੇਂ ਤੁਹਾਡਾ ਧੰਨਵਾਦ ਕਰਾਂ। ਇਹ ਤਾਂ ਪ੍ਰਮੇਸ਼ਵਰ

ਨੇ ਪ੍ਰਸੰਨ ਹੋ ਕੇ ਤੁਹਾਨੂੰ ਭੇਜਿਆ ਹੈ। ਜਿਸ ਕਰ ਕੇ ਮੇਰਾ ਭੀ ਯੱਗਜ ਤਾਂ ਹੀ ਸੰਪੂਰਨ ਹੋ ਸਕਦਾ ਹੈ, ਜੇ ਤੁਸੀਂ ਭੇਟਾ ਪ੍ਰਵਾਨ ਕਰੋ। ਆਪ ਦੇ ਤਪ ਦਾ ਭਾਗ ਮੈਨੂੰ ਤਾਂ ਹੀ ਪ੍ਰਾਪਤ ਹੋਵੇਗਾ, ਨਹੀਂ ਤਾਂ ਇਹ ਭਾਗ ਆਪ ਜੀ ਪਾਸ ਰਹਿ ਜਾਣ ਤੇ ਇਸ ਯਗਜ ਦਾ ਸੰਪੂਰਨ ਭਾਗ ਨਹੀਂ ਮਿਲ ਸਕੇਗਾ। ਬਾਕੀ ਦੇ ਪੰਡਤਾਂ ਨੇ ਵੀ ਮੋਦੀ ਜੀ ਦੀ ਅਧੀਨਗੀ, ਪ੍ਰਾਰਥਨਾ ਦਾ ਸਾਥ ਦਿਤਾ, ਜਿਸ ਤੇ ਪੰਡਤ ਜੀ ਨੇ ਉਹ ਭੇਟਾ ਸਵੀਕਾਰ ਕਰ ਕੇ ਬਾਬਾ ਜੀ ਪਾਸ ਆ ਗਏ।

ਬਾਬਾ ਜੀ— ਸੁਣਾਓ ਵੇਦਾਂਤਕ ਪੰਡਤ ਜੀ! ਯੱਗ ਸੰਪੂਰਨ ਕਰ ਆਏ ਹੋ। ਬੜੇ ਪ੍ਰਸੰਨ ਲਗਦੇ ਹੋ, ਚੰਗੀ ਚੋਖੀ ਸੇਵਾ ਪੂਜਾ ਹੋਈ ਹੋਵੇਗੀ?

ਪੰਡਤ ਜੀ— ਮਹਾਰਾਜ! ਆਹ ਲਓ ਭੇਟਾ ਪਰਵਾਨ ਕਰੋ। ਤੇ ਇਸ ਨੂੰ ਗੁਰੂ ਕੇ ਲੰਗਰ ਵਿਚ ਪਾ ਲਵੋ। ਮੈਂ ਤਾਂ ਭੇਟਾ ਲੈ ਕੇ ਰਾਜ਼ੀ ਨਹੀਂ ਸੀ, ਪਰ ਮਲੋ ਮਲੀ ਮੋਦੀ ਤੇ ਪੰਡਤਾਂ ਦੇ ਕਹਿਣ ਤੇ ਲੈ ਆਯਾ ਹਾਂ। ਨਾ ਜਾਣੇ ਇਸ ਵਿਚ ਆਪ ਦੀ ਖੁਸ਼ੀ ਭੀ ਹੈ ਕਿ ਨਹੀ। ਆਪ ਦਾ ਅਨਿਨ ਸੇਵਕ ਹੈ ਨਾ ਮੋਦੀ ਇਹ ਭੇਟਾ ਉਸ ਨੇ ਦਿਤੀ ਹੈ। ਆਪ ਕ੍ਰਿਪਾ ਕਰ ਕੇ ਰੱਖ ਲਓ। ਫਿਰ ਮੈਨੂੰ ਤਾਂ ਇਥੋਂ ਸਭ ਕੁਝ ਮਿਲ ਹੀ ਰਿਹਾ ਹੈ। ਇਸ ਲਈ ਮੈਂ ਇਸ ਮਾਇਆ ਨੂੰ ਕੀ ਕਰਨਾ ਹੈ। ਇਹ ਮਾਇਆ ਤੇ ਬਸਤਰ ਇਥੇ ਲੋੜਵੰਦਾਂ ਦੇ ਕੰਮ ਆ ਜਾਣਗੇ।

ਬਾਬਾ ਜੀ— ਵਾਹ ਪੰਡਤ ਜੀ! ਪਾਠ ਤੁਸੀਂ ਕਰੋ, ਤੱਪ ਸਾਧਨ ਤੁਸਾਂ ਕੀਤਾ ਹੋਵੇ, ਤੇ ਭੇਟਾ ਅਸੀਂ ਕਿਵੇਂ ਲਵੀਏ, ਇਹ ਤਾਂ ਤੁਸੀਂ ਹੀ ਦਸੋ, ਜੋ ਵੇਦ ਰੀਤ ਕੀ ਹੈ। ਪਾਠੀ ਨੂੰ ਇਹ ਭੇਟਾ ਲੈਣ ਦਾ ਹੀ ਹੱਕ ਹੁੰਦਾ ਹੈ।

ਪੰਡਤ ਜੀ— ਬਾਬਾ ਜੀ! ਮੈਂ ਭੀ ਤਾਂ ਹੁਣ ਇਸ ਘਰ ਦਾ ਸੇਵਾਦਾਰ ਹਾਂ ਤੇ ਗੁਰੂ ਕੇ ਲੰਗਰ ਚੋਂ ਪ੍ਰਸ਼ਾਦਾ ਛੱਕਦਾ ਹਾਂ। ਫਿਰ ਮੈਂ ਆਪ ਜੀ ਦੀ ਆਗਿਆ ਨਾਲ ਉਥੇ ਗਿਆ ਸਾਂ। ਤਾਂ ਤੇ ਮਾਤਾ ਜੀ ਦੇ ਖਜ਼ਾਨੇ ਇਹ ਭੇਟਾ ਪ੍ਰਵਾਨ ਕਰ ਕੇ ਦਾਸ ਦੀ ਹਾਜ਼ਰੀ ਲੁਆ ਦੇਵੋ। ਮੈਂ ਲੰਗਰ ਛੱਕਦਾ ਹੀ ਰਿਹਾ ਹਾਂ ਪਰ ਕੋਈ ਸੇਵਾ ਨਹੀਂ ਕੀਤੀ। ਅਜੇ ਮੇਰੇ ਇਹ ਕਿਸੇ ਕੰਮ ਨਹੀ, ਕਿਥੇ ਸਾਂਭ ਰੱਖਾਂਗਾ। ਜਦ ਲੋੜ ਪਈ ਲੈ ਲਵਾਂਗਾ, ਆਪ ਸਾਂਭ ਰਖੋ।

ਬਾਬਾ ਜੀ ਨੇ ਸਮਝ ਲਿਆ ਕਿ ਪੰਡਤ ਜੀ ਦੇ ਮਨ ਦੀ ਮਾਇਆ ਤੋਂ ਉਪਰਾਮਤਾ ਦਾ ਹਨੇਰਾ ਦੂਰ ਹੋ ਚੁਕਾ ਹੈ, ਤੇ ਨਿਰਮੋਹ ਹੋ ਕੇ ਨਿਸ਼ਕਾਮਤਾ ਨਾਲ ਰਹਿਣਾ ਚਾਹੁੰਦੇ ਹਨ। ਬਾਬਾ ਜੀ ਨੇ ਪੰਡਤ ਜੀ ਦੀ ਸੇਵਾ ਭੇਟਾ ਸਵੀਕਾਰ ਕਰ ਲਈ ਤੇ ਖਜ਼ਾਨੇ ਵਿਚ ਰੱਖ ਦਿਤੀ।

ਇਉਂ ਪ੍ਰੇਮ - ਭਾਵਨਾ ਵਧਦੀ ਹੀ ਗਈ। ਇਸ ਤਰਾਂ ਸਤਿਸੰਗ ਦਾ ਰੰਗ ਮਾਣਦੇ ਪੰਡਤ ਜੀ ਛੇ ਮਹੀਨੇ ਗੁਜ਼ਾਰਨ ਕਰ ਲਏ। ਹੁਣ ਇਹਨਾਂ ਦੇ ਮਨ ਦੀ ਰੰਗਣ ਵਿਚ ਦਿਨੋਂ ਦਿਨ ਵਾਧਾ ਹੋਣ ਲਗਾ ਤੇ ਬਾਬਾ ਜੀ ਦੀ ਬ੍ਰਹਮ ਗਿਆਨੀ ਦੀ ਅਵੱਸਥਾ ਅੰਦਰ ਘਰ ਕਰ ਗਈ। ਜੀਵਨ ਦੀਆਂ ਸਭ ਤਰੁੱਟੀਆਂ ਦੂਰ ਹੋ ਚੁੱਕੀਆਂ ਸਨ। ਉਹਨਾਂ ਨੂੰ ਸੀਧੇ ਮਾਰਗ ਤੇ ਤੁਰਨ ਦਾ ਸੁਖੇਣ ਰਸਤਾ ਮਿਲ ਚੁਕਾ ਸੀ, ਪਰ ਹੁਣ ਮਨ ਨਿਰੰਤਰ - ਅੰਤਰ ਹੋ ਕੇ ਸੰਸਾਰ ਵਿਚ ਵਿਚਰਨ ਅਤੇ ਕੁਮਾਰਗੀਆਂ ਨੂੰ ਸੱਚ ਦਾ ਮਾਰਗ

ਦਰਸਾਨ ਉਪਦੇਸ਼ ਹੀ ਨਹੀਂ, ਸਗੋਂ ਬਾਬਾ ਜੀ ਦੀ ਜੀਵਨੀ ਤੋਂ ਪ੍ਰਾਪਤ ਕੀਤੇ ਸੱਚ ਸੁੱਚ ਕਰਮ (ਸੇਵਾ-ਸਿਮਰਨ) ਕਥਨੀ ਨਹੀਂ ਕਰਨੀ ਵਿਚ ਕਰਨ ਦੇ ਸੰਕਲਪ ਨਾਲ ਕਿ ਬਾਬਾ ਜੀ ਤੋਂ ਹੋਰ ਅਸਥਾਨ ਗਮਨ ਕਰਨ ਦੀ ਆਗਿਆ ਮੰਗੀ।

ਬਾਬਾ ਜੀ— ਸਹੁਰਾ ਮਨ ਜੀਵ ਨੂੰ ਕਿਧਰੇ ਭੀ ਟਿਕਣ ਨਹੀਂ ਦੇਂਦਾ। ਭਲਾ ਗ੍ਰਿਹਸਤੀ ਤਾਂ ਅਗੇ ਹੀ ਇਸ ਮਨ ਦੇ ਫੁਰਨਿਆਂ ਦੇ ਵਸੀਕਾਰ, ਗੁਲਾਮ [ਬਰਦੇ] ਬਣੇ ਹੀ ਬੈਠੇ ਹਨ, ਪਰ ਇਹ ਮਨ ਜੋ ਐਸਾ ਚੰਚਲ ਹੈ ਕਿ ਸਾਧੂਆਂ ਨੂੰ ਭੀ ਟਿਕਣ ਨਹੀਂ ਦੇਂਦਾ! ਉਹਨਾਂ ਨੂੰ ਭੀ ਚੱਕਰ ਪਾਈ, ਭੁਵਾਈ ਫਿਰਦਾ ਹੈ। ਇਸ ਦੀ ਤ੍ਰਿਸ਼ਨਾ ਹੀ ਨਹੀਂ ਬੁਝਦੀ। 'ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥'

ਪੰਡਤ ਜੀ— ਨਹੀਂ ਬਾਬਾ ਜੀ! ਪਾਣੀ ਵੱਗਦੇ ਰੱਗਦੇ ਹੀ ਸਾਫ ਰਹਿੰਦੇ ਹਨ। ਹਾਂ, ਮੈਂ ਤਾਂ ਅਜੇ ਆਪ ਜੀ ਵਾਂਗ ਪੂਰਾ ਨਹੀਂ ਹਾਂ, ਪਰ ਆਪ ਜੀ ਦੀ ਬਖਸ਼ਸ਼ਾਂ ਦਵਾਰਾ ਜੋ ਸੰਥਾ ਆਪ ਜੀ ਤੋਂ ਲਈਆਂ ਹਨ, ਸਬਰ, ਸੰਤੋਖ, ਮਾਨਵੀ - ਸੇਵਾ ਆਦਿ ਇਹਨਾਂ ਨੂੰ ਧੁਰ ਅੰਦਰ ਵਸਾਉਣ ਲਈ, (ਸੰਥਾ ਪਕਾਉਣ) ਅਤੇ ਅਮਲ ਕਰਨ ਲਈ ਇਹ ਸੰਕਲਪ ਹੋਇਆ ਹੈ। ਹਾਂ, 'ਬਹੈ ਪੂਰਾ ਫਿਰੇ ਸੂਰਾ' ਤਾਂ ਇਹ ਦੋਵੇਂ ਉਪਲਭਦੀਆਂ ਦੀ ਪਰੀਖਿਆ ਲਈ ਹੀ ਵਿਚਰਨ ਦੀ ਮੇਰੇ ਮਨ ਵਿਚ ਅਭਿਲਾਸ਼ਾ ਬਣੀ ਹੈ। ਅਗੋਂ ਜਿਵੇਂ ਆਪ ਜੀ ਦਾ ਹੁਕਮ ਹੋਵੇ।

ਬਾਬਾ ਜੀ— [ਜਦ ਕਦੀ ਕਿਸੇ ਦੀ ਜਾਣ ਦੀ ਰੁਚੀ ਹੁੰਦੀ ਤਾਂ ਬਾਬਾ ਜੀ ਕਦੀ ਭੀ ਰੋਕਦੇ ਨਹੀਂ ਸਨ। ਉਹ ਜਾਣਦੇ ਸਨ ਕਿ ਹਰ ਪ੍ਰਾਣੀ ਮਨ ਦੇ ਸੰਕਲਪਾਂ ਕਰ ਕੇ ਤੁਰ ਫਿਰ ਰਿਹਾ ਹੈ। ਇਸ ਤਰ੍ਹਾਂ ਆਪ ਰੁਕਾਵਟ ਪਾ ਕੇ ਅਗਲੇ ਦੇ ਮਨ ਨੂੰ ਖੇਦ ਨਹੀਂ ਸੀ ਪਹੁੰਚਾਣਾ ਚਾਹੁੰਦੇ, ਮੌਜ ਵਿਚ ਵਿਚਰੇ।] ਹੱਛਾ! ਪੰਡਤ ਜੀ ਜਿਵੇਂ ਤੁਹਾਡੀ ਰੁਚੀ ਬਣ ਆਈ ਹੈ। ਤਾਂ ਫਿਰ ਜੋ ਜੀਅ ਆਉਂਦਾ ਹੈ ਕਰੋ। ਜਿਸ ਵਸਤੂ ਦੀ ਆਪ ਨੂੰ ਲੋੜ ਹੋਵੇ (ਮਾਇਆ, ਤੇ ਬਸਤਰ ਆਦਿ ਦੀ) ਲੈ ਲਵੋ, ਰਸਤੇ ਵਿਚ ਕੰਮ ਆਵੇਗੀ। ਆਪ ਨੂੰ ਕਿਸੇ ਦੀ ਮੁਥਾਜੀ ਨਹੀਂ ਕਰਨੀ ਪਵੇਗੀ। ਨਾਲੇ ਵੇਦ ਪਾਠ ਦੀ ਭੇਟਾ ਅਮਾਨਤ ਸਾਡੇ ਪਾਸ ਪਈ ਹੈ, ਉਹ ਆਪ ਲੈ ਲਵੋ।

ਪੰਡਤ ਜੀ— ਬਾਬਾ ਜੀ, ਮੈਨੂੰ ਤਾਂ ਕੇਵਲ ਆਪ ਜੀ ਦੀ ਆਸ਼ੀਰਵਾਦ ਦੀ ਹੀ ਲੋੜ ਹੈ। ਮੈਨੂੰ ਮਾਇਆ ਬਸਤਰਾਂ ਆਦਿ ਦੀ ਲੋੜ ਨਹੀਂ। ਮੈਨੂੰ ਗਿਆਨ ਹੋ ਗਿਆ ਹੈ ਕਿ ਜਿਸ ਭਗਵਾਨ ਨੇ ਪੈਦਾ ਕੀਤਾ ਹੈ—

ਦੇਸੀ ਰਿਜਕੁ ਸੰਬਾਹਿ ਜਿਨਿ ਉਪਾਈ ਮੇਦਨੀ ॥ [ਸੂਹੀ ਮ: ੩—੭੫੫

ਉਹ ਮੈਨੂੰ ਹਰ ਥਾਂ ਮੇਰਾ ਰਿਜ਼ਕ ਦੇਵੇਗਾ। ਮੈਂ ਇਹ ਭਾਰ, ਭਰਮ, ਭੈ ਨੂੰ ਕਾਹਨੂੰ ਲੜ ਨਾਲ ਬੰਨ੍ਹਣਾ ਹੈ। ਕੇਵਲ ਆਗਿਆ ਬਖਸ਼ੋ।

ਬਾਬਾ ਜੀ— ਚੰਗਾ, ਆਪ ਜੀ ਤਾਂ ਪੰਡਤ ਹੋ, ਫਿਰ ਪੰਡਤਾਂ ਨੂੰ ਗਊ ਦਾਨ ਕਰਨਾ ਵੱਡਾ ਪੁੰਨ ਹੈ ਨਾ, ਵੇਦਾਂ ਅਨੁਸਾਰ ਆਪ ਲੈ ਜਾਵੋ। ਰਸਤੇ 'ਚ ਆਪ ਦੁਧ ਛੱਕਿਆ ਕਰਨਾ। ਇਸਦੇ ਨਾਲ ਹੀ ਸਾਡਾ ਭੀ ਪੁੰਨ ਹੋ ਜਾਵੇਗਾ।

ਪੰਡਤ ਜੀ— ਮਹਾਂ ਪੁਰਸ਼ੋ! ਅਬ ਆਪ ਮੁੱਝੇ ਪਾਪ - ਪੁੰਨ ਕੇ ਚੱਕਰੋਂ ਸੇ ਮੁਕਤ ਕਰ ਕੇ ਭੀ

'ਪੁੰਨ ਹੈ' ਦੇ ਚੱਕਰ ਵਿਚ ਨਾ ਪਾਵੇ–

ਪਾਪ ਪੁੰਨੁ ਸਭ ਭਈ ਕਹਾਵਤ ॥ [ਸੁਖਮਨੀ ਸਾਹਿਬ–੨੯੨

ਇਹ ਕੁਛ ਦਰਸਾ ਕਰ ਭੀ ਫਿਰ ਆਪ ਮੇਰੀ ਆਂਖੋਂ ਪਰ ਪੱਟੀ ਬਾਂਧ ਕਰ ਗਊ ਕੇ ਚੱਕਰ ਮੇਂ ਡਾਲਨੇ
ਲੱਗੇ ਹੋ। ਮੈਂ ਤੋ ਫਿਰ ਇਸ (ਗਊ) ਕੋ ਸੰਭਾਲਨੇ ਮੇਂ ਹੀ ਲਗਾ ਰਹੂੰਗਾ, ਤਬ ਰਾਸਤੇ (ਪ੍ਰਮਾਰਥ ਦੇ) ਸੇ
ਭੱਟਕ ਜਾਊਂਗਾ।

ਬਾਬਾ ਜੀ– ਤੋ ਫਿਰ ਆਪ ਘੋੜਾ ਲੈ ਜਾਵੋ। ਸਫ਼ਰ ਵਿਚ ਇਹ ਆਪ ਦੀ ਹਰ ਤਰਾਂ ਨਾਲ
ਮਦਦ ਕਰੇਗਾ। ਥੋੜਾ ਬਹੁਤ ਸਾਮਾਨ ਭੀ ਇਸ ਤੇ ਲੱਦ ਲਓਗੇ ਤੇ ਜਿਥੋਂ ਤੱਕ ਲੰਮਾ ਸਫ਼ਰ ਆਪ ਕਰਨਾ
ਚਾਹੋਗੇ, ਇਸ ਉਪਰ ਚੜ੍ਹ ਕੇ ਸਫ਼ਰ ਕਰ ਲਿਆ ਕਰਨਾ।

ਪੰਡਤ ਜੀ– ਮੇਰੇ ਹਜ਼ੂਰ! ਅੱਬ ਤੋ ਮੁਝੇ ਕੋਈ ਤ੍ਰਿਸ਼ਨਾ ਆਪ ਨੇ ਨਹੀਂ ਛੋੜੀ। ਜੋ ਮੈਂ ਸਾਰੀ
ਉਮਰ ਇਨ ਤ੍ਰਿਸ਼ਨਾ ਵਾਸ਼ਨਾ ਮੇਂ ਫੰਸਾ ਘੂੰਮਤਾ ਰਹਾ। ਆਪ ਨੇ ੬ ਮਹੀਨੋਂ ਮੇਂ ਮੁਝੇ ਜੋ ਕੁਛ ਸਹੀ ਮਾਰਗ
ਦਿਖਾਇਆ ਹੈ। ਇਸ ਕਾ ਮੈਂ ਕਈ ਜਨਮੋਂ ਤੱਕ ਅਹਿਸਾਨ ਨਹੀਂ ਚੁਕਾ ਸਕੂੰਗਾ। ਭਲਾ ਗਊ ਔਰ
ਘੋੜੇ ਕਾ ਕਬ ਅਹਿਸਾਨ ਚੁਕਾ ਪਾਊਂਗਾ, ਮੈਂ ਤੋ ਯਹ ਸੋਚ ਰਹਾ ਹੂੰ ਕਿ ਬਿਨਾਂ ਭਜਨ ਸੇਵਾ ਕੇ ਜਿਨ ੨
ਲੋਗੋਂ ਸੇ ਖਾਇਆ ਪੀਆ ਔਰ ਪਹਿਨਿਆ ਹੈ, ਜਬ ਮੈਂ ਉਨ ਕਾ ਕੋਈ ਕਾਮ ਨਹੀਂ ਕੀਆ, ਉਨ ਸਭ ਕੋ
ਕਿਆ ਉਤਰ ਦੂੰਗਾ? 'ਕਿਸ ਕਿਸ ਉਤਰ ਦੇਹ' ਕਿਉਂਕਿ ਆਪ ਜੀ ਨੇ ਦਰਸਾਇਆ ਹੈ ਕਿ 'ਬਿਨ ਲੇਖੈ
ਨਹੀ ਕੋਇ ਜੀਉ ॥' ਤੋ ਅਬ ਸੋਚ ਹੋ ਰਹੀ ਹੈ ਕਿ ਉਨ ਕਾ ਲੇਖਾ ਕੈਸੇ ਚੁੱਕਾ ਪਾਊਂਗਾ। ਅਬ ਆਪ ਮੇਰੇ
ਸ਼ਿਰ ਪਰ ਭਾਰੀ ਕਰਜ਼ ਔਰ ਚੜ੍ਹਵਾ ਕਰ ਮੁਝੇ ਭਾਰੀ ਬੋਝ ਕੇ ਨੀਚੇ ਮਤ ਮਾਰੋ। ਬਖਸ਼ ਲੋ! ਬਖਸ਼ ਲੋ!
ਅਗਰ ਆਪ ਨੇ ਮੁਝ ਪਰ ਨਜ਼ਰਿ - ਇਨਾਇਤ ਕਰਨੀ ਹੀ ਹੈ, ਤੋ ਯਹ ਆਪ ਕੇ ਕਮਰਕੱਸੇ ਕਾ ਪਰਨਾ
(ਹਜ਼ੂਰੀਆ) ਹੈ, ਯਹ ਬਖਸ਼ਸ਼ ਕਰ ਦੋ। ਯਹ ਮੁਝੇ ਆਪ ਸੇ ਔਰ ਜਗਤ ਮਾਤਾ ਜੀ ਕੀ ਤਰਫ਼ ਸੇ 'ਚਾਰ
ਪਦਾਰਥੋਂ ਸੇ ਭੀ ਬੜ ਕਰ ਹੋਗਾ।

ਬਾਬਾ ਜੀ– ਪੰਡਤ ਜੀ, ਆਪ ਸੁੱਚ ਸੰਜਮ ਤੇ ਕਰਮ ਕਾਂਡੀ ਹੋ, ਅਤੇ ਆਪ ਜੀ ਨੂੰ ਤਾਂ ਅਣ-ਲੱਗ
ਬਸਤਰ ਚਾਹੀਦਾ ਹੈ। ਇਹ ਹਜ਼ੂਰੀਆ ਸਾਡੀ ਵਰਤੋਂ ਵਿਚ ਲੱਗਿਆ ਹੋਇਆ ਬਸਤਰ ਤਾਂ ਆਪ ਜੀ ਦੇ
ਯੋਗ ਨਹੀਂ? ਪਰ ਆਪ ਜੀ ਨੂੰ ਖਜ਼ਾਨੇ ਵਿਚੋਂ ਨਵਾਂ ਬਸਤਰ ਦੇ ਦੇਂਦੇ ਹਾਂ। ਨਾਲੇ ਇਹ ਤੁਹਾਡੇ ਕਿਸ
ਕੰਮ ਆਵੇਗਾ। ਆਪ ਨੂੰ ਧੋਤੀ, ਲੰਗੋਟੀ ਤੇ ਗੱਲ ਦਾ ਸਵਛ ਬਸਤਰ ਮੰਗਵਾ ਦੇਂਦੇ ਤਾਂ। ਅਤੇ ਪੈਰਾਂ ਲਈ
ਜੁੱਤੀ ਜਾਂ ਖੜਾਵਾਂ ਜੋ ਹੁਕਮ ਕਰੋ, ਲਿਆ ਦਈਏ? ਤੁਹਾਡੇ ਕੰਮ ਤਾਂ ਆਵਣਗੇ।

ਪੰਡਤ ਜੀ– ਮੁਝੇ ਔਰ ਬਸਤਰੋਂ ਕੀ ਜਰੂਰਤ ਨਹੀ। ਸਿਰਫ਼ ਆਪ ਕੇ ਅੰਗ ਕਾ ਪਰਨਾ ਹੀ
ਮੁਝੇ ਹਮੇਸ਼ਾ ਅੰਗ ਸੰਗ ਰੱਖਨੇ ਕੀ ਇੱਛਾ ਹੈ। ਹਰ ਜਗ੍ਹਾ ਮਰਤੇ ਦਮ ਤੱਕ ਆਪ ਕੀ ਯਾਦ ਕੋ ਹਮੇਸ਼ਾ
ਕੇ ਲੀਏ ਦੇਖ ਲੀਆ ਕਰੂੰਗਾ ਔਰ ਜਬ ਕਬੀ ਸੱਚੇ ਮਾਰਗ ਸੇ ਥਿੜਕ ਜਾਊਂਗਾ ਤੋ ਆਪ ਜੀ ਕਾ ਯਹ
ਆਸ਼ੀਰਵਾਦ ਮੁਝੇ ਰਾਸਤਾ ਦਿਖਾਏਗਾ, ਬਸ ਇਸ ਕੇ ਸਿਵਾ ਮੁਝੇ ਕੁਛ ਨਹੀਂ ਚਾਹੀਏ। ਆਪ ਮੇਰੀ ਯਹੀ
ਇੱਛਾ ਪੂਰਨ ਕਰ ਦੀਜੀਏ। ਆਪ ਕਾ ਸਦਾ ਅਭਾਰੀ ਰਹੂੰਗਾ।

ਬਾਬਾ ਜੀ ਪੰਡਤ ਜੀ ਦੀ ਸ਼ਰਧਾ - ਭਾਵਨਾ ਨੂੰ ਜਾਣ ਕੇ ਕਮਰਕੱਸੇ ਵਾਲਾ ਹਜ਼ੂਰੀਆ [ਪਰਨਾ]
ਖੋਲ੍ਹ ਕੇ ਪੰਡਤ ਜੀ ਨੂੰ ਦੇ ਦਿਤਾ। ਪੰਡਤ ਜੀ ਨੇ ਦੋਵੇਂ ਹੱਥ ਜੋੜ ਕੇ ਨਿਮਰਤਾ ਸਹਿਤ, ਇਸ ਤਰਾਂ ਉਹ
ਹਜ਼ੂਰੀਆ ਲਿਆ, ਜਿਵੇਂ ਕੋਈ ਸ਼ਰਧਾਲੂ ਆਪਣੇ ਗੁਰੂ ਪਾਸੋਂ ਪ੍ਰਸ਼ਾਦਿ ਪ੍ਰਾਪਤ ਕਰਦਾ ਹੈ। ਬੜੀ ਸ਼ਰਧਾ
ਨਾਲ 'ਪਰਨਾ' ਲੈ ਕੇ ਪੰਡਤ ਜੀ ਨੇ ਉਸ ਨੂੰ ਚੁੰਮਿਆ, ਮਸਤਕ ਨਾਲ ਲਾਇਆ, ਸਿਰ ਤੇ ਲਿਆ ਤੇ ਬੁੰਗੇ
ਵਿਚ ਤਿਆਰੀ ਕਰਨ ਆ ਗਏ।

ਆਪ ਹਜ਼ੂਰੀਏ ਨੂੰ ਬੜੇ ਪਰੇਮ ਨਾਲ ਤਹਿ ਕਰ ਰਹੇ ਸਨ ਕਿ ਭਾਈ ਨਿਹਾਲ ਸਿੰਘ ਜੀ ਨਿਹੰਗ-
ਸਿੰਘ [ਪਿੰਡ ਪਰੋਜਪੁਰ ਬੇਲਾ] ਆ ਗਏ। ਉਹ ਕਹਿਣ ਲੱਗੇ–ਪੰਡਤ ਜੀ, ਸੁਣਿਆ ਤੁਸੀਂ ਚਾਲੇ ਪਾਉਣ
ਲੱਗੇ ਹੋ। ਵਾਹਵਾ ਰੌਣਕ ਬਣੀ ਹੋਈ ਸੀ। ਆਪ ਵੇਦਾਂ ਚੋਂ ਗਿਆਨ ਦੀਆਂ ਗੱਲਾਂ ਸੁਣਾਉਂਦੇ ਸੀ।
ਇਥੇ ਹੀ ਰਵ੍ਹੋ। ਤੁਸੀਂ ਕਿਹੜੇ ਗ੍ਰਿਹਸਤੀ ਹੋ ਜੋ ਆਪ ਜੀ ਨੂੰ ਬੱਚਿਆਂ ਦਾ ਫਿਕਰ ਹੈ। ਵੇਖੋ! ਅਸੀਂ ਭੀ
ਤਾਂ ਸਗੋਂ ਗ੍ਰਹਿਸਤੀ ਹੋ ਕੇ, ਸਾਡਾ ਇਥੋਂ ਜਾਣ ਨੂੰ ਜੀਅ ਹੀ ਨਹੀਂ ਕਰਦਾ। ਤੇ ਆਹ ਪੱਟਕਾ (ਪਰਨਾ)
ਬੜੇ ਪ੍ਰੇਮ ਨਾਲ ਤਹਿ ਕਰ ਰਹੇ ਹੋ।

ਪੰਡਤ ਜੀ– ਭਾਈ ਨਿਹਾਲ ਸਿੰਘ ਜੀ, ਹਮਾਰਾ ਜੋ ਭਾਗ (ਹਿੱਸਾ) ਯਹਾਂ ਥਾ, ਹਮ ਨੇ ਵੁਹ ਲੇ
ਲੀਆ ਹੈ। ਮਹਾਂਪੁਰਸ਼ੋਂ ਨੇ ਹਮਰੇ ਪਰ ਇਤਨੀ ਦਯਾ ਕੀ ਹੈ, ਕਿ ਇਸ ਕਾ ਬਦਲਾ ਤੋ ਮੈਂ ਕਈ ਜਨਮੋਂ
ਤੱਕ ਨਹੀਂ ਉਤਾਰ ਪਾਊਂਗਾ। ਜਦ ਮੰਗਤੇ ਕਾ ਉਦੇ ਪੂਰਨ ਹੋ ਜਾਏ, ਤੋ ਉਸੇ (ਬਾਰ) ਦਰਵਾਜ਼ੇ ਪਹਿ
ਠਹਿਰੇ ਨਹੀਂ ਰਹਿਣਾ ਚਾਹੀਏ। ਨਾ ਜਾਣੇ, ਕਬ ਵਾਦ - ਵਿਵਾਦ ਕੇ ਚੱਕਰ ਮੇਂ ਨਾ ਫੰਸ ਜਾਏ। ਹਮੇਂ
ਅਬ ਜਾਨਾ ਹੀ ਚਾਹੀਏ।

ਭਾਈ ਨਿਹਾਲ ਸਿੰਘ ਜੀ– ਪੰਡਤ ਜੀ, ਇਹ ਬਾਬਾ ਜੀ ਤੋਂ ਮਿਲਿਆ ਸਿਰੋਪਾਓ (ਹਜ਼ੂਰੀਆ) ਤਾਂ
ਸਿਰ ਤੇ ਬੰਨ੍ਹ ਲਵੋ। ਤੁਸੀਂ ਤਹਿ ਕਰ ਕੇ ਸੰਭਾਲ ਕੇ ਰੱਖ ਰਹੇ ਹੋ।

ਪੰਡਤ ਜੀ– ਗੁਰਮੁਖ ਜੀਓ! ਬਖਸ਼ਸ਼, ਹਜ਼ੂਰ, ਸੰਭਾਲ ਕਰ ਰੱਖਣੇ ਸੇ ਰਹਿਤੀ ਹੈ, ਇਸ ਕਾ ਦਿਖਾਵਾ
ਨਹੀਂ ਕੀਆ ਜਾ ਸਕਦਾ। ਯਹ ਤੋ ਹਮਾਰੇ ਸਤਿਕਾਰ ਕਾ ਹੀ ਨਹੀਂ, ਬਲਕਿ ਪੂਜਨੇ ਯੋਗ ਮਿਲਾ ਹੈ, ਔਰ
ਮੁਝੇ ਵੁਹ ਇਸ਼ਟ, ਜਿਸ ਕੀ ਨਿਤ ਪੂਜਾ ਕਰਿਆ ਕਰੂੰਗਾ, ਮਿਲਾ ਹੈ ਔਰ ਜਿਸ (ਇਸ਼ਟ) ਕੀ ਭਾਲ ਮੇਂ
ਅਬ ਤੱਕ ਗੁਜ਼ਾਰਨ ਕੀਏ ਹੈਂ, ਯਹ ਮੇਰੀ 'ਧਰਮਸਾਲਾ' ਹੈ ਔਰ ਜਿਸ–

'ਨਾਨਕ ਬ੍ਰਹਮ ਗਿਆਨੀ ਆਪ ਪ੍ਰਮੇਸੁਰ ॥ [ਸੁਖਮਨੀ ਸਾਹਿਬ

ਨੇ ਮੁਝੇ ਪੂਜਨ ਕਰਨੇ ਕੋ ਬਖਸ਼ਾ ਹੈ। ਯਹ ਮੁਝੇ ਬਾਕੀ ਜ਼ਿੰਦਗੀ ਕਾ ਪੂਜਨ ਸਾਧਨ, ਅਮੁੱਲੀ ਦਾਤ ਮਿਲੀ
ਹੈ। ਕਿਆ ਇਸ ਕੋ ਓੜ ਕਰ ਇਸ ਕੀ ਬੇਅਦਬੀ ਕਰੂੰ? ਯਹ ਤੋ ਮੇਰਾ ਇਸ਼ਟ [ਭਗਵਾਨ] ਹੈ। ਅਬ
ਤੋ ਮੁਝੇ ਪੂਜਾ ਕਰਨੇ ਕਾ ਅਵਸਰ ਮਿਲਾ ਹੈ। ਅਬ ਤੱਕ ਮੈਂ ਘੂੰਮਤਾ ਫਿਰਤਾ ਰਹਾ, ਲੇਕਿਨ ਮੁਝੇ ਇਸ਼ਟ
ਨਾ ਮਿਲ ਪਾਇਆ। ਅਬ ਮੁਝੇ ਪੂਜਾ ਕਰਨੇ ਕੇ ਲੀਏ ਇਸ਼ਟ ਮਿਲ ਗਿਆ ਹੈ, ਜਿਸੇ ਮੈਂ ਜ਼ਿੰਦਗੀ ਭਰ
ਖੋਜਤਾ[ਟੋਲਦਾ] ਫਿਰਤਾ ਰਹਾ ਥਾ।

[ਭਾ: ਨਿਹਾਲ ਸਿੰਘ ਜੀ ਦੇ ਕਥਨ ਅਨੁਸਾਰ] ਕਿ ਪੰਡਤ ਜੀ ਦੇ ਚਿਹਰੇ ਤੇ ਉਸ ਵਕਤ ਕੋਈ

ਅਜੀਬ ਰੰਗ ਚਾਓ ਤੇ ਖੇੜਾ ਲਿਸ਼ਕਾਂ ਮਾਰ ਰਿਹਾ ਸੀ। ਉਹ ਬਾਰ ੨ ਬਾਬਾ ਜੀ ਦੇ ਹਜ਼ੂਰੀਏ ਨੂੰ ਛਾਤੀ ਨਾਲ ਲਾਉਂਦਾ, ਚੁੰਮਦਾ ਤੇ ਸਿਰ ਤੇ ਰੱਖਦਾ। ਨੈਣਾਂ ਚੋਂ ਪ੍ਰੇਮ - ਫੁਹਾਰਾ ਬਰਸਾ ਕੇ, ਕਿਤਨੀਆਂ ਹੀ ਪਿਆਰ ਦੇ ਸਾਗਰ ਵਿਚ ਟੁੱਬੀਆਂ ਲਾ ਕੇ ਗੱਦ ਗੱਦ ਹੋ ਰਿਹਾ ਸੀ। ਬਾਬਾ ਜੀ ਤੋਂ ਅਮੁੱਲੀ ਬਖਸ਼ਸ਼ ਪ੍ਰਾਪਤ ਕਰ ਕੇ ਪੰਡਤ ਜੀ ਆਗਿਆ ਲੈਕੇ ਚਾਲੇ ਪਾ ਗਏ।

ਇਹ ਸੀ ਮਹਾਂ ਪੁਰਸ਼ਾਂ ਦੀ ਮੇਹਰ ਕਰਨੀ ਦਾ ਪ੍ਰਭਾਵ, ਜੋ ਹਰ ਜੀਵ ਤੇ ਪੈਂਦਾ ਤੇ ਉਸ ਦੇ ਜੀਵਨ ਵਿਚ ਸੱਚ ਦੀ ਰੋਸ਼ਨੀ ਦਾ ਸੁਤੇ ਸਿਧ ਹੀ ਗਿਆਨ ਪ੍ਰਕਾਸ਼ ਹੋ ਜਾਂਦਾ ਤੇ ਉਹ ਜੀਵ ਗੱਦ - ਗੱਦ ਹੋ ਕੇ ਅਜਿਹੀ ਵਸਤੂ ਲੈ ਕੇ ਜਾਂਦਾ, ਜੋ ਸਾਰੀ ਜ਼ਿੰਦਗੀ ਤੱਕ ਉਸ ਦਾ ਗਹਿਣਾ ਬਣ ਜਾਂਦਾ।

ਕੜਾਹ ਪ੍ਰਸ਼ਾਦਿ ਦੀ ਦੇਗ ਕਾਲੀ ਹੋਣ ਤੇ

ਪਹਿਲਾਂ ਪਹਿਲ ਕੜਾਹ ਪ੍ਰਸ਼ਾਦਿ ਦੀ ਦੇਗ ਬਾਬਾ ਜੀ ਆਪ ਸਜਾਇਆ ਕਰਦੇ ਸਨ। ਬਾਬਾ ਜੀ ਅੰਮ੍ਰਿਤ ਵੇਲੇ ਜਦ ਕ੍ਰਿਆ ਸੋਧਣ ਗੋਦਾਵਰੀ ਤੇ ਜਾਂਦੇ ਤਾਂ ਪਿਛੋਂ ਇਕ ਸਿੰਘ, ਜੋ ਪਹਿਲਾਂ ਇਸ਼ਨਾਨ ਆਦਿ ਕਰ ਕੇ ਆਇਆ ਹੁੰਦਾ [ਬਾਅਦ ਵਿਚ ਕਾਰੋਬਾਰੀ ਸਿੰਘ ਇਹ ਸੇਵਾ ਕਰਦਾ ਰਿਹਾ] ਲੰਗਰ ਤੇ ਝਾੜੂ ਕਰ ਮਿੱਟੀ ਦਾ ਪੋਚਾ ਫੇਰ ਦਿੰਦਾ ਤੇ ਚੁੱਲ੍ਹੇ ਹੇਠਾਂ ਅੱਗ [ਚੰਡਾ] ਬਾਲ ਦੇਂਦਾ। ਕੜਾਹ ਪ੍ਰਸ਼ਾਦਿ ਦੇ ਬਰਤਨ ਸਰਬ ਲੋਹ ਦੇ ਦੁਬਾਰਾ ਸਵੇਰੇ ਸੁੱਕ ਮਾਂਜ ਕਰ ਦੇਂਦਾ ਤੇ ਖੂਹੇ ਤੋਂ ਬਾਬਾ ਜੀ ਦੇ ਦੁਮਾਲਾ ਝੁਲਾਉਣ ਤਕ ਰਸਦ ਤੋਲ ਕੇ ਜੋ ਇਕ ਸੇਰ ਦੀ ਰੋਜ਼ਾਨਾ ਦੇਗ ਬਣਦੀ, ਲੰਗਰ ਤੇ ਰੱਖ ਦੇਂਦਾ। ਬਾਬਾ ਜੀ ਦਾ ਕੜਾਹ ਪ੍ਰਸ਼ਾਦਿ ਸਾਜਣ ਦਾ ਕੋਈ ਨਿਰਾਲਾ ਹੀ ਤਰੀਕਾ ਸੀ। ਪ੍ਰਸ਼ਾਦਿ ਇਤਨਾ ਸੁਆਦਿਸ਼ਟ ਸੀ, ਕਿ 'ਦਾਸ ਲਿਖਾਰੀ' ਨੇ ਆਪਣੀ ਜ਼ਿੰਦਗੀ ਵਿਚ ਅੱਜ ਤਕ ਉਹੋ ਜਿਹਾ ਸਵਾਦ ਨਹੀਂ ਵੇਖਿਆ। ਬਾਬਾ ਜੀ ਸਰਬ ਲੋਹ ਦੀ ਕੜਾਹੀ ਵਿਚ ਇਕ ਸੇਰ ਖੰਡ ਚਾਰ ਸੇਰ ਪਾਣੀ ਪਾ ਕੇ ਚਾਸ਼ਨੀ ਬਣਾ ਕੇ ਗੜਵੇ ਵਿਚ ਪੁਣ ਕੇ ਰੱਖ ਲੈਂਦੇ। ਅਤੇ ਫਿਰ ਸਹਿਜੇ ਸਹਿਜੇ ਮੱਠੀ ੨ ਅੱਗ ਤੇ ਬਾਣੀ [ਨਿੱਤਨੇਮ] ਕਰਦੇ ਹੋਏ ਆਟਾ ਤੇ ਘਿਓ ਇਕ ਇਕ ਸੇਰ ਹੀ ਪਾ ਕੇ ਭੁੰਨਦੇ। ਇਹ ਕ੍ਰਿਆ ਘੰਟਾ ਸਵਾ ਘੰਟਾ ਜਾਰੀ ਰਹਿੰਦੀ। [ਆਸਾ ਜੀ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਤੋਂ ਪਹਿਲਾਂ ਬਾਬਾ ਜੀ ਦੇਗ ਸਜਾ ਕੇ ਗੁਰੂ ਹਜ਼ੂਰ ਲੈ ਆਉਂਦੇ ਸਨ।]

ਭੁਜਾ ਆਟਾ ਜਦ ਲਾਲੀ ਵਿਚ ਹੁੰਦਾ (ਕਲਿਖਣ ਨਹੀਂ] ਚੁਲ੍ਹੇ ਤੋਂ ਉਤਾਰ ਕੇ, ਚਾਸ ਪਾਉਂਦੇ ਸਨ (ਆਪ ਚੁਲ੍ਹੇ ਤੇ ਚਾਸ ਨਹੀਂ ਪਾਉਂਦੇ ਸਨ।) ਤੇ ਸਹਿਜੇ ਸਹਿਜੇ ਹਿਲਾਈ ਜਾਂਦੇ ਸਨ। ਭੋਗ ਲੱਗਣ ਤਕ ਬਾਬਾ ਜੀ ਪ੍ਰਸ਼ਾਦਿ ਨੂੰ ਹੱਥ ਨਹੀਂ ਸਨ ਲਾਉਂਦੇ। ਦੂਸਰੀ ਸੁੱਕ ਮਾਂਜ ਸਰਬ ਲੋਹ ਦੀ ਕੜਾਹੀ ਵਿਚ ਉਲਟਾ ਲੈਂਦੇ। ਕਾਲੀ ਚੁਲ੍ਹੇ ਤੇ ਰੱਖੀ ਕੜਾਹੀ ਗੁਰੂ ਹਜ਼ੂਰ ਨਹੀਂ ਲੈ ਕੇ ਜਾਂਦੇ ਸਨ। ਰਸਤੇ ਵਿਚ ਇਕ ਸਿੰਘ ਜਲ ਵਿੜਕਾਂਦਾ ਸੀ। ਬਾਬਾ ਜੀ ਕੜਾਹੀ ਹਜ਼ੂਰੀਏ ਨਾਲ ਢੱਕ ਕੇ ਦਰਬਾਰ ਲੈ ਜਾਇਆ ਕਰਦੇ। ਜੇ ਗਰਮ ਵੇਖਣਾ ਹੋਵੇ ਤਾਂ ਕੜਾਹੀ ਨੂੰ ਬਾਹਰੋਂ ਹੱਥ ਲਾਉਂਦੇ। ਜੇ ਠੰਡਾ ਕਰਨਾ ਹੋਵੇ ਤਾਂ ਪਲਟਿਆਂ ਨਾਲ ਹਿਲਾਉਂਦੇ। ਅਤਿ ਸੀਤਲ ਜਿਸ ਵਿਚੋਂ ਮਠੀ ਮਠੀ ਖੁਸ਼ਬੂ ਨਾ ਆਉਂਦੀ, ਭੋਗ ਨਾ ਲੁਆਉਂਦੇ, ਸਗੋਂ

ਹੇਠਾਂ ਕੋਲੇ ਰੱਖ ਕੇ ਨੀਮ ਗਰਮ ਰੱਖਦੇ ਤਾਂ ਭੋਗ ਲਾਂਦੇ।

ਬਾਬਾ ਜੀ ਦਾ ਹੱਥੀਂ ਸਜਾਇਆ ਪ੍ਰਸ਼ਾਦਿ, ਸੰਗਤ ਵਿਚ ਦੋਹਰਾ ਵਰਤਦਾ ਅਤੇ ਆਈਆਂ ਸੰਗਤਾਂ ਨੂੰ ਸਾਰਾ ਦਿਨ ਦੋਹਰਾ ਗੱਫਾ ਵਰਤਾ ਕੇ ਭੀ ਸ਼ਾਮ ਤੱਕ ਨਾ ਮੁੱਕਦਾ।

ਬਹੁਤ ਸਮੇਂ ਤੱਕ ਬਾਬਾ ਜੀ ਆਪ ਹੀ ਕੜਾਹ ਪ੍ਰਸ਼ਾਦਿ ਸਜਾਂਦੇ ਰਹੇ। ਚਾਹੇ ਸਰੀਰ ਵਿਚ ਕੋਈ ਹਰਕਤ ਭੀ ਹੋਵੇ ਤਾਂ ਕਦੀ ਆਲਸ ਨਾ ਕਰਦੇ। ਫਿਰ ਭਾ: ਨੱਥਾ ਸਿੰਘ ਜੀ ਕਾਰੋਬਾਰੀ ਇਹ ਸੇਵਾ ਕਰਦੇ ਰਹੇ। ਸੰਮਤ ੧੯੯੯–੨੦੦੦ ਤੱਕ ਦੋ ਸਾਲ ਭਾਈ ਨਿਹਾਲ ਸਿੰਘ ਸੰਥਾ ਆਦਿ, ਦਸਮ ਦੀ ਸੰਥਾ ਕਰਦੇ ਸਨ ਤਾਂ ਲੰਗਰ, ਕੜਾਹ ਪ੍ਰਸ਼ਾਦਿ ਦੀ ਸੇਵਾ ਭੀ ਕਰਦੇ ਰਹੇ।

ਇਕ ਦਿਨ ਭਾਈ ਨਿਹਾਲ ਸਿੰਘ ਜੀ ਤੋਂ ਕੁਦਰਤੀ ਕੜਾਹ ਪ੍ਰਸ਼ਾਦਿ* ਦਾ ਆਟਾ ਜ਼ਿਆਦਾ ਭੁੱਜ ਗਿਆ ਅਤੇ 'ਕਾਲਾ' ਹੋ ਗਿਆ। ਭਾਈ ਜੀ ਦੇ ਮਨ ਵਿਚ ਬੜਾ ਭੈ ਆਇਆ ਕਿ ਬਾਬਾ ਜੀ ਕੀ ਕਹਿਣਗੇ, ਅਤੇ ਅਜਿਹੇ ਕਾਲੇ ਕੜਾਹ ਪ੍ਰਸ਼ਾਦਿ ਦਾ ਗੁਰੂ ਮਹਾਰਾਜ ਜੀ ਨੂੰ ਭੋਗ ਭੀ ਨਹੀਂ ਲੱਗ ਸਕਣਾ। ਉਧਰ ਸਮਾਂ ਭੀ ਭੋਗ ਪੈਣ ਦਾ ਥੋੜਾ ਰਹਿ ਗਿਆ ਹੈ, ਕਿਉਂਕਿ ਆਸਾ ਜੀ ਦੀ ਵਾਰ ਦਾ ਸੂਰਜ ਦੀ ਟਿੱਕੀ ਨਿਕਲਣ ਤੋਂ ਪਹਿਲਾਂ ਭੋਗ ਪੈ ਜਾਣਾ ਹੈ। ਫਿਰ ਦੁਬਾਰਾ ਜੇ ਕੜਾਹ ਪ੍ਰਸ਼ਾਦਿ ਬਣਾ ਭੀ ਲਿਆ ਤਾਂ ਇਤਨਾ ਗਰਮ ਕਿ ਏਨੀ ਛੇਤੀ ਠੰਢਾ ਭੋਗ ਲਾਣ ਮਾਫਕ ਨਹੀਂ ਹੋ ਸਕੇਗਾ। ਕੀ ਕੀਤਾ ਜਾਵੇ,ਬੜੀ ਗਲਤੀ ਹੋਈ ਹੈ, ਕਿਵੇਂ ਕੀਤਾ ਜਾਵੇ। ਬਾਬਾ ਜੀ ਨੂੰ ਬੇਨਤੀ ਕੀਤੀ ਜਾਵੇ, ਜਿਵੇਂ ਉਹ ਹੁਕਮ ਕਰਨਗੇ।

ਬਾਬਾ ਜੀ ਜਦੋਂ ਤੋਂ ਆਸਾ ਜੀ ਦੀ ਵਾਰ ਸ਼ੁਰੂ ਹੁੰਦੀ, ਗੁਰੂ ਤਾਅਬੇ ਖੜੇ ਹੋ ਕੇ ਭੋਗ ਪੈਣ ਤਕ ਚੌਰ ਕਰਦੇ 'ਗੁਪਤ ਜਾਪ ਕਰਦੇ' ਰਹਿੰਦੇ। ਭਾਈ ਨਿਹਾਲ ਸਿੰਘ ਜੀ ਡਰਦੇ ਹੋਏ ਹੱਥ ਜੋੜੀ ਬਾਬਾ ਜੀ ਪਾਸ

---

* ਕੜਾਹ ਪ੍ਰਸ਼ਾਦਿ– ਆਮ ਤੌਰ ਤੇ ਵੇਖਿਆ ਗਿਆ ਹੈ ਕਿ ਕਿਸੇ ਭਾਉ ਭਗਤੀ ਵਾਲੇ ਅਸਥਾਨ ਤੇ ਤਾਂ ਅਜਿਹੀ ਕ੍ਰਿਆ (ਪੋਚਾ, ਬਰਤਨ ਸਾਫ ਕਰਨੇ, ਚੇਹਰਾ ਢੱਕ ਕੇ ਬਾਣੀ ਪੜ੍ਹਦੇ ਹੋਏ ਕੜਾਹ ਪ੍ਰਸ਼ਾਦਿ ਸਜਾਇਆ ਜਾਂਦਾ ਹੈ) ਪਰੰਤੂ ਚਾਸ ਉਪਰ ਹੀ ਪਾਈ ਜਾਂਦੀ ਹੈ। ਵੱਧ ਘੱਟ ਜਲ ਉਪਰੋਂ ਠੰਡਾ ਤੱਤਾ ਪਾਇਆ ਜਾਂਦਾ ਹੈ।

ਬਾਕੀ ਧਰਮਸਾਲਾ, ਗੁਰਦੁਆਰਿਆਂ ਜਾਂ ਘਰ ਵਿਚ ਕੜਾਹ ਪ੍ਰਸ਼ਾਦਿ ਸਜਾਉਣ ਦੀ ਰੀਤ, ਜੋ ਰਹਿਤਨਾਮਿਆਂ ਵਿਚ ਲਿਖੀ ਹੈ, ਬਿਲਕੁਲ ਹੀ ਅਲੋਪ ਹੋ ਗਈ ਹੈ। ਨਾ ਚੁਲੇ ਤੇ ਪੋਚਾ (ਸਗੋਂ ਜਿਥੇ ਚਾਹ ਜਾਂ ਹੋਰ ਪਦਾਰਥ ਬਣ ਰਿਹਾ ਹੋਵੇ, ਬਿਨਾਂ ਸਫਾਈ ਦੇ ਉਥੇ ਹੀ ਸਜਾਇਆ ਜਾਣ ਲੱਗ ਪਿਆ ਹੈ) ਨਾ ਬਰਤਨਾਂ ਦੀ ਸੁਧਾਈ, ਨਾ ਰਸਦ ਦਾ ਸਮ - ਤੋਲ, ਨਾ ਜਲ ਦੀ ਚਾਰ ਗੁਣਾਂ ਵਾਲੀ ਮਿਣਤੀ, ਚਿਹਰੇ ਦਾ ਢੱਕਣਾ ਤੇ ਬਾਣੀ ਪੜ੍ਹਨੀ ਆਦਿ। ਇਹ ਕ੍ਰਿਆ ਤਾਂ ਬਿਲਕੁਲ ਹੀ ਗਾਇਬ ਹੋ ਗਈ ਹੈ। ਕਈ ਵਾਰੀ ਵਿਆਹ ਸ਼ਾਦੀਆਂ ਤੇ ਤਾਂ ਮੂੰਹ - ਸਿਰ ਮੁੰਨੇ ਹਲਵਾਈਆਂ ਪਾਸੋਂ ਹੀ ਪ੍ਰਸਾਦਿ (ਸਤਿਗੁਰੂ ਜੀ ਦੇ ਭੋਗ ਦਾ ਬਣਵਾ ਲਿਆ ਜਾਂਦਾ ਹੈ) ਨਾ ਅੰਮ੍ਰਿਤਧਾਰੀ ਹੀ ਸਜਾਂਦੇ ਹਨ ਸਗੋਂ ਕਈ ਥਾਂਵੀਂ ਤਾਂ ਬਿਨਾਂ ਅੰਮ੍ਰਿਤ ਛੱਕੇ ਬਿਨਾਂ ਇਸ਼ਨਾਨ ਕੀਤੇ ਹੋਏ ਕੜਾਹ ਪ੍ਰਸ਼ਾਦਿ ਤਿਆਰ ਕਰ ਕੇ ਗੁਰੂ ਮਹਾਰਾਜ ਜੀ ਦੇ ਹਜ਼ੂਰ ਰਖ ਦਿਤਾ ਜਾਂਦਾ ਹੈ।

☞

ਜਾ ਬੇਨਤੀ ਕੀਤੀ ਕਿ ਬਾਬਾ ਜੀ ਮੈਥੋਂ ਭਾਰੀ ਭੁੱਲ ਹੋ ਗਈ ਹੈ, ਜੋ ਮੈਥੋਂ ਕੜਾਹ ਪ੍ਰਸ਼ਾਦਿ ਕਾਲਾ ਸੜ ਗਿਆ ਹੈ। ਜੇ ਆਪ ਹੁਕਮ ਕਰੋ ਤਾਂ ਦੁਬਾਰਾ ਕੜਾਹ ਪ੍ਰਸ਼ਾਦਿ ਸਜਾ ਲਿਆ ਜਾਵੇ, ਅਤੇ ਦਾਸ ਨੂੰ ਇਸ ਗਲਤੀ ਦੀ ਮਾਫੀ ਦਿਤੀ ਜਾਵੇ।

ਬਾਬਾ ਜੀ– ਕੁਝ ਸਮਾਂ ਨੇਤ੍ਰ ਮੁੰਦੇ ਅਤੇ ਫਿਰ ਐਧਰ ਓਧਰ ਛੱਤ ਵਲ ਝਾਤ ਮਾਰਦਿਆਂ ਹੋਇਆ ਆਖਿਆ–ਭਾਈ ਅਜ ਸਤਿਗੁਰਾਂ ਨਾਲ ਅਜਿਹੀਆਂ ਰੂਹਾਂ ਫੌਜਾਂ ਹਨ, ਜਿਸ ਲਈ ਸਤਿਗੁਰੂ ਜੀ ਨੇ ਅਜਿਹਾ ਪ੍ਰਸ਼ਾਦਿ ਆਪ ਜੀ ਪਾਸੋਂ ਬਣਵਾਇਆ ਹੈ। ਆਪ ਦਾ ਇਸ ਵਿਚ ਕੋਈ ਕਸੂਰ ਨਹੀਂ ਆਪ ਭਰਮ ਨਾ ਕਰੋ। ਲਿਆਵੋ ਜਿਸ ਤਰਾ ਦਾ ਵੀ ਪ੍ਰਸ਼ਾਦਿ ਤਿਆਰ ਹੈ। ਭੋਗ ਅਜ ਅਜੇਹਾ ਹੀ ਸਵੀਕਾਰ ਹੋਵੇਗਾ।

☞ ਜਿਥੇ ਇਹ ਸਾਰੀ ਮਰਯਾਦਾ ਅਲੋਪ ਹੋ ਗਈ ਹੈ, ਉਥੇ ਮਨਮਤਿ ਨੇ ਇਸ ਕਦਰ ਪ੍ਰਭਾਵ ਫੈਲਾ ਦਿਤਾ ਹੈ, ਜਿਵੇਂ ਦਸਮ ਪਿਤਾ ਨੇ ਫੁਰਮਾਇਆ ਹੈ–

ਔਰ ਹੀ ਕ੍ਰਿਆ ਔਰ ਹੀ ਰੀਤੰ ॥ [ਪਾ: ੧੦

ਇਹ ਸੱਚ ਹੈ ਕਿ ਹੋਰ ਹੀ ਰੀਤਾਂ ਨੇ ਗੁਰਮਤਿ ਦੀ ਥਾਂਉਂ ਮੱਲ ਲਈ ਹੈ–ਦੇਸੀ ਘਿਓ ਦੀ ਥਾਂ ਡਾਲਡਾ (ਤੇਲ ਦੀ ਕੜਾਹੀ) ਭੈਰੋਂ ਭੂਤਾਂ ਦੀ ਕੜਾਹੀ ਬਨਣ ਲੱਗ ਪਈ ਹੈ। ਅੱਜ ਕੱਲ ਤਾਂ ਹੋਰ ਨਵੀਂ ਕ੍ਰਿਆ ਨਾਲ ਕੜਾਹ ਪ੍ਰਸ਼ਾਦਿ ਸਜਾਇਆ ਜਾਣ ਲੱਗਾ ਹੈ। ਪਾਣੀ ਗਰਮ ਕੀਤਾ ਜਾਂ ਨਾ ਸਹੀ. ਝੱਟ ਰੋਟੀ ਪੱਟ ਦਾਲ' ਵਾਲੀ ਗੱਲ ਬਣ ਗਈ ਹੈ। ਤੇਜ਼ ਅੱਗ ਬਾਲ ਕੇ ਕੜਾਹੀ ਵਿਚ ਘਿਉ ਆਟਾ ਪਾਇਆ। ਬਸ ਪੰਜਾਂ ਮਿੰਟਾਂ ਵਿਚ ਆਟਾ ਭੁੰਨ ਕੇ ਵਿਚੇ ਖੰਡ ਪਾ ਕੇ ਬਿਨਾਂ ਮਿਣੇ ਤੋਲੇ ਹੀ, ਜਿੰਨਾ ਪਾਣੀ ਖੱਪ ਸਕਿਆ ਪਾ ਕੇ ਝੱਟ ਹੀ ਕੜਾਹ ਪ੍ਰਸ਼ਾਦਿ ਤਿਆਰ ਕਰ ਕੇ ਰੱਖ ਲਿਆ। ਉਧਰੋਂ ਨੌਵੇਂ ਮਹਲੇ ਦੇ ਸਲੋਕ ਸ਼ੁਰੂ ਤੇ ਇਧਰ ਪ੍ਰਸ਼ਾਦਿ ਤਿਆਰ।

ਕਿੰਨੀ ਗਿਰਾਵਟ ਤੇ ਆਲਸ ਸਾਡੇ ਵਿਚ ਆ ਗਿਆ ਹੈ। ਸਤਿਗੁਰੂ ਜੀ ਦੇ ਭੋਗ ਲਈ ਕੜਾਹ ਪ੍ਰਸ਼ਾਦਿ ਬਨਾਉਣ ਵਿਚ ਭੀ ਧੋਖਾ। ਮਨ - ਮਰਜ਼ੀ ਕਾਰਨ ਸਾਡੇ ਵਿਚੋਂ ਭਉ ਤੇ ਭਾਉ (ਡਰ ਤੇ ਪਿਆਰ) ਅਲੋਪ ਹੁੰਦਾ ਜਾ ਰਿਹਾ ਹੈ। ਬਸ ਇਕੋ ਸੰਸਾਰ ਵਾਂਗ ਛੇਤੀ (ਕਾਹਲੀ) ਕਰ ਲਵੋ। ਪ੍ਰੰਤੂ ਇਹ ਮਾਰਗ ਤਾਂ ਸਹਿਜ - ਪਦ ਦਾ ਹੈ। ਸਹਿਜ - ਸ਼ਾਂਤੀ ਅਲੋਪ ਹੁੰਦੀ ਜਾ ਰਹੀ ਹੈ। ਦਿਨੋਂ ਦਿਨ ਅਸ਼ਾਂਤੀ (ਦੌੜ - ਭੱਜ) ਵੱਧਦੀ ਜਾ ਰਹੀ ਹੈ।

ਸਮਰੱਥ ਸਤਿਗੁਰੂ ਅੰਤਰਜਾਮੀ ਨੂੰ ਬਿਨਾਂ ਮਰਯਾਦਾ ਤਾਂ ਅਸੀਂ ਕੜਾਹ ਪ੍ਰਸ਼ਾਦਿ ਜਾਂ ਲੰਗਰ ਦਾ ਭੋਗ ਲਾਉਂਦੇ ਹਾਂ (ਲੰਗਰ ਦਾ ਤਾਂ ਸ਼ਾਇਦ ਹੀ ਕਿਧਰੇ ਕੋਈ ਗੁਰਮੁਖ ਜਨ ਹੀ ਭਾਵੇਂ ਪ੍ਰਤੱਖ ਸਤਿਗੁਰੂ ਜਾਣ ਕੇ ਭੋਗ ਲੁਆਉਂਦਾ ਹੋਵੇ) ਮੰਗਾਂ ਮੰਗੀ ਜਾਂਦੇ ਹਨ ਵੱਡੀਆਂ ਵੱਡੀਆਂ–'ਹਰਿ ਕਰਤਾ ਸਭ ਕਿਛੁ ਜਾਣਦਾ' ॥ ਤਾਂ ਤੇ ਸਾਡੀ ਭਾਵਨੀ - ਸ਼ਰਧਾ ਨਾਲ ਹੀ ਮਿਲਣਾ ਹੈ–

ਭਾਵਨੀਆ ਸੋ ਪਾਈਐ ॥ ਅਤੇ– ਸਤਿਗੁਰੂ ਨੂੰ ਜੇਹਾ ਕੋ ਇਛਦਾ ਤੇਹੋ ਫਲ ਪਾਏ ਕੋਇ॥

ਭਾਈ ਨਿਹਾਲ ਸਿੰਘ ਜੀ ਨੂੰ ਬਾਬਾ ਜੀ ਨੇ ਭਾਵੇਂ ਕਿਸੇ ਕਿਸਮ ਦੀ ਗਲਤੀ ਦਾ ਅਹਿਸਾਸ ਹੀ ਨਾ ਹੋਣ ਦਿਤਾ, ਸਗੋਂ ਉਹਨਾਂ ਦੇ ਮਨ ਦਾ ਭੈ ਦੂਰ ਕਰ ਕੇ ਉਹਨਾਂ ਦੇ ਅੰਦਰ ਖੁਸ਼ੀ ਤੇ ਖੇੜਾ ਲੈ ਆਂਦਾ। ਭਾਵੇਂ ਬਾਬਾ ਜੀ ਨੇ ਇਕ ਅਸਚਰਜ ਰਮਜ਼ ਦੁਆਰਾ ਕਾਲਾ ਕੜਾਹ ਪ੍ਰਸ਼ਾਦਿ ਹੀ ਸਵੀਕਾਰਤਾ ਲਈ ਕਹਿ ਦਿਤਾ, ਪਰ ਭਾਈ ਨਿਹਾਲ ਸਿੰਘ ਜੀ ਨੂੰ ਇਸ ਦਾ ਭਾਰੀ ਅਹਿਸਾਸ ਹੋਇਆ।

ਜਿਹੋ ਜਿਹਾ ਕੜਾਹ ਪ੍ਰਸ਼ਾਦਿ ਬਣਿਆ ਸੀ, ਉਸੇ ਦਾ ਹੀ ਭੋਗ ਲੁਆ ਦਿਤਾ ਤੇ ਫਿਰ ਭੀ ਬਾਬਾ ਜੀ ਨੇ ਕਿਸੇ ਸਮੇਂ ਭੀ ਜਿਤਾਉਣਾ ਨਾ ਕੀਤਾ।

ਮਹਾਂਪੁਰਸ਼ਾਂ ਦੀ ਸਮਦ੍ਰਿਸ਼ਟੀ ਤੇ 'ਅਉਗੁਣ ਕੋ ਨ ਚਿਤਾਰੇ' ਦੀ ਵਿਸ਼ਾਲਤਾ, ਸੀ। ਉਹ ਕਿਸੇ ਦੇ ਮਨ ਨੂੰ ਖੇਦ ਨਹੀਂ ਸਨ ਪਹੁੰਚਾਂਦੇ। ਚਾਹੇ ਕਿਤਨਾ ਭੀ ਕੋਈ ਨੁਕਸਾਨ ਕਰ ਦੇਂਦਾ। ਅਜਿਹੀਆਂ ਅਨੇਕਾਂ ਬਾਬਾ ਜੀ ਦੇ ਜੀਵਨ ਦੀਆਂ ਘਟਨਾਵਾਂ ਹਨ। ਨਾ ਹੀ ਦੁਰਬਚਨ ਕਹਿਣੇ ਨਾ ਹੀ ਕਿਸੇ ਨੂੰ ਬੁਰਾ ਭਲਾ ਜਾਂ ਗਲਤੀ ਹੋਣ ਤੇ ਭੀ ਮਹਿਸੂਸ ਕਰਾਉਣਾ।

ਬਾਰਸ਼ ਕਾਰਨ ਪਸ਼ੂਆਂ ਨੇ ਖੇਤਾਂ 'ਚ ਦਲਦਲ ਕਰਨੀ

ਉਪਰ ਲਿਖਿਆ ਹੈ ਕਿ ਬਾਬਾ ਜੀ ਚੋਰ ਨੂੰ ਕਦੀ ਚੋਰ ਨਾ ਦਰਸਾਂਦੇ। ਕਿਤਨਾ ਭੀ ਕਠੋਰ ਵਰਤਾਰਾ ਕਰਨ ਵਾਲੇ ਤੇ ਭੀ ਕਦੀ ਕ੍ਰੋਪੀ ਦਾ ਬਦਲਾ, ਭਾਵਨਾ ਵਾਲਾ ਵਰਤਾਓ ਨਾ ਕਰਦੇ। ਨਾ ਹੀ ਕਦੇ ਬੁਰਾ ਭਲਾ ਕਹਿੰਦੇ। ਇਉਂ ਦਾਸ (ਲਿਖਾਰੀ) ਦੇ ਸਮੇਂ ਇਕ ਵਾਰੀ ਬਾਰਸ਼ਾਂ ਦੇ ਦਿਨਾਂ ਵਿਚ ਜਦ ਕਿ ਵੈਸੇ ਭੀ ਉਸ ਧਰਤੀ ਤੇ ਚਲਣਾ ਫਿਰਨਾ ਮੁਸ਼ਕਲ ਹੋ ਜਾਂਦਾ ਹੈ। ਆਦਮੀ ਦੇ ਪੈਰ ਧਰਤੀ ਵਿਚ ਧੱਸ ਜਾਂਦੇ ਹਨ, ਪਸ਼ੂਆਂ ਨਾਲ ਤਾਂ ਫਿਰ ਘੋਬਾ ਹੋਣਾ ਹੀ ਹੋਇਆ। ਜਿਸ ਕਰ ਕੇ ਅਗੋਂ ਫਸਲ (ਜੁਵਾਰੀ) ਬੀਜਣ ਦਾ ਸਮਾਂ ਭੀ ਸੀ।

ਇਕ ਦਿਨ ਪਿਛਲੇ ਪਹਿਰ ਜਦ ਬਾਰਸ਼ ਪੈ ਕੇ ਹਟੀ ਸੀ ਤਾਂ ਬਾਹਰ ਚੁਗਣ ਗਏ ਪਸ਼ੂ ਜਿਉਂ ਹੀ ਟੱਪਦੇ ਨੱਸਦੇ ਬਾਹਰੋਂ ਆਏ ਤਾਂ, 'ਜਿਥੇ ਹੁਣ ਸਰਾਂ ਬਣੀ ਹੈ' ਉਹ ਸਾਰੇ ਹੀ ਖੇਤ ਵਿਚ ਦੌੜ ਦੌੜ ਕੇ ਇਤਨਾ ਘੋਬਾ ਕਰ ਗਏ ਕਿ ਉਸ ਨੂੰ ਸੰਵਾਰਨਾ ਬੀਜਣਾ ਮੁਸ਼ਕਲ ਹੋ ਗਿਆ।

ਬਾਬਾ ਧਰਮ ਸਿੰਘ ਜੀ, ਜੋ ਖੇਤੀ ਬਾੜੀ ਦੇ ਇਨਚਾਰਜ ਸਨ, ਇਹ ਵੇਖ ਕੇ ਬੜੇ ਗੁਸੇ ਵਿਚ ਆ ਗਏ। ਜੋ ਪਸ਼ੂਆਂ ਦੇ ਮਗਰ ਛੇੜੂ (ਪਾਲੀ) ਸਿੰਘ ਸਨ, ਉਹਨਾਂ ਨਾਲ ਦੁਰਬਚਨ ਹੋਣ ਲੱਗ ਪਏ। ਇਉਂ ਗਲ - ਬਾਤ ਹੱਥੋ - ਪਾਈ ਤਕ ਭੀ ਪਹੁੰਚ ਗਈ। ਪਰ 'ਬਾਣੀਆਂ ਦੀ ਲੜਾਈ ਵਾਂਗ, ਮਾਰੂੰ ਵੱਟਾ ਦੂਰ ਦੂਰ ਹੀ' ਖੜੇ ਮੇਹਣੋਂ ਮੇਹਣੀਂ ਹੋ ਰਹੇ ਸਨ। ਇਧਰੋਂ ਹੋਰ ਸਿੰਘ ਵੀ ਚਲੇ ਗਏ ਅਤੇ ਬਾਬਾ ਧਰਮ ਸਿੰਘ ਜੀ ਨੂੰ ਲੈ ਆਏ।

ਜਦੋਂ ਸ਼ਾਮ ਦਾ ਨਿੱਤਨੇਮ ਹੋ ਗਿਆ। ਲੰਗਰ ਛੱਕਣ ਲਈ ਪੰਗਤ ਜੁੜੀ ਲੰਗਰ ਛੱਕ ਚੁੱਕਣ ਤੇ ਬਾਬਾ ਧਰਮ ਸਿੰਘ ਜੀ ਨੇ ਸਿੰਘਾਂ ਦਾ ਖੇਤਾਂ ਵਿਚ ਜਾਣ ਬੁੱਝ ਕੇ ਦਲ ਦਲ ਕਰਾਉਣ ਦੀ ਤੇ ਬੁਰੇ ਭਲੇ ਅਖਰ ਕਹੇ ਕੁਹਾਏ ਦੀ ਗਲ 'ਚ ਲਾਈ ਸਾਰੇ ਸਿੰਘ ਬੈਠੇ ਸਨ ਕਿ ਬਾਬਾ ਜੀ ਕੀ ਫੈਸਲਾ ਦੇਂਦੇ ਹਨ। ਜਿਨ੍ਹਾਂ ਸਿੰਘਾਂ (ਪਾਲੀਆਂ) ਨੇ ਬਾਬਾ ਧਰਮ ਸਿੰਘ ਜੀ ਨਾਲ ਵਧੀਕੀ ਦੇ ਬਚਨ ਕੀਤੇ ਸਨ, ਸਿਰ ਨੀਵੀ

ਪਾਈ ਬੈਠੇ ਸ਼ਰਮਸਾਰ ਹੋ ਰਹੇ ਸਨ।

ਬਾਬਾ ਮਿੱਤ ਸਿੰਘ ਜੀ–(ਆਪਣੇ ਸਾਥੀ ਬਾਬਾ ਧਰਮ ਸਿੰਘ ਜੀ ਨੂੰ ਮੁਖਾਤਬ ਹੁੰਦਿਆਂ) ਬਾਬਾ ਧਰਮ ਸਿੰਘ ਜੀ, ਤੁਸਾਂ ਨੇ ਸਿੰਘਾਂ ਤੇ ਖਫਾ ਕਾਹਨੂੰ ਹੋਣਾ ਸੀ? ਇਹ ਤਾਂ ਮਾਲਕ ਹਨ। ਮਾਲਕਾਂ ਨਾਲ ਖ਼ਫ਼ਾ ਕਾਹਨੂੰ ਹੋਣਾ ਸੀ। ਮਾਲਕਾਂ ਨਾਲ ਖਫਾ ਨਹੀਂ ਹੋਈਦਾ। ਇਹ ਤਾਂ–

[ਸਲੋਕ ਮ: ੨–੪੭੪

ਚਾਕਰੁ ਲਗੈ ਚਾਕਰੀ... ... ...

ਨਾਲੇ ਗਾਰਬੁ ਵਾਦੁ। [ਸਲੋਕ ਮ: ੨, ਪੰਨਾ ੪੭੪

ਤੇ ਜੇ ਅਸੀਂ–

ਚਾਕਰ (ਸੇਵਾਦਾਰ) ਨੂੰ ਤਾਂ ਸੇਵਾ ਕਰਨ ਤੱਕ ਆਪਣੇ ਫਰਜ਼ ਨਿਬਾਹੁਣੇ ਚਾਹੀਦੇ ਹਨ। ਮਾਲਕ ਦੇ ਨਾਲ ਵਾਦ - ਵਿਵਾਦ ਤਾ 'ਗਰਬ - ਹੰਕਾਰ' ਦਾ ਬੀਜ (ਆਪਣੇ ਮਨ ਅੰਦਰ) ਉਗਲਣਾ ਸੇਵਕ ਦਾ ਕਰਮ ਨਹੀਂ ਹੁੰਦਾ।

ਇਹ ਗੁਰੂ ਕੀ ਲਾਡਲੀ ਫੌਜ ਜਗਤ - ਮਾਤਾ ਜੀ ਦੇ ਅਸਥਾਨ ਦੀ ਮਾਲਕ ਹੈ। ਮਾਲਕ ਚਾਹੇ ਰਖੇ, ਸੰਵਾਰੇ ਜਾਂ ਵਿਗਾੜੇ ਅਸਾਂ ਨੂੰ ਕਿੰਤੂ ਕਰਨੀ ਨਹੀਂ ਚਾਹੀਦੀ, ਅਸੀਂ ਮਾਲਕ ਨਹੀਂ, ਜੋ ਅਸੀਂ ਇਹਨਾਂ ਨੂੰ ਕੁਝ ਕਹਿਣ ਦਾ ਹੱਕ ਰੱਖਦੇ ਹੋਈਐ। ਵਿਗਾੜਿਆ ਨੇ ਤਾਂ ਆਪਣਾ ਇਹ ਇਹਨਾਂ ਦੀ ਜ਼ਿਮੇਵਾਰੀ ਹੈ। ਮਾਤਾ ਜੀ ਨੂੰ ਵਿਗੜੇ ਸੌਂਰੇ ਦਾ ਜੁਆਬ ਇਹ ਆਪੇ ਦੇਣਗੇ। ਅਸਾਂ ਤੁਸਾਂ ਨੂੰ ਚਿੰਤਾ ਕਿਉਂ ਤੇ ਸਾਨੂੰ ਸੇਵਕਾਂ ਨੂੰ ਅਧਿਕਾਰ ਭੀ ਕੀਹ ਹੈ। ਅਸੀਂ ਮਾਲਕਾਂ ਦੇ ਕੰਮ ਵਿਚ ਖਾਹ - ਮਖਾਹ ਦਖਲ ਦਈਏ, ਇਹ ਭੀ ਵੇਖਦੇ ਤੇ ਜਾਣਦੇ ਹੀ ਹਨ, ਆਪਣੇ ਨੁਕਸਾਨ ਨੂੰ।

ਅਜੇ ਬਾਬਾ ਜੀ ਆਪਣੇ ਸਾਥੀ (ਬਾਬਾ ਧਰਮ ਸਿੰਘ ਜੀ ਨੂੰ ਮੁਖਾਤਬ) ਬਚਨ ਕਰ ਹੀ ਰਹੇ ਸਨ, ਕਿ ਗਲਤੀ ਕਰਨ ਵਾਲੇ ਪਾਲੀਆਂ [ਸਿੰਘਾਂ) ਨੂੰ ਅਹਿਸਾਸ ਹੋ ਆਇਆ, ਕਿ ਅਸਾਂ ਭਾਰੀ ਗਲਤੀ ਕੀਤੀ ਹੈ। ਉਹਨਾਂ ਸਿੰਘਾਂ ਨੇ ਹੱਥ ਜੋੜੀ ਖੜੇ ਹੋ ਕੇ ਕਿਹਾ–ਬਾਬਾ ਜੀ ਮਾਫ ਕਰ ਦਿਓ। ਅਸਾਂ ਤੋਂ ਹੀ ਤਾਂ ਗਲਤੀ ਹੋਈ ਸੀ, ਤੇ ਸਾਥੋਂ ਸਗੋਂ ਉਲਟੇ ਬਾਬਾ ਜੀ ਨੂੰ ਗੁਸੇ ਦੁਰਬਚਨ ਬੋਲੇ ਗਏ ਹਨ। ਕਿਰਪਾ ਕਰ ਕੇ ਸਾਨੂੰ ਮਾਫ ਕਰ ਦਿਓ।

ਜੀ ਹਾਂ, ਕਿੰਨਾ ਵਿਸ਼ਾਲ ਹਿਰਦਾ ਸੀ ਬਾਬਾ ਜੀ ਦਾ–

ਅਉਗੁਣ ਕੋ ਨਾ ਚਿਤਾਰਦਾ ॥ [ਪੰਨਾ ੧੧੦੧

ਬਾਬਾ ਜੀ– ਨਹੀਂ ਸਿੰਘੋ! ਤੁਸੀਂ ਮਾਲਕ ਹੋ। ਜੋ ਮਰਜ਼ੀ ਏ ਕਰੋ, ਮਾਲਕ ਤਾਂ ਗਲਤੀ ਨਹੀਂ ਕਰਦਾ। ਇਹ ਤਾਂ ਫਰਦਿ - ਜੁਰਮ ਹਮੇਸ਼ਾ ਨੌਕਰਾਂ ਚਾਕਰਾਂ ਉਤੇ ਸੇਵਾਦਾਰਾਂ ਤੇ ਹੀ ਲਗਦੇ ਹਨ। ਤੁਸਾਂ ਗਲਤੀ ਕੀਤੀ ਹੈ? ਮਾਫੀ ਤਾਂ ਸਾਨੂੰ ਮੰਗਣੀ ਚਾਹੀਦੀ ਹੈ। ਬਾਬਾ ਜੀ ਦੇ ਕੌੜੇ ਬਚਨਾਂ ਨੇ ਤੁਹਾਡਾ ਦਿਲ ਦੁਖਾਇਆ ਹੈ।

ਸਿੰਘ (ਪਾਲੀ) ਬੜੇ ਨਿਢਾਲ ਜਿਹੇ ਨਿਰਉੱਤਰ ਹੋਏ ਖੜੇ ਸਨ। ਜਿਵੇਂ ਕਿਸੇ ਨੂੰ ਆਪਣੀ ਗਲਤੀ ਦਾ ਪੂਰਨ ਅਹਿਸਾਸ ਹੋ ਰਿਹਾ ਹੋਵੇ ਤੇ ਉਹ ਉਡੀਕ ਕਰ ਰਿਹਾ ਹੋਵੇ ਕਿ ਮੇਰੀ ਗਲਤੀ ਦੀ ਕਦ ਮੁਆਫੀ ਮਿਲਦੀ ਹੈ।

ਬਾਬਾ ਜੀ– ਬਾਬਾ ਧਰਮ ਸਿੰਘ ਜੀ, ਅਸੀਂ ਹੁਣ ਬਿਰਧ ਹੋ ਚੁੱਕੇ ਹਾਂ, ਅਤੇ ਇਹ ਨੌਜਵਾਨ ਹਨ। ਤੁਸੀਂ ਤਾਂ 'ਲਕਟੀ ਟੋਹਣੀ' ਇਕ ਹੱਥ ਵਿਚ ਸੋਟੀ ਤੇ ਦੂਜੇ ਇਕ ਹੱਥ ਨਾਲ ਇਹਨਾਂ ਦੀ ਪੱਗ ਨੂੰ ਹੱਥ ਪਾਉਣਾ ਸੀ। ਤੇ ਇਕ ਇਹ ਨੌਜਵਾਨ, ਦੂਸਰੇ ਦੋਵੇਂ ਹੱਥ ਖਾਲੀ, ਤੁਹਾਡੀ ਪੱਗ ਨੂੰ ਦੋਹਾਂ ਹੱਥਾਂ ਨਾਲ ਛੇਤੀ ਉਛਾਲ ਸਕਦੇ ਸਨ। ਆਪਣੀ ਦਸਤਾਰ (ਪੱਗ - ਇੱਜ਼ਤ) ਦੀ ਸੰਭਾਲ ਲਈ ਆਪਣੇ ਦੋਵੇਂ ਹੱਥ ਪੱਗ ਨੂੰ ਘੁੱਟ ਕੇ ਪਾ ਕੇ ਰੱਖੋਗੇ ਤਾਂ ਅੱਜ ਦੇ ਸਮੇਂ ਪੱਤ ਰਹਿ ਸਕੇਗੀ। ਕਲਯੁੱਗ ਅਸੰਭ ਚੜ੍ਹ ਗਿਆ ਹੈ–

ਏਕ ਏਕ ਕੀ ਬਾਤ ਉਥਲ ਹੈਂ ॥ ਏਕ ਏਕ ਕੇ ਪੈਂਡ ਨ ਚਲ ਹੈਂ ॥

[ਦਸਮ ਗ੍ਰੰਥ, ਨਿਹਕਲੰਕੀ, ਪਾ: ੧੦

ਫਿਰ ਬਾਬਾ ਧਰਮ ਸਿੰਘ ਜੀ, ਜੋ ਬਿਹੰਗਮ ਹੋਏ ਹਨ, ਆਪਣੇ ਮਾਂ, ਬਾਪ, ਭੈਣ ਭਾਈ ਮਕਾਨ, ਸੰਪਤੀ (ਜਾਇਦਾਦਾਂ) ਵਲੋਂ ਮੋਹ ਤ੍ਰਿਆਗ ਕੇ ਆਏ ਹੋਏ ਹਨ। ਉਹਨਾਂ ਦਾ ਹੁਣ ਕਿਸੇ ਨਾਲ ਕੀ ਮੋਹ ਹੋ ਸਕਦਾ ਹੈ, ਤੇ ਕਿਸੇ ਦੀ ਪੱਤ ਅਪੱਤ ਰਖਾਨ ਦਾ ਉਹਨਾਂ ਨੂੰ ਮੂਲ ਲਗਾਓ ਨਹੀਂ ਰਹਿ ਜਾਂਦਾ। ਇਹ ਬੇਪ੍ਰਵਾਹ ਫੌਜ ਹੈ। ਪੱਤ-ਅਪੱਤ ਦਾ ਇਹਨਾਂ ਨੂੰ ਕਾਹਦਾ ਅਹਿਸਾਸ ਹੈ।

ਸਾਰੇ ਸਿੰਘ ਬਾਬਾ ਜੀ ਦਾ ਅਜੀਬ ਜਿਹਾ ਫੈਸਲਾ ਸੁਣ ਕੇ ਚਕ੍ਰਿਤ (ਹੈਰਾਨ) ਹੋ ਰਹੇ ਸਨ। ਪਾਲੀ ਸਿੰਘ ਰੁਦਨ ਕਰਦੇ, ਬਾਬਾ ਧਰਮ ਸਿੰਘ ਜੀ ਦੇ ਚਰਨਾਂ ਤੇ ਢਹਿ ਪਏ, ਤੇ ਕਹਿਣ ਲੱਗੇ ਸਾਨੂੰ ਮਾਫ ਕਰ ਦਿਓ। ਅਸੀਂ ਗੁਨਾਹਗਾਰ ਹਾਂ।

ਬਾਬਾ ਧਰਮ ਸਿੰਘ– ਸਿੰਘੋ! ਬਾਧਾ ਜੀ ਦੇ ਬਚਨਾਂ ਨੇ ਤਾਂ ਸਾਨੂੰ ਸਾਡੀ ਗਲਤੀ ਦਾ ਕੇਵਲ ਅਹਿਸਾਸ ਹੀ ਨਹੀਂ ਕਰਾਇਆ, ਸਗੋਂ ਐਸਾ ਗੂੜ੍ਹ ਗਿਆਨ ਵੀ ਪ੍ਰਦਾਨ ਕੀਤਾ ਹੈ। ਜਿਸ ਕਰ ਕੇ ਸਾਡੇ ਭੁੱਲੜ ਮਨ ਨੂੰ ਸੋਝੀ ਆਈ ਹੈ ਕਿ ਅਸੀਂ ਸੇਵਾਦਾਰ ਹਾਂ, ਮਾਲਕ ਨਹੀਂ। ਤਾਂ ਤੇ ਬਾਬਾ ਮਿੱਤ ਸਿੰਘ ਜੀ ਤੋਂ ਸਾਰੇ ਮਾਫੀ ਮੰਗੀਏ।

ਬਾਬਾ ਮਿੱਤ ਸਿੰਘ ਜੀ– ਬਾਬਾ ਧਰਮ ਸਿੰਘ ਜੀ! ਗਲਤੀ ਮਾਫ ਕਰਨ ਦਾ ਅਧਿਕਾਰ ਉਸ ਨੂੰ ਹੁੰਦੇ ਹਨ ਜੋ ਆਪ ਗਲਤੀ ਨਾ ਕਰਦਾ ਹੋਵੇ। ਕੋਈ ਭੀ ਜੀਵ ਗੁਰਬਾਣੀ ਦੀ ਕਸਵੱਟੀ ਤੇ ਪੂਰਾ ਨਹੀਂ ਹੈ। ਅਸੀਂ ਸਾਰੇ ਹੀ ਫੇਹਲ ਹਾਂ। ਕਿਉਂਕਿ–

ਗੁਣ ਅਉਗੁਣ ਸਭ ਬਿਖੈ ਇਨ ਜੀਵ ਜੰਤ ਨ ਕੋਇ ॥

ਅਤੇ ਸਾਡੇ ਸਾਰਿਆਂ ਨੂੰ ਉਸ ਪ੍ਰਭੂ (ਮਾਲਕ) ਪਾਸੋਂ ਹੀ ਭੁੱਲਾਂ ਬਖਸ਼ਾਉਣੀਆਂ ਚਾਹੀਦੀਆਂ ਹਨ–

ਅਉਗੁਣ ਕੋ ਨਾ ਚਿਤਾਰਦਾ ॥ [ਪਉੜੀ ੧੧੦੧

ਤਾਂ ਤੇ ਗੁਰੂ ਦਰਬਾਰ, ਸਤਿਗੁਰੂ ਹਜ਼ੂਰ ਅਰਦਾਸ ਕਰ ਕੇ ਮਾਫੀ ਮੰਗੀ ਜਾ ਸਕਦੀ ਹੈ। ਅਸਾਂ ਤੁਸਾਂ ਨੇ ਜੋ ਭੁੱਲ ਕੀਤੀ ਹੈ, ਤਾਂ ਸਤਿਗੁਰੂ ਜੀ ਦੀ ਸੰਪਤੀ ਨੂੰ ਆਪਣੀ ਜਾਣ ਕੇ, ਜਾਂ ਕਿਸੇ ਮਨੁਖ ਦੀ ਇਹ ਸੰਪਤੀ ਜਾਣ ਕੇ ਅਜਿਹੀ ਭੁੱਲ ਕਰਦੇ ਹਾਂ। ਇਹ ਭੁੱਲ ਤਾਂ ਸਤਿਗੁਰੂ ਜੀ ਹੀ ਬਖਸ਼ ਸਕਦੇ ਹਨ, ਉਹ ਹੀ ਬਖਸ਼ਣਹਾਰ ਹਨ। ਇਹ ਖਾਲਸੇ ਦੀ ਜਗਤ ਮਾਤਾ ਜੀ ਦਾ ਅਸਥਾਨ ਹੈ। ਉਹ ਹੀ ਪੁਤਰਾਂ ਦੀ ਗਲਤੀ ਨੂੰ ਮਾਫ ਕਰ ਸਕਦੀ ਹੈ। ਸਾਰੇ ਸਿੰਘ ਸਤਿਗੁਰੂ ਜੀ ਦੇ ਹਜ਼ੂਰ ਜਾ ਕੇ ਹੀ ਅਰਦਾਸ ਕਰ ਕੇ ਆਪਣੀ

ਭੁੱਲ ਬਖਸ਼ਾਈਏ ।

ਬਾਬਾ ਜੀ ਕਦੇ ਭੀ, ਭਾਵੇਂ ਕੋਈ ਕਿਤਨਾ ਭੀ ਨੁਕਸਾਨ ਕਰਦਾ, ਉਸ ਨੂੰ ਦੋਸ਼ੀ ਨਾ ਠਹਿਰਾਂਦੇ ਅਤੇ ਨਾ ਹੀ ਉਸ ਨੂੰ ਸਜ਼ਾ ਦੇਂਦੇ ਸਨ। ਸਗੋਂ ਸਤਿਗੁਰੂ ਜੀ ਦੀ ਵਡਿਆਈ ਤੇ ਸਤਿਕਾਰ ਹੀ ਦਰਸਾਂਦੇ। ਭੁੱਲੇ ਭੱਟਕੇ ਨੂੰ ਉਹ ਉਪਦੇਸ਼ ਰਾਹੀਂ ਸਦਾ ਲਈ ਜਾਗਰਤੀ ਦੇਂਦੇ ਸਨ।

ਇਕ ਢੇਡ (ਬਾਲਮੀਕੀ)

ਜਿਉਂ ਜਿਉਂ ਮਾਤਾ ਜੀ ਦੇ ਅਸਥਾਨ ਦੀ ਪ੍ਰਭਤਾ ਤੇ ਦੇਗ ਲੰਗਰ ਦੀ ਹਰ ਪ੍ਰਾਣੀ ਲਈ ਸਾਂਝ ਦੀਆਂ ਸੋਆਂ ਫੈਲਦੀਆਂ ਜਾ ਰਹੀਆਂ ਸਨ, ਤਾਂ ਜੋ ਇਧਰ ਦੇ ਵਸਨੀਕ ਮਰਹੱਟੇ ਜਾਂ ਢੇਡ [ਹਰੀਜਨ] ਬਾਬਾ ਜੀ ਨਾਲ ਵਧੀਕੀਆਂ ਕਰਦੇ ਰਹੇ ਸਨ ਤੇ ਬਾਬਾ ਜੀ ਸਹਿਣ ਕਰਦੇ ਰਹੇ। ਕਦੀ ਘੋੜਿਆਂ ਅਗੋਂ ਨਦੀ ਚੋਂ ਖੋਤਰ ਕੇ ਲਿਆਂਦਾ ਘਾਹ ਭੀ ਬੁਰੇ - ਭਲੇ ਕੁਬੋਲ ਬੋਲ ਕੇ ਚੁੱਕ ਕੇ ਲੈ ਜਾਂਦੇ ਸਨ। ਕਦੀ ਨਦੀ ਵਿਚੋਂ ਚੁਣ ਕੇ ਲਿਆਂਦੀਆਂ ਲੰਗਰ ਲਈ ਲੱਕੜਾਂ ਧੱਕੇ ਨਾਲ ਚੁੱਕਕੇ ਲੈ ਜਾਂਦੇ। ਇਉਂ ਹਰ ਵਧੀਕੀ ਬਾਬਾ ਜੀ ਸਬਰ, ਸੰਤੋਖ ਨਾਲ ਸਤਿਗੁਰੂ ਜੀ ਦੀ ਰਜਾ ਸਮਝ ਕੇ ਸਹਿਣ ਕਰਦੇ ਰਹੇ।

ਪਰ ਸਮਾਂ (ਵਕਤ) ਨਾ ਕਦੀ ਖਲੋਤਾ ਹੈ ਤੇ ਨਾ ਹੀ ਇਕ ਤਾਰ ਇਕੋ ਰੰਗ ਚਲਦਾ ਹੈ। ਜਿਵੇਂ ਸੂਰਜ ਚੜ੍ਹ ਪਿਆ ਤਾਂ ਸਾਰੇ ਰੋਸ਼ਨੀ ਹੋ ਜਾਂਦੀ ਹੈ ਅਤੇ ਹਨੇਰਾ ਦੌੜ ਜਾਂਦਾ ਹੈ। ਜਦ ਸੂਰਜ ਡੁੱਬਿਆ (ਦੂਰ ਹੋਇਆ) ਤਾਂ ਹਨੇਰੀ ਕਾਲੀ ਬੋਲੀ ਰਾਤ। ਇਸ ਤਰ੍ਹਾਂ ਕਦੀ ਧੁੱਪ, ਕਦੀ ਛਾਂ। ਹੁਣ ਸਮਾਂ ਦੁਖਾਂ ਮੁਸੀਬਤਾਂ ਤੇ ਖਿਜ਼ਾਓ ਵਾਲਾ ਲੰਘ ਚੁੱਕਾ ਸੀ। ਹਰ ਤਰਾਂ ਰੋਸ਼ਨੀ, ਚਹਿਲ - ਪਹਿਲ ਤੇ ਲੰਗਰ ਦੇਗ ਅੱਠੋ ਪਹਿਰ ਦਾ ਪਹਿਰਾ ਚਲ ਪਿਆ ਸੀ।

ਜਿਨ੍ਹਾਂ ਜੀਵਾਂ (ਮਰਹੱਟਿਆਂ) ਦੀ ਬੁੱਧੀ ਉਸ ਵਕਤ ਮਲੀਨ ਸੀ, ਤੇ ਬਾਬਾ ਜੀ ਨੂੰ ਦੁੱਖ ਦੇਂਦੇ ਸਨ। ਸਮੇਂ ਦਾ ਉਨ੍ਹਾਂ ਤੇ ਭੀ ਗਰਦਸ਼ ਦਾ ਅਜਿਹਾ ਚੱਕਰ ਚੱਲਿਆ ਕਿ ਉਨ੍ਹਾਂ ਨੂੰ ਭੀ ਹੁਣ ਇਸ ਅਸਥਾਨ ਤੋਂ ਸਿਵਾ ਢਿੱਡ ਦੀ ਅਗਨੀ ਬੁਝਾਉਣ (ਰੋਟੀ ਖਾਣ) ਨੂੰ ਹੋਰ ਕੋਈ ਥਾਉਂ ਨਹੀਂ ਸੀ ਦਿਸਦਾ ਤੇ ਨਾ ਹੀ ਕੋਈ ਵਸੀਲਾ ਸੀ।

ਇਕ ਢੇਡ [ਹਰੀਜਨ] ਜੋ ਕਦੀ ਜਬਰੀ ਬਾਬਾ ਜੀ ਵਲੋਂ ਲੰਗਰ ਵਾਸਤੇ ਇਕੱਠੀਆਂ ਕੀਤੀਆਂ ਲੱਕੜਾਂ ਚੁੱਕ ਕੇ ਲੈ ਜਾਇਆ ਕਰਦਾ ਸੀ। ਅੱਜ ਰੋਟੀ ਤੋਂ ਭੀ ਆਤਰ ਹੋ ਚੁੱਕਾ ਸੀ। ਇਹ ਢੇਡ [ਹਰੀਜਨ] ਬਹੁਤ ਦਿਨਾਂ ਦਾ ਭੁੱਖ ਦਾ ਮਾਰਿਆ, ਮਾਤਾ ਜੀ ਦੇ ਅਸਥਾਨ ਤੇ ਆ ਗਿਆ ਤੇ ਬਾਬਾ ਜੀ ਦੇ ਚਰਨੀਂ ਢਹਿ ਪਿਆ। ਉਹ ਆਖਣ ਲੱਗਾ–ਬਾਬਾ ਜੀ ਮੈਨੂੰ ਬਹੁਤ ਦਿਨਾਂ ਤੋਂ ਰੋਟੀ ਨਹੀਂ ਮਿਲੀ। ਮੈਂ ਲੰਗਰ ਛੱਕਣਾ ਹੈ। ਮੈਂ ਬੜੀਆਂ ਗਲਤੀਆਂ ਕੀਤੀਆਂ ਹਨ। ਮੈਨੂੰ ਮਾਫ਼ ਕਰ ਦਿਓ। ਮੈਂ ਆਪ ਜੀ ਦੇ ਨਾਲ ਭੀ ਬੜੀਆਂ ਵਧੀਕੀਆਂ ਕਰਦਾ ਰਿਹਾ ਹਾਂ।

ਬਾਬਾ ਜੀ– (ਉਸ ਦਾ ਆਦਰ ਕਰਦੇ ਹੋਏ) ਆਓ ਬੈਠੋ! ਲੰਗਰ ਗੁਰੂ ਦਾ ਤਾਂ ਹਰ ਇਕ ਵਾਸਤੇ ਹਰ ਸਮੇਂ ਖੁੱਲ੍ਹਾ ਹੈ। ਖੂਬ ਰੱਜ ਕੇ ਛੱਕੋ ਤੇ ਜਿਤਨਾ ਚਿਰ ਕੋਈ ਕਾਰੋਬਾਰ ਨਹੀਂ ਮਿਲਦਾ, ਰੋਜ਼ ਦੋਨੋਂ ਵੇਲੇ ਲੰਗਰ ਛਕ ਜਾਇਆ ਕਰੋ। ਕੋਈ ਸੰਗਣ ਦੀ ਲੋੜ ਨਹੀਂ। ਮਾਂ ਸਭ ਦੀ ਹੈ।

ਢੇਡ– ਬਾਬਾ ਜੀ ਮੈਂ ਸਰਮਸ਼ਾਰ ਹਾਂ। ਰੋਜ਼ਾਨਾ ਕਿਵੇਂ ਲੰਗਰ ਛੱਕਿਆ ਕਰਾਂਗਾ। ਅੱਜ ਲੰਗਰ ਛੱਕਾ ਦਿਓ, ਬਹੁਤ ਭੁੱਖ ਲੱਗੀ ਏ। ਮੈਂ ਤਾਂ ਮੂੰਹ ਵਿਖਾਉਣ ਜੋਗਾ ਭੀ ਨਹੀਂ।

ਬਾਬਾ ਧਰਮ ਸਿੰਘ–(ਅਚਾਨਕ ਬਾਬਾ ਜੀ ਭੀ ਆ ਕੇ) ਬਾਬਾ ਜੀ! ਇਹ ਉਹੀ ਢੇਡ ਹੈ। ਜੋ ਸਾਡੇ ਲੰਗਰ ਦੀਆਂ ਲੱਕੜਾਂ, ਜੋ ਅਸੀਂ ਗੋਦਾਵਰੀ ਤੋਂ ਚੁਣ ਕੇ ਲਿਆਇਆ ਕਰਦੇ ਸਾਂ ਤੇ ਇਹ ਜਬਰਦਸਤੀ ਚੁੱਕ ਕੇ ਲੈ ਜਾਇਆ ਕਰਦਾ ਸੀ। ਨਾਲੇ ਦੁਰਬਚਨ ਭੀ ਬਹੁਤ ਬੋਲਦਾ ਸੀ ਕੇ ਆਕੜਦਾ ਹੁੰਦਾ ਸੀ। ਅਜਿਹੇ ਦੁਸ਼ਟ ਨੂੰ ਲੰਗਰ? ਮਰਨੇ ਦਿਓ ਅਜਿਹੇ ਦੁਸ਼ਟ ਨੂੰ। ਇਸ ਨੂੰ ਇਥੇ ਕਿਉਂ ਵੜਨ ਦਿਤਾ ਜੇ। ਇਹ ਕੋਈ ਹੋਰ ਚੋਰੀ ਕਰਨ ਦੀ ਨੀਯਤ ਨਾਲ ਆਇਆ ਹੋਵੇਗਾ ਕਿ ਸਮਾਂ ਪਾ ਕੇ ਇਥੋਂ ਚੋਰੀ ਕਰ ਲਵਾਂਗਾ।

ਬਾਬਾ ਮਿੱਤ ਸਿੰਘ ਜੀ– ਨਹੀਂ ਬਾਬਾ ਧਰਮ ਸਿੰਘ ਜੀ! ਜਦ ਕੋਈ ਆ ਹੀ ਜਾਂਦਾ ਹੈ ਚਾਹੇ ਦੁਸ਼ਮਣ ਦੂਤ ਹੀ ਕਿਉਂ ਨਾ ਹੋਵੇ, ਉਸ ਦਾ ਆਦਰ ਕਰਨਾ ਡੇਰੇਦਾਰ ਦਾ ਫ਼ਰਜ਼ ਬਣ ਜਾਂਦਾ ਹੈ। ਭਾਵੇਂ ਉਹ ਖੋਟੀ ਨੀਯਤ ਨਾਲ ਕਿਉਂ ਨਾ ਆਇਆ ਹੋਵੇ। ਸਾਨੂੰ ਆਪਣੇ ਕਰਮ ਧਰਮ ਨਹੀਂ ਛੱਡਣੇ ਚਾਹੀਦੇ ਜਿਵੇਂ–

ਸੰਤ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ ॥

ਜਿਵੇਂ ਚੰਦਨ ਠੰਢਕ ਨਹੀਂ ਛੱਡਦਾ, ਭਾਵੇਂ ਕਿਤਨੇ ਭੀ ਜ਼ਹਿਰੀਲੇ, ਮੌਤ ਦੇ ਘਾਟ ਉਤਾਰਨ ਵਾਲੇ ਨਾਗ ਕਿਉਂ ਨਾ ਡਸਦੇ ਹੋਵਣ। ਚੰਦਨ ਦਾ ਕੰਮ ਠੰਡਕ ਹੀ ਦੇਣਾ ਹੁੰਦਾ ਹੈ–

ਮਲਿਆਗਰੁ ਭੁਯੰਗਮ ਬੇਢਿਓ ਸੀਤਲਤਾ ਨ ਤਜੰਤ ॥੧੭੪॥ [ਸਲੋਕ ਕਬੀਰ–੧੩੭੩

ਅਸੀਂ ਆਪਣਾ ਧਰਮ ਕਿਉਂ ਤਿਆਗਣ ਕਰੀਏ, ਜਦੋਂ ਕਿ ਦਯਾ, ਖਿਮਾਂ ਹੀ ਧਰਮ ਦਾ ਦੁਆਰ ਹੈ। ਇਸ ਨੂੰ ਪ੍ਰਮੇਸ਼ਵਰ ਨੇ ਉਸ ਵਕਤ ਬੁੱਧੀ ਤੇ ਗਿਆਨ ਨਹੀਂ ਸੀ ਬਖਸ਼ਿਆ ਹੋਇਆ। ਹੁਣ ਇਸ ਦੀ ਬੁੱਧੀ ਵਿਚ ਪ੍ਰੀਵਰਤਣ ਆ ਗਿਆ ਹੈ,ਜਿਸ ਕਰਕੇ ਅਸੀਂ ਇਸ ਵਾਂਗ ਇਸਨੂੰ ਕ੍ਰੋਧ ਤੇ ਨਫ਼ਰਤ ਨਾਲ ਨਾ ਵੇਖੀਏ। ਸਗੋਂ ਸ਼ਾਂਤੀ, ਆਦਰ, ਸਤਿਕਾਰ ਇਸ ਦੀ ਬੁੱਧੀ ਨੂੰ ਖੁਦ ਅਹਿਸਾਸ ਕਰਵਾਏਗਾ, ਕਿ ਜੋ ਮੈਂ ਕਰਦਾ ਰਿਹਾ ਸਾਂ, ਉਹ ਠੀਕ ਨਹੀਂ ਸੀ। ਵਾਹਿਗੁਰੂ ਜੀ ਨੇ ਉਸ ਵਕਤ(ਜਦ ਇਹ ਲੱਕੜਾਂ ਤੇ ਘਾਹ ਚੁੱਕ ਕੇ ਲੈ ਜਾਂਦਾ ਸੀ) ਇਸ ਦੇ ਕਰਮ ਹੀ ਅਜਿਹੇ ਬਣਾਏ ਸਨ। ਇਸ ਦੀ ਬੁਧੀ ਮਲੀਨ ਸੀ, ਇਸ ਕਰ ਕੇ ਇਸ ਦੇ ਅੰਦਰ ਕ੍ਰੋਧ, ਈਰਖਾ, ਨਫ਼ਰਤ 'ਮੈਂ ਤੇ ਤੂੰ' ਦੀ ਜਵਾਲਾ ਭੜਕਦੀ ਸੀ। ਜਦ ਪ੍ਰਭੂ ਨੇ ਹੀ ਇਸ ਦੇ ਚੰਗੇ ਗੁਣ ਖੱਸ ਕੇ ਔਗੁਣਾਂ ਦਾ ਜਾਲ ਵਿਛਾਇਆ ਹੋਇਆ ਸੀ ਤਾਂ ਜੀਵ ਵਿਚਾਰਾ ਕੀ ਕਰ ਸਕਦਾ ਹੈ। ਹੁਣ ਪਰਮੇਸ਼ਵਰ ਨੇ ਇਸ ਦੇ ਜੀਵਨ ਦੀ ਸਥਿਤੀ ਨੂੰ ਅਜੇਹੀ (ਆਪਣੇ ਕੀਤੇ ਕਰਮਾਂ ਦਾ ਫ਼ਲ ਪਾਣ ਲਈ) ਬਣਾ ਦਿਤੀ ਕਿ ਅੱਜ ਇਹ ਗੁਰੂ ਘਰ 'ਚ ਮੰਗਤਾ ਬਣਕੇ ਆ ਗਿਆ ਹੈ। ਅਸੀਂ ਏਸ ਦੇ ਔਗੁਣਾਂ ਦਾ ਭੁਗ-ਤਾਨ ਤਾਂ ਕਰਨ ਵਾਲੇ ਨਹੀਂ, ਨਾ ਹੀ ਸਾਨੂੰ ਅਜਿਹਾ ਕਰਨ ਦਾ ਕੋਈ ਹੱਕ ਪ੍ਰਾਪਤ ਹੈ। ਇਹ ਤਾਂ ਕਰਤੇ ਦੇ ਹੱਥ ਖੇਡ ਹੈ।

ਬਾਬਾ ਧਰਮ ਸਿੰਘ ਜੀ! ਅਸੀਂ ਕਿਸੇ ਨੂੰ ਬੁਰਾ ਕਹਿ ਕੇ ਆਪਣੇ ਅੰਦਰ ਮੈਲ ਭਰ ਲਵੀਏ। ਫਿਰ ਇਹ ਲੰਗਰ ਤਾਂ ਗੁਰੂ ਕਾ ਹੈ ਅਤੇ ਅਸੀਂ ਤਾਂ ਕੇਵਲ ਸੇਵਾਦਾਰ ਹਾਂ। ਕਿਉਂਕਿ ਸਤਿਗੁਰਾਂ ਦਾ

ਗੁਰ ਕੇ ਗ੍ਰਿਹਿ ਸੇਵਕੁ ਜੋ ਰਹੈ ॥ ਗੁਰ ਕੀ ਆਗਿਆ ਮਨ ਮਹਿ ਸਹੈ ॥

ਫੁਰਮਾਨ ਹੈ– [ਸ੍ਰੀ ਸੁਖਮਨੀ ਸਾਹਿਬ

ਅਸਾਂ ਤਾਂ ਜੋ ਗੁਰੂ ਸਾਹਿਬ ਦਾ ਹੁਕਮ (ਆਗਿਆ) ਹੈ, ਉਸ ਨੂੰ ਮਨ ਵਿਚ ਵਸਾਉਣਾ ਹੈ, ਅਤੇ ਉਸ ਪਰ ਅਮਲ ਕਰਨਾ ਹੀ ਸੇਵਕ ਦਾ ਫਰਜ਼ ਬਣਦਾ ਹੈ–

ਆਪਸ ਕਉ ਕਰਿ ਕਛੁ ਨ ਜਨਾਵੈ ॥ [ਸੁਖਮਨੀ ਸਾਹਿਬ–੨੯੬

ਜੇ ਅਸੀਂ ਬਚਨ ਕੀਤੇ ਹਨ ਇਸ ਵਿਚ ਤਾਂ 'ਅਪਣੱਤ' 'ਹਉਮੈ' ਆ ਗਈ, ਇਹ ਕਹਿਣਾ ਕਿਤਨਾ ਅਯੋਗ ਹੈ ਕਿ ਇਸ ਨੂੰ ਲੰਗਰ ਵਿਚ ਕਿਉਂ ਵੜਨ ਦਿਤਾ ਜੇ। ਅਸੀਂ ਇਹ ਕਹਿ ਕੇ ਇਸ ਦੇ ਮਨ ਵਿਚ ਵੈਰ ਤੇ ਨਤਰਤ ਹੋਰ ਨਹੀਂ ਭਰਨੀ, ਸਗੋਂ ਇਸ ਦੇ ਅੰਦਰੋਂ ਨਫਰਤ ਦਾ ਰੋਗ ਪਿਆਰ, ਆਦਰ ਤੇ ਸਤਿਕਾਰ ਨਾਲ ਇਸ ਦੇ ਮਨ ਵਿਚੋਂ ਕੱਢਣਾ ਹੈ।

ਇਸ ਦੇ ਮਨ ਵਿਚੋਂ ਹਮੇਸ਼ਾਂ ਲਈ ਵਿਰੋਧ ਕੱਢ ਕੇ–

ਬਾਬਾ ਜੀ ਨੇ ਕਿਹਾ ਕਿ ਇਸ ਦੇ ਮਨ ਵਿਚੋਂ ਹਮੇਸ਼ਾਂ ਲਈ ਵਿਰੋਧ ਕੱਢ ਕੇ–

ਅਵਲ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ ॥ [ਪ੍ਰਭਾਤੀ ਕਬੀਰ–੧੩੪੯

ਰੱਬ ਦੇ ਪਿਆਰੇ ਛਕੋ ਲੰਗਰ ਸਤਿਗੁਰੂ ਭਲਾ ਕਰਨਗੇ।

ਬਾਬਾ ਜੀ– ਆਓ ! ਬੈਠੋ, ਰੱਬ ਦੇ ਪਿਆਰੇ ਛਕੋ ਲੰਗਰ ਸਤਿਗੁਰੂ ਭਲਾ ਕਰਨਗੇ।

ਢੇਡ–ਸ਼ਰਮਸ਼ਾਰ ਸਿਰ ਨਿਵਾਈ, ਦਿਲ ਦਾ ਪਸਚਾਤਾਪ, ਜੁਬਾਨ ਨਹੀਂ ਨੇਤ੍ਰਾਂ ਚੋਂ ਅੱਥਰੂਆਂ ਰਾਹੀਂ ਦਰਸਾ ਰਿਹਾ ਸੀ। ਸਿੱਸਕਦੀ, ਖਿੜਕਦੀ ਜ਼ਬਾਨ ਵਿਚੋਂ ਨਿਕਲ ਰਿਹਾ ਸੀ–ਮੈਨੂੰ ਬਖਸ਼ ਲੌ! ਬਖਸ਼ ਲੌ ! ਬਖਸ਼ ਲੌ! ਮੈਂ ਪਾਪੀ ਹਾਂ। ਮੈਂ ਜਗਤ - ਮਾਤਾ ਜੀ ਅਤੇ ਆਪ ਜੈਸੇ ਮਹਾਂ ਪੁਰਸ਼ਾਂ ਦਾ ਗੁਨਾਹਗਾਰ ਹਾਂ।

ਇਹ ਇਕ ਅਸਚਰਜ ਜਿਹਾ ਵਾਤਾਵਰਨ, ਬਾਬਾ ਧਰਮ ਸਿੰਘ ਜੀ ਅਤੇ ਹੋਰ ਸਿੰਘ ਕੋਲ ਖੜੇ ਵੇਖ ਰਹੇ ਸਨ–

ਨਾ ਕੋ ਬੈਰੀ ਨਹੀ ਬਿਗਾਨਾ ...... ॥ [ਕਾਨੜਾ ਮ: ੫–੧੨੯੯

ਦਾ ਮਨ ਵਿਚ ਬਾਬਾ ਜੀ ਪ੍ਰਤੀ ਅਨੁਭਵ ਹੋ ਰਿਹਾ ਸੀ। ਢੇਡ ਦੀ ਆਵਾਜ਼ ਵਿਚ ਮਸਕੀਨੀ ਅਰਜ਼ ਸੀ, ਤਰਲਾ ਤੇ ਪਛੋਤਾਵਾ ਸੀ।

ਬਾਬਾ ਜੀ– ਬਾਬਾ ਧਰਮ ਸਿੰਘ ਜੀ, ਮੇਰੇ ਸ਼ਹਿਨਸ਼ਾਹ ਦੀ ਖੇਡ ਵੇਖੀ ਜੇ, ਅਗਰ ਨਫਰਤ ਨਾਲ ਧੱਕੇ ਮਾਰ ਕੇ ਇਸ ਨੂੰ ਕੱਢਦੇ ਤਾਂ ਇਸ ਵਕਤ ਇਸ ਆਜਜ਼ ਨਿਆਸਰੇ ਦੀ ਦਸ਼ਾ ਕੁਝ ਹੋਰ ਹੁੰਦੀ ਤੇ ਮਨ ਤੇ ਕਿਤਨੀ ਸੱਟ ਲਗਦੀ। ਇਸ ਨੂੰ ਕਿਤਨਾ ਸਦਮਾ ਹੁੰਦਾ ਅਤੇ ਇਸ ਦਾ ਮਨ ਸਗੋਂ ਧਰਮ ਤੋਂ ਨਫ਼ਰਤ ਕਰ ਕੇ ਹੋਰ ਕਿਤਨਾ ਕਠੋਰ ਬਣ ਜਾਂਦਾ। ਹੁਣ ਇਸ ਦਾ ਮਨ ਕਠੋਰਤਾ ਤਿਆਗ ਕੇ ਪਿਆਰ ਵਿਚ ਭਿੱਜ ਗਿਆ ਹੈ ਤੇ ਧਰਮ ਨਾਲ ਜੁੜ ਗਿਆ ਹੈ। ਪ੍ਰੇਮ ਹੀ ਇਕ ਅਜਿਹਾ ਜਾਦੂ ਹੈ ਜੋ ਇਨਸਾਨ ਤਾਂ ਕੀਹ, ਵਾਹਿਗੁਰੂ ਜੀ ਨੂੰ ਭੀ ਵਸੀਕਰਣ ਵਿਚ ਕਰ ਲੈਂਦਾ ਹੈ। ਇਸ ਲਈ ਹੀ ਪਿਤਾ ਕਲਗੀਧਰ ਜੀ ਦਾ ਫੁਰਮਾਨ ਹੈ–

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥ [ਪਾ: ੧੦

ਗੁਰਬਾਣੀ ਦਾ ਫੁਰਮਾਨ ਹੈ–

ਮੇਰੀ ਬਾਂਧੀ ਭਗਤੁ ਛਡਾਵੈ ਬਾਂਧੀ ਭਗਤੁ ਨ ਛੂਟੈ ਮੋਹਿ ॥
ਏਕ ਸਮੈ ਮੋ ਕਉ ਬਾਂਧਿ ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥ ੧ ॥

[ਸਾਰੰਗ ਨਾਮਦੇਵ, ਪੰਨਾ ੧੨੫੨

ਇਸ ਨੂੰ ਲੰਗਰ ਛਕਾਓ ਅਤੇ ਜਦ ਤਕ ਇਸ ਦਾ ਮਨ ਮੰਨੇ, ਟਿਕਿਆ ਰਵੇ। ਇਸ ਨੂੰ ਕੁਛ ਨਹੀਂ ਕਹਿਣਾ। ਇਸ ਤੇ ਸਤਿਗੁਰੂ ਜੀ ਦੀ ਮਿਹਰ ਹੋਈ ਹੈ। ਸਤਿਗੁਰੂ ਜੀ ਜਦੋਂ ਜੀਵ ਤੇ ਕ੍ਰਿਪਾ ਕਰਦੇ ਹਨ ਤਾਂ ਹੀ ਜੀਵ ਗੁਰੂ ਦੁਆਰ ਆਉਂਦਾ ਹੈ। ਜੇ ਅਸੀਂ ਉਸ ਨੂੰ ਰੋਕਦੇ ਹਾਂ ਤਾਂ ਗੁਰੂ ਦੀ ਮਿਹਰ ਅੱਗੇ ਰੁਕਾਵਟ ਬਣ ਕੇ ਉਲਟੇ ਦੋਸ਼ੀ ਹੁੰਦੇ ਹਾਂ। ਸੋ ਸਤਿਗੁਰੂ ਜੀ ਦੇ ਹੁਕਮ, ਭਾਣਾ ਅਤੇ ਰਜ਼ਾ ਵਿਚ ਰਹਿਣਾ ਸਾਡਾ ਧਰਮ ਹੈ।

ਬਾਬਾ ਜੀ ਦੀ ਦਯਾ - ਦ੍ਰਿਸ਼ਟੀ ਤੇ ਸਦਾ ਅਸਥਾਨ ਦੀ ਹਉਂ ਰਹਿਤ ਹੋ ਕੇ ਸੇਵਾ ਦਾ ਮੂਲ ਸੀ। ਅਜਿਹੀਆਂ ਉਦਾਹਰਣਾਂ ਹੀ ਦਰਸਾਂਦੀਆਂ ਹਨ ਕਿ ਬਾਬਾ ਜੀ ਸੰਤ - ਸਾਧੂ ਜਾਂ ਬ੍ਰਹਮ ਗਿਆਨੀ ਗੁਰਬਾਣੀ ਦੇ ਨਿਯਮਾਂ ਅਨੁਸਾਰ ਢਲੇ ਹੋਏ ਸਨ। ਜਿਨ੍ਹਾਂ ਦਾ ਲਖਸ਼ ਮਾਨਵਤਾ ਦੀ 'ਪ੍ਰਭੂ - ਜੋਤਿ' ਜਾਣ ਕੇ ਸੇਵਾ ਕਰਨਾ ਤੇ ਸਭ ਤੋਂ ਵਡਾ ਦਾਨ ਪਰਉਪਕਾਰ–

ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥ ੨ ॥

[ਸੂਹੀ ਮ: ੫, ਪੰਨਾ ੭੪੯

ਜੀਅ ਦਾਨ, ਜੀਵਨ ਜਾਂਚ ਹੀ ਦਰਸਾਉਣ ਦਾ ਰਿਹਾ ਹੈ।

ਬਾਬਾ ਜੀ ਦੇ ਹੋਰ ਅਨੇਕਾਂ ਅਨੋਖੇ ਨਿਆਂ

ਬਾਬਾ ਜੀ ਦੀ ਸ਼ਖ਼ਸੀਅਤ ਦਾ ਸੁੱਤੇ ਸਿੱਧ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ, ਕਿ ਬਾਬਾ ਜੀ ਕੀ ਸਨ ? ਉਹਨਾਂ ਦੇ ਹਰ ਤਰਾਂ ਦੇ ਪੰਥਕ ਸ਼ਖਸੀਅਤ, ਸੰਸਾਰਕ ਜਾਂ ਪ੍ਰਮਾਰਥ ਫ਼ੈਸਲੇ ਕਿਤਨੇ ਨਿਆਂ-ਪੂਰਬਕ, ਧਰਮ ਨਿਰਪੱਖ ਅਤੇ ਅਨੋਖੇ ਢੰਗ ਦੇ ਨਿਡਰਤਾ, ਸਹਿਣਸ਼ੀਲਤਾ ਅਤੇ ਧਰਮ ਨਿਆਂਏ ਵਾਲੇ ਹੁੰਦੇ ਸਨ।

ਬੁੱਢੇ ਦਲ ਦੀ ਜਥੇਦਾਰੀ ਦਾ ਪੰਥਕ ਫ਼ੈਸਲਾ

ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ 'ਨਿਹੰਗ ਸਿੰਘਾਂ' ਦੇ ਜਥੇਦਾਰ ਪਰਮ ਪੂਜਨ ਬਾਬਾ ਤੇਜਾ ਸਿੰਘ ਜੀ*, ਜੋ ਬਾਬਾ ਮਿੱਤ ਸਿੰਘ ਜੀ ਦੇ ਗੁਰਦੇਵ ਸਨ, ਜਦ ਚਲਾਣਾ ਕਰ ਗਏ ਤਾਂ ਪੰਥ ਦੀ ਜਥੇਦਾਰੀ ਲਈ ਦੋ ਦਾਅਵੇਦਾਰ ਸਾਹਮਣੇ ਆਏ।

* ਜਥੇਦਾਰ ਤੇਜਾ ਸਿੰਘ ਜੀ– ਜਥੇਦਾਰ ਤੇਜਾ ਸਿੰਘ ਜੀ ਦਾ ਅੰਗੀਠਾ ਬੁਰਜ ਬਾਬਾ ਫੂਲਾ ਸਿੰਘ ਜੀ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇਕ ਛੋਟਾ ਜਿਹਾ ਨਿਸ਼ਾਨ ਸਾਹਿਬ ਲੱਗਾ ਦਰਸਾ ਰਿਹਾ ਹੈ। ਜੋ ਛਾਉਣੀ ਅੰਦਰ ਵੜਦਿਆਂ ਖੱਬੇ ਹੱਥ ਹੈ। ਇਹ ਬੁੱਢਾ ਦਲ ਦੇ ੧੦ਵੇਂ ਜਥੇਦਾਰ ਸਨ।

ਇਕ ਜਥਦਾਰ ਬਾਬਾ ਰਾਮ ਸਿੰਘ ਜੀ, ਜੋ ਵੱਖਰੇ ਵਿਚਰਦੇ ਰਹਿੰਦੇ ਸਨ। (ਜੋ ਹੱਕ ਬਜਾਨਬ ਸਨ) ਅਤੇ ਦੂਸਰੇ ਜਥੇਦਾਰ ਕਲਾਧਾਰੀ ਬਾਬਾ ਸਾਹਿਬ ਸਿੰਘ ਜੀ ਸਨ, ਪੰਥ ਵਿਚ ਜਥੇਦਾਰੀ ਦਾ ਵਾਦ-ਵਿਵਾਦ ਸ਼ੁਰੂ ਹੋ ਗਿਆ। ਜਦ ਕੋਈ ਫ਼ੈਸਲਾ ਸਿਰੇ ਨਾ ਚੜ੍ਹਿਆ, ਤਾਂ ਆਖਰ ਇਹ ਗੁਰਮਤਾ ਪਾਸ ਹੋਇਆ ਕਿ ਇਸ ਦੁਬਿਧਾ ਦਾ ਨਿਪਟਾਰਾ ਕਰਨ ਲਈ ਪੰਜ ਸਿੰਘ ਪੂਜਯ ਬਾਬਾ ਮਿੱਤ ਸਿੰਘ ਜੀ ਪਾਸ ਸੱਚਖੰਡ ਸ੍ਰੀ ਹਜ਼ੂਰ ਸਾਹਿਬ (ਜਗਤ ਮਾਤਾ ਜੀ ਦੇ ਅਸਥਾਨ ਤੇ) ਭੇਜੇ ਜਾਵਣ। ਬਾਬਾ ਮਿੱਤ ਸਿੰਘ ਜੀ ਜੋ ਨਿਰਣਾ ਕਰਨਗੇ, ਉਹ ਦੋਵੇ ਦਾਅਵੇਦਾਰ ਅਤੇ ਪੰਥ (ਬੁੱਢਾ ਦਲ) ਸਵੀਕਾਰ ਕਰੇਗਾ।

ਜੈਕਾਰੇ ਗੱਜਾਏ ਗਏ ਤੇ ਇਕ ਲਿਖਤ ਹੋਈ ਜਿਸ ਤੇ ਸਭ ਦੇ ਦਸਤਖਤ ਕਰਾਏ ਗਏ। ਇਹ ਭੀ ਫੈਸਲਾ ਹੋਇਆ ਕਿ ਬਾਬਾ ਮਿੱਤ ਸਿੰਘ ਜੀ ਦੇ ਫੈਸਲਾ ਆਵਣ ਤਕ,ਪੰਥ ਦਾ ਵਹੀਰ ਬਾਬਾ ਸਾਹਿਬ ਸਿੰਘ ਚਲਾਉਣਗੇ। ਇਉਂ ਲਿਖਤ ਕਰਕੇ ਪੰਜ ਸਿੰਘਾਂ ਨੂੰ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਬਾਬਾ ਮਿੱਤ ਸਿੰਘ ਜੀ ਦੇ ਪਾਸ ਭੇਜ ਦਿਤਾ ਗਿਆ।

ਪੰਜ ਸਿੰਘਾਂ ਦਾ ਸੱਚਖੰਡ ਪਹੁੰਚਣਾ

ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਤੋਂ ਪੰਜ ਸਿੰਘ ਲਿਖਤੀ ਹੁਕਮਨਾਮਾ ਲੈ ਕੇ ਸੱਚਖੰਡ ਪੁਜੇ।

☞ ਦੋ ਦਾਅਵੇਦਾਰ– ਇਸੇ ਤਰਾਂ ਬਾਬਾ ਸਾਹਿਬ ਸਿੰਘ ਜੀ ਕਲਾਧਾਰੀ ਦੇ ਅਕਾਲ ਚਲਾਣੇ ਸਮੇਂ ਭੀ ਪੰਥ ਦੀ ਜਥੇਦਾਰੀ ਦੇ ਦੋ ਦਾਅਵੇਦਾਰ ਸਾਹਮਣੇ ਆਏ। ਇਕ ਜਥੇਦਾਰ ਬਾਬਾ ਕਰਮ ਸਿੰਘ ਜੀ 'ਡੰਡਿਆਂ ਵਾਲੇ' (ਜੋ ਹੱਕ ਬਜਾਨਬ ਸਨ) ਅਤੇ ਬਾਹਰ ਵਿਚਰਦੇ ਸਨ। ਦੂਸਰੇ ਉਸ ਵਕਤ ਪੰਥਕ ਵਾਗ ਡੋਰ ਜਥੇਦਾਰ ਬਾਬਾ ਚੇਤ ਸਿੰਘ ਜੀ ਦੇ ਹੱਥ ਸੀ।

ਸੰਮਤ ੧੯੯੯ ਵਿਸਾਖੀ ਦਾ ਪੁਰਬ ਸ੍ਰੀ ਦਮਦਮਾ ਸਾਹਿਬ ਮਨਾਉਣ ਉਪਰੰਤ ਜਥੇਦਾਰ ਬਾਬਾ ਸਾਹਿਬ ਸਿੰਘ ਜੀ, ਪੰਥ (ਵਹੀਰ) ਚਲਾਉਣ ਦੀ ਜ਼ਿਮੇਵਾਰੀ ਬਾਬਾ ਚੇਤ ਸਿੰਘ ਜੀ ਨੂੰ ਸੌਂਪ ਕੇ ਸ਼੍ਰੋਮਣੀ ਕਮੇਟੀ ਵਲੋਂ ਛਾਉਣੀ ਨਿਹੰਗ ਸਿੰਘਾਂ–ਸ੍ਰੀ ਨਨਕਾਣਾ ਸਾਹਿਬ ਤੇ ਹੋਰ ਕਈ ਛਾਉਣੀਆਂ ਦੇ ਮੁਕੱਦਮੇ ਚਲਾਏ ਹੋਏ ਸਨ। ਉਸ ਵਕਤ ਦਾਸ (ਕ੍ਰਿਪਾਲ ਸਿੰਘ ਲਿਖਾਰੀ ਬੁੱਢਾ ਦਲ) ਨੂੰ ਨਾਲ ਲੈ ਕੇ ਸ੍ਰੀ ਨਨਕਾਣਾ ਸਾਹਿਬ ਹੋ ਕੇ ਸ੍ਰੀ ਅੰਮ੍ਰਿਤਸਰ ਆਏ ਹੋਏ ਸਾਂ ਜਿਥੇ ਬਾਬਾ ਸਾਹਿਬ ਸਿੰਘ ਜੀ ਕਈ ਧਰਮ ਵਿਰੁਧ ਹੋ ਰਹੀਆਂ ਕੁਰੀਤੀਆਂ ਨਾ ਸਹਾਰਦੇ ਹੋਏ ੧੫ ਸਾਵਣ ਸੰਮਤ ੧੯੯੯ ਨੂੰ ਅਕਾਲ ਚਲਾਣਾ ਕਰ ਗਏ। ਜਿਨ੍ਹਾਂ ਦਾ ਅੰਗੀਠਾ ਬੁਰਜ ਤੋਂ ਪਹਾੜ ਸਾਮ੍ਹਣੇ ਤੇ ਗੁਰ ਅਸਥਾਨ ਪਾ: ੬ ਮਲ - ਅਖਾੜੇ ਤੋਂ ਲਹਿੰਦੇ ਪਾਸੇ ਨਿਸ਼ਾਨ ਸਾਹਿਬ ਲੱਗਾ ਹੋਇਆ ਹੈ।

ਪੰਥਕ ਫ਼ੈਸਲੇ ਉਪਰੰਤ ਜਥੇਦਾਰ ਬਾਬਾ ਕਰਮ ਸਿੰਘ ਜੀ ਨੂੰ ਉਪਰਲੀ ਵੱਡੀ ਜਥੇਦਾਰ ਤੇ ਥਾਪਿਆ ਗਿਆ। ਅਤੇ ਚੂੰਕਿ ਪੰਥਕ ਵਾਗਡੋਰ ਜਥੇਦਾਰ ਬਾਬਾ ਚੇਤ ਸਿੰਘ ਜੀ ਦੇ ਹੱਥ ਹੋਣ ਕਰ ਕੇ, ਛੋਟੇ ਜਥੇਦਾਰ ਬਾਬਾ ਚੇਤ ਸਿੰਘ ਜੀ ਥਾਪੇ ਗਏ।

ਇਸ ਤਰਾਂ ਇਹ ਵਾਦ - ਵਿਵਾਦ ਖਤਮ ਹੋ ਗਿਆ।

ਦਰਸ਼ਨ ਦੀਦਾਰੇ ਕੀਤੇ। ਦੂਸਰੇ ਦਿਨ ਛਾਉਣੀ ਦੇ ਜਥੇਦਾਰ ਬਾਬਾ ਲੱਧਾ ਸਿੰਘ ਜੀ ਨੂੰ ਨਾਲ ਲੈ ਕੇ ਗੁਰਦਵਾਰਾ ਮਾਤਾ ਸਾਹਿਬ ਕੌਰਾਂ ਜੀ ਦੇ ਅਸਥਾਨ ਤੇ ਪਹੁੰਚੇ। ਗੁਰਦਵਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਮਸ਼ਕਾਰ ਕਰ ਕੇ ਜਦ ਬਾਬਾ ਮਿੱਤ ਸਿੰਘ ਜੀ ਨੂੰ ਪੰਥਕ ਫ਼ੈਸਲੇ ਦੀ ਲਿੱਖਤ ਦਿਤੀ ਅਤੇ ਬੇਨਤੀ ਕੀਤੀ ਕਿ ਪੰਥ ਨੇ ਆਪ ਜੀ ਦੀ ਸਾਲਸੀ ਮੰਨੀ ਹੈ। ਸੋ ਆਪ ਜੋ ਫ਼ੈਸਲਾ ਦੇਵੋਗੇ, ਪੰਥ ਨੂੰ ਪਰਵਾਨ ਹੋਵੇਗਾ। ਆਪ ਕ੍ਰਿਪਾ ਕਰ ਕੇ ਪੰਥਕ 'ਜਥੇਦਾਰੀ' ਦੀ ਉਲਝਣ ਨੂੰ ਨਿਪਟਾਓ, ਕਿਉਂਕਿ ਇਸ ਵਕਤ ਆਪ ਇਕੋ ਇਕ ਪੁਰਤਨ ਸਿੰਘ ਹੋ ਅਤੇ ਆਪ ਜੀ ਦੀ ਸ਼ਖ਼ਸੀਅਤ (ਬ੍ਰਹਮ ਅਵਸਥਾ) ਦਾ ਸਾਰਾ ਪੰਥ ਸਤਿਕਾਰ ਕਰਦਾ ਹੈ, ਇਸ ਲਈ ਜੋ ਫੈਸਲਾ ਆਪ ਕਰੋਗੇ, ਉਹ ਹੀ ਮੰਨਿਆ ਜਾਵੇਗਾ।

ਬਾਬਾ ਜੀ– ਗੁਰਸਿੱਖੋ ! ਪੰਥਕ ਫ਼ੈਸਲਾ ਤਾਂ ਸਮੁਚਾ ਪੰਥ ਹੀ ਕਰ ਸਕਦਾ ਹੈ। ਪੰਥ ਜਿਸ ਨੂੰ ਯੋਗ ਸਮਝੇ, ਪੰਥ ਦੀ ਵਾਗ ਡੋਰ ਤੇ ਜਥੇਦਾਰੀ ਦੇ ਦੇਵੇ। ਜੋ ਪੰਥ ਦੀਆਂ ਰਹੁ - ਰੀਤਾਂ, ਮਰਯਾਦਾ ਚਲਾਵਣ ਤੇ ਬਰਕਰਾਰ ਰੱਖਣ ਅਤੇ ਅਗੋਂ ਪੰਥ ਦੀ ਚੜ੍ਹਦੀ ਕਲਾ ਲਈ ਵਧ ਤੋਂ ਵਧ ਪ੍ਰਗਤੀ ਕਰਨ ਦੇ ਯਤਨ ਕਰਨ। ਸਮਾਂ ਆ ਗਿਆ ਹੈ ਜਦ ਪੰਥ ਦੀ ਸ਼ਾਖ ਨੂੰ ਰੋਸ਼ਨ ਕਰਨ ਦਾ ਤੇ ਸਿੰਘਾਂ ਦੀਆਂ ਕੁਰਬਾਨੀਆਂ ਨੂੰ ਉਜਾਗਰ ਕਰ ਕੇ ਗੁਰੂ ਕਲਗੀਧਰ ਦੇ ਹੁਕਮ 'ਗੁਰੂ ਖਾਲਸਾ' ਜੀ ਦੀ ਪ੍ਰਗਤੀ ਵਾਧਾ ਕਰਨ ਦਾ, ਅੰਮ੍ਰਿਤ ਪਰਚਾਰ ਦਾ ਸੰਚਾਰ ਤੇ ਗੁਰਮਤਿ, ਗੁਰ-ਮਰਯਾਦਾ ਦਾ ਲੋਕਾਂ ਵਿਚ ਜਾਗਰਤੀ ਲਿਆਵਣ ਦਾ ਇਹ ਹੁਣ ਅਮੁੱਲਾ ਸਮਾਂ ਹੈ।

ਹਾਂ ਸਿੰਘੋ ! ਵੇਖ ਲਵੋ ਜੋ ਅਜਿਹਾ ਸਿੰਘ ਜਥੇਦਾਰੀ ਯੋਗ ਹੋਵੇ, ਬਣਾ ਲਵੋ। ਸਮੇਂ ਨੂੰ ਸੰਭਾਲਣ ਯੋਗ ਜੋ ਹੋਵੇ, ਉਸ ਨੂੰ ਜਥੇਦਾਰੀ ਸੌਂਪੀ ਜਾਵੇ।

ਪੰਜ ਸਿੰਘ– ਬਾਬਾ ਜੀ ! ਇਹ ਤਾਂ ਪੰਥਕ ਫ਼ੈਸਲਾ ਜ਼ਬਾਨੀ ਨਹੀਂ, ਸਗੋਂ ਲਿਖਤੀ ਆਪ ਜੀ ਦੀ ਸਾਲਸੀ ਤੇ ਹੋਣਾ ਹੈ। ਜੋ ਹੁਕਮ ਕਰੋਗੇ, ਸਾਰਾ ਪੰਥ ਸਵੀਕਾਰ ਕਰ ਕੇ ਫੁੱਲ ਚੜ੍ਹਾਵੇਗਾ।

ਇਹ ਵਿਚਾਰ ਸੁਣ ਕੇ ਸਭ ਅਸਥਾਨੀ ਸਿੰਘ ਇਕੱਤਰ ਹੋ ਗਏ। ਬਾਬਾ ਜੀ ਨੇ ਆਪਣੇ ਸਾਥੀ ਬਾਬਾ ਧਰਮ ਸਿੰਘ ਅਤੇ ਸਾਰੀ ਸੰਗਤ ਨੂੰ ਦਸਿਆ ਤੇ ਕਿਹਾ ਦਸੋ ਸਿੰਘੋ ! ਕਿਸ ਦੀ ਜਥੇਦਾਰੀ ਥਾਪਨ ਕਰੀਏ ? ਇਹ ਪੰਥਕ ਹੁਕਮ ਮੋੜਿਆ ਭੀ ਨਹੀ ਜਾਂਦਾ ਤੇ ਇਹ ਹੁਕਮਨਾਮਾ ਭੀ ਤਾਂ ਪੰਜ ਸਿੰਘ ਲੈ ਕੇ ਆਏ ਹਨ। ਇਹਨਾਂ ਦੀ ਭੀ ਨਹੀਂ ਮੋੜੀ ਜਾ ਸਕਦੀ। (ਕਲਗੀਧਰ ਪਿਤਾ ਨੇ ਭੀ ਭਾਵੇਂ ਕਿਤਨੇ ਨਾਜ਼ਕ ਮੋੜ ਤੇ ਖੜੇ ਸਨ, ਚਮਕੌਰ ਸਾਹਿਬ ਦੀ ਜੰਗ ਸਮੇਂ, ਗੜ੍ਹੀ ਨੂੰ ਪੰਜਾਂ ਸਿੰਘਾਂ ਦੇ ਕਹਿਣ ਤੇ ਸਿਰ ਮੱਥੇ ਕਬੂਲਦੇ ਹੋਏ ਗੜ੍ਹੀ ਛੱਡਣੀ ਸਵੀਕਾਰ ਕਰ ਲਈ ਸੀ), ਇਹ ਭੀ ਪੰਥਕ ਹੁਕਮ ਹੈ ਪੰਜਾਂ ਰਾਹੀਂ, ਅਸੀਂ ਕਿਵੇਂ ਮੋੜ ਸਕਦੇ ਹਾਂ। ਹੁਕਮ ਕਰੋ, ਸੰਗਤ ਦਾ ਕੀ ਫੈਸਲਾ ਹੈ ?

ਸਾਰੇ ਸਿੰਘ ਚੁੱਪ ਹਨ, ਬਾਬਾ ਧਰਮ ਸਿੰਘ ਜੀ ਨੇ ਕਿਹਾ ਬਾਬਾ ਜੀ ਇਹ ਹੁਕਮ ਆਪ ਤੇ ਹੈ। ਕਰੋ ਫੈਸਲਾ ! ਦੂਸਰਾ ਕੌਣ ਕਰੇ ? ਹੁਣ ਡਰਦੇ ਹੋ ? (ਕਈ ਵਾਰੀ ਬਾਬਾ ਧਰਮ ਸਿੰਘ ਜੀ ਅਨਿਖੜਵੇਂ ਪਿਆਰ ਨਾਤੇ ਹਾਸੇ ਵਿਚ ਭੀ ਅਜਿਹੇ ਬਚਨ ਕਹਿ ਦੇਂਦੇ ਸਨ)

ਬਾਬਾ ਜੀ– ਬਾਬਾ ਜੀ, ਤੁਸੀਂ ਸੱਚ ਕਹਿੰਦੇ ਹੋ। ਡਰ ਭੀ ਰਖਣਾ ਚਾਹੀਦਾ ਹੈ। ਡਰ ਨਾ ਹੋਵੇ,

ਤਾਂ ਜੀਵ ਪ੍ਰਭੂ ਭਗਤੀ ਸਤਿਕਾਰ, ਸੇਵਾ ਨਹੀਂ ਕਰ ਸਕਦਾ। ਫਿਰ ਪੰਥ 'ਉਤਮ' ਇਸ ਦਾ ਭੈ 'ਗੁਰੂ ਕਾ ਭੈ ਜਾਣ ਕੇ ਕਰਨਾ ਚਾਹੀਦਾ ਹੈ।

ਬਾਬਾ ਧਰਮ ਸਿੰਘ ਜੀ– ਫਿਰ ਕਰੋ ਫੈਸਲਾ ? ਜਦ ਸਾਰੇ ਪੰਥ ਨੇ ਲਿਖਤੀ ਤੁਹਾਨੂੰ ਸਾਲਸ ਮਿਥਿਆ ਏ, ਤਾਂ ਕਰ ਦਿਓ ਫੈਸਲਾ ਕਿ ਜਥੇਦਾਰੀ ਕਿਸ ਦੀ ਹੈ ? ਦੇਰੀ ਨਾ ਕਰੋ ਕੋਈ ਹੋਰ ਝਗੜਾ ਨਾ ਉਤਪੰਨ ਹੋ ਜਾਵੇ।

ਬਾਬਾ ਮਿੱਤ ਸਿੰਘ ਜੀ– ਸਿੰਘ ਸਾਹਿਬੋ ! ਜੇ ਪੰਥ ਨੇ ਸਨਮਾਨਿਆ ਹੀ ਹੈ ਤਾਂ ਸਾਡੀ ਵਿਚਾਰ ਤਾਂ ਉਸ ਜਥੇਦਾਰ ਜੀ ਦੇ ਹੱਕ ਵਿਚ ਹੋਵੇਗੀ ਜੋ ਪੰਥ ਦੀਆਂ ਪੁਰਾਤਨ ਮਰਯਾਦਾ, ਰਹੁ ਰੀਤਾਂ ਨੂੰ ਸਵੀਕਾਰ ਕਰ ਕੇ, ਪੰਥ ਵਿਚ ਮੁੜ ਤੋਂ ਬਹਾਲ ਕਰ ਕੇ ਚਲਾਵੇ। ਜੋ ਜਥੇਦਾਰ ਪੁਰਾਤਨ ਮਰਯਾਦਾ ਨੂੰ ਬਹਾਲ ਕਰਨ ਦੇ ਹੱਕ ਵਿਚ ਨਾ ਹੋਵੇ, ਸਾਡੀ ਉਸ ਨਾਲ ਸੰਮਤੀ ਨਹੀਂ ਹੋਵੇਗੀ।

ਪੰਜੇ ਸਿੰਘ– ਬਾਬਾ ਜੀ ! ਆਪ ਹੁਕਮ ਕਰੋ, ਜੋ ਪੁਰਾਤਨ ਮਰਯਾਦਾ ਪੰਥ ਵਿਚ ਵਿਸਰ ਚੁੱਕੀ ਹੈ, ਜ਼ਰੂਰ ਉਹ ਬਹਾਲ ਕਰਨ ਦੇ ਫੈਸਲੇ ਨੂੰ ਸਵੀਕਾਰ ਕਰਨਗੇ। ਤਾਂ ਹੀ ਉਹ ਜਥੇਦਾਰੀ ਦੇ ਹੱਕਦਾਰ ਬਣਨਗੇ।

ਬਾਬਾ ਮਿੱਤ ਸਿੰਘ ਜੀ– ਸਿੰਘੋ ! ਸਾਡਾ ਫ਼ੈਸਲਾ ਇਹ ਹੈ ਕਿ (ਦੁਸਹਿਰਾ‡ ਮਹਾਤਮ–ਸ਼ਸਤ੍ਰ ਪੂਜਾ) ਜੋ ਪੁਰਾਤਨ ਮਰਯਾਦਾ ਪੰਥ ਵਿਚ ਚਲਦੀ ਸੀ, ਉਹ ਵਿਸਰ ਚੁੱਕੀ ਹੈ। ਜੇ ਬਾਬਾ ਸਾਹਿਬ ਸਿੰਘ ਜੀ ਕਲਾਧਾਰੀ ਇਸ ਮਰਯਾਦਾ ਨੂੰ ਸਵੀਕਾਰ ਕਰ ਕੇ ਮੁੜ ਤੋਂ ਚਲਾਉਂਦੇ ਹਨ, ਤਾਂ ਜਥੇਦਾਰੀ (ਬੁੱਢੇ ਦਲ) ਦੀ ਜਥੇਦਾਰ ਬਾਬਾ ਸਾਹਿਬ ਸਿੰਘ ਜੀ ਦੀ। ਜੇ ਸਵੀਕਾਰ ਨਹੀਂ ਕਰਦੇ ਤਾਂ ਜਥੇਦਾਰੀ ਬਾਬਾ ਰਾਮ ਸਿੰਘ ਜੀ ਦੀ ਹੋਵੇਗੀ।

ਇਹ ਫੈਸਲਾ ਲਿਖ ਕੇ ਬਾਬਾ ਮਿੱਤ ਸਿੰਘ ਜੀ ਨੇ ਪੰਜਾਂ ਸਿੰਘਾਂ ਦੇ ਹੱਥ ਫੜਾਇਆ, ਅਤੇ ਸਤਿਕਾਰ ਨਾਲ ਪੰਜਾਬ ਨੂੰ ਵਿਦਾਅ ਕੀਤਾ।

---

‡ ਦੁਸਹਿਰਾ ਮਹਾਤਮ–'ਦਾਸ' ਦੇ ਮਾਤਾ ਜੀ ਦੇ ਅਸਥਾਨ ਸੱਚਖੰਡ ਪੁੱਜਣ ਤੋਂ ਪਹਿਲਾਂ ਬਾਬਾ ਮਿੱਤ ਸਿੰਘ ਜੀ [ਦੁਸਹਿਰਾ ਮਹਾਤਮ] ਪਾਠ, ਹਰ ਸਾਲ, ਜਿਵੇਂ ਤਖਤ ਸ੍ਰੀ ਸੱਚਖੰਡ ਤੇ ਹੁੰਦਾ ਹੈ, ਕਰਵਾਇਆ ਕਰਦੇ ਸਨ। ਇਹ ਪਾਠ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਵੱਖ ਵੱਖ ਅਧਿਆਏ ਵਿਚੋਂ ਵੱਖ ਵੱਖ ਬਾਣੀਆਂ ਹਨ। ਬੀੜ ਦਸਮ ਗ੍ਰੰਥ ਦੇ ਪੱਤਰੇ ਉੱਥਲ ਕੇ ਕਰਨ ਵਿਚ ਬੜੀ ਮੁਸ਼ਕਲ ਹੁੰਦੀ ਸੀ, ਇਹ ਪਾਠ ਜਾਂ ਜਾਣਕਾਰ ਪਾਠੀ ਹੀ ਕਰ ਸਕਦਾ, ਜਾਂ ਫਿਰ ਇਕ ਹੋਰ ਪਾਠੀ ਉਸ ਉਸ ਪੰਨੇ ਤੋਂ ਅੱਗੋਂ ਸ਼ਬਦ ਕੱਢ ਕੇ ਪਾਠੀ ਨੂੰ ਪਾਠ ਕਰਨ ਲਈ ਦਿੰਦਾ। (ਜਿਵੇਂ ਆਦਿ ਸਰੂਪ ਦੇ ਸ਼ਬਦ ਹਜ਼ਾਰੇ ਵੱਖ ਵੱਖ ਅੰਕਾਂ ਤੇ ਹਨ।)

ਜਦ ਦਾਸ ੧੯੩੬ ਸੰਨ ਵਿਚ ਹੋਲੇ ਮਹਲੇ ਦੇ ਦੀਦਾਰ ਕਰ ਕੇ ਮਾਤਾ ਜੀ ਦੇ ਅਸਥਾਨ ਤੇ ਭਾਈ ਰਣ ਸਿੰਘ ਜੀ ਨਾਲ ਪੁੱਜੇ। ਭਾਈ ਉੱਦਮ ਸਿੰਘ ਜੀ ਨਿਹੰਗ-ਸਿੰਘ ਕੁਝ ਪੋਥੀਆਂ ਲਿਖਣ ਦਾ ਯਤਨ ਤਾਂ ਕਰਦੇ, ਪਰ ਉਹਨਾਂ ਦੇ ਲਿਖੇ ਗੁਰਮੁਖੀ ਅੱਖਰ ਖੁਸ਼ਖਤ ਨਹੀਂ ਸਨ। ਮੈਂ ਉਹਨਾਂ ਨੂੰ ਕਈ ☞

ਪੰਜਾਂ ਸਿੰਘਾਂ ਦਾ ਬੁੱਢੇ ਦਲ ਵਿਚ ਹਾਜ਼ਰ ਹੋਣਾ

ਇਹ ਪੰਜੇ ਸਿੰਘ ਜਦ ਸ਼੍ਰੋਮਣੀ ਪੰਥ ਅਕਾਲੀ ਬੁੱਢੇ ਦਲ ਵਿਚ ਹਾਜ਼ਰ ਹੋਏ ਤਾਂ ਸਾਰਾ ਪੰਥ ਅਤੇ

☞ ਵਾਰ ਆਖਣਾ ਕਿ ਮੈਨੂੰ ਭੀ ਅਜਿਹਾ ਕੰਮ ਦਸੋ। ਪਰ ਉਹ ਗੁਣ ਦੱਸਣ ਤੋਂ ਝਿਜਕਦੇ ਰਹੇ। ਪਰ ਮੈਂ ਮੁਸਕਰਾ ਦੇਂਦਾ।

ਪਰ ਬਾਬਾ ਜੀ ਥੋੜੇ ਹੀ ਸਮੇਂ ਵਿਚ ਦਾਸ ਨੂੰ ਬਖਸ਼ਸ਼ਾਂ ਕਰਨ ਲੱਗ ਪਏ। ਸੰਥਾ ਕਰਦਿਆਂ ਇਕ ਦਿਨ ਉਹਨਾਂ ਹੁਕਮ ਕੀਤਾ–ਗਿਆਨੀ ਸਿੰਘ ! ਦਸਮ ਸਰੂਪ ਵਿਚੋਂ 'ਦੁਸਹਿਰਾ ਮਹਾਤਮ' ਪੋਥੀ ਲਿਖੋ। ਸਿੰਘਾਂ ਨੂੰ ਪਾਠ ਕਰਨ ਦੀ ਬੜੀ ਮੁਸ਼ਕਲ ਹੁੰਦੀ ਹੈ।

ਦਾਸ ਨੇ ਸਤਿਬਚਨ ਕਹਿ ਕੇ ਕਾਗਜ਼ ਤੇ ਸਿਆਹੀ ਮੰਗਵਾਈ ਤੇ ਜੋ ਸਕੂਲੀ ਵਿਦਿਆ ਸਮੇਂ ਹੀ ਦਾਸ ਨੂੰ ਅਜਿਹਾ ਸ਼ੌਕ ਸੀ ਤੇ ਪੰਜਾਬੀ ਲਿਖਤ ਕਈ ਰੂਪਾਂ ਵਿਚ ਪ੍ਰਾਪਤ ਹੋ ਚੁਕੀ ਸੀ, ਜਿਸ ਨੂੰ ਬ੍ਰਹਮ-ਗਿਆਨੀ ਬਾਬਾ ਜੀ ਜਾਣ ਗਏ ਸਨ। ਭਾਵੇਂ ਦਾਸ ਨੇ ਆਪਣੀ ਖੁਸ਼ਖਤ ਲਿਖਤ ਦਾ ਬਾਬਾ ਜੀ ਪਾਸ ਕੋਈ ਜ਼ਿਕਰ ਨਹੀਂ ਸੀ ਕੀਤਾ।

ਇਹ 'ਦੁਸਹਿਰਾ ਮਹਾਤਮ' ਪੋਥੀ ਹੱਥ ਲਿਖਤ ਸੰਨ ੧੯੩੭ ਵਿਚ ਤਿਆਰ ਕੀਤੀ। ਪਰੰਤੂ ਇਸ ਪੋਥੀ ਨੂੰ ਕੋਈ ਸਿੰਘ ਲੈ ਗਿਆ। ਹੋਰ ਭੀ ਦਾਸ ਦੀਆਂ ਹੱਥ ਲਿਖਤ ਪੋਥੀਆਂ 'ਸਰਬ ਲੋਹ' ਗ੍ਰੰਥ ਚੋਂ ਮੰਗਲ ਖਾਲਸਾ ਜੀ ਦੀ ਉਸਤਤਿ, ਦਸਮ ਗੁਰੂ ਗਰੰਥ ਸਾਹਿਬ ਤੋਂ ਚੰਡੀ ਦੀ ਵਾਰ (ਜੋ ਅਜ ਕਲ ਭਾਈ ਨਿਹਾਲ ਸਿੰਘ ਜੀ ਨਿਹੰਗ-ਸਿੰਘ ਪਰੋਜ਼ਪੁਰ ਬੇਲਾ ਪਾਸ ਵੇਖੀ ਹੈ), ਆਰਤੀ ਆਰਤਾ, ਜਪੁਜੀ ਸਾਹਿਬ, ਜਾਪ ਸਾਹਿਬ ਆਦਿ ਅਜੇਹੀਆਂ ਕਈ ਪੋਥੀਆਂ ਲਿਖੀਆਂ ਸਨ। ਜੋ ਸਿੰਘ, ਜਿਵੇਂ ਕਿਸੇ ਦੇ ਹੱਥ ਆਈਆਂ ਲੈ ਗਏ।

ਜਦ ਦਾਸ ਦੂਜੀ ਵਾਰੀ ਪੰਜਾਬੋਂ ਦਰਸ਼ਨਾਂ ਨੂੰ ਸੱਚਖੰਡ ਗਿਆ, ਤਾਂ ਬਾਬਾ ਮਿੱਤ ਸਿੰਘ ਜੀ ਨੇ ਦਾਸ ਨੂੰ ਆਖਿਆ ਕਿ ਆਪ ਦੀ ਪਹਿਲੀ ਲਿਖੀ ਪੋਥੀ ਤਾਂ ਕੋਈ ਸਿੰਘ ਲੈ ਗਿਆ ਹੈ। ਬੜੀ ਮੁਸ਼ਕਲ ਹੋ ਗਈ ਹੈ, ਸੋ ਇਕ ਪੋਥੀ ਹੋਰ ਲਿਖ ਦਿਓ।

ਬਾਬਾ ਜੀ ਦਾ ਇਹ ਹੁਕਮ ਲੈ ਕੇ ਦਾਸ ਨੇ ਵਾਪਸ ਪੰਜਾਬ ਆ ਕੇ ਆਪਣੀ ਜਨਮ ਭੂਮੀ ਪਿੰਡ ਗੋਂਦਲਾ ਵਾਲਾ ਜ਼ਿਲਾ ਗੁਜਰਾਂਵਾਲਾ (ਪਾਕਿਸਤਾਨ) ਵਿਖੇ ੧ ਵਿਸਾਖ ਸੰਮਤ ੨੦੦੦ ਬਿਕਰਮੀ ਨੂੰ ਸ਼ੁਰੂ ਕਰ ਕੇ, ਭਾਈ ਇੰਦਰ ਸਿੰਘ ਜੀ ਨਿਹੰਗ ਸਿੰਘ, ਜੋ ਸਾਡੇ ਪਿੰਡ ਦੇ ਹੀ ਸਨ, ਪਿੰਡ ਮਤਾ (ਗੁਜਰਾਂਵਾਲਾ) ਵਿਚ ਗੁਰਦੁਆਰੇ ਦੇ ਗਰੰਥੀ ਸਨ, ਉਹਨਾਂ ਪਾਸ ਕੁਝ ਹਿੱਸਾ ੧੮ ਚੇਤ, ਬ-ਰੋਜ਼ ਵੀਰਵਾਰ ਸੰਮਤ ੨੦੦੧ ਸੰਨ ੧੯੪੪, ੩੧ ਜਨਵਰੀ ਨੂੰ ਸੰਪੂਰਨ ਕੀਤੀ। ਸੰਮਤ ਨਾਨਕਸ਼ਾਹੀ ੪੭੫ ਜੋ ਉਸ ਪੋਥੀ ਤੇ ਅੰਕਿਤ ਹੈ, ਜੋ ਹੁਣ ਦਾਸ ਪਾਸ ਹੈ।

ਬੁੱਢਾ ਦਲ ਵਲੋਂ ਇਹ ਪੋਥੀ ਛੱਪਵਾਉਣ ਲਈ, ਇਹ ਪੋਥੀ ਹੱਥ - ਲਿਖਤ ਗੁ: ਮਾਤਾ ਸਾਹਿਬ ਕੌਰਾਂ ਜੀ ਤੋਂ ਲੈ ਆਂਦੀ ਸੀ। ☞

ਬਾਬਾ ਰਾਮ ਸਿੰਘ ਜੀ ਨੂੰ ਬੁਲਾ ਭੇਜਿਆ। ਪੰਥ ਦੀ ਇਕੱਤਰਤਾ ਹੋਈ। ਬਾਬਾ ਮਿੱਤ ਸਿੰਘ ਜੀ ਦਾ ਇਹ
ਲਿਖਤੀ ਫੈਸਲਾ, ਸਾਰੇ ਪੰਥ ਦੇ ਇਕੱਠ ਵਿਚ ਪੜ੍ਹ ਕੇ ਸੁਣਾਇਆ ਗਿਆ, ਤਾਂ ਸਾਰੇ ਪੰਥ ਨੇ ਜੈਕਾਰਿਆਂ
ਦੀ ਗੂੰਜ ਨਾਲ ਸਵੀਕਾਰ ਕਰਦਿਆਂ ਕਿਹਾ–ਧੰਨ ਬਾਬਾ ਮਿੱਤ ਸਿੰਘ ਜੀ (ਬ੍ਰਹਮ ਗਿਆਨੀ) ਜਿਨ੍ਹਾਂ ਨੇ
ਗੁਰਮਤਿ ਦੇ ਅਧਾਰ ਤੇ ਅਜਿਹਾ ਫੈਸਲਾ 'ਧਰਮ ਨਿਆਇ' ਦੇ ਕੇ ਪੰਥਕ ਜਥੇਦਾਰੀ ਦੇ ਦਾਅਵੇਦਾਰੀ ਦਾ
ਵਾਦ - ਵਿਵਾਦ ਹੀ ਖਤਮ ਕਰ ਦਿਤਾ ਹੈ ਅਤੇ ਕਿਸੇ ਨੂੰ ਇਸ ਉਤੇ ਕਿੰਤੂ ਕਰਨ ਦੀ ਕੋਈ ਗੁੰਜਾਇਸ਼
ਹੀ ਨਹੀਂ ਰਹਿਣ ਦਿਤੀ ਹੈ।

ਇਹ ਦੁਬਾਰਾ ਹੱਥ ਲਿਖਤ ਪੋਥੀ, ਜਦੋਂ ਤੀਜੀ ਵਾਰੀ ਅਸੀਂ ਤੇ ਭਾਈ ਇੰਦਰ ਸਿੰਘ ਜੀ ਨਿਹੰਗ-
ਸਿੰਘ ਨਾਲ, ਸਿੰਘਾਂ ਲਈ ਬਸਤਰ (ਖੱਦਰ) ਦੇ ਦੋ ਬੋਰੇ ਅਤੇ ਦੋ ਬੋਰੀਆਂ ਜੋੜੇ (ਪੈਰੀਂ ਪਾਉਣ ਲਈ) ਦੋ
ਪੀਪੇ ਸਰ੍ਹੋਂ ਦੇ ਤੇਲ ਦੇ, ਜਗਤ ਮਾਤਾ (ਸੱਚਖੰਡ) ਲੈ ਕੇ ਗਏ ਸਾਂ, ਤਦ ਇਹ ਪੋਥੀ ਦਾਸ ਨੇ ਬਾਬਾ
ਜੀ ਨੂੰ ਭੇਟ ਕੀਤੀ।

ਇਹ ਦੁਸਹਿਰਾ ਮਹਾਤਮ ਪੋਥੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਤੇ ਤੇਰ੍ਹਵੇਂ ਜਥੇਦਾਬ ਬਾਬਾ
ਸੰਤਾ ਸਿੰਘ ਜੀ ਅਕਾਲੀ ਨੇ ਇਸ ਪੋਥੀ ਨੂੰ ਛੱਪਵਾਉਣ ਦੀ ਵਿਚਾਰ ੧੩ ਅਪ੍ਰੈਲ ਸੰਨ ੧੯੭੮,
ਮੁਤਾਬਕ ੧ ਵਿਸਾਖ ੨੦੩੫ ਬਿਕ੍ਰਮੀ ਨੂੰ ਸ੍ਰੀ ਦਮਦਮਾ ਸਾਹਿਬ ਕੀਤੀ ਗਈ। ਤਾਂ ਤੇ ਇਸ ਦੀ ਸੁਧਾਈ
ਛਪਵਾਈ ਲਈ ਪੰਥ ਵਲੋਂ ਪੰਜ ਸਿੰਘ ਮੁਕੱਰਰ ਕੀਤੇ ਗਏ–

੧ ਗਿਆਨੀ ਸੁਖਦੇਵ ਸਿੰਘ ਜੀ ਹੈੱਡ ਗ੍ਰੰਥੀ ਬੁੱਢਾ ਦਲ
੨. ਸੰਤ ਦਯਾ ਸਿੰਘ ਜੀ ਗਿਆਨੀ ਬੁੱਢਾ ਦਲ
੩. ਗਿਆਨੀ ਗੁਰਬਖਸ਼ ਸਿੰਘ ਜੀ, ਜਥੇਦਾਰ ਗੁਰਦਵਾਰਾ ਜਗਤ - ਮਾਤਾ–ਮਾਤਾ ਸਾਹਿਬ ਕੌਰਾਂ
ਜੀ ਨਾਂਦੇੜ
੪. ਭਾਈ ਹਰਨਾਮ ਸਿੰਘ ਜੀ ਸਿੰਧੀ ਨਿਹੰਗ-ਸਿੰਘ
੫. ਦਾਸ (ਗਿਆਨੀ ਕ੍ਰਿਪਾਲ ਸਿੰਘ ਜੀ ਲਿਖਾਰੀ ਬੁੱਢਾ ਦਲ।)

ਜਦ 'ਮਾਤਾ ਸਾਹਿਬ ਕੌਰਾਂ ਜੀ ਦੇ ਅਸਥਾਨ ਦੀ ਨਵੀਂ ਇਮਾਰਤ ਬਨਾਉਣ ਲਈ ਬੁੱਢੇ ਦਲ ਦੇ
ਜਥੇਦਾਰ ਬਾਬਾ ਸੰਤਾ ਸਿੰਘ ਜੀ ਅਕਾਲੀ ਸੱਚਖੰਡ ਗਏ। ਉਸ ਸਮੇਂ ਮਾਤਾ ਜੀ ਦੇ ਅਸਥਾਨ ਤੋਂ ਦਾਸ
ਦੀ ਹੱਥ ਲਿਖਤ ਪੋਥੀ ਇਹ ਕਹਿ ਕੇ ਲੈ ਆਂਦੀ ਕਿ ਦੁਸਹਿਰਾ ਮਹਾਤਮ ਪੋਥੀ ਛਪਾਉਣ ਲਈ ਸਾਨੂੰ ਇਸ
ਪੋਥੀ ਤੋਂ ਮਦਦ ਮਿਲੇਗੀ। ਸੋ ਇਹ ਪੋਥੀ ੧ ਵਿਸਾਖ ਸੰਮਤ ੨੦੩੭ ਬਿਕ੍ਰਮੀ, ਮੁ: ੧੩ ਅਪ੍ਰੈਲ ਸੰਨ
੧੯੮੦, ਦਿਨ ਐਤਵਾਰ ਨੂੰ ਛੱਪ ਕੇ ਤਿਆਰ ਹੋ ਗਈ। ਹੱਥ ਲਿਖਤ ਪੋਥੀ ਹੁਣ ਦਾਸ ਪਾਸ ਹੈ।

ਦੁਸਹਿਰਾ ਮਹਾਤਮ - ਸ਼ਸਤ੍ਰ ਪਾਠ ਪੂਜਾ, ਇਹ ਪਹਿਲੇ ਨਵਰਾਤਰੇ ਤੋਂ ਸ਼ੁਰੂ ਕਰ ਕੇ ਦੁਸਹਿਰੇ ਵਾਲੇ
ਦਿਨ ਭੋਗ ਪਾਇਆ ਜਾਂਦਾ ਹੈ। ਇਸ ਦੀ ਮਰਯਾਦਾ ਪੋਥੀ ਵਿਚ ਇਉਂ ਅੰਕਤ ਹੈ–
ਰੋਜ਼ਾਨਾ ਸਵੇਰੇ ਕੜਾਹ ਪ੍ਰਸ਼ਾਦਿ ਦੀ ਦੇਗ ਸਜਾ ਕੇ, ਅਰਦਾਸ ਕਰ ਕੇ ਇਕ ਨੀਯਤ ਸਮੇਂ ਤੋਂ
ਪਾਠ ਅਰੰਭ ਕੀਤਾ ਜਾਂਦਾ ਹੈ। ਪੋਥੀ ਤੇ ਅੰਕਿਤ ਪਾਠ ਮੁਤਾਬਕ, ਲਗਾਤਾਰ ਅਖੰਡ ਪਾਠ ਅਰੰਭ ਕੀਤਾ

ਜਥੇਦਾਰ ਸਾਹਿਬ ਸਿੰਘ ਜੀ†

ਜਦ ਬਾਬਾ ਮਿੱਤ ਸਿੰਘ ਜੀ ਦਾ 'ਧਰਮ ਚਲਾਵਣ' ਦਾ ਫੈਸਲਾ ਸੁਣਿਆ ਤਾਂ ਝੱਟ ਹੀ ਖੜੇ ਹੋ ਕੇ
ਕਿਹਾ–ਸਾਨੂੰ ਬਾਬਾ ਜੀ ਦਾ ਫੈਸਲਾ ਸਿਰ ਮੱਥੇ ਤੇ ਪ੍ਰਵਾਨ ਹੈ। ਜੋ ਬਾਬਾ ਜੀ ਨੇ ਪੰਥਕ ਪ੍ਰਚਾਰ ਹਿੱਤ

ਜਾਂਦਾ ਹੈ। ਤਕਰੀਬਨ ੬–੭ ਘੰਟੇ ਪਾਠ ਹੁੰਦਾ ਹੈ। ਵਾਰੀ ਵਾਰੀ ਸਿੰਘਾਂ ਦੀ ਰੌਲ ਬਦਲਦੀ ਹੈ।ਹਰ
ਰੋਜ਼ ਪਾਠ ਸਮਾਪਤੀ ਤੇ ਅਰਦਾਸ ਹੁੰਦੀ ਹੈ।

† ਬਾਬਾ ਸਾਹਿਬ ਸਿੰਘ ਜੀ–ਇਹ ਸ਼੍ਰੋ: ਪੰਥ ਅਕਾਲੀ ਬੁੱਢੇ ਦਲ ਦੇ ੧੧ਵੇਂ ਜਥੇਦਾਰ ਸਨ। ਇਨ੍ਹਾਂ
ਦੇ ਪਿਤਾ ਸ: ਕਿਸ਼ਨ ਸਿੰਘ ਜੀ ਅਤੇ ਮਾਤਾ ਅਤਰ ਕੌਰ ਜੀ ਸਨ। ਜਥੇਦਾਰ ਜੀ 'ਕੰਗ' ਗੋਤ ਦੇ ਸਨ।
ਆਪ ਪਿੰਡ ਭੜੀ (ਖੰਨੇ ਤੋਂ ਕੁਝ ਦੂਰੀ ਤੇ) ਸੰਨ ੧੮੭੬ ਵਿਚ ਜਨਮੇ। ਆਪ ਨੇ ਬੀ. ਏ. ਲਾਹੌਰ 'ਚ
ਪਾਸ ਕੀਤੀ। ਆਪ ਜੀ ਨੂੰ ਤਹਿਸੀਲਦਾਰੀ ਦਾ ਔਹੁਦਾ ਮਿਲਿਆ, ਜੋ ਉਸ ਵਕਤ ਨਰਵਾਣੇ (ਰਿਆਸਤ
ਜੀਂਦ, ਸੰਗਰੂਰ) ਵਿਚ ਲੱਗੇ।

ਆਪ ਕੁਝ ਸਮੇਂ ਬਾਅਦ ਤਹਿਸੀਲਦਾਰੀ ਛੱਡ ਕੇ 'ਸ਼ੁਤਰ - ਸਵਾਰਾਂ' ਵਿਚ ਪਟਿਆਲੇ ਭਰਤੀ
ਹੋ ਗਏ। ਪਟਿਆਲੇ ਬੇਹੰਗਮਾਂ (ਨਿਹੰਗ ਸਿੰਘਾਂ ਦੀ ਛਾਉਣੀ) ਬਗੀਚੀ ਬਾਬਾ ਬੰਬਾ ਸਿੰਘ ਜੀ ਦੇ
ਨਿਹੰਗ ਸਿੰਘਾਂ ਨਾਲ ਮੇਲ - ਮਿਲਾਪ ਕਾਰਨ, ਨੌਕਰੀ ਦੀ ਭਾਵਨਾ ਤਿਆਗ ਕੇ ਨਿਹੰਗ ਸਿੰਘ ਸੱਜ ਗਏ,
ਅਤੇ ੧੨ ਸਾਲ ਬੜੀ ਕਠਨ ਘਾਲ ਬੁੱਢੇ ਦਲ ਵਿਚ ਕੀਤੀ। ਇਸ ਘਾਲ ਕਮਾਈ ਦਾ ਸਦਕਾ ਆਪ ਨੂੰ
ਵਾਹਿਗੁਰੂ ਨੇ ਅਨੇਕਾਂ ਕਲਾਂ (ਸ਼ਕਤੀਆਂ) ਬਖਸ਼ਸ਼ ਕੀਤੀਆਂ, ਜਿਸ ਕਰ ਕੇ ਇਨ੍ਹਾਂ ਨੂੰ ਕਲਾਧਾਰੀ
ਦੇ ਨਾਮ ਨਾਲ ਪੁਕਾਰਿਆ ਜਾਣ ਲੱਗਾ

ਆਪ ਜੀ ਨੇ ੧੨ ਸਾਲ ਬੁੱਢੇ ਦਲ ਦੀ ਜਥੇਦਾਰੀ ਕਰ ਕੇ ਸ੍ਰੀ ਅੰਮ੍ਰਿਤਸਰ ਸਾਹਿਬ [ਜਦ ਦਾਸ
ਲਿਖਾਰੀ ਜਥੇਦਾਰ ਜੀ ਦੇ ਨਾਲ ਸੀ] ੧੫ ਸਾਵਣ ਸੰਮਤ ੧੯੯੯ ਬਿਕਰਮੀ ਨੂੰ ਅੰਮ੍ਰਿਤ ਵੇਲੇ ਜਪੁਜੀ,
ਅਤੇ ਜਾਪ ਦਾ ਪਾਠ ਕਰ ਕੇ ਜੋਤੀ - ਜੋਤਿ ਜਾ ਰਲੇ।

(ਬਾਬਾ ਮਿੱਤ ਸਿੰਘ ਜੀ ਨਿਹੰਗ-ਸਿੰਘ, ਮੁੱਖ ਸੇਵਾਦਾਰ ਗੁ: ਜਗਤ - ਮਾਤਾ–ਮਾਤਾ ਸਾਹਿਬ
ਕੌਰਾਂ, ਦੇ ਸਨ। ਅਤੇ ਬੁੱਢੇ ਦਲ ਦੇ ਜਥੇਦਾਰ ਬਾ: ਸਾਹਿਬ ਸਿੰਘ ਜੀ ਦੋਹਾਂ ਦੀ ਇਕ ਸੁਰ, ਇਕ-
ਤਾਰ ਸਨ। ਦੋਵੇਂ ਮਹਾਂ ਪੁਰਸ਼ ਬ੍ਰਹਮ ਅਵਸਥਾ ਦੇ ਮਾਲਕ ਸਨ। ਜੋ ਦਾਸ ਨੇ ਦੋਹਾਂ ਮਹਾਂਪੁਰਸ਼ਾਂ ਦੀ
ਕਾਫੀ ਸਮਾਂ ਸੰਗਤ ਕੀਤੀ ਅਤੇ ਖਾਸ ਕਰ ਕੇ ਇਕ ਸੁਰਤਾ ਦੀ ਘੱਟਨਾ, ਜਦੋਂ ਦਾਸ ਮਾਤਾ ਜੀ ਦੇ
ਅਸਥਾਨ ਤੋਂ ਪੰਜਾਬ ਆਵਣ ਵੇਲੇ, ਵਾਪਰੀ ਤੇ ਦੋਹਾਂ ਮਹਾਂ ਪੁਰਸ਼ਾਂ ਦੀ ਇਕੋ ਤਾਰ ਅਗੰਮੀ ਸੁਣੀ ਸੀ।
ਜੋ ਦਾਸ ਦਾ ਪੰਜਾਬ ਵਿਦਾਇਗੀ ਲੇਖ ਵਿਚ ਪੜ੍ਹਨਾ)।

ਬੁੱਢੇ ਦਲ ਦਾ ਇਤਿਹਾਸ–ਬੁੱਢੇ ਦਲ ਦੇ ਮੁੱਢ ਤੋਂ ਲੈ ਕੇ ਹੁਣ ਤਕ ਦੇ ਜਥੇਦਾਰਾਂ ਦੀਆਂ
ਪ੍ਰਣਾਲੀਆਂ ਤੇ ਸੰਖੇਪ ਜੀਵਨ, ਦਾਸ ਦੀ ਕਲਮ ਤੋਂ ਲਿੱਖਤ, ਅਣਛੱਪੀਆਂ ਪਈਆਂ ਹਨ। ਇਸ ਇਤਿਹਾਸ
ਨੂੰ ਛਾਪਣ ਲਈ ਆਰਥਿਕ ਸਹਾਇਤਾ ਅਤੇ ਉਤਸ਼ਾਹ ਨਾ ਮਿਲਣ ਕਾਰਣ, ਦਾਸ ਦੀਆਂ ਆਸਾਂ
ਅਧੂਰੀਆਂ ਪਈਆਂ ਹਨ।

ਪੁਰਾਤਨ ਮਰਯਾਦਾ ਚਲਾਵਣ ਲਈ ਸਾਲਸੀ ਫੈਸਲਾ ਭੇਜਿਆ ਹੈ, ਸਾਨੂੰ ਪ੍ਰਵਾਨ ਹੈ ਅਤੇ ਅਗੇਂ ਤੋਂ ਜ਼ਰੂਰ 'ਦੁਸਹਿਰਾ ਮਹਾਤਮ' ਦਾ ਪਾਠ ਬੁੱਢੇ ਦਲ ਵਿਚ ਹੋਇਆ ਕਰੇਗਾ।

ਸੋ ਇਉਂ ਇਸ ਜਥੇਦਾਰੀ ਦਾ ਝਗੜਾ ਇਸ ਸਾਲਸੀ ਨਾਲ ਮੁੱਕਾ ਦਿਤਾ। ਤਾਂ ਬੁੱਢੇ ਦਲ ਦੀ ਵਾਗ ਡੋਰ ਜਥੇਦਾਰ ਬਾਬਾ ਸਾਹਿਬ ਜੀ ਕਲਾਧਾਰੀ ਜੀ ਨੂੰ ਸੌਂਪੀ ਗਈ। ਅਤੇ ਹੋਰ ਗੁਰ-ਅਸਥਾਨਾਂ ਦੀ ਦੇਖ ਭਾਲ ਤੇ ਪ੍ਰਬੰਧ ਚਲਾਉਣ ਦੀ ਜ਼ਿਮੇਵਾਰੀ ਜਥੇਦਾਰ ਬਾਬਾ ਰਾਮ ਸਿੰਘ ਜੀ ਨੂੰ ਦਿਤੀ ਗਈ।

ਕੁਝ ਸਮਾਂ ਜਥੇਦਾਰ ਬਾਬਾ ਰਾਮ ਸਿੰਘ ਜੀ ਪੰਥਕ ਫੈਸਲੇ ਮੁਤਾਬਕ ਕਾਰ ਕਰਦੇ ਰਹੇ। ਫਿਰ ਇਨ੍ਹਾਂ ਦਾ ਪਹਿਰਾ ਚਮਕੌਰ ਸਾਹਿਬ ਦੀ ਜਥੇਦਾਰੀ ਸੌਂਪੀ ਗਈ। ਇਹ ਭੀ ਇਹਨਾਂ ਛੱਡ ਕੇ ਇਕ ਨਵਾਂ ਪੰਥ ਹੀ ਸਾਜ ਲਿਆ, ਜੋ ਇਕ ਫਰਰੇ ਦੀ ਬਜਾਇ ਦੋ ਫਰਰੇ (ਇਕ ਨੀਲਾ, ਇਕ ਪੀਲਾ) ਦੇਣ ਲੱਗ ਪਏ। ਜਿਸ ਕਰ ਕੇ ਉਹ ਤਨਖਾਹੀਏ ਗਰਦਾਨੇ ਗਏ ਤੇ ਬਗੀਚੀ ਬਾਬਾ ਬੰਬਾ ਸਿੰਘ ਜੀ, ਲੋਇਰ ਮਾਲ ਰੋਡ, ਪਟਿਆਲੇ ਆ ਡੇਰੇ ਜਮਾਏ। ਕਲਗੀਧਰ ਜੀ ਦੇ ਨਿਹਕਲੰਕੀ ਅਵਤਾਰ ਵਿਚ ਕਥਨ ਕੀਤੇ ਕਲਿਜੁਗ ਦੇ ਹਾਲਾਤ ਪਰਗਟ ਕਰਦਿਆਂ ਫ਼ੁਰਮਾਇਆ ਹੈ ਕਿ–

ਏਕ ਏਕ ਮਤ ਇਕ ਇਕ ਧਾਮਾ॥ ਘਰੁ ਘਰੁ ਹੋਇ ਬੈਠੇ ਹੈ ਰਾਮਾ॥ ੧੨॥
ਪੜਿ ਹੈ ਕੋਈ ਨ ਬੂਲ ਪਰਾਨਾ॥ ਕੋਇ ਨ ਪਕੜੇ ਪਾਨ ਕੁਰਾਨਾ॥ ੧੩॥

ਪੁਨਾ– ਏਕ ਮਾਸੁ ਦੋਇ ਮਾਸੁ ਲੌਂ, ਅਧ ਮਾਸ ਲੌਂਤ ਚਲਾਹਿੰਗੇ॥
ਅੰਤ ਬੂਬਰ ਪਾਨ ਜਿਉਂ ਮਤ ਆਪ ਹੀ ਮਿਟ ਜਾਹਿੰਗੇ॥ ੧੯॥

ਪੁਨਾ– ਨਿੱਤ ਇੱਕ ਮਤ ਮਿਟੈ, ਉਠੈ ਨਿੱਤ ਇੱਕ ਮਤ ੭੩॥ [ਨਿਹਕਲੰਕੀ, ਪਾ: ੧੦

ਭਾਵ ਅਨੇਕ ਨਵੇਂ ਨਵੇਂ ਮੱਤ ਚਲਣਗੇ, ਪਰ ਉਹ ਇਕ ਮਹੀਨਾ, ਦੋ ਮਹੀਨੇ ਜਾ ਅੱਧਾ ਮਹੀਨੇ ਚੱਲ ਕੇ ਬੁਲਬੁਲੇ ਪਾਣੀ ਵਾਂਗ ਉਠ ਕੇ ਜਲਦੀ ਮਿਟ ਜਾਣਗੇ

ਸੋ ਇਹ ਉਸ ਬੁਲਬੁਲੇ ਪਾਣੀ ਵਾਂਗ ਨਵਾਂ ਦੋ ਫਰਰੇ ਦਾ ਪੰਥ ਜਥੇਦਾਰ ਬਾਬਾ ਰਾਮ ਸਿੰਘ ਜੀ ਦੇ ਅਕਾਲ ਚਲਾਣੇ ਨਾਲ ਹੀ ਸਮਾਪਤ ਹੋ ਗਿਆ।

ਬਾਬਾ ਮਿੱਤ ਸਿੰਘ ਜੀ ਦਾ ਸਤਿਕਾਰ ਤਾਂ ਜਥੇਦਾਰ ਬਾ: ਤੇਜਾ ਸਿੰਘ ਜੀ ਦੇ ਸਮੇਂ ਤੋਂ ਹੀ ਹਰ ਸਿੰਘ ਦੇ ਦਿਲ ਵਿਚ ਵੱਸ ਚੁੱਕਾ ਹੋਇਆ ਸੀ। ਪਰ ਜਦੋਂ ਤੋਂ ਜਗਤ - ਮਾਤਾ–ਮਾਤਾ ਸਾਹਿਬ ਕੌਰਾਂ ਜੀ ਦੇ ਅਸਥਾਨ ਤੇ ਕਠਨ ਘਾਲ ਕਮਾਈ ਕਰ ਕੇ ਉਥੋਂ ਦੀ ਮਹਿਮਾ ਅਤੇ ਸਿੰਘਾਂ ਪ੍ਰਤੀ ਪਿਆਰ, ਉਹਨਾਂ ਦੀ ਸਮ - ਦ੍ਰਿਸ਼ਟੀ' ਹਰ ਇਕ ਸਿੰਘ ਨੂੰ ਪ੍ਰਭਾਵਤ ਕਰਦਾ ਹੈ ਅਤੇ ਇਹਨਾਂ ਦੀਆਂ ਪੰਥਕ ਸੇਵਾਵਾਂ ਕਲਾ - ਕਿਰਤੀਆਂ ਦੀ ਹਰ ਇਕ ਸਿੰਘ ਦੇ ਮਨ ਵਿਚ ਕੀਰਤੀ ਸੀ। ਜਥੇਦਾਰ ਬਾਬਾ ਸਾਹਿਬ ਸਿੰਘ ਜੀ ਕਲਾਧਾਰੀ ਬੁੱਢਾ ਦਲ, ਭੀ ਬਾਬਾ ਮਿੱਤ ਸਿੰਘ ਜੀ ਦਾ ਸਤਿਕਾਰ ਵਜੋਂ ਉਹਨਾਂ ਦਾ ਨਾਮ (ਮਿੱਤ ਸਿੰਘ) ਕਰ ਕੇ ਨਹੀਂ ਕਹਿੰਦੇ ਸਨ, ਸਗੋਂ ਬਾਬਾ ਬਬੇਕਾ ਸਿੰਘ ਜੀ ਕਰ ਕੇ ਹੀ ਪੁਕਾਰਦੇ ਸਨ।

ਸਿੰਘ ਹੱਥੋਂ ਮੁਸਲਮਾਨ ਦਾ ਕਤਲ—
ਧਰਮ ਦਾ ਅਪਮਾਨ ਕਰਨ ਵਾਲੇ ਲਈ ਬਾਬਾ ਜੀ ਦਾ ਅਨੋਖਾ ਨਿਆਂ

ਕਿਸੇ ਭੀ ਧਰਮ ਦਾ ਅਪਮਾਨ ਕਰਨਾ, ਕੋਈ ਭੀ ਧਰਮ ਕਿਸੇ ਮਨੁਸ਼ ਨੂੰ ਅਜੇਹਾ ਕਰਨ ਲਈ ਕਦੀ ਭੀ ਮਾਫ ਨਹੀਂ ਕਰਦਾ ਤੇ ਨਾ ਹੀ ਅਜਿਹੀ ਸਿਖਿਆ ਦਿਤੀ ਜਾਂਦੀ ਹੈ। ਸ਼ੈਤਾਨ ਮਨ ਦੇ ਵਸੀਕਰਨ ਇਨਸਾਨ ਧਰਮ ਦੀ ਆੜ ਵਿਚ ਨਿਸ਼ੰਗ ਹੋ ਕੇ ਪਾਪ ਕਰਦਾ ਹੈ। ਕੋਈ ਭੀ ਗੁਰੂ, ਪੀਰ, ਪੈਗੰਬਰ ਉਸ ਦੀ ਬਾਂਹ ਨਹੀਂ ਫੜਦਾ ਅਤੇ ਨਾ ਹੀ ਮੁਕਤੀ ਨਿਜਾਤ ਜਾਂ ਬਹਿਸ਼ਤ ਹੀ ਮਿਲਦੀ ਹੈ। ਕਿਉਂਕਿ ਸ੍ਰਿਸ਼ਟ ਕਰਤਾ ਇਕ ਹੈ ਤੇ ਜਿਵੇਂ ਜਿਵੇਂ ਜਿੰਨੀ ਕਲਾ (ਸ਼ਕਤੀ) ਦੀ ਲੋੜ ਪਈ, ਮਖਲੂਕਾਤ ਦੇ ਸੁਧਾਰ ਲਈ, ਇਕ ਅਕਾਲ ਅਜੇਹੀਆਂ ਕਲਾਂ (ਸ਼ਕਤੀਆਂ) ਲੈ ਕੇ ਅਵਤਰਿਆ ਤੇ ਆਪਣੀ ਕਲਾਂ ਨੂੰ ਜਦੋਂ ਮੈਂ [ਮੇਰੀ] (ਪ੍ਰਭੂ ਸ਼ਕਤਿ) ਆਪਣੀ ਸ਼ਕਤਿ ਸਮਝ ਹਉਮੈਂ ਦੇ ਰੋਗ ਵਿਚ ਗ੍ਰਸਿਆ ਵੇਖਿਆ ਤਾਂ ਉਸ ਨੂੰ ਮਾਇਆ ਦੇ ਅਜਿਹੇ ਚੱਕਰ ਵਿਚ ਪਾਇਆ ਕਿ ਉਸ ਨੇ ਪ੍ਰਭੂ ਦੇ ਉਦੇਸ਼ਾਂ ਨੂੰ ਪਿੱਠ ਦੇ ਕੇ 'ਆਪਣਾ ਨਵਾਂ ਰਾਹ ਚੁਣ' ਕੇ ਸੰਸਾਰ ਨੂੰ ਵੱਖਵਾਦੀ ਇਕ ਨਵੀਂ ਲੀਹ ਤੇ ਪਾ ਦਿਤਾ। ਇਉਂ ਜੀਵ ਜਿਸ ਇਸ਼ਟ ਦਾ ਪੂਜਕ ਬਣਿਆ, ਉਸ ਦੇ ਅਸੂਲ ਸਿਧਾਂਤ 'ਸਭ ਮਹਿ ਜੋਤਿ' ਨੂੰ ਸਮਝਦਾ ਅਤੇ ਨਾ ਹੀ ਇਹ ਜਾਨਣ ਕੀਤਾ ਕਿ–

ਨਾ ਕੋ ਬੈਰੀ ਨਹੀ ਬੇਗਾਨਾ ..... ॥ [ਕਾਨੜਾ ਮ: ੫–੧੨੯੯

ਜਿਸ ਕਰ ਕੇ ਸੱਚ ਦੇ ਮਾਰਗ ਤੋਂ ਕੋਹਾਂ ਦੂਰ ਹੋ ਕੇ ਸ਼ਰੀਯਤ ਦੇ ਪੜਦੇ ਵਿਚ 'ਧਰਮ ਪੁੰਨ' ਕਰਨ ਦੀ ਬਜਾਇ 'ਅਧਰਮ ਪਾਪ' ਜੋ ਕਿਸੇ ਦੇ ਧਰਮ ਨਿਯਮ - ਮਰਯਾਦਾ ਹੈ। ਅੰਦਰ ਸ਼ਾਂਤ ਦੇ ਥਾਂਵੇਂ ਕੁੜਿਤਨ ਅਤੇ ਆਕੜ ਵਿਚ ਦੂਸਰੇ ਦੇ ਧਰਮ ਦਾ ਅਪਮਾਨ ਕਰਨਾ ਸੁਆਬ ਪੁੰਨ ਸਮਝਦਾ ਹੈ, ਜੋ ਸੱਚ ਦਾ ਮਾਰਗ ਤਿਆਗ ਕੇ ਝੂਠ ਕੂੜ ਦੇ ਰਾਹੇ ਪੈਣਾ ਹੈ।

ਸਭ ਧਰਮਾਂ ਦੇ ਆਗੂਆਂ ਨੇ ਜਿਨ੍ਹਾਂ ਪ੍ਰਭੂ ਜਣਾਇਆ, ਉਸ ਸੰਸਾਰ ਨੂੰ ਸੇਧ ਦਿਤੀ, ਕਿਸੇ ਚੜ੍ਹਦੇ ਤੇ ਕਿਸੇ ਲਹਿੰਦੇ ਪੂਜਾ ਨੂੰ ਮੁੱਖ ਸਮਝਿਆ–

ਕਾਹੂੰ ਲਖਿਓ ਹਰਿ ਆਵਚੀ ਦਿਸਾ ਮਹਿ ਕਾਹੂੰ ਪਛਾਹ ਕਉ ਸੀਸ ਨਿਵਾਇਓ॥
[ਅਕਾਲ ਉਸਤਤਿ, ਪਾ: ੧੦

ਪਰ ਗੁਰੂ ਨਾਨਕ ਦੇਵ ਜੀ ਨੇ ਜਿਥੇ ਸਾਰੇ ਸੰਸਾਰ ਨੂੰ ਸਾਂਝੀਵਾਲਤਾ ਦਾ ਸੰਦੇਸ਼ ਦਿਤਾ, ਉਥੇ ਸਾਰੇ ਧਰਮਾਂ ਦੇ ਸ਼ਿੱਸ਼ਾਂ ਨੂੰ ਇਕੋ ਜਿਹਾ ਸਨਮਾਨਿਆ। ਜਿਸ ਕਰ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਲੈ ਕੇ ਦਸਮ ਪਾਤਸ਼ਾਹ ਤੱਕ 'ਸਭ ਤੇਰੀ ਕੁਦਰਤ' ਨੂੰ ਪਿਆਰਿਆਂ ਤੇ ਇਸੇ ਕਰ ਕੇ ਸਰਬ ਸਾਂਝੀਵਾਲਤਾ ਦੇ ਅਮਲ ਸਿਧਾਂਤਕ ਨੂੰ ਮੁੱਖ ਰੱਖਦਿਆਂ ਸਰਬ ਮਜ਼ਹਬ ਦੇ ਭਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕਰ ਕੇ ਸਾਬਤ ਕਰ ਵਿਖਾਇਆ ਅਤੇ ਦਰਗਾਹੀ ਸੱਚ, ਬਾਣੀ ਦੇ ਪ੍ਰਕਾਸ਼ਨ ਲਈ ਉਸ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ [ਚਾਰ ਯੁੱਗ, ਚਾਰ ਦਿਸ਼ਾ, ਚਾਰ ਤੱਤ (ਪੰਜਵੀਂ ਜੋਤਿ) ਚਾਰ ਵੇਦ, ਚਾਰ ਵਰਨਾ] ਦੇ

ਵਿਤਕਰੇ ਨੂੰ ਦੂਰ ਕਰਨ ਲਈ ਬਣਾਏ ਅਤੇ ਫੁਰਮਾਨ ਕੀਤਾ—

ਕਬੀਰ ਜਿਹ ਦਰਿ ਆਵਤ ਜਾਤਿ ਅਹੂ ਹਟਕੈ ਨਾਹੀ ਕੋਇ ॥ ੬੬ ॥

[ਸਲੋਕ ਕਬੀਰ ਜੀ—੧੩੬੭

ਦੀ ਲਾ - ਮਿਸਾਲ ਪ੍ਰਥਾ ਕਾਇਮ ਕੀਤੀ। ਸਤਿਗੁਰਾਂ ਨੇ ਤਾਂ ਸਭ ਮਜ਼ਹਬਾਂ ਦਾ ਸਤਿਕਾਰ ਅਤੇ ਦੂਸਰੇ ਦਾ ਧਰਮ ਬਚਾਵਣ ਲਈ ਆਪਣਾ ਸੀਸ ਬਲੀਦਾਨ ਦੇਣ ਤੋਂ ਭੀ ਸੰਕੋਚ ਨਹੀਂ ਕੀਤਾ।

ਪ੍ਰੰਤੂ ਦੂਸਰੇ ਮਜ਼ਹਬਾਂ ਅੰਦਰ ਸ਼ਰੀਯਤ ਦਾ ਜ਼ਹਿਰ ਤੇ ਦੂਸਰੇ ਧਰਮਾਂ ਨੂੰ ਅਪਮਾਨਤ ਕਰਨ ਦਾ ਵਲਵਲਾ ਜਿਉਂ ਦਾ ਤਿਉਂ ਉਬਾਲੇ ਮਾਰਦਾ ਰਿਹਾ ਹੈ।

ਤਖ਼ਤ ਸੱਚਖੰਡ ਪ੍ਰਕਰਮਾ ਵਿਚ ਬੀੜੀ ਪੀਵਣ ਤੋਂ ਰੋਕਣਾ

ਤਖ਼ਤ ਸ੍ਰੀ ਹਜ਼ੂਰ ਸਾਹਿਬ, ਅਬਿਚਲ ਨਗਰ (ਨਾਂਦੇੜ – ਦੱਖਣ) ਜੋ ਸਰਬ ਸਾਂਝੀਵਾਲਤਾ ਦਾ ਪ੍ਰਤੀਕ ਹੈ। ਇਥੇ ਇਕ ਮੁਸਲਮਾਨ ਤਖ਼ਤ ਸਾਹਿਬ ਦੀ ਬਾਹਰਲੀ ਪਰਕਰਮਾ ਕਰਦਿਆਂ ਬੀੜਾ* ਸੁਲਗਾ ਕੇ ਪੀਣ ਲੱਗ ਪਿਆ।

---

* ਬੀੜੀ (ਤਮਾਕੂ)——ਤਮਾਕੂ ਨੂੰ ਫ਼ਾਰਸੀ ਵਿਚ ਤੰਬਾਕੂ, ਅਰਬੀ ਵਿਚ ਦੁਖ਼ਾਨ ਅਤੇ ਸੰਸਕ੍ਰਿਤ ਵਿਚ ਤਾਮ੍ਰਕੁਟ ਤੇ ਕਲੰਜ ਨਾਮ ਹਨ। ਇਹ ਅਸਲ ਬੂਟੀ ਅਮਰੀਕਾ ਦੀ ਹੈ, ਤੇ ਇਸ ਦਾ ਨਾਮ 'ਤਮਾਕੋ' ਹੈ। ਯੂਰਪ ਦੇ ਯਾਤ੍ਰੀ ਉਸ ਦੇਸ਼ ਤੋਂ ਹੋਰ ਦੇਸ਼ਾਂ ਵਿਚ ਤਮਾਕੂ ਨੂੰ ਉਥੋਂ ਦੇ ਨਾਮ ਸਮੇਤ ਲਿਆਏ ਸਨ(ਭਾਵ ਇਸ ਬੂਟੀ ਦਾ ਨਾਮ ਨਹੀਂ ਬਦਲਿਆ)।

ਯੂਰਪ ਵਿਚ ਇਸ ਦਾ ਪ੍ਰਚਾਰ ਸੰਨ ੧੫੬੦ ਵਿਚ ਹੋਇਆ । ਭਾਰਤ ਵਿਚ ਪੁਰਤਗਾਲ ਦੇ ਵਪਾਰੀਆਂ ਨੇ ਸੰਨ ੧੬੦੫ ਵਿਚ ਤਮਾਕੂ ਬੀਜ ਸਮੇਤ ਲਿਆਂਦਾ ਅਤੇ ਦੇਸ਼ ਵਿਚ ਫੈਲਾਇਆ।

ਮੁਸਲਮਾਨ ਤਮਾਕੂ ਦੀ ਵਰਤੋਂ ਨੂੰ ਮਕਰੂਹ ਜਾਣਦੇ ਹਨ, ਇਸੇ ਲਈ ਮਸਜਦਾਂ ਵਿਚ ਇਸ ਦਾ ਵਰਤਣਾ ਮਨ੍ਹਾ ਕੀਤਾ ਹੋਇਆ ਹੈ। ਖਾਸ ਕਰ ਕੇ ਵਹਾਬੀ ਮੁਸਲਮਾਨ ਤਾਂ ਤਮਾਕੂ ਦੇ ਵਰਤਣ ਤੋਂ ਬਹੁਤ ਪ੍ਰਹੇਜ਼ ਕਰਦੇ ਹਨ।

ਹਿੰਦੂ ਵੇਦ, ਗ੍ਰੰਥਾਂ, ਸ਼ਾਸਤ੍ਰਾਂ ਮੁਤਾਬਕ ਭੀ ਇਸ਼ਟ - ਪੂਜਾ—ਮੰਦਰਾਂ ਵਿਚ ਇਸ ਦੀ ਵਰਤੋਂ ਸਖ਼ਤ ਵਰਜਤ ਹੈ। ਇਸੇ ਤਰ੍ਹਾਂ ਸਭ ਮਜ਼ਹਬਾਂ ਨੇ ਇਸ ਨੂੰ ਵਰਜਤ ਕੀਤਾ ਹੈ।

ਗੁਰਮਤਿ ਵਿਚ ਤਮਾਕੂ ਦਾ ਪੂਰਨ ਤਿਆਗ ਹੈ ਅਤੇ ਇਸ ਦਾ ਨਾਮ 'ਜਗਤ - ਜੂਠ' 'ਬਿਖਜ਼ਾ' ਤਥਾ 'ਗੰਦਾ ਧੂਮ' ਲਿਖਿਆ ਹੈ—

ਬਿਖਿਆ ਕਿਰਿਆ ਭੱਦਨ ਤਜਾਗੈ ॥ [ਗੁਵਿ ੧੦

'ਜਗਤ - ਜੂਠ ਤੇ ਰਹਿਯੈ ਦੂਰ ॥ [ਗੁ: ਪ੍ਰ: ਸੂਰਜ

'ਗੰਦਾ ਧੂਮ ਬੰਧ ਤੇ ਤਯਾਗਹੁ ॥ ਅਤਿ ਗਿਲਾਨਿ ਇਸ ਤੇ ਧਰ ਭਾਗਹੁ ॥ [ਗੁ: ਪ੍ਰ: ਸੂਰਜ

ਕੁੱਠਾ ਹੁੱਕਾ ਚਰਸ ਤਮਾਕੂ ……… ਇਨ ਕੀ ਓਰ ਨ ਕਬਹੂ ਦੇਖੈ ॥

[ਪ੍ਰਸ਼ਨੋਤਰ ਭਾਈ ਨੰਦ ਲਾਲ ਜੀ, ਮਹਾਨ ਕੋਸ਼—੪੩੨

ਸਾਰੇ ਧਰਮਾਂ ਅਨੁਸਾਰ ਇਸ ਦਾ ਤਿਆਗਣ, ਧਰਮ ਗ੍ਰੰਥਾਂ ਵਿਚ ਦਰਸਾਇਆ ਹੈ, ਅਤੇ ਇਸ਼ਟ ☞

ਉਸ ਵਕਤ ਭਾਈ ਜੀਊਣ ਸਿੰਘ ਜੀ ਨਿਹੰਗ-ਸਿੰਘ ਉਸ ਦੇ ਪਿੱਛੇ ਪ੍ਰਕਰਮਾ ਕਰ ਰਹੇ ਸਨ। ਇਸ ਆਦਮੀ ਨੂੰ ਤਖ਼ਤ ਹਜ਼ੂਰ ਸਾਹਿਬ ਦੀਆਂ ਪ੍ਰਕਰਮਾਂ ਵਿਚ ਬੀੜੀ ਪੀਂਦੇ ਵੇਖ ਕੇ ਨਿਹੰਗ ਸਿੰਘ ਨੇ ਰੋਕਿਆ ਅਤੇ ਕਿਹਾ ਕਿ ਇਥੇ ਬੀੜੀ ਪੀਣੀ ਤਾਂ ਦੂਰ ਦੀ ਗੱਲ ਹੈ, ਔਹ ਡਿਉਢੀ ਤੋਂ ਅੰਦਰ ਬੀੜੀ, ਤਮਾਕੂ, ਸਿਗਰਟ ਲੈ ਕੇ ਅੰਦਰ ਦਾਖਲ ਹੋਣ ਦੀ ਹਰ ਗੁਰ ਅਸਥਾਨਾਂ ਤੇ ਸਖ਼ਤ ਮਨਾਹੀ ਹੈ। ਜੋ ਸਿੱਖ ਮਰਯਾਦਾ ਦੇ ਉੱਲਟ ਹੈ, ਤੁਸਾਂ ਡਿਊਢੀ ਤੇ ਮਨਾਹੀ-ਬੋਰਡ ਨਹੀਂ ਪੜ੍ਹਿਆ ?

☞ ਉਪਾਸ਼ਨਾ ਸਮੇਂ ਕੋਈ ਭੀ ਸ਼ਿੱਸ਼ ਇਸਨੂੰ ਧਰਮ ਅਸਥਾਨ ਤੇ ਨਹੀਂ ਵਰਤਦਾ। ਹੋਰ ਮਜ਼ਹਬ ਭਾਵੇਂ ਇਸ ਨੂੰ ਜਗਤ ਜੂਠ ਤੇ ਇਸ ਦੇ ਔਗੁਣਾਂ ਨੂੰ ਨਾ ਸਮਝ ਕੇ ਸੇਵਨ ਕਰੀ ਜਾ ਰਹੇ ਹਨ। ਭਾਵੇਂ ਅੱਜ ਕੱਲ ਦੇ ਸਰੀਰਕ ਮਾਹਿਰ ਡਾਕਟਰ ਭੀ ਇਸ ਦੇ ਸੇਵਨ ਕਰਨ ਨੂੰ ਸਿਹਤ ਲਈ ਭਾਰੀ ਨੁਕਸਾਨ ਪਹੁੰਚਾਣ ਵਾਲਾ ਸਾਬਤ ਕਰ ਚੁੱਕੇ ਹਨ।

ਦਮੇ ਦਾ ਰੋਗ ੧੦ ਪ੍ਰਤੀਸ਼ਤ ਇਸੇ ਜਗਤ ਜੂਠ (ਤਮਾਕੂ) ਦੀ ਦੇਣ ਹੈ।

ਪਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਗੁਰਮਤਿ ਮਾਰਗ ਵਿਚ ਗੁਰੂ ਕੇ ਸਿੱਖ ਲਈ ਅਤੇ ਆਮ ਸਿਖ ਜੋ ਸਾਬਤ ਸੂਰਤ ਕੇਸਾਧਾਰੀ ਹੈ, ਇਸ ਦਾ ਸੇਵਨ ਕਰਨਾ ਸਖਤ ਵਰਜਿਤ ਹੈ। ਉਹ ਗੁਰੂ ਕਲਗੀਧਰ ਜੀ ਦਾ ਸਿੰਘ ਅਖਵਾਉਣ ਦਾ ਹੱਕਦਾਰ ਨਹੀਂ ਹੋ ਸ਼ਕਦਾ ਜੋ ਤਮਾਕੂ ਸੇਵਨ ਕਰਦਾ ਹੈ।

ਤਮਾਕੂ ਕਿਉਂ ਵਰਜਿਤ ਹੈ ? ਇਸ ਪ੍ਰਸ਼ਨ ਦਾ ਉਤਰ ਦੇਂਦੇ ਹੋਏ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਕ ਤਪੱਸਵੀ ਰਿਸ਼ੀ ਦੀ, ਜਿਸ ਦਾ ਇਸ ਬੂਟੀ ਦੇ ਸ਼ੇਵਨ ਕਰਨ ਨਾਲ ਜੱਪ, ਤੱਪ ਨਸ਼ਟ ਹੋ ਗਿਆ ਸੀ, ਕਹਾਣੀ ਸੁਣਾਈ—

ਇਕ ਰਿਸ਼ੀ, ਜਿਸ ਨਾਲ ਸ਼ਾਦੀ ਕਰਨ ਲਈ ਇਕ ਰਾਜੇ ਦੀ ਲੜਕੀ ਨੇ ਹੱਠ ਧਾਰਨ ਕਰ ਲਿਆ ਸੀ। ਪਰ ਉਸ ਤਪੱਸਵੀ ਦਾ ਤੱਪ ਇਤਨਾ ਸੀ, ਕਿ ਉਹ ਇਸ 'ਕਾਮ' ਤੋਂ ਬਚਣ ਲਈ ਜਪ ਤੱਪ ਦਾ ਕੋਟ ਬਣਾ ਲੈਂਦਾ ਸੀ। ਰਾਜਨ ਨੇ ਸਿਆਣਿਆਂ ਤੋਂ ਪੁਛਿਆ। ਤਾਂ ਉਹਨਾਂ ਸਿਆਣਿਆਂ ਨੇ ਰਾਜੇ ਨੂੰ ਇਹ ਸਲਾਹ ਦਿਤੀ ਕਿ ਜੇ ਜਗਤ ਜੂਠ (ਤਮਾਕੂ) ਇਸ ਸਾਧੂ ਨੂੰ ਛੱਕਾਇਆ ਜਾਏ ਤਾਂ ਇਸ ਦੇ ਤੱਪ ਦੀ ਸ਼ਕਤੀ ਘੱਟ ਸਕਦੀ ਹੈ।

ਰਾਜੇ ਵਲੋਂ ਅਜਿਹਾ ਹੀ ਕੀਤਾ ਗਿਆ। ਉਸ ਤੱਪਸਵੀ ਨੂੰ ਪ੍ਰਸ਼ਾਦਾ ਛੱਕਣ ਦਾ ਨਿਉਂਦਾ ਦਿਤਾ ਗਿਆ। ਤਮਾਕੂ ਨੂੰ ਪੀਸ ਕੇ ਰੋਟੀ ਵਿਚ ਪਾ ਸਾਧੂ ਨੂੰ ਖੁਆਇਆ ਗਿਆ। ਜਿਸ ਕਰ ਕੇ ਉਸ ਰਿਸ਼ੀ ਦਾ ਤੱਪ ਨਸ਼ਟ ਹੋ ਗਿਆ। ਕਾਮਾਤੁਰ ਰਾਜਨ ਲੜਕੀ ਆਪਣੇ ਇਰਾਦੇ ਵਿਚ ਪੂਰੀ ਹੋ ਗਈ। ਤੱਪਸਵੀ ਦਾ ਤੱਪ ਜੋ ਰਾਤ ਨੂੰ ਤਪ ਦੇ ਬਲ ਨਾਲ ਆਪਣੇ ਆਲੇ ਦੁਵਾਲੇ ਕੋਟ ਕਰ ਲੈਂਦਾ ਸੀ] ਤਮਾਕੂ ਸੇਵਨ ਕਰਨ ਨਾਲ ਉਸ ਤੋਂ ਕੋਟ ਨਾ ਹੋਇਆ ਅਤੇ ਆਪਣਾ ਸਤਿ ਭੰਗ ਕਰਵਾ ਕੇ, ਕਾਮ ਚੇਸ਼ਟਾ ਵਿਚ ਆ ਕੇ ਉਸ ਨੂੰ ਰਾਜਨ ਦੀ ਲੜਕੀ ਨਾਲ ਸ਼ਾਦੀ ਕਰਨੀ ਪਈ।

ਧਰਮ ਗਰੰਥਾਂ ਦਾ ਤੱਤੂ ਹੈ, ਕਿ ਇਹ ਜਪ, ਤੱਪ, ਨੇਮ, ਭਗਤੀ, ਸੇਵਾ ਪੁੰਨ ਸਭ ਦਾ ਨਾਸ ਕਰਦਾ ਹੈ। ਇਹ ਹੀ ਕਾਰਨ ਹੈ ਕਿ ਤਮਾਕੂ ਦੀ ਵਰਤੋਂ ਸੰਸਾਰ ਤੇ ਵਧਣ ਨਾਲ ਜਿਥੇ ਪ੍ਰਾਣੀ ਰੋਗ ☞

ਕੀ ਤੁਸੀਂ ਆਪਣੇ ਪੂਜਯ ਅਸਥਾਨ (ਮਸੀਤ) ਵਿਚ ਤਮਾਕੂ ਸੇਵਨ ਕਰਦੇ ਹੋ? ਜੇ ਨਹੀਂ, ਤਾਂ ਇਥੇ ਆਪ ਦਾ ਹੀਆ ਕਿਵੇਂ ਪਿਆ ਬੀੜੀ ਪੀਣ ਦਾ। ਬੰਦ ਕਰੋ ਬੀੜੀ ਪੀਣੀ ਵਰਨਾ ਇਸ ਦੀ ਸਜ਼ਾ ਭੁਗਤਣੀ ਹੋਵੇਗੀ।

ਮੁਸਲਮਾਨ– (ਭਾਈ ਜੀਊਣ ਸਿੰਘ ਜੀ ਦੇ ਬਚਨ ਨੂੰ ਅਣਸੁਣਿਆਂ ਕਰ ਕੇ) ਆਕੜਿਆ ਤੇ ਸਗੋਂ ਖਰਵੇ ਅੱਖਰਾਂ ਵਿਚ–ਜ਼ੋਰ ਦਾ ਸੂਟਾ ਲਾ ਕੇ ਕਹਿਣ ਲੱਗਾ–ਕਿਆ ਹੈ, ਜਾਓ! ਆਪਣਾ ਕਾਮ ਕਰੋ, ਹਮ ਤੋ ਪੀਏਂਗੇ। (ਮੁਸਲਮਾਨ ਨਵਾਬ ਦੀ ਰਿਆਸਤ ਹੋਣ ਕਰ ਕੇ ਮੁਸਲਮਾਨਾਂ ਅੰਦਰ ਆਕੜ ਸੀ। ਉਸ ਵਕਤ ਸਿੰਘ ਭੀ ਤਖ਼ਤ ਸੱਚਖੰਡ ਸ੍ਰੀ ਹਜੂਰ ਸਾਹਿਬ ਬਹੁਤ ਘਟ ਜਾਇਆ ਕਰਦੇ ਸਨ। ਇਸ ਰਿਆਸਤ ਵਿਚ ਬਹੁਤੀ ਆਬਾਦੀ ਮੁਸਲਮਾਨਾਂ ਜਾਂ ਮਟਹੱਟੇ ਹਿੰਦੂਆਂ ਦੀ ਹੀ ਸੀ)।

ਭਾਈ ਜੀਊਣ ਸਿੰਘ– ਦੇਖ ਕਿਸੇ ਦੇ ਧਰਮ ਅਸਥਾਨ ਤੇ ਉਸ ਦੇ ਪੂਜਯਕ 'ਸ਼ਿੱਸ਼' ਪਾਸ ਬੇਅਦਬੀ ਕਰਨੀ ਇਕ ਵੱਡਾ ਚੈਲੰਜ ਹੈ ਤੇ ਜਿਸ ਦਾ ਸਿੱਟਾ ਮੌਤ ਨੂੰ ਬੁਲਾਵਾ ਦੇਣਾ। ਬਾਜ਼ ਆ ਜਾਹ! ਤੇ ਛੇਤੀ ਬੀੜੀ ਬੁਝਾ ਤੇ ਬਾਹਰ ਹੋ ਜਾ ਡਿਊਢੀ ਤੋਂ? ਵਰਨਾ .. ...

ਮੁਸਲਮਾਨ– ਵਰਨਾ .. ਕਿਆ ਹੋਗਾ, ਕਿਆ ਡਰਾਵੇ ਦੇਤੇ ਹੋ ਮੌਤ ਕੋ ਆਵਾਜ਼ ਮਾਰਨੇ ਕੇ? ਤੁਮ ਕਿਆ ਕਰ ਸਕਤੇ ਹੋ, ਮਾਰ ਕੇ ਤੋ ਦੇਖੋ?

ਭਾਈ ਜੀਊਣ ਸਿੰਘ ਜੀ– (ਉਸ ਦੀ ਅਜਿਹੀ ਆਕੜ ਅਤੇ ਪਾਵਨ ਧਰਮ ਅਸਥਾਨ ਦੀ ਬੇਅਦਬੀ ਵੇਖ ਕੇ ਸਿੰਘ ਜੀ ਆਪੇ ਤੋਂ ਬਾਹਰ ਹੋ ਗਏ ਤੇ ਕ੍ਰਿਪਾਨ ਧੂਹ ਕੇ) ਦੱਸਾਂ ਕੀ ਹੁੰਦਾ ਏ? ਆਪਣੀ

ਗ੍ਰਸਤ ਹੋ ਗਿਆ ਹੈ। ਉਥੇ ਵਾਯੂ-ਮੰਡਲ ਜੋ ਇਨਸਾਨੀ ਜ਼ਿੰਦਗੀ ਲਈ ਇਕ ਸਾਫ ਸੁਥਰਾ ਹੋਣਾ ਚਾਹੀਦਾ ਹੈ, ਦੂਸ਼ਿਤ ਕਰ ਦਿਤਾ ਹੈ। ਇਸ ਦੇ ਸੇਵਨ ਨਾਲ ਜਿਥੇ ਕੁਦਰਤ ਦੀ ਦੇਣ ਸਵੱਛ ਵਾਯੂ ਗੰਦੀ ਹੋਈ ਹੈ, ਉਥੇ ਹਰ ਪ੍ਰਾਣੀ ਦੇ ਅੰਦਰ ਇਸ ਦੂਸ਼ਤ ਹਵਾ ਦੇ ਪ੍ਰਵੇਸ਼ ਮਨ, ਬੁੱਧ ਭੀ ਪ੍ਰਭੂ ਭਗਤੀ ਤੋਂ ਮੂੰਹ ਮੋੜੀ ਜਾ ਰਹੀ ਹੈ। ਜੇ ਕੋਈ ਕਰਦਾ ਭੀ ਹੈ ਤਾਂ ਇਸ ਦੇ ਸੇਵਨ ਨਾਲ ਜੱਪ ਤੱਪ ਦੀ ਪੂਰਨ ਮਹੱਤਤਾ ਫਲ ਦੀ ਪ੍ਰਾਪਤੀ ਕਰਨ ਤੋਂ ਵੰਚਿਤ ਹੋ ਰਿਹਾ ਹੈ।

ਬਹੁਤ ਘ੍ਰਿਣਤ ਗੱਲ ਹੈ ਕਿ ਸਿੱਖ - ਜਗਤ ਜਿਨ੍ਹਾਂ ਲਈ ਸਖਤ ਵਰਜਤ ਹੈ, ਕੁਸੰਗਤ ਦੇ ਫਲ ਕਾਰਨ ਇਸ 'ਜਗਤ ਜੂਠ' ਦੀ ਲਪੇਟ ਵਿਚ ਆ ਗਏ ਹਨ। ਅੰਮ੍ਰਿਤਧਾਰੀ ਭੀ, ਕੋਲ ਇਕ ਦੋਸਤ ਸਿਗਰਟ ਪੀਂਦਾ ਹੈ, ਉਸ ਤੋਂ ਪ੍ਰਹੇਜ਼ ਨਹੀਂ ਕਰ ਰਹੇ। ਉਸ ਬਦਬੂਦਾਰ ਧੂੰਏ ਦੀ ਕੋਈ ਨਫਰਤ ਤੱਕ ਨਹੀਂ ਕਰਦੇ। ਨਾ ਹੀ ਬੱਸਾਂ, ਗੱਡੀਆਂ, ਦੁਕਾਨਾਂ, ਬਾਜ਼ਾਰਾਂ, ਦਫਤਰਾਂ ਵਿਚ ਸਿਗਰਟ ਪੀ ਰਹੇ ਕਰਮਚਾਰੀ ਨੂੰ ਆਪਣੇ ਧਰਮ ਦੇ ਨਿਯਮ ਮੁਤਾਬਕ ਮਨ੍ਹਾਂ ਹੀ ਕਰਦੇ ਹਨ।

ਸਾਡੀ ਸਿੱਖ ਜਗਤ ਪੀੜੀ, ਜਿਸ ਤੇ ਕੌਮ ਨੂੰ ਨਾਜ਼ ਤੇ ਫ਼ਖਰ ਹੈ, ਨਿਘਰਦੀ ਜਾ ਰਹੀ ਹੈ। ਵਾਹਿਗੁਰੂ ਜੀ ਸੋਝੀ ਬਖਸ਼ਣ ਜੋ ਅਸੀਂ 'ਜਗਤ ਜੂਠ' ਤਮਾਕੂ ਨੂੰ ਸੇਵਨ ਕਰਨਾ ਤਾਂ ਕਿਧਰੇ ਰਿਹਾ, ਹੱਥ ਭੀ ਨਾ ਲਾਈਐ, ਤਾਂ ਹੀ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਿੱਖ ਅਖਵਾਉਣ ਦੇ ਹੱਕਦਾਰ ਹੋ ਸਕਾਂਗੇ।

ਗਲਤੀ ਨਹੀਂ ਮੰਨਦਾ ਏਂ, ਸਗੋਂ ਆਕੜਦਾ ਏਂ, ਤੈਨੂੰ ਤਾਂ ਲੱਜਤ ਹੋਣਾ ਚਾਹੀਦਾ ਸੀ, ਲੈ ਫਿਰ ਤੇਰਾ ਹੁਣ ਗਰੂਰ ਲਾਹੁਣਾ ਹੀ ਪੈਣਾ ਹੈ। ਨਾਲੇ ਤੈਥੋਂ ਸਬਕ ਸਿੱਖ ਕੇ ਹੋਰ ਕੋਈ ਵੀ ਅਜੇਹੀ ਬੇ-ਅਦਬੀ ਨਹੀਂ ਕਰੇਗਾ। ਕਿਉਂਕਿ ਇਹ ਫੁਰਮਾਨ ਹੈ ਕਿ–

ਗੁਰ ਕੀ ਨਿੰਦਾ ਸੁਣੈ ਨ ਕਾਨ॥ ਭੇਟ ਕਰੇ ਸੰਗ ਕ੍ਰਿਪਾਨ॥ [ਰਹਿਤਨਾਮਾ

ਝੱਟ ਸਿੰਘ ਜੀ ਨੇ ਮੁਸਲਮਾਨ ਤੇ ਤਲਵਾਰ ਦਾ ਵਾਰ ਕਰ ਕੇ ਉਸ ਨੂੰ ਜ਼ਖਮੀ ਕਰ ਦਿਤਾ। ਮੁਸਲਮਾਨੀ ਰਿਆਸਤ ਹੋਣ ਦੇ ਕਾਰਨ ਅਤੇ ਪੁਲਸ ਪਾਸੋਂ ਬਾਣੇ ਦੀ ਬੇ-ਅਦਬੀ ਹੋਣੀ ਯੋਗ ਨਾ ਸਮਝਦਿਆਂ, ਆਪਣੇ ਸ਼ਸਤਰ ਬਸਤਰ ਸੰਭਾਲ ਕੇ (ਟੋਪੀਦਾਰ ਬੰਦੂਕ ਜੋ ਰਿਆਸਤ ਹੈਦਰਾਬਾਦ ਵਿਚ ਬਿਨਾਂ ਲੈਸੰਸ ਹਰ ਕੋਈ ਰੱਖ ਸਕਦਾ ਸੀ) ਤਖ਼ਤ ਸਾਹਿਬ ਤੋਂ ਹੱਟਵੇਂ ਪੁਜਾਰੀ ਦੇ ਬੁੰਗੇ ਦੇ ਨਾਲ ਲੱਗਦੇ ਬੁੰਗੇ ਵਿਚ ਭਾਈ ਜੀਊਣ ਸਿੰਘ ਜੀ ਜਾ ਵੜੇ।

ਭਾਈ ਜੀਊਣ ਸਿੰਘ ਜੀ ਦੀ ਇਹ ਬਹਾਦਰੀ ਤੇ ਦਲੇਰੀ ਵੇਖ ਕੇ ਚਾਰ ਪੰਜ ਹੋਰ ਸਿੰਘ ਉਸ ਦੀ ਮਦਦ ਲਈ ਜਾ ਵੜੇ। ਅੰਦਰੋਂ ਕੁੰਡਾ ਮਾਰ ਲਿਆ ਅਤੇ ਉਪਰਲੀ ਮੰਜ਼ਲ ਤੇ ਜਾ ਚੜ੍ਹੇ ਤੇ ਪੁਲੀਸ ਤੋਂ ਆਕੀ ਹੋ ਕੇ ਬੈਠ ਗਏ ਅਤੇ ਮੋਰਚੇ ਸੰਭਾਲ ਲਏ।

ਇਹ ਖ਼ਬਰ ਪੱਲਾਂ ਵਿਚ ਪੁਲੀਸ ਕੋਲ ਤੇ ਸ਼ਹਿਰ ਦੇ ਹੋਰ ਉੱਚ ਅਧਿਕਾਰੀਆਂ ਤੱਕ ਪੁੱਜ ਗਈ, ਕਿ ਸੱਚਖੰਡ ਤਖ਼ਤ ਦੀਆਂ ਪ੍ਰਕਰਮਾਂ ਵਿਚ ਇਕ ਮੁਸਲਮਾਨ ਨੂੰ ਕਤਲ ਕਰ ਦਿਤਾ ਗਿਆ ਹੈ। ਉੱਚ ਅਧਿਕਾਰੀ ਸਿੰਘਾਂ ਨੂੰ ਗ੍ਰਿਫਤਾਰ ਕਰਨ ਲਈ ਫੌਰਨ ਪੁਜ ਗਏ, ਅਤੇ ਡਰਾਵੇ ਧਮਕੀਆਂ ਦੇਣੀਆਂ ਸ਼ੁਰੂ ਕਰ ਦਿਤੀਆਂ। ਉਧਰ ਸਿੰਘ ਭੀ ਜਾਨ ਦੀ ਬਾਜ਼ੀ ਲਗਾਈ, ਜੈਕਾਰੇ ਗੱਜਾ ਰਹੇ ਸਨ।

ਮਾਹੌਲ ਬਹੁਤ ਹੀ ਖਿੱਚਾਅ - ਪੂਰਨ ਬਣ ਗਿਆ ਹੋਇਆ ਸੀ। ਦੁਵੱਲੀਂ ਪਾਸੇ ਜ਼ੋਰ ਜਬਰ ਦਾ ਵਿਖਾਵਾ ਚੱਲ ਰਿਹਾ ਸੀ। ਉੱਚ ਅਧਿਕਾਰੀਆਂ ਨੇ ਹਰ ਤਰਾਂ ਦੇ ਤਰੀਕੇ–ਸਖ਼ਤੀ, ਨਰਮੀ ਅਤੇ ਪ੍ਰੇਰਤ ਕਰਨ ਦੇ, ਕਿ ਬਾਹਰ ਨਿਕਣ ਤੇ ਉਹਨਾਂ ਨੂੰ ਕੁਝ ਨਹੀਂ ਕਹਾਂਗੇ, ਆਦਿ ਵਚਨ ਭੀ ਕੀਤੇ। ਪਰ ਬਾਹਰ ਆ ਕੇ ਸਾਨੂੰ ਕੇਵਲ ਅਸਲੀਅਤ ਤਾਂ ਦੱਸੋ ਕਿ ਕੀ ਕਾਰਨ ਸੀ ਤੇ ਸੱਚਖੰਡ ਤਖ਼ਤ ਤੇ ਤਲਵਾਰ ਕਿਉਂ ਚਲਾਣੀ ਪਈ? ਸੱਚ ਤੇ ਝੂਠ ਕੀ ਹੈ? ਆਪ ਹੇਠਾਂ ਉਤਰੋ ਅਤੇ ਸਾਨੂੰ ਦਸੋ।

ਜਦ ਸਖ਼ਤੀ, ਤਲਖ਼ੀ ਤੇ ਰੋਅਬ ਨਾਲ ਉਹ ਸਿੰਘਾਂ ਨੂੰ ਧਮਕਾਂਦੇ ਤਾਂ ਸਿੰਘ ਭੀ ਬੜੇ ਜਜ਼ਬੇ, ਰੋਅਬ ਤੇ ਚੜ੍ਹਦੀ ਕਲਾ ਨਾਲ ਉਤਰ ਦੇਂਦੇ। ਉੱਚ ਅਧਿਕਾਰੀਆਂ ਦਾ ਕੋਈ ਭੀ ਤਰੀਕਾ ਸਿੰਘ ਮੰਨਣ ਲਈ ਤਿਆਰ ਨਾ ਹੋਏ ਅਤੇ ਨਾ ਹੀ ਕਿਸੇ ਭੀ ਭਰੋਸੇ ਤੇ ਕੋਠੇ ਤੋਂ ਉਤਰਨ ਲਈ ਤਿਆਰ ਹੋਏ।

ਇਹ ਇਕ ਗੰਭੀਰ ਮਸਲਾ ਬਣ ਗਿਆ। ਮੁਸਲਮਾਨ ਦਾ ਕਤਲ ਤੇ ਸਿੰਘਾਂ ਦਾ ਆਕੀ ਹੋਣਾ, ਸਭ ਲਈ ਚਿੰਤਾ ਦਾ ਵਿਸ਼ਾ ਬਣ ਰਿਹਾ ਸੀ। ਮੁਸਲਮਾਨੀ ਰਿਆਸਤ ਦੇ ਰੋਅਬ ਅਤੇ ਬਹੁਗਿਣਤੀ ਸ਼ਹਿਰ ਵਿਚ ਮੁਸਲਮਾਨਾਂ ਨੇ ਇਸ ਦਾ ਬੜਾ ਪ੍ਰਤੀਕਰਮ ਲਿਆ। ਇਸ ਨਾਲ ਇਕ ਮਜ਼ਹਬੀ ਝਗੜਾ ਵੱਧਣ ਦਾ ਭੀ ਡਰ ਸੀ। ਅਫਸਰਾਂ ਨੇ ਭਾਵੇਂ ਇਹ ਸੂਹ ਕੱਢ ਹੀ ਲਈ ਸੀ ਕਿ ਇਸ (ਮਕਤੂਲ) ਮੁਸਲਮਾਨ ਦੀ ਬਹੁਤ ਭਾਰੀ ਗਲਤੀ ਸੀ, ਜੋ ਏਸ ਨੇ ਸਿੱਖੀ ਅਸੂਲਾਂ ਦੇ ਬਿਲਕੁਲ ਉਲਟ ਕੰਮ ਕੀਤਾ–ਹੈਂ, ਇਸ ਨੇ

ਪ੍ਰਕਰਮਾ ਵਿਚ ਸਿਗਰਟ ਕਿਉਂ ਪੀਤੀ ਤੇ ਫਿਰ ਰੋਅਬ ਆਕੜ ਵਿਖਾਈ ਏ। ਪਰ ਮੁਸਲਮਾਨ ਏਸ ਸੱਚਾਈ ਨੂੰ ਦਬਾਉਣ ਲਈ ਸ਼ੋਰੋ - ਗੁਲ ਕਰ ਰਹੇ ਸਨ।

ਉੱਚ ਅਧਿਕਾਰੀ ਸਿੰਘਾਂ ਉਤੇ ਬਹੁਤੀ ਸਖਤੀ ਭੀ ਨਹੀਂ ਕਰਨੀ ਚਾਹੁੰਦੇ ਸਨ, ਤਾਂ ਜੋ ਕਿਧਰੇ ਮਜ਼ਹਬੀ ਝਗੜਾ ਇਸ ਕਦਰ ਨਾ ਵੱਧ ਜਾਵੇ, ਸੰਭਾਲਣਾ ਮੁਸ਼ਕਲ ਹੋ ਜਾਵੇ। ਏਧਰ ਤਖ਼ਤ ਸੱਚਖੰਡ ਦੇ ਸਾਰੇ ਸੇਵਾਦਾਰਾਂ ਅਤੇ ਹੋਰ ਸਿੰਘਾਂ ਵਿਚ ਇਹਨਾਂ ਸਿੰਘਾਂ ਦੀ ਕੁਰਬਾਨੀ ਲਈ ਭਾਰੀ ਹਮਦਰਦੀ ਪਾਈ ਜਾ ਰਹੀ ਸੀ ਅਤੇ ਸਭ ਸਿੰਘ ਬੜੇ ਖੁਸ਼ ਸਨ ਕਿ ਭਾ: ਜੀਊਣ ਸਿੰਘ ਜੀ ਅਜੇਹੇ ਭਾਰੇ ਪਾਪੀ, ਦੋਸ਼ੀ ਨੂੰ ਯੋਗ ਦੰਡ ਦੇ ਕੇ ਭਾਰੀ ਕੁਰਬਾਨੀ ਕੀਤੀ ਹੈ। ਸੋ ਵੇਲੇ - ਕੁਵੇਲੇ ਇਹਨਾਂ ਸਿੰਘਾਂ ਨੂੰ ਜਲ - ਪਾਣੀ ਲੰਗਰ ਆਦਿ ਪੁਚਾਇਆ ਜਾਣ ਲੱਗਾ।

ਚੂੰਕਿ ਇਹ ਘਟਨਾ ਸ੍ਰੀ ਅਬਿਚਲ ਨਗਰ ਤਖ਼ਤ ਹਜ਼ੂਰੀ ਦੀ ਸੀ ਤੇ ਜਿਥੇ ਸਿੰਘ ਬੁੰਗੇ ਤੇ ਚੜ੍ਹੇ ਹੋਏ ਸਨ, ਉਹ ਬੁੰਗਾ ਭੀ ਸੱਚਖੰਡ ਤਖ਼ਤ ਦੀ ਹੱਦ ਵਿਚ ਸੀ, ਜਿਸ ਕਰ ਕੇ ਪੁਲੀਸ ਦਾ ਮਨੋ - ਬਲ ਇਥੇ ਕੁਝ ਨਹੀਂ ਸੀ ਕਰ ਸਕਦਾ। ਪੁਲੀਸ ਅਤੇ ਉਚ ਅਧਿਕਾਰੀਆਂ ਨੇ ਬੜੀ ਸੋਚ ਗੰਭੀਰਤਾ ਤ ਸੋਚ ਵਿਚਾਰ ਤੋਂ ਕੰਮ ਲਿਆ। ਉਹਨਾਂ ਨੇ ਕਿਸੇ ਤਰਾਂ ਵੀ ਕਾਹਲੀ ਨਾ ਕੀਤੀ, ਤਾਂ ਜੋ ਇਹ ਮਸਲਾ ਪੁਰ - ਅਮਨ ਢੰਗ ਨਾਲ ਸੁਲਝਾਇਆ ਜਾਵੇ, ਦਾ ਵਿਚਾਰ ਰਖਦੇ ਸਨ। ਭਾਵੇਂ ਮੁਸਲਮਾਨਾਂ ਦਾ ਜੋਸ਼, ਹੋਸ਼ ਤੋਂ ਬਾਹਰਾ ਹੋ ਰਿਹਾ ਸੀ। ਪਰ ਸਾਰੇ ਅਧਿਕਾਰੀ ਇਸ ਨਤੀਜੇ ਤੇ ਪੁੱਜ ਚੁੱਕੇ ਸਨ ਕਿ ਇਸ ਮੁਸਲਮਾਨ ਨੇ ਖੁਦ ਆਪਣੀ ਮੌਤ ਨੂੰ ਆਵਾਜ਼ ਮਾਰੀ ਹੈ ਅਤੇ ਭਾਰੀ ਖ਼ੁਨਾਮੀ (ਬੇ - ਅਦਬੀ ਕਰ ਕੇ ਇਹ ਏਸੇ ਸਜ਼ਾ ਦਾ ਹੱਕਦਾਰ ਹੋਇਆ ਹੈ, ਜਿਸ ਕਰ ਕੇ ਕਾਨੂੰਨ ਭੀ ਅਜੇਹੀ ਮਜ਼ਹਬੀ ਹੱਦੋਂ ਬਾਹਰੀ ਬੇਅਦਬੀ ਦੀ ਸਜ਼ਾ ਦੇਣ ਵਾਲਿਆਂ ਤੇ ਕੋਈ ਅਰਥ ਨਹੀਂ ਸੀ ਰੱਖਦਾ। ਇਸ ਲਈ ਉਚ ਅਧਿਕਾਰੀ ਭੀ ਅਜੇਹੀ ਨਾ-ਜਾਇਜ਼ ਕਾਰਵਾਈ ਨਹੀਂ ਸਨ ਕਰਨੀ ਚਾਹੁੰਦੇ।

ਜਦ ਪੁਲੀਸ ਤੇ ਉੱਚ ਅਧਿਕਾਰੀਆਂ ਨੇ ਇਹ ਮਸਲਾ ਨਾ ਸੁਲਝਦਾ ਵੇਖਿਆ ਅਤੇ ਦੁਵੱਲੀ ਪਾਸੀਂ ਸਿੱਖਾਂ ਤੇ ਮੁਸਲਮਾਨਾਂ ਦੇ ਜੋਸ਼ ਨੂੰ ਵੇਖਦਿਆਂ, ਸਾਰੇ ਪਹਿਲੂਆਂ ਦੇ ਅਧਾਰਤ ਉਹਨਾਂ ਨੇ ਨਵਾਬ ਸਾਹਿਬ ਪਾਸ ਹੈਦਰਾਬਾਦ ਰੀਪੋਰਟ ਭੇਜ ਦਿਤੀ। ਨਵਾਬ ਸਾਹਿਬ ਨੇ ਵਜ਼ੀਰਾਂ ਨਾਲ ਇਸ ਮਸਲੇ ਤੇ ਵੀਚਾਰ ਕੀਤੀ ਕਿ ਇਸ ਨੂੰ ਸੁਚੱਜੇ ਢੰਗ ਨਾਲ ਸੁਲਝਾਣ ਲਈ ਇਕ ਜਿਮੇਂਵਾਰ ਤੇ ਸੁਲਝੇ ਹੋਏ ਅੰਗਰੇਜ਼ ਅਫਸਰ ਨੂੰ ਸ੍ਰੀ ਹਜ਼ੂਰ ਸਾਹਿਬ ਭੇਜਿਆ ਤਾਂ ਕਿ ਸਿੱਖਾਂ ਤੇ ਮੁਸਲਮਾਨਾਂ ਵਿਚ ਸੁਲਹ ਦੇ ਅਧਾਰਤ ਫੈਸਲਾ ਕਰਵਾਇਆ ਜਾਵੇ।

ਅੰਗਰੇਜ਼ ਅਫ਼ਸਰ

ਅੰਗਰੇਜ਼ ਅਫਸਰ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਪੁੱਜਾ ਤੇ ਉੱਚ ਅਧਿਕਾਰੀਆਂ ਤੋਂ ਸਾਰੇ ਮਸਲੇ ਦੀ ਜਾਣਕਾਰੀ ਪ੍ਰਾਪਤ ਕਰ ਕੇ, ਸਿੱਖ ਪਤਵੰਤਿਆਂ ਤੇ ਮੁਸਲਮਾਨ ਆਗੂਆਂ ਨੂੰ ਇਕੱਠਾ ਕਰ ਕੇ ਸੁਲਾਹ ਕਰਾਉਣ ਦਾ ਯਤਨ ਕੀਤਾ। ਦੋਹਾਂ ਪਾਰਟੀਆਂ ਦੇ ਆਗੂਆਂ ਵਲੋਂ ਭਾਈ ਜੀਊਣ ਸਿੰਘ ਜੀ ਅਤੇ ਉਹਨਾਂ ਦੇ ਸਾਥੀਆਂ ਨੂੰ ਹੇਠਾਂ ਉਤਰਨਤੇ ਉਨ੍ਹਾਂ ਵਿਰੁਧ ਕੋਈ ਕਾਰਵਾਈ ਨਾ ਕੀਤੇ ਜਾਣ ਦਾ ਵਿਸ਼ਵਾਸ ਦੁਵਾਇਆ ਗਿਆ। ਪਰ ਇਹਨਾਂ ਨੇ ਕਾਨੂੰਨੀ ਨੁਕਤੇ ਨਿਗਾਹ ਨਾਲ ਕਤਲ ਦਾ ਜੁਰਮ ਸਮਝਦਿਆਂ ਕਿਸੇ ਭੀ ਭਰੋਸੇ ਤੇ ਵਿਸ਼ਵਾਸ ਨਾ ਕੀਤਾ। ਉਹ ਜਾਣਦੇ ਸਨ ਕਿ ਜੇ ਅਸੀਂ ਇਹਨਾਂ ਦੇ ਕਾਬੂ ਆ ਗਏ (ਇਹ ਮੁਸਲਮਾਨੀ ਰਿਆਸਤ ਹੈ) ਨਾ ਤਾਂ ਸਾਡੀ ਕਿਸੇ ਨੇ ਬਾਅਦ ਵਿਚ ਪੈਰਵੀ ਕਰਨੀ ਹੈ, ਅਤੇ ਸਾਨੂੰ ਸਿਵਾਏ ਫ਼ਾਂਸੀ ਤੋਂ ਘਟ ਕੋਈ ਸਜ਼ਾ ਨਹੀਂ ਹੋਵੇਗੀ। ਫੇਰ ਸਾਡੀ ਸਚਿਆਈ ਨੂੰ ਕਿਸ ਨੇ ਸੁਣਨਾ ਹੈ। ਅਦਾਲਤੀ ਫ਼ੈਸਲੇ ਤਾਂ ਗੁਆਹੀਆਂ ਤੇ ਨਿਬੜਨੇ ਨੇ ਅਤੇ ਸਾਡੀ ਗੁਵਾਹੀ ਕਿਸੇ ਨੇ ਦੇਣੀ ਨਹੀਂ ਜਿਸ ਕਰ ਕੇ ਸਿੰਘ ਮੋਰਚਿਆਂ ਵਿਚ ਅੜੇ ਰਹੇ।

ਅੰਗਰੇਜ਼ ਅਫਸਰ ਬੜਾ 'ਸੂਝ ਵਾਲਾ ਸੀ, ਜਦੋਂ ਉਸ ਵੇਖਿਆ ਕਿ ਇਹ ਸਿੰਘ ਕਿਸੇ ਤੇ ਇਤਬਾਰ ਨਹੀਂ ਕਰ ਰਹੇ, ਤਾਂ ਉਸ ਨੇ ਆਪਣੀ ਤਜਵੀਜ਼ ਅੰਗਰੇਜ਼ੀ ਵਿਚ ਇਕ ਅਫਸਰ ਨੂੰ ਕਹੀ ਇਨ੍ਹਾਂ ਨੂੰ ਆਖੋ ਕਿ ਜਿਸ ਉਤੇ ਤੁਸੀਂ ਵਿਸ਼ਵਾਸ ਰੱਖਦੇ ਹੋ ਉਸ ਨੂੰ ਬੁਲਵਾ ਲੈਂਦੇ ਹਾਂ, ਜੋ ਤੁਹਾਡੇ ਪੱਖ ਵਿਚ ਸਬੂਤ ਪੇਸ਼ ਕਰ ਸਕੇ ਅਤੇ ਜਿਨ੍ਹਾਂ ਦਾ ਫੈਸਲਾ ਤੁਹਾਨੂੰ ਪ੍ਰਵਾਨ ਹੋਵੇ।

ਜਦ ਇਹ ਸੁਝਾਅ ਭਾਈ ਜੀਊਣ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ ਸੁਣਿਆ, ਤਾਂ ਕੁਝ ਤਸੱਲੀ ਆਈ ਤੇ ਵਿਚਾਰ ਕੀਤੀ ਕਿ ਸਾਡੇ ਹੱਕ ਵਿਚ ਜਾਂ ਇਨਸਾਫ - ਪਸੰਦ ਤਾਂ ਪਰਮ ਪੂਜਕ ਬਾਬਾ ਮਿੱਤ ਸਿੰਘ ਜੀ ਹੀ ਹੋ ਸਕਦੇ ਹਨ। ਜੋ ਬੇ-ਡਰ ਤੇ ਬੇ-ਧੜਕ ਹੋ ਕੇ ਸੱਚ ਦੀ ਆਵਾਜ਼ ਉਠਾ ਸਕਦੇ ਹਨ। ਬਾਬਾ ਜੀ ਨੂੰ ਨਾ ਏਹਨਾਂ ਅਧਿਕਾਰੀਆਂ ਦਾ ਅਤੇ ਨਾ ਹੀ ਨਵਾਬ ਦਾ ਭੈ ਹੈ। ਉਹਨਾਂ ਦੇ ਹਿਰਦੇ ਵਿਚ ਤਾਂ ਸਦਾ ਤਖ਼ਤ ਸੱਚਖੰਡ ਦਾ ਜੋ ਸਤਿਕਾਰ ਹੈ, ਇਸ ਲਈ ਉਹ ਹੀ ਫੈਸਲਾ ਕਰ ਸਕਣਗੇ। ਅਸਾਂ ਠੀਕ ਕੀਤਾ ਹੈ ਜਾਂ ਗਲਤ ? ਸਾਨੂੰ ਉਹਨਾਂ ਪ੍ਰਤੀ ਹੀ ਪਹੁੰਚ ਕਰਨੀ ਚਾਹੀਦੀ ਹੈ। ਉਹ ਜੋ ਭੀ ਫੈਸਲਾ ਦੇਣਗੇ, ਅਸੀਂ ਪ੍ਰਵਾਨ ਕਰਾਂਗੇ।

ਭਾਈ ਜੀਊਣ ਸਿੰਘ ਜੀ–ਅਫਸਰ ਸਾਹਿਬਾਨ! ਜੇਕਰ ਆਪ ਏਸ ਮਸਲੇ ਨੂੰ ਸਮਝ ਚੁਕੇ ਹੋ, ਕਿ ਸੱਚ ਝੂਠ ਤੇ ਅਸਲੀਅਤ ਕੀ ਹੈ, ਤਾਂ ਸਾਨੂੰ ਪਰਮ ਪੂਜਯ ਬਾ: ਮਿੱਤ ਸਿੰਘ ਜੀ ਨਿਹੰਗ-ਸਿੰਘ, ਜੋ ਮਾਤਾ ਸਾਹਿਬ ਕੌਰਾਂ ਜੀ ਦੇ ਅਸਥਾਨ ਤੇ ਸੇਵਾ ਨਿਭਾਅ ਰਹੇ ਹਨ, ਸਾਨੂੰ ਜੋ ਹੁਕਮ ਉਹ ਕਰਨਗੇ ਅਸੀਂ ਮੰਨਣ ਨੂੰ ਤਿਆਰ ਹਾਂ।

ਬਾਬਾ ਜੀ ਪਾਸ ਅਹਿਲਕਾਰ ਭੇਜਣੇ

ਇਹ ਗੱਲ ਸੁਣ ਕੇ ਉੱਚ ਅਧਿਕਾਰੀ ਤੇ ਅੰਗਰੇਜ਼ ਅਫਸਰ ਬੜੇ ਖੁਸ਼ ਹੋਏ ਕਿ ਹੁਣ ਇਸ ਮਸਲੇ ਦਾ ਜ਼ਰੂਰ ਕੋਈ ਠੋਸ ਪ੍ਰਣਾਮ ਨਿਕਲਣ ਦੀ ਆਸ਼ਾ ਹੋ ਸਕਦੀ ਹੈ। ਬਾਬਾ ਮਿੱਤ ਸਿੰਘ ਜੀ ਬਾਰੇ ਉਚ-ਅਧਿਕਾਰੀਆਂ ਅਤੇ ਤਖ਼ਤ ਦੇ ਸੇਵਾਦਾਰਾਂ ਨੇ ਅੰਗਰੇਜ਼ ਅਫਸਰ ਨੂੰ ਚੰਗੀ ਜਾਣਕਾਰੀ ਦਰਸਾਈ, ਕਿ ਬਾਬਾ ਜੀ ਮਹਾਨ ਖੁਦਾ ਪ੍ਰਸਤ ਹਨ। ਜਿਨ੍ਹਾਂ ਦਾ ਅਸੀਂ ਸਾਰੇ ਲੋਕ ਆਦਰ - ਮਾਨ ਕਰਦੇ ਹਾਂ। ਇਹ ਠੀਕ ਹੈ ਕਿ ਜੋ ਭੀ ਉਹ ਫੈਸਲਾ ਦੇਣਗੇ, ਉਹ ਸੱਚ ਦੇ ਅਧਾਰ ਤੇ ਨਿਰਪੱਖ ਅਤੇ ਨਿਰੰਤਰ ਸੱਚ ਹੋਵੇਗਾ।

ਸੋ ਇਸ ਗੁੰਝਲਦਾਰ ਮਸਲੇ ਦੇ ਸੁਲਝਾਣ ਲਈ ਅਤੇ ਆਪਣੀ ਨਿਰਪੱਖ ਨੀਤੀ ਦਵਾਰਾ, ਇਸ ਮਸਲੇ
ਵਿਚ ਆ ਕੇ ਦਖਲ ਦੇਣ ਲਈ ਕੁਝ ਅਧਿਕਾਰੀ ਬਾਬਾ ਜੀ ਨੂੰ ਲਿਆਵਣ ਲਈ ਗੁ: ਮਾਤਾ ਸਾਹਿਬ ਕੌਰਾਂ
ਜੀ ਦੇ ਅਸਥਾਨ ਤੇ ਭੇਜੇ ਗਏ।

ਬਾਬਾ ਜੀ ਭਾਵੇਂ ਸੱਚਖੰਡ ਦੀ ਪਵਿੱਤ੍ਰਤਾ ਨੂੰ ਮੁੱਖ ਰੱਖਦਿਆਂ ਕੁਝ ਸਮੇਂ ਤੋਂ ਘਟ ਹੀ ਤਖ਼ਤ
ਸੱਚਖੰਡ ਤੇ ਆਉਂਦੇ ਸਨ। (ਨਾ ਆਉਣ ਦਾ ਪਿਛੇ ਦਿਤਾ ਜਾ ਚੁੱਕਾ ਹੈ) ਮਨ ਕਰ ਕੇ ਨਹੀਂ, ਸਗੋਂ
ਆਪ ਜੀ ਤਖ਼ਤ ਸਾਹਿਬ ਦੀ ਬੇਅਦਬੀ ਤੇ ਸਤਿਕਾਰ ਨੂੰ ਧਿਆਨ ਵਿਚ ਰੱਖਦਿਆ ਹੋਇਆਂ ਉਥੇ ਜਾਣ
ਤੋਂ ਸੰਕੋਚ ਕਰਦੇ ਸਨ।

ਉੱਚ ਅਧਿਕਾਰੀ ਦੀ ਬੇਨਤੀ

ਜਦ ਉੱਚ ਅਧਿਕਾਰੀਆਂ ਨੇ ਬਾਬਾ ਜੀ ਨੂੰ ਇਹ ਇਕ ਪੰਥਕ ਤੇ ਗੁੰਝਲਦਾਰ ਮਸਲਾ ਦਸਿਆ।
ਉਹਨਾਂ ਬਾਬਾ ਜੀ ਨੂੰ ਬੇਨਤੀ ਕੀਤੀ, ਕਿ ਅਸੀਂ ਸਾਰੇ ਆਪ ਜੀ ਦੀ ਸਾਲਸੀ ਮੰਨ ਕੇ ਆਪ ਜੀ ਪਾਸ ਆਏ
ਹਾਂ, ਆਪ ਚਲ ਕੇ ਇਹ ਮਸਲਾ ਹੱਲ ਕਰੋ।

ਬਾਬਾ ਜੀ ਦਾ ਤਿਆਰ ਹੋਣਾ

ਜਦ ਬਾਬਾ ਜੀ ਨੇ ਇਹ ਸਾਰੀ ਵਾਰਤਾ ਸੁਣੀ। ਚੂੰਕਿ ਇਹ ਇਕ ਪੰਥਕ ਮਸਲਾ, ਸੱਚਖੰਡ ਤਖ਼ਤ
ਦੀ ਬੇਅਦਬੀ ਅਤੇ ਸਿਖਾਂ ਤੇ ਮੁਸਲਮਾਨਾਂ ਦਾ ਦੁਖਦਾਈ ਵਾਦ - ਵਿਵਾਦ, ਇਹ ਝਗੜਾ ਸਮੇਟਣ ਲਈ
(ਜੋ ਬਾਬਾ ਜੀ ਦੇ ਜੀਵਨ ਦਾ ਪਰਉਪਕਾਰ ਇਕ ਮਹਾਨ ਲਖਸ਼ ਸੀ) ਅਤੇ ਸੱਚਖੰਡ ਤਖਤ ਦੀ ਘੋਰ
ਬੇਅਦਬੀ ਕਰਨ ਵਾਲੇ ਅਪਰਾਧੀ ਨੂੰ ਯੋਗ ਦੰਡ ਦਿਤੇ ਜਾਣ ਨੂੰ ਯਥਾਰਥ ਜਾਣਦੇ ਹੋਏ ਇਸ ਫੈਸਲੇ ਨੂੰ
ਨਿਬੇੜਨ ਲਈ ਅਫਸਰਾਂ ਦੀ ਬੇਨਤੀ ਪ੍ਰਵਾਨ ਕਰ ਕੇ ਪੰਜ ਸਿੰਘ ਨਾਲ ਲੈ ਕੇ, ਨੰਗੀ ਪੈਰੀਂ (ਜੋ ਉਹਨਾਂ
ਦਾ ਤਖ਼ਤ ਸੱਚਖੰਡ ਦੇ ਸਤਿਕਾਰ ਵਜੋਂ ਮੁਢਲਾ ਨਿਯਮ ਸੀ) ਚੱਲ ਕੇ ਹਜ਼ੂਰ ਦੇ ਦਰੋ - ਦਰਵਾਜ਼ੇ ਆ ਕੇ
ਮਸਤਕ ਟੇਕਿਆ।

ਤਖਤ ਦੇ ਸਾਰੇ ਸੇਵਾਦਾਰ ਬਾਬਾ ਜੀ ਦੇ ਸਤਿਕਾਰ ਵਜੋਂ ਉਹਨਾਂ ਦੇ ਚਰਨ ਛੋਹਣ ਲਈ ਝੁਰਮਟ
ਪਾ ਲਿਆ। (ਇਹ ਵੇਖ ਕੇ ਉਚ ਅਧਿਕਾਰੀ ਅਤੇ ਅੰਗਰੇਜ਼ ਅਫਸਰ ਹੈਰਾਨ ਹੋ ਰਹੇ ਸਨ) ਪਰ ਬਾਬਾ
ਜੀ ਮਰਯਾਦਾ ਪ੍ਰਸ਼ੋਤਮ ਝੱਟ ਇਸ ਝੁਰਮਟ ਤੇ ਚਰਨ ਛੋਹਣ ਦੇ ਕਰਮ ਤੋਂ ਦੁਰੇਡੇ ਹੋ ਖਲੋਤੇ [ਇਸੇ ਕਾਰਨ
ਬਾਬਾ ਜੀ ਤਖਤ ਸੱਚਖੰਡ ਦੇ ਹਜ਼ੂਰ ਆਪਣੇ ਚਰਨ ਛੁਹਣ ਦੇ ਕਰਮ ਤੋਂ ਬੇਅਦਬੀ ਸਮਝਦੇ ਹੋਏ ਇਥੇ
ਆਉਂਦੇ ਨਹੀਂ ਸਨ।

ਬਾਬਾ ਜੀ ਦੀ ਸੰਗਤ ਪ੍ਰਤੀ ਬੇਨਤੀ

ਗੱਲ ਪੱਲਾ ਪਾ ਕੇ ਬਾਬਾ ਜੀ ਨੇ ਬੇਨਤੀ ਕੀਤੀ ਕਿ ਐ ਸਾਧ ਸੰਗਤ ਜੀ, ਗੁਰੂ ਦਰਬਾਰ ਦੇ
ਹਜ਼ੂਰੀ ਸੇਵਾਦਾਰੋ ! ਚਰਨ ਛੁਹਣ ਦੀ ਬੇਅਦਬੀ ਕਰ ਕੇ ਸਾਨੂੰ ਹਜ਼ੂਰ (ਸਤਿਗੁਰੂ ਜੀ ਤੋਂ) ਬੇਮੁਖ ਨਾ
ਕਰੋ, ਨਾ ਸਾਨੂੰ ਗੁਨਾਹਗਾਰ ਬਣਾਵੋ। ਜੋ ਸਚੇ ਮਾਲਕ ਦੇ ਹਜ਼ੂਰ ਮਨੁੱਸ਼ ਦੀ ਪੂਜਾ ਮਨਮਤਿ ਹੈ। ਅਤੇ

ਗੁਰਮਤਿ ਦੇ ਨਿਯਮਾਂ ਦੇ ਉਲਟ ਹੈ। ਸੋ ਸਾਡੀ ਪ੍ਰਾਰਥਨਾ ਕਬੂਲ ਕਰੋ। ਜੇ ਆਪ ਦੇ ਮਨਾਂ ਵਿਚ ਸਾਡੇ
ਪ੍ਰਤੀ ਸਤਿਕਾਰ ਹੈ, ਤਾਂ ਸਾਰੇ ਸਤਿਗੁਰੂ ਜੀ ਵੱਲ ਮੁੱਖੜਾ ਕਰੋ। ਆਓ ਸਾਰੇ ਹਜ਼ੂਰ ਜੀ (ਤਖ਼ਤ) ਨੂੰ
ਨਮਸ਼ਕਾਰ ਕਰੀਏ।

ਸਾਨੂੰ ਉਥੇ ਖੜੇ ਹੀ 'ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹ ਬੁਲਾਵੋ। ਆਪ
ਸਾਡੇ ਤੇ ਇਹ ਹੀ ਮਿਹਰਬਾਨੀ ਕਰੋ। ਗੁਰੂ ਹਜ਼ੂਰ ਇਹ ਮੱਥਾ ਆਪੇ (ਮਨੁੱਸ਼ ਜਾਮੇ) ਨੂੰ ਟਿਕਾਉਣ ਦੀ
ਰੀਤ ਨਾ ਕਰਾਵੋ। ਇਸੀ ਕਾਰਨ ਆਪ ਨੇ ਸਾਨੂੰ ਹਜ਼ੂਰ ਦੇ ਦਰਸ਼ਨਾਂ ਤੋਂ ਵਰਜਤ ਕਰ ਕੇ ਰੱਖਿਆ
ਹੋਇਆ ਹੈ। ਜਿਥੇ ਅਸੀ ਹਜ਼ੂਰ ਦੇ ਦੀਦਾਰ ਕਰਨ ਤੋਂ ਵੰਚਿਤ ਹੋ ਰਹੇ ਹਾਂ, ਉਥੇ ਆਪ ਭੀ ਗੁਰੂ ਦਰਬਾਰ
ਦੇ ਸੇਵਾਦਾਰ ਹੁੰਦੇ ਹੋਏ ਇਹ ਭਾਰੀ ਅਪਰਾਧ ਕਰ ਰਹੇ ਹੋ। ਇਸ ਤਰ੍ਹਾਂ ਅਸੀਂ ਤੁਸੀਂ ਇਹ ਚਰਨ ਛੁਹਣ
ਦੀ ਕ੍ਰਿਆ ਕਰ ਕੇ ਸਤਿਗੁਰੂ ਜੀ ਦੀ ਬੇਅਦਬੀ ਕਰਨ ਦੇ ਭਾਗੀ ਹਾਂ।

ਅੰਗਰੇਜ਼ ਅਫ਼ਸਰ ਤੇ ਬਾਬਾ ਜੀ ਦੇ ਸਤਿਕਾਰ ਦਾ ਪ੍ਰਭਾਵ

ਸਾਰੇ ਸਿੰਘਾਂ ਵਲੋਂ ਬਾਬਾ ਜੀ ਦਾ ਸਤਿਕਾਰ ਹੁੰਦਾ ਅੰਗਰੇਜ਼ ਅਫਸਰ ਨੇ ਤੱਕਿਆ, ਤਾਂ ਬਹੁਤ
ਪ੍ਰਭਾਵਤ ਹੋ ਗਿਆ ਅਤੇ ਬਾਬਾ ਜੀ ਦੇ ਪਾਸ ਕੁਝ ਕਦਮ ਪਿਛਾਂਹ ਖਲੋ ਕੇ (ਆਪਣੇ ਨਿਯਮਾਂ ਮੁਤਾਬਕ)
ਸਿਰੋਂ ਟੋਪ ਲਾਹ ਕੇ, ਸਿਰ ਨਿਵਾ ਕੇ ਅਦਬ ਅਦਾਬ ਕੀਤਾ।

ਬਾਬਾ ਜੀ ਨੇ ਸਭ ਨੂੰ ਫਤਹਿ ਬੁਲਾਈ। ਸਤਿਗੁਰੂ ਹਜ਼ੂਰ ਦਰਸ਼ਨ ਭੇਟ ਰੱਖ ਕੇ ਨਮਸ਼ਕਾਰ ਕਰ ਕੇ
ਪੰਜ ਪ੍ਰਕਰਮਾਂ ਕੀਤੀਆਂ। ਬਾਹਰਲੀ ਪ੍ਰਕਰਮਾਂ, ਨਿਸ਼ਾਨ ਸਾਹਿਬ ਤੇ ਨਮਸ਼ਕਾਰ ਕਰ ਕੇ ਤਖ਼ਤ ਦੇ ਪੌੜਾਂ
ਤੋਂ ਹੇਠਾਂ ਆ ਕੇ, ਇਸ ਮਸਲੇ ਨੂੰ ਸੁਲਝਾਣ ਲਈ ਨਿਸਚਿਤ ਥਾਂਵੇਂ ਬਿਕੱਠੇ ਹੋ ਗਏ।

ਮਸਲਾ ਸੁਲਝਾਉਣ ਲਈ ਗੱਲ - ਬਾਤ ਸ਼ੁਰੂ ਹੋਣੀ

ਅੰਗਰੇਜ਼ ਅਫਸਰ ਨੇ (ਟੁੱਟੀ ਫੁੱਟੀ ਹਿੰਦੁਸਤਾਨੀ ਵਿਚ) ਕਿਹਾ–ਡੇਖੋ ਬਾਬਾ ਜੀ ! ਇਨ ਸਿੰਘੋਂ
ਨੇ ਕਿਟਨੀ ਜਬਰਡਸਤੀ ਕੀ ਹੈ, ਔਰ ਫਿਰ ਆਕੜੇ ਬੈਠੇ ਹੈਂ, ਔਰ ਸਰਕਾਰ ਸੇ ਬਾਗੀ ਹੋਇ ਗਏ ਹੈਂ।
ਹਥਿਆਰੋਂ ਸੇ ਰਿਆਸਤ ਕਾ ਮੁਕਾਬਲਾ ਕਰਨੇ ਕੋ ਤਿਆਰ ਹੈਂ, ਇਨ ਕੋ ਐਸਾ ਨਹੀਂ ਕਰਨਾ ਚਾਹੀਏ ਥਾ,
ਕਾਨੂੰਨ ਕੇ ਮੁਤਾਬਕ ਇਨ ਕੋ ਹਵਾਲਾ ਪੁਲੀਸ ਹੋਨਾ ਚਾਹੀਏ ਥਾ। ਜ਼ਿਲਾ ਅਧਿਕਾਰੀਓਂ ਨੇ ਬਡੀ
ਸਿਆਣਪ ਔਰ ਧੀਰਜ ਸੇ ਕਾਮ ਕੀਆ ਹੈ, ਯਹ ਖਤਰਨਾਕ ਮਸਲਾ (ਮੁਸਲਮਾਨ ਔਰ ਸਿਖੋਂ ਕਾ) ਬੜਨੇ
ਨਹੀਂ ਦੀਆ।

ਅਬ ਅੱਛਾ ਹੂਆ, ਆਪ ਆ ਗਏ ਹੈ, ਹਮੇਂ ਬੜੀ ਖੁਸ਼ੀ ਇਸ ਬਾਤ ਕੀ ਹੂਈ ਹੈ। ਅਬ ਆਪ ਇਸ
ਖਤਰਨਾਕ ਜੁਰਮ ਕਾ ਨਿਪਟਾਰਾ ਕਰਾਨੇ ਮੇਂ ਹਮਾਰਾ ਸਾਥ ਦੋ, ਔਰ ਯਹ ਮਜ਼ਹਬੀ ਝਗੜਾ ਨਾ ਬਣਨੇ
ਪਾਏ ਔਰ ਖਤਰਨਾਕ ਸੂਰਤ ਇਖਤਿਆਰ ਨਾ ਕਰਨੇ ਪਾਏ।

ਯਹ ਸਭੀ ਲੋਗ ਆਪ ਪਰ ਹੀ ਪੂਰਨ ਵਿਸ਼ਵਾਸ ਜਮਾਏ ਹੂਏ ਹੈਂ। ਇਸ ਲੀਏ ਆਪ ਐਸਾ ਹਲ
ਨਿਕਾਲੀਏ, ਜਿਸ ਸੇ ਸਭ ਸੰਤੁਸ਼ਟ ਹੋ ਜਾਏਂ ਔਰ ਸਭ ਕੀ ਤਲਖੀ ਖਤਮ ਹੋ ਜਾਏ।

ਬਾਬਾ ਮਿੱਤ ਸਿੰਘ ਜੀ– (ਬਾਬਾ ਜੀ ਇਹ ਸਾਰੀਆਂ ਗੱਲਾਂ ਆਪਣੇ ਸੁਭਾਅ ਮੁਤਾਬਕ ਬੜੇ ਠਰੰਮੇ
ਨਾਲ ਸੁਣਦੇ ਰਹੇ। ਤਾਂ ਅਚਾਨਕ ਬਾਬਾ ਜੀ ਦੇ ਚੇਹਰੇ ਤੇ ਇਕ ਦਮ ਸੂਰਜ ਤੋਂ ਵਧ ਲਾਲੀ ਦੀ (ਭਾਹ)
ਚਮਕ ਮਾਰਨ ਲੱਗੀ। ਉਹ ਕਿਸੇ ਅਗੰਮੀ ਵਜਦ ਵਿਚ ਆ ਗਏ ਅਤੇ ਬੜੇ ਅਜੀਬੋ - ਗਰੀਬ ਜਜ਼ਬੇ ਵਿਚ
ਆ ਕੇ ਕਹਿਣ ਲਗੇ–

ਐ ਅਹਿਲਕਾਰੋ ਔਰ ਅੰਗਰੇਜ਼ ਅਫਸਰਾਨ ਸਾਹਿਬ ! ਆਪ ਹੀ ਬਤਾਓ, ਕਿਆ ਕੋਈ ਕਾਨੂੰਨ
ਐ ਅਹਿਲਕਾਰੋ ਔਰ ਅੰਗਰੇਜ਼ ... ਬੇ-ਅਦਬੀ ਕਰਨੇ ਕੀ ਕਿਸੇ ਮਜ਼ਹਬ ਕੋ ਇਜਾਜ਼ਤ ਦੇਤਾ
ਖੁਦਾ, ਰੱਬ, ਪ੍ਰਮੇਸ਼ਵਰ, ਅੱਲ੍ਹਾ, ਗਾਡ ਕੇ ਘਰ ਕੀ ਬੇ-ਅਦਬੀ ਕਰਨੇ ਕੀ ਕਿਸੇ ਮਜ਼ਹਬ ਕੋ ਇਜਾਜ਼ਤ ਦੇਤਾ
ਹੈ ?। ਕਿਆ ਕੋਈ ਮਜ਼ਹਬ–ਸ਼ਰ੍ਹਾ, ਧਰਮ ਗ੍ਰੰਥ (ਕੁਰਾਨ, ਪੁਰਾਨ, ਵੇਦ - ਸ਼ਾਸਤਰ, ਅੰਜੀਲ–ਜੋ ਖੁਦਾ
ਕਾ ਔਰ ਸੱਚ ਕਾ ਰਾਸਤਾ ਦਰਸਾਨੇ ਵਾਲੇ ਪਵਿੱਤਰ ਗਰੰਥ ਹੈਂ) ਯਹ ਇਜਾਜ਼ਤ ਦੇਤੇ ਹੈਂ ਕਿ ਕਿਸੀ ਕੇ
ਪਾਵਨ ਪਵਿਤ੍ਰ ਇਸ਼ਟ ਤੇ ਧਰਮ ਅਸਥਾਨ ਕੀ ਬੇਅਦਬੀ, ਉਸ ਕੇ ਸ਼ਿੱਸ਼ ਕੇ ਸਾਹਮਣੇ ਕੀ ਜਾਏ ? ਕਿਆ
ਵੋਹ ਬਰਦਾਸ਼ਤ ਕਰੇਗਾ।

ਕਿਆ ਕੋਈ ਮੱਕਾ, ਮਦੀਨਾ (ਖੁਦਾ ਕੇ ਘਰ ਕੀ) ਜਾਂ ਯੋਰੋਸ਼ਲਮ (ਪਵਿਤਰ ਯਸੂ ਮਸੀਹ)
ਕੇ ਪਵਿਤਰ ਦਰਬਾਰ ਕੀ ਉਸ ਕੇ ਸ਼ਿੱਸ਼ੋਂ ਕੇ ਸਾਹਮਨੇ ਹੀ ਘੋਰ ਬੇ - ਅਦਬੀ ਕਰੇ ਤੋ ਆਪ ਸਭ ਉਸ
ਪੁਰਸ਼ ਕੋ ਕਿਆ ਸਜ਼ਾ ਦੋਗੇ ?

ਫਿਰ ਕਸੂਰ ਕਰਨੇ ਵਾਲੇ ਕੋ ਸਮਝਾਨੇ ਕੇ ਬਾਵਜੂਦ, ਉਸ ਧਰਮ ਕੇ ਨਿਯਮ ਬਤਾਨੇ ਪਰ ਭੀ ਵੋਹ
ਅਕੜ ਸੇ ਬੋਲੇ ਔਰ ਲਗਾਤਾਰ ਹੀ ਬੇਅਦਬੀ ਕਰਤਾ ਜਾਏ, ਆਪ ਸਭ ਬਤਾਓ ਕਿ ਆਪ ਕਾ ਉਸ
ਬੇਅਦਬੀ ਕਰਨੇ ਵਾਲੇ ਪ੍ਰਤੀ ਕਿਆ ਵਰਤਾਓ ਹੋਗਾ ?

ਆਪ ਸਭ ਕੋ ਜਾਨਣਾ ਹੋਗਾ, ਜੈਸੇ ਮੁਸਲਮਾਨੋਂ ਕੇ ਖੁਦਾ ਕਾ ਘਰ ਮੱਕਾ ਸ਼ਰੀਫ ਹੈ, ਜੈਸੇ ਆਪ ਕਾ
(ਅੰਗਰੇਜ਼ ਵਲ ਇਸ਼ਾਰਾ ਕਰ ਕੇ) ਯੋਰੋਸ਼ਲਮ ਹੈ ਔਰ ਹਿੰਦੂਓਂ ਕਾ ਹਰਿਦੁਆਰ ਪਰਮ ਪੂਜਨ ਅਸਥਾਨ
ਹੈ। ਇਸੀ ਤਰਾਂ ਸਿਖੋਂ ਕੇ ਲੀਏ ਸਭ ਸੇ ਮਹੱਤਵ ਪੂਰਨ ਪੂਜਨ ਅਸਥਾਨ (ਉਸ ਖੁਦਾ ਕੇ ਸਪੂਤ ਕਾ ਯਹ
ਸਤਿਜੁਗ ਕਾ ਤੱਪ ਅਸਥਾਨ ਹੈ। ਔਰ ਕਲਿਜੁਗ ਮੇਂ ਇਸੀ ਅਸਥਾਨ ਤੇ ਭਗਤੀ ਸ਼ੁਰੂ ਕਰ ਕੇ ਯਹਾਂ ਹੀ ਆ
ਕਰ ਪ੍ਰਮੇਸ਼ਵਰ ਕੀ ਜੋਤਿ ਮੇਂ ਜੋਤਿ ਮਿਲ ਗਏ ਥੇ।

(ਫੇਰ ਮੁਸਲਮਾਨ ਵਲ ਇਸ਼ਾਰਾ ਕਰ ਕੇ) ਆਪ ਬਤਾਏਂ, ਆਪ ਕੇ ਮੱਕਾ ਸ਼ਰੀਫ ਕੇ ਕਾਜ਼ੀ ਰੁਕਨ-
ਦੀਨ ਨੇ, ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜਦ ਮੱਕੇ ਜਾ ਕਰ (ਮੱਕਾ ਸ਼ਰੀਫ ਦੀ ਤਰਫ) ਪਾਉਂ ਕਰ
ਸੋਏ ਪੜੇ ਥੇ ਤੋ ਕਾਜੀ, ਜੋ ਆਪ ਕਾ ਸਭ ਸੇ ਬੜਾ ਉੱਲਮਾ ਥਾ, ਉਸ ਨੇ ਫਿਰ ਕਿਉਂ ਗੁਸਾ ਕਰ ਕੇ
ਬਾਬੇ ਨਾਨਕ ਜੀ ਨੂੰ–

ਟੰਗੋ ਪਕੜ ਘਸੀਟਿਆ ਮਕਾ ਫਿਰਿਆ ਚਾਰ ਚੁਫੇਰੇ ॥ [ਭਾ: ਗੁਰਦਾਸ ਜੀ

ਭਾਵੇਂ ਬਾਬੇ ਨਾਨਕ ਕਾ ਉਪਦੇਸ਼ ਕਿ ਖੁਦਾ ਹਰ ਪਾਸੇ ਹੈ, ਦਰਸਾਣ ਦਾ ਸੀ, ਕਿਆ ਕਾਜ਼ੀ
ਰੁਕਨਦੀਨ ਕਾ ਧਰਮ ਯੇਹ ਆਗਿਆ ਦੇਤਾ ਹੈ ਕਿ ਜੋ ਆਦਮੀ ਮੱਕਾ ਸ਼ਰੀਫ ਦੀ ਬੇਹੁਰਮਤੀ ਕਰੇ
ਔਰ ਉਸ ਕੋ ਕੁਛ ਨਾ ਕਹਾ ਜਾਏ। ਅਗਰ ਐਸਾ ਥਾ ਤੋ ਬਾਬਾ ਨਾਨਕ ਜੀ ਕੇ ਸਾਥ ਫਿਰ ਐਸਾ

ਸਲੂਕ ਕਿਉਂ ਹੂਆ।

ਯਸੂ ਮਸੀਹ ਨੂੰ ਕਿਉਂ ਸੂਲੀ ਪਰ ਚੜ੍ਹਾਇਆ ਗਿਆ। ਯੂਸਫ ਨੂੰ ਕਿਉਂ ਸੰਗਸਾਰ ਕੀਤਾ ਗਿਆ।
ਸਿਰਫ ਸ਼ਰ੍ਹਾ ਦੇ ਜਨੂੰਨੀਆਂ ਨੇ ਐਸਾ ਕਾਮ ਕਿਉਂ ਕੀਆ ? ਕਿਆ ਆਪ ਸਭ ਕੇ ਪਾਸ ਕੋਈ ਇਸ ਕਾ
ਉੱਤਰ ਹੈ ?

ਜੇ ਅਜਿਹਾ ਕਰਨਾ ਮੁਸਲਮਾਨੀ ਸ਼ਰ੍ਹਾਂ ਦਾ ਅਸੂਲ (ਨਿਯਮ ਹੈ) ਤਾਂ ਸਾਡੇ ਧਰਮ ਦਾ ਸਖਤ
ਨਿਯਮ ਹੈ ਕਿ ਕੋਈ ਇਨਸਾਨ, ਚਾਹੇ ਕਿਸੇ ਮਜ਼ਹਬ ਦਾ ਹੋਵੇ, ਸਾਡਾ ਧਰਮ ਆਗਿਆ ਹੀ ਨਹੀਂ ਦਿੰਦਾ,
ਜੋ ਕਿ ਤਮਾਕੂ ਸਿਗਰਟ, ਨਸ਼ੀਲੇ ਪਦਾਰਥਾਂ ਨਾਲ ਧਰਮ ਅਸਥਾਨ ਦੀ ਹਦੂਦ ਦੇ ਅੰਦਰ ਭੀ ਲੈ ਕੇ ਦਾਖਲ
ਨਹੀਂ ਹੋ ਸਕਦਾ। ਫਿਰ ਇਸ ਨੇ ਤੇ ਬੜੀ ਭਾਰੀ ਸਖਤ ਗੁਸਤਾਖੀ ਹੀ ਨਹੀਂ ਕੀਤੀ, ਸਗੋਂ ਮਹਾਨ ਪਾਪ
ਕੀਤਾ ਹੈ। ਬਾਵਜੂਦ ਸਿੰਘ ਜੀ ਦੇ ਵਰਜਤ ਕਰਨ ਤੇ ਭੀ ਨਹੀਂ ਹਟਿਆ, ਆਪ ਕਿਆ ਉਤਰ ਦੇ ਸਕਦੇ
ਹੋ। ਜੇਕਰ ਯਸੂਹ ਮਸੀਹ ਦੇ ਪਵਿਤਰ ਅਸਥਾਨ ਯੋਰੋਸ਼ਲਮ ਦੀ ਤੁਹਾਡੇ ਸਾਹਮਣੇ ਬੇਅਦਬੀ ਕਰੇ ਅਤੇ
ਯਸੂਹ ਮਸੀਹ ਦੇ ਦਰਸਾਏ ਮਾਰਗ ਅਤੇ ਉਸ ਅਸਥਾਨ ਦੀ ਪਵਿਤਰਤਾ ਲਈ ਮਨ੍ਹਾ ਕੀਤੇ, ਕੋਈ ਜੀਵ
ਉਲਟ ਕੰਮ ਕਰਦਾ ਹੈ। ਆਪ ਬਤਾਓ ? ਕੀ ਤੁਸੀਂ ਉਸ ਨੂੰ ਮਾਫ ਕਰ ਦਿਓਗੇ ? ਧਰਮ
ਦਾ ਜੋ ਭੀ ਦੰਡ ਹੋਵੇਗਾ, ਦੇਵੋਗੇ ਯਾ ਨਹੀਂ ?

ਕੋਈ ਸ਼ਿੱਸ਼ ਆਪਣੇ ਪ੍ਰਾਣਾਂ ਤੋਂ ਵੱਧ ਆਪਣੇ ਇਸ਼ਟ ਦੀ ਇਜ਼ਤ, ਮਾਨ ਸਤਿਕਾਰ ਆਪਣੇ ਦਿਲ
ਵਿਚ ਰੱਖਦਾ ਹੈ। ਪਰ ਜਦੋਂ ਗੱਲ ਸਿਰੋਂ ਉਪਰ ਟੱਪ ਜਾਵੇ ਤਾਂ ਅਵਸ਼ਕ ਉਸ ਦਾ ਜੋਸ਼ ਠਲਿਆ ਨਹੀਂ
ਜਾ ਸਕਦਾ, ਜਾਂ ਆਪਣੇ ਪ੍ਰਾਣ ਦੇ ਦੇਵੇਗਾ, ਜਾਂ ਫਿਰ ਉਸ ਬੇਅਦਬੀ ਕਰਨ ਵਾਲੇ ਦੇ ਪ੍ਰਾਣਾਂ ਨੂੰ ਖਤਮ
ਕਰ ਦੇਵੇਗਾ।

ਆਪ ਕਹਿੰਦੇ ਹੋ ਕਿ ਸਿੰਘ ਨੇ ਜ਼ਿਆਦਤੀ ਕੀਤੀ ਹੈ ? ਇਹ ਦੋਸ਼ ਇਸ ਲਈ ਦਿਤਾ ਜਾ ਰਿਹਾ ਹੈ ਕਿ
ਅਸੀਂ ਸਿੰਘ ਹਾਂ, ਸ਼ਸਤਰਧਾਰੀ ਹਾਂ, ਇਹ ਰਿਆਸਤ ਬਹੁਤ ਸੰਮਤੀ ਰਿਆਸਤ ਮੁਸਲਮਾਨਾਂ ਦੀ ਹੈ।
ਆਪ ਦਸੋ, ਇਨਸਾਫ਼ ਦੇ ਨਜ਼ਰੀਏ ਨਾਲ ਦਸੋ ? ਕਿ ਇਰਾਦਾ ਕਤਲ ਕਰਾਨੇ ਵਾਲਾ ਮੁਜਰਮ ਨਹੀਂ ?
ਜੇ ਹੈ ਤਾਂ ਇਸ ਮੁਸਲਮਾਨ ਨੇ ਕਿਸੇ ਦੇ ਧਰਮ ਦੇ ਉਲਟ ਅਜਿਹਾ ਇਰਾਦਾ ਧਾਰ ਕੇ ਜੁਰਮ ਕੀਤਾ ਹੈ,
ਜਿਸ ਤੋਂ ਸਿੰਘ ਜੀ ਨੂੰ ਖੁਦ ਜੋਸ਼ ਦਿਵਾ ਕੇ ਆਪਣੇ ਤੇ ਤਲਵਾਰ ਚਲਾਉਣ ਲਈ ਮਜਬੂਰ ਕੀਤਾ ਹੈ।
ਦਸੋ ਦੋਸ਼ੀ ਕੌਣ ਹੈ–ਸਿੰਘ ਜਾਂ ਇਹ ਮੁਸਲਮਾਨ ?

ਗਰਦਾਨੋ ! ਕਿ ਪਹਿਲਾਂ ਦੋਸ਼ ਕਿਸ ਕੀਤਾ ? ਜਦੋਂ ਨੋਟਿਸ ਬੋਰਡ ਬਾਹਰ ਲੱਗਾ
ਹੋਇਆ ਹੈ। ਫਿਰ ਇਕ ਆਦਮੀ ਉਸ ਦੀ ਪ੍ਰਵਾਹ ਨਾ ਕਰਦਾ, ਸਗੋਂ ਉਹ ਦੋਸ਼ ਕੀਤਾ ਹੈ, ਜੋ ਕਾਨੂੰਨੀ
ਤੌਰ ਤੇ ਭੀ ਉਹ ਇਸੇ ਸਜ਼ਾ ਦੇ ਲਾਇਕ ਸੀ।

ਜਦ ਸਭ ਧਰਮਾਂ ਦੇ ਲੋਕਾਂ ਨੂੰ ਪਤਾ ਹੈ ਕਿ ਤਮਾਕੂ (ਜਗਤ - ਜੂਠ) ਸਿੱਖ ਧਰਮ ਵਿਚ ਸਖਤ
ਵਰਜਤ ਹੈ। ਅਸੀਂ ਸਾਰੀ ਗੱਲ ਦੀ ਪੁਣ - ਛਾਣ, ਪੜਤਾਲ ਕਰ ਕੇ ਇਸ ਸਾਰੇ ਮਾਮਲੇ ਨੂੰ ਸਮਝ ਲਿਆ
ਹੈ ਅਤੇ ਅਸੀਂ ਨਾ ਮੁਸਲਮਾਨ ਦਾ ਤੇ ਨਾ ਹੀ ਸਿੰਘ ਦਾ ਪੱਖ ਪੂਰਨਾ ਹੈ, ਸਗੋਂ ਧਰਮ ਦੇ ਨੁਕਤਾ ਨਿਗਾਹ

ਨਿਯਮਾਂ ਨੂੰ ਮੁੱਖ ਰਖ ਕੇ ਬਤਾਓ ਇਸ ਸਾਰੀ ਸ਼ਰਾਰਤ ਅਸੂਲਾਂ ਨੂੰ ਮੁੱਖ ਰੱਖ ਕੇ, ਆਪ ਆਪਣੇ ਧਰਮਾਂ ਦੇ ਨਿਯਮਾਂ ਨੂੰ ਮੁੱਖ ਰਖ ਕੇ ਬਤਾਓ ਇਸ ਸਾਰੀ ਸ਼ਰਾਰਤ ਦੀ ਜੜ੍ਹ ਕੌਣ ਹੈ ? ਸਿੰਘ ਨੂੰ ਜੋਸ਼ ਵਿਚ ਲਿਆਉਣ ਵਾਲਾ ਕੌਣ ਹੈ। ਅਜਿਹਾ ਜ਼ੁਲਮ ਕਿਸਨੇ ਕਰਵਾਇਆ ਅਤੇ ਕਿਉਂ ਕਰਵਾਇਆ ?

ਇਹਨਾਂ ਸਾਰੀਆਂ ਗੱਲਾਂ ਨੂੰ ਸਾਹਮਣੇ ਰੱਖ ਕੇ ਉਤਰ ਦਿਓ ਕਿ ਦੋਸ਼ੀ ਸਿੰਘ ਹੈ ਜਾਂ ਮੁਸਲਮਾਨ ?

ਬਾਬਾ ਜੀ ਦਾ ਨਿਰਪੱਖ ਸੁੱਝਾਅ

ਬਾਬਾ ਜੀ ਦੇ ਨਿਰਪੱਖਤਾ ਅਤੇ ਹਰ ਧਰਮ ਦੇ ਨਿਯਮਾਂ ਦੀ ਸਹੀ ਤਸਵੀਰ ਦਰਸ਼ਾਣ ਤੇ ਅੰਗਰੇਜ਼ ਅਫਸਰ ਤੇ ਹੋਰ ਉੱਚ ਅਧਿਕਾਰੀ, ਪਤਵੰਤੇ ਸਿੰਘ ਤੇ ਮੁਸਲਮਾਨ ਚਕ੍ਰਿਤ ਹੋ ਰਹੇ ਸਨ ਤੇ ਕਿਸੇ ਪਾਸ ਭੀ ਇਸ ਦਾ ਕੋਈ ਉੱਤਰ ਨਹੀਂ ਸੀ।

ਅੰਗਰੇਜ਼ ਅਫ਼ਸਰ ਨੇ ਸਹੀ ਹੋਣਾ

ਅੰਗਰੇਜ਼ ਆਫੀਸਰ ਮੰਨ ਗਿਆ ਕਿ (ਮਕਤੂਲ) ਮੁਸਲਮਾਨ ਨੇ ਅਜਿਹੀ ਸਖਤ ਗਲਤੀ ਕੀਤੀ ਹੈ, ਜਿਸ ਤੇ ਸਿੰਘ ਨੂੰ ਜੋਸ਼ ਵਿਚ ਲਿਆਉਣ ਦਾ ਵਾਕਿਆ ਹੀ ਇਹ ਦੋਸ਼ੀ ਹੈ। ਇਸ ਕਰ ਕੇ ਹੀ ਇਸ ਮੁਸਲਮਾਨ ਨੇ ਆਪਣੀ ਕਰਨੀ ਦਾ ਫਲ ਸਚੇ ਦਰਬਾਰ ਵਿਚ ਹੀ ਪਾ ਲਿਆ ਹੈ।

ਅੰਗਰੇਜ਼ ਅਫਸਰ ਨੇ ਬਾਬਾ ਜੀ ਨੂੰ ਕਿਹਾ ਕਿ ਆਪ ਜਿਸ ਤਰਾਂ ਹੋਵੇ, ਇਸ ਮਸਲੇ ਨੂੰ ਨਜਿਠੋ। ਸਭ ਦੀਆਂ ਨਜ਼ਰਾਂ ਆਪ ਦੇ ਫ਼ੈਸਲੇ ਤੇ ਹੀ ਹਨ । ਆਪ ਜੀ ਦੇ ਬਚਨ ਸੱਚ ਹਨ। ਅਸੀਂ ਤਾਂ ਸਾਰੇ ਨਿਰਉੱਤਰ ਹਾਂ।

ਬਾਬਾ ਜੀ– (ਭਾਈ ਜੀਊਣ ਸਿੰਘ ਜੀ ਨਿਹੰਗ ਸਿੰਘ ਨੂੰ ਆਵਾਜ਼ ਦੇ ਕੇ ਪੁਛਿਆ)–ਸਿੰਘਾ ! ਤੂੰ ਕੀ ਚਾਹੁੰਦਾ ਹੈਂ ?

ਭਾਈ ਜੀਊਣ ਸਿੰਘ ਜੀ– ਬਾਬਾ ਜੀ, ਮੈਂ ਤਾਂ ਮਰਨ ਜੀਵਨ ਦਾ ਸਾਰਾ ਸੰਕਲਪ (ਫੈਸਲਾ) ਆਪ ਜੀ ਤੇ ਸੁੱਟਿਆ ਹੋਇਆ ਹੈ। ਹਾਂ, ਹੁਣ ਮੈਨੂੰ ਫਾਂਸੀ ਦੀ ਸਜ਼ਾ ਦਾ ਭੀ ਕੋਈ ਡਰ ਨਹੀਂ ਰਿਹਾ। ਕਿਉਂਕਿ ਆਪ ਜੀ ਨੇ ਸੱਚ ਤੇ ਅਸਲੀਅਤ ਸਭ ਦੇ ਸਾਹਮਣੇ ਰੱਖ ਕੇ ਸਾਡੇ ਮਨ ਦੀ ਭਾਵਨਾ ਪੂਰੀ ਕਰ ਦਿਤੀ ਹੈ। ਇਹ ਹੀ ਮੈਨੂੰ ਡਰ ਸੀ ਕਿ ਮੇਰੀ ਸੱਚ ਦੀ ਅਸਲੀਅਤ ਇਹਨਾਂ ਕਿਸੇ ਨਹੀਂ ਸੁਣਨੀ, ਤੇ ਮੈਨੂੰ ਖਾਹ ਮਖਾਹ ਤਸੀਹੇ ਦੇ ਕੇ ਮਾਰਨਗੇ। ਹੁਣ ਬੇਸ਼ਕ ਕਾਨੂੰਨ ਮੈਨੂੰ ਕਾਤਲ ਕਹਿ ਕੇ ਅਦਾਲਤ ਤੋਂ ਸਜ਼ਾਇ-ਮੌਤ ਭੀ ਹੋ ਜਾਵੇ ਤਾਂ ਭੀ ਮੈਨੂੰ ਬੜੀ ਖੁਸ਼ੀ ਹੋਵੇਗੀ। ਕਿਉਂਕਿ ਹੁਣ ਮੇਰੀ ਸੱਚ ਦੀ ਆਵਾਜ਼ ਸਭ ਤੱਕ ਪਹੁੰਚ ਗਈ ਹੈ।

ਹੁਣ ਦੁਵੱਲੀ ਸਾਲਸੀ ਦਾ ਫੈਸਲਾ ਬਾਬਾ ਜੀ ਤੇ ਪੈ ਗਿਆ। ਭਾਈ ਜੀਊਣ ਸਿੰਘ ਜੀ ਤੋਂ ਬਾਬਾ ਜੀ ਪੁੱਛ ਹੀ ਚੁੱਕੇ ਸਨ। ਹੁਣ ਅੰਗਰੇਜ਼ ਅਫਸਰ ਤੇ ਹੋਰ ਉਚ ਅਧਿਕਾਰੀਆਂ ਨੂੰ ਪੁੱਛਿਆ–ਕੀ ਸਾਡਾ ਫੈਸਲਾ ਸਭ ਨੂੰ ਮਨਜ਼ੂਰ ਹੈ।

ਬਾਬਾ ਜੀ ਦੇ ਫ਼ੈਸਲੇ ਦੀ ਪ੍ਰਵਾਨਗੀ

ਸਾਰਿਆਂ ਨੇ ਹਾਂ ਕਹਿ ਦਿਤੀ। ਬਾਬਾ ਜੀ ਨੇ ਸਭ ਤੋਂ ਵਾਅਦਾ ਲੈ ਲਿਆ ਕਿ ਸਾਡੇ ਫੈਸਲੇ ਤੇ ਸ੍ਰਕਾਰ ਪਾਬੰਦ ਰਹੇਗੀ, ਤੇ ਕੋਈ ਫੈਸਲੇ ਵਿਚ ਰੱਦੋ - ਬੱਦਲ ਤੇ ਭੰਨ ਤੋੜ ਨਹੀਂ ਕਰੇਗੀ ਅਤੇ ਨਾ ਹੀ ਸਿੰਘ ਤੇ ਦਿਤੇ ਫੈਸਲੇ ਦੇ ਉਲਟ ਰਿਆਸਤੀ ਸਰਕਾਰ ਕਾਰਵਾਈ ਕਰੇਗੀ।

ਸਾਰਿਆਂ ਵਲੋਂ ਹਾਂ ਤੇ ਸਾਲਸੀ ਮੰਨੇ ਜਾਣ ਦੇ ਦਸਖ਼ਤ ਕਰਵਾਏ ਗਏ।ਬਾਬਾ ਜੀਨੇ ਆਪਣਾ ਫੈਸਲਾ ਦਿਤਾ–ਚੂੰਕਿ ਸਭ ਨੇ ਮੰਨਿਆ ਕਿ ਮੁਸਲਮਾਨ ਨੇ ਧਰਮ ਅਸਥਾਨ ਦੀ ਬੇਅਦਬੀ ਕਰਨ ਦਾ ਸਖਤ ਰਵੱਈਆ ਅਪਨਾਉਣ ਕਰ ਕੇ ਸਿੰਘ ਨੂੰ ਜੋਸ਼ ਆਇਆ। ਜਿਸ ਕਰ ਕੇ ਅਸਲ ਦੋਸ਼ੀ ਮੁਸਲਮਾਨ ਨੇ ਕੀਤੇ ਦੀ ਸਜ਼ਾ ਪਾ ਲਈ ਹੈ। ਭਾਈ ਜੀਊਣ ਸਿੰਘ ਜੀ ਨੂੰ ਇਹ ਸਜ਼ਾ ਦਿਤੀ ਜਾਂਦੀ ਹੈ ਕਿ ਸਰਕਾਰ ਇਸ ਨੂੰ ਜਿਥੇ [ਪੰਜਾਬ] ਇਹ ਜਾਣਾ ਚਾਹੇ, ਸਰਕਾਰੀ ਖਜ਼ਾਨ ਵਿਚੋਂ ਟਿੱਕਟ ਲੈ ਕੇ ਦੇਵੇ, ਤੇ ਬਾ-ਇਜ਼ਤ ਰਿਆਸਤ ਦੀ ਹੱਦ ਵਿਚੋਂ ਪੁਲੀਸ ਕਰਮਚਾਰੀ ਨਾਲ ਹੋ ਕੇ ਲੰਘਾਵਣਗੇ। ਰਿਆਸਤ ਦੀ ਹੱਦ ਅੰਦਰ ਪੁਲੀਸ ਇਸ ਦੀ ਹਰ ਤਰਾਂ ਦੀ ਜਾਨੋ - ਮਾਲ ਦੀ ਜ਼ਿਮੇਂਵਾਰ ਹੋਵੇਗੀ। ਅਤੇ ਇਸ ਕਤਲ ਹੋਏ ਮੁਸਲਮਾਨ ਦੇ ਦਫਨਾਣ ਦਾ ਸਾਰਾ ਖਰਚਾ ਤਖਤ ਸੱਚਖੰਡ ਅਦਾ ਕਰੇਗਾ ਅਤੇ ਇਸ ਦੇ ਵਾਰਸਾਂ ਨੂੰ ਤਖਤ ਸੱਚਖੰਡ ਵਲੋਂ ਯੋਗ ਸਹਾਇਤਾ ਦਿਤੀ ਜਾਵੇਗੀ।

ਬਾਬਾ ਜੀ ਦੇ ਇਸ ਫੈਸਲੇ ਨੂੰ ਸਾਰਿਆਂ ਨੇ ਮੰਨ ਲਿਆ। ਇਸ ਅਨੋਖੇ ਨਿਆਂ ਤੋਂ ਦੋਨੋਂ ਪਾਸਿਆਂ ਤੋਂ ਖੁਸ਼ੀ ਪ੍ਰਗਟ ਕੀਤੀ ਗਈ। ਅਤੇ ਇਸ ਗੁੰਝਲਦਾਰ ਮਸਲੇ ਦੇ ਨਿਕਲਣ ਵਾਲੇ ਗੰਭੀਰ ਸਿੱਟੇ (ਖੂਨ-ਖਰਾਬੇ) ਤੋਂ ਬਗੈਰ ਕਿਤਨੀ ਦੂਰ - ਅੰਦੇਸ਼ੀ ਨਾਲ ਸੁਲਝਾ ਦਿਤਾ ਹੈ ਅਤੇ ਆਪਸੀ ਭਾਈਚਾਰਾ-ਪਿਆਰ ਬਣਿਆ ਰਿਹਾ ਤੇ ਨਫਰਤ ਦੀ ਜਵਾਲਾ ਤੋਂ ਸਭ ਨੂੰ ਬਚਾ ਲਿਆ।

ਸਿੰਘਾਂ ਨੂੰ ਛੱਤ ਤੋਂ ਉਤਰਨ ਲਈ ਬਾਬਾ ਜੀ ਨੇ ਕਹਿਣਾ

ਹੁਣ ਬਾਬਾ ਜੀ ਨੇ ਭਾਈ ਜੀਊਣ ਸਿੰਘ ਜੀ ਅਤੇ ਉਹਨਾਂ ਦੇ ਸਹਾਇਕ ਸਾਥੀਆਂ ਨੂੰ ਬੁੰਗੇ ਦੀ ਛੱਤ ਤੋਂ ਹੇਠਾਂ ਉਤਰਨ ਲਈ ਕਿਹਾ। ਤਾਂ ਸਾਰੇ ਸਿੰਘ ਬਾਬਾ ਜੀ ਦੇ ਵਿਸ਼ਵਾਸ਼ ਤੇ ਹੇਠਾਂ ਉਤਰ ਆਏ। ਜਦ ਬਾਬਾ ਜੀ ਦੇ ਕਹਿਣ ਤੇ ਸਿੰਘ ਛੱਤ ਤੋਂ ਹੇਠਾਂ ਉਤਰ ਆਏ ਅਤੇ ਸਤਿਕਾਰ ਵਜੋਂ ਬਾਬਾ ਜੀ ਦੇ ਚਰਨ ਛੂਹਣ ਲਗੇ ਤਾਂ ਬਾਬਾ ਜੀ ਝੱਟ ਪਿੱਛੇ ਹੱਟ ਖਲੋਤੇ ਅਤੇ ਕਿਹਾ–ਸਿੰਘੋ ! ਮੇਰੇ ਸ਼ਹਿਨਸ਼ਾਹ ਗੁਰੂ ਕਲਗੀਧਰ ਜੀ ਦੇ ਚਰਨ ਪਰਸੋ, ਨਮਸ਼ਕਾਰ ਕਰੋ ਤੇ ਆਖੋ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ! ਜਿਹਨਾਂ ਨੇ ਸਾਡੀ ਲੱਜ - ਪੱਤ ਰੱਖੀ ਹੈ। ਮੈਂ ਕੌਣ ਹਾਂ।

ਸਿੰਘੋ ! ਕਦੀ ਨਾ ਭੁੱਲੋ ਕਿ ਕੋਈ ਮਨੁੱਖ ਕੁਝ ਕਰ ਸਕਦਾ ਹੈ। ਇਹ ਸਭ 'ਕਾਦਰ ਕਰਮ ਕਰੀਮ' ਹਾਜ਼ਰ ਨਾਜ਼ਰ ਸਤਿਗੁਰੂ ਹੀ ਸਭ ਕਾਰਜ ਕਰ ਰਹੇ ਹਨ ਅਤੇ ਆਪਣੇ ਬਾਣੇ ਦੀ ਧਰਮ ਦੀ ਆਪ ਹੀ ਲੱਜ ਪੱਤ ਰੱਖਦੇ ਹਨ।

ਬਾਬਾ ਜੀ ਨੇ ਭਾਈ ਜੀਊਣ ਸਿੰਘ ਜੀ ਨੂੰ ਕਿਹਾ–ਤੁਸੀਂ ਹੁਣ ਜਲ - ਪਾਣੀ ਛੱਕ ਲਵੋ ਤੇ ਰਸਤੇ

ਵਿਚ ਖਰਚੀ ਦੀ ਲੋੜ ਹੈ ਤਾਂ ਦੱਸੋ ਅਤੇ ਕਮਰ - ਕੱਸੇ ਕਰ ਲਓ । ਜਦ ਫਿਰ ਕਦੀ ਸਤਿਗੁਰੂ ਜੀ ਕ੍ਰਿਪਾ ਕਰਨਗੇ ਤਾਂ ਦੀਦਾਰ ਆ ਕਰਿਓ । ਪਰ ਕੁਝ ਸਮੇਂ ਲਈ ਹੁਣ ਤੁਸੀਂ ਪੰਜਾਬ ਚਲੇ ਜਾਓ । ਜੇ ਕਿਸੇ ਹੋਰ ਨੇ ਭੀ ਜਾਣਾ ਹੈ ਤਾਂ ਨਾਲ ਤਿਆਰੇ ਕਰ ਲਵੋ । ਰਸਤੇ ਵਿਚ ਕਿਸੇ ਨਾਲ ਵਾਦ - ਵਿਵਾਦ ਜਾਂ ਝਗੜਾ ਨਹੀਂ ਕਰਨਾ । ਜੇ ਕੁਝ ਬਚਨ, ਕੁਬਚਨ ਭੀ ਬੇਸ਼ਕ ਕੋਈ ਕਹਿ ਦੇਵੇ । ਉਸ ਨੂੰ ਸਹਿਣ ਕਰ ਲੈਣਾ । ਇਹ ਫੈਸਲਾ ਹੋਇਆ ਹੈ ਕਿ ਆਪ ਇਕ ਵਾਰੀ ਰਿਆਸਤ ਤੋਂ ਬਾਹਰ ਚਲੇ ਜਾਵੋ । ਤੁਹਾਡੇ ਨਾਲ ਰਿਆਸਤ ਦੀ ਹੱਦ ਤੱਕ ਪੁਲਸ ਕਰਮਚਾਰੀ ਜਾਣਗੇ । ਇਹਨਾਂ ਨੂੰ ਕੁਝ ਨਹੀਂ ਕਹਿਣਾ । ਤੁਸਾਂ ਜਿਥੇ ਜਾਣਾ ਹੈ, ਇਹ ਟਿਕਟਾਂ ਤੁਹਾਨੂੰ ਲੈ ਦੇਣਗੇ ਬਿਨਾਂ ਟਿਕਟ ਸਫ਼ਰ ਨਹੀਂ ਕਰਨਾ ।

ਭਾਈ ਜੀਊਣ ਸਿੰਘ ਜੀ– (ਸਿਰ ਨਿਵਾ ਕੇ ਹੱਥ ਜੋੜੀ) ਸਤਿਬਚਨ ! ਜਿਵੇਂ ਆਪ ਜੀ ਦਾ ਹੁਕਮ ਹੈ । ਸਾਡੇ ਕਮਰ - ਕੱਸੇ ਤਾਂ ਲੱਗੇ ਹੀ ਹੋਏ ਹਨ । ਆਪ ਦੀ ਅਸ਼ੀਰਵਾਦ ਚਾਹੀਦੀ ਹੈ । ਧੰਨ ਕਲਗੀਧਰ ਪਿਤਾ ਜੀ, ਜਿਨ੍ਹਾਂ ਸਚ ਨਿਆਉ ਕਰਵਾਇਆ ਹੈ ।

ਬਾਬਾ ਜੀ ਨੇ ਦੋ ਚਾਰ ਸਿੰਘਾਂ ਨੂੰ ਸਟੇਸ਼ਨ ਤੱਕ ਭਾਈ ਜੀਊਣ ਸਿੰਘ ਜੀ ਦੇ ਨਾਲ ਭੇਜ ਦਿਤਾ। ਜਦ ਭਾਈ ਜੀਊਣ ਸਿੰਘ ਜੀ ਗੱਡੀ ਚੜ੍ਹ ਗਏ ਤਾਂ ਉਹ ਸਿੰਘ ਵਾਪਸ ਮੁੜ ਆਏ । ਬਾਬਾ ਜੀ ਨੇ ਭਾਈ ਜੀ ਨੂੰ ਰਸਤੇ ਦੀ ਖਰਚੀ ਭੀ ਦੇ ਭੇਜੀ।

ਅੰਗਰੇਜ਼ ਦੇ ਮਨ ਤੇ ਇਸ ਫ਼ੈਸਲੇ ਦਾ ਅਸਰ ਹੋਣਾ

ਇਹ ਸਾਰੀ ਕਾਰਵਾਈ ਵੇਖ ਕੇ, ਅੰਗਰੇਜ਼ ਅਫਸਰ ਦੇ ਮਨ ਤੇ ਬਹੁਤ ਡੂੰਘਾ ਅਸਰ ਹੋਇਆ । ਮਨ ਅੰਦਰ ਬਾਬਾ ਜੀ ਪ੍ਰਤੀ ਬਹੁਤ ਵਿਸ਼ਵਾਸ, ਸ਼ਰਧਾ ਜਾਗਰਤ ਹੋਈ। ਹੋਰ ਭੀ ਹਿੰਦੂ, ਸਿੱਖ ਤੇ ਮੁਸਲਮਾਨ ਸਾਰੇ ਹੀ ਬਹੁਤ ਪ੍ਰਭਾਵਤ ਹੋਏ ।

ਅੰਗਰੇਜ਼ ਅਫਸਰ ਨੇ ਆਪਣੀ ਖ਼ੁਸ਼ੀ ਦਾ ਇਜ਼ਹਾਰ ਕਰਦਿਆਂ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਮੇਰੀ ਭੀ ਇਕ ਇੱਛਾ ਪੂਰੀ ਕਰ ਦਿਓ । ਮੇਰੀ ਦਿਲੀ ਭਾਵਨਾ ਹੈ ਕਿ ਮੈਂ ਹਮੇਸ਼ਾਂ ਆਪ ਜੀ ਦੇ ਦਰਸ਼ਨ ਕਰਦਾ ਰਹਾਂ । ਮੈਨੂੰ ਤੁਹਾਡੇ ਵਿਚੋਂ ਯਸੂ ਮਸੀਹ ਦੇ ਦਰਸ਼ਨ ਹੋ ਰਹੇ ਹਨ, ਜਿਸ ਕਰ ਕੇ ਮੇਰੀ ਇਸ ਮੰਗ ਨੂੰ ਜ਼ਰੂਰ ਪੂਰਾ ਕਰੋ ।

ਸਭ ਲੋਕ ਹੈਰਾਨ ਸਨ ਕਿ ਇਤਨਾ ਇਨਸਾਫ ਪਸੰਦ ਅੰਗਰੇਜ਼, ਬਾਬਾ ਜੀ ਤੇ ਕਿਵੇਂ ਪਸੀਜ ਰਿਹਾ ਹੈ ਤੇ ਕਹਿੰਦਾ ਹੈ –ਮੇਰੀ ਇਛਾ ਪੂਰੀ ਕਰੋ ?

ਬਾਬਾ ਜੀ– (ਜ਼ਰਾ ਮੁਸਕਰਾਉਂਦੇ ਹੋਏ) ਹਾਂ ਦੱਸੋ ! ਆਪ ਜੀ ਦੇ ਦਿਲ ਦੀ ਭਾਵਨਾ ਉਪਜ ਖੜੀ ਹੋਈ ਏ ? ਜੋ ਆਪ ਨੇ ਯਸੂਹ ਮਸੀਹ ਦੇ ਦਰਸ਼ਨਾਂ ਦੀ ਗੱਲ ਕੀਤੀ ਹੈ । ਇਹ ਤਾਂ ਆਪ ਦਾ ਧਰਮ ਇਮਾਨ ਜਾਂ ਮਨ ਦੀ ਦਿਲੀ ਭਾਵਨਾ ਅਤੇ ਟਿਕਾਓ ਕਾਰਨ ਹੀ ਆਪ ਨੂੰ ਹਰ ਮਨੁਖ ਵਿਚ ਉਸ ਖੁਦਾ ਦੇ ਬੰਦੇ ਦੇ ਦੀਦਾਰ ਨਜ਼ਰੀਂ ਆ ਰਹੇ ਹਨ । ਪ੍ਰੰਤੂ ਸਾਡੇ ਵਿਚ ਅਜਿਹੇ ਗੁਣ ਨਹੀਂ, ਜੋ ਪੂਜਜ ਯਸੂ ਮਸੀਹ ਜੀ ਵਿਚ ਸਨ । ਨਾ ਜਾਣੇ ਆਪ ਅਜਿਹਾ ਵਿਸ਼ਵਾਸ ਕਿਉਂ ਧਾਰਨ ਕਰ ਬੈਠੇ ਹੋ ।

ਅੰਗਰੇਜ਼ ਅਫਸਰ– ਬਾਬਾ ਜੀ, ਮੇਰੀ ਖਤਾ ਮੁਆਫ਼ ਹੋਵੇ, ਮੈਂ ਸਾਰਿਆਂ ਦੇ ਸਾਹਮਣੇ ਜੋ ਕੁਝ ਵੇਖ ਸਕਿਆ ਹਾਂ, ਬਿਆਨ ਨਹੀਂ ਕਰ ਸਕਦਾ, ਬੱਸ ਆਪ ਜਾਣਦੇ ਹੋ ਜਾਂ ਮੈਂ ਜਾਣਦਾ ਹਾਂ । ਮੇਰੀ ਮੰਗ ਹੈ ਕਿ ਆਪ ਮੇਰੇ ਨਾਲ ਫ਼ੋਟੋ ਖਿੱਚਵਾਓ, ਜੋ ਮੈਂ ਸਦੀਵੀ ਕੋਲ ਰੱਖਾਂਗਾ ।

ਅੰਗਰੇਜ਼ ਅਫਸਰ ਦੀ ਇੱਛਾ ਪੂਰੀ ਕਰਨੀ

ਭਾਵੇਂ ਬਾਬਾ ਜੀ ਫੋਟੋ ਖਿੱਚਵਾਉਣ ਦੇ ਕਦੀ ਭੀ ਇਛਕ ਨਹੀਂ ਸਨ ਹੁੰਦੇ, ਕਿਉਂਕਿ ਮਹਾਂਪੁਰਸ਼ ਨਹੀਂ ਚਾਹੁੰਦੇ ਜੋ ਲੋਕ ਸਾਡੀਆਂ ਫੋਟੂਆਂ ਦੇ ਪੁਜਾਰੀ ਬਨਣ । ਇਸ ਤਰ੍ਹਾਂ ਜੋ ਸਤਿਗੁਰੂ ਦੀ ਦਾ ਉਪਦੇਸ਼ ਹੈ–

ਗੁਰ ਕੀ ਮੂਰਤਿ ਮਨ ਮਹਿ ਧਿਆਨ ॥

ਅਤੇ ਗੁਰੂ ਕੀ ਮੂਰਤਿ 'ਗੁਰ ਸ਼ਬਦ ਹੈ' ਦੀ ਹੀ ਦਿਲ ਵਿਚ ਥਾਉਂ ਹੋਵੇ । ਇਸੇ ਆਸ਼ੇ ਨਾਲ ਬਾਬਾ ਜੀ ਫੋਟੋ ਖਿਚਵਾਉਣ ਦੇ ਕਦਾਚਿਤ ਹੱਕ ਵਿਚ ਨਹੀਂ ਸਨ ਹੁੰਦੇ। ਜੇ ਕੋਈ ਯਤਨ ਭੀ ਕਰਦਾ ਤਾਂ ਆਪ ਜੀ ਟਾਲ - ਮਟੋਲ ਕਰ ਜਾਂਦੇ ਸਨ । ਕਿਸੇ ਦੀ ਅਤਿ ਤੀਬਰ ਪਿਆਰ ਲਾਲਸਾ ਤੇ ਹੀ ਇਕ ਦੋ ਬਾਬਾ ਜੀ ਦੀਆਂ ਫੋਟੂਆਂ ਮਿਲਦੀਆਂ ਹਨ, ਆਮ ਨਹੀਂ ।

ਬਾਬਾ ਜੀ ਅੰਗਰੇਜ਼ ਦੀ ਦ੍ਰਿਸ਼ਟੀ ਵਿਚ ਆਈ ਭਾਵਨਾ ਨੂੰ ਠੁਕਰਾਣਾ ਨਹੀਂ ਸਨ ਚਾਹੁੰਦੇ ! ਇਸ ਲਈ ਬਾਬਾ ਜੀ ਨੇ ਉਸ ਅੰਗਰੇਜ਼ ਅਫ਼ਸਰ ਨਾਲ ਫੋਟੋ* ਖਿਚਵਾਈ ਜੋ ਮਾਤਾ ਜੀ ਦੇ ਅਸਥਾਨ ਤੇ ਪਈ ਦੇਖੀ ਗਈ ਸੀ ।

ਇਹ ਸੀ ਬਾਬਾ ਜੀ ਦਾ ਧਰਮ ਨਿਆਏ, ਤੇ 'ਪਾਪੀ ਕਉ ਡੰਡ ਦੀਉਇ' ਸਭ ਨੂੰ ਨਿਰ - ਉੱਤਰ ਕਰ ਕੇ ਤਖ਼ਤ ਸੱਚਖੰਡ ਦਾ ਅਪਮਾਨ ਕਰਨ ਵਾਲੇ ਦੀ ਠੀਕ ਸਜ਼ਾ ਦਰਸਾ ਕੇ ਧਰਮ ਦੀ ਰੱਖਵਾਲੀ ਕਰਨ ਵਾਲੇ ਸਿੰਘ ਨੂੰ ਸਜ਼ਾ - ਮੁਕਤ ਕਰਵਾ ਦਿਤਾ।

ਬਾਬਾ ਜੀ ਨੂੰ ਕਰਾਮਾਤੀ ਜਾਣ ਕੇ ਪੁੱਛਾਂ

ਇਹ ਇਕ ਆਮ ਦੁਨੀਆਂਦਾਰਾਂ ਦਾ ਰਿਵਾਜ ਹੀ ਬਣ ਗਿਆ ਹੋਇਆ ਹੈ ਕਿ ਜਿਥੇ ਕਿਧਰੇ ਮਾੜੀ ਜੇਹੀ ਸਤਿਗੁਰੂ ਬਖਸ਼ਸ਼ਾਂ ਦੀ ਕੰਨਸੋਅ ਕੰਨ ਪੈ ਜਾਵੇ। ਕਿਉਂਕਿ ਸਤਿਗੁਰੂ ਜੀ ਆਪਣੇ ਗੁਰਸਿੱਖਾਂ ਉਤੇ

---

* ਫ਼ੋਟੋ ਬਾਬਾ ਜੀ ਦੀ–ਇਕ ਫੋਟੋ ਭਾਈ ਪਾਖਰ ਸਿੰਘ ਜੀ ਨਿਹੰਗ ਸਿੰਘ ਡੇਹਰਾ ਬਸੀ (ਅੰਬਾਲਾ, ਮੁਬਾਰਕ ਪੁਰ ਹੁਣ ਚੰਡੀਗੜ੍ਹ) ਸੜਕ ਤੇ ਜੋ ਗੁਰਦਵਾਰਾ ਸਾਹਿਬ ਹੈ, ਰਹਿੰਦੇ ਸਨ। ਤੇ ਇਸ ਬਾਰੇ ਪਿਛੇ ਹਵਾਲਾ 'ਸੇਵਾ' ਬਾਰੇ ਆ ਚੁਕਾ ਹੈ। ਬਾਬਾ ਜੀ ਦੀ ਫੋਟੋ ਇਹਨਾਂ ਪਾਸੋਂ ਦਾਸ ਨੂੰ ਮਿਲੀ ਸੀ, ਜੋ ਬਾਬਾ ਜੀ ਨੇ ਇਹਨਾਂ ਦੇ ਸਿਰ ਤੇ ਹੱਥ ਰੱਖਿਆ ਹੋਇਆ ਹੈ ਅਗੇ ਦੇਗ ਲੰਗਰ ਲਈ ਕੜਛਾ ਗੜਵਾ ਹੈ, ਬੈਠੇ ਹਨ । ਬਾਬਾ ਜੀ ਖੜੇ ਹਨ। ਜਿਸ ਨੂੰ ਕੇਵਲ ਬਾਬਾ ਜੀ ਦੀ ਫੋਟੋ ਹੀ ਦਰਸਾਨ ਲਈ ਦਾਸ ਨੇ ਵੱਖ ਕਰਵਾਈ ਸੀ ਜੋ ਦਾਸ ਪਾਸ ਮੌਜੂਦ ਹੈ ਤੇ ਹੋਰ ਕਈ ਸਿੰਘਾਂ ਪਾਸ ਭੀ ਮਿਲਦੀ ਹੈ।

ਇਕ ਫੋਟੋ ਬਾਬਾ ਜੀ ਮੇਜ਼ ਉਪਰ ਪੁਸਤਕਾਂ ਤੇ ਹੱਥ ਧਰੀ ਖੜੇ ਹਨ, ਵੇਖੀ ਗਈ ਹੈ। ਪਰ ਸਭ ਵਿਚ ਉਹਨਾਂ ਦਾ ਸਾਦਗੀ ਦਾ ਪਹਿਰਾਵਾ ਹੀ ਨਜ਼ਰੀਂ ਆਇਆ ਹੈ।

ਕਰਾਉਂਦੇ ਸਨ, ਲੋਕਾਂ ਦੇ ਮਨਾਂ ਵਿਚ ਕਰਾਮਾਤੀ ਸਾਧੂ ਜਾਣ, ਬਖਸ਼ਸ਼ਾਂ ਕਰ ਕੇ ਕੋਈ ਅਸਚਰਜ ਕੌਤਕ ਲਈ ਉੱਮਡ ਪੈਂਦੇ ਹਨ। ਅਜਿਹਾ ਆਮ ਨਾਟਕੀ - ਚੇਟਕੀ ਤ੍ਰਿਸ਼ਨਾਲੂ ਸੰਸਾਰਕ ਇੱਛਾਵਾਂ ਦੀ ਪੂਰਤੀ ਸਾਧੂ ਸਿੱਧੀ ਪ੍ਰਾਪਤ ਕਰਕੇ, ਕਰਦੇ ਭੀ ਹਨ।

ਹਰ ਇਕ ਦੀ ਪਰਖ ਇਥੋਂ ਤੱਕ ਹੁੰਦੀ ਹੈ। ਅਸੀਂ ਨਹੀਂ ਜਾਣਦੇ ਕਿ ਨਾਮ ਰੰਗਣ ਵਿਚ ਰੰਗੇ ਸਾਧੂ ਕਾਹਨੂੰ ਇਹਨਾਂ ਲੋਕ ਪਚਾਰੇ ਦੇ ਚੇਟਕ ਵਿਚ ਪੈਂਦੇ ਹਨ। ਉਹ ਹਰ ਪਾਸਿਓਂ 'ਮੁਰਗਾਈ ਨੀਸਾਨੈ' ਵਾਂਗ ਜਿਵੇਂ ਮੁਰਗਾਈ ਦੇ ਪਾਣੀ ਵਿਚ ਰਹਿੰਦਿਆਂ ਭੀ ਪੰਖ ਨਹੀਂ ਭਿੱਜਦੇ, ਤਿਵੇਂ 'ਗੁਰਮੁਖ ਮਾਇਆ ਵਿਚ ਉਦਾਸੀ' ਮਾਇਆ ਵਿਚ ਵਿਚਰਦੇ ਭੀ ਇਸ ਤੋਂ ਆਪਣੇ ਆਪ ਨੂੰ ਨਿਰਲੇਪ ਰੱਖਦੇ ਹਨ।

ਮਾਤਾ ਜੀ ਦੇ ਅਸਥਾਨ ਦੀ ਕਰਾਮਾਤੀ ਪ੍ਰਗਤੀ ਨੂੰ ਵੇਖਦਿਆਂ–ਹਰ ਮਨੁਖ ਦੀ ਮਾਇਆ ਸੰਕਲਪ ਬੁਧੀ ਬਾਬਾ ਜੀ ਨੂੰ ਕਰਾਮਾਤੀ ਸਾਧੂ ਦੀ ਦ੍ਰਿਸ਼ਟੀ ਨਾਲ ਨਾਪਦੀ ਸੀ, ਅਤੇ ਕਈ ਅਣਭੋਲ ਮਨੁੱਖ ਪੁੱਛਾਂ (ਮੰਗਾਂ) ਭੀ ਕਈ ਵਾਰੀ ਆ ਕਰਦੇ ਸਨ। ਪਰ ਬਾਬਾ ਜੀ ਆਪਣੇ ਮੁੱਢਲੇ ਸੁਭਾਅ ਮੁਤਾਬਕ ਪਹਿਲਾਂ ਤਾਂ ਬੋਲਦੇ ਹੀ ਘਟ ਸਨ। ਜੇ ਵੇਖਿਆ ਕਿ ਪ੍ਰਾਣੀ ਜ਼ਿੱਦੀ ਹੈ, ਤਾਂ ਆਪ ਜੀ ਟਾਲ - ਮਟੋਲ ਕਰ ਕੇ ਕਿਸੇ ਸੇਵਾ ਵਿਚ ਲੱਗ ਜਾਂਦੇ। ਜੇ ਉਥੇ ਭੀ ਵੇਖਿਆ ਕਿ ਲੋਕ ਪਿੱਛਾ ਨਹੀਂ ਛੱਡਦੇ ਤਾਂ ਆਪ ਬਾਗ ਵਲ ਜਾਂ ਪਸ਼ੂਆਂ ਦੇ ਵਾੜੇ ਵੱਲ ਜਾਂ ਫਿਰ ਗੜਵਾ ਫੜ ਕੇ ਨਦੀ ਹੇਠਾਂ ਉਤਰ ਕੇ ਦੂਰ ਚਲੇ ਜਾਂਦੇ ਅਤੇ ਨਜ਼ਰ ਤੋਂ ਓਝਲ ਹੋ ਜਾਇਆ ਕਰਦੇ।

ਇਕ ਮਰਹੱਟੇ ਦਾ ਪੁੱਛਾਂ ਲਈ ਆਉਣਾ

ਇਕ ਵਾਰੀ ਇਕ ਮਰਹੱਟਾ ਇਹ ਜਾਣ ਕੇ ਕਿ ਬਾਬਾ ਜੀ ਪੁੱਛਾਂ (ਦੱਸਾਂ) ਦੇਂਦੇ ਹਨ, ਇਹਨਾਂ ਕੋਲ ਆਇਆ। ਇਸ ਮਰਹਟੇ ਦੀ ਘੋੜੀ ਗੁਵਾਚ ਗਈ ਸੀ। ਕਈ ਦਿਨਾਂ ਤੋਂ ਇਹ ਮਰਹੱਟਾ ਖੱਜਲ ਖੁਆਰ ਹੋ ਰਿਹਾ ਸੀ ਅਤੇ ਘੋੜੀ ਦਾ ਕਿਧਰੋਂ ਕੋਈ ਪਤਾ ਨਹੀਂ ਸੀ ਲੱਗ ਰਿਹਾ। ਉਹ ਪੁੱਛਦਾ ਪੁੱਛਾਂਦਾ ਬਾਬਾ ਜੀ ਪਾਸ ਆ ਗਿਆ। ਆ ਕੇ ਬਾਬਾ ਜੀ ਨੂੰ ਰਾਮ ਰਾਮ ਕਹਿ ਕੇ ਆਖਣ ਲਗਾ ਕਿ ਆਪ ਕਰਾਮਾਤੀ ਹੋ, ਜਾਣੀ ਜਾਣ ਹੋ। ਮੈਂ ਕਈ ਦਿਨਾਂ ਤੋਂ ਘੁੰਮਦਾ ਫਿਰਦਾ ਹਾਂ। ਮੇਰੀ ਘੋੜੀ ਗਵਾਚ ਗਈ ਹੈ, ਉਸ ਦਾ ਪਤਾ ਨਹੀਂ ਲੱਗ ਰਿਹਾ। ਮੇਰੇ ਤੇ ਕ੍ਰਿਪਾ ਕਰੋ। ਮੈਨੂੰ ਦੱਸੋ ਮੇਰੀ ਘੋੜੀ ਕਿਧਰ ਗਈ ਹੈ, ਤੇ ਕਿਥੇ ਹੋਵੇਗੀ ਅਤੇ ਕੌਣ ਲੈ ਗਿਆ ਹੈ ?

ਬਾਬਾ ਜੀ– (ਮੁਸਕਰਾਂਦੇ ਹੋਏ) ਤੈਨੂੰ ਕਿਸੇ ਨੇ ਗਲਤ ਰਸਤੇ ਪਾ ਦਿਤਾ ਹੈ, ਅਸਾਂ ਪਾਸ ਤਾਂ ਕੋਈ ਅਜਿਹੀ ਗੱਲ ਨਹੀ। ਸਾਨੂੰ ਤਾਂ ਆਪਣੇ ਆਪ ਦਾ ਪਤਾ ਨਹੀ। ਅਸੀਂ ਕੀ ਜਾਣੀਏ। ਸਾਡੇ ਭਰੋਸੇ ਤੇ ਕਿਤੇ ਆਪਣੀ ਘੋੜੀ ਨਾ ਗੰਵਾ ਲਈ। ਜਾਹ, ਕਿਸੇ ਸਿਆਣੇ ਤੋਂ ਪੁੱਛ ਭਾਲ ਕਰ, ਲੱਭ ਜਾਏਗੀ।

ਮਰਹੱਟਾ– (ਬਾਬਾ ਜੀ ਦਾ 'ਲੱਭ ਜਾਏਗੀ' ਬਚਨ ਨੂੰ ਮਰਹੱਟਾ ਸਮਝ ਨਾ ਸਕਿਆ ਤੇ ਹੱਥ ਜੋੜ ਕੇ ਤਰਲੇ ਵਾਸਤੇ ਪਾ ਕੇ ਆਖਣ ਲੱਗਾ) ਬਾਬਾ ਜੀ! ਮੇਰੇ ਗਰੀਬ ਤੇ ਮਿਹਰ ਕਰੋ। ਕਿਰਪਾ ਕਰ ਕੇ ਮੇਰੀ ਘੋੜੀ ਦੀ ਦੱਸ ਪਾ ਦਿਓ।

ਬਾਬਾ ਜੀ– (ਜਦ ਇਹ ਮਰਹੱਟਾ ਜ਼ਿੱਦ ਕਰੀ ਹੀ ਗਿਆ ਤਾਂ ਕਹਿਣ ਲੱਗੇ) ਰਾਮ ਦੇ ਪਿਆਰੇ! ਸਾਡਾ ਤੇ ਆਪਣਾ ਅੱਜ ਵੱਛਾ ਸਵੇਰ ਤੋਂ ਗੁੰਮ ਹੋ ਗਿਆ ਹੈ। ਉਹ ਨਹੀਂ ਪਿਆ ਲੱਭਦਾ। ਅਸੀਂ ਕਿੰਨੀ ਭਾਲ ਕਰ ਚੁੱਕੇ ਹਾਂ। ਸਗੋਂ ਤੈਨੂੰ ਜੇ ਪਤਾ ਹੋਵੇ ਤਾਂ ਸਾਨੂੰ ਦੱਸ ਪਾਈਂ।

ਮਰਹੱਟਾ– ਬਾਬਾ ਜੀ! ਮੈਨੂੰ ਆਪਣੀ ਘੋੜੀ ਦਾ ਪਤਾ ਨਹੀਂ ਤੇ ਤੁਹਾਡੇ ਵੱਛੇ ਦਾ ਮੈਨੂੰ ਕੀ ਪਤਾ ਹੋ ਸਕਦਾ ਏ।

ਬਾਬਾ ਜੀ– ਸਾਨੂੰ ਤੇ ਸਾਡੇ ਵੱਛੇ ਦਾ ਪਤਾ ਨਹੀਂ ਲੱਗ ਰਿਹਾ। ਜੇ ਅਸੀਂ ਕਰਾਮਾਤੀ ਹੁੰਦੇ ਤਾਂ ਸਾਡੇ ਵੱਛੇ ਦਾ ਸਾਨੂੰ ਪਤਾ ਲਗ ਗਿਆ ਹੁੰਦਾ, ਭਲਾ ਤੂੰ ਹੀ ਦਸ ਕਿ ਸਾਨੂੰ ਜਦ ਵੱਛੇ ਦਾ ਹੀ ਪਤਾ ਨਹੀਂ ਲੱਗ ਰਿਹਾ, ਤਾਂ ਅਸੀਂ ਤੇਰੀ ਘੋੜੀ ਬਾਰੇ ਕਿਵੇਂ ਜਾਣਕਾਰੀ ਰੱਖ ਸਕਦੇ ਹਾਂ। ਅਸੀਂ ਕਿਹੜੇ ਨਜੂਮੀਏ ਹਾਂ ? ਤੁਸੀਂ ਕਿਸੇ ਨਜੂਮੀਏ (ਪੁੱਛਾਂ ਦੇਣ ਵਾਲੇ) ਤੋਂ ਜਾ ਕੇ ਪੁਛੋ।

ਇਉਂ ਬਾਬਾ ਜੀ ਨੇ ਟਾਲ - ਮਟੋਲ ਕਰ ਦਿਤਾ ਤੇ ਅਗੋਂ ਤੋਂ ਅਜੇਹੀ ਲੀਹ ਆਪਣੇ ਗਲ ਨਾ ਪੈਣ ਦਿਤੀ।

ਬਚਨ ਸੱਤਾ

ਲੋਕਾਂ ਦਾ ਤਾਂਤਾ, ਪੁੱਛਾਂ ਬਾਰੇ ਬੱਝਾ ਹੀ ਰਹਿੰਦਾ, ਪਰ ਅਜਿਹੀ ਚੇਟਕਾਂ ਵਿਚ ਬਾਬਾ ਜੀ ਨਹੀਂ ਪੈਣਾ ਚਾਹੁੰਦੇ ਹਨ, ਕਿਸੇ ਨਾ ਕਿਸੇ ਤਰਾਂ ਟਾਲ ਦੇਂਦੇ ਤੇ ਕੋਈ ਉਤਰ ਤੱਕ ਨਾ ਦਿੰਦੇ।

ਹਾਂ ਜੇ ਕਦੀ ਆਪ ਜੀ ਨੇ ਪ੍ਰਸੰਨਤਾ ਵਿਚ ਸਹਿਜ ਸੁਭਾ,ਸਹਿਜੇ ਹੀ ਕੋਈ ਬਚਨ ਹੋ ਜਾਂਦਾ ਤੇ ਜੀਵ ਨੇ ਸਤਿ ਕਰ ਕੇ ਵਿਸ਼ਵਾਸ ਕਰ ਲਿਆ ਤਾਂ ਉਹ ਅਵਸ਼ਕ ਹੀ ਸਤਿ ਹੋ ਜਾਂਦਾ (ਅਜਿਹੀਆਂ ਕਈ ਬਚਨ-ਸੱਤਾ ਦੀਆਂ ਉਦਾਹਰਣਾਂ ਲਿਖੀਆਂ ਹਨ। ਜੋ ਕਿ ਦਾਸ ਨਾਲ ਭੀ ਅਤੇ ਕਈ ਹੋਰਨਾਂ ਸਿੰਘਾਂ ਨਾਲ ਭੀ ਵਾਪਰੀਆਂ ਹਨ।)

ਪ੍ਰੰਤੂ ਵਾਹ ਲਗਦੇ ਬਾਬਾ ਜੀ ਅਜੇਹੇ 'ਮੰਗਾਂ - ਪੁੱਛਾਂ ਵਾਲਿਆਂ ਦੀ ਭੀੜ ਆਪਣੇ ਦੁਆਲੇ ਨਹੀਂ ਹੋਣ ਦੇਂਦੇ ਸਨ। ਨਾਮ ਸਿਮਰਨ ਬੰਦਗੀ ਵਾਲੇ ਪੁਰਸ਼ਾਂ ਦਾ 'ਸਵਾਸ ਸਵਾਸ ਬਿਰਥਾ ਨਾ ਜਾਏ' ਦੀ ਲਗਨ ਨਾਲ ਸਦਾ ਜੁੜੇ ਰਹਿੰਦੇ ਸਨ।

ਕਬੀਰ ਸਾਹਿਬ ਜੀ ਕਥਨ ਕਰਦੇ ਹਨ–

ਜਬ ਲਗੁ ਤਾਗਾ ਬਾਹਉ ਬੇਹੀ ॥ ਤਬ ਲਗੁ ਬਿਸਰੈ ਰਾਮੁ ਸਨੇਹੀ ॥

[ਗੂਜਰੀ ਕਬੀਰ ਜੀ, ਪੰਨਾ ੫੨੪

ਭਗਤ ਕਬੀਰ ਜੀ ਦਾ ਅਸਲ ਕਿਤਾ 'ਖੱਡੀ' ਤਾਣੀਆਂ ਬੁਨਣੀਆਂ ਸੀ। ਜਦ ਆਪ ਨੂੰ ਅਗੰਮ ਦੁਆਰ ਦੀ ਸੋਝੀ ਹੋ ਆਈ ਤਾਂ ਆਪਣਾ ਕਿੱਤਾ 'ਲੱਕੜੀ ਦੀ ਨਾਲ ਵਿਚੋਂ ਸੂਤ ਦਾ ਧਾਗਾ, ਜਿਸ ਮੋਰੀ ਵਿਚੋਂ ਫੂਕ ਮਾਰ ਕੇ ਕੱਢੀਦਾ ਹੈ, ਅੱਜ ਉਹ ਭੀ ਕਬੀਰ ਸਾਹਿਬ ਨੂੰ ਮੁਸ਼ਕਲ ਜਾਪ ਰਿਹਾ ਸੀ। ਕਿਉਂਕਿ ਏਨੇ ਚਿਰ ਵਿਚ ਭੀ ਡਰ ਸੀ ਕਿ ਕਿਤੇ ਨਾਮ ਜੱਪਣ ਦੀ ਲੜੀ ਨਾ ਟੁੱਟ ਜਾਵੇ। ਤਾਂ ਤੇ–

ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ ॥

ਕਿਉਂਕਿ ਉਹਨਾਂ ਦੇ ਸਰੀਰ ਵਿਚ ਨਾਮ ਰੱਚ ਚੁਕਾ ਸੀ–

ਹਰਿ ਕਾ ਨਾਮੁ ਲਿਖਿ ਲੀਓ ਸਰੀਰ ॥੧॥ਰਹਾਉ॥ [ਗੂਜਰੀ ਕਬੀਰ ਜੀ–੫੨੪

ਜੋ ਸਿਰਜਨਹਾਰ ਨਿਰੰਕਾਰ ਦੀ ਭਾਲ ਦਾ ਪਾਂਧੀ ਇਸ ਮੰਜ਼ਲ ਤੇ ਪੁੱਜਦਾ ਹੈ ਜਦੋਂ ਕਿ–

ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ [ਸਿਧ ਗੋਸਟਿ ਮ: ੧–੯੪੧

ਤਾਂ ਉਹ ਪ੍ਰਾਣੀ ਹਰ ਰੰਗ ਅਕਾਲ ਪੁਰਖ ਦੇ ਵੇਖਦਾ ਹੈ, ਤੇ ਮਸਤ ਰਹਿੰਦਾ ਹੈ। ਉਸ ਦੀ ਅਵਸਥਾ–

ਜਿਨਿ ਹਰਿ ਪਾਇਓ ਤਿਨਹਿ ਛਪਾਇਓ ॥ [ਟੋਡੀ ਨਾਮਦੇਵ–੭੧੮

ਉਹ ਆਪਣੇ ਆਪ ਨੂੰ ਜ਼ਾਹਰ ਨਹੀਂ ਕਰਦਾ, ਤੇ ਪ੍ਰਭੂ ਦੇ ਗੁਣਨ ਦੱਸਣ ਤੋਂ ਛੁਪਾਂਦਾ ਹੈ, ਕਿਉਂਕਿ ਉਹ ਆਪਣੇ ਅੰਦਰ ਰਾਈ (ਸਰੋਂ ਦੇ ਦਾਣੇ ਜਿਹੀ ਬਰੀਕ) ਜਿੰਨੀ ਭੀ ਹਉਮੈ ਨੂੰ ਅੰਦਰ ਦਾਖਲ ਨਹੀਂ ਹੋਣ ਦੇਣਾ ਚਾਹੁੰਦਾ, ਤਾਂ ਜੋ ਨਾਮ ਨਾਲੋਂ ਨਾ ਟੁਟ ਜਾਵੇ ਕਿਉਂਕਿ–

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥

[ਵਡਹੰਸ ਮ: ੩, ਪੰਨਾ ੫੬੦

ਇਸ ਕਰ ਕੇ ਪ੍ਰਭੂ ਭਗਤ - ਨਾਮ ਨੂੰ ਹੀ ਪ੍ਰਿਥਮਤਾ ਦੇਂਦੇ ਹਨ। ਉਸ ਦੇ ਹੱਥੋਂ ਨਿਕਲ ਜਾਣ ਦੇ ਡਰ ਤੋਂ ਸਿਮਰਦੇ ਨਿਯਮਾਂ ਦੀ ਪਾਲਣਾ ਚੁੱਪ ਹੀ ਰਹਿ ਕੇ ਕਰਨਾ ਚੰਗਾ ਸਮਝਦੇ ਹਨ। ਕਿਉਂਕਿ ਲੋਕਾਂ ਦੀਆਂ ਨਿਗਾਹਾਂ ਆਪ ਸਵਾਰਥੀ ਹੋਣ ਕਰ ਕੇ ਕਿਸੇ ਮਾਰਗੀ ਦੀ ਕਮਾਈ ਨੂੰ ਲੁੱਟਣ ਦਾ ਹਰ ਹੀਲਾ - ਵਸੀਲਾ ਕਰਦੇ ਹਨ। ਜਦੋਂ ਉਸ ਮਾਰਗੀ ਦੀ ਚੰਗਿਆਈਆਂ ਅਤੇ ਸ਼ੁਭ - ਗੁਣ ਖੁੱਸ ਜਾਂਦੇ ਹਨ ਤਾਂ ਉਹ ਮਗਰੋਂ ਤਾੜੀ ਮਾਰ ਕੇ ਹੱਸਦੇ ਹਨ–ਵੇਖਿਆ ਈ ਸਾਧ? ਇਹ ਕਹਿ ਕੇ ਮੁਸਕਰਾਉਂਦੇ ਹਨ ਅਤੇ ਟਿੱਕਚਰਾਂ ਕਰਦੇ ਹਨ।

ਸੋ ਅਕਾਲ ਪੁਰਖ ਦੀ ਰਹਿਮਤ, ਬਖਸ਼ਸ਼ ਦੇ ਉਹ ਸਹਿਜੇ ਸਹਿਜੇ ਉਹ ਹੀ ਪਾਤ੍ਰ ਬਨਣ ਯੋਗ ਹੁੰਦੇ ਹਨ, ਜੋ ਸੰਸਾਰ ਅੱਗੇ ਆਪਣੀ ਕ੍ਰਿਤ ਕਮਾਈ ਦਾ ਰਾਜ਼ (ਦਾ ਦਾਜ ਵਿਖਾਵਾ) ਨਾ ਖੁੱਲ੍ਹਣ ਦੇਣ ਤੇ ਮਾਲਕ ਦੇ ਚੋਜ ਰੰਗ ਵੇਖ ਕੇ ਆਪਣੇ ਤੇ ਆਪਣੇ ਅੰਦਰਲੇ ਤੱਕ ਹੀ ਸੀਮਤ ਰੱਖਣ ਜੋ ਪਾਂਧੀ (ਭਗਤੀ ਮਾਰਗ ਤੇ ਚੱਲਣ ਵਾਲਾ) ਊਣੇ ਭਾਂਡੇ ਵਾਂਗ ਉੱਛਲ ਪੈਂਦਾ ਹੈ–

ਊਂਧੈ ਭਾਂਡੈ ਕਛੁ ਨ ਸਮਾਵੈ ਸੀਧੈ ਅੰਮ੍ਰਿਤੁ ਪਰੈ ਨਿਹਾਰ ॥ ੫ ॥ [ਗੂਜਰੀ ਮ: ੧–੫੦੪

ਅਤੇ ਜਦ ਤੱਕ ਨਾਮ ਰੂਪੀ ਪਾਣੀ ਵਿਚ ਭੀ (ਮਾਇਆ, ਮੋਹ, ਹਉਮੈ) ਕਾਰਨ ਮੁੱਧਾ ਪਿਆ ਰਹਿੰਦਾ ਹੈ। ਤਾਂਤੇ ਅੰਮ੍ਰਿਤ ਰੂਪੀ–

ਅੰਮ੍ਰਿਤ ਨਾਮੁ ਨਿਧਾਨ ਹੈ ਮਿਲਿ ਪੀਵਹੁ ਭਾਈ ॥ [ਗਉੜੀ ਕੀ ਵਾਰ–੩੧੮

ਵਾਹਿਗੁਰੂ ਜੀ ਦੇ ਰੰਗਣ ਵਿਚ ਰੰਗਿਆ ਜੀਵ ਆਪਣੇ ਹਿਰਦੇ ਨਾਮ ਖਜ਼ਾਨੇ ਦੀ ਪ੍ਰਾਪਤੀ ਨਹੀਂ ਸਕਦਾ। ਵਾਹਿਗੁਰੂ ਜੀ ਦੇ ਰੰਗਣ ਵਿਚ ਰੰਗਿਆ ਜੀਵ ਆਪਣੇ ਹਿਰਦੇ ਦੀ ਵੇਦਨ ਕਿਸੇ ਭੀ ਗਿਆਨ ਇੰਦਰੇ ਰਾਹੀਂ ਸੰਸਾਰੀ ਜੀਵਾਂ ਪਾਸ ਵਿਖਾਵਾ ਨਹੀਂ ਕਰਦਾ, ਸਗੋਂ ਮੂੰਹ (ਦਰਵਾਜ਼ੇ) ਨੂੰ ਘੁੱਟ ਕੇ ਰੱਖਦਾ (ਚੁੱਪ) ਹੀ ਧਾਰਨ ਕਰ ਲੈਂਦਾ ਹੈ। ਕਿਉਂਕਿ ਅੰਦਰਲੀ ਵਸਤੂ - ਨਾਮ ਸ਼ਕਤੀ ਦੀ ਪ੍ਰਦਰਸ਼ਨੀ ਉਦੋਂ ਹੀ ਹੋਵੇਗੀ ਜਦ ਅਸੀਂ ਚੌੜ ਵਿਚ ਆਏ, ਲੋਕਾਂ ਪਾਸੋਂ 'ਵਾਹ ਵਾਹ' ਪ੍ਰਾਪਤ ਕਰਨ ਦੀ ਲਾਲਸਾ ਨਾਲ 'ਬਿਨਾ ਗਾਹਕ' ਮੂੰਹ ਖੋਹਲ ਕੇ ਦਸਣਾ ਸ਼ੁਰੂ ਕਰ ਦਿਆਂਗੇ। ਕਿਉਂਕਿ ਫਿਰ ਜਦ ਸੋਝੀ ਆਉਣ ਤੇ ਉਹ ਪਾਂਧੀ–

ਲੋਕਨ ਕੀ ਚਤਰਾਈ ਉਪਮਾ ਤੇ ਬੈਸੰਤਰ ਜਾਰ ॥

ਨੂੰ ਗੁਰ ਉਪਦੇਸ਼ ਸਮਝ ਕੇ ਚੰਗੀ ਤਰ੍ਹਾਂ ਧਾਰਨ ਕਰ ਚੁੱਕਿਆ ਹੋਇਆ ਹੁੰਦਾ ਹੈ ਅਤੇ ਫਿਰ ਇਸ ਮਾਰਗ ਨੂੰ ਨਾ ਜਾਣਨ ਵਾਲਿਆਂ ਪਾਸ ਕਹਿਣਾ, ਪ੍ਰਭੂ ਸ਼ਕਤੀ ਗੁਣਾਂ ਨੂੰ

ਵਿਣੁ ਗਾਹਕ ਗੁਣ ਵੇਚੀਐ ਤਉ ਗੁਣ ਸਹਿਘੋ ਜਾਇ ॥ [ਸਲੋਕ ਮ: ੧–੧੦੮੬

ਕਲਰ ਜ਼ਮੀਨ ਵਿਚ ਖੇਤੀ ਬੀਜਣ ਵਾਲੀ ਗੱਲ ਹੈ। ਕਿਉਂਕਿ ਗੁਣਵਾਨ ਹੀ ਗੁਣ ਦੀ ਕਦਰ ਕਰਦਾ ਹੈ। ਜਦ ਹੀਰੇ, ਲਾਲ, ਮੋਤੀਆਂ ਦੀ ਸਾਰ ਹੀ ਨਹੀਂ ਤਾਂ ਉਹਨਾਂ ਇਹਨਾਂ ਅਨਮੋਲ ਵਸਤੂਆਂ ਨੂੰ ਖੋਤੇ ਦੇ ਗਲ ਦਾ ਸ਼ਿੰਗਾਰ ਸਮਝ ਕੇ ਖੋਤੇ ਦੇ ਗਲ ਹੀ ਪਾਉਣ ਵਾਲੀ ਗੱਲ ਹੋਈ। ਪਰ ਜਦ ਪਛਾਣ ਵਾਲਾ ਮਿਲਿਆ ਤਾਂ–

ਗੁਣ ਕਾ ਗਾਹਕ ਜੇਉ ਮਿਲੈ ਤਉ ਗੁਣ ਲਾਖ ਵਿਕਾਇ ॥ [ਮਾਰੂ ਵਾਰ–੧੦੮੬

ਉਹ ਲਾਲ ਲੱਖਾਂ ਦੀ ਕੀਮਤ ਦਾ ਬਣ ਗਿਆ। ਇਸੇ ਤਰ੍ਹਾਂ ਨਾਮ ਰੂਪੀ ਲਾਲ, ਪਾਰਖੂ ਬਿਨਾਂ ਗੁਣਵਾਨ ਬਿਨਾਂ ਗੁਣ ਦਰਸਾਣਾ (ਐਵੇਂ ਫੋਕੀ ਫੜ ਮਾਰਨੀ, ਦੱਸਣਾ) ਉਸ ਦੀ ਬੇ-ਕਦਰੀ ਕਰਾਉਣੀ ਹੁੰਦੀ ਹੈ, ਪਰ ਜੌਹਰੀ ਲਾਲ ਨੂੰ ਛੁਪਾ ਕੇ ਹੀ ਰੱਖਦੇ ਹਨ ਅਤੇ ਉਹ–

ਕਬੀਰ ਰਾਮ ਰਤਨੁ ਮੁਖ ਕੋਥਰੀ ਪਾਰਖ ਆਗੈ ਖੋਹਲ ॥

ਕੋਈ ਆਇ ਮਿਲੈਗੋ ਗਾਹਕੀ ਲੇਗੋ ਮਹਂਗੇ ਮੋਲ ॥ ੨੨ ॥ [ਸਲੋਕ ਕਬੀਰ–੧੩੭੬

ਪਾਰਖੂ (ਗੁਣੀਆਂ)† ਅਗੇ ਹੀ ਖੋਲ੍ਹਦੇ ਹਨ। ਇਸ ਤਰ੍ਹਾਂ ਕੱਚੇ ਮਾਰਗੀ ਇਹਨਾਂ ਲੋਕਾਂ ਦੀ ਵਡਿਆਈ ਦੀ ਮਾਰ ਹੇਠਾਂ ਆ ਕੇ ਸਭ ਕੁਝ ਲੁਟਾ ਕੇ ਮਗਰੋਂ ਥੋਥੇ (ਸੱਖਣੇ) ਹੋ ਕੇ ਨਾ ਉਹ ਘਰ ਦੇ ਤੇ ਨਾ ਘਾਟ ਦੇ ਰਹਿ ਜਾਂਦੇ ਹਨ।

ਪ੍ਰੰਤੂ ਸੱਚ ਦੇ ਭਾਲਕ, ਰਸਤੇ ਦੀਆਂ ਅਟਕਣਾਂ (ਲੋਕਾਂ ਦੀ ਵਡਿਆਈ ਦੀ ਇੱਛਾ, ਨਾਟਕ ਚੇਟਕ ਦੀ ਲਾਲਸਾ, ਰਿੱਧੀ, ਸਿੱਧੀ ਦੇ ਰੱਸ, ਮੋਹ ਮੱਮਤਾ ਦੀ ਪੱਕੜ) ਤਿਆਗ ਕੇ, ਆਪਣੇ ਮਾਰਗ [ਰਸਤੇ] ਚੁੱਪਕੇ, ਵਿਖਾਵੇ ਤੋਂ ਬਿਨਾਂ ਤੁਰੇ ਰਹਿੰਦੇ ਹਨ।

ਜੀਵਨ ਪਾਂਧੀ ਲਈ ਇਹ ਰੁਕਾਵਟਾਂ ਹਨ–'ਕਰਾਮਾਤ' ਜੋ ਕਹਿਰ ਹੈ। ਇਹ ਸਭ ਤੋਂ ਵੱਡੀ ਇਸ ਮੰਜ਼ਲ ਦੀ ਰੁਕਾਵਟ ਹੈ। ਪਰ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹਨਾਂ ਸਭ ਰੁਕਾਵਟਾਂ ਨੂੰ ਦਰਸਾਂਦਿਆਂ

---

† ਗੁਣੀ ਜਨ– 'ਗੁਣੀ ਗੁਣੀ ਵੇਤਿਨ, ਵੇਤਿ ਨਿਰਗੁਣੀ ॥ ਪਿਕੋ ਵਸੰਤ ਸਜ ਗੁਣੰ ਵੇਤਿਨ ਵੇਤਿ ਵਾਯਸ: ॥ ਬਲੀ ਬਲੀ ਵੇਤਿਨ, ਵੇਤਿ ਨਿਰਬਲੀ। ਸਿੰਹੋ ਸਿਹਸਯ ਬਲੰ ਵੇਤਨਿ ਵੇਤਿ ਮੂਸ਼ਕਾ: ॥੧॥

ਟੀਕਾ–ਗੁਣੀ ਪੁਰਖ ਗੁਣਵਾਨ ਕੇ ਗੁਣੋਂ ਕੋ ਜਾਨਤੇ ਹੈਂ। ਨਿਰਗੁਣੀ, ਗੁਣਹੀਣ, ਗੁਣਵਾਨ ਕੇ ਗੁਣ ਕੋ ਨਹੀਂ ਜਾਨ ਸਕਤੇ ਹੈਂ। ਜੈਸੇ ਪਿੱਕ (ਕੋਕਿਲਾ) ਪੰਛੀ ਵਸੰਤ ਰਿਤੂ ਕੇ ਗੁਣ ਕੋ ਜਾਨਤੇ ਹੈਂ। ਪ੍ਰੰਤੂ ਕਾਕ (ਵਿਸ਼ਟਾ ਭਖਨ ਹਾਰੋ) ਬਸੰਤ ਰਿਤੂ ਕੇ ਗੁਣੋਂ ਕੋ ਕੈਸੇ ਜਾਣ ਸਕਤੇ ਹੈਂ।

ਤੈਸੇ ਹੀ ਬਲੀ ਪੁਰਖੁ ਦੂਸਰੇ ਬਲਵਾਨ ਪੁਰਖੁ ਕੇ ਬਲ ਕੋ ਜਾਨਤੇ ਹੈ, ਮਗਰ ਜੋ ਆਪ ਬਲਹੀਨ ਹੈ, ☞

ਗੁਰਬਾਣੀ ਰਾਹੀਂ ਚਾਨਣ (ਗਿਆਨ) ਬਖਸ਼ਿਆ ਹੈ--

[ਵਡਹੰਸ ਵਾਰ ਮ: ੪-੫੯੩

੧. ਰਿਧਿ ਸਿਧਿ ਸਭੁ ਮੋਹ ਹੈ ॥

੨. ਰਿਧਿ ਸਿਧਿ ਨਾਵੈ ਕੀ ਦਾਸੀ ॥

[ਜਪੁਜੀ ਸਾਹਿਬ, ਪੰ: ੬

੩. ਰਿਧਿ ਸਿਧਿ ਅਵਰਾ ਸਾਦ ॥

੪. ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥

ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ ॥ [ਸਲੋਕ ਮ. ੩-੬੪੩

ਪ੍ਰੰਤੂ ਇਸ ਸੱਚੇ ਉਪਦੇਸ਼ ਤੇ ਕੋਈ ਵਿਰਲਾ ਗੁਰਮੁੱਖ ਹੀ ਚਲਦਾ ਹੈ-

ਜਿਸੁ ਮਸਤਕਿ ਭਾਗੁ ਸੋ ਲਾਗਾ ਸੇਵ ॥ ੧ ॥ ਰਹਾਉ ॥ [ਭੈਰਉ ਮ: ੫-੧੧੪੨

ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥ [ਗੂਜਰੀ ਵਾਰ ਮ: ੫-੫੧੭

ਪੂਨਾ- ਪਰ ਅਜ ਦਾ ਵਾਤਾਵਰਣ ਬਹੁਤ ਬਦਲ ਚੁਕਾ ਹੈ ਅਤੇ ਨਾਸਤਕਤਾ ਦੀ ਰੁਚੀ ਵੱਧਦੀ ਜਾ ਰਹੀ ਹੈ ਅਤੇ ਮਾਇਆ ਮੋਹਣੀ ਦੀ ਦੌੜ ਨੇ ਸਭ ਨੂੰ ਪ੍ਰਭੂ ਭਗਤੀ ਵਲੋਂ ਵੰਚਿਤ ਕਰ ਦਿਤਾ ਹੈ। ਹਰ ਪਾਸੇ ਚਾਹੇ ਉਹ ਰਾਜਾ ਹੈ ਜਾਂ ਪ੍ਰਜਾ, ਸਾਧੂ ਜਾਂ ਗ੍ਰਿਹਸਤੀ,ਅਥਿਤੀ ਜਾਂ ਬਿਹੰਗਮ ਇਸ ਮਾਇਸਆ,ਮਮਤਾ ਤੋਂ ਬਚ ਨਹੀਂ ਰਹੇ। ਦਸਮੇਸ਼ ਪਿਤਾ ਜੀ ਨੇ ਜੋ ਅੱਜ ਦੇ ਸਮੇਂ ਦਾ ਸਚਿੱਤਰ 'ਨਿਹਕਲੰਕੀ ਅਵਤਾਰ' ਵਿਚ ਅੰਕਿਤ ਕੀਤਾ ਹੈ, ਕੁਝ ਅੰਸ਼ ਦਰਸਾਏ ਹਨ। ਉਹ ਸਾਰੇ ਹਾਲਾਤ ਪੜ੍ਹੋ (ਨਿਹਕਲੰਕੀ ਅਵਤਾਰ ਦਸਮ ਗਰੰਥ ਪਾਤਸ਼ਾਹੀ ੧੦ ਵਿਚ)

੧. ਦੇਵ ਪੀਰ ਬਿਸਾਰ ਕੈ, ਪਰਮੇਸਰ ਆਪ ਕਹਾਂਹਿਗੇ ॥ ੧੯॥

੨. ਬੇਦ ਅਉਰ ਕਤੇਬ ਕੇ ਦੋ ਦੂਖ ਕੈ ਮਤ ਡਾਰ ਹੈਂ ॥
ਹਿਤ ਆਪਨੇ ਤਿਹ ਠਉਰ ਭੀਤਰ, ਜੰਤ੍ਰ ਮੰਤ੍ਰ ਉਚਾਰ ਹੈ ॥
ਮੁਖ ਬੇਦ ਅਉਰ ਕਤੇਬ ਕੋ ਕੋਈ ਨਾਮ ਲੇਵ ਨ ਦੇਹਗੇ ॥
ਕਿਸਹੂੰ ਨ ਕਉਡੀ ਪੁੰਨ ਤੇ ਕਬਹੂੰ ਨ ਕਿਉਂ ਹੀ ਦੇਹਗੇ ॥੨੦॥

੩. ਪਾਪ ਕਰਮ ਕਰੇ ਜਹਾਂ ਤਹਾਂ ਧਰਮ ਕਰਮ ਬਿਸਾਰ ਕੈ ॥
ਨਹੀ 'ਦਰਬ' (ਧਨ) ਦੇਖਤ ਛੋਡ ਹੈਂ ਲੈ ਪੁਤ੍ਰ ਮਿਤ੍ਰ ਸੰਘਾਰ ਕੈ ੨੧ ॥

☞ ਸੋ ਆਪਣੇ ਸੇ ਭਿੰਨ ਦੂਸਰੇ ਕੇ ਬਲ ਕੋ ਨਹੀਂ ਜਾਨ ਸਕਤਾ ਹੈ। ਜੈਸੇ ਮ੍ਰਿਗਰਾਜ ਮਹਾਬਲੀ, ਆਪ ਸੇ ਭਿੰਨ ਦੂਸਰੇ ਮ੍ਰਿਗਰਾਜ ਕੇ ਬਲ ਕੋ ਹੀ ਜਾਨਤੋ ਹੈਂ। ਸੂਕੇ ਪੱਤ੍ਰ ਕੇ ਪਵਨ ਸੇ ਹਲਕੇ ਥਰਕਣੇ ਸੇ, ਡਰ ਕੇ ਬੂੰਬੀ (ਖੁੱਡ) ਮੇਂ ਘੂਸ ਜਾਨੇ ਵਾਲਾ ਮੂਸਾ (ਚੂਹਾ) ਵਿਚਾਰਾ, ਸਿੰਘ (ਸ਼ੇਰ) ਕੇ ਬਲ ਕੋ ਨਹੀਂ ਜਾਨ ਸਕਤੋ ਹੈਂ। ਚੋਰੀ ਚੋਰੀ ਰਾਤ੍ਰੀ ਕੋ ਖਾਨ ਪਾਨ ਆਦਿਕ ਪਦਾਰਥੋਂ ਕੋ ਮੂਸਾ (ਚੂਹਾ) ਨਾਮ ਚੁਰਾਇ ਕੇ ਖਾਇ ਜਾਏ। ਕਾਗਦ ਬਸਤਰ ਆਦਿ ਕੁਤਰ ਕੁਤਰ ਕੇ ਖਰਾਬ ਕਰ ਜਾਵੈ ਸੋ ਕਹਾਵੈ ਮੂਸਾ (ਚੂਹਾ)।

[ਪੂਰਵਾਰਧ ਉਤ੍ਰਾਰਥ ੩, ਸਕੰਧ ੭ ਅਧਜਾਯ ਪੰਨਾ ੬੩੫

ਏਕ ਧਰਮ ਪਰ ਪ੍ਰਜਾ ਨ ਚਲ ਹੈ ॥ ਬੇਦ ਕਤੇਬ ਦੋਊ ਦਲ ਮਲ ਹੈ ॥
ਭਿੰਨ ਭਿੰਨ ਮਤ ਘਰ ਘਰ ਹੋਈ ॥ ਏਕ ਪੈਂਡ ਚਲ ਹੈ ਨਹੀਂ ਕੋਈ ॥੧੭॥

ਇਸ ਤਰਾਂ ਅਸੀਂ ਦਿਨੋਂ ਦਿਨ ਸ਼ੂਦਰ ਬਿਰਤੀ ਧਾਰਨ ਕਰੀ ਜਾ ਰਹੇ ਹਾਂ-

ਚੌਪਈ ॥ ਸੰਕਰ ਵਰਣ ਪ੍ਰਜਾ ਸਭ ਹੋਈ ॥ ਛਤ੍ਰੀ ਜਗਤ ਨ ਦੇਖੀਐ ਕੋਈ ॥
ਏਕ ਏਕ ਐਸੇ ਮਤ ਕੈ ਹੈ ॥ ਜਾ ਤੇ ਪ੍ਰਾਪਤ ਸੂਦ੍ਰਤਾ ਹੋਇ ਹੈ ॥੧੦॥

ਸੋ ਅਜ ਮਨੁੱਖ ਦੀ ਦੌੜ ਮਾਇਆ ਇਕਤਰ ਕਰਨੀ (ਪ੍ਰਭੁਤਾ) ਵਡਿਆਈ ਕੁਰਸੀ ਦਾ ਲਾਲਚ ਤੇ ਵੱਡੇ ਬਣਨ ਦੀ ਲਾਲਸਾ ਨੇ ਸਾਨੂੰ ਸੱਚ ਦੇ ਮਾਰਗ ਤੋਂ ਕੋਹਾਂ ਦੂਰ ਕਰ ਦਿਤਾ ਹੈ।

ਝੂਠ ਦੀ ਅਮਾਵਸ ਨੇ ਸੱਚ ਚੰਦ੍ਰਮਾਂ (ਧਰਮਾਂ) ਵਿਚ ਭੀ ਕਾਫੀ ਗਿਰਾਵਟ ਲੈ ਆਂਦੀ ਹੈ। ਇਸੇ ਤਰ੍ਹਾਂ ਗੁਰਸਿੱਖੀ ਮਾਰਗ ਵਿਚ ਭੀ ਅਜਿਹੀ ਘਾਟ ਆ ਗਈ ਹੈ। ਬਹੁਤੇ ਜੀਵ ਸ਼ਬਦ ਸਿੱਧੀ ਤੇ ਲੋਕ-ਪਚਾਰੇ-

ਲੋਕ ਪਚਾਰਾ ਕਰੈ ਦਿਨ ਰਾਤਿ ॥ ਸੁਖਮਨੀ ਸਾਹਿਬ-੨੬੭

ਵਿਚ ਦਿਨ ਰਾਤ ਰੁੱਝ ਗਏ ਹਨ। ਸ਼ੂਦਰ ਬਿਰਤੀ ਕਰ ਕੇ ਉਹ ਲੋਕ ਪਚਾਰਾ ਰਿਧਿ ਸਿਧ ਨੂੰ ਹੀ ਪ੍ਰਭੂ-ਮਿਲਾਪ' ਮੰਜ਼ਲ ਸਮਝ ਕੇ ਅਟਕ ਗਏ ਹੋਏ ਹਨ।

ਕਿਉਂਕਿ ਜੋ ਅਸਲ ਮੰਜ਼ਲ, ਜੋ 'ਸ਼ਬਦ ਗੁਰੂ' ਜੋ-

ਪਰਤਖਿ ਗੁਰੂ ਨਿਸਤਾਰੇ ॥ [ਨਟ ਮ. ੪-੯੮੨

ਜੀਵ ਦੇ ਉਧਾਰ ਦਾ ਸਹੀ ਮਾਰਗ ਦਰਸਾਣ ਵਾਲੀ 'ਬਾਣੀ ਗੁਰੂ' ਦੀ ਭਾਉ ਭਗਤੀ ਭਾਵ ਨਾਲ ਉਪਾਸ਼ਨਾ ਪੂਜਾ ਸਤਿਕਾਰ ਵਡਿਆਈ ਕਰਨ ਤੇ ਕਰਾਉਣ ਦੀ ਬਜਾਏ ਅਸੀਂ ਆਪਣੇ ਆਪ ਨੂੰ-

ਆਪ ਆਪ ਪਾਰਬ੍ਰਹਮ ਕਹੈ ਹੈ ॥ ਊਚ ਨੀਚ ਕੈ ਸੀਸ ਨ ਨੈ ਹੈ ॥
ਏਕ ਏਕ ਮਤ ਇਕ ਇਕ ਧਾਮਾ ॥ ਘਰ ਘਰ ਹੋਇ ਬੈਠੇ ਹੈ ਰਾਮਾ ॥ ੧੨ ॥

[ਨਿਹਕਲੰਕੀ, ਪਾ: ੧੦

ਸਭ ਕੋਈ ਆਪਣੇ ਆਪ ਨੂੰ ਰਾਮ, ਰਹੀਮ, ਪਾਰਬ੍ਰਹਮ ਅਖਵਾਉਣ ਦੇ ਚੇਟਕ ਵਿਚ ਲਗੇ ਹੋਏ ਹਨ। ਆਪਣੀ ਪੂਜਾ, ਮੱਥੇ ਟਿਕਾਉਣ ਦੀ ਹਵਸ ਦੇ ਸ਼ਿਕਾਰ ਹੋ ਕੇ, ਬਹੁ ਪ੍ਰਪੰਚ ਕਰ ਕੇ ਬਿਨਾਂ ਸੰਕੋਚ, ਧਰਮ, ਅਧਰਮ ਦਾ ਇਕੱਠਾ ਕੀਤਾ ਧਨ ਜੀਵਾਂ ਤੋਂ ਸਵੀਕਾਰ ਕਰ ਕੇ, ਧਰਮ ਅਧਰਮ ਦੇ ਨਿਯਮਾਂ ਨੂੰ ਤਿਆਗ ਗੁਰਸਿੱਖੀ ਦੀ ਮੰਜ਼ਲ ਤੋਂ ਆਪ ਭੀ ਤੇ ਸ਼ਿਸ਼ਾਂ ਨੂੰ ਭੀ ਡੁਬੋਈ ਜਾ ਰਹੇ ਹਨ-

ਆਪਿ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ ॥੧੦੪॥ (ਸਲੋਕ ਕਬੀਰ-੧੩੭੦

ਇਸ ਤਰ੍ਹਾਂ ਗੁਰਬਾਣੀ ਦੇ ਉਪਦੇਸ਼ਾਂ ਤੋਂ ਕੋਹਾਂ ਦੂਰ ਜਾ ਚੁੱਕੇ ਹਾਂ, ਜਿਸ ਕਰ ਕੇ ਪ੍ਰਮੇਸ਼ਵਰ ਦੇ ਮਿਲਾਪ ਦਾ ਸਹੀ ਰਸਤਾ 'ਨਾਮ ਸਿਮਰਨ' ਹੀ ਹੈ, ਤੋਂ ਦਿਨੋਂ ਦਿਨ ਵੰਚਿਤ ਹੋ ਰਹੇ ਹਾਂ ਅਤੇ ਫੋਕਟ ਕਰਮ ਕਰਨ ਵਿਚ ਰੁੱਝ ਗਏ ਹਾਂ-

ਏਕ ਨੇਕ ਉਠਾਇ ਹੈ ਮਤਿ, ਭਿੰਨ ਭਿੰਨ ਦਿਨੰ ਦਿਨਾ ॥
ਫੋਕਟੇ ਧਰਮੰ ਸਬੈ 'ਕਲਿ' ਕੇਵਲੰ ਪ੍ਰਭਣੰ ਬਿਨਾ ॥੨੧॥]ਨਿਹਕਲੰਕੀ ਪਾ: ੧੦

ਪਰ ਜਿਨ੍ਹਾਂ ਨੂੰ ਅਸਲ ਜੀਵਨ ਦੇ ਲਾਹੇ ਦੀ 'ਗੁਰਬਾਣੀ'–ਗੁਰਉਪਦੇਸ਼ ਤੇ ਵਿਸ਼ਵਾਸ ਨਾਲ ਸੋਝੀ ਆ ਗਈ ਹੈ, ਉਹ ਗੁਰਮੁਖ ਜਨ ਮਹਾਂਪੁਰਸ਼ ਅਜਿਹੇ ਮਾਇਆ ਦੇ ਪ੍ਰਪੰਚ ਦੀ ਜਕੜ ਵਿਚ ਨਹੀਂ ਆਉਂਦੇ, ਉਹ ਨਿਰਮਲ ਜਲ ਵਾਂਗ ਨਿਰਮਲ ਰਸਤਾ, ਜੋ ਹਉਮੈ ਤੋਂ ਰਹਿਤ ਹੈ, ਅਖਤਿਆਰ ਕਰ ਕੇ ਇਹ ਜਾਨਣ ਕਰਦੇ ਹਨ ਕਿ–'ਪ੍ਰਭ ਸਭ ਕਿਛੁ ਤੇਰਾ' ਇਸ ਜਨਮ ਦੇ ਅਸਲ ਸਿਧਾਂਤ ਜਿਸ ਨੂੰ ਉਹ 'ਗੁਰੂ ਕੀ ਸਿੱਖ' ਗੁਰਬਾਣੀ ਰਾਹੀਂ ਜਾਣ ਚੁੱਕੇ ਹਨ–

ਭਈ ਪ੍ਰਾਪਤ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥

(ਆਸਾ ਮ: ੫, ਪੰਨਾ ੧੨)

ਇਸ ਲਈ ਉਹ ਗੁਰੂ ਪਿਆਰੇ ਇਸ ਭਵਜਲ ਜਗਤ ਤੋਂ ਤਰਨ ਲਈ ਇਸ ਮੁਨਸ਼ਾ ਦੀ ਨਾਮ ਸਿਮਰਨ ਦੀ ਵਾਰੀ ਨੂੰ ਹਥੋਂ ਇਕ 'ਮਾਇਆ ਸੰਕਲਪੀ' ਪੁਰਸ਼ਾਂ ਨਾਲ ਵਾਧੂ ਦੇ ਬਚਨ - ਬਿਲਾਸ ਕਰਨ ਵਿਚ ਨਹੀਂ ਗਵਾਉਂਦੇ।

ਇਕ ਇਕ ਸਵਾਸ ਭੀ ਲੱਖਾਂ ਦਾ ਜਾਣਕੇ ਉਹ ਹਰ ਵਕਤ–ਨਾਮ ਸਿਮਰਨ 'ਸ਼ਬਦ ਨੂੰ ਸੁਰਤ ਵਿਚ ਜੋੜੀ ਰੱਖਦੇ ਹਨ। ਪ੍ਰਭੂ ਸਿਮਰਨ 'ਗੁਰ ਮੰਤ੍ਰ' ਦਾ ਜਾਪ ਮਨ ਵਿਚ ਮਣਕੇ ਵਾਂਗ ਵੇਧ ਕੇ ਛੇਕ ਕਰ ਕੇ ਧਾਗੇ ਵਿਚ ਪਰੋਈ ਰਖਦੇ ਹਨ--

ਮਨ ਬੇਧਿਆ ਦਇਆਲ ਸੇਤੀ ਮੇਰੀ ਮਾਈ ॥ (ਬਿਲਾਵਲ ਮ: ੧–੭੯੫)

ਜਿਸ ਤਰਾਂ ਖੂਹ ਦੇ ਹਰਟ ਦੀ ਮਾਲਾ (ਟਿੰਡਾਂ) ਵਾਂਗ ਇਕ ਖੂਹ ਦੇ ਪਾਣੀ ਵਿਚ ਡੁੱਬ ਕੇ ਭਰ ਜਾਂਦੀ ਹੈ ਦੂਜੇ ਪਾਸੇ ਸੱਖਣੀ ਹੋਣ ਵਾਂਗੂ–

ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ ਇਕ ਸਖਨੀ ਹੋਰ ਫੇਰ ਭਰੀਅਤ ਹੈ ॥

[ਪ੍ਰਭਾਤੀ ਮ: ੧, ਪੰਨਾ ੧੩੨੯

ਇਸ ਯੁਕਤ ਨਾਲ ਨਾਮ ਸਿਮਰਨ ਦੇ ਪਾਂਧੀ ਹਰ ਵਕਤ ਸਿਮਰਨ ਵਿਚ ਲਗੇ ਰਹਿੰਦੇ ਹਨ। ਜਿਨ੍ਹਾਂ ਦਾ ਉਠਦਿਆਂ ਬਹਿੰਦਿਆਂ, ਸੁਤਿਆਂ, ਜਾਗਦਿਆਂ ਆਪਣੇ ਆਪ (ਜਿਵੇਂ ਸਵਾਸ ਬਿਨਾਂ ਯਤਨ ਹੀ ਚਲਦੇ ਰਹਿੰਦੇ ਹਨ) ਸੁਤੇ ਸਿੱਧ ਹੀ ਨਾਮ ਸਿਮਰਨ* ਦਾ ਅਭਿਆਸ ਚਲਦਾ ਰਹਿੰਦਾ ਹੈ।

ਊਠਤ ਬੈਠਤ ਸੋਵਤ ਨਾਮੁ ॥*

ਪੁਨਾ– ਊਠਤ ਬੈਠਤ ਸੋਵਤ ਜਾਗਤ ਸਾਸਿ ਸਾਸਿ ਸਾਸਿ ਹਰਿ ਜਪਨੇ ॥ ਕਾਨੜਾ ਮ. ੫–੧੨੯੮

---

* ਨਾਮ ਸਿਮਰਨ ਵਿਚਾਰਾਂ– ਦਾਸ ਦੀ ਇਕੋ ਇਕ ਇੱਛਾ ਰਹਿੰਦੀ ਜੋ ਨਾਮ ਬਾਰੇ ਜਿਵੇਂ ਹੋ ਸਕੇ ਬਾਬਾ ਜੀ ਤੋਂ ਜਾਣਕਾਰੀ ਪ੍ਰਾਪਤ ਕੀਤੀ ਜਾਵੇ। ਜਦੋਂ ਕਦੀ ਆਦਿ ਤੇ ਦਸਮ ਸਰੂਪ ਦੀ ਬਾਬਾ ਜੀ ਪਾਸੋਂ ਸੰਥਾ ਪੜ੍ਹਦੇ ਹੁੰਦੇ ਸਾਂ ਤਾਂ ਕਈ ਸ਼ਬਦ ਨਾਮ ਬਾਰੇ ਆ ਜਾਂਦੇ ਸਨ। ਮੈਂ ਬਿਨਾਂ ਝਿੱਜਕ ਬਾਬਾ ਜੀ ਤੋਂ ਪੁੱਛ ਲੈਂਦਾ ਤੇ ਉਹ ਦਾਸ ਨੂੰ ਬੜੇ ਪ੍ਰੇਮ ਨਾਲ ਸਮਝਾ ਦੇਂਦੇ, ਕਦੀ ਸੰਕੋਚ ਨਾ ਕਰਦੇ। ਨਾ ਜਾਣੇ ਦਾਸ ਤੇ ਇਹ ਕ੍ਰਿਪਾ ਕਿਉਂ ਕਰਦੇ? ਇਹ ਬਾਬਾ ਜੀ ਹੀ ਜਾਣਦੇ ਸਨ, ਪਰ ਦਾਸ ਤੇ ਅਜਿਹੀ ਕ੍ਰਿਪਾ ਦ੍ਰਿਸ਼ਟੀ ਕਰ ਕੇ ਗੋਹਝ ਭਾਵਾਂ ਨੂੰ ਦਰਸਾ ਦੇਂਦੇ ਸਨ। ਜਿਸ ਤੇ ਮਨ ਨੂੰ ਪਾਧਰ 'ਰਾਹ ਮਿਲਦਾ' ਅਤੇ ਸੰਤੋਖ ☞

ਇਉਂ ਹੀ ਬਾਬਾ ਮਿੱਤ ਸਿੰਘ ਜੀ ਹਮੇਸ਼ਾਂ ਇਸੇ ਭਾਵਨਾ ਨਾਲ ਕਿ–

ਛੁਪੇ ਰਹਿਣ ਦੀ ਚਾਹ, ਛੁਪੇ ਟੁਰ ਜਾਣ ਦੀ। ਪਰ ਪੂਰੀ ਹੁੰਦੀ ਨਾ, ਮੈਂ ਤਰਲੇ ਲੈ ਰਿਹਾ ॥

[ਡਾ. ਭਾਈ ਵੀਰ ਸਿੰਘ ਜੀ

ਇਸੇ ਤਰ੍ਹਾਂ ਮਹਾਂਪੁਰਸ਼ਾਂ ਦਾ ਛੁਪੇ ਰਹਿਣਾ (ਭਾਵ ਆਪਾ ਜ਼ਾਹਰ ਨਹੀਂ ਹੋਣ ਦੇਣਾ) ਇਸ ਤਰ੍ਹਾਂ ਆਪਣੇ ਆਪ ਦੀ ਕਿਸੇ ਦੀ ਲੱਖਤਾ ਹੀ ਨਾ ਹੋਣ ਦੇਣੀ ਅਤੇ ਸਦਾ ਵਾਹਿਗੁਰੂ ਜੀ ਦੇ ਹੁਕਮ, ਰਜ਼ਾ ਵਿਚ ਹੀ ਜੀਵਨ ਗੁਜ਼ਰਾਨ ਕੀਤਾ।

ਸ੍ਰੀ ਮਾਨ ਸੰਤ ਗੁਰਬਚਨ ਸਿੰਘ ਜੀ ਭਿੰਡਰਾਂਵਾਲੇ

ਛੁਪੇ ਰਹਿਣ ਦੀ ਚਾਹ– ਇਹਨਾਂ ਮਹਾਂਪੁਰਸ਼ਾਂ ਬਾਰੇ ਪਿਛੇ ਲੇਖ ਆ ਚੁੱਕਿਆ ਹੈ। ਇਕ ਵਾਰੀ ਸੰਤ ਜੀ ਜਥੇ ਸਮੇਤ ਗੁਰਦਵਾਰਾ ਨਾਭਾ ਸਾਹਿਬ ਪਾ. ੧੦ (ਰਾਜਪੁਰਾ-ਜ਼ੀਰਕਪੁਰ-ਚੰਡੀਗੜ੍ਹ ਦੀ ਸੜਕ ਤੇ ਗੁਰਦਵਾਰਾ ਹੈ) ਉਥੇ ਠਹਿਰੇ ਹੋਏ ਸਨ। ਦਾਸ (ਕਿਰਪਾਲ ਸਿੰਘ ਜੀ) ਤੇ ਸ. ਗੁਰਦਿਆਲ ਸਿੰਘ ਜੀ ਸਕੱਤਰ 'ਸਕੱਤਰ ਗੁਰਦਵਾਰਾ ਮੰਜੀ ਸਾਹਿਬ ਪਾਤਸ਼ਾਹੀ ੬--੧੦ ਅੰਬਾਲਾ ਸ਼ਹਿਰ, ਅਤੇ ਕੁਝ ਹੋਰ ਸਿੰਘ ਅਸੀਂ ਦਰਸ਼ਨਾਂ ਨੂੰ ਗਏ। ਪਿਛਲਾ ਪਹਿਰ ਸੀ। ਆਪ ਪਲੰਘੇ ਤੇ ਬੈਠੇ, ਸਰਹਾਣੇ ਵਲ, ਮੰਜੀ ਤੋਂ ਉੱਚੇ ਟੂਲ ਤੇ ਇਕ ਸਿੰਘ ਬੈਠਾ ਸੰਤ ਜੀ ਨੂੰ ਪਾਠ ਪੜ੍ਹ ਕੇ ਸ੍ਰਵਣ ਕਰਵਾ ਰਿਹਾ ਸੀ। ਇਸ ਤਰ੍ਹਾਂ ਜਦ ਕਦੀ ਵਿਦਿਆਰਥੀਆਂ ਨੂੰ ਸੰਥਾ ਕਰਾਉਣ ਜਾਂ ਕਥਾ ਕਰਨ ਉਪਰੰਤ ਵਿਹਲਾ ਸਮਾਂ ਵੇਖਦੇ ਤਾਂ ਇਸੇ ਤਰ੍ਹਾਂ ਸਿੰਘ ਪਾਸੋਂ ਪਾਠ ਸੁਣਦੇ ਰਹਿੰਦੇ।

☞ ਆ ਜਾਂਦਾ! ਭਾਵੇਂ ਬਾਬਾ ਜੀ ਹੋਰ ਸਿੰਘਾਂ ਨਾਲ ਅਜਿਹੀਆਂ ਵਿਚਾਰਾਂ ਘਟ ਹੀ ਕਰਦੇ ਸਨ। ਪਰ ਦਾਸ ਜਦੋਂ ਭੀ ਕੋਈ ਗੁਰਬਾਣੀ ਦੀ ਵਿਚਾਰ ਬਾਰੇ ਬੇਨਤੀ ਕਰਦਾ ਤਾਂ ਬਾਬਾ ਜੀ ਉਸੇ ਵੇਲੇ ਹੀ ਅਜਿਹੇ ਗੁਰਬਾਣੀ ਦੇ ਭੇਦ - ਭਾਵ, ਰਾਜ਼ - ਰਮਜ਼ ਨੂੰ ਸਪੱਸ਼ਟ ਰੂਪ ਵਿਚ ਦਰਸਾ ਦੇਂਦੇ ਸਨ–

ਬਾਬਾ ਜੀ ਦੀਆਂ ਜੋ ਮਹਾਨ ਬਖਸ਼ਸ਼ਾਂ ਨੂੰ ਲਿਖਤ ਰੂਪ ਵਿਚ ਅੰਕਿਤ ਕੀਤਾ ਜਾਵੇ ਤਾਂ ਬਹੁਤ ਵਡਾ ਗ੍ਰੰਥ ਬਣਦਾ ਹੈ। ਨਾਲੇ ਅਜਿਹੇ ਵਿਚਾਰ ਤਾਂ ਲਿਖਣੇ ਭੀ ਅਤਿ ਕਠਨ ਹਨ। ਨਾ ਹੀ ਦਰਸਾਏ ਜਾ ਸਕਦੇ ਹਨ। ਇਥੇ ਬਸ ਇਹ ਹੀ ਕਹਿਣਾ ਹੋਵੇਗਾ–

ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੈ ਤੇ ਕਿਆ ਕਹੀਐ ॥ ੪ ॥ ੭ ॥ ੫੧ ॥

(ਗਉੜੀ ਕਬੀਰ, ਪੰਨਾ ੩੩੪)

ਜਿਵੇਂ ਗੂੰਗਾ ਗੁੜ ਖਾਧੇ ਦਾ ਸਵਾਦ ਨਹੀਂ ਦਸ ਸਕਦਾ, ਇਸੇ ਤਰ੍ਹਾਂ ਮਹਾਂਪੁਰਸ਼ਾਂ ਦੀਆਂ ਬਖਸ਼ਸ਼ਾਂ ਦਾ ਵਰਨਣ ਕਰਨਾ ਅਤਿ ਕਠਨ ਹੈ। ਪਰ ਬਾਬਾ ਜੀ ਦੀ ਜੀਵਨੀ ਵਿਚ ਜਿਥੇ ਕਿਧਰੇ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ, ਕਿਸੇ ਲੇਖ ਵਿਚ ਦਰਸਾਉਂਦੇ ਬਖਸ਼ਸ਼ਾਂ ਦਾ ਵਰਨਣ ਕਰਨ ਦਾ ਕੁਝ ਕੁ ਤੁਛ ਬੁੱਧੀ ਅਨੁਸਾਰ ਲਿਖਣ ਦਾ ਯਤਨ ਕੀਤਾ ਹੈ।

ਮੈਂ ਅਲਪੱਗ, ਵਿਦਿਆ - ਹੀਣਾ, ਨੀਚ, ਪਾਪੀ ਜੀਵ ਹਾਂ। ਅਪਾਰ ਪ੍ਰਭੂ ਦੀ ਮਹਿਮਾਂ ਨੂੰ ਕਿਵੇਂ ਵਰਨਣ ਕਰ ਸਕਦਾ ਹਾਂ। ਭੁਲਾਂ ਗੁਣੀ ਜਨ ਖਿਮਾਂ ਕਰਨ।

ਕਾਫੀ ਸੰਗਤ ਦਰਸ਼ਨਾਂ ਨੂੰ ਕੋਲ ਬੈਠੀ ਇਸ ਉਡੀਕ ਵਿਚ ਸੀ ਕਿ ਕਦ ਸੰਤ ਜੀ ਪਾਠ ਸਰਵਣ ਕਰਨਾ ਬੰਦ ਕਰ ਕੇ ਸੰਗਤ ਨੂੰ ਸਮਾਂ ਦੇਂਦੇ ਹਨ, ਤਾਂ ਜੋ ਸਾਡੀਆਂ ਘਰੋਗੀ ਔਕੜਾਂ ਦੇ ਹਲ ਬਾਰੇ ਸੰਤ ਜੀ ਪਾਸੋਂ ਪੁਛਿਆ ਜਾ ਸਕੇ। ਪਰ ਸੰਤ ਅਜਿਹਾ ਸਮਾਂ ਲੋਕਾਂ ਨੂੰ ਘੱਟ ਹੀ ਦੇਂਦੇ ਸਨ।

ਜਦ ਅਸੀਂ ਗੁਰ-ਅਸਥਾਨ ਦੇ ਦਰਸ਼ਨ ਦੀਦਾਰ ਕਰ ਕੇ ਜਲ ਪਾਣੀ ਛੱਕ ਲਿਆ, ਤਾਂ ਸੰਤਾਂ ਪਾਸ ਦਰਸ਼ਨ ਕਰਨ ਪੁਜੇ। ਅਸਾਂ ਗੱਜ ਕੇ ਫਤਿਹ ਬੁਲਾਈ ਤਾਂ ਸੰਤ ਜੀ ਨੇ ਆਓ ਭਗਤ ਪ੍ਰੇਮ ਸਹਿਤ ਕਰ ਕੇ ਪਾਠੀ ਨੂੰ ਸ਼ਬਦ ਦਾ ਭੋਗ ਪੈਣ ਤੇ ਰੁਕਣ ਲਈ ਕਿਹਾ।

ਫਿਰ ਸਾਨੂੰ ਮੁਖਾਤਬ ਕਰ ਕੇ ਕਹਿਣ ਲੱਗੇ–ਆਓ ਗੁਰਮੁਖੋ ! ਕਿਵੇਂ ਦਰਸ਼ਨ ਦਿਤੇ। (ਮਹਾਂਪੁਰਸ਼ ਬਾਬਾ ਮਿੱਤ ਸਿੰਘ ਜੀ ਦੇ ਲਾਡ - ਪਿਆਰ ਨੇ, ਮੈਨੂੰ ਕੁਝ ਸੰਗਾਊ ਪੁਣੇ ਤੋਂ ਕੱਢ ਦਿਤਾ ਹੋਇਆ ਸੀ) ਜਿਵੇਂ ਬਾਪ ਬੇਟਾ ਆਪਸੀ ਬਿਨਾਂ ਝਿਜਕ ਖੁਲ੍ਹ ਕੇ ਗੱਲ ਬਾਤ ਕਰ ਲੈਂਦੇ ਹਨ ਤੇ ਬਾਬਾ ਜੀ ਨੇ ਬਚਨ ਕਰ ਲੈਣ ਦੀ ਸੁੱਮਤ ਬਖਸ਼ੀ ਹੋਈ ਸੀ। ਮੈਂ ਹੱਥ ਜੋੜ ਕੇ ਝੱਟ ਬੇਨਤੀ ਕੀਤੀ ਕਿ ਮਹਾਂ ਪੁਰਸ਼ੋ, ਅਸੀਂ ਦਰਸ਼ਨਾਂ ਨੂੰ ਆਏ ਹਾਂ, ਦਰਸ਼ਨ ਦੇਣ ਨਹੀਂ। ਆਹ ਵੇਖੋ ! ਕਿਥੋਂ ਕਿਥੋਂ ਸੰਗਤ ਆਪ ਦੇ ਦਰਸ਼ਨਾਂ ਨੂੰ ਆਈ ਹੋਈ ਹੈ। ਇਹਨਾਂ ਅੰਦਰ ਮਹਾਂਪੁਰਸ਼ਾਂ ਪਾਸੋਂ ਕੁਝ ਉਪਦੇਸ਼ ਸੁਣਨ ਦੀ ਇੱਛਾ ਹੋਵੇਗੀ। ਕ੍ਰਿਪਾ ਕਰ ਕੇ ਦੁਖੀਆਂ ਦੀਨਾਂ ਦੇ ਦਰਦ ਭੀ ਕਿਸੇ ਵੇਲੇ ਸੁਣ ਲਿਆ ਕਰੋ।

ਸੰਤ ਗੁਰਬਚਨ ਸਿੰਘ ਜੀ– (ਮੁਸਕਰਾ ਕੇ ਕਹਿਣ ਲੱਗੇ) ਲਿਖਾਰੀ ਸਿੰਘਾ ! ਤੁਸਾਂ ਦੇ ਪ੍ਰੇਮ ਕਰ ਕੇ ਏਨੇ ਕੁ ਬਚਨ ਕਰਨ ਦੀ ਆਗਿਆ ਮਿਲੀ ਹੈ ਤੇ ਪਾਠ ਰੋਕਣਾ ਪਿਆ ਹੈ। ਅਜਿਹਾ ਸਮਾਂ ਹੀ ਸਾਡੇ ਪਾਸ ਨਹੀਂ। ਕਿਉਂਕਿ ਅਜੇ ਤੱਕ ਸਾਡੀ ਭੁੱਖ ਹੀ ਨਹੀਂ ਉਤਰ ਰਹੀ। ਭਾਂਡਾ (ਸਰੀਰ) ਅਧੂਰਾ ਪਿਆ ਹੈ। ਭੁਖਾ ਆਪਣੀ ਭੁੱਖ ਮਿਟਾਵੇ ਕਿ ਦੂਜਿਆਂ ਦੀ ਭੁੱਖ ਦੂਰ ਕਰੇ। ਮਾਲਕ ਤੋਂ ਹਰ ਵੇਲੇ ਡਰ ਲੱਗਦਾ ਹੈ।

ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ ॥
ਲੇਖਾ ਰਬ ਮੰਗੇਸੀਆ ਤੂ ਆਂਹੋ ਕੇਰੇ ਕੰਮਿ ॥ ੩੮ ॥ [ਸਲੋਕ ਫਰੀਦ–੧੩੭੯

ਉਸ ਵਾਹਿਗੁਰੂ ਦੇ ਲੇਖੇ ਤੋਂ ਭੈ ਆ ਰਿਹਾ ਹੈ। ਕੀ ਜਵਾਬ ਦੇਵਾਂਗੇ। ਫਿਰ–

ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ ॥ [ਤਿਲੰਗ ਮ: ੧–੭੨੪

ਇਸ ਪੰਧੇ 'ਲੋਕ ਪਚਾਰੇ' ਪੈ ਗਏ, ਤਾਂ ਸਾਰੀ ਪੂੰਜੀ ਗੰਵਾ ਕੇ ਫਿਰ ਪਛੋਤਾਵਾ ਹੀ ਰਹਿ ਜਾਣਾ ਕੇ। ਸਿੰਘਾ, ਸਾਡੇ ਪਾਸ ਤਾਂ ਅਜੇ ਆਪਣੀ ਖਰਚੀ ਜੋਗੀ ਰਾਸ ਜਮ੍ਹਾਂ ਨਹੀਂ ਹੋ ਸਕੀ, ਬੜੀ ਭੁੱਖ ਹੈ। ਤ੍ਰਿਪਤੀ ਨਹੀਂ ਹੋ ਰਹੀ। ਜੋ ਆਪ ਲੋੜਵੰਦ ਹੋਵੇ ਉਹ ਕਿਸੇ ਦੀ ਲੋੜ ਕਿਥੋਂ ਪੂਰੀ ਕਰ ਸਕਦਾ ਹੈ।

ਲੋਕਾਈ ਤਾਂ ਸਮਝਦੀ ਹੈ ਕਿ ਸਾਧੂ ਵਿਹਲੜ ਹੁੰਦੇ ਹਨ। ਇਸ ਲਈ ਉਹ ਸਾਡੀਆਂ ਲੋੜਾਂ ਪੂਰੀਆਂ ਕਰਨ ਲਈ ਹੁੰਦੇ ਹਨ। ਜਦ ਸਾਡਾ ਅੰਨ ਖਾਂਦੇ ਹਨ ਤਾਂ ਸਾਡੀਆਂ ਇਛਾਂ ਭੀ ਪੂਰੀਆਂ ਕਰਨ। ਪਰ ਉਹ 'ਸਾਡਾ ਅੰਨ' ਹਉਮੈ ਦੀ ਭਾਰੀ ਭੁੱਲ ਵਿਚ ਹਨ। ਉਹ ਇਹ ਚਾਹੁੰਦੇ ਹਨ ਕਿ ਸੰਤ ਸਾਡੇ ਇਸ਼ਾਰੇ ਤੇ ਚਲਣ। ਅਤੇ ਸਾਡੀਆਂ ਚੰਗੀਆਂ ਮੰਦੀਆਂ ਸਭ ਇੱਛਾਵਾਂ ਜੋ ਅਸੀਂ ਕਹੀਏ, ਤੱਤਕਾਲ 'ਹੱਥ ਤੇ ਸਰੋਂ' ਜੰਮਾ ਕੇ ਪੂਰੀਆਂ ਕਰ ਦੇਣ। ਗੁਰਮੁਖੋ ! ਮੇਰਾ ਵਾਹਿਗੁਰੂ–

ਸਰਬ ਜੀਆ ਕਉ ਪ੍ਰਭੁ ਦਾਨ ਦੇਤਾ ॥੧॥ਰਹਾਉ॥ [ਮ: ੫–੧੧੬੦

ਸਰਬ ਜੀਆ ਕਉ ਦੇਵਣਹਾਰਾ ॥ (ਮਾਝ ਮ; ੫–੧੦੬

ਪੁਨਾ– ਟੂਟੀ ਗਾਢਣਹਾਰ ਗੋਪਾਲ ॥ ਸਰਬ ਜੀਆ ਆਪੇ ਪ੍ਰਤਿਪਾਲ ॥

ਪੁਨਾ– ਸਗਲ ਕੀ ਚਿੰਤਾ ਜਿਸੁ ਮਨੁ ਮਾਹਿ ॥ ਤਿਸ ਤੇ ਬਿਰਥਾ ਕੋਈ ਨਾਹਿ ॥

[ਗਉੜੀ ਸੁਖਮਨੀ ਮ; ੫–੨੮੨

ਸੋ ਪਰਮੇਸ਼ਰ ਸਭ ਜੀਆਂ ਨੂੰ ਰਿਜ਼ਕ ਦੇ ਰਿਹਾ ਹੈ। ਸਾਡੀ ਭੁੱਲ ਹੈ ਜੋ ਅਸੀਂ ਸਾਧਾਂ ਸੰਤਾਂ ਨੂੰ ਅੰਨ ਛੱਕਾਉਂਦੇ ਹਾਂ। ਇਸ ਦੇ ਬਦਲ ਵਿਚ ਸਾਧਾਂ ਤੋਂ ਮੰਗ ਮੰਨਵਾਉਣ ਦਾ ਡਰਾਵਾ ਦੇਂਦੇ ਹਨ। ਪਰ ਉਹ ਇਹ ਨਹੀਂ ਜਾਣਦੇ ਕਿ--

ਜਿਨ ਜੀਉ ਦੀਆ ਸੁ ਰਿਜਕੁ ਅੰਬਰਾਵੈ ॥ ਸਭ ਘਟ ਭੀਤਰ ਹਾਟੁ ਚਲਾਵੈ ॥

(ਭਗਤ ਰਵਿਦਾਸ ਸੂਹੀ–੭੯੪

ਜੋ ਪ੍ਰਭੂ ਦਾ ਹੁਕਮ ਹੈ ਉਹ ਅਸੀਂ ਨਹੀਂ ਮੰਨਦੇ, ਬੱਸ ਪੱਕੀ ਪੱਕਾਈ ਭਾਲਦੇ ਹਾਂ। ਆਪ ਯਤਨ ਜੋ ਕਰਨਾ ਚਾਹੀਦਾ ਹੈ, ਉਹ ਤਾਂ ਨਹੀਂ ਕਰਨਾ ਚਾਹੁੰਦੇ। ਨਾ ਹੀ ਗੁਰ-ਉਪਦੇਸ਼ਾਂ ਨੂੰ ਮੰਨ ਕੇ ਉਹ ਕਾਰ ਕਰਦੇ ਹਾਂ-- ਕਰਿ ਬੰਦਗੀ ਛਾਡਿ ਮੈ ਮੇਰਾ ॥ ਹਿਰਦੇ ਨਾਮੁ ਸਮ੍ਹਾਰਿ ਸਵੇਰਾ ॥ ੨ ॥

[ਸੂਹੀ, ਭਗਤ ਰਵਿਦਾਸ ਜੀ--੭੯੪

ਜਦ ਪ੍ਰਭੂ ਸਾਰਿਆਂ ਨੂੰ ਰਿਜ਼ਕ ਪੁਚਾ ਰਿਹਾ। ਅਸੀਂ ਉਸ ਅਗੇ ਪ੍ਰਾਰਥਨਾ ਤਾਂ ਕਰਦੇ ਨਹੀਂ ? ਜੇ ਉਸ ਪਾਸੋਂ ਜੋ-- ਅਣਮੰਗਿਆ ਦਾਨੁ ਦੇਵਸੀ ਵਡਾ ਅਗਮ ਅਪਾਰੁ ॥੩੪॥

(ਦੱਖਣੀ ਓਅੰਕਾਰ, ਪੰਨਾ ੯੩੪)

ਸਾਡੇ ਜੀਵਾਂ ਦੀ ਪੂਰਤੀ ਨਹੀਂ ਹੋ ਸਕਦੀ, ਤਾਂ ਭਲਾ ਮੈਂ ਕੌਣ ਵਿਚਾਰਾ ਹਾਂ, ਜੋ ਇਹਨਾਂ ਦੀਆਂ ਇਛਾਵਾਂ ਦੀ ਪੂਰਤੀ ਕਰ ਸਕਾਂ। ਮੈਂ ਤਾਂ ਸਿੰਘੋ ! ਆਪ ਯਤਨ ਕਰ ਰਿਹਾ ਹਾਂ ਜੋ ਮੇਰੀ ਭੁੱਖ ਮਿੱਟ ਜਾਵੇ।

ਇਉਂ ਮਹਾਂਪੁਰਸ਼ ਆਪਣੀ ਪ੍ਰਭੂ ਲਿਵ ਵਿਚ ਕਿਸੇ ਤਰ੍ਹਾਂ ਭੀ ਰੁਕਾਵਟ ਪਾਣ ਵਾਲੇ ਉਪਚਾਰ ਨਹੀਂ ਕਰਦੇ। ਨਾ ਹੀ ਅਜਿਹੇ ਝਮੇਲਿਆਂ ਵਿਚ ਪੈਂਦੇ ਹਨ। ਸੰਸਾਰ ਵਿਚ ਵਿਚਰਦਿਆਂ ਹੋਇਆਂ ਸੰਸਾਰੀ ਜੀਵਾਂ ਨਾਲ ਤਾਂ ਕੇਵਲ--

ਸਾਚਿ ਨਾਮਿ ਮੇਰਾ ਮਨੁ ਲਾਗਾ ॥ ਲੋਗਨ ਸਿਉ ਮੇਰਾ ਠਾਠਾ ਬਾਗਾ ॥੧॥

[ਆਸਾ ਮ. ੫, ਪੰਨਾ ੩੮੪

ਮਹਾਂਪੁਰਸ਼ ਲੋਕਾਂ ਨਾਲ ਕੇਵਲ ਠਾਠਾ ਬਾਗਾ (ਬਾਹਰ ਦਾ ਮੇਲ ਜੋਲ) ਹੀ ਰੱਖਦੇ ਹਨ। ਆਪਣੇ ਪੰਧੇ ਨਿਸ਼ਾਨੇ ਦੀ ਸਿਖਰ ਮੰਜ਼ਲ ਨੂੰ ਛੁਹਣ ਲਈ ਚੁੱਪਕੇ, ਪ੍ਰਭੂ ਰਜ਼ਾ ਵਿਚ ਤੁਰੇ ਰਹਿੰਦੇ ਹਨ।

ਵਿਦਿਆ ਦੀਆਂ ਦਾਤਾਂ

ਮਹਾਂ ਪੁਰਸ਼ ਹਰ ਗੁਰੂ ਕੇ ਕਾਰਜ ਨੂੰ ਪਰਉਪਕਾਰ ਵਜੋਂ ਹੀ ਕਰਦੇ ਹਨ, ਕਿਉਂਕਿ ਉਹਨਾਂ ਅੰਦਰ ਆਪਣੇ ਸ੍ਵੈ-ਮਾਨਤਾ ਦੀ ਇੱਛਾ ਨਹੀਂ ਹੁੰਦੀ, ਹਰ ਕੰਮ ਸੇਵਾ ਸਮਝ ਕੇ ਕਰਦੇ ਹਨ। ਜੋ--

ਸੇਵਾ ਕਰਤ ਹੋਇ ਨਿਹਕਾਮੀ ॥ (ਸੁਖਮਨੀ ਸਾਹਿਬ)

ਕਾਮਨਾ - ਰਹਿਤ ਸੇਵਾ ਕਰਨ ਦੇ ਹੁਕਮ ਦੀ ਪਾਲਣਾ ਕਰਦੇ ਹਨ, ਉਹਨਾਂ ਅੰਦਰ ਕਿਸੇ ਕਿਸਮ ਦੀ ਤ੍ਰਿਸ਼ਨਾ ਲਾਲਸਾ ਨਹੀਂ ਹੁੰਦੀ। ਗੁਰਮਤਿ ਵਿਦਿਆ ਇਕ ਮਹਾਨ ਉੱਤਮ ਸੇਵਾ ਹੈ। ਕਿਉਂਕਿ ਇਸ ਨਾਲ ਜੀਵ ਨੂੰ ਸੰਸਾਰਕ ਤੇ ਪ੍ਰਮਾਰਥ ਦੋਹੀਂ ਪਾਸੀਂ ਗਿਆਨ ਪ੍ਰਾਪਤ ਹੋ ਕੇ ਆਪਣੀ ਜ਼ਿੰਦਗੀ ਵਿਚ ਹਰ ਮੁਸੀਬਤ ਨਾਲ ਜੂਝਣ ਦਾ ਬਲ ਆ ਜਾਂਦਾ ਹੈ।

ਗੁਰਮਤਿ ਵਿਦਿਆ ਨਾਲ ਜਿਥੇ ਜੀਵ ਨੂੰ ਗੁਰੂ ਜੀ ਦੇ ਹੁਕਮਾਂ ਦੇ ਪਾਲਣ ਕਰਨ ਦੀ ਸੋਝੀ ਆਉਂਦੀ ਹੈ, ਉਥੇ ਗੁਰਬਾਣੀ ਦੇ ਉਪਦੇਸ਼ਾਂ ਦੇ ਬੋਧ ਤੋਂ ਜੀਵਨ ਦੇ ਅਸਲ ਮਕਸਦ (ਤਾਤਪਰਜ) ਨੂੰ ਭੀ ਜਾਣਿਆ ਜਾਂਦਾ ਹੈ। ਜੋ ਜੀਵ ਜਿਸ ਪ੍ਰਭੂ ਤੋਂ ਵਿਛੜਿਆ ਹੋਇਆ ਹੈ, ਉਸ ਨੂੰ ਮਿਲਣ ਦੀ ਤਾਂਘ ਤੇ ਉਹ ਕਰਮ ਕਰਨ ਲੱਗ ਜਾਂਦਾ ਹੈ, ਜੋ ਗੁਰੂ ਉਪਦੇਸ਼ 'ਗੁਰਬਾਣੀ' ਦਰਸਾਉਂਦੀ ਹੈ। ਕਿਉਂਕਿ ਮਹਾਂਪੁਰਸ਼ਾਂ ਜਾਂ ਅਜਿਹੀਆਂ ਸੰਸਥਾਵਾਂ –ਟਕਸਾਲਾਂ ਦਾ ਲਖਸ਼ ਹੀ ਇਹੋ ਹੁੰਦਾ ਹੈ ਜੋ ਕਿ–

ਜੀਅ ਦਾਨ ਦੇ ਭਗਤੀ ਲਾਇਣ ... . ॥

ਇਹ ਸਭ ਤੋਂ ਵੱਡਾ ਦਾਨ ਹੁੰਦਾ ਹੈ ਜੋ ਕਿਸੇ ਦੀ ਸੁੱਤੀ ਆਤਮਾ ਨੂੰ ਗੁਰਬਾਣੀ ਪੜ੍ਹ ਕੇ ਉਸ ਨੂੰ ਸੋਝੀ ਦੇ ਕੇ ਭਗਤੀ ਵੱਲ ਲਾਉਣਾ ਹੈ। ਇਸੇ ਕਰ ਕੇ–

ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥ [ਆਸਾ ਮ: ੧–੩੫੬

ਗੁਰਮਤਿ ਵਿਦਿਆ ਦੀ ਵਿਚਾਰ ਕਰਾਉਣੀ ਵੱਡਾ ਪਰਉਪਕਾਰ ਹੈ। ਜਿਸ ਦਾ ਪੂਰੈ ਸਤਿਗੁਰੂ ਜੀ ਦੀ ਅੰਮ੍ਰਿਤ ਬਾਣੀ ਪੜ੍ਹਨ ਤੇ ਸੁਣਨ ਵਾਲੇ, ਦੋਹਾਂ ਨੂੰ ਵੱਡਾ ਲਾਭ ਹੁੰਦਾ ਹੈ–

ਸੁਣਤੇ ਪੁਨੀਤ ਕਹਿਤੇ ਪਵਿਤੁ ॥ [ਅਨੰਦ ਸਾਹਿਬ–੯੨੨

ਇਸ ਤਰ੍ਹਾਂ ਵਾਹਿਗੁਰੂ ਜੀ ਦੀ ਅਮੁੱਲੀ ਦਾਤ ਦੀ ਸੋਝੀ ਕਰਾਉਣੀ, ਪ੍ਰਭੂ ਦੇ (ਗੁਣਾਂ) ਦਾ ਵਿਸਥਾਰ ਕਰ ਕਰ ਕੇ ਦਰਸਾਣਾ ਆਪਣਾ ਫਰਜ਼ (ਡਿਊਟੀ) ਜਾਣ ਕੇ, ਬਿਨਾਂ ਭੇਟਾ, ਬਿਨਾਂ ਇੱਛਾ, ਬਿਨਾਂ ਕਿਸੇ ਮਾਨ-ਵਡਿਆਈ (ਪ੍ਰਭਤਾ) ਦੇ ਕੇਵਲ ਪਰਉਪਕਾਰ ਕਰਨ ਦੀ ਹੀ ਉਮੰਗ ਹੁੰਦੀ ਹੈ।

ਜਿਨ੍ਹਾਂ ਪੁਰਸ਼ਾਂ ਤੇ ਨਿਰੰਕਾਰ 'ਸਰਬ ਗੁਣ ਨਿਧਾਨੰ' (ਸਰਬ ਗੁਣਾਂ ਦੇ ਖਜ਼ਾਨਿਆਂ ਦੇ ਮਾਲਕ ਦੀ) ਬਖਸ਼ਸ਼ ਹੋ ਜਾਂਦੀ ਹੈ। ਉਹ ਗੁਰਮੁਖ ਜਨ ਇਹ ਸਭ ਗੁਣ, ਪ੍ਰਭੂ ਦੀਆਂ ਦਾਤਾਂ ਜਾਣ ਕੇ, ਬਿਨਾਂ ਭੇਟਾ ਲਏ, ਵੰਡ ਕੇ ਉਹਨਾਂ ਗੁਣਾਂ ਦੀ ਖੁਸ਼ਬੂ ਲੈ ਕੇ ਮਹਿਕਦੇ ਖਿੜਦੇ ਤੇ ਖੁਸ਼ ਰਹਿੰਦੇ ਹਨ। ਜਿਵੇਂ ਫੁਰਮਾਨ ਹੈ– ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥ ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ ॥
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ ॥ [ਸੂਹੀ ਮ: ੧–੭੬੬

ਸੋ ਪਰਉਪਕਾਰੀ ਗੁਣਾਂ ਦੀ ਸਾਂਝ ਕਰ ਕੇ ਅਵਗੁਣਾਂ ਦਾ ਤਿਆਗ ਕਰਦੇ ਹਨ ਤੇ ਆਪ ਅਤੇ ਜੋ ਉਹਨਾਂ ਨਾਲ ਸਾਂਝ ਕਰਦਾ ਹੈ ਗੁਣਾਂ ਕੇਰੀ, ਉਹ ਪਾਰਸ ਬਣ ਜਾਂਦਾ ਹੈ।

ਭਾਵੇਂ ਪਾਰਸ ਕੇਵਲ ਲੋਹੇ ਨੂੰ ਸੋਨਾ ਬਨਾਣ ਦੀ ਸ਼ਕਤਿ ਤਾਂ ਰੱਖਦਾ ਹੈ, ਪਰ ਪਾਰਸ ਤੋਂ ਬਣਿਆ (ਲੋਹਾ) ਸੋਨਾ ਅਗੋਂ ਕਿਸੇ ਲੋਹੇ ਨੂੰ ਸੋਨਾ ਨਹੀਂ ਬਣਾ ਸਕਦਾ।

ਸੁੰਦਰ ਫੁੱਲ, ਦੇਖਣ, ਪਰਸਨ ਵਾਲੇ ਨੂੰ ਸੁੰਦਰਤਾ ਖੁਸ਼ਬੋ, ਖੇੜਾ ਮਹਿਕ ਤਾਂ ਦੇਂਦੇ ਹਨ, ਪਰ ਆਪਣੀ ਸੁੰਦਰਤਾ, ਮਹਿਕ, ਰੰਗ, ਖੇੜਾ, ਖੁਸ਼ਬੋ ਆਪ ਮਾਨਣ ਤੋਂ ਅਸਮਰਥ ਹੁੰਦੇ ਹਨ।

ਪ੍ਰੰਤੂ ਮਹਾਂਪੁਰਸ਼ ਸੰਤ ਜਨ, ਸਾਧੂ ਜਨਾਂ ਵਿਚ, ਜਿਥੇ ਦੂਸਰੇ ਨੂੰ ਪਾਰਸ ਬਣਾਉਣ ਦੀ ਸ਼ਕਤੀ ਹੁੰਦੀ

ਹੈ, ਉਥੇ ਉਹ ਖੁਦ ਉਸ ਗੁਣਾਂ ਦੀ ਮਹਿਕ, ਖੁਸ਼ਬੋ ਵਿਚ ਮਖਮੂਰ ਹੁੰਦੇ। ਦੂਸਰੇ ਨੂੰ ਭੀ ਅਜੇਹੀ ਛੋਹ ਪ੍ਰਾਪਤ ਕਰ ਦੇਂਦੇ ਹਨ ਕਿ ਉਹ ਪੁਰਸ਼ ਵਿਚ ਭੀ ਅਜਿਹੇ ਰੰਗ ਭਰ ਦੇਂਦੇ ਹਨ ਜਿਸ ਤੋਂ ਉਹ ਆਪੇ ਦੀ ਸੁੰਦਰਤਾ ਗੁਣਾਂ ਦਾ ਵਾਸਲਾ ਕੱਢ ਕੇ 'ਵਾਸ' (ਮਹਿਕ) ਪ੍ਰਾਪਤ ਕਰ ਕੇ ਉਹਨਾਂ ਸੰਤ ਜਨਾਂ ਵਾਂਗ ਗੁਣਾਂ ਵਾਲਾ ਬਣ ਕੇ, ਕਿਸੇ ਹੋਰ ਨੂੰ ਭੀ ਅਜਿਹੀ ਮਹਿਕ (ਸੁਗੰਧੀ) ਦੇ ਕੇ ਸਦਾ ਖੇੜੇ ਖੁਸ਼ੀਆਂ ਦੇ ਸਕਣ ਦੇ ਸਮਰਥ ਹੋ ਜਾਂਦੇ ਹਨ।

ਇਸੇ ਤਰ੍ਹਾਂ ਮਹਾਂਪੁਰਸ਼–

ਬ੍ਰਹਮਗਿਆਨੀ ਪਰਉਪਕਾਰ ਉਮਾਹਾ ॥ [ਸ੍ਰੀ ਸੁਖਮਨੀ ਸਾਹਿਬ

ਉਹ ਪਰਉਪਕਾਰ ਕਰਨ ਲਈ ਸਦਾ ਉਤਸ਼ਾਹਤ ਰਹਿੰਦੇ ਹਨ ਤੇ ਪਾਰਸ ਨਾਲ ਛੂਹਣ ਵਾਲੇ ਨੂੰ ਪਾਰਸ ਜੇਹੇ ਗੁਣ ਪ੍ਰਦਾਨ ਕਰ ਦੇਂਦੇ ਹਨ।

ਇਉਂ ਬਾਬਾ ਜੀ ਦੇ ਗੁਣਾਂ ਦੀ ਮਹਿਕ ਜਿਉਂ ਜਿਉਂ ਦੂਰ ਖਿਲਰਦੀ ਗਈ ਭੌਰੇ - ਇੱਛਕ (ਸ਼ੁਭ ਗੁਣਾਂ ਦੀਆਂ ਦਾਤਾਂ ਪ੍ਰਾਪਤ ਕਰਨ ਵਾਲੇ ਚਾਹਵਾਨ) ਆਉਣ ਲੱਗ ਪਏ, ਖਾਸ ਕਰ ਕੇ ਬਹਿੰਗਮ (ਨਿਹੰਗ-ਸਿੰਘ) ਜਿਨ੍ਹਾਂ ਦੇ ਹਰ ਤਰ੍ਹਾਂ (ਜਲ - ਪਾਣੀ - ਲੰਗਰ, ਰਹਿਣ - ਬਹਿਣ) ਭਾਵ ਸਭ ਸੁਵਿਧਾਵਾਂ (ਸਹੂਲਤਾਂ) ਉਪਲਬਧ ਸਨ ਅਤੇ ਕਈ ਪ੍ਰਕਾਰ ਦੀ ਸੇਵਾ–ਜਿਹੜੀ ਭੀ ਬਿਹੰਗਮਾਂ ਨੂੰ ਮਨ ਭਾਉਂਦੀ ਸੀ, ਕਰਨ ਦਾ ਅਵਸਰ ਮਿਲਣ ਲੱਗ ਪਿਆ। ਸਭ ਤੋਂ ਵੱਡੀ ਜੋ ਸਭ ਨੂੰ ਖੁਸ਼ੀ ਹੁੰਦੀ, ਉਹ ਇਹ ਸੀ ਕਿ ਬਾਬਾ ਜੀ ਦਾ ਪਿਆਰ, ਅਤੇ ਭਾਵੇਂ ਕੋਈ ਸਾਲਾਂ ਬੱਧੀ ਇਸ ਅਸਥਾਨ ਤੇ ਰਵ੍ਹੇ, ਪਰ ਕਿਸੇ ਨੂੰ ਭੀ ਉਹਨਾਂ ਨੇ ਸੇਵਾ ਲਈ ਕਹਿਣਾ ਹੀ ਨਹੀਂ।

ਆਮ ਡੇਰਿਆਂ – ਅਸਥਾਨਾਂ ਤੇ ਅਜਿਹਾ ਸੁਖ ਨਹੀਂ ਸੀ ਮਿਲਦਾ ਤੇ ਕੁਝ ਦਿਨ ਰਹਿਣ ਤੇ ਟੋਕਾ ਟਾਕੀ ਸ਼ੁਰੂ ਹੋ ਜਾਂਦੀ। ਜਿਸ ਕਰ ਕੇ ਕੋਈ ਅਜਿਹੀ ਬਿਹੰਗਮਾਂ ਵਾਸਤੇ ਕੋਈ ਗੁਰਬਾਣੀ ਦੀ ਟਕਸਾਲ ਨਹੀਂ ਸੀ, ਜਿਸ ਕਰ ਕੇ ਬਹੁਤੇ ਸਿੰਘ ਅਨਪੜ੍ਹ ਤੇ ਗੁਰਬਾਣੀ ਬੋਧ ਤੋਂ ਅਧੂਰੇ ਰਹਿ ਜਾਂਦੇ ਸਨ। ਦੂਸਰੀਆਂ ਸ਼੍ਰੇਣੀਆਂ ਟਕਸਾਲਾਂ ਦੇ ਆਪਣੇ ੨ ਮਤਿ ਤੇ ਪਹਿਰਾਵੇ ਕਰ ਕੇ ਭੀ ਨਿਹੰਗ ਸਿੰਘਾਂ ਦਾ ਗੁਰਮਤਾ ਨਹੀਂ ਸੀ ਰਲਦਾ।

ਬਾਬਾ ਜੀ ਬੇਸ਼ਕ ਨਿਹੰਗ ਸਿੰਘ ਸਨ ਪਰੰਤੂ ਇਹਨਾਂ ਲਈ ਕੋਈ ਪੁਰਸ਼ ਆਵੇ, ਸਭ ਇਕ ਸਮਾਨ

ਬਾਬਾ ਜੀ ਦੀ ਵਿਦਿਅਕ– ਬਾਬਾ ਜੀ 'ਸਰਬ ਗੁਣ ਨਿਧਾਨੰ' ਵਿਦਿਆ ਪ੍ਰਾਪਤੀ ਦੀ ਬਖਸ਼ਸ਼ ਸ੍ਰੀ ਦਮਦਮਾ ਸਾਹਿਬ ਤੋਂ ਪ੍ਰਾਪਤ ਹੋਈ। ਪਿਛੇ ਲਿਖਿਆ ਜਾ ਚੁੱਕਾ ਹੈ ਕਿ ਬਾਬਾ ਜੀ ਨੂੰ ਦਸਮ ਪਿਤਾ ਜੀ ਨੇ ਅਨੇਕਾਂ ਬਖਸ਼ਸ਼ਾਂ ਸੁਤੇ ਸਿੱਧ ਹੀ ਪ੍ਰਦਾਨ ਕੀਤੀਆਂ।

ਜਦੋਂ ਚਾਹਿਆ ਜਿਸ ਵਸਤੂ, ਗੁਣ ਦੀ ਉਹੋ ਹੀ ਨਿਰੰਕਾਰ ਨੇ ਭਰਪੂਰ ਕਰ ਦਿਤੇ। ਇਹ ਹੈ ਸਤਿਗੁਰੂ ਜੀ ਦੀ ਵਡਿਆਈ–'ਅਚਿੰਤ ਕਰੇ ਜਿਸ ਦਾਤ ॥' ਇਥੇ ਇਹ ਲਿਖਣਾ ਯੋਗ ਨਹੀਂ, ਕਿ ਬਾਬਾ ਜੀ ਨੂੰ ਕਲਗੀਧਰ ਪਿਤਾ ਜੀ ਨੇ ਬਖਸ਼ਸ਼ਾਂ ਬਖਸ਼ ਕੇ ਸਪੰਨ ਕਰ ਦਿਤਾ ਹੋਇਆ ਸੀ। ਉਹ ਉਹਨਾਂ ਦੀ ਜੀਵਨੀ ਤੋਂ ਹੀ ਬੁੱਧੀ ਜੀਵੇ ਅਨੁਭਵ ਸਕਦੇ ਹਨ।

ਸਨ। ਉਹਨਾਂ ਲਈ ਇਹ ਜ਼ਰੂਰੀ ਨਹੀਂ ਸੀ ਕਿ ਕੇਵਲ ਬਿਹੰਗਮਾਂ ਨੂੰ ਹੀ ਵਿਦਿਆ ਦੇਣੀ ਹੈ, ਬਲਕਿ ਜੋ ਭੀ ਚਾਹਵਾਨ ਹੁੰਦਾ, ਸਭ ਨੂੰ ਵਿਦਿਆਂ ਦੀ ਦਾਤ ਦੇਣੋਂ ਕਦੇ ਸੰਕੋਚ ਨਹੀਂ ਸਨ ਕਰਦੇ।

ਮਾਤਾ ਜੀ ਦੇ ਅਸਥਾਨ ਦਾ ਜਿਥੇ ਬਹੁ ਪੱਖੀ ਵਿਕਾਸ ਹੋਇਆ (ਜ਼ਮੀਨ, ਲੰਗਰ, ਦੇਗ, ਸਿੰਘਾਂ ਦੇ ਬਿਸਰਾਮ ਲਈ ਕੁਟੀਆ, ਖੂਹ, ਖਰਾਸ ਆਦਿ) ਇਸ ਦੇ ਨਾਲ ਹੀ ਵਿਦਿਆ ਦੇ ਪਸਾਰ ਲਈ ਚਾਹਵਾਨ ਆਉਣ ਲਗ ਪਏ। ਜਿਉਂ ਹੀ ਅਜੇਹੀ ਰਚਨਾ ਅਕਾਲ ਪੁਰਖ ਜੀ ਨੇ ਰੱਚੀ ਤਾਂ ਗੁਰਮਤਿ ਵਿਦਿਆ ਪੜ੍ਹਨ ਲਈ ਲੋੜੀਂਦੀਆਂ ਪੋਥੀਆਂ–ਪੰਜ ਗ੍ਰੰਥੀਆਂ, ਬਾਈ ਵਾਰਾਂ, ਦਸ ਗ੍ਰੰਥੀਆਂ ਭਾ: ਗੁਰਦਾਸ ਜੀ ਦੀਆਂ ਵਾਰਾਂ ਤੇ ਕੱਥਿਤ ਗੁਟਕੇ ਆਦਿ ਤੇ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਾ ਸੈਂਚੀਆਂ ਪੁਜਣੀਆਂ ਸ਼ੁਰੂ ਹੋ ਗਈਆਂ।

ਅਜਿਹੀ ਅਮੁੱਲੀ ਦਾਤ ਕੋਈ ਭੀ ਗੁਣ ਪ੍ਰਾਪਤੀ ਲਈ, ਤਿੰਨ ਪ੍ਰਕਾਰ ਕਰ ਕੇ (ਗੁਣ) ਵਿਦਿਆ ਪ੍ਰਾਪਤ ਕੀਤਾ ਜਾ ਸਕਦਾ ਹੈ।

੧, ਗੁਣੀਆਂ–ਗੁਣ ਲੇ ਪ੍ਰਭ ਮਿਲੈ (ਗੁਣ ਕੀ ਸਾਂਝ ਕਰੀਜੈ) ਗੁਰਬਾਣੀ– ਭਾਵ ਗੁਣ ਤੋਂ ਗੁਣ ਦਾ ਵਟਾਂਦਰਾ ਕਰਨਾ।

੨. ਸੇਵਾ–(ਗੁਣਦਾਤਾ ਦੀ ਪ੍ਰਸੰਤਾ ਸੇਵਾ ਦਵਾਰਾ) ਪ੍ਰਾਪਤ ਕਰ ਕੇ ਗੁਣਾਂ ਦੀ ਦਾਤ ਸੁਤੇ ਸਿੱਧ ਹੀ ਬਖਸ਼ਸ਼ ਦੁਆਰਾਂ ਪ੍ਰਾਪਤ ਹੋਣੀ।

੩. ਮਾਇਆ– (ਇਵਜ਼ਾਨਾ) ਵਜੋਂ ਭੇਟਾ ਦੇ ਕੇ, ਟਿਊਸ਼ਨ ਜਾਂ ਕੀਮਤ ਦੇ ਕੇ ਗੁਣ ਜਾਂ ਵਿਦਜਾ ਪ੍ਰਾਪਤ ਕਰਨੀ।

੧. ਪਹਿਲੇ ਨੰਬਰ ਦੇ ਭਾਵ ਅਨੁਸਾਰ ਅਸੀਂ ਮੱਤਹੀਣੇ ਪੁਰਸ਼ 'ਮਹਾਂਪੁਰਸ਼ਾਂ' ਨਾਲ ਗੁਣਾਂ ਦੀ ਕੀ ਸਾਂਝ ਕਰ ਸਕਦੇ ਹਾਂ। ਕਿਉਂਕਿ ਉਹ 'ਸਰਬ ਗੁਣ ਨਿਧਾਨੰ' ਭਰਪੂਰ ਖਜ਼ਾਨੇ ਹੁੰਦੇ ਹਨ। ਸਾਡੇ ਪਾਸ ਅਜਿਹਾ ਕਿਹੜਾ ਗੁਣ ਹੁੰਦਾ ਹੈ ਜ਼ ਅਸੀਂ ਗੁਣਾਂ ਰਾਹੀਂ ਰੀਝਾ ਕੇ ਗੁਣ ਦੀ ਦਾਤ ਪ੍ਰਾਪਤ ਕਰ ਸਕੀਏ।

੨. ਸੇਵਾ– ਭਾਵੇਂ ਸਾਡੇ ਲਈ ਇਹ ਭੀ ਅਤਿ ਕਠਨ ਹੈ। ਮਹਾਂਪੁਰਸ਼ਾਂ ਨੂੰ ਆਪਣੀ ਸੇਵਾ ਕਰਾਉਣ ਦੀ ਕੋਈ ਰੀਝ ਨਹੀਂ ਹੁੰਦੀ। ਉਹ ਕੇਵਲ ਤਾਂ ਸਤਿਗੁਰੂ ਜੀ ਦੀ ਸੇਵਾ ਕਰਨ ਵਾਲੇ ਤੇ ਹੀ ਪਰਸੰਨ ਹੁੰਦੇ ਹਨ।

ਸੰਸਾਰਕ ਨਿਯਮ ਅਨੁਸਾਰ ਭੀ ਉਸਤਾਦ ਦੀ ਸੇਵਾ ਕਰਨ ਵਾਲਾ ਸ਼ਾਗਿਰਦ ਗੁਣ ਪ੍ਰਾਪਤ ਤਾਂ ਕਰਦਾ ਪਰੰਤੂ ਉਸ ਸ਼ਾਗਿਰਦ ਅੰਦਰ ਬਹੁਤ ਸਮਾਂ ਬਿਨਾਂ ਲਏ ਦਿਤੇ ਸਿਖਿਆ ਗੁਣ ਹਉਮੈ ਦਾ ਰੂਪ ਧਾਰ ਜਾਂਦਾ ਹੈ। ਇਸ ਤਰ੍ਹਾਂ ਕਿਸੇ ਭੀ ਪੁਰਸ਼ ਅੰਦਰ ਆਪਣੀ ਸੇਵਾ ਕਰਾਉਣ ਤੇ ਕਰਨ ਵਾਲੇ ਵਿਚ ਅਵਸ਼ਕ ਗੁਣਾਂ ਦਾ ਮਾਨ ਪੈਦਾ ਹੋ ਜਾਂਦੀ ਹੈ। ਅਤੇ ਇਹ ਅਗੋਂ ਲੜੀ ਚਲਦੀ ਰਹਿੰਦੀ ਹੈ!

ਪ੍ਰੰਤੂ ਪ੍ਰਭੂ ਸੇਵਾ ਤੋਂ ਪ੍ਰਾਪਤ ਹੋਈ ਦਾਤ ਵਿਚ ਹਉਮੈ ਦਾ ਰੋਗ ਦਖਲ ਨਹੀਂ ਦੇਂਦਾ। ਤੇ ਜਿਵੇਂ ਉਸ ਪੁਰਸ਼ ਨੂੰ ਬਖਸ਼ਸ਼ ਦਵਾਰਾ ਦਾਤ ਮਿਲਦੀ ਹੈ। ਉਸੇ ਤਰਾਂ ਉਹ ਸੇਵਾ ਕਰਾਉਣ ਦੀ ਲਾਲਸਾ ਨਹੀਂ ਰਖਦਾ। ਤੇ ਹਰ ਪਰਾਣੀ ਨੂੰ ਪ੍ਰਭੂ ਦੀ ਦਾਤ ਤੇ 'ਖੁਦਾਇ ਬੰਦਾ ਜਾਣ' ਜੀਅ ਦਾਨ ਦੀ ਚਾਹਣਾ ਨਾਲ

ਦਾਤਾਂ ਵੰਡਦੇ ਹਨ, ਜੋ ਬਿਨਾਂ ਉਪਰਾਲੇ ਵੱਧਦੀ ਫੁੱਲਦੀ ਹੈ ਅਤੇ ਘੱਟਦੀ ਨਹੀਂ, ਸਗੋਂ ਉਸ ਜੀਵ ਅੰਦਰ ਭੀ ਬਿਨਾਂ ਸੇਵਾ ਇਹ ਗੁਣ ਵਿਦਿਆ ਨੂੰ ਵੰਡਣ ਦਾ ਉਮਾਹ ਰਹਿੰਦਾ ਹੈ।

੩. ਮਾਇਆ (ਭੇਟਾ) ਦੇ ਕੇ ਗੁਣ ਵਿਦਿਆ ਪ੍ਰਾਪਤ ਕਰਨ ਦੀ ਤਾਂ ਬਾਬਾ ਜੀ ਕੋਲ ਜਾਹ ਹੀ ਨਹੀਂ ਸੀ ਤੇ ਨਾ ਹੀ ਅਜੇਹਾ ਦਾਨ ਦੇਣ ਦੀ ਕਦੀ ਰੁਚੀ ਹੀ ਹੋ ਸਕਦੀ ਸੀ, ਕਿਉਂਕਿ ਜਦ ਗੁਣ ਵਿਦਿਆ ਦੇਣ ਵਾਲੇ ਵਿਚ ਹੀ ਅਜਿਹੀ ਚਾਹਨਾ ਹੀ ਨਾ ਹੋਵੇ। ਕਿਉਂਕਿ ਜਿਨ੍ਹਾਂ ਨੂੰ ਪ੍ਰਤੀਤ ਹੋਵੇ ਜੋ–

ਮਾਇਆ ਦਾਸੀ ਭਗਤਾ ਕੀ ਕਾਰਿ ਕਰਾਵੈ ॥ [ਗਉੜੀ ਮ: ੩–੨੩੧

ਜਿਨ੍ਹਾਂ ਦੀ ਦਾਸੀ ਬਣ ਖੁਦ ਹੀ ਮਾਇਆ ਕਾਰ ਕਰਦੀ ਹੋਵੇ, ਉਥੇ ਨਾ ਗੁਣ ਦੇਣ ਵਾਲੇ ਦੇ ਤੇ ਨਾ ਗੁਣ ਪ੍ਰਾਪਤ ਕਰ ਵਾਲੇ ਅੰਦਰ ਅਜਿਹਾ ਫੁਰਨਾ ਹੀ ਕਦੇ ਉਤਪੰਨ ਹੋ ਸਕਦਾ ਸੀ? ਕਿਉਂਕਿ ਗੁਰਬਾਣੀ ਦਾ ਹੁਕਮ ਹੈ ਕਿ ਜੇ– ਮਾਇਆ ਕਾਰਨ ਵਿਦਿਆ ਬੇਚਹੁ ਜਨਮੁ ਅਬਿਰਥਾ ਜਾਈ ॥

[ਮਾਰੂ ਬਾਣੀ ਕਬੀਰ ਜੀ–੧੧੦੩

ਬਾਬਾ ਜੀ ਦੀ ਬਖਸ਼ਸ਼ ਪ੍ਰਾਪਤ ਕਰਨ ਲਈ ਅਜਿਹੀ ਅਮੁੱਲੀ ਦਾਤ ਮਾਇਆ ਨਾਲ ਕਿਵੇਂ ਪ੍ਰਸੰਨ ਕਰ ਕੇ ਬਾਬਾ ਤੋਂ ਪ੍ਰਾਪਤ ਕੀਤੀ ਜਾ ਸਕਦੀ ਸੀ। ਕਿਉਂਕਿ–

ਇਕ ਕਾ ਰੰਗੁ ਦਿਨ ਥੋੜਿਆ ਛੋਛਾ ਇਸ ਦਾ ਮੂਲ ॥ [ਸ: ਮ: ੩–੮੫

ਜਿਵੇਂ ਮਾਇਆ ਦਾ ਰੰਗ ਥੋੜੇ ਦਿਨ ਦਾ ਪ੍ਰਾਹੁਣਾ ਹੁੰਦਾ ਹੈ ਤੇ ਇਸ ਦੇ ਜਾਂਦਿਆਂ ਦੇਰੀ ਨਹੀਂ ਲੱਗਦੀ। ਇਸੇ ਤਰਾਂ ਆਤਮਕ ਵਿਦਿਆ ਮਾਇਆ ਨਾਲ ਪ੍ਰਾਪਤ ਕੀਤੀ ਇਸੇ ਤਰ੍ਹਾਂ ਜੀਵ ਪਾਸੋਂ ਚਲੀ ਜਾਂਦੀ ਹੈ ਕਿਉਂਕਿ ਇਹ ਅੰਦਰ ਹਉਮੈ ਦਾ ਰੋਗ ਖੜਾ ਕਰ ਦੇਂਦੀ ਹੈ।

ਜੇ ਗੁਣ ਵਿਦਿਆ ਲਾਲਚ ਰਹਿਤ ਹੋ ਕੇ ਪ੍ਰਭੂ ਦੀ ਦਾਤ ਜਾਣ ਕੇ ਵੰਡਾਂਗੇ ਤਾਂ ਉਹ ਵਧੇਗਾ, ਫੁਲੇਗਾ ਤੇ ਉਹ ਸ਼ੋਭਾ ਫੈਲਾਏਗਾ।

ਗੁਰਮਤਿ ਦੇ ਨਿਯਮਾਂ ਵਿਚ ਤੇ ਸੰਸਾਰਕ ਨਿਯਮਾਂ ਵਿਚ ਬੜਾ ਅੰਤਰ ਹੈ। ਗੁਰਮਤਿ ਦੇ ਨਿਯਮ ਸਹਿਜ ਸੁਭਾ ਗੁਰੂ ਦੀ ਦਾਤ ਸਮਝ ਕੇ ਪ੍ਰਦਾਨ ਕੀਤੀ ਜਾਂਦੀ ਹੈ। ਵਿਦਿਆ ਕਥਾ, ਕੀਰਤਨ ਤੇ ਆਤਮ-ਗਿਆਨ ਦੀ ਸੂਝ, ਅਨੇਕਾਂ ਹੋਰ ਗੁਣ, ਇਹ ਸਾਰੇ ਗੁਣ 'ਦਾਤ' ਵਾਹਿਗੁਰੂ ਜੀ ਦੀ ਸਰੀਰ ਰੂਪੀ ਭਾਂਡੇ ਵਿਚ ਪਾਈ ਹੁੰਦੀ ਹੈ। ਜਿਸ ਕਰ ਕੇ ਮਹਾਂਪੁਰਸ਼ ਪ੍ਰਭੂ ਦਾਤ ਵੰਡ ਕੇ ਪ੍ਰਸੰਨਤਾ ਪ੍ਰਾਪਤ ਕਰਦੇ ਹਨ।

ਵਿਦਿਆ ਦਾ ਪਸਾਰ ਇਸ ਕਦਰ ਵਧ ਗਿਆ ਕਿ ਬਾਬਾ ਜੀ ਸਵੇਰ ਤੋਂ ਸ਼ਾਮ ਤੱਕ, ਜਦੋਂ ਕਿਸੇ ਪ੍ਰੇਮੀ ਨੇ ਸੰਥਾ ਕਰਨੀ ਚਾਹੀ, ਉਦੋਂ ਹੀ ਸੰਥਾ ਕਰਾ ਦਿਤੀ। ਸਾਰਾ ਦਿਨ ਨਾ ਅੱਕਦੇ ਨਾ ਥੱਕਦੇ। ਰੋਜ਼ਾਨਾ ਸਵੇਰ ਸ਼ਾਮ ਦੇ ਨਿਤਨੇਮ ਜਾਂ ਲੰਗਰ ਦੇਗ ਦੇ ਵਕਤ ਨੂੰ ਛੱਡ ਕੇ, ਬਾਕੀ ਕਿਸੇ ਵਕਤ ਕੋਈ ਸੰਥਾ ਕਰੇ ਆਪ ਚੌਂਕੜਾ ਮਾਰ ਕੇ ਬੈਠ ਜਾਂਦੇ ਤੇ ਸੰਥਾ ਜਿੰਨੀ ਕਿਸੇ ਕਰਨੀ ਹੋਵੇ ਕਰਾ ਦਿੰਦੇ, ਬਾਬਾ ਜੀ ਆਪ ਕਿਸੇ ਨੂੰ ਕੁਝ ਨਾ ਕਹਿੰਦੇ ਕਿ ਬੱਸ ਕਰੋ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨੇਕਾਂ ਵਿਦਿਆਰਥੀ ਬਾਬਾ ਜੀ ਤੋਂ ਵਿਦਿਆ ਪ੍ਰਾਪਤ ਕਰ ਕੇ ਚੰਗੇ ਵਿਦਵਾਨ, ਬਾਣੀ ਦਾ ਬੋਧ ਕਥਾ - ਵਾਚਕ ਤੇ ਬਾਣੀ

ਤੋਂ ਆਤਮ ਗਿਆਨ ਦੀ ਪ੍ਰਾਪਤੀ ਵਾਲੇ ਹੋਏ ਹਨ। ਵਿਦਿਆ - ਦਾਨ ਬਾਬਾ ਜੀ ਆਖਰੀ ਦਮ ਤੱਕ ਦਿੰਦੇ ਰਹੇ।

ਇਹ ਸੱਚ ਹੈ ਤੇ ਅੱਖੀਂ ਵੇਖੀ ਗੱਲ ਹੈ, ਕਿ ਜਦ ਭੀ ਕੋਈ ਵਿਦਿਆਰਥੀ ਪਾਠ ਪੜ੍ਹਦਾ ਤਾਂ ਬਾਬਾ ਜੀ ਕਦੀ ਕਿਸੇ ਨੂੰ ਟੋਕਦੇ ਨਹੀਂ ਸਨ ਹੁੰਦੇ, ਪਰ ਜਿਥੇ ਉਸ ਨੇ ਅਸ਼ੁਧ ਪਾਠ ਪੜ੍ਹਨਾ, ਉਥੇ ਉਸ ਨੇ ਆਪੇ ਖਲੋ ਜਾਣਾ ਅਤੇ ਅੰਦਰੋਂ ਹੀ ਆਪੇ ਸੋਝੀ ਆ ਕੇ ਸ਼ੁਧ ਪਾਠ ਪੜ੍ਹਨ ਲੱਗ ਜਾਣਾ।

ਕਈ ਵਾਰੀ ਸਿੰਘਾਂ ਨੇ ਕਹਿਣਾ ਬਾਬਾ ਜੀ ਤੁਸੀਂ ਅਸ਼ੁਧ ਪੜ੍ਹ ਰਹੇ ਪਾਠ ਨੂੰ ਟੋਕਦੇ ਨਹੀਂ ? ਜੇਕਰ ਅਸੀਂ ਅਸ਼ੁਧ ਪਾਠ ਹੀ ਪੜ੍ਹੀ ਗਏ ਤਾਂ ਲੋਕਾਂ ਵਿਚ ਟੋਕਾ ਟਾਕੀ ਹੋਇਆ ਕਰੇਗੀ।

ਬਾਬਾ ਜੀ–ਗੁਰਮੁਖੋ ! ਅਸੀਂ ਕੌਣ ਹਾਂ ਧੁਰ ਕੀ ਬਾਣੀ ਨੂੰ ਸ਼ੁਧ ਅਸ਼ੁਧ ਕਰਨ ਤੇ ਕਹਿਣ ਵਾਲੇ। ਇਹ ਤਾਂ ਸਤਿਗੁਰੂ ਜੀ ਜਦ ਆਪ ਹੀ ਪ੍ਰਾਣੀ ਨੂੰ ਸੋਝੀ ਬਖਸ਼ ਦੇਂਦੇ ਹਨ, ਉਹ ਭੀ ਤਾਂ ਕੋਲ 'ਬਾਣੀ ਗੁਰੂ ਸਰੂਪ ਵਿਚ–

ਸਦ ਸੁਣਦਾ ਸਦ ਵੇਖਦਾ ਸਬਦਿ ਰਹਿਆ ਭਰਪੂਰਿ ॥੧॥ਰਹਾਉ॥

[ਆਸਾ ਮ: ੩, ਪੰਨਾ ੪੨੯

ਸੁਣਦੇ ਭੀ ਹਨ ਤੇ ਵੇਖਦੇ ਭੀ ਹਨ। ਪਰ ਜਦ ਮਾਲਕ ਖੁਦ ਪਾਸ ਬੈਠਾ ਸੁਣਦਾ ਹੋਵੇ ਤਾਂ ਸੇਵਾਦਾਰ (ਚਾਕਰ) ਦੇ ਬੋਲਣ ਦਾ ਕੋਈ ਅਧਿਕਾਰ ਨਹੀਂ ਹੁੰਦਾ ?

ਸਿੰਘ– ਬਾਬਾ ਜੀ ਜੇ ਅਜੇਹੀ ਗਲ ਹੈ ਤਾਂ ਫਿਰ ਸੰਥਾ ਲੈਣ ਦੀ ਕੀ ਲੋੜ ਹੈ? ਆਪੇ ਪੜ੍ਹਦੇ ਗਏ, ਗੁਰੂ ਆਪੇ ਸੋਝੀ ਬਖਸ਼ ਕੇ ਸ਼ੁਧ ਕਰ ਦੇਵੇਗਾ।

ਬਾਬਾ ਜੀ–ਹਾਂ ਗੁਰਮੁਖੋ ! ਹੈ ਤਾਂ ਠੀਕ, ਪ੍ਰੰਤੂ ਹੈ ਕਥਨ ਇਹ ਪ੍ਰਤੀਤ ਕਰਨਾ ਕਿ ਸਤਿਗੁਰੂ 'ਸ਼ਬਦ ਸਰੂਪ' ਪਾਸ ਬੈਠੇ ਸੁਣਦੇ ਹਨ ? ਕੀ ਤੁਸੀਂ ਸੱਚ ਮੰਨੋਗੇ ? ਪ੍ਰਤੀਤ ਆਵੇਗੀ, ਕਦੀ ਅਨੁਭਵ ਹੋਇਆ ਹੈ ਕਿ–

'ਹਾਜ਼ਰਾ ਹਜ਼ੂਰ ਹੈ ॥

[ਜਾਪ ਸਾਹਿਬ

ਜੇ ਇਹ ਹੀ ਸਾਡੇ ਅੰਦਰ ਪ੍ਰਪੱਕ ਹੋ ਜਾਵੇ ਕਿ–

ਸਭ ਮਹਿ ਰਵ ਰਹਿਆ ਪ੍ਰਭ ਏਕੋ ॥

[ਕਾਨੜਾ ਮ: ੫

ਤਾਂ ਇਹ ਸਾਰੇ ਝੇੜੇ ਹੀ ਮੁੱਕ ਜਾਣ ਤੇ ਫਿਰ–'ਸਦਾ ਇਕ ਤੈ ਲਿਵੈ' ਵਿਚ ਜੁੜ ਬੈਠੇ। ਨਾ ਪੜ੍ਹਨ ਦੀ ਨਾ ਖਾਣ ਪੀਣ ਪਹਿਰਾਣ ਦੀ। ਅਜਿਹੀ ਅਵਸਥਾ ਬਣ ਜਾਏਗੀ–

ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥
ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥

[ਮ: ੧–੪੭੩

ਸੋ ਗੁਰਮੁਖ ਜਨੋ ! ਇਹ ਸਮਝਣਾ ਸਾਡੀਆਂ ਤੁਛ ਬੁੱਧੀਆਂ ਲਈ ਮੁਸ਼ਕਲ ਹੈ। ਪਰ ਤੁਸੀਂ ਪ੍ਰਤੀਤ ਕਰ ਕੇ ਪਾਠ ਕਰੀ ਚਲੋ, ਮਾਲਕ ਆਪੇ ਸ਼ੁੱਧਤਾਈ ਬਖਸ਼ਣਗੇ।

ਦਾਸ (ਲਿਖਾਰੀ) ਤੇ ਬਖਸ਼ਸ਼

ਇਹ ਪ੍ਰਤੱਖ ਸਚਿਆਈ ਹੈ, ਕਿ ਬਾਬਾ ਜੀ ਤੋਂ ਜੋ ਭੀ ਸਿੰਘ ਇਕ ਵਾਰੀ ਪਾਠ ਕਰ ਆਇਆ, ਉਹ ਨਿਪੁੰਨ ਤੇ ਮਾਲਾ ਮਾਲ ਹੋਇਆ ਹੈ।ਦਾਸ(ਲਿਖਾਰੀ)ਨੇ ਜਦੋਂ ਵਿਦਿਆ ਦੀ ਚਾਹਨਾ ਪ੍ਰਗਟਾਈ।ਵਿਚਾਰ

ਸੀ, ਪੰਜ ਗ੍ਰੰਥੀ ਤੋਂ ਸ਼ੁਰੂ ਕੀਤੀ ਜਾਵੇ। ਪਰ ਬਖਸ਼ਸ਼ਾਂ ਮਹਾਂਪੁਰਸ਼ਾਂ ਦੀ, ਸੁਤੇ ਸਿਧ ਹੀ ਕਹਿਣ ਲਗੇ– ਆਦਿ ਸਰੂਪ ਦਾ ਪਹਿਲਾ ਭਾਗ ਲਵੋ ਤੇ ਸੰਥਾ ਭਾਗਾਂ ਤੇ ਸ਼ੁਰੂ ਕਰ ਦਿਉ। ਨਾ ਜਾਣੇ ਬਾਬਾ ਜੀ ਨੇ ਪੋਥੀਆਂ ਦਾ ਬੋਧ ਇਸੇ ਇਕੋ ਬਚਨ ਵਿਚ ਹੀ ਬਖਸ਼ ਦਿਤਾ। ਮੈਂ ਤੇ ਬਾਬਾ ਰਣ ਸਿੰਘ ਜੀ ੧੦-੧੨-੧੫ ਜਿੰਨੇ ਪਤਰੇ ਪੜ੍ਹਨੇ, ਪੜ੍ਹੀ ਜਾਣੇ, ਪਰ ਬਾਬਾ ਜੀ ਦੀਆਂ ਬਖਸ਼ਸ਼ਾਂ ਜੋ ਦਾਸ ਨੂੰ ਸੇਵਾ ਵਿਚੋਂ ਇਤਨਾ ਵਿਹਲ ਨਹੀਂ ਮਿਲਦਾ ਸੀ ਕਿ ਮੈਂ ਦੁਬਾਰਾ ਸੰਥਾ ਵਾਚ ਲਵਾਂ।ਅਦਿ,ਦਸਮ ਤੇ ਸਰਬ ਲੋਹ ਦਾ ਅਜਿਹਾ ਬੋਧ ਬਖਸ਼ਿਆ। ਬਿਨਾਂ ਮਿਹਨਤ ਕੀਤੇ ਬਾਣੀ ਦੇ ਬਿਸਰਾਮ, ਬੋਧ ਤੇ ਕਥਾ ਕਰਨ ਦਾ ਬੋਧ, ਇਹ ਸਭ ਮਹਾਂ-ਪੁਰਸ਼ਾਂ ਦੀ ਮਿਹਰ, ਬਖਸ਼ਸ਼–ਉਸੇ ਮਿਹਰ ਦਾ ਸਦਕਾ ਕਿੰਨੇ ਕੁ ਗੁਣ ਬਖਸ਼ੇ, ਲਿਖਾਂ ਤਾਂ ਸ਼ਾਇਦ ਇਹ ਵਡਿਆਈ ਸਮਝੀ ਜਾਵੇਗੀ। ਪ੍ਰੰਤੂ ਮਹਾਂਪੁਰਸ਼ਾਂ ਦੀਆਂ ਬਖਸ਼ਸ਼ਾਂ ਲਕੋਣੀਆਂ ਅਨਿਆਂ ਹੋਵੇਗਾ ਮਹਾਂਪੁਰਸ਼ਾਂ ਪ੍ਰਤੀ। ਜਿਥੇ ਆਪ ਨੇ ਬਾਣੀ ਦੀ ਬਖਸ਼ਸ਼ ਕੀਤੀ, ਉਥੇ ਕੀਰਤਨ ਦੀ ਦਾਤ, ਕਥਾ, ਗੁਰੂ ਘਰ ਦੀ ਸੇਵਾ ਇਮਾਰਤ ਦੇ ਨਕਸ਼ੇ ਬਣਾ ਲੈਣੇ, ਸੰਗਮਰਮਰ ਤੇ ਖੁਦਾਈ, ਪੇਂਟਰ ਤੇ ਗਰੰਥ ਲਿਖਣੇ ਤੇ ਇਹ ਭੀ ਬਾਬਾ ਜੀ ਦੀ ਅਪਾਰ ਬਖਸ਼ਸ਼ ਦਾ ਹੀ ਸੱਦਕਾ ਹੈ, ਜੋ ਉਹਨਾਂ ਦੀ ਜੀਵਨੀ ਤੁਛ ਬੁੱਧੀ ਨਾਲ ਅੰਕਿਤ ਕੀਤੀ ਹੈ ਅਤੇ ਬਾਬਾ ਜੀ ਦੀ ਅਪਾਰ ਬਖਸ਼ਸ਼ ਦਾ ਸਦਕਾ ਹੀ ਸ਼ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਲਿਖਾਰੀ ਦਾ ਮਾਣ ਮਿਲਿਆ ਹੋਇਆ ਹੈ। (ਲੇਖਾਂ ਵਿਚ ਇਹ ਬਚਿਤਰ ਜੇਹੀ ਕਹਾਣੀ ਹੈ, ਪੜ੍ਹਨਾ)

ਇਸੇ ਤਰ੍ਹਾਂ ਅਨੇਕਾਂ ਗੁਰਮੁਖ ਬਾਬਾ ਜੀ ਤੋਂ ਅਨੇਕਾਂ ਦਾਤਾਂ ਸੁਤੇ ਸਿਧ ਹੀ ਪਰਾਪਤ ਕਰ ਕੇ ਆਪਣੇ ਜੀਵਨ ਦੀ ਸੇਧ ਪ੍ਰਾਪਤ ਕਰ ਕੇ ਚੰਗੇ ਜੀਵਨ ਵਾਲੇ ਬਣੇ।

ਇਕ ਸਿੰਘ ਦੀ ਪਾਠ ਸੁਨਾਉਣ ਦੀ ਯਾਚਨਾ

ਇਕ ਵਾਰੀ ਇਕ ਸਿੰਘ ਬਾਬਾ ਜੀ ਪਾਸ ਆ ਕੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਾ ਕਰਨ ਲਈ ਚਾਹਨਾ ਪਰਗਟ ਕੀਤੀ। ਜਦ ਉਹ ਆਦਿ ਸਰੂਪ ਦਾ ਪਹਿਲਾ ਭਾਗ ਲੈ ਕੇ ਆਇਆ ਤੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਆਪ ਜੀ ਨੂੰ ਗੁਰਬਾਣੀ ਦਾ ਪਾਠ ਸੁਣਾਉਣਾ ਹੈ।

ਪਾਠ ਸੁਣਨ ਤੇ ਸੰਥਾ ਕਰਨ ਵਿਚ ਬੜਾ ਅੰਤਰ ਹੈ। ਪਰ ਇਹ ਸਿੰਘ ਇਹ ਫਰਕ ਨਾ ਜਾਣਦਾ ਹੋਇਆ ਕਹਿ ਬੈਠਾ ਕਿ ਪਾਠ ਸੁਨਾਣਾ ਹੈ।

ਬਾਬਾ ਜੀ ਨੇ ਸਹਿਜੇ ਹੀ ਕਿਹਾ – ਹਾਂ ਭਾਈ ਸੁਣਾ ! ਅਸੀਂ ਬਾਣੀ ਸੁਣਾਂਗੇ। ਸਿੰਘ ਕਈ ਦਿਨ ਪਾਠ (ਸੰਥਾ) ਸੁਣਾਂਦਾ ਰਿਹਾ। ਬਾਬਾ ਜੀ ਕੋਲ ਬੈਠੇ ਜਿੰਨਾ ਚਿਰ ਪੜ੍ਹਦਾ, ਸੁਣਦੇ ਰਹਿੰਦੇ। ਇਕ ਦਿਨ ਉਹ ਸਿੰਘ ਕਹਿਣ ਲਗਾ–ਕਿ ਬਾਬਾ ਜੀ ਆਪ ਸ਼ੁਧ, ਅਸ਼ੁਧ, ਪਾਠ ਕਦੀ ਟੋਕਿਆ ਨਹੀਂ ਕਿਵੇਂ ਪਤਾ ਲੱਗੇ ਕਿ ਮੈਂ ਸ਼ੁਧ ਪੜ੍ਹਦਾ ਹਾਂ ਜਾਂ ਅਸ਼ੁਧ।

ਬਾਬਾ ਜੀ– ਹਾਂ ਭਾਈ, ਤੁਸਾਂ ਬਚਨ ਕੀਤਾ ਸੀ ਕਿ ਅਸਾਂ ਆਪ ਨੂੰ ਪਾਠ ਸੁਨਾਉਣਾ ਹੈ ਤਾਂ ਅਸੀਂ ਜਿੰਨਾ ਚਿਰ ਤੁਹਾਡਾ ਜੀਅ ਕਰਦਾ ਪਾਠ ਪੜ੍ਹਦੇ ਹੋ, ਅਸੀਂ ਸੁਣਦੇ ਰਹਿੰਦੇ ਹਾਂ। ਵਿਚੇ ਛੱਡ ਕੇ ਉਠ ਕੇ ਤੁਰ ਤਾਂ ਨਹੀਂ ਜਾਂਦੇ।

ਸਰੋਤੇ ਸੁਨਣ ਵਾਲੇ ਨੂੰ ਅਜਿਹਾ ਅਧਿਕਾਰ ਜਾਂ ਨਿਯਮ ਨਹੀਂ ਕਿ ਪਾਠ ਪੜ੍ਹਦੇ ਨੂੰ ਟੋਕਾ ਟਾਕੀ

ਕਰੇ। ਫਿਰ ਅਸੀਂ ਸਰੋਤੇ ਨਾ ਰਹੇ, ਚਾਤਰ ਤੇ ਸਿਆਣੇ ਬਣ ਗਏ ਤੇ ਸਰੋਤੇ ਦੇ ਗੁਣ ਖੋਹ ਬੈਠੇ।

ਸਿੰਘ— ਬਾਬਾ ਜੀ ਮੇਰੀ ਇੱਛਾ ਤਾਂ ਸੰਥਾ ਕਰਨ ਦੀ ਸੀ, ਪਾਠ ਸੁਨਾਉਣ ਦੀ ਨਹੀਂ ਸੀ। ਮੈਥੋਂ ਗਲਤੀ ਹੋ ਗਈ, ਆਪ ਕ੍ਰਿਪਾ ਕਰ ਕੇ ਮੈਨੂੰ ਮਾਫ ਕਰ ਦਿਓ, ਤੇ ਮੈਨੂੰ ਸੰਥਾ ਕਰਾ ਕੇ ਪਾਠ ਸ਼ੁਧ ਕਰਵਾ ਦਿਓ।

ਆਪ ਜੀ ਨੇ ਫੁਰਮਾਇਆ ਸਰੋਤਾ ਦੇ ਗੁਣਾਂ ਤੋਂ, ਇਹ ਸਰੋਤਾ ਤੇ ਬਕਤਾ ਦੇ ਭੀ ਗੁਣ (ਨਿਯਮ) ਹੁੰਦੇ ਹਨ।

ਬਾਬਾ ਜੀ— ਜੇ ਆਪ ਨੇ ਸੰਥਾ ਕਰਨੀ ਸੀ, ਤਾਂ ਪਹਿਲਾਂ ਆਖਦੇ, ਪਰ ਆਪ ਨੇ ਪਾਠ ਸੁਨਾਉਣਾ ਹੈ, ਕਿਹਾ ਸੀ, ਜਿਸ ਕਰ ਕੇ ਅਸੀਂ ਸਰੋਤਾ ਬਣ ਸੁਣੀ ਜਾ ਰਹੇ ਸਾਂ। ਹਾਂ ਬਕਤਾ ਤੇ ਸਰੋਤਾ ਦੇ ਗੁਣ ਹਨ, ਜੇ ਇਹ ਆਪਸੀ ਮਿਲ ਜਾਣ ਤੇ ਦੋਵੇਂ ਇਹਨਾਂ ਨਿਯਮਾਂ ਨਾਲ ਇਕ ਸੁਰ ਹੋ ਜਾਣ ਤਾਂ ਅਗੰਮੀ ਰਸ ਮਾਣ ਸਕਦੇ ਹਨ। ਉਹ ਅਜਿਹੇ ਸੁਰਤ ਸ਼ਬਦ ਵਿਚ ਲੀਨ ਹੁੰਦੇ ਹਨ ਤੇ ਬੇ - ਗਮ ਪੁਰੇ ਸ਼ਹਿਰ ਦੀ ਜਿਉਂ ਜਿਉਂ ਸੈਰ ਕਰਦੇ ਹਨ ਉਹਨਾਂ ਦਾ ਮਨ ਸੰਸਾਰਕ ਪਦਾਰਥਾਂ ਦੀ ਚਾਹ ਨਹੀਂ ਕਰਦਾ ਤੇ ਸਦਾ ਇਸੇ ਰਸ ਨੂੰ ਮਗਨ ਰਹਿਣ ਲਈ ਜਦ ਕਦੀ ਸਾਧ - ਸੰਗਤ, ਹਰਿ - ਜੱਸ, ਹਰਿ - ਕੀਰਤਨ ਹੁੰਦਾ ਹੈ, ਸਰੋਤਾ ਇਕ ਸੁਰ ਹੋ ਬਿਨਾਂ ਬੋਲੇ, ਕੰਨਾਂ ਰਾਹੀਂ ਅੰਦਰੇ 'ਚ ਰਸ ਸਿੰਚਨ ਕਰ ਕੇ ਮਖਮੂਰ ਹੋ ਕੇ ਝੂਮ ਉਠਦਾ ਹੈ, ਤੇ ਸਰੀਰ ਪੀਂਘ ਦੇ ਹੁਲਾਰੇ ਵਾਂਗ ਜਾਂ ਬੱਚੇ ਦੇ ਪੰਘੂੜੇ ਵਾਂਗੂ ਹੁਲਾਰੇ ਮਾਰਦਾ, ਖੁਸ਼ੀਆਂ, ਖੇੜੇ ਦੇ ਮੰਡਲਾਂ ਵਿਚ ਸਦਾ ਬਹਾਰ - ਬਹਾਰ, ਸੁੰਦਰਤਾ, ਮਹਿਕ ਵਿਚ ਅਨੰਦ ਮਾਣਦਾ ਹੈ, ਨਾ ਜਾਣੇ ਕਦ ਤੱਕ ਮਸਤੀ ਵਿਚ ਅਨੰਦ ਮਾਣਦਾ ਰਹਿੰਦਾ ਹੈ।

ਪਰੰਤੂ ਅਸੀਂ ਇਸ ਅਨੰਦਤ ਮਈ ਵਸਤੂ ਤੋਂ ਕੋਰੇ ਹਾਂ, ਤੇ ਇਸ ਦੇ ਚਾਹਵਾਨ ਨਾ ਹੋਣ ਕਰ ਕੇ ਸਤਿਸੰਗ, ਹਰੀਕੀਰਤਨ ਸਮੇਂ ਆਪਣਾ ਹੀ ਸ਼ੋਰੋ - ਗੁੱਲ (ਰੌਲਾ - ਰੱਪਾ) ਕਰ ਕੇ ਆਪਣਾ ਹੀ ਨਹੀਂ, ਸਗੋਂ ਉਸ ਮਹਿਕ ਦਾ, ਜੋ ਦੂਜਿਆਂ ਦਾ ਸੁਵਾਦ ਮਾਰਨ ਦੇ ਭੀ ਅਪਰਾਧੀ ਹੁੰਦੇ ਹਾਂ।

ਬਕਤੇ - ਸਰੋਤੇ ਦੇ ੧੪ ਗੁਣ

ਬਕਤੇ (ਕਥਨ ਕਰਨ ਵਾਲੇ) ਦੇ ਅਤੇ ਸਰੋਤੇ (ਸੁਨਣ ਵਾਲੇ) ਦੇ ਚੌਦਾਂ, ਚੌਦਾਂ ਗੁਣ ਇਸ ਪ੍ਰਕਾਰ ਹੁੰਦੇ ਹਨ—

ਬਕਤੇ ਦੇ ੧੪ ਗੁਣ

੧. ਮਿੱਠ ਰਸ—ਮਿੱਠੇ ਬੋਲਣ ਵਾਲਾ ਹੋਵੇ।

੨. ਅਰਥ ਦਾ ਵਿਸਥਾਰ ਅਤੇ ਸੰਕੋਚ ਕਰਨਾ ਜਾਣਦਾ ਹੋਵੇ।

੩. ਸਰੋਤਿਆਂ ਦੀ ਰੁਚੀ ਅਨੁਸਾਰ ਕਥਨਾ (ਕਹਿਣਾ) ਜਾਣਦਾ ਹੋਵੇ।

੪. ਕਥਾ ਦਾ ਪ੍ਰਸੰਗ ਤਿਆਰ ਕਰ ਕੇ ਕਹਿਣਾ ਜਾਣਦਾ ਹੋਵੇ।

੫. ਜੋ ਸ਼ਬਦ ਦਾ ਸਿਧਾਂਤ ਹੋਵੇ, ਉਹ ਸਪਸ਼ਟ ਕਰ ਕੇ ਵਰਨਣ ਕਰਨ ਵਾਲਾ ਹੋਵੇ।

੬. ਸੰਸਾ ਨਵਿਰਤੀ ਕਰਨ ਵਾਲਾ ਹੋਵੇ।

੭. ਸਾਰੇ ਸ਼ਾਸ਼ਤ੍ਰਾਂ ਦਾ ਜਾਣਕਾਰ ਹੋਵੇ।

੮. ਕਥਾ ਦੇ ਅਨੁਸਾਰ ਹੀ ਸਾਖੀ ਪ੍ਰਮਾਣ ਲਾਵੇ, ਉਲਟ - ਪੁੱਲਟ ਨਾ ਲਾਵੇ।

੯. ਸਰੋਤਿਆਂ ਦੀ ਪ੍ਰਸੰਨਤਾ ਪ੍ਰਾਪਤ ਕਰਨ ਵਾਲਾ ਹੋਵੇ!

੧੦. ਸਰੀਰ ਸਿੱਧਾ ਤੇ ਗੁਰਮੁਖ ਆਸਣ (ਚੌਂਕੜਾ) ਮਾਰ ਕੇ ਬੈਠੇ।

੧੧. ਸਾਰੇ ਸਰੋਤਿਆਂ ਦਾ ਧਿਆਨ ਆਪਣੇ ਵਲ ਅਕਰਸ਼ਕ ਕਰਨ ਦੀ ਸ਼ਕਤੀ ਵਾਲਾ ਹੋਵੇ।

੧੨. ਹੰਕਾਰੀ, ਹੱਠੀ, ਕੜਵਾ ਬੋਲਣ ਵਾਲਾ ਨਾ ਹੋਵੇ।

੧੩. ਧਰਮਾਤਮਾ ਹੋਵੇ, ਜੋ ਕਥਨ ਕਰੇ, ਉਸ ਤੇ ਅਮਲ ਕਰਨ ਵਾਲਾ ਹੋਵੇ।

੧੪. ਸਬਰ, ਸੰਤੋਖੀ ਹੋਵੇ, ਜੋ ਸੁਤੇ ਮਿਲੇ, ਉਸ ਤੇ ਪ੍ਰਸੰਨ ਹੋਵੇ।

ਸਰੋਤੇ ਦੇ ੧੪ ਗੁਣ

੧. ਵਕਤਾ ਦੀ ਕਰਨੀ ਦਾ ਮਨ-ਬਚ-ਕਰਮ ਕਰ ਕੇ ਭਗਤ ਹੋਵੇ।

੨. ਨਿਰਹੰਕਾਰ ਹੋਣਾ।

੩. ਪ੍ਰੇਮ ਨਾਲ ਵਕਤਾਂ ਨੂੰ ਸੁਨਣਾ।

੪. ਵਕਤਾ ਦੇ ਕਥਨ ਤੇ ਤਰਕਾਂ (ਟੀਕਾ-ਟਿਪਣੀ) ਨਾ ਕਰੇ।

੫. ਸਮਝਣ ਵਿਚ ਚਤਰ ਤੇ ਤੀਖਣ ਬੁੱਧੀ ਵਾਲਾ ਹੋਵੇ।

੬. ਪ੍ਰਸ਼ਨ ਕਰਨ ਵਿਚ ਸਰੇਸ਼ਟ ਬੁਧੀ ਵਾਲਾ ਹੋਵੇ।

੭. ਬਹੁਤ ਗਰੰਥਾਂ ਦਾ ਸਰੋਤਾ [ਸੁਣੇ - ਪੜ੍ਹੇ] ਹੋਵਣ ਵਾਲਾ ਹੋਵੇ।

੮. ਆਲਸੀ ਦਲਿਦਰੀ ਨਾ ਹੋਵੇ।

੯. ਸੁਨਣ ਸਮੇਂ ਨੀਂਦਰ ਦੀ ਲਪੇਟ ਵਿਚ ਨਾ ਆਉਣ ਵਾਲਾ ਹੋਵੇ। [ਭਾਵ ਸੁਣ ਕੇ ਸੌਂ ਨਾ ਜਾਵੇ।]

੧੦. ਜੋ ਸੁਣੇ ਉਸ ਨੂੰ ਧਾਰਨ ਕਰ ਕੇ ਅਮਲ ਕਰਨ ਵਾਲਾ ਹੋਵੇ।

੧੧. ਵੰਡ ਕੇ ਛੱਕਣ ਵਾਲੀ ਬਿਰਤੀ ਵਾਲਾ ਹੋਵੇ।

੧੨. ਵਕਤਾ ਦੇ ਸਿਧਾਂਤ੍ਰ ਤੋਂ ਵਿਰੁੱਧ ਹੋ ਕੇ ਸਿਧਾਂਤ ਦਾ ਤਿਆਗ ਨਾ ਕਰੇ।

੧੩. ਪਵਿਤਰ ਰਹਿਣੀ, ਬਹਿਣੀ ਵਾਲਾ ਹੋਵੇ।

੧੪. ਪਾਖੰਡੀ ਨਾ ਹੋਵੇ, ਚੰਚਲ ਬੁਧ ਨਾ ਹੋਵੇ, ਜੋ ਸੁਣੇ ਉਸ ਨੂੰ ਸ਼ਰਧਾ ਨਾਲ, ਤੇ ਉਸ ਨੂੰ ਸ਼ਰਧਾ ਨਾਲ ਮਨ ਵਿਚ ਵਸਾਵੇ ਅਤੇ ਸਤਿਗੁਰੂ ਤੇ ਤੇ ਪੂਰਨ ਵਿਚ ਵਿਸ਼ਵਾਸੀ ਹੋਵੇ।

[ਮਹਾਨ ਕੋਸ਼—ਸਰੋਤੇ ਦੇ ਗੁਣ, ਭਾ; ਕਾਹਨ ਸਿੰਘ

ਗੁਰੂ (ਉਸਤਾਦ) ਚਾਰ ਪ੍ਰਕਾਰ ਦੇ ਹੁੰਦੇ ਹਨ—

੧. ਭ੍ਰਿੰਗੀ ਸਮਾਨ ਗੁਰੂ—ਜੋ ਇਕ ਖਾਸ ਜਾਤੀ ਦਾ ਕੀੜਾ ਹੁੰਦਾ ਹੈ, ਜੋ ਆਪਣੇ ਵਰਗਾ ਕਰ ਲੈਂਦਾ ਹੈ।

੨. ਪਾਰਸ ਸਮਾਨ ਗੁਰੂ—ਜੋ ਲੋਹੇ ਆਦਿ ਧਾਤੂ ਨੂੰ ਸੋਨਾ ਤਾਂ ਕਰ ਦੇਂਦਾ ਹੈ, ਪਰ ਆਪਣਾ ਗੁਣ ਉਸ ਨੂੰ ਨਹੀਂ ਦਿੰਦਾ।

੩. ਚੰਦਨ ਸਮਾਨ ਗੁਰੂ–ਜੋ ਆਪਣੇ ਪਾਸ ਦੇ ਬ੍ਰਿਛਾਂ ਨੂੰ ਸੁਗੰਧਤ ਕਰ ਦੇਂਦਾ ਹੈ ਅਤੇ ਜ਼ਹਿਰੀਲੇ ਸੱਪਾਂ ਦੇ ਡੰਗ ਸਹਾਰ ਕੇ ਵੀ ਠੰਡਕ ਦੇਂਦਾ ਹੈ।

੪. ਦੀਪ ਸਮਾਨ ਗੁਰੂ–ਜੋ ਆਪ ਪ੍ਰਕਾਸ਼ਵਾਨ ਹੁੰਦਾ ਹੈ ਤੇ ਦੂਸਰਿਆਂ ਨੂੰ ਭੀ ਗਿਆਨ ਰੂਪੀ ਪ੍ਰਕਾਸ਼ ਪ੍ਰਦਾਨ ਕਰ ਕੇ ਪ੍ਰਕਾਸ਼ਵਾਨ ਕਰ ਦੇਂਦਾ ਹੈ।

ਪਰ ਸ੍ਰੀ ਗੁਰੂ ਨਾਨਕ ਦੇਵ ਜੀ ਪਰਮ ਕ੍ਰਿਪਾਲੂ ਹਨ।

ਇਸ ਵਿਦਿਆਰਥੀ ਨੇ ਅਜਿਹੀ ਬਾਬਾ ਜੀ ਤੋਂ ਬਖਸ਼ਸ਼ ਪ੍ਰਾਪਤ ਕੀਤੀ ਕਿ ਇਕ ਚੰਗਾ ਗਿਆਨਵਾਨ ਹੋ ਗਿਆ।

ਵਿੱਦਿਆ ਦੀਆਂ ਸੁਤੇ ਸਿੱਧ ਬਖ਼ਸ਼ਸ਼ਾਂ

ਭਾਈ ਸੇਵਾ ਸਿੰਘ ਜੀ ਕਾਲੀਅ ਨਿਹੰਗ - ਸਿੰਘ ਬਹੁਤ ਸਮੇਂ ਤੋਂ ਖੇਤੀ - ਖਾੜੀ ਦੀ ਸੇਵਾ ਤਨੋਂ, ਮਨੋਂ ਹੋ ਕੇ ਕਰਦਾ ਆ ਰਿਹਾ ਸੀ, ਉੱਚਾ ਲੰਮਾ ਜਵਾਨ, ਬਾਣੇ ਵਿਚ ਕਿੰਨਾ ਚੰਗਾ ਲੱਗਦਾ, ਪਰ ਉਸ ਦਾ ਰੰਗ ਕਾਲਾ ਹੋਣ ਕਰ ਕੇ ਉਸ ਨੂੰ 'ਕਾਲੀਆ' ਨਾਮ ਨਾਲ ਹੀ ਪੁਕਾਰਿਆ ਜਾਂਦਾ। ਭਾਵੇਂ ਪੜ੍ਹਿਆ ਨਹੀਂ ਸੀ, ਪਰ ਸ਼ਰਧਾ ਕੁੱਟ ਕੁੱਟ ਕੇ ਭਰੀ ਹੋਈ ਸੀ ਅਤੇ ਸੇਵਾ ਕਰਨ ਵਿਚ ਕਦੇ ਭੀ ਕਿੰਤੂ ਨਹੀਂ ਸੀ ਕਰਦਾ ਤੇ ਹੱਡ ਭੰਨ ਕੇ ਕਿੰਨੀ ਕਿੰਨੀ ਰਾਤ ਤੱਕ ਖੇਤਾਂ ਵਿਚ ਕੰਮ ਕਰਦਾ ਰਹਿੰਦਾ।

ਇਕ ਦਿਨ ਖੇਤਾਂ ਦੇ ਕੰਮ ਚੋਂ ਵਿਹਲਾ ਹੋ ਕੇ, ਦੁਪਹਿਰ ਢਲੀ ਆ ਗਿਆ। ਬਾਬਾ ਜੀ ਆਪਣੇ ਬੁੰਗੇ ਪਾਸ ਬੈਠੇ ਸਨ। ਉਧਰ ਲੰਗਰ ਪਕਾਉਣ ਦੇ ਤਿਆਰੇ ਹੋ ਰਹੇ ਸਨ। ਦਾਸ ਭੀ ਪਾਸ ਖੜਾ ਸੀ। ਭਾਈ ਸੇਵਾ ਸਿੰਘ ਜੀ ਉਚੀ ਧੌਣ ਕਰੀ ਬਾਬਾ ਜੀ ਪਾਸ ਆਣ ਖਲੋਤੇ। ਅਤੇ ਫਤਹਿ ਬੁਲਾਈ ਤੇ ਜਿਵੇਂ ਉਸ ਦਾ ਉੱਚਾ ਬੋਲਾ ਸੀ, ਕਹਿਣ ਲਗਾ–

ਬਾਬਾ ਜੀ! ਤੁਸੀਂ ਸਾਰਿਆਂ ਨੂੰ ਪੜ੍ਹਾਈ ਜਾਂਦੇ ਹੋ ਤੇ ਮੈਨੂੰ ਪੜ੍ਹਾਇਆ ਨਹੀਂ? ਮੈਨੂੰ ਢੋਰ ਢੋਣ ਤੇ ਹੀ ਲਾਈ ਰੱਖੋਗੇ ਕਿ ਕਦੀ ਬੈਲ - ਬੁਧੀ ਨੂੰ ਭੀ ਪੜ੍ਹਾਓਗੇ?

ਕੋਲ ਖੜੇ ਸਿੰਘ– ਸਾਰੇ ਹੱਸ ਪਏ ਤੇ ਆਖਣ ਲੱਗੇ, ਬਾਬਾ ਜੀ ਇਸ ਨੂੰ ਬੁੱਢੇ ਵਾਰੇ ਪੜ੍ਹਾਈ ਦਾ ਚੇਤਾ ਆਇਆ ਹੈ। ਪੜ੍ਹਾਈ ਦੇ ਵੇਲੇ ਤੇ ਸਕੂਲੋਂ ਨੱਸ ਜਾਂਦਾ ਰਿਹਾ ਹੋਵੇਗਾ, ਸਕੂਲ ਦਾ ਤਾਂ ਮੂੰਹ ਭੀ ਨਹੀਂ ਵੇਖਿਆ ਹੋਵੇਗਾ। ਹੁਣ ਚਾਓ ਆ ਗਿਆ ਸੂ। ਰੀਸਾਂ ਕਰਨ ਲੱਗ ਪਿਆ ਏ। ਤੇ ਤੇਰੇ ਭਾਗਾਂ ਵਿਚ ਵਿਦਿਆ ਹੁੰਦੀ ਤੇ ਤੂੰ ਕਈ ਸਾਲਾਂ ਦਾ ਸੇਵਾ ਕਰ ਰਿਹਾ ਏਂ, ਪੜ੍ਹਨਾ ਜਾਂਦੋ।

ਸੇਵਾ ਸਿੰਘ–(ਆਪਣੇ ਤਿੱਖੇ ਸੁਭਾ ਮੁਤਾਬਕ) ਬਾਬਾ ਜੀ! ਇਹਨਾਂ ਨੂੰ ਮੋੜ ਲਵੋ, ਜਾਣ ਕੇ ਮਸ਼ਕਰੀਆਂ ਕਰਦੇ ਹਨ। ਵੱਡੇ ਪੜ੍ਹਾਕੂ, ਦੋ ਅੱਖਰ ਪੜ੍ਹ ਗਏ ਨੇ। ਤੇ ਹੁਣ ਟਿੱਚਰਾਂ ਕਰਦੇ ਨੇ। ਆਓ ਵੱਡੇ ਪਾੜਿਆ ਨੂੰ ਵੇਖਾਂ? ਮੇਰੇ ਨਾਲ ਹੱਲ ਵਾਹ ਲਵੇ, ਜਾਂ ਜਵਾਰੀ ਵੱਢ ਲਵੇ। ਵੇਖਾਂਗੇ ਕੌਣ ਜ਼ਿਆਦਾ ਵੱਢਦਾ ਏ?

ਬਾਬਾ ਜੀ–ਨਹੀਂ ਭਾਈ ਸਿੰਘੋ! ਹਾਸੀ ਨਾ ਕਰੋ। ਮਾਤਾ ਜੀ ਨੂੰ ਸਭ ਬੱਚੇ ਲਾਡਲੇ ਹੁੰਦੇ ਹਨ। ਜਦੋਂ ਉਹ ਸਮਝਦੀ ਹੈ, ਉਦੋਂ ਹੀ ਉਸ ਨੂੰ ਉਹ ਵਸਤੂ ਦੇਂਦੀ ਹੈ, ਜਿਸ ਦਾ ਉਹ ਭਾਗੀ ਹੁੰਦਾ ਹੈ। ਹਾਂ ਭਾਈ ਜਨੋ! ਉਹ ਭੀ ਨਹੀਂ ਭੁੱਲਾ ਜੋ ਸ਼ਾਮੀਂ ਘਰ ਮੁੜ ਆਏ। ਇਸ ਦੇ ਧੰਨ ਭਾਗ, ਜੇ ਇਸ ਅੰਦਰ ਭੀ ਵਿਦਿਆ (ਗਿਆਨ) ਦੀ ਲਾਲਸਾ ਜਾਗੀ ਹੈ। ਭਾਵੇਂ ਉਪਦੇਸ਼ ਨਾਲ, ਜਾਂ ਭਾਵੇਂ ਵੇਖ ਕੇ ਜਾਗਰਤ ਤਾਂ ਆਈ ਹੈ। ਹਾਂ, ਬਾਣੀ ਦਾ ਫੁਰਮਾਨ ਹੈ–

ਫਰੀਦਾ ਕਾਲੀ ਜਿਨੀ ਨਾ ਰਾਵਿਆ ਧਉਲੀ ਰਾਵੈ ਕੋਇ ॥
ਕਰਿ ਸਾਂਈ ਸਿਉ ਪਿਰਹੜੀ ਰੰਗ ਨਵੇਲਾ ਹੋਇ ॥੧੨॥

ਮ: ੩ ॥ ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ ... ੧੩ ॥ [ਸਲੋਕ ਫਰੀਦ

ਜੇ ਕਾਲਿਆਂ ਕੇਸਾਂ ਸਮੇਂ ਭਾਗ ਉਦੈ ਨਹੀਂ ਹੋਏ ਤਾਂ ਕੀ ਹੋਇਆ? ਚਿੰਤਾ ਕਰਨ ਦੀ ਲੋੜ ਨਹੀਂ। ਜੇ ਧੌਲੀਂ (ਚਿੱਟੇ ਕੇਸ ਹੋਣ ਤੇ ਬੁਢੇਪੇ ਵਿਚ ਭੀ) ਸਾਂਈ ਦੀ ਤਾਂ ਭੀ ਸੁਭਾਗਤਾ ਸਮਝੋ, ਜਦੋਂ ਭੀ ਸਾਈਂ ਮਿਹਰ ਕਰ ਦੇਵੇ, ਉਸ ਦੀ ਯਾਦ ਆ ਜਾਵੇ। ਪਿਆਰ ਦਾ ਵੇਲਾ ਸਦਾ ਹੀ ਨਵਾਂ ਹੁੰਦਾ ਹੈ।

ਇਸ ਦੇ ਪਿਛਲੇ ਕਰਮ ਦਾ ਜੋ ਪੜਦਾ ਸੀ, ਉਹ ਸੇਵਾ ਕਰ ਕੇ, ਧੁਪ ਕੇ ਦੂਰ ਹੋ ਕੇ, ਨਿਰਮਲ ਅਤੇ ਸਾਫ ਹੋ ਗਿਆ ਹੈ। ਤਾਂ ਹੀ ਇਸ ਦੇ ਅੰਤਸ਼ਹ ਕਰਨ ਵਿਚ ਬਾਣੀ ਪੜ੍ਹਨ ਦੀ ਉਮੰਗ ਪੈਦਾ ਹੋਈ ਹੈ। ਇਹ ਇਸ ਤੇ ਵੱਡੀ ਬਖਸ਼ਸ਼ ਹੋਈ ਹੈ ਜਗਤ ਮਾਤਾ ਦੀ। ਉਹ ਆਪ ਹੀ ਇਸ ਨੂੰ ਬੁੱਧੀ - ਬਲ ਬਖਸ਼ਣਗੇ। ਤੁਸੀਂ ਵੇਖਣਾ, ਇਹ ਕਿਤਨੀ ਛੇਤੀ ਪੜ੍ਹ ਜਾਵੇਗਾ।

ਭਾਈ ਸੇਵਾ ਸਿੰਘ, ਤੁਸੀਂ ਲਿਖਾਰੀ ਸਿੰਘ (ਦਾਸ ਪਾਸੋਂ) ੳ, ਅ, ੲ, ਅਤੇ ਮੁਹਾਰਨੀ ਪੱਕਾ ਲਵੋ। ਸਤਿਗੁਰੂ ਜ਼ਰੂਰ ਤੇਰੇ ਮਨ ਦੀ ਭਾਵਨਾ ਪੂਰੀ ਕਰਨਗੇ।

ਭਾਈ ਸੇਵਾ ਸਿੰਘ ਜੀ ਤੇ ਹੋਰ ਨਖਾਂਦੇ (ਅਨਪੜ੍ਹ) ਸਿੰਘ ਸਵੇਰੇ ਅਰਦਾਸ ਕਰਵਾ ਕੇ ਦਾਸ ਕੋਲੋਂ ਪੈਂਤੀ ਸਿੱਖਣੀ ਸ਼ੁਰੂ ਕਰ ਦਿਤੀ, ਸਲੇਟਾਂ, ਤਖਤੀਆਂ ਜਾਂ ਪੰਜਾਬੀ ਬਾਲ ਬੋਧ (ਕਾਇਦੇ) ਤਾਂ ਉਧਰ ਕਿਥੇ ਮਿਲਦੇ ਸੀ। ਦਾਸ ਨੇ ਸਾਫ ਸੁਥਰੀ ਜ਼ਮੀਨ ਤੇ ਉਹਨਾਂ ਦੀਆਂ ਉਂਗਲਾਂ ਫੜ ਕੇ, ਪਹਿਲੇ ਦਿਨ ੫–੫ ਅੱਖਰ ਕਈ ਕਈ ਵਾਰ ਲਿਖਵਾਏ। ਉਹਨਾਂ ਸਿੰਘਾਂ ਦੇ ਅੰਦਰ ਅਜਿਹੀ ਲਗਨ ਲੱਗੀ ਕਿ ਸਵੇਰੇ ਹੀ ਪੰਜ ਅੱਖਰਾਂ ਦੀ ਸੰਥਾ ਲੈ ਜਾਇਆ ਕਰਨ। ਜਿਥੇ ਭੀ ਬਾਹਰ ਜਾਂ ਅਸਥਾਨ ਤੇ ਸਿੰਘ ਸੇਵਾ ਕਰਦੇ ਉਥੇ ਵੇਹਲੇ ਵਕਤ ਬੈਠੇ ਧਰਤੀ ਤੇ ਲਿਖਦੇ ਰਹਿੰਦੇ ਤੇ ਸ਼ਾਮ ਨੂੰ ਲਿਖਕੇ ਸੁਣਾਂਦੇ। ਇਸ ਤਰਾਂ ਸੱਤਾਂ ਦਿਨਾਂ ਵਿਚ ਸਾਰੇ ਪੈਂਤੀ ਪੜ੍ਹਨੀ ਤੇ ਲਿਖਣ ਲੱਗ ਪਏ। ਦਾਸ ਨੇ ਪੈਂਤੀ ਦਾ ਮੋਟੇ ਅੱਖਰਾਂ ਵਿਚ ਵਡਾ ਚਾਰਟ ਵਡੇ ਵਡੇ ਕਾਗਜ਼ ਤੇ ਬਣਾ ਦਿਤਾ। ਜਿਥੋਂ ਉਹਨਾਂ ਨੂੰ ਪੈਂਤੀ ਦੇ ਅੱਖਰ ਦੀ ਸਹਿਜੇ ਹੀ ਪਛਾਣ ਹੋ ਜਾਇਆ ਕਰਦੀ। ਕੁਝ ਦਿਨ ਹੋਰ ਲਾ ਕੇ ਲੱਗਾਂ ਮਾਤ੍ਰਾਂ ਪੜ੍ਹ ਗਏ ਤੇ ਮਹੀਨੇ ਡੇਢ ਮਹੀਨੇ ਵਿਚ ਪੰਜ ਗਰੰਥੀ ਸ਼ੁਰੂ ਕਰ ਦਿਤੀ। ਇਸ ਤਰ੍ਹਾਂ ਸਾਲ ਵਿਚ ਆਦਿ ਸਰੂਪ ਭਾਗ ਤੋਂ ਬਾਬਾ ਜੀ ਤੋਂ ਸੰਥਾ ਲੈਣ ਲੱਗ ਪਏ। ਬਾਬਾ ਜੀ ਦਾ ਬਚਨ ਸੁਤੇ ਸਿਧ ਹੀ ਸਤਿ ਹੋਇਆ। ਸਾਰੇ ਮਸ਼ਕਰੀਆਂ ਕਰਨ ਵਾਲੇ ਸਿੰਘ ਇਸ ਅਸਚਰਜ ਬਖਸ਼ਸ਼ ਤੋਂ ਹੈਰਾਨ ਹੋਏ। ਕਿਵੇਂ ਬਾਬਾ ਜੀ ਨੇ ਇਕ ਨਹੀਂ ਪੰਜਾਂ ਸੱਤਾਂ ਨੂੰ ੬੦ - ੬੫ ਸਾਲਾਂ ਦੇ ਸਿੰਘਾਂ ਨੂੰ ਵਿਦਿਆ ਦੀ ਦਾਤ ਬਖਸ਼ ਦਿਤੀ।

ਭਾਈ ਨੱਥਾ ਸਿੰਘ ਜੀ ਕਾਰਬਾਰੀ ਦਾ ਪੜ੍ਹਨਾ

ਭਾਈ ਨੱਥਾ ਸਿੰਘ ਕਾਰਬਾਰੀ ਸਿੰਘਾਂ ਨੂੰ ਵਿਦਿਆ ਪੜ੍ਹਦਿਆਂ ਵੇਖ ਕੇ ਕਈ ਵਾਰੀ ਮਨ ਵਿਚ
ਸੋਚਦਾ ਕਿ ਬਾਬਾ ਜੀ ਦੀ ਸੰਗਤ ਤੋਂ ਅਸੀਂ ਭੀ ਇਹ ਦਾਤ ਪ੍ਰਾਪਤ ਕਰ ਲੈਂਦੇ। ਉਸ ਨੂੰ ਮਾਂ ਬਾਪ ਨੇ ਭੀ
ਨਾ ਪੜ੍ਹਾਇਆ। ਪਰ ਮਹਾਂਪੁਰਸ਼ਾਂ ਤੋਂ ਭੀ ਗਿਆਨ ਨਾ ਪ੍ਰਾਪਤ ਕਰ ਸਕੇ। ਗੁਰਬਾਣੀ ਦਾ ਪਾਠ ਹੀ
ਕਰ ਲਿਆ ਕਰਦੇ। ਨਿਰੀ ਸੇਵਾ ਹੀ ਜੀਵਨ ਦਾ ਲਖਸ਼ ਤਾਂ ਨਹੀਂ।

ਇਹਨਾਂ ਦੀ ਅਣਥੱਕ ਸੇਵਾ ਤੇ ਸਾਰੇ ਹੀ ਪ੍ਰਸੰਨ ਸਨ। ਹਰ ਇਕ ਨਾਲ ਮਿੱਠ ਬੋਲਾ ਸੁਭਾਅ ਤੇ
ਜਿਧਰ ਵੇਖਣਾ, ਉਸੇ ਪਾਸੇ ਸੇਵਾ ਵਿਚ ਲਗੇ ਰਹਿਣਾ। ਸੱਚਖੰਡ ਜੋ ਮਾਤਾ ਜੀ ਦੇ ਅਸਥਾਨ ਤੋਂ 8 ਮੀਲ
ਦੂਰ ਸੀ, ਜੇ ਦੋ ਵਾਰੀ ਪੈਦਲ ਭੀ ਜਾਣਾ ਹੁੰਦਾ ਤੇ ਕਦੀ ਭੀ ਕਿੰਤੂ ਨਾ ਕਰਦੇ।

ਅਜਿਹੀ ਨਿਸ਼ਕਾਮ ਸੇਵਾ ਨੇ ਸਰੀਰ ਰੂਪੀ ਭਾਂਡਾ ਮਾਂਜ ਦਿਤਾ ਤੇ ਜਨਮਾਂ ਦੀ ਮੈਲ ਕੱਟ ਕੇ ਅੰਤਸ਼ਹ-
ਕਰਨ ਵਿਚ ਜੀਵਨ ਦੇ ਮੂਲ ਸਿਧਾਂਤ ਦੀਆਂ ਝਲਕਾਂ ਵੱਜਣ ਲੱਗ ਪਈਆਂ। ਹੁਣ ਕਦੀ ਕਦੀ ਸਿੰਘਾਂ ਦੇ
ਪਾਸ ਉਹ ਆਪਣੀ ਇਸ ਘਾਟ ਦਾ ਜ਼ਿਕਰ ਕਰਦੇ ਹੋਏ ਕਹਿੰਦੇ–ਜੇ ਮੈਂ ਪੜ੍ਹਿਆ ਹੁੰਦਾ ਤਾਂ ਮੈਂ ਲਿਖ
ਸਕਦਾ। ਕਈ ਵਾਰੀ ਨਾਂਦੇੜ ਤੋਂ ਬਾਬਾ ਜੀ ਚੀਜ਼ਾਂ ਲੈਣ ਲਈ ਭੇਜਦੇ ਹਨ, ਕਈ ਚੀਜ਼ਾਂ ਵਿਚੋਂ ਭੁੱਲ ਜਾਂਦਾ
ਹਾਂ। ਭਾਵੇਂ ਬਾਬਾ ਜੀ ਤਾਂ ਕੁਝ ਨਹੀਂ ਆਖਦੇ। ਪਰ ਮੈਨੂੰ ਆਪਣੀ ਗਲਤੀ ਮਹਿਸੂਸ ਹੁੰਦੀ ਹੈ, ਦੁਬਾਰਾ
ਜਾਣਾ ਪੈਂਦਾ ਹੈ। ਜੇ ਚਾਰ ਅੱਖਰ ਪੜ੍ਹ ਜਾਵਾਂ ਤਾਂ ਲਿਖ ਕੇ ਲੈ ਜਾਇਆ ਕਰਾਂ, ਹੁਣ ਡੇਰੇ ਦਾ ਕਾਰੋਬਾਰ
ਭੀ ਵੱਡਾ ਹੋ ਗਿਆ ਹੈ ਭੁੱਲ ਵਿਚ ਕਿਤੇ ਗੁਰੂ ਕਾ ਲੇਖੇਦਾਰ ਨਾ ਬਣ ਜਾਵਾਂ।

ਸਿੰਘ ਭੀ ਮਹਿਸੂਸ ਕਰਦੇ ਕਿ ਜਿਥੇ ਹੋਰ ਅਨਪੜ੍ਹ ਪੜ੍ਹੀ ਜਾ ਰਹੇ ਹਨ, ਜੇ ਕਾਰੋਬਾਰੀ ਨੂੰ ਭੀ
ਬਾਬਾ ਜੀ ਬਖਸ਼ਸ਼ ਕਰ ਕੇ ਪੜ੍ਹਾ ਦੇਣ ਤਾਂ ਇਸ ਦੇ ਮਨ ਦੀ ਇੱਛਾ ਪੂਰੀ ਹੋ ਸਕੇਗੀ।

ਇਕ ਦਿਨ ਦੋ ਚਾਰ ਸਿੰਘਾਂ ਨੇ ਮਿਲ ਕੇ ਬਾਬਾ ਜੀ ਨੂੰ ਬੇਨਤੀ ਕੀਤੀ, ਕਿ ਬਾਬਾ ਜੀ! ਕਾਰੋਬਾਰੀ
ਭਾਈ ਨੱਥਾ ਸਿੰਘ ਜੀ ਦੀ ਭਾਵਨਾ ਹੈ, ਕਿ ਬਾਬਾ ਜੀ ਉਸ ਤੇ ਕਿਰਪਾ ਕਰਨ ਤੇ ਉਸ ਨੂੰ ਭੀ ਵਿਦਿਆ
ਦੀ ਦਾਤ ਬਖਸ਼ਣ।

ਬਾਬਾ ਜੀ ਹੱਸ ਪਏ ਅਤੇ ਉਹਨਾਂ ਨੇ ਹਾਸੇ ਵਿਚ ਕਿਹਾ– ਅਸੀਂ ਕਿਹੜਾ ਪੜ੍ਹੇ ਹੋਏ ਹਾਂ। ਸਾਨੂੰ
ਤਾਂ ਅਨਪੜ੍ਹ ਸੇਵਾਦਾਰ ਹੀ ਚਾਹੀਦੇ ਹਨ। ਪੜ੍ਹਿਆਂ ਵਿਚ ਚਾਤਰੀ ਆ ਜਾਂਦੀ ਅਤੇ ਗੁਰੂ ਬਖਸ਼ਸ਼ਾਂ ਵਾਲੇ
ਦੀ ਦਰਗਾਹ ਵਿਚ ਤਾਂ– ਪੜਿਆ ਅਣਪੜਿਆ ਪਰਮਗਤਿ ਪਾਵੈ ॥ ੧॥

[ਗਉੜੀ ਮ: ੫, ਪੰਨਾ ੧੯੭

ਇਹ ਤਾਂ ਸੰਸਾਰਕ ਰੀਤ ਹੈ। ਕੀ ਕਰਨਾ ਏ ਪੜ੍ਹ ਕੇ, ਵਾਹਿਗੁਰੂ ਜੀ ਦਾ ਨਿਯਮ ਤਾਂ ਪੜ੍ਹਿਆ ਹੋਵੇ ਜਾਂ
ਅਨਪੜ੍ਹ ਉਸ ਦੀ ਦਰਗਾਹੇ, ਦੋਵੇਂ ਇਕੋ ਜਿਹੇ ਹਨ। ਤੁਸੀਂ ਭਰਮ ਕਰਦੇ ਹੋ?

ਭਾ: ਨੱਥਾ ਸਿੰਘ ਜੀ– ਬਾਬਾ ਜੀ ਆਪ ਜੀ ਤੇ ਜਗਤ ਮਾਤਾ ਜੀ ਨੇ ਮੇਰੇ ਜਿਹੇ ਮੂੜ੍ਹ ਅਣਪੜ੍ਹ
ਨੂੰ ਕਿੰਨੀ ਵੱਡੀ ਸੇਵਾ ਦਾ ਮਾਣ ਬਖਸ਼ਿਆ ਹੈ, ਜਿਸ ਦੇ ਮੈਂ ਯੋਗ ਭੀ ਨਹੀਂ ਸਾਂ। ਪਰ ਮਨ ਕਈ ਵਾਰੀ
ਭਗੌੜਾ ਹੋ ਜਾਂਦਾ ਹੈ। ਜਿਸ ਕਰਕੇ ਮਨ ਨੂੰ ਆਹਰੇ ਲਾਉਣ ਲਈ ਇਹ ਫੁਰਨਾ ਫੁਰਿਆ ਸੀ। ਜੇ ਬਾਬਾ ਜੀ

ਕਿਰਪਾ ਕਰ ਕੇ ਬਾਣੀ ਪੜ੍ਹਾ ਦੇਣ, ਤਾਂ ਬਾਣੀ ਪੜ੍ਹਦਾ (ਮਨ ਧਾਵਨ ਤੋਂ ਰੋਕ ਕੇ) ਸੇਵਾ ਹੀ ਕਰਦਾ
ਰਵਾਂ। ਨਾਲੇ ਮੇਰਾ ਚੇਤਾ ਭੀ ਮਾੜਾ ਹੈ। ਕਈ ਵਾਰੀ ਚੀਜ਼ਾਂ ਭੁੱਲ ਜਾਂਦਾ ਹਾਂ, ਅਤੇ ਮਨ ਤੇ ਬੜਾ ਭਾਰ
ਜਿਹਾ ਜਾਪਦਾ ਏ।

ਹੋਰ ਸਿੰਘ–ਬਾਬਾ ਜੀ! ਕਰੋ ਕਿਰਪਾ ਤੇ ਕਾਰਬਾਰੀ ਨੂੰ ਜ਼ਰੂਰੀ ਬਾਣੀ ਦੇ ਬੋਧ ਲਈ ਪੜ੍ਹਾ
ਦਿਓ, ਅਜੇਹੇ ਸੇਵਕ ਦੀ ਇੱਛਾ ਤਾਂ ਜ਼ਰੂਰ ਪੂਰੀ ਕਰੋ।

ਬਾਬਾ ਜੀ– ਭਲਾ ਪੜ੍ਹਿਆਂ ਨੂੰ ਕੀ ਪੜ੍ਹਾਈਏ ਤੇ ਨਾਲੇ ਜਿਨ੍ਹਾਂ ਦਾ ਗੁਰੂ–ਸ੍ਰੀ ਗੁਰੂ ਨਾਨਕ ਦੇਵ
ਜੀ ਹੋਣ, ਉਹਨਾਂ ਨੂੰ ਕੀ ਉਪਦੇਸ਼ ਦੇਈਏ?

ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥੧॥ [ਸਲੋਕ ਮ: ੨–੧੫੦

ਜਦ ਇਹਨਾਂ ਦੀ ਭਾਵਨਾ ਬਣ ਹੀ ਗਈ ਹੈ, ਤਾਂ ਅਸੀਂ ਕੀ ਦੇ ਸਕਦੇ ਹਾਂ। ਇਹ ਮਾਂ ਪਾਸੋਂ ਆਪੇ
ਹੀ ਮੰਗ ਲੈਣ, ਉਹ ਤਾਂ ਸਭ ਨੂੰ ਦਾਤਾਂ ਬਖਸ਼ਦੇ ਹਨ–

ਜੋ ਮਾਗਹਿ ਠਾਕੁਰ ਆਪੁਨੇ ਤੇ ਸੋਈ ਸੋਈ ਪਾਵੈ ॥ [ਧਨਾਸਰੀ ਮ: ੫–੬੮੧

ਠਾਕੁਰ ਪਾਸੋਂ ਜੋ ਮੰਗੀਦਾ ਹੈ ਉਹ ਆਪੇ ਬਖਸ਼ਸ਼ ਕਰ ਕੇ, ਬਿਨਾਂ ਮੰਗਿਆ ਹੀ ਦੇ ਦਿੰਦਾ ਹੈ। ਇਹ ਤਾਂ
ਆਪੇ ਹੀ ਪੜ੍ਹ ਜਾਣਗੇ।

ਸਭ ਸਿੰਘ– (ਖੁਸ਼ ਹੋ ਰਹੇ ਸਨ ਤੇ ਸਭ ਨੇ ਜਾਣ ਲਿਆ ਕਿ) ਬਾਬਾ ਜੀ ਦਾ ਬਚਨ ਹੋ ਗਿਆ ਹੈ ਜੋ
ਸਤਿ ਹੋਵੇਗਾ। ਕੁਝ ਹੀ ਦਿਨਾਂ ਵਿਚ ਭਾਈ ਨੱਥਾ ਸਿੰਘ ਜੀ ਗੁਰਮੁਖੀ ਦੀ ਪੈਂਤੀ ਅੱਖਰੀ ਸਿਖ ਗਏ।
ਕੁਝ ਸਮੇਂ ਵਿਚ ਹੀ ਆਪ ਚੰਗੇ ਪਾਠੀ ਬਣ ਗਏ।

ਇਹ ਸੀ– ਸਾਧ ਕੈ ਸੰਗਿ ਨਹੀਂ ਨਹੀ ਕਛੁ ਘਾਲਿ ॥ [ਸੁਖਮਨੀ ਸਾਹਿਬ

ਅਤੇ– 'ਸਾਧ ਬਚਨ ਅਟਲਾਧਾ ॥

ਇਉਂ ਬਾਬਾ ਜੀ ਸੁਤੇ ਸਿੱਧ ਹੀ ਦਾਤਾਂ ਬਖਸ਼ ਦੇਂਦੇ, ਪਰ ਆਪਣੇ ਆਪ ਨੂੰ ਕਦੀ ਜਤਾਉਂਦੇ ਨਾ।
ਇਸ ਤਰ੍ਹਾਂ ਸਤਿਗੁਰੂ ਦਰਬਾਰ ਤੋਂ ਬਖਸ਼ਸ਼ਾਂ ਦੁਆ ਕੇ ਸਿੰਘਾਂ ਅੰਦਰ ਪਿਆਰ ਸ਼ਰਧਾ ਤੇ ਦ੍ਰਿੜਤਾ,
ਵਿਸ਼ਵਾਸ ਦੀ ਪ੍ਰਪਕਤਾ ਕਰ ਦੇਂਦੇ ਸਨ।

ਬਾਬਾ ਜੀ ਤੋਂ ਹੋਰ ਵਰੋਸਾਏ ਸਿੰਘ

ਦਾਸ ਦੀ ਜਾਣਕਾਰੀ ਵਿਚ ਬਾਬਾ ਜੀ ਤੋਂ ਵਰੋਸਾਏ ਸਿੰਘ ਇਸ ਪਰਕਾਰ ਹਨ–ਜਿਨ੍ਹਾਂ ਨੇ ਆਦਿ
ਅਤੇ ਦਸਮ ਦੀ ਵਿਦਿਆ ਪ੍ਰਾਪਤ ਕੀਤੀ ਅਤੇ ਹੋਰ ਗੁਣਾਂ ਦੀਆਂ ਦਾਤਾਂ ਪ੍ਰਾਪਤ ਕੀਤੀਆਂ–

੧. ਗਿਆਨੀ ਹਰੀ ਸਿੰਘ ਜੀ ਨਿਹੰਗ ਸਿੰਘ, ਹੈਡ ਗਰੰਥੀ ਬੁੱਢਾ ਦਲ।
੨. ਬਾਬਾ ਨਿਹਾਲ ਸਿੰਘ ਜੀ ਨਿਹੰਗ ਸਿੰਘ
੩. ਬਾਬੂ ਮੇਹਰ ਸਿੰਘ ਜੀ ਹੈੱਡ ਗ੍ਰੰਥੀ ਤੇ ਕਥਾ ਵਾਚਕ ਅਸਥਾਨ ਮਾਤਾ ਜੀ
੪. ਭਾਈ ਹਰਿਨਾਮ ਸਿੰਘ ਜੀ ਸਿੰਧੀ ਨਿਹੰਗ ਸਿੰਘ
੫. ਸੰਤ ਚੰਨਣ ਸਿੰਘ ਜੀ ਨਿਹੰਗ-ਸਿੰਘ

੬. ਭਾਈ ਨਾਹਰ ਸਿੰਘ ਜੀ ਨਿਹੰਗ ਸਿੰਘ
੭. ਭਾਈ ਅੜਬੰਗ ਸਿੰਘ ਜੀ ਨਿਹੰਗ ਸਿੰਘ (ਲਿਖਾਰੀ ਗੁਰਦੁਆਰਾ ਬੱਗਸਰ)
੮. ਭਾਈ ਜੈਮਲ ਸਿੰਘ ਜੀ ਨਿਹੰਗ ਸਿੰਘ
੯. ਭਾਈ ਗੋਪਾਲ ਸਿੰਘ ਜੀ ਨਿਹੰਗ ਸਿੰਘ (ਵੱਡਾ ਭਾਈ)
੧੦. ਭਾਈ ਮਹਿਤਾਬ ਸਿੰਘ ਨਿਹੰਗ-ਸਿੰਘ ਦਰਜ਼ੀ (ਪਿੰਡ ਨੌਹਰਾ)
੧੧. ਗਿਆਨੀ ਲਾਭ ਸਿੰਘ ਜੀ ਨਿਹੰਗ-ਸਿੰਘ (ਕਥਾ ਵਾਚਕ ਤੇ ਕੀਰਤਨੀਏ)
੧੨. ਭਾਈ ਕਰਤਾਰ ਸਿੰਘ ਜੀ ਨਿਹੰਗ ਸਿੰਘ ਜਲਮਾਣਾ (ਹਰਿਆਣਾ)
(ਇਹਨਾਂ ਕੁਝ ਸਮਾਂ ਬਾਬਾ ਜੀ ਤੋਂ ਬਾਅਦ ਮਾਤਾ ਜੀ ਦੇ ਅਸਥਾਨ ਦੀ ਸੇਵਾ ਸੰਭਾਲੀ ਸੀ।
੧੩. ਭਾਈ ਧੰਨਾ ਸਿੰਘ ਜੀ ਨਿਹੰਗ ਸਿੰਘ (ਮੋਨੀ–ਇਹ ਪਾਉਂਟਾ ਸਾਹਿਬ ਵਿਚ ਹੋਰ ਅਨੇਕਾਂ ਸਿੰਘਾਂ ਨਾਲ ਸ਼ਹੀਦ ਹੋਏ ਸਨ।)
੧੪. ਭਾਈ ਰਣ ਸਿੰਘ ਜੀ ਨਿਹੰਗ ਸਿੰਘ (ਇਹ ਬੁੱਢੇ ਦਲ ਵਿਚ ਨਿਸ਼ਾਨਚੀ ਸਨ। ਦਾਸ ਦੇ ਗੁਰ ਭਾਈ ਸਨ। ਅਸੀਂ ਇਕਠੇ ਪੰਜਾਬੋਂ ਗਏ ਸਾਂ ਤੇ ਇਕੱਠੇ ਹੀ ਸੰਥਾ ਬਾਬਾ ਜੀ ਕਰਿਆ ਕਰਦੇ ਸਾਂ।
੧੫. ਦਾਸ, ਗਿਆਨੀ ਕ੍ਰਿਪਾਲ ਸਿੰਘ ਜੀ ਨਿਹੰਗ ਸਿੰਘ [ਲਿਖਾਰੀ ਬੁੱਢਾ ਦਲ ਤੇ ਬਾਬਾ ਜੀ ਦੀ ਜੀਵਨੀ ਦਾ ਲੇਖਕ! ਅਸਾਂ ਦੋਹਾਂ (ਮੈਂ ਤੇ ਭਾਈ ਰਣ ਸਿੰਘ ਜੀ) ਨੇ ਬਾਬਾ ਜੀ ਤੋਂ ਤੋਂ ਸੰਥਾ ਪੜ੍ਹੀ ਸੀ ੧੯੩੭–੧੯੪੦ ਤੱਕ।]
੧੬. ਭਾਈ ਉੱਦਮ ਸਿੰਘ ਜੀ ਨਿਹੰਗ ਸਿੰਘ
(ਇਹਨਾਂ ਤੋਂ ਇਲਾਵਾ ਹੋਰ ਵੀ ਅਨੇਕਾਂ ਸਿੰਘ ਹਨ ਜਿਨ੍ਹਾਂ ਤੇ ਬਾਬਾ ਜੀ ਨੇ ਬਖਸ਼ਸ਼ਾਂ ਕੀਤੀਆਂ ਹਨ, ਜੋ ਦਾਸ ਦੀ ਯਾਦ ਵਿਚ ਨਹੀਂ।)

ਭਾਈ ਮਹਿਤਾਬ ਸਿੰਘ ਜੀ ਨੂੰ ਮੱਛੀ - ਮਾਸ ਬਾਰੇ ਸਿੱਖਿਆ

ਭਗਤੀ ਮਾਰਗ ਬਹੁਤ ਹੀ ਕਠਨ ਤੇ ਸੰਸਾਰ ਨਾਲੋਂ ਵਿਲੱਖਣ ਹੈ। ਸੰਸਾਰਕ ਪਦਾਰਥਾਂ ਦਾ ਤਿਆਗ, ਮਾਇਆ ਤੇ ਮੋਹ ਮਮਤਾ ਦਾ ਤਿਆਗ, ਕੇਵਲ ਪ੍ਰਭੂ ਦੀ ਰਜ਼ਾ–'ਜੋ ਦੇਵੈ ਸੋ ਖਾਹੀ'॥ ਫਿਰ ਕੋਈ ਸ਼ਿਕਵਾ ਨਹੀਂ, ਗਿਲਾ ਨਹੀਂ, ਉਦਾਸੀ ਜਾਂ ਚਿੰਤਾ ਨਹੀਂ। ਥੋੜਾ ਖਾਣਾ, ਥੋੜਾ ਸੌਣਾ, ਸਬਰ, ਸੰਤੋਖ ਅਤੇ ਅਤਿ ਕਠਨ ਪੈਂਡੇ ਚੀਰਨੇ। ਭਾਵੇਂ ਕੋਈ ਮੁੱਕੀਆਂ ਮਾਰੇ, ਚਾਹੇ ਗਾਹਲਾਂ ਕੱਢੇ। ਗੁਰਮੁਖ ਪਾਂਧੀ ਗੁਰਬਾਣੀ ਦੇ ਉਪਦੇਸ਼ਾਂ ਨੂੰ ਦ੍ਰਿੜਤਾ ਨਾਲ ਧਾਰਨ ਕਰ ਕੇ ਪ੍ਰਭੂ ਮਾਰਗ ਤੇ ਟੁਰਿਆ ਰਹਿੰਦਾ ਹੈ–

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ ॥
ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ ॥੭॥
[ਸਲੋਕ ਫਰੀਦ ਜੀ, ਪੰਨਾ ੧੩੭੮

ਹੈ ਨਾ ਇਹ ਸੰਸਾਰ ਨਾਲੋਂ ਵਿਲੱਖਣਤਾ! ਮੁੱਕੀਆਂ ਮਾਰਨ ਵਾਲੇ ਨੂੰ ਘੁੰਮ ਨਾ ਮਾਰੋ। ਇਉਂ ਹੀ ਆਪਣੇ ਘਰ ਜਾਣ ਦਾ ਰਾਹ, ਸਗੋਂ ਉਹਨਾਂ ਦੇ ਪੈਰ ਚੁੰਮੋ।

ਇਸ ਮਾਰਗ ਨੂੰ ਦਰਸਾਇਆ ਹੈ ਪੰਚਮ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਗੁਰਬਾਣੀ ਦੀਆਂ ਪੋਥੀਆਂ (ਬੀੜ ਸੰਗ੍ਰਹਿ ਕਰਨ ਸਮੇਂ) ਗੋਇੰਦਵਾਲ ਤੋਂ ਲਿਆਵਣ ਸਮੇਂ ਬਾਬਾ ਮੋਹਨ ਜੀ ਦੇ ਇਹ ਅਪਮਾਨ ਜਨਕ ਸ਼ਬਦ–ਅਰਜਨਾ! ਐਨਾ ਵੱਡਾ ਦਾਹੜਾ ਕਾਹਦੇ ਲਈ ਵਧਾਇਆ ਜੇ, ਪਰ ਸ਼ਾਂਤੀ ਦੇ ਪੁੰਜ ਸਤਿਗੁਰੂ–

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥
[ਸਲੋਕ ਮ: ੧, ਪੰਨਾ ੪੭੦

ਨੂੰ ਕਿਵੇਂ ਮਿੱਠਤ ਨਾਲ ਉੱਤਰ ਦਿਤਾ ਕਿ–ਆਪ ਜੈਸੇ ਮਹਾਂ ਪੁਰਸ਼ਾਂ ਦੇ ਚਰਨ ਝਾੜਨ ਲਈ, ਕਹਿ ਕੇ ਸੀਸ ਨਿਵਾ ਦਿਤਾ। ਇਉਂ ਭਗਤੀ ਮਾਰਗ–

ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥
[ਮ: ੩, ਪੰਨਾ ੧੪੫

ਸੰਸਾਰੀ ਜੀਵਾਂ ਦਾ ਖਾਣ ਪੀਣ, ਪਹਿਰਾਣ ਤੇ ਹਰ ਕਰਮ ਮਾਇਆ ਅਧਾਰਤ ਹੁੰਦਾ ਹੈ, ਅਤੇ ਉਹਨਾਂ ਦੇ ਲਈ 'ਭਖ ਅਭਖ ਸਭ ਖਾਇ ॥' ਬਿਨਾਂ ਡਰ ਭੈ ਦੇ ਜੀਵਨ ਦੇ ਮਨੋਰਥ–ਖਾਣ - ਪੀਣ, ਐਸ਼ - ਇਸ਼ਰਤ, ਤੇ ਮਨੋਰੰਜਨ ਨਾਲ ਹੀ ਹੁੰਦਾ ਹੈ। ਪ੍ਰਭੂ - ਹੋਂਦ ਜਾਂ ਪ੍ਰਭੂ - ਮਿਲਾਪ ਜਾਂ ਪ੍ਰਭੂ - ਭਗਤੀ ਉਹਨਾਂ ਲਈ ਵਿਹਲੜਾਂ ਦਾ ਧੰਦਾ ਜਾਣਿਆ ਜਾਂਦਾ ਹੈ।

ਪ੍ਰੰਤੂ ਭਗਤੀ ਮਾਰਗ ਦੇ ਭਗਤ ਜਨਾਂ ਦਾ ਖਾਣ ਪੀਣ, ਪਹਿਰਾਨ, ਪ੍ਰਭੂ ਰਜ਼ਾ, ਹੁਕਮ ਵਿਚ ਹੁੰਦਾ ਹੈ ਭਾਵੇਂ ਕਿਤਨਾ ਭੀ ਕਠਨ ਹੋਵੇ–

ਭਗਤਾ ਕੀ ਚਾਲ ਨਿਰਾਲੀ ॥ ਚਾਲ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥
ਲਬੁ ਲੋਭੁ ਅਹੰਕਾਰ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥ ਖੰਨਿਹੁ ਤਿਖੀ ਵਾਲਹੁ ਨਿਕੀ
ਏਤੁ ਮਾਰਗਿ ਜਾਣਾ ॥
(ਅਨੰਦ ਮ: ੩–੯੧੮)

ਉਹਨਾਂ ਦਾ ਹਰ ਕਰਮ (ਖਾਣਾ-ਪਹਿਰਾਣਾ) ਪ੍ਰਭੂ ਭਗਤੀ ਵਿਚ ਅਟਕਾਂ ਪਾਉਣ ਵਾਲਾ ਨਹੀਂ ਹੁੰਦਾ। ਉਹ ਅਜਿਹੇ ਪਦਾਰਥ ਕਦਾਚਿਤ ਸੇਵਨ ਨਹੀਂ ਕਰਦੇ, ਜੋ ਪ੍ਰਭੂ ਭਗਤੀ ਲਈ ਵਰਜਤ ਹੋਵਣ ਤੇ ਜੋ ਦਰਗਾਹੀ ਫੁਰਮਾਨ ਮੁਤਾਬਕ ਜੀਵਨ ਪੰਧ ਨਾਲ ਸਖਤ ਵਰਜਤ ਹੋਵਨ, ਪ੍ਰਯੋਗ ਨਹੀਂ ਕਰਦੇ। ਜਿਹਾ ਕਿ ਸ਼ਰਾਬ–

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥
ਝੂਠਾ ਮਦੁ (ਸ਼ਰਾਬ) ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥
[ਸਲੋਕ ਮ: ੩, ਪੰਨਾ ੫੫੪

ਗੁਰੂ ਬਾਣੀ ਦੁਆਰਾ ਸ਼ਰਾਬ ਦੀ ਸਖਤ ਮਨਾਹੀ ਹੈ। ਪਰ ਅਸੀਂ ਗੁਰੂ ਜੀ ਦਾ ਹੁਕਮ ਨਹੀਂ ਮੰਨ ਰਹੇ ਤੇ ਮਨ ਮਰਜ਼ੀ ਕਰ ਰਹੇ ਹਾਂ।

ਮਾਸ– ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥
ਜਉ ਸਭ ਮਹਿ ਏਕੁ ਖੁਦਾਇ ਕਹਿਤ ਹਉ ਤਉ ਕਿਉ ਮੁਰਗੀ ਮਾਰੈ ।
[ਪ੍ਰਭਾਤੀ ਕਬੀਰ ਜੀ–੧੩੫੦

੨. ਕਬੀਰ ਜੋਰ ਕੀਏ ਜੁਲਮੁ ਹੈ ਕਹਤਾ ਨਾਉ ਹਲਾਲੁ ॥
ਦਫਤਰਿ ਲੇਖਾ ਮਾਂਗੀਐ ਤਬੀ ਹੋਇਗੋ ਕਉਨੁ ਹਵਾਲੁ ॥ ੧੮੭ ॥
[ਸਲੋਕ ਕਬੀਰ ਜੀ–੧੩੭੯

੩. ਭਾਂਗ ਮਾਛੁਲੀ ਸੁਰਾਪਾਨਿ ਜੋ ਜੋ ਪ੍ਰਾਨੀ ਖਾਂਹਿ ॥ ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ ॥ ੨੩੩॥
[ਸਲੋਕ ਕਬੀਰ–੧੩੭੭

੪. ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥ ਜੋ ਰਤੁ ਪੀਵੈ ਮਾਣਸਾ ਤਿਨ ਕਿਉ ਨਿਰਮਲ ਚੀਤੁ ॥
[ਸਲੋਕ ਮ: ੧–੧੪੦

ਇਸੇ ਤਰ੍ਹਾਂ ਸਤਿਗੁਰੂ ਜੀ ਦੇ ਹੁਕਮਾਂ ਦੀ (ਗੁਰਬਾਣੀ ਗੁਰੂ ਦੀ) ਸਦੀਵੀ ਪਾਲਣਾ ਕਰਦੇ ਭਗਤ ਜਨ ਹਮੇਸ਼ਾਂ ਅਜਿਹੀਆਂ ਵਸਤੂਆਂ ਤੋਂ ਪ੍ਰਹੇਜ਼ ਕਰਦੇ ਹਨ ਅਤੇ ਕਰਾਉਂਦੇ ਹਨ ਜੋ ਵਰਜਤ ਹੋਵਣ। ਕਿਉਂਕਿ ਇਹਨਾਂ ਦੇ ਸੇਵਨ ਕਰਨ ਨਾਲ ਮਨ, ਬੁੱਧੀ ਤੇ ਸੁਰਤ ਪਲੀਤ ਤੇ ਨਿਰਦਈ ਹੋ ਜਾਂਦੇ ਹਨ। ਜਦ ਜੀਵ ਅੰਦਰ ਦਯਾ ਨਹੀਂ ਆਵੇਗੀ, ਤਾਂ ਧਰਮ ਨਹੀਂ ਆਵੇਗਾ, ਸਬਰ ਤੇ ਸੰਤੋਖ ਭੀ ਨਹੀਂ ਹੋਵੇਗਾ। ਦਸਮੇਸ਼ ਪਿਤਾ ਜੀ ਦਾ ਫੁਰਮਾਨ ਹੈ–

ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤ ॥
ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ ॥ ੨ ॥

ਜਿੰਨਾ ਚਿਰ ਨਿਰਮਲ ਚੀਤ ਰੱਖਣ ਵਾਲੇ ਸ੍ਵੱਛ ਪਦਾਰਥ ਸੂਖਮ ਅਹਾਰ ਦਾ ਸੇਵਨ ਨਹੀਂ ਕਰਦਾ, ਓਨਾ ਚਿਰ ਪ੍ਰਮਾਰਥ ਦਾ ਪਾਂਧੀ ਨਹੀਂ ਬਣ ਸਕਦਾ। ਸ੍ਵੱਛ ਤੇ ਨਿਰਮਲ ਬੁੱਧੀ ਹੀ ਪ੍ਰਭੂ ਸਿਮਰਨ ਦੀ ਮਾਰਗੀ ਹੋ ਸਕਦੀ ਹੈ। ਇਸ ਕਰ ਕੇ ਭਗਤਾਂ ਦੀ ਚਾਲ ਨਿਰਾਲੀ ਹੁੰਦੀ ਹੈ।

ਮੱਛੀ ਮਾਸ

ਇਕ ਵਾਰੀ ਭਾਈ ਮਹਿਤਾਬ ਸਿੰਘ ਜੀ ਦਰਜੀ ਨੂੰ, ਇਕ ਆਦਮੀ ਹੱਥ ਜੇਡੀ ਲੰਮੀ ਮੱਛੀ ਦੇ ਗਿਆ। ਉਸ ਮੱਛੀ ਨੂੰ ਬਨਾਉਣ ਲਈ ਭਾਈ ਮਹਿਤਾਬ ਸਿੰਘ ਜੀ ਨੇ ਕਈ ਵਾਰੀ ਮਸਾਲਾ ਲੈਣ ਵਾਸਤੇ ਲੰਗਰ ਵਲ ਚੱਕਰ ਲਾਏ। ਉਹ ਜਦ ਭੀ ਮਸਾਲਾ ਲੈਣ ਜਾਂਦੇ ਤਾਂ ਬਾਬਾ ਜੀ ਨੂੰ ਆਪਣੇ ਬੁੰਗੇ ਵਿਚ ਵੇਖ ਕੇ ਵਾਪਸ ਮੁੜ ਆਉਂਦੇ ਰਹੇ। (ਕਿਉਂਕਿ ਬਾਬਾ ਜੀ ਦੇ ਬੂੰਗੇ ਪਾਸ ਹੀ ਲੰਗਰ ਸੀ ਤੇ ਇਹ ਵਸਤੂਆਂ ਬਾਬਾ ਜੀ ਦੇ ਬੁੰਗੇ ਵਿਚ ਹੀ ਖੁਲ੍ਹੀਆਂ ਪਈਆਂ ਹੁੰਦੀਆਂ ਸਨ।)

ਜਦ ਤਿੰਨ ਚਾਰ ਵਾਰੀ ਭਾਈ ਮਹਿਤਾਬ ਸਿੰਘ ਜੀ ਗਏ ਅਤੇ ਵਾਪਸ ਮੁੜ ਆਉਂਦੇ ਰਹੇ, ਤਾਂ ਚੌਥੀ ਵਾਰੀ ਬਾਬਾ ਜੀ ਨੇ ਭਾਈ ਮਹਿਤਾਬ ਜੀ ਨੂੰ ਪੁਛਿਆ–

ਬਾਬਾ ਜੀ– ਭਾ: ਮਹਿਤਾਬ ਸਿੰਘ ਜੀ, ਆਪ ਤਿੰਨ ਚਾਰ ਵਾਰੀ ਆਏ ਹੋ ਤੇ ਖਾਲੀ ਮੁੜ ਜਾਂਦੇ

ਰਹੇ ਹੋ, ਕੀ ਚਾਹੀਦਾ ਹੈ? ਲੰਗਰ ਛੱਕਣਾ ਹੈ ਜਾਂ ਕਿਸੇ ਹੋਰ ਵਸਤੂ ਦੀ ਲੋੜ ਹੈ, ਦਸੋ ਤੇ ਲੈ ਲਵੋ।

ਭਾਈ ਮਹਿਤਾਬ ਸਿੰਘ ਜੀ– (ਕੁਝ ਝਿੱਜਕ ਗਏ) ਜੀ ਕੁਝ ਨਹੀਂ? ਸੁਤੇ ਸਿੱਧ ਹੀ ਆਉਂਦਾ ਰਿਹਾ ਹਾਂ, ਕਿਸੇ ਵਸਤੂ ਦੀ ਚਾਹਣਾ ਨਹੀਂ ਹੈ।

ਬਾਬਾ ਜੀ–ਭਾਈ ਮਹਿਤਾਬ ਸਿੰਘ ਜੀ ਡਰਨ ਜਾਂ ਝਿਜਕਣ ਦੀ ਕੀ ਲੋੜ ਹੈ। ਜੋ ਮਨ ਕਰਦਾ ਹੈ ਲੈ ਜਾਓ, ਡਰੋ ਨਾ! ਦਸੋ ਕੀ ਚਾਹੀਦਾ ਹੈ? ਨਾਲੇ ਸਭ ਪਦਾਰਥ ਖਜ਼ਾਨਾ ਤਾਂ ਆਪ ਸਭ ਦਾ ਹੈ। ਅਸੀਂ ਤਾਂ ਕੇਵਲ ਤੁਸਾਂ ਦੇ ਰਖਵਾਲੇ ਹਾਂ। ਬਾਰ ਬਾਰ ਆਉਂਦੇ ਹੋ ਤੇ ਵਾਪਸ ਮੁੜ ਜਾਂਦੇ ਹੋ, ਕੋਈ ਕਾਰਨ ਤਾਂ ਜ਼ਰੂਰ ਹੈ?

ਭਾਈ ਮਹਿਤਾਬ ਸਿੰਘ ਜੀ– ਬਾਬਾ ਜੀ ਡਰ ਜਿਹਾ ਲੱਗਦਾ ਏ, ਕਿਵੇਂ ਆਪ ਜੀ ਨੂੰ ਕਹਾਂ, ਪਰ ਛੁਪਾ ਵੀ ਨਹੀਂ ਸਕਦਾ। ਮੈਨੂੰ ਕੋਈ ਆਦਮੀ ਮੱਛੀ ਦੇ ਗਿਆ ਹੈ। ਉਸ ਦੇ ਬਨਾਉਣ ਲਈ ਮਸਾਲਾ ਲੈਣ ਆਉਂਦਾ ਸਾਂ। ਆਪ ਜੀ ਨੂੰ ਬੈਠਿਆਂ ਵੇਖ ਕੇ ਡਰਦੇ ਮਾਰੇ ਮੁੜ ਜਾਂਦਾ ਸਾਂ।

ਬਾਬਾ ਜੀ– ਹੱਛਾ! ਮੱਛੀ ਖਾਓਗੇ! ਚਲੋ ਸਾਨੂੰ ਵਿਖਾਓ ਤਾਂ ਸਹੀ?

ਭਾਈ ਮਹਿਤਾਬ ਸਿੰਘ ਜੀ ਦੇ ਨਾਲ ਬਾਬਾ ਜੀ ਉੱਠ ਤੁਰੇ ਤੇ ਬੁੰਗੇ ਪਾਸ ਆ ਖਲੋਤੇ। ਭਾਈ ਮਹਿਤਾਬ ਸਿੰਘ ਜੀ ਨੇ ਮੱਛੀ ਪੀਪੇ ਵਿਚ ਦੋਹਰੀ ਕਰ ਕੇ ਪਾਈ ਹੋਈ ਸੀ, ਕੱਢੀ ਤਾਂ ਬਾਬਾ ਜੀ ਇਹ ਵੇਖ ਕੇ ਕਹਿਣ ਲਗੇ–ਗੁਰਮੁਖਾਂ ਦਾ ਇਹ ਖਾਜ ਨਹੀਂ। ਇਹ (ਮੱਛੀ) ਨਹੀਂ ਖਾਈਦੀ। ਜਿਸ ਨੇ ਮੱਛੀ ਦਾ ਮਾਸ ਖਾ ਲਿਆ, ਉਸ ਨੇ ਸਾਰੇ ਮਾਸ ਖਾ ਲਏ। ਨਾਲੇ ਬੀਬਾ! ਗੁਰਬਾਣੀ ਜਿਸ ਦੀ ਆਗਿਆ ਨਾ ਦੇਵੇ ਸਾਨੂੰ ਅਜਿਹੇ ਕਰਮ ਨਹੀਂ ਕਰਨੇ ਚਾਹੀਦੇ। ਤਾਂ ਜੋ ਅਸੀਂ ਸਤਿਗੁਰੂ ਜੀ ਤੋਂ ਬੇ-ਮੁਖ ਨਾ ਹੋ ਜਾਈਏ। ਜੇ ਅਸੀਂ ਅਜਿਹੇ ਬੇਮੁਖਾਂ ਵਾਲੇ ਕਰਮ ਕਰੀਏ ਤਾਂ–

ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥ [ਬਾਰਹ ਮਾਹ ਪਾ; ੫–੧੩੫

ਇਉਂ ਜਨਮਾਂ ਦੀ ਦੂਰੀ ਵਿਯੋਗ ਪੈ ਜਾਂਦੇ ਹਨ।

ਜਿਸ ਨੇ ਵੇਸਵਾ ਗਮਨ ਕਰ ਲਈ, ਉਸ ਨੇ ਸਭ ਇਸਤ੍ਰੀਆਂ ਨਾਲ ਗਮਨ ਕਰ ਲਿਆ। ਜਿਸ ਕਰ ਕੇ ਅਸਾਂ ਦਸਮ ਪਿਤਾ ਦੇ ਹੁਕਮ ਦੀ ਉਲੰਘਣਾ ਕੀਤੀ–

ਨਿਜ ਨਾਰੀ ਕੇ ਸੰਗ ਨਿਹੁ ਤੁਮ ਨਿਤ ਬਢਈਓ ॥
ਪਰ ਨਾਰੀ ਕੀ ਸੇਜ ਭੂਲ ਸੁਪਨੈ ਹੂ ਨਾ ਜਈਓ ॥

ਤੇ ਬੇ-ਮੁੱਖਤਾ ਦਾ ਰਸਤਾ ਮਨ - ਮਤ ਕਰ ਕੇ ਇਖਤਿਆਰ ਕਰ ਕੇ ਰਸਾਤਲ (ਨਰਕ) ਦੇ ਰਾਹੇ ਪੈ ਗਏ।

ਅਜਿਹੇ ਕਰਮ ਗੁਰਸਿਖਾਂ, ਗੁਰਮੁਖਾਂ ਖਾਲਸੇ (ਸਿੰਘਾਂ) ਦੇ ਨਹੀਂ ਹਨ। ਤਾਂ ਤੇ ਸਾਨੂੰ ਅਜਿਹੇ ਕਰਮ ਕਰਨੇ ਨਹੀਂ ਚਾਹੀਦੇ।

ਭਾਈ ਮਹਿਤਾਬ ਸਿੰਘ– ਬਾਬਾ ਜੀ ਖਿਮਾਂ ਕਰਨਾ, ਅਸੀਂ ਅਨਜਾਣ ਜੂ ਹੋਏ। ਆਪ ਜੀ ਨੇ ਮਹਾਨ ਕਿਰਪਾ ਕਰ ਕੇ ਸਦੀਵੀ ਗਿਆਨ ਬਖਸ਼ ਕੇ ਦਾਸ ਨੂੰ ਕੁਮਾਰਗ ਤੋਂ ਵਰਜਤ ਕਰ ਕੇ ਇਸ ਅਪਰਾਧ ਤੋਂ ਬਚਾ ਲਿਆ ਹੈ। ਮੈਨੂੰ ਮਾਤਾ ਜੀ ਬਲ ਬਖਸ਼ਣ, ਮੈਂ ਸਾਰੀ ਉਮਰ ਸ਼ਰਾਬ, ਮਾਸ ਤੋਂ ਸਦਾ ਪ੍ਰਹੇਜ਼ ਕਰਾਂਗਾ।

ਮੇਰੀ ਗਲਤੀ ਮਾਫ ਕਰੋ।

ਬਾਬਾ ਜੀ– ਬਖਸ਼ਣਹਾਰ ਤਾਂ ਸਤਿਗੁਰੂ ਜੀ ਹਨ। ਉਹ ਗੁਰਸਿੱਖਾਂ ਦੇ ਅਉਗੁਣ ਨਹੀਂ ਚਿਤਾਰਦੇ, ਮਾਰਗ ਪਾ ਸੰਵਾਰ ਦੇਂਦੇ ਹਨ। ਜਾਓ ਇਸ ਨੂੰ ਨਦੀ ਵਿਚ ਛੱਡ ਆਓ। "ਅਉਗਣ ਕੀਤੇ ਹਰਿ ਨਾ ਚਿਤਾਰੈ ॥

ਬਾਬਾ ਜੀ ਅਉਗੁਣ ਵੇਖ ਕੇ ਭੀ ਅਣਡਿੱਠ ਕਰ ਕੇ ਗੁਣਾਂ ਵਿਚ ਬਦਲ ਕੇ ਜੀਵਨ ਦੀ ਨਵੀਂ ਸੇਧ ਦੇ ਕੇ, ਸਦਾ ਅਉਗੁਣਾਂ ਤੋਂ ਬਚਾ ਲਿਆ ਕਰਦੇ ਸਨ। ਕਿਸੇ ਨੂੰ ਭੀ, ਕਿਸੇ ਅਉਗੁਣ ਲਈ ਕੌੜੇ ਬਚਨ ਨਾ ਬੋਲਦੇ। ਨਾ ਹੀ ਕੋਈ ਦੰਡ ਜਾਂ ਤਨਖਾਹ ਲਾਂਦੇ। ਬਾਬਾ ਜੀ ਭਗਤੀ ਨਿਯਮਾਂ ਦੀ ਪਾਲਣਾ ਕਰਦੇ। ਆਪ ਅਪਰਾਧੀ ਨੂੰ ਦੰਡ ਦੇਣ ਨਾਲੋਂ ਉਸ ਨੂੰ ਮੁਆਫ ਕਰ ਦੇਣਾ ਵੱਡਾ ਕਰਮ ਸਮਝਦੇ ਸਨ। ਅਪਰਾਧੀ ਨੂੰ ਦੰਡ - ਸਜ਼ਾ ਦੇਣਾ, ਸਗੋਂ ਉਸ ਨੂੰ ਹੋਰ ਅਪਰਾਧ ਕਰਨ ਲਈ ਕਠੋਰ ਬਨਾਉਣਾ ਹੁੰਦਾ ਹੈ। ਪਰੰਤੂ ਗੁਨਾਹੀ ਨੂੰ ਮਾਫ ਕਰ ਦੇਣਾ, ਧਰਮ ਦੀ ਮਹਾਨ ਵਡਿਆਈ ਹੈ, ਤੇ ਅਪਰਾਧੀ ਸਦੀਵੀ ਲੱਜਤ ਹੋ ਕੇ ਅਜਿਹੇ ਅਪਰਾਧਾਂ ਨੂੰ ਤਿਆਗ ਕੇ ਧਰਮ ਦਾ ਧਾਰਨੀ ਬਣ ਸਕਦਾ ਹੈ।

ਭਾਈ ਮਹਿਤਾਬ ਸਿੰਘ ਜੀ ਨੂੰ ਅਗੰਮੀ ਬਚਨ

ਭਾਈ ਮਹਿਤਾਬ ਸਿੰਘ ਜੀ ੮-੧੦ ਸਾਲ ਸੇਵਾ ਕਰਨ ਤੋਂ ਬਾਅਦ ਮੁੜ ਪੰਜਾਬ ਆਉਣ ਦਾ ਸੰਕਲਪ ਕੀਤਾ। (ਜੋ ਪਿਛੇ ਮਾਇਆ ਦੀ ਪੋਟਲੀ ਆਪ ਨੂੰ ਬਾਬਾ ਜੀ ਨੇ ਦਿਤੀ ਸੀ, ਲਿਖ ਆਏ ਹਾਂ।) ਬਾਬਾ ਜੀ ਜਦ ਪਹਿਲਾਂ ਬੀਮਾਰ ਹੋ ਗਏ ਸਨ, ਉਸ ਤੋਂ ਇਕ ਸਾਲ ਬਾਅਦ ਫਿਰ ਭਾਈ ਮਹਿਤਾਬ ਸਿੰਘ ਜੀ ਦਰਸ਼ਨਾਂ ਨੂੰ ਬਾਬਾ ਜੀ ਦੇ ਅਸਥਾਨ ਪੁੱਜੇ।

ਬਾਬਾ ਜੀ ਨੇ ਸੁੱਖ ਸਾਂਦ ਪੁੱਛੀ, ਜਲ - ਪਾਣੀ ਛਕਾਇਆ। ਆਪ ਨੇ ਕੁਝ ਦਿਨ ਸੇਵਾ ਕੀਤੀ ਅਤੇ ਫਿਰ ਮਨ ਪੰਜਾਬ ਆਉਣ ਲਈ ਬਣ ਗਿਆ।

ਭਾਈ ਮਹਿਤਾਬ ਸਿੰਘ ਜੀ– ਬਾਬਾ ਜੀ, ਦਾਸ ਦੇ ਮਾਤਾ ਜੀ ਬਹੁਤ ਬਿਰਧ ਹਨ। ਉਹਨਾਂ ਦੀ ਸੇਵਾ ਕਰਨ ਵਾਲਾ ਕੋਈ ਨਹੀਂ। ਨਾ ਜਾਣੇ ਮੇਰੇ ਵਿਚ ਹੀ ਸੁਰਤ ਰੱਖ ਕੇ ਚੜ੍ਹਾਈ ਨਾ ਕਰ ਜਾਣ। ਜਦ ਤੋਂ ਆਪ ਪਾਸੋਂ ਗਿਆ ਸਾਂ, ਤਾਂ ਉਹ ਬਹੁਤ ਹੀ ਮੋਹ ਕਰਦੇ ਹਨ। ਪਰ ਹੁਣ ਭੀ ਕੁਝ ਦਿਨਾਂ ਦੀ, ਆਪ ਜੀ ਦੇ ਬੀਮਾਰ ਹੋਣ ਦੀ ਖਬਰ ਸੁਣ ਕੇ ਤੁਹਾਡੀ ਖਬਰ ਲੈਣ ਲਈ ਮਾਤਾ ਜੀ ਤੋਂ ਛੁਟੀ ਲੈ ਕੇ ਆਇਆ ਹਾਂ। ਉਹਨਾਂ ਦੀ ਸੇਵਾ ਸੰਭਾਲ ਦਾ ਸਮਾਂ ਹੈ, ਆਗਿਆ ਦਿਓ ਪੰਜਾਬ ਜਾਣ ਦੀ।

ਬਾਬਾ ਜੀ– ਹੁਣ ਮਾਤਾ ਦਾ ਮੋਹ ਜਾਗ ਪਿਆ ਹੈ। ੮ – ੧੦ ਸਾਲ ਜਿਥੇ ਗੁਜ਼ਾਰਨ ਕੀਤੇ ਜੇ, ਉਸ ਜਗਤ ਮਾਤਾ ਦਾ ਪਿਆਰ ਭੁੱਲ ਗਏ ਹੋ ? ਮੋਹ ਤੋੜ ਲਿਆ ਜੇ, ਹਾਂ, ਮਾਤਾ ਦੀ ਸੇਵਾ ਭੀ ਤਾਂ ਪਹਿਲਾ ਧਰਮ ਹੈ। ਜੀ ਸਦਕੇ ਜਾ ਕੇ ਕਰੋ।

ਭਾਈ ਮਹਿਤਾਬ ਸਿੰਘ ਜੀ-- ਨਹੀਂ ਬਾਬਾ ਜੀ, ਜਗਤ - ਮਾਤਾ–ਮਾਤਾ ਸਾਹਿਬ ਕੌਰਾਂ ਜੀ ਦੀ ਅਪਾਰ ਬਖਸ਼ਸ਼ ਤੇ ਅਸ਼ੀਰਵਾਦ ਦਾ ਸਦਕਾ ਹੀ ਅਤੇ ਸਦੀਵੀ ਹਿਰਦੇ ਅੰਦਰ ਅਨਿਖੜਵੀ ਯਾਦ ਦੇ ਸਦਕੇ ਹੀ ਦਰਸ਼ਨਾਂ ਨੂੰ ਜੀਅ ਉਮੰਗ ਆਇਆ ਹੈ। ਪਰ ਅੱਜ ਮੈਨੂੰ ਜਨਮ - ਦਾਤੀ ਮਾਂ, ਜਿਸ ਨੇ ਮੈਨੂੰ

ਸੰਸਾਰ ਵਿਖਾਇਆ ਹੈ, ਨੇ ਜਗਤ - ਮਾਤਾ--ਮਾਤਾ ਸਾਹਿਬ ਕੌਰਾਂ ਦੇ ਦਰ ਦੀ ਸੇਵਾ ਕਰਨ ਤੋਂ ਕਦੇ ਨਾ ਰੋਕਿਆ, ਟੋਕਿਆ ਹੈ। ਆਪ ਜੀ ਦੇ ਚਰਨ ਪਰਸਣ ਦਾ ਸੁਭਾਗ ਜਿਸ ਮਾਂ ਨੇ ਦਿਤਾ ਹੈ, ਉਸ ਦੀ ਆਤਮਾ ਦੀ ਖੁਸ਼ੀ, ਤੇ ਸਰੀਰ ਦੀ ਸੰਭਾਲ ਦੇ ਫਰਜ਼ਾਂ ਦੀ ਪੂਰਤੀ ਲਈ ਆਗਿਆ ਮੰਗੀ ਹੈ। ਆਪ ਕਿਰਪਾ ਕਰੋ। ਫਿਰ ਛੇਤੀ ਹੀ ਦਰਸ਼ਨ ਕਰਨ ਦਾ ਯਤਨ ਕਰਾਂਗਾ।

ਬਾਬਾ ਜੀ-- ਭਾਈ ਮਹਿਤਾਬ ਸਿੰਘ ਜੀ ! ਪ੍ਰਭੂ ਦੀ ਖੇਡ ਤਾਂ ਪ੍ਰਭੂ ਹੀ ਜਾਣਦਾ ਹੈ। ਜੀਵਾਂ ਦੇ ਸੰਜੋਗ ਤੇ ਵਿਯੋਗ ਜੋ ਬਿਧਾਤੇ ਨੇ ਲਿਖੇ ਹਨ, ਕੌਣ ਜਾਣਦਾ ਹੈ। ਕਦ ਸੰਜੋਗ ਤੇ ਕਦ ਵਿਯੋਗ ਹੋ ਜਾਵਣ।

ਸਾਡਾ ਵਿਚਾਰ ਸੀ ਜੇ ਚਾਰ ਕੁ ਮਹੀਨੇ ਆਪ ਹੋਰ ਠਹਿਰ ਜਾਂਦੇ ਤਾਂ ਚੰਗਾ ਸੀ। ਫਿਰ ਤੁਸਾਂ ਸਦਾ ਪੰਜਾਬ ਹੀ ਰਹਿਣਾ ਹੈ। (ਇਹ ਇਕ ਰਮਜ਼ ਸੀ ਬਾਬਾ ਜੀ ਦੀ। ਪਰ ਕੌਣ ਜਾਣੇ, ਅਜਿਹਾ ਕਿ ਆਪ ਅਜਿਹਾ ਕਿਉਂ ਕਹਿ ਰਹੇ ਹਨ।)

ਭਾਈ ਮਹਿਤਾਬ ਸਿੰਘ ਜੀ– ਬਾਬਾ ਜੀ ਮਨ ਉਤਾਵਲਾ ਹੋ ਰਿਹਾ ਹੈ, ਆਗਿਆ ਦੇ ਦਿਓ। ਫਿਰ ਛੇਤੀ ਆ ਜਾਵਾਂਗਾ।

ਬਾਬਾ ਜੀ-- ਚੰਗਾ ! ਜਿਵੇਂ ਆਪ ਜੀ ਦੀ ਰਜ਼ਾ।

ਭਾਈ ਮਹਿਤਾਬ ਸਿੰਘ ਬਾਬਾ ਜੀ ਦੀ ਇਸ ਰਮਜ਼ ਨੂੰ ਸਮਝ ਨਾ ਸਕੇ ਕਿ ਬਾਬਾ ਜੀ ਅੰਤਮ ਆਪਣੇ ਅਕਾਲ ਚਲਾਣੇ ਤੱਕ ਠਹਿਰਣ ਲਈ ਕਹਿ ਰਹੇ ਹਨ ਤੇ ਸੱਚ ਮੁੱਚ ਬਾਬਾ ਜੀ ਚਾਰ ਮਹੀਨੇ ਬਾਅਦ ਸਦੀਵੀ ਵਿਛੋੜਾ ਦੇ ਜਾਣਗੇ। ਭਾਵੇਂ ਬਾਬਾ ਜੀ ਦ ਅਕਾਲ ਚਲਾਣੇ ਤੇ ਆਪ ਨੇ ਬਹੁਤ ਪਛੋਤਾਵਾ ਕੀਤਾ। ਪਰ ਮਹਾਂ ਪੁਰਸ਼ਾਂ ਦੀ ਖੇਡ (ਲੀਲ੍ਹਾ) ਨਿਆਰੀ ਹੋਇਆ ਕਰਦੀ ਹੈ। ਕੌਣ ਜਾਣੇ ਇਹਨਾਂ ਦੀਆਂ ਰਮਜ਼ਾਂ ਨੂੰ।

ਕੀਰਤਨ ਦੀ ਬਖਸ਼ਸ਼ (ਭਾਈ ਨਿਹਾਲ ਸਿੰਘ ਜੀ ਨੂੰ)

ਮਹਾਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ॥ [ਸੂਹੀ ਮ: ੩, ਪੰਨਾ ੭੫੫

ਭਗਤੀ ਤੇ ਸ਼ਕਤੀ ਦੇ ਸੂਰੇ, ਸਹਿਜ ਸੁਭਾਅ ਜੋ ਵੀ ਬਚਨ ਕਰਦੇ ਹਨ, ਉਸ ਦਾ ਖਾਸ ਭਾਵ ਹੁੰਦਾ ਹੈ। ਸਾਡੀ ਮਾਇਕ ਤੇ ਅਗਿਆਨ ਬੁਧੀ ਇਹ ਸਮਝਣ ਤੋਂ ਅਸਮਰਥ ਹੁੰਦੀ ਹੈ ਤੇ ਸੁਣੀ ਅਣਸੁਣੀ ਕਰ ਕੇ ਵਿਸ਼ਵਾਸ ਤੋਂ ਕੋਰੇ ਰਹਿ ਜਾਂਦੇ ਹਾਂ।

ਭਾਈ ਨਿਹਾਲ ਸਿੰਘ ਜੀ (ਪਰੋਜ਼ਪੁਰ ਬੇਲਾ ਵਾਲੇ) ਇਹਨਾਂ ਦੇ ਅੰਦਰ ਪਾਠ ਦੇ ਨਾਲ ਕੀਰਤਨ ਦੀ ਭੀ ਚਾਹਣਾ ਜਾਗ ਪਈ। ਇਹ ਚਾਹਣਾ ਹੁਣ ਏਨੀ ਪ੍ਰਬਲ ਹੋ ਗਈ ਕਿ ਆਪ ਕਿਸੇ ਲਗਨ ਵਿਚ ਹੀ ਸੋਚ - ਮੰਡਲਾਂ ਵਿਚ ਘੁੰਮਦੇ ਰਹਿੰਦੇ।

ਆਪਣੇ ਮਨ ਦੀ ਭਾਵਨਾ ਅਨੁਸਾਰ ਭਾਈ ਹਰੀ ਸਿੰਘ ਜੀ ਰਾਗੀ, ਜੋ ਕੇਵਲ ਸਾਦਾ ਕੀਰਤਨ ਕਰਨਾ ਜਾਣਦੇ ਸਨ, ਉਹਨਾਂ ਪਾਸੋਂ ਵਾਜਾ ਸਿੱਖਣਾ ਅਜੇ ਸ਼ੁਰੂ ਕਰਨ ਹੀ ਲਗੇ ਸਨ ਕਿ ਬਾਬਾ ਜੀ ਨੇ ਭਾਈ ਨਿਹਾਲ ਸਿੰਘ ਜੀ ਨੂੰ ਵਾਜ਼ ਮਾਰ ਲਈ–ਆ ਭਾਈ ਲੰਗਰ ਪਕਾਉਣ ਦਾ ਸਮਾਂ ਹੋ ਗਿਆ ਹੈ। ਲੋਹ ਹੇਠਾਂ ਚੰਡਾ ਕਰੋ। ਦੇਰੀ ਹੋ ਰਹੀ ਏ।

ਭਾਈ ਨਿਹਾਲ ਸਿੰਘ ਜੀ– ਬਾਬਾ ਜੀ, ਜੀ ਕਰ ਆਇਆ ਏ ਜੋ ਕੀਰਤਨ ਸਿੱਖਾਂ ਤੇ ਮਾਤਾ ਜੀ ਦੀ ਹਾਜ਼ਰੀ ਭਰਿਆ ਕਰਾਂ।

ਬਾਬਾ ਜੀ– ਹੈ ਤਾਂ ਚੰਗਾ ਉੱਦਮ, ਪਰ ਜੋ ਸੇਵਾ ਪਹਿਲਾਂ ਕਰ ਰਹੇ ਹੋਵੀਏ ਉਸ ਵਿਚ ਨਾਗਾ ਨਹੀਂ ਪਾਣਾ ਚਾਹੀਦਾ, ਸਾਨੂੰ ਹੋਰ ਸੇਵਾਦਾਰ ਭਾਲਣਾ ਪਵੇਗਾ।

ਛਡੋ ! ਇਹ ਵਿਚਾਰ। ਮਾਤਾ ਜੀ ਆਪੇ ਬਖਸ਼ਸ਼ ਕਰਣਗੇ ਤੇ ਕੀਰਤਨ ਆ ਜਾਵੇਗਾ। ਆਉ ਮਾਤਾ ਜੀ ਨੂੰ ਲੰਗਰ ਪੱਕਾ ਕੇ ਭੋਗ ਲੁਵਾਈਏ।

ਭਾਈ ਨਿਹਾਲ ਸਿੰਘ ਜੀ ਸਤਿਬਚਨ ਕਹਿ ਕੇ ਵਾਜਾ ਛੱਡ ਕੇ ਲੋਹ ਹੇਠਾਂ ਚੰਡਾ ਕਰਨ ਲੱਗ ਪਏ। ਬਾਬਾ ਜੀ ਦੇ ਬਚਨ ਕੀਰਤਨ ਆਪੇ ਆ ਜਾਵੇਗਾ' ਦੀ ਮਨ ਵਿਚ ਸਮੀਖਿਆ ਲਈ ਸਮਾਂ ਉਡੀਕਣ ਲਗੇ ਅਤੇ ਲੰਗਰ ਦੀ ਸੇਵਾ ਵਿਚ ਨਾਗਾ ਨਾ ਪੈਣ ਦਿਤਾ।

ਕੁਝ ਦਿਨ ਹੀ ਹੋਏ ਸਨ ਕਿ ਕੀਰਤਨ ਦੀ ਦਾਤ ਦੀ ਆਪੇ ਬਖਸ਼ਸ਼ ਹੋ ਗਈ। ਇਉਂ ਆਪ ਜੀ ਹੋਰ ਸੇਵਾਵਾਂ ਦੇ ਨਾਲ ਕੀਰਤਨ ਦੀ ਭੀ ਸੇਵਾ ਕਰਨ ਲੱਗ ਪਏ। ਸੱਚਖੰਡ ਤੋਂ ਆ ਕੇ ਸਾਲ - ਡੇਢ ਸਾਲ ਭਾਈ ਪੂਰਨ ਸਿੰਘ ਜੀ ਰਾਗੀ ਜੋ ਸ੍ਰੀ ਚਮਕੌਰ ਸਾਹਿਬ ਸੇਵਾ ਕਰਦੇ ਸਨ, ਤੋਂ ਆਪ ਨੇ ਰਾਗ ਵਿਦਿਆ ਭੀ ਪ੍ਰਾਪਤ ਕਰ ਲਈ।

ਬਾਬਾ ਜੀ ਦੀ ਸ਼ਖ਼ਸੀਅਤ ਦਾ ਸੁਤੇ ਸਿੱਧ ਭੈ

ਜਿਸ ਜੀਵ (ਭਗਤ ਜਨ) ਦਾ ਭਰੋਸਾ ਇਕ ਅਕਾਲ ਪੁਰਖ ਉਪਰ ਹੋ ਜਾਂਦਾ ਹੈ ਅਤੇ ਇਹ ਪ੍ਰਤੀਤ ਹੋ ਆਉਂਦੀ ਹੈ ਕਿ ਉਸ ਪ੍ਰਭੂ ਦੀ ਹੀ ਇਹ ਸਾਰੀ ਖੇਡ ਹੈ।

ਸਰਬ ਜੋਤਿ ਤੇਰੀ ਪਸਰ ਰਹੀ ॥ [ਰਾਮਕਲੀ ਮ: ੧–੮੭੬

ਉਹ ਫਿਰ– ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ ॥ [ਸਲੋਕ ਮ: ੯–੧੪੨੭

ਨਾ ਹੀ ਕਿਸੇ ਭੀ ਮਨੁਸ਼, ਪਰੰਦੇ, ਦਰਿੰਦੇ, ਭਿਆਨਕ ਤੋਂ ਭਿਆਨਕ ਅਲਾਹੀ ਕਹਿਰ (ਪਉਣ, ਪਾਣੀ, ਅਗਨੀ,ਧਰਤ)ਦੇ ਭਿਆਨਕ ਤੋਂ ਭਿਆਨਕ ਤੂਫਾਨਾਂ ਦਾ ਭੀ ਭੈ ਮਨ ਵਿਚ ਨਹੀਂ ਰੱਖਦਾ,ਸਗੋਂ ਖਿੜੇ ਮੱਥੇ ਸਹਾਰਨ ਕਰ ਲੈਣ ਦੀ ਸ਼ਕਤੀ ਰੱਖਦੇ ਹਨ, ਕਿਉਂਕਿ ਉਹ ਜਾਣਦੇ ਹੁੰਦੇ ਹਨ ਕਿ ਪ੍ਰਭੂ ਤਾਂ–

ਖੇਲ ਖੇਲ ਅਖੇਲ ਖੇਲਨ ਅੰਤ ਕਉ ਫਿਰ ਏਕ ॥ ੮੧ ॥ [ਜਾਪ ਸਾ:, ਪਾ: ੧੦

ਇਕੋ ਦੇ ਖੇਲ ਖੇਲੇ ਜਾ ਰਹੇ ਹਨ ਤੇ ਪ੍ਰਭੂ ਦੀ ਰਜ਼ਾ ਵਿਚ ਨਿਡਰਤਾ ਨਾਲ ਪ੍ਰਭੂ ਦੇ ਸ਼ੁਕਰ - ਗੁਜ਼ਾਰੀ ਵਿਚ ਰਹਿੰਦੇ ਹਨ।

ਇਸੇ ਤਰ੍ਹਾਂ ਬਾਬਾ ਜੀ ਨਿਰੰਕਾਰ ਤੇ ਭਰੋਸਾ ਟੇਕ ਤੇ ਪੂਰਨ ਵਿਸ਼ਵਾਸ ਰੱਖਦੇ ਸਨ। ਕਿਸੇ ਭੀ ਮਨੁਖ ਦੀ ਟੇਕ ਬਿਰਥੀ ਜਾਣਦੇ ਸਨ। ਅਤੇ ਨਾ ਹੀ ਕਿਸੇ ਦੀ ਆਪ ਈਨ ਜਾਂ ਤਾਬੇਦਾਰੀ ਹੀ ਮੰਨਦੇ ਸਨ।

ਕਿਉਂਕਿ– ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥ ਦੇਵਨ ਕਉ ਏਕੈ ਭਗਵਾਨ ॥
ਜਿਸ ਕੈ ਦੀਐ ਰਹੈ ਅਘਾਇ ॥ ਬਹੁਰਿ ਨ ਤ੍ਰਿਸਨਾ ਲਾਗੈ ਆਇ ॥ ੧ ॥
[ਸੁਖਮਨੀ ਸਾਹਿਬ, ਪੰਨਾ ੨੮੧

ਕਿਉਂਕਿ ਇਹ ਪੂਰਨ ਵਿਸ਼ਵਾਸ ਭਰੋਸਾ ਖਦੇ ਰੱਹਨ ਕਿ–

ਮਾਰੈ ਰਾਖੈ ਏਕੋ ਆਪਿ ॥ ਮਾਨੁਖ ਕੈ ਕਿਛੁ ਨਾਹੀ ਹਾਥਿ ॥ [ਸੁਖਮਨੀ

ਅਤੇ– ਕਿਸ ਹੀ ਕੋਈ ਕੋਇ ॥ ਮੰਞੁ ਨਿਮਾਣੀ ਹਿਕੁ ਤੂੰ ॥ [ਸਲੋਕ ਮ: ੨–੭੯੧

ਇਕੋ ਸਤਿਗੁਰੂ ਦਾ ਹੀ ਸਹਾਰਾ ਅਤੇ ਅਜਿਹੀ ਦ੍ਰਿੜ੍ਹਤਾ ਉਹਨਾਂ ਦੇ ਅੰਤਸ਼ਹ ਕਰਣ ਵਿਚ ਵੱਸ ਚੁਕੀ ਹੋਈ ਸੀ। ਇਸੇ ਕਰ ਕੇ ਕਿਸੇ ਭੀ ਸੰਸਾਰਕ ਉਲਝਣਾਂ, ਮਸਲਿਆਂ (ਚੋਰੀ ਹੋ ਜਾਣੀ, ਜਾਂ ਜ਼ਮੀਨ ਆਦਿ ਦੇ ਝਗੜੇ) ਅਜਿਹੇ ਮਸਲੇ ਜੋ ਪੁਲਿਸ ਜਾਂ ਸਰਕਾਰੇ ਦਰਬਾਰੇ ਹੀ ਸੁਲਝਾਏ ਜਾਣ ਵਾਲੇ ਹੁੰਦੇ। ਉਹਨਾਂ ਲਈ ਨਾ ਸਰਕਾਰੇ ਦਰਬਾਰੇ ਫਰਯਾਦ, ਨਾ ਕਚਹਿਰੀ ਵਿਚ ਕੋਈ ਉਜ਼ਰ ਮਾਜਰਾ, ਨਾ ਹੀ ਉਹ ਦਾਅਵਾ ਕਰਦੇ। ਇਥੋਂ ਤੱਕ ਕਿ ਸਰਕਾਰੀ ਹੁਕਮਨਾਮੇ ਜਾਂ ਵਾਰੰਟਾਂ ਦੀ ਭੀ ਅਤੇ ਜੇ ਕੋਈ ਅਫਸਰ ਸਰਕਾਰੀ ਕਾਰਗੁਜ਼ਾਰੀ ਡਿਊਟੀ ਤੇ ਭੀ ਆਉਂਦਾ ਅਤੇ ਉਸ ਦਾ ਬੇਸ਼ਕ ਤੁਅੱਲਕ ਗੁ: ਮਾਤਾ ਜੀ ਦੇ ਸਬੰਧ ਵਿਚ ਜਾਂ ਸਿੰਘ ਪ੍ਰਤੀ ਹੁੰਦਾ, ਤਾਂ ਲੰਗਰ - ਜਲ ਪਾਣੀ ਦੀ ਜੋ ਸਰਬਤੀ ਸਾਂਝ ਹੈ, ਬੜੇ ਆਦਰ ਸਤਿਕਾਰ ਨਾਲ ਸੰਗਤਾਂ ਵਾਂਗ ਯਾਤ੍ਰੀ ਸਮਝ ਕੇ ਸੇਵਾ ਕਰਦੇ। ਪਰ ਉਚੇਚੇ ਤੌਰ ਤੇ ਸੰਗਤ ਦੀ ਮਰਯਾਦਾ ਤੋਂ ਬਾਹਰਾ ਕੋਈ ਸਨਮਾਨ ਨਾ ਦੇਂਦੇ।

ਜਦ ਕਦੀ ਸਰਕਾਰੀ ਮਸਲੇ ਲਈ ਸਿੰਘ ਬੇਨਤੀ ਕਰਦੇ ਤਾਂ ਬਾਬਾ ਜੀ ਇਹ ਹੀ ਕਹਿੰਦੇ ਕਿ–

ਦੀਬਾਨੁ ਹਮਾਰੋ ਤੁਹੀ ਏਕੁ ॥ [ਗਉੜੀ ਮ: ੫–੨੧੦

ਸਾਡੇ ਫੈਸਲੇ ਕਰਨ ਵਾਲਾ ਆਪ ਵਾਹਿਗੁਰੂ ਜੀ ਹਨ, ਜੋ ਸਦਾ ਸੱਚ ਨਿਆਉਂ ਕਰਦੇ ਹਨ।

ਹਰ ਸੰਸਾਰੀ ਅਫਸਰਾਂ, ਬੰਦਿਆਂ ਦੀ ਹਰ ਵੇਲੇ ਖੁਸ਼ਾਮਦ ਕਰਨ ਦੀ ਬਜਾਏ ਕਿਉਂ ਨਾ ਉਸ ਮਾਲਕ ਅਗੇ ਹੀ ਅਰਦਾਸ (ਅਰਜ਼) ਕੀਤੀ ਜਾਵੇ। ਕਿਉਂਕਿ ਉਹ ਤਾਂ "ਆਪ ਜਾਣੈ ਜਾਣੋ" ਹੀ ਜਦ ਹੈ ਫਿਰ 'ਕਿਸ ਆਗੈ ਕੀਚੈ ਅਰਦਾਸ' ॥ ਜਦ ਕਾਰਜ ਹੀ ਉਸ ਮਾਲਕ ਦੇ ਆਪਣੇ ਹਨ, ਤਾਂ ਤੇ 'ਪੂਰਾ ਨਿਆਓ ਕਰੈ ਕਰਤਾਰ ॥ ਉਸ ਦਾ ਨਿਆਉਂ ਹੀ ਸੱਚ ਹੈ ਅਤੇ ਸਚ, ਨਿਆਉਂ ਵਿਚ ਹੀ ਸਾਂਤੀ ਤੇ ਸੁੱਖ ਹੈ। ਅਤੇ ਉਸੇ ਦੇ ਕਾਰਜ ਦੀ ਉਸੇ (ਵਾਹਿਗੁਰੂ ਜੀ) ਨੂੰ ਹੀ ਮਾਨ - ਵਡਿਆਈਆਂ ਜਾਂ ਹਾਨਤ ਹੈ–ਇਸ ਵਿਚ ਸਾਡਾ ਕੀਹ ਹੈ ?

ਜਦ ਸਾਰੀ ਲੋਕਾਈ ਦੀਆਂ ਬੇਨਤੀਆਂ ਅਰਜ਼ਾਂ ਸੁਣਦੇ ਤੇ ਉਹਨਾਂ ਦੇ ਭਲੇ ਦੀ ਹੀ ਲੋਚਦੇ ਹਨ ਤਾਂ ਫਿਰ 'ਜਿਸ ਕਾ ਕਾਰਜ ਤਿਨਹੀ ਕੀਆ' ਆਪਣੇ ਕਾਰਜ ਪ੍ਰਭੂ ਕਿਉਂ ਨਾ ਸੰਵਾਰਨਗੇ।

ਇਸੇ ਤਰ੍ਹਾਂ ਬਾਬਾ ਜੀ ਨੇ ਸਾਰੀ ਉਮਰ ਨਾ ਆਪ ਅਤੇ ਨਾ ਹੀ ਕਿਸੇ ਸਿੰਘ ਨੂੰ ਝੂਠੇ ਅਹਿਲਕਾਰਾਂ ਪਾਸ ਅਰਜ਼ ਕਰਨ ਦਿਤੀ। ਆਪ ਜੀ ਕਿਤਨੀ ਦ੍ਰਿੜਤਾ ਵਿਸ਼ਵਾਸ ਦੇ ਉਦਾਹਰਣੀ ਸਨ। ਇਹ ਸੀ ਉਹਨਾਂ ਦੀ ਉੱਚ ਸ਼ਖ਼ਸੀਯਤ, ਜਿਸ ਤੋਂ ਸਹਿਜੇ ਹੀ ਉਹਨਾਂ ਦੀ ਅਵਸਥਾ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਪ੍ਰਭਤਾ ਵੇਖ ਕੇ ਦੁਖ ਕਰਨਾ ਤੇ ਝੂਠੀਆਂ ਰਿਪੋਰਟਾਂ ਕਰਨੀਆਂ

ਮਾਤਾ ਜੀ ਦੇ ਅਸਥਾਨ ਦੀ ਪ੍ਰਭਤਾ ਦੀ ਜਿਉਂ ਜਿਉਂ ਵੱਧਦੀ ਫੁੱਲਦੀ ਮਹਿਕ - ਟਹਿਕ ਦੀਆਂ

ਖੁਸ਼ਬੂਆਂ ਫੈਲਣ ਲੱਗੀਆਂ ਅਤੇ ਬਾਬਾ ਜੀ ਦੇ ਸੀਤਲ ਸੁਭਾਅ ਅਤੇ ਸਮ - ਦ੍ਰਿਸ਼ਟੀ ਨੇ ਜਿੱਥੇ ਸਿਖ ਸੰਗਤ ਨੂੰ ਪ੍ਰਭਾਵਤ ਕੀਤਾ, ਉਥੇ ਹਿੰਦੂ ਜਾਂ ਗੈਰ ਸਿੱਖ ਭੀ ਇਸ ਪ੍ਰਭਾਵ ਤੋਂ ਕੋਰਾ ਨਾ ਰਹਿ ਸਕਿਆ। ਸਿਖ ਸੰਗਤ ਨੇ ਤਾਂ ਆਪ ਦਾ ਸਤਿਕਾਰ ਤਾਂ ਕਰਨਾ ਹੀ ਸੀ, ਪਰ ਦੱਖਣੀ ਮਰਹੱਟੇ (ਜੋ ਕਦੀ ਨਫਰਤ ਕਰਦੇ ਸਨ) ਅੱਜ ਬਾਬਾ ਜੀ ਦੇ ਦਰਸ਼ਨ ਤੇ ਅਸਥਾਨ ਤੇ ਸੇਵਾ ਕਰ ਕੇ ਖੁਸ਼ ਹੁੰਦੇ।

ਆਮ ਤੌਰ ਤੇ ਅਜਿਹੇ ਸਾਧੂ ਦਾ ਮਿਲਣਾ ਉਹਨਾਂ ਦੀ ਜ਼ਿੰਦਗੀ ਵਿਚ ਅਸਚਰਜਤਾ ਸੀ। ਨਿਸ਼ਕਾਮ ਸੇਵਾ, ਨਿਰਲੋਭ, ਨਿਰਵੈਰ ਨਿਮਰਤਾ, ਨਿਸ਼ਕਪਟਾ, ਹਰ ਵਕਤ ਪਰਉਪਕਾਰ ਦਾ ਚਾਉ, ਖੇੜਾ, ਮੁਸਕਾਨ, ਅਣਥੱਕ ਸੇਵਾ, ਹਰ ਪ੍ਰਾਣੀ ਨਾਲ, (ਜ਼ਾਤੀ ਭੇਦ ਭਾਵ ਨਾ ਰੱਖਦੇ ਹੋਏ) ਸਮ ਭਾਵ ਸਮਦ੍ਰਿਸ਼ਟੀ, ਵਰਤਾਓ ਦੀਨ ਦੁਖੀਆਂ ਦੇ ਦਰਦੀ, ਇਸ ਤਰ੍ਹਾਂ ਜੋ ਪ੍ਰਾਣੀ–ਚਾਹੇ ਉਹ ਕਿਸੇ ਮਜ਼ਹਬ ਜਾਂ ਫਿਰਕੇ ਦਾ ਹੁੰਦਾ, ਦਰਸ਼ਨ ਕਰਨ ਨਾਲ ਉਸ ਦੇ ਹਿਰਦੇ ਵਿਚ ਸ਼ਾਂਤੀ, ਖੇੜਾ ਆ ਜਾਂਦਾ। ਤੇ ਥਕਾਨ ਦੁਖ ਚਿੰਤਾ ਕੋਹਾਂ ਦੂਰ ਚਲੀ ਗਈ ਜਾਪਦੀ ਸੀ। ਮਨ ਵਿਚ ਕੁਦਰਤੀ ਹੀ ਕਰਤੇ ਦੀ ਯਾਦ ਆ ਸਮਾਂਦੀ। ਉਤਾਵਲਾ ਮਨ ਬਿਨਾਂ ਯਤਨ ਦੇ ਟਿਕ ਗਿਆ ਜਾਪਦਾ ਅਤੇ ਟਿਕਾਓ ਵਿਚ ਜਦ ਉਹ ਆਪਣੇ ਇਸ਼ਟ ਨਾਲ ਜੁੜਦਾ ਤਾਂ ਉਸ ਦੀ ਭਾਵਨਾ ਅਨੁਸਾਰ ਉਸ ਨੂੰ ਉਹੀ ਸਰੂਪ ਦ੍ਰਿਸ਼ਟੀ (ਨਜ਼ਰ) ਆਉਂਦਾ। ਜਿਸ ਤੋਂ ਯਾਤਰੀ ਦਾ ਟਿਕਾਉ, ਰੁਝਾਨ ਹੋਰ ਭੀ ਪ੍ਰਪੱਕ ਹੁੰਦਾ। ਜੋ ਅਨੰਦ, ਬਿਰਤੀ ਦਾ ਟਿਕਾਉ ਉਹ ਆਪਣੇ ਇਸ਼ਟ ਉਪਾਸ਼ਨਾ ਤੋਂ ਅਜੇ ਤੱਕ ਪ੍ਰਾਪਤ ਨਹੀਂ ਸੀ ਕਰ ਪਾਇਆ, ਉਹ ਜਗਤ ਮਾਤਾ ਜੀ ਦੇ ਅਸਥਾਨ ਦੇ ਸ਼ਾਂਤ, ਨਾਮ - ਰਸ ਰੰਗ ਵਿਚ ਰੰਗਿਆ ਵਾਤਾਵਰਣ ਤੋਂ ਸੁਤੇ ਸਿੱਧ ਹੀ ਅਨੁਭਵ ਕਰਦਾ।

ਕਾਮ, ਕ੍ਰੋਧ, ਲੋਭ ਮੋਹ ਤੇ ਹੰਕਾਰ–'ਪੰਜੇ ਦੂਤ ਕੀਤੇ ਵਸ ਛਿਕੈ' ਕਿਸੇ ਦੇ ਨੇੜੇ ਹੀ ਨਹੀਂ ਭਟਕਦੇ ਸਨ। ਨਾ ਹੀ ਕੋਈ ਕਿਸੇ ਨੂੰ ਰੋਅਬ ਤੇ ਧਮਕੀ ਦੇਂਦਾ ਸੀ। ਇਤਨਾ ਪਸਾਰਾ ਪਸਰਨ ਤੇ ਭੀ (ਸੈਂ ਦੇ ਸ ਸਿੰਘਾਂ ਦਾ ਰਹਿਣਾ) ਸ਼ਾਂਤ ਵਾਤਾਵਰਣ ਬਣਿਆ ਰਹਿੰਦਾ। ਕਿਸੇ ਅੰਦਰ ਨਾ ਸੇਵਾ ਦਾ ਮਾਣ, ਤੇ ਨਾ ਹੀ ਸਤਿਕਾਰ ਦੀ ਲਾਲਸਾ ਹੁੰਦੀ, ਸਗੋਂ ਭੈ, ਭਾਉ, ਭਗਤੀ ਵਿਚ ਹਰ ਕਿਸੇ ਦਾ ਰੁਝੇਵਾਂ ਹੁੰਦਾ।

ਬਾਬਾ ਜੀ, ਜਿਨ੍ਹਾਂ ਦਾ ਇਤਨਾ ਮਾਨ ਸਤਿਕਾਰ ਹਰ ਕੋਈ ਕਰਦਾ, ਪਰ ਆਪ 'ਮਾਨ ਹੁੰਦੇ ਹੋਇ ਨਿਮਾਣਾ' (ਆਪੇ ਦੀ ਹਉਂ ਦਾ ਕਿਣਕਾ ਮਾਤ੍ਰ ਅੰਸ਼ ਦਿਖਾਈ ਨਾ ਦੇਂਦੀ। ਅਠੋ ਪਹਿਰ ਆਪ ਸੇਵਾ ਤੇ ਸਿਮਰਨ ਵਿਚ ਇਕ ਰਸ ਰੰਗ ਵਿਚ ਹੀ ਦਿਖਾਈ ਦੇਂਦੇ ਸਨ। ਕਦੇ ਭੀ ਆਪ ਜੀ 'ਕਉੜਾ ਬੋਲ ਨ ਜਾਨੈ' ਕੌੜਾ ਬੋਲ ਕਦੇ ਭੀ ਨਾ ਬੋਲਦੇ। ਜਿਸ ਤੋਂ ਕਦੀ ਕਿਸੇ ਦੇ ਹਿਰਦੇ ਨੂੰ ਦੁਖ ਨਾ ਹੁੰਦਾ। ਇਸੇ ਤਰ੍ਹਾਂ ਮਿਠ - ਬੋਲੜੇ, ਹਰ ਦਿਲ ਦੀ ਧੜਕਣ, ਬਦਲ ਕੇ ਪਿਆਰ ਖਿੱਚ, ਧੂਹ ਤੇ ਵੈਰਾਗੀ ਬਣ ਕੇ ਪ੍ਰਭੂ ਭਗਤੀ ਤੇ ਆਪੇ ਨੂੰ, ਆਪੇ ਦੀ ਸੋਝੀ ਵਲ ਖਿੱਚਾਂ ਪੈਂਦੀਆਂ।

ਅਜਿਹੀ ਕਥਨੀ ਤੇ ਕਰਨੀ ਦੇ ਸੁਭ ਆਚਰਨ, ਸ਼ੁਭ ਗੁਣਾਂ ਦੀ ਮਹਿਕ ਦੇ ਕਾਰਨ ਸਿੱਖ ਸੰਗਤਾਂ ਹਰ ਜ਼ਾਤੀ ਦੇ ਪੁਰਸ਼, ਸਰਕਾਰੀ ਦਰਬਾਰੀ, ਤੇ ਵੱਡੇ ਤੋਂ ਵੱਡੇ ਅਫਸਰ ਭੀ ਬਾਬਾ ਜੀ ਦਾ ਬਹੁਤ ਸਤਿਕਾਰ ਕਰਦੇ ਸਨ।

ਪ੍ਰਭੁਤਾ ਦੇਖ ਕੇ ਦੁੱਖ ਕਰਨਾ

ਸੰਸਾਰ ਤੇ ਅਜਿਹੇ ਪੁਰਸ਼ ਭੀ ਹੁੰਦੇ ਹਨ ਜੋ ਸੂਰਜ ਦੀ ਰੋਸ਼ਨੀ ਵਿਚ ਉੱਲੂ ਵਾਂਗ ਅੱਖਾਂ ਮੀਟ ਲੈਂਦੇ ਹਨ ਅਤੇ ਉਹ ਹਮੇਸ਼ਾ ਹਨੇਰੀ ਘੁਪ ਕਾਲੀ ਰਾਤ ਵਿਚ ਹੀ ਜੀਊਣਾ ਪਸੰਦ ਕਰਦੇ ਹਨ। ਜਿਸ ਦੀ ਸੁਗੰਧੀ ਲੈਣ ਵਾਲੀ ਉਪਕਰਨ (ਨਾਸਕਾ) ਵਿਚ ਹੀ ਦੁਰਗੰਧ ਹੋਵੇ, ਉਸ ਨੂੰ ਗੁਲਸ਼ਨ ਦੀ ਮਹਿਕ (ਸੁਗੰਧੀ) ਦਾ ਰਸ ਨਹੀਂ ਆ ਸਕਦਾ। ਮਹਿਕਦੀਆਂ ਰੁਤਾਂ ਉਸ ਦੇ ਕਿਸ ਕੰਮ ਹਨ, ਜਿਸ ਦਾ ਅੰਤਸ਼ਹ ਕਰਨ 'ਪ੍ਰਭੂ ਸੱਤਾ' ਤੋਂ ਬੇਮੁਖ ਹੋ ਕੇ ਸੁੱਕ - ਸੜ ਗਿਆ ਹੋਵੇ। ਉਸ ਜੀਵ ਲਈ ਸੰਸਾਰ ਦੀ ਸੁੰਦਰਤਾ, ਕਾਦਰ ਦੀ ਅਜੀਬ ਕੁਦਰਤ, ਅਸਚਰਜ ਖੇਡਾਂ, ਕੌਤਕ ਨਦੀ, ਨਾਲੇ ਗੁਲਜ਼ਾਰਾਂ, ਖੇੜੇ ਦੇ ਰਾਗ ਰੰਗ ਕਿਸ ਕੰਮ ? ਜਿਸ ਨੂੰ ਪ੍ਰਭੂ ਨੇ ਨੇਤਰ ਹੀ ਨਾ ਦਿਤੇ ਹੋਵਣ। ਦੇਖਣ ਵਾਲੇ, ਉਹ ਪਸ਼ੂ ਢੋਰਾਂ ਨਾਲੋਂ ਭੀ ਮੰਦ ਭਾਗਾ ਹੈ। ਇਸੇ ਤਰਾਂ ਗੁਰ-ਸੋਭਾ, ਕੀਰਤੀ, ਪ੍ਰਭਤਾ, ਉਹਨਾਂ ਜੀਵਾਂ ਨੂੰ ਨਹੀਂ ਭਾਉਂਦੀ, ਨਾ ਹੀ ਉਹਨਾਂ ਨਿੰਦਕਾਂ ਦੀ ਹਤਿਆ ਉਤਰਦੀ ਹੈ।

ਮੂਲਿ ਨ ਉਤਰੈ ਹਤਿਆ ਬੇਮੁਖ ਗੁਰਦੁਆਰੇ ॥ [ਭਾ: ਗੁਰਦਾਸ ਵਾਰ ੩੪/੧੭

ਜੋ ਗੁਰ ਦਰਬਾਰ ਤੋਂ ਬੇ-ਮੁਖ, ਮਨਮੁਖ ਆਕੀ ਹੋਏ ਹੋਏ ਹੋਵਣ, 'ਆਕੀ ਮਰਨ ਅਫਾਰੀ' ਅਜਿਹੇ ਪ੍ਰਭੂ ਤੋਂ ਆਕੀ, ਆਕੜ ਵਾਲੇ ਫਿਰ ਅਜਿਹੇ ਘਿਨਾਉਣੇ ਹੱਥ - ਕੰਡੇ ਕਰਨ ਲਈ ਨੀਚ ਤੋਂ ਨੀਚ ਕਰਮ ਕਰਨ ਤੋਂ ਗੁਰੇਜ਼ ਨਹੀਂ ਕਰਦੇ। ਤੇ ਪ੍ਰਭੂ ਦੀ ਵਡਿਆਈ ਨੂੰ ਆਪਣੇ ਹੰਕਾਰ ਦੀ ਜਵਾਲਾ (ਅਗਨੀ) ਨੂੰ ਮੰਦ (ਸ਼ਾਂਤ) ਕਰਨ ਲਈ ਸਰਕਾਰੇ ਦਰਬਾਰੇ ਜਾਂ ਆਮ ਲੋਕਾਂ ਵਿਚ ਨਾਲਸ਼ਾਂ, ਚੁਗਲੀ ਅਤੇ ਨਿੰਦਿਆ ਕਰਨ ਤੇ ਹੋ ਜਾਂਦੇ ਹਨ।

ਇਉਂ ਹੀ ਕੁਛ ਮਨਚਲਿਆਂ ਨੇ ਮਾਤਾ ਜੀ ਦੇ ਅਸਥਾਨ ਤੇ ਬਾਬਾ ਜੀ ਦੀ ਇਸ ਪ੍ਰਭਤਾ ਦੇ ਉਲਟ ਇਕ ਦਰਖਾਸਤ ਨਵਾਬ ਹੈਦਰਾਬਾਦ ਦੱਖਣ ਨੂੰ ਭੇਜ ਦਿਤੀ। ਇਸ ਦਰਖਾਸਤ ਵਿਚ ਲਿਖਿਆ ਕਿ ਇਕ ਸਾਧੂ ਦੇ ਭੇਸ ਵਿਚ ਨਾਂਦੇੜ ਤੋਂ ਅੱਠ ਮੀਲ ਦੂਰ ਗੁ: ਮਾਤਾ (ਮੁਕਟ) ਦੇ ਪਾਸ ਰਹਿੰਦਾ ਹੈ। ਜਿਸ ਪਾਸ ਸ਼ਸਤ੍ਰਧਾਰੀ ਡਾਕੂ ਰਹਿੰਦੇ ਹਨ। ਉਹ ਉਹਨਾਂ ਨੂੰ ਪਨਾਹ ਦੇਂਦਾ ਹੈ। ਉਹ ਸਾਧੂ ਲੋਕਾਂ ਦੀਆਂ ਜ਼ਮੀਨਾਂ ਦੇ ਦੇ ਝਗੜੇ ਉਹਨਾਂ ਡਾਕੂਆਂ ਰਾਹੀਂ ਬੰਦੂਕਾਂ ਰਾਹੀਂ ਨਬੇੜ ਕੇ ਪੈਸੇ ਬਟੋਰਦਾ ਹੈ। ਉਹ ਸਰਕਾਰ ਤੇ ਸਰਕਾਰੀ ਅਫਸਰਾਂ ਦੀ ਬਿਲਕੁਲ ਪ੍ਰਵਾਹ ਨਹੀਂ ਕਰਦਾ। ਚੌਗਿਰਦਾ ਉਸ ਦੇ ਭੈ ਤੋਂ ਡਰਦਾ ਹੈ। ਉਹ ਜਦ ਚਾਹੁੰਦਾ ਹੈ ਆਪਣੇ ਆਲੇ ਦਵਾਲੇ ਦੇ ਪਿੰਡਾਂ ਵਿਚ ਲੁਟ ਮਾਰ ਕਰਵਾਉਂਦਾ ਹੈ। ਅਜਿਹਾ ਡਰ ਹੈ ਕਿ ਅਗਰ ਉਹ ਇਸੇ ਚਾਲੇ ਚੱਲਦਾ ਰਿਹਾ ਤੇ ਹੋਰ ਡਾਕੂ (ਨਿਹੰਗ) ਇਕੱਠੇ ਕਰਦਾ ਗਿਆ ਜੋ ਹਥਿਆਰਬੰਦ ਹੁੰਦੇ ਹਨ ਤਾਂ ਸਰਕਾਰ (ਨਵਾਬ) ਤੋਂ ਬਾਗੀ ਹੋ ਕੇ ਰਿਆਸਤ ਦਾ ਕੁਝ ਹਿੱਸਾ ਜ਼ਬਰਦਸਤੀ ਖੋਹ ਲਵੇਗਾ, ਅਤੇ ਉਥੇ ਉਹ ਆਪਣਾ ਰਾਜ ਕਾਇਮ ਕਰ ਲਵੇਗਾ। ਉਨ੍ਹਾਂ ਨੇ ਅਜੇਹੀਆਂ ਅਨੇਕਾਂ ਗੱਲਾਂ–ਜੋ ਭੜਕਾਊ ਤੇ ਬੇਮਤਲਬੀ ਸਨ, ਲਿਖ ਭੇਜੀਆਂ।

ਨਿੰਦਕ ਦੀ ਖੁਰਾਕ

ਨਿੰਦਕ ! ਨਿੰਦਾ ਕਰਨੋ ਕਦੇ ਨਹੀਂ ਸੰਕਚਦਾ ਝਿਜਕਦਾ। ਚਾਹੇ ਉਹ ਝੂਠੀ ਹੋਵੇ, ਜਾਂ ਸੱਚੀ

ਉਸ ਨੇ ਆਪਣੀ ਆਦਤ ਜ਼ਰੂਰ ਪੂਰੀ ਕਰਨੀ ਹੁੰਦੀ ਹੈ। ਚਾਹੇ ਉਸ ਦਾ ਕੁਝ ਮਤਲਬ ਨਿਕਲੇ ਜਾਂ ਨਾ ਨਿਕਲੇ। ਕਿਉਂਕਿ ਉਸ ਦੀ ਖੁਰਾਕ ਹੀ ਜ਼ਰੂਰ ਚੁਗਲੀ ਕਰਨ ਦੀ ਹੁੰਦੀ ਹੈ। ਨਹੀਂ ਤੇ ਉਸ ਦੇ ਢਿੱਡ ਦਾ ਅਫਾਰਾ ਨਹੀਂ ਉਤਰਦਾ।

ਜਦ ਨਿੰਦਕਾਂ ਵਲੋਂ ਇਹ ਦਰਖਾਸਤ ਨਵਾਬ ਹੈਦਰਾਬਾਦ ਪਾਸ ਪੁੱਜੀ। ਤੁਅਸਬੀ ਤੇ ਸ਼ਰਈ ਮੁਸਲਮਾਨ ਵਜ਼ੀਰਾਂ ਨੇ ਸੋਨੇ ਤੇ ਸੁਹਾਗੇ ਵਾਲੀ ਗੱਲ ਕਰ ਕੇ ਨਵਾਬ ਨੂੰ ਹੋਰ ਚਮਕਾਇਆ ਤੇ ਚੰਦੂ ਤੇ ਸੁਚਾ ਨੰਦ ਪਾਪੀਆਂ ਵਾਂਗ ਤੱਤੀਆਂ ਠੰਢੀਆਂ ਕਹਿ ਕੇ ਨਵਾਬ ਨੂੰ ਹੋਰ ਭੜਕਾਇਆ।

ਨਵਾਬ ਸਾਹਿਬ! ਇਹ ਉਹ ਹੀ ਨਿਹੰਗ ਹਨ, ਜੋ ਦਸਮ ਪਾਤਸ਼ਾਹ ਦੇ ਸਿੰਘ ਅਖਵਾਉਂਦੇ ਹਨ ਤੇ ਬੜੇ ਜੰਗਜੂ ਤੇ ਸਿਰਲੱਥ ਜੋਧੇ ਅਖਵਾਉਂਦੇ ਹਨ। ਹੋ ਸਕਦਾ ਹੈ ਕਿ ਆਪ ਦੇ ਵਡਿਕੇ ਬਹਾਦਰ ਸ਼ਾਹ ਨੂੰ ਰਾਜ ਦੁਆਇਆ ਸੀ, ਪਰ ਉਹ ਢੱਕਾਂ ਦੇਣੋਂ ਮੁਕਰ ਗਏ ਸਨ। ਕਿਧਰੇ ਉਸ ਦਾ ਬਦਲਾ ਲੈਣ ਦੀ ਨੀਯਤ ਤੇ ਕਿ ਇਹਨਾਂ ਨੂੰ ਰਾਜ ਤਾਂ ਸਾਡੇ ਸਤਿਗੁਰੂ ਜੀ ਨੇ ਆਪਣੇ ਸਿੰਘ ਸ਼ਹੀਦ ਕਰਵਾ ਕੇ ਦੁਵਾਇਆ ਸੀ ਤੇ ਰਾਜ - ਤਿਲਕ ਭੀ ਉਸ ਨੂੰ ਸਤਿਗੁਰੂ ਜੀ ਨੇ ਦਿਤਾ ਸੀ। ਕਿਤੇ ਉਹ ਆਪਣਾ ਰਾਜ ਜਾਣ ਕੇ, ਮੱਲ ਮਾਰਨ (ਖੋਹ ਲੈਣ) ਦੇ ਮਨਸੂਬੇ ਨਾ ਬਣਾਈ ਬੈਠੇ ਹੋਵਣ।

ਜਿਵੇਂ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਵਿਚ ਥੋੜੇ ਜੇਹੇ ਪੈਰ ਜਮਾ ਕੇ ਸਾਰੇ ਹਿੰਦੁਸਤਾਨ ਦੇ ਬਾਦਸ਼ਾਹ ਔਰੰਗਜ਼ੇਬ ਤੇ ਬਾਈਧਾਰ ਦੇ ਰਾਜਿਆਂ ਮੁੱਠੀ ਭਰ ਸਿੰਘਾਂ ਨੂੰ ਇਕੱਠੇ ਕਰ ਕੇ ਉਹਨਾਂ ਸਾਰਿਆਂ ਨੂੰ ਅਜਿਹੇ ਚਣੇ ਚਬਾਏ ਸਨ ਕਿ ਹਿੰਦੁਸਤਾਨ ਦੀ ਮੁਗਲੀਆ ਸਲਤਨਤ (ਬਾਦਸ਼ਾਹੀ) ਹੀ ਤਬਾਹ ਕਰ ਕੇ ਰੱਖ ਦਿਤੀ।

ਅਜਿਹੇ ਨਾਸੂਰ ਨੂੰ ਹੁਣੇ ਹੀ ਜੜ੍ਹੋਂ ਪੁਟ ਦੇਣਾ ਚਾਹੀਦਾ ਹੈ। ਨਾ ਜਾਣੇ ਕੁਝ ਦਿਨਾਂ ਦੀ ਦੇਰੀ ਦੇ ਕਾਰਨ ਉਹ ਨਿਹੰਗ ਸਿੰਘ ਰਾਜ ਹੀ ਪਲਟ ਕੇ ਰੱਖ ਦੇਵੇ। ਰਾਜਿਆਂ ਤੇ ਨਵਾਬਾਂ ਦੇ ਕੰਨ ਕੱਚੇ ਹੁੰਦੇ ਹਨ, ਇਹ ਤਾਂ ਕੇਵਲ ਕੁਰਸੀ ਤੇ ਸੁਸ਼ੋਭਤ ਹੋਣ ਲਈ ਜਾਂ ਕੇਵਲ ਇਕ ਦਮ ਹੁਕਮ ਕਰਨ ਲਈ ਹੁੰਦੇ ਹਨ। ਰਾਜ ਕਾਜ ਤਾਂ ਵਜ਼ੀਰਾਂ ਦੇ ਹੱਥ ਹੁੰਦੇ ਹਨ। ਚਾਹੇ ਰਾਜ ਸੁਖ ਸ਼ਾਂਤੀ ਨਾਲ ਕਰਾਉਣ, ਚਾਹੇ ਰਾਜੇ ਨੂੰ ਅਪੁੱਠੇ ਰਾਹ ਪਾ ਦੇਣ।

ਇਹਨਾਂ ਨੇ ਹੀ ਨਵਾਬ ਸਾਹਿਬ ਨੂੰ ਪੁੱਠੀ ਪੱਟੀ ਪੜ੍ਹਾ ਇਕ ਦਮ ਹੁਕਮ ਜਾਰੀ ਕਰਵਾ ਦਿਤਾ ਕਿ ਉਸ ਰਿਆਸਤ ਦੇ ਬਾਗੀ ਸੰਤ ਮਿੱਤ ਸਿੰਘ, ਜੋ ਨਾਂਦੇੜ, ਗੁ: ਮਾਤਾ ਜੀ ਦੇ ਅਸਥਾਨ ਤੋਂ, ਜੋ ਪਿੰਡ ਮੁਕਟ ਪਾਸ ਹੈ, ਰਹਿੰਦਾ ਹੈ। ਉਸ ਲਈ ਵਾਰੰਟ ਜਾਰੀ ਕਰ ਕੇ, ਫੌਰਨ ਉਸ ਨੂੰ ਸਾਥੀ ਬਾਗੀਆਂ ਸਮੇਤ ਫੜ ਕੇ ਰਿਆਸਤੋਂ ਬਾਹਰ ਕੱਢ ਦਿਓ, ਅਤੇ ਅੱਗੋਂ ਤੋਂ ਨਿਹੰਗਾਂ ਸ਼ਸਤਰਧਾਰੀਆਂ ਨੂੰ ਰਿਆਸਤ ਅੰਦਰ ਕਿਧਰੇ ਭੀ ਨਾ ਇਕੱਠਾ ਨਾ ਹੋਣ ਦਿਤਾ ਜਾਵੇ।

ਤੁਰੰਤ ਹੀ ਬਾਬਾ ਜੀ ਦੇ ਤੇ ਸਾਰੇ ਸਿੰਘਾਂ ਦੇ ਦੇਸ਼ - ਨਿਕਾਲਾ ਵਾਰੰਟ ਨਵਾਬ ਵਲੋਂ ਇਕ ਉੱਚ ਅਧਿਕਾਰੀ (ਅਹਿਲਕਾਰ) ਨੂੰ ਦੇ ਕੇ, ਫੌਰਨ ਇਸ ਤੇ ਅਮਲ ਹੋ ਜਾਣ ਤੇ ਜ਼ਿਲੇ ਦੇ ਡਿਪਟੀ ਕਮਿਸ਼ਨਰ ਦੀ ਰੀਪੋਰਟ ਲੈ ਕੇ ਆਉਣਾ ਹੋਵੇਗਾ।

ਅਹਿਲਕਾਰ ਜ਼ਿਲਾ ਨਾਂਦੇੜ ਦੇ ਡਿਪਟੀ ਕਮਿਸ਼ਨਰ ਪਾਸ ਬਾਬਾ ਜੀ ਪ੍ਰਤੀ ਹੁਕਮਾਂ ਦੇ ਵਾਰੰਟ ਲੈ ਕੇ ਪੁਜਾ ਤਾਂ ਡਿਪਟੀ ਕਮਿਸ਼ਨਰ ਬੜਾ ਹੈਰਾਨ ਹੋਇਆ। ਕਿਉਂਕਿ ਬਾਬਾ ਜੀ ਦੀ ਭਗਤੀ ਸ਼ਕਤੀ ਨੂੰ ਡੀ. ਸੀ. ਨੇ ਨਿਰਾ ਸੁਣਿਆ ਹੀ ਨਹੀਂ ਸੀ, ਸਗੋਂ ਦਰਸ਼ਨ ਕਰ ਕੇ ਭੀ ਕਈ ਵਾਰੀ ਅਨੰਦਤ ਹੋ ਚੁਕਾ ਹੋਇਆਸੀ ਅਤੇ ਮਾਤਾ ਜੀ ਦੇ ਅਸਥਾਨ ਦੀ ਲੰਗਰ ਦੇਗ ਦੇ ਵਾਤਾਵਰਣ ਤੋਂ ਭਲੀ ਭਾਂਤ ਜਾਣੂ ਸੀ। ਇਸੇ ਤਰ੍ਹਾਂ ਹੀ ਸਭ ਉੱਚ ਅਧਿਕਾਰੀ ਬਾਬਾ ਜੀ ਪ੍ਰਤੀ ਆਪਣੇ ਮਨ ਅੰਦਰ ਅਥਾਹ ਸ਼ਰਧਾ, ਪਿਆਰ ਅਤੇ ਸਤਿਕਾਰ ਰਖਦੇ ਸਨ।

ਫੌਰਨ ਡਿਪਟੀ ਕਮਿਸ਼ਨਰ ਨੇ ਸਾਰੇ ਉਚ ਅਧਿਕਾਰੀ ਬੁਲਾ ਲਏ। ਪੁਲਸ ਕਪਤਾਨ ਨੂੰ ਜਦ ਬਾਬਾ ਜੀ ਦੇ ਵਾਰੰਟ ਵਿਖਾਏ ਅਤੇ ਹੋਰ ਅਧਿਕਾਰੀਆਂ ਸਹਿਤ ਸਾਰੇ ਹੀ ਹੈਰਾਨ ਤੇ ਪ੍ਰੇਸ਼ਾਨ ਹੋ ਗਏ। ਸਾਰਿਆਂ ਨੇ ਇਕ ਅਵਾਜ਼ ਨਾਲ ਕਿਹਾ––ਅਜਿਹੇ ਧਰਮਾਤਮਾ ਸਾਧੂ ਦੇ ਵਾਰੰਟ ? ਕਿਤਨਾ ਅੰਧ - ਰਾਜ ਹੋ ਗਿਆ ਹੈ। ਇਤਨੀ ਹਨੇਰ ਗਰਦੀ ! ਅਸੀਂ ਸਾਰੇ ਉੱਚ ਅਧਿਕਾਰੀ ਕਾਸ ਲਈ ਹਾਂ। ਸਾਥੋਂ ਤਾਂ ਪੁੱਛ ਕੇ ਅਜਿਹਾ ਫੈਸਲਾ ਦਿਤਾ ਹੁੰਦਾ !

ਸਾਰੇ ਸੋਚੀਂ ਪੈ ਗਏ ਕਿ ਹੁਣ ਕੀ ਕੀਤਾ ਜਾਵੇ। ਕਿਸੇ ਦਾ ਹੀਆ ਨਾ ਪਵੇ ਕਿ ਉਹ ਬਾਬਾ ਜੀ ਦੇ ਪਾਸ ਵਾਰੰਟ ਲੈ ਕੇ ਜਾਵੇ। ਪਰ ਨਵਾਬ ਵਲੋਂ ਵਡੇ ਵਜ਼ੀਰ ਦੇ ਦਸਤਖਤਾਂ ਹੇਠ ਆਏ ਵਾਰੰਟ ਦੀ ਉਲੰਘਣਾ ਕਰਨੀ ਭੀ ਮੁਸ਼ਕਲ ਸੀ। ਪਰੰਤੂ ਜੋ ਨਵਾਬ ਪਾਸੋਂ ਅਹਿਲਕਾਰ, ਜੋ ਵਾਰੰਟ ਲੈ ਕੇ ਆਇਆ ਸੀ, ਬੜਾ ਹੈਰਾਨ ਜਿਹਾ ਹੋ ਗਿਆ। ਉਹ ਸੋਚਣ ਲੱਗਾ ਕਿ ਕੀ ਉਸ ਬਾਗੀ ਸੰਤ ਪਾਸੋਂ ਇਹ ਸਾਰੇ ਡਰਦੇ ਹਨ ? ਵਾਕਿਆ ਹੀ ਉਹ ਭਾਰੀ ਡਾਕੂ ਹੋਵੇਗਾ। ਤਾਂ ਹੀ ਬਾਗੀ ਹੋ ਕੇ ਬੈਠਾ ਹੈ ?

ਸਾਰੇ ਅਹਿਲਕਾਰ ਇਕ ਅਵਾਜ਼ ਨਾਲ–ਨਹੀਂ ਬਾਗੀ ਹੋਣ ਦੇ ਕਾਰਨ ਨਹੀਂ ਡਰਦੇ ਅਤੇ ਨਾ ਹੀ ਉਹ ਬਾਗੀ ਹੈ। ਉਹ ਇਕ ਸੱਚਾ ਸੁੱਚਾ ਸੰਤ ਹੈ। ਅਜਿਹਾ ਸੰਤ ਸ਼ਾਇਦ ਹੀ ਸਾਰੇ ਵਿਸ਼ਵ ਵਿਚ ਹੀ ਕਿਧਰੇ ਮਿਲੇ। ਅਸਾਂ ਸਾਰਿਆਂ ਨੇ ਭਲੀ ਭਾਂਤ ਉਸ ਨੂੰ ਵੇਖਿਆ ਹੈ ਅਤੇ ਨੇੜੇ ਹੋ ਕੇ ਪਰਖਿਆ ਏ। ਉਸ ਅੰਦਰ ਕੋਈ ਭੇਦ ਭਾਵ ਨਹੀਂ, ਨਾ ਹੀ ਉਸ ਅੰਦਰ ਕਿਸੇ ਰਾਜ ਜਾਂ ਵਸਤੂ ਦੀ ਇਛਿਆ ਹੀ ਹੈ। ਤੁਸੀਂ ਖੁਦ ਜਾ ਕੇ ਤੱਸਲੀ ਕਰ ਲਵੋ। ਸਾਡੇ ਕਿਸੇ ਦਾ ਹੀਆ ਉਹਨਾਂ ਮਹਾਂਪੁਰਸ਼ਾਂ ਪਾਸ ਵਾਰੰਟ (ਬਾਗੀ) ਲੈ ਕੇ ਜਾਣ ਦੀ ਹਿੰਮਤ ਨਹੀਂ ਹੈ। ਤੁਸੀਂ ਨਹੀਂ ਜਾਣਦੇ ਕਿ ਉਹ ਕਿੰਨੀ ਕੁ ਭਗਤੀ-ਸ਼ਕਤੀ ਦੇ ਮਾਲਕ ਹਨ। ਸਾਨੂੰ ਡਰ ਲਗਦਾ ਏ ਕਿ ਸਾਧੂ ਦੇ ਮੁੱਖ ਚੋਂ ਕੋਈ ਸਹਿਜ ਸੁਭਾ 'ਅੰਧ ਰਾਜ ਬੇਦਾਰ ਨਗਰੀ' ਦੇ ਸ਼ਬਦ ਨਾ ਨਿਕਲ ਜਾਵਣ। ਕਿਧਰੇ ਲੈਣੇ ਦੇ ਦੇਣੇ ਨਾ ਪੈ ਜਾਣ। ਨਵਾਬ ਸਾਹਿਬ ਉਹਨਾਂ ਨੂੰ ਦੇਸ਼ - ਨਿਕਾਲਾ ਦਿੰਦੇ ਦਿੰਦੇ ਆਪਣਾ ਦੇਸ਼ ਨਿਕਾਲਾ (ਲੜਾਈ, ਝਗੜੇ ਜਾਂ ਸ਼ਸਤਰ, ਲਸ਼ਕਰ, ਫੌਜਾਂ ਨਾਲ ਨਹੀਂ) ਉਹਨਾਂ ਦੀ ਕੇਵਲ ਕ੍ਰੋਪੀ ਜੇ ਹੋ ਗਈ ਤਾਂ ਇਤਨਾ ਹੀ ਕਾਫੀ ਹੋਵੇਗਾ। ਕਿਧਰੇ ਅਸੀਂ ਭੀ ਦਾਣਿਆਂ ਦੇ ਨਾਲ ਘੁਣ ਵਾਂਗ ਹੀ ਨਾ ਪੀਸੇ ਜਾਈਏ।

ਅਹਿਲਕਾਰ ਜੋ ਵਾਰੰਟ ਲੈ ਕੇ ਆਇਆ ਸੀ, ਅੰਦਰੋਂ ਕੰਬਿਆ ਅਤੇ ਸੋਚੀਂ ਪੈ ਗਿਆ। ਹੁਣ ਕੀ ਕੀਤਾ ਜਾਵੇ ? ਉਹ ਕਹਿਣ ਲੱਗਾ–ਜੇ ਤੁਸਾਂ ਵਿਚੋਂ ਕਿਸੇ ਨੇ ਨਹੀਂ ਜਾਣਾ ਤਾਂ ਮੇਰੇ ਨਾਲ ਕਿਸੇ ਅਫਸਰ

ਨੂੰ ਭੇਜੋ। ਤਾਂ ਕਿ ਮੈਂ ਭੀ ਆਪਣਾ ਭਰਮ ਮਿਟਾ ਆਵਾਂ, ਤੇ ਫਿਰ ਸਾਰੇ ਇਕੋ ਸੱਚ ਦੀ ਆਵਾਜ਼ ਦੀ ਰਿਪੋਰਟ ਤਾਂ ਕਰ ਸਕਾਂਗੇ।

ਡਿਪਟੀ ਕਮਿਸ਼ਨਰ ਸਾਹਿਬ ਨੇ ਵਾਰੰਟ ਤਾਂ ਆਪਣੇ ਪਾਸ ਰੱਖ ਲਿਆ ਤੇ ਨਵਾਬ ਤੋਂ ਆਏ ਅਹਿਲਕਾਰ ਨਾਲ ਇਕ ਉੱਚ ਅਧਿਕਾਰੀ ਅਫਸਰ ਬਾਬਾ ਜੀ ਪਾਸ ਭੇਜ ਦਿਤਾ ਤੇ ਹਦਾਇਤ ਕੀਤੀ ਕਿ ਬਾਬਾ ਜੀ ਨੂੰ ਬੇਨਤੀ ਕਰਨੀ ਕਿ ਜਦ ਜੀਅ ਕਰੇ, ਉਹ ਮੈਨੂੰ (ਡਿਪਟੀ ਕਮਿਸ਼ਨਰ) ਨੂੰ ਦਰਸ਼ਨ ਦੇਣ ਦੀ ਕਿਰਪਾਲਤਾ ਕਰਨ। ਤੁਸਾਂ ਉਹਨਾਂ ਨਾਲ ਕੋਈ ਵਾਧੂ ਧਮਕੀ ਵਾਲੀ ਗੱਲ ਬਾਤ ਜਾਂ ਅਸਰਾਰ - ਤਕਰਾਰ ਵਾਲੀ ਕੋਈ ਗੱਲ ਨਹੀਂ ਕਰਨੀ। ਵੇਖਣਾ! ਸਾਧੂ ਦਾ ਮਨ ਦੁਖਾਉਣ ਵਾਲੀ ਕੋਈ ਗਲ ਨਹੀਂ ਕਰਨੀ। ਕਿਧਰੇ ਸਾਧੂ ਦਾ ਸਹਿਜ ਸੁਭਾ ਬੋਲਿਆ ਸਾਰਿਆਂ ਲਈ ਕੋਈ ਤੂਫਾਨ ਨਾ ਲੈ ਆਵੇ।

ਜਦ ਦੋਵੇਂ ਅਹਿਲਕਾਰ ਮਾਤਾ ਜੀ ਦੇ ਅਸਥਾਨ ਤੇ ਪੁਜੇ, ਨਾਨਦੇੜ ਦਾ ਉੱਚ ਅਧਿਕਾਰੀ ਜੋ ਬਾਬਾ ਜੀ ਨੂੰ ਜਾਣਦਾ ਸੀ, ਉਸ ਨੇ ਬੜੇ ਅਦਬ ਸਤਿਕਾਰ ਨਾਲ ਬਾਬਾ ਜੀ ਨੂੰ ਨਮਸ਼ਕਾਰ ਕੀਤੀ। ਵਾਰੰਟ ਲੈ ਕੇ ਆਇਆ ਅਹਿਲਕਾਰ ਤਾਂ ਬਾਬਾ ਜੀ ਦੇ ਦਰਸ਼ਨ ਕਰਦਿਆਂ ਹੀ ਅਸਚਰਜ ਤੇ ਅਸਚੰਭਾ ਜਿਹਾ ਹੋ ਕੇ ਬੁੱਤ ਬਣੀ ਖੜਾ ਹੋ ਗਿਆ।

ਬਾਬਾ ਜੀ—ਆਓ ਜੀ, ਜੀ ਆਇਆਂ ਨੂੰ, ਕਿਵੇਂ ਦਰਸ਼ਨ ਦਿਤੇ ਜੇ? ਚਲੋ ਜਲ ਪਾਣੀ ਛਕੋ, ਜੇ ਹੁਕਮ ਤੁਸੀਂ ਨਵਾਬ ਸਾਹਿਬ ਦਾ ਲੈ ਕੇ ਆਏ ਹੋ, ਅਸਾਂ ਨਵਾਬ ਸਾਹਿਬ ਦਾ ਕੁਝ ਵਿਗਾੜਿਆ ਤਾਂ ਹੈ ਨਹੀਂ, ਪਰ ਉਹਨਾਂ ਨੂੰ ਸਾਡੇ ਕਾਰਨ ਕਿਤਨਾ ਕਸ਼ਟ ਉਠਾਉਣਾ ਪਿਆ ਏ? ਜੇ ਕਿਸੇ ਨੂੰ ਇਸ ਗੱਲ ਦਾ ਦੁੱਖ ਹੈ ਕਿ ਜਗਤ - ਮਾਤਾ ਜੀ ਦਾ ਅਸਥਾਨ ਕਿਉਂ ਅਬਾਦ ਹੋਇਆ ਹੈ ਅਤੇ ਇਥੇ ਲੰਗਰ ਜਲ ਪਾਣੀ ਯਾਤਰੀਆਂ ਨੂੰ ਦਿਤੇ ਜਾਣ ਦੀ ਸੂਲ ਚੁੱਭੀ ਹੈ। ਤਾਂ ਜਗਤ ਦੀ ਜਗਤ ਮਾਤਾ ਜੀ ਆਪੇ ਉਸ ਦੀ ਸੂਲ ਕੱਢ ਕੇ ਉਸ ਦੇ ਮਨ ਤੋਂ ਅੰਧਕਾਰ ਦੀ ਪੱਟੀ ਲਾਹ ਕੇ ਚਾਨਣਾ ਬਖਸ਼ਣਗੇ।

ਨਿੰਦਕ ਐਸੇ ਹੀ ਝਰ ਪਰੀਐ ॥
ਇਹ ਨਿਸਾਨੀ ਸੁਨਹੁ ਤੁਮ ਭਾਈ ਜਿਉ ਕਾਲਰ ਭੀਤਿ ਗਿਰੀਐ ॥੧॥ਰਹਾਉ॥
[ਬਿਲਾਵਲ ਮ: ੫-੮੨੩

ਹਾਂ, ਨਵਾਬ ਸਾਹਿਬ ਦੇ ਹੁਕਮ ਦੀ ਪਾਲਣਾ ਕਰਨ ਲਈ ਡੀ. ਸੀ. ਸਾਹਿਬ ਦਾ ਕੀ ਆਦੇਸ਼ ਹੈ?

ਅਹਿਲਕਾਰ— ਬੁੱਤ ਬਣਿਆ ਹੈਰਾਨ ਤੇ ਚਿੰਤਾਤੁਰ ਜਿਹਾ ਸੋਚੀਂ ਪੈ ਰਿਹਾ ਸੀ। ਬਾਬਾ ਜੀ ਨੂੰ ਇਹ ਕਿਵੇਂ ਪਤਾ ਲੱਗ ਗਿਆ ਹੈ? ਵਾਰੰਟ ਤਾਂ ਨਾਂਦੇੜ ਡਿਪਟੀ ਕਮਿਸ਼ਨਰ ਪਾਸ ਛੱਡ ਆਏ ਹਾਂ। ਸਾਡੇ ਵਲੋਂ ਤਾਂ ਕੁਝ ਭੀ ਨਹੀਂ। ਇਹਨਾਂ ਸਭ ਕੁਝ ਦਸ ਦਿਤਾ ਹੈ। ਇਹ ਸੋਚ ਕੇ ਉਸਨੂੰ ਅੰਦਰੋਂ ਡਰ ਲੱਗਣ ਲੱਗ ਪਿਆ ਤੇ ਚੁੱਪ ਚਾਪ ਹੀ ਖੜਾ ਰਿਹਾ। ਨਾਂਦੇੜ ਤੋਂ ਨਾਲ ਆਏ ਅਹਿਲਕਾਰ ਨੇ ਹੱਥ ਜੋੜਕੇ ਨਿਮ੍ਰਤਾ ਸਹਿਤ ਬੇਨਤੀ ਕੀਤੀ—ਕਿ ਡਿਪਟੀ ਕਮਿਸ਼ਨਰ ਸਾਹਿਬ ਜੀ ਨੇ ਬਿਨੈ ਕਰ ਭੇਜੀ ਹੈ ਕਿ ਜਦ ਆਪ ਦੀ ਰਜ਼ਾ ਹੋਵੇ, ਦਰਸ਼ਨ ਬਖਸ਼ਣ ਦੀ ਕ੍ਰਿਪਾਲਤਾ ਕਰਨ।

ਬਾਬਾ ਜੀ—(ਅਹਿਲਕਾਰਾਂ ਨਾਲ ਬਹੁਤੀ ਗਲ ਬਾਤ ਕਰਨੀ ਯੋਗ ਨਾ ਸਮਝਿਆਂ ਕਿਹਾ) ਭਾਈ!

ਤੁਸੀਂ ਹੁਕਮੀ ਬੰਦੇ ਹੋ, ਤੁਹਾਡੇ ਕੀ ਵਸ ਹੈ। ਹਾਂ, ਹੁਕਮ ਮੰਨਣਾ ਤੇ ਬਜਾ ਲਾਣਾ ਹੀ ਚਾਕਰ ਦਾ ਫਰਜ਼ ਬਣਦਾ ਹੈ। ਚਲੋ ਲੰਗਰ ਛੱਕੋ। ਜਿਵੇਂ ਹੁਕਮ ਕਰੋਗੇ, ਫਿਰ ਵਿਚਾਰ ਕਰਾਂਗੇ।

ਬੜੇ ਪਿਆਰ ਤੇ ਆਦਰ ਨਾਲ ਉਹਨਾਂ ਨੂੰ ਲੰਗਰ ਛੱਕਾਇਆ ਅਤੇ ਫਿਰ ਨਿਰਭੈ ਹੋ ਕੇ ਫੁਰਇਆ—ਹੱਛਾ ਡੀ. ਸੀ. ਸਾਹਿਬ ਨੂੰ ਕਹਿ ਦੇਣਾ ਕਿ ਜਿਵੇਂ ਉਹ ਆਪਣੇ ਖਸਮ (ਨਵਾਬ) ਦਾ ਹੁਕਮ ਆਵਣ ਤੇ ਹੁਕਮ ਦੀ ਪਾਲਣਾ ਕਰਦੇ ਹਨ। ਇਸੇ ਤਰ੍ਹਾਂ ਸਾਡੇ ਮਾਲਕ ਪ੍ਰਮੇਸ਼ਰ ਦਾ ਜਦ ਹੁਕਮ ਹੋਇਆ ਤਦ ਉਹਨਾਂ ਦੇ ਦਰਸ਼ਨ ਕਰ ਲਵਾਂਗੇ। ਪਰੰਤੂ ਅਸੀਂ ਸਿਵਾਏ ਆਪਣੇ ਮਾਲਕ ਤੋਂ ਬਿਨਾਂ ਕਿਸੇ ਮਿਥਿਆ ਰਾਜੇ - ਪਾਜੇ ਦੇ ਨਾ ਅਧੀਨ ਹਾਂ ਤੇ ਨਾ ਹੀ ਕਿਸੇ ਦਾ ਹੁਕਮ ਮੰਨਦੇ ਹਾਂ। ਅਤੇ ਨਾ ਹੀ ਸਾਡੇ ਤੇ ਕਿਸੇ ਦਾ ਹੁਕਮ ਚੱਲ ਸਕਦਾ ਹੈ। ਨਵਾਬ, ਵਜ਼ੀਰ ਮਾਇਆ ਦੇ ਮੱਦ ਵਿਚ ਅੰਨ੍ਹੇ ਹੋ ਗਏ ਹਨ। ਉਹਨਾਂ ਦੀਆਂ ਅੱਖਾਂ ਤੇ ਸ਼ਰੀਯਤ ਦੀ ਪੱਟੀ ਬੱਧੀ ਹੋਈ ਹੈ। ਸੱਚ ਤੇ ਝੂਠ ਦੀ ਪਰਖ ਤਾਂ ਇਹਨਾਂ ਦੀ ਖਾਨਦਾਨੀ ਵਿਚ ਮੁੱਢੋਂ ਹੀ ਨਹੀਂ ਸੀ, ਤੇ ਹੁਣ ਤਾਂ ਅਖੀਰਲੇ ਦਮਾਂ ਵਿਚ ਭਲਾ ਕਿਥੋਂ ਸਮਝ ਸਕਣਗੇ।

ਇਹਨਾਂ ਦੇ ਅੰਦਰ ਸ਼ਰਈਯਤ ਦੀ ਅੱਗ ਨੇ ਹੀ ਮੇਰੇ ਪੰਚਮ ਪਾਤਸ਼ਾਹ ਨੂੰ ਤੱਤੀ ਤਵੀ ਤੇ ਬਿਠਾ ਕੇ ਆਪਣੇ ਅੰਦਰਲੇ ਮਨ ਦੀ ਜਵਾਰ - ਭਾਟਾ (ਜੁਵਾਲਾ) ਨੂੰ ਬਾਲ ਕੇ, ਤਪਸ਼ ਪਹੁੰਚਾਉਣ ਦਾ ਕੋਝਾ ਰਵੱਈਆ ਅਖਤਿਆਰ ਕੀਤਾ ਸੀ, ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਇਨਸਾਨੀਅਤ ਦੇ ਦਾਇਰੇ ਤੋਂ ਬਾਹਰ ਹੋ ਕੇ ਹੈਵਾਨੀਅਤ ਦੇ ਕਰਮ ਕਰਨ ਤੋਂ ਭੀ ਗੁਰੇਜ਼ ਨਾ ਕੀਤੇ, ਤੇ ਸ਼ਰੇ ਆਮ ਉਹਨਾਂ ਦਾ ਸੀਸ ਕਲਮ ਕਰਨ ਤੇ ਭੀ ਇਹਨਾਂ ਦੀ ਭੜਾਸ ਦੂਰ ਨਾ ਹੋਈ। ਜਿਸ ਜ਼ੁਲਮ ਦਾ ਹਸ਼ਰ ਇਹਨਾਂ ਨੂੰ ਸ਼ਾਇਦ ਭੁਲ ਗਿਆ ਹੈ। ਜੋ ਹਿੰਦੁਸਤਾਨ ਭਰ ਦਾ ਰਾਜ, ਅਜ ਇਕ ਛੋਟੀ ਜਿਹੀ ਰਿਆਸਤ ਨਮੂਨਾ ਹੀ ਬਣ ਕੇ ਰਹਿ ਗਿਆ ਹੈ। ਇਹ ਭੀ ਦਸਮੇਸ਼ ਜੀ ਦੀ ਬਖਸ਼ਸ਼ ਦਾ ਸਦਕਾ। ਇਹਨਾਂ ਨੂੰ ਸਦਾ ਅਹਿਸਾਨਮੰਦ ਹੋਣਾ ਚਾਹੀਦਾ ਸੀ, ਸਗੋਂ ਉਲਟੇ 'ਗੁਰੂ ਕੀ ਲਾਡਲੀ ਫੌਜ' ਤੇ ਸਖਤੀ ਤੇ ਦੇਸ਼ ਨਿਕਾਲੇ ਦੇ ਹੁਕਮ ਜਾਰੀ ਕਰ ਕੇ ਆਪਣੀ ਹੀ ਜੜ੍ਹ ਪੁਟਣ ਦੀ ਕਾਰ ਕੀਤੀ ਹੈ ਤੇ ਆਪਣਾ ਰਾਜ ਭਾਜ ਗੰਵਾ ਬੈਠਣ ਦੇ ਕਾਰੇ ਫੜ ਲਏ ਹਨ।

(੧੯੪੭ ਦੀ ਵੰਡ ਸਮੇਂ ਰਾਜੇ ਅਤੇ ਨਵਾਬ ਆਪਣੇ ਆਪਣੇ ਰਾਜ ਗੰਵਾ ਬੈਠੇ ਤੇ ਆਪ ਜਨਤਾ ਦੇ ਜੀਵਨ ਵਿਚ ਹੀ ਆ ਗਏ। ਸੋ ਬਾਬਾ ਜੀ ਦਾ ਨਿਕਲਿਆ ਇਹ ਬਚਨ ਥੋੜੇ ਸਮੇਂ ਬਾਅਦ ਹੀ ਸਤਿ ਹੋ ਗਿਆ।)

ਸੋ ਝੂਠ, ਫ਼ਰੇਬ, ਮਕਾਰੀ ਦੇ ਹਮੇਸ਼ਾਂ ਪੈਰ ਨਹੀਂ ਹੁੰਦੇ, ਰੇਤ ਦੀ ਕੰਧ ਵਾਂਗ 'ਆਪੇ ਹੀ ਝਰ ਪਰੀਐ' ਮਲੀਆ ਮੇਟ ਕਰਨ ਵਾਲੇ ਆਪੇ ਮਿੱਟ ਗਏ। ਸੱਚ ਹਮੇਸ਼ਾਂ ਉਜਾਗਰ ਹੋ ਕੇ ਸੂਰਜ ਵਾਂਗ ਤੇਜ, ਤਪ ਨਾਲ ਚਮਕਦਾ ਵਧਦਾ ਫੁੱਲਦਾ ਸਦਾ ਹੀ ਰਿਹਾ ਹੈ।

ਬਾਬਾ ਜੀ ਨੇ ਨਿਧੜਕ ਹੋ ਕੇ ਕਿਹਾ ਜਾਓ! ਸਾਡੇ ਵਲੋਂ ਕਹਿ ਦੇਣਾ ਕਿ ਅਸੀਂ ਕਿਸੇ ਨੂੰ ਮਿਲਣ ਨਹੀਂ ਆਉਣਾ। ਹਾਂ ਜੇ ਅਤੀ ਜ਼ਰੂਰੀ ਹੋਵੇ ਤਾਂ ਆਪ ਆ ਕੇ ਸਾਡੇ ਨਾਲ ਗੱਲ ਕਰ ਲੈਣ, ਕਿਉਂਕਿ ਅਸੀਂ ਤਾਂ ਹੁਕਮੀ ਬੰਦੇ ਹਾਂ, ਹੁਕਮ ਨਹੀਂ ਹੁਣ ਕਿਧਰੇ ਜਾਣ ਦਾ।

ਨਵਾਬ ਵਲੋਂ ਆਇਆ ਅਹਿਲਕਾਰ ਇਤਨਾਂ ਪ੍ਰਭਾਵਤ ਹੋਇਆ ਕਿ ਇਕ ਨਵੀਂ ਰੋਸ਼ਨੀ 'ਸੱਚ' ਨਿਧੜਕਤਾ, ਨਿਰਭੈਤਾ ਅੰਦਰ ਵਸ ਗਈ। ਉਹ ਹੱਥ ਜੋੜ ਕੇ ਨਮਸ਼ਕਾਰ ਕਰ ਕੇ ਕਹਿਣ ਲਗਾ–ਬਾਬਾ ਜੀ ਆਪ ਫਿਕਰ ਨਾ ਕਰੋ। ਇਹਨਾਂ ਸਾਰੀਆਂ ਗੱਲਾਂ ਦਾ ਉੱਤਰ ਮੈਂ ਆਪਣੀ ਅੱਖੀਂ ਖ਼ੁਦ ਹੀ ਵੇਖ ਕੇ ਲੈ ਚਲਿਆ ਹਾਂ। ਸ਼ੁਕਰ ਹੈ ਅੱਲ੍ਹਾ ਤਾਅਲਾ ਦਾ, ਜੋ ਮੈਨੂੰ ਇਸ ਬਹਾਨੇ 'ਖ਼ੁਦਾਇ ਬੰਦੇ' ਦੇ ਦੀਦਾਰ ਹੋਏ ਹਨ। ਅਜਿਹੀ ਗੁਸਤਾਖੀ ਅਗੋਂ ਨਵਾਬ ਸਾਹਿਬ ਵਲੋਂ ਕਦੀ ਨਹੀਂ ਹੋਵੇਗੀ! ਚਾਹੇ ਲੱਖ ਨਾਲਸਾਂ ਮਕਾਰ, ਨਿੰਦਕ ਤੇ ਮੁਖਬਰ ਕਿਉਂ ਨਾ ਕਰਨ। ਮੈਂ ਸ਼ਰਮਸਾਰ ਹਾਂ ਬਾਬਾ ਜੀ, ਜੋ ਮੈਂ ਆਪ ਦੇ ਵਾਰੰਟ ਲੈ ਕੇ ਆਯਾ ਹਾਂ, ਮੈਨੂੰ ਮੇਰਾ ਗੁਨਾਹ ਮਾਫ ਕਰ ਦੇਣਾ।

ਬਾਬਾ ਜੀ–ਜਾਓ! ਪਰ ਆਪ ਨੇ ਤਾਂ ਕੋਈ ਗੁਨਾਹ ਨਹੀਂ ਕੀਤਾ। ਨੌਕਰ ਨੇ ਹੁਕਮ ਬਜਾਉਣਾ ਹੁੰਦਾ ਹੈ। ਤੁਸਾਂ ਦਾ ਇਸ ਵਿਚ ਕੀ ਕਸੂਰ ਹੈ? ਜਾਓ ਖ਼ੁਦਾਵੰਦ ਤਾਅਲਾ ਆਪ ਜੀ ਨੂੰ ਸਦਾ ਇਮਾਨ ਬਖਸ਼ੇ।

ਦੋਵੇਂ ਅਹਿਲਕਾਰ ਬੜੇ ਪ੍ਰਭਾਵਤ ਹੋ ਕੇ ਬਾਬਾ ਜੀ ਤੋਂ ਵਿਦਾ ਹੋਇ ਅਤੇ ਰਸਤੇ ਬਾਬਾ ਜੀ ਬਾਰੇ ਵਿਚਾਰਾਂ ਕਰਦੇ–ਕਿ ਉਹ ਕਿਤਨੇ ਪ੍ਰੇਮ, ਪਿਆਰ ਦੀ ਮੂਰਤ ਹਨ। ਆਪ ਬਹੁਤ ਸਿੱਧੇ ਸਾਦੇ ਹਨ। ਸ਼ਸਤ੍ਰ ਧਾਰੀ ਡਾਕੂ ਕਿਧਰੇ ਤਾਂ ਕੋਈ ਅਸਾਂ ਨਹੀਂ ਵੇਖਿਆ। ਇਉਂ ਵਾਰਤਾਲਾਪ ਕਰਦੇ ਜਦੋਂ ਉਹ ਡਿਪਟੀ ਕਮਿਸ਼ਨਰ ਸਾਹਿਬ ਪਾਸ ਪੁਜੇ ਤਾਂ ਸਾਰੇ ਅਹਿਲਕਾਰਾਂ ਸਣੇ ਨਵਾਬ ਵਲੋਂ ਭੇਜੇ ਦੂਤ ਸਾਰਿਆਂ ਨੇ ਬਾਬਾ ਜੀ ਬਾਰੇ ਖੋਹਲ ਕੇ ਰੀਪੋਰਟ ਕੀਤੀ ਕਿ ਸਾਡੇ ਪਰਗਨੇ ਵਿਚ ਨਾ ਕੋਈ ਡਾਕੂ ਹੈ ਤੇ ਨਾ ਹੀ ਸੰਤ ਮਿੱਤ ਸਿੰਘ ਡਾਕੂਆਂ ਨੂੰ ਪਨਾਹ ਦੇਂਦਾ ਹੈ। ਉਹ ਇਕ ਅਸਲ ਤੇ ਸੱਚ ਮੁੱਚ ਦਾ ਪੂਰਨ ਸਾਧੂ, ਫ਼ਕੀਰ 'ਖ਼ੁਦਾਏ ਬੰਦਾ' ਬੰਦਗੀ ਕਰਨ ਵਾਲਾ, ਖ਼ੁਦਾ ਦੀ ਉੱਮਤ ਨਾਲ ਪਿਆਰ ਤੇ ਮੁਹੱਬਤ ਕਰਨ ਵਾਲਾ, ਇਕੋ ਰੂਪ ਰੱਬ ਦਾ ਸਭ ਨੂੰ ਸਮਝ ਕੇ, ਗਰੀਬ ਅਮੀਰ ਸਭ ਨੂੰ ਸਾਂਝਾ ਲੰਗਰ–ਜਲ - ਪਾਣੀ ਛਕਾਉਣ ਦੀ ਸੇਵਾ ਕਰ ਰਿਹਾ ਹੈ।

ਅਜਿਹੇ 'ਖ਼ੁਦਾਈ ਬੰਦਾ' (ਸੰਤ ਮਿੱਤ ਸਿੰਘ ਜੀ) ਤੇ ਜਿਨ੍ਹਾਂ ਨੇ ਨਾਲਸ਼ ਕੀਤੀ ਹੈ, ਸਭ ਝੂਠ ਹੈ। ਅਜਿਹਾ ਫਿਰ ਕਦੇ ਨਹੀਂ ਹੋਣਾ ਚਾਹੀਦਾ। ਇਹ ਉਸ 'ਖ਼ੁਦਾਇ ਬੰਦੇ' ਦਾ ਅਪਮਾਨ ਨਹੀਂ, ਸਗੋਂ ਉਸ ਖ਼ੁਦਾਵੰਦ ਤਾਅਲਾ ਦਾ ਭੀ ਅਪਮਾਨ (ਤੌਹੀਨ) ਸਮਝੀ ਜਾਵੇ। ਅਸੀਂ ਖ਼ੁਦ ਸ਼ਰਮਸਾਰ ਹਾਂ ਕਿ ਅਜਿਹੇ ਮਹਾਤਮਾਂ ਦੇ ਕਿਸ ਮੂੰਹ ਨਾਲ ਦਰਸ਼ਨ ਕਰ ਸਕਾਂਗੇ।

ਬਾਬਾ ਜੀ ਨਾ ਤਾਂ ਕਿਸੇ ਪਾਸ ਗਏ ਅਤੇ ਨਾ ਹੀ ਅਗੋਂ ਤੋਂ ਅਜਿਹੀ ਮੁੜ ਕਦੇ ਘਟਨਾ ਵਾਪਰੀ। ਕਦੇ ਕੋਈ ਅਫਸਰ ਕਿਸੇ ਕਿਸੇ ਮਸਲੇ ਲਈ ਫਿਰ ਕਦੇ ਨਾ ਆਇਆ।

ਮਹਾਂਪੁਰਸ਼ਾਂ ਦੀ ਗਤਿ ਤਾਂ ਮਹਾਂਪੁਰਸ਼ ਜਾਣਦੇ ਹਨ, ਪਰ ਉਹਨਾਂ ਦਾ ਪ੍ਰਤਾਪ (ਭਗਤੀ) ਅਜਿਹੇ ਨਿਡਰਤਾ ਤੋਂ ਇਹ ਸੁਤੇ ਸਿੱਧ ਹੀ ਅਨੁਭਵ ਹੋ ਜਾਂਦਾ ਹੈ ਕਿ ਬਾਬਾ ਜੀ ਕੀ ਸਨ? ਤੇ ਕਿਸ ਪਦਵੀ ਦੇ ਮਹਾਨ ਪੁਰਸ਼ ਸਨ।

ਤਹਿਸੀਲਦਾਰ ਦਾ ਬੁਲਾਵਾ

ਇਕ ਵਾਰੀ ਤਹਿਸੀਲਦਾਰ ਹਲਕਾ ਸਰਕਾਰੀ ਦੌਰੇ ਤੇ ਸਰਕਾਰ ਨੂੰ ਜ ਇਦਾਦ ਮਾਲਕੀ ਦੇ ਵੇਰਵੇ ਤੇ ਤਸਦੀਕ ਕਰਨ ਤੇ ਮਾਲਕ ਤੋਂ ਤਸਦੀਕੀ ਦਸਤਖਤ ਕਰਵਾਉਣ ਲਈ ਸਰਕਾਰੀ ਹੁਕਮ ਦੀ ਤਾਮੀਲ ਕਰਨ ਲਈ ਪਿੰਡ ਮੁਕਟ ਆ ਡੇਰੇ ਲਾਏ। ਪਟਵਾਰੀ, ਕਾਨੂੰਗੋ ਅਤੇ ਹੋਰ ਬਹੁਤ ਸਾਰਾ ਸਰਕਾਰੀ ਅਮਲਾ ਨਾਲ ਸੀ। ਰਿਹਾਇਸ਼ੀ ਤੰਬੂ ਇਸ ਤਰ੍ਹਾਂ ਲੱਗ ਗਏ ਜਿਵੇਂ ਮਿਲੱਟਰੀ ਉਤਰ ਆਈ ਹੋਵੇ। ਸਾਰੇ ਨੇੜਲੇ ਪਿੰਡਾਂ ਦੇ ਜ਼ਿਮੀਂਦਾਰਾਂ ਨੂੰ ਇਤਲਾਹਾਂ ਭੇਜ ਦਿਤੀਆਂ ਗਈਆਂ ਕਿ ਉਹ ਪਿੰਡ ਮੁਕਟ ਪੁੱਜ ਕੇ ਆਪਣੀ ਆਪਣੀ.ਮਾਲਕੀ ਜਾਇਦਾਦ ਤੇ ਇੰਤਕਾਲ ਚੈੱਕ ਕਰਵਾ ਕੇ ਤਸਦੀਕ ਕਰਨ ਲਈ ਪੁਜੇ।

ਇਸੇ ਤਰ੍ਹਾਂ ਬਾਬਾ ਜੀ ਪਾਸ ਭੀ ਇਕ ਪਟਵਾਰੀ ਤੇ ਚਪੜਾਸੀ ਆਇਆ। ਹਲਕਾ ਪਟਵਾਰੀ ਨੇ ਤਾਂ ਕਈ ਵਾਰੀ ਬਾਬਾ ਜੀ ਦੀ ਸੰਗਤ ਹੀ ਨਹੀਂ ਕੀਤੀ ਸੀ, ਸਗੋਂ ਲੰਗਰ, ਜਲ - ਪਾਣੀ ਭੀ ਛੱਕ ਜਾਂਦਾ ਸੀ ਅਤੇ ਬਾਬਾ ਜੀ ਦੀ ਸ਼ਖ਼ਸੀਅਤ ਨੂੰ ਚੰਗੀ ਤਰ੍ਹਾਂ ਜਾਣਦਾ ਸੀ, ਪਰ ਅਫ਼ਸਰ ਦੇ ਹੁਕਮ ਦਾ ਪਾਲਣ ਕਰਨਾ ਹੀ ਸੀ।

ਉਹਨਾਂ ਨੇ ਆ ਕੇ ਬਾਬਾ ਜੀ ਨੂੰ ਪ੍ਰਨਾਮ ਕੀਤਾ। ਬਾਬਾ ਜੀ ਨੇ ਕਿਹਾ–ਆਓ ਪਟਵਾਰੀ ਸਾਹਿਬ! ਕੀ ਹੁਕਮ ਲੈ ਕੇ ਆਇ ਹੋ? ਤੁਸਾਂ ਆਪੇ ਸਾਰ ਲੈਣਾ ਸੀ। ਅਸੀਂ ਤਾਂ ਕਿਸੇ ਪਾਸ ਨਾ ਜਾਂਦੇ ਹਾਂ, ਅਤੇ ਨਾ ਸਾਨੂੰ ਲੋੜ ਹੈ। ਨਾ ਅਸਾਂਨੂੰ ਅਜਿਹੇ ਝੂਠੇ, ਅਫ਼ਸਰ ਨਾਲ ਕੋਈ ਦੂਰ ਦਾ ਵਾਸਤਾ ਹੀ ਹੋ ਸਕਦਾ ਹੈ। ਫਿਰ ਇਹ ਤਾਂ ਮਾਲਕੀ, ਜਾਇਦਾਦ ਤਾਂ ਸਾਡੀ ਹੈ ਹੀ ਨਹੀਂ? ਅਸੀਂ ਸਾਰੀ ਜਾਇਦਾਦ ਜੋ ਖਰੀਦ ਕੀਤੀ ਹੈ, ਸਾਰੀ ਮਾਤਾ ਜੀ ਦੇ ਅਸਥਾਨ ਦੇ ਲੋਹ - ਲੰਗਰ ਦੇ ਨਾਮ ਹੈ ਤੇ ਅਸਲ ਮਾਲਕ ਸੱਚਖੰਡ ਦਰਬਾਰ ਹੈ। ਸਾਡਾ ਤਾਂ ਕਿਧਰੇ ਨਾਮ ਹੀ ਨਹੀਂ ਤੇ ਨਾ ਹੀ ਸਾਡੇ ਪਾਸ ਰਜਿਸਟਰੀਆਂ ਹੀ ਹਨ। ਉਹ ਤਾਂ ਦਫਤਰ ਸੱਚਖੰਡ ਵਿਚ ਹਨ। ਅਸੀਂ ਤਾਂ ਕੇਵਲ ਸੇਵਾਦਾਰ ਹਾਂ। ਭਲਾ ਅਸਾਂ ਨੂੰ ਕਾਹਦਾ ਬੁਲਾਵਾ? ਚਲੋ ਆਪ ਜਲ ਪਾਣੀ, ਲੰਗਰ ਛਕੋ।

ਚਪੜਾਸੀ–[ਬੜਾ ਅਸਚਰਜ ਹੋ ਰਿਹਾ ਸੀ, ਕਿ ਅਸਾਂ ਤਾਂ ਅਜੇ ਕੁਝ ਹੁਕਮ (ਪੈਗਾਮ) ਦਸਿਆ ਹੀ ਨਹੀਂ? ਕਿਵੇਂ ਸਭ ਕੁਝ ਆਪੇ ਕਹਿ ਦਿਤਾ ਨੇ ਤੇ ਫ਼ਿਰ ਕਿਤਨੀ ਬੇਪ੍ਰਵਾਹੀ? ਹੈਂ ਅਸਾਂ ਨੂੰ ਕੀ ਲੋੜ ਹੈ, ਜੇ ਤਹਿਸੀਲਦਾਰ ਨੇ ਤਸਦੀਕ ਨਾ ਕੀਤੀ ਤਾਂ ਕੀ ਮਾਲਕੀ ਖਤਮ ਹੋ ਜਾਵੇਗੀ। ਇਹਨਾਂ ਨੂੰ ਇਸ ਗੱਲ ਦਾ ਰਤੀ ਭਰ ਭੀ ਭੈ ਨਹੀਂ ਹੈ।

ਬਾਬਾ ਜੀ–(ਮੁਸਕਰਾ ਕੇ) ਪਟਵਾਰੀ ਸਾਹਿਬ! ਤੁਹਾਡਾ ਨਾਲ ਦਾ ਸਾਥੀ ਤਾਂ ਬੜੇ ਭਰਮਾਂ ਵਿਚ ਪੈ ਕੇ ਸੋਚ - ਸਾਗਰ ਵਿਚ ਡੁਬ ਰਿਹਾ ਹੈ। ਕੀ ਸੋਚਾਂ ਸੋਚਦਾ ਹੈ ਕਿ ਮਾਲਕੀ ਖਤਮ ਹੋ ਜਾਵੇਗੀ? ਇਹ ਤਾਂ 'ਰਾਜ ਅਬਿਚਲ ਅਟੱਲ' ਹੈ ਅਤੇ ਮਾਲਕ ਪ੍ਰਮੇਸ਼ਵਰ ਦੀ ਮਾਲਕੀ ਹੈ। ਭਲਾ ਇਹ ਤਹਿਸੀਲਦਾਰ ਤਾਂ ਕੀ ਇਸ ਦੇ ਕਿਸੇ ਫਰਿਸ਼ਤੇ ਨੂੰ ਭੀ ਤਾਕਤ ਨਹੀਂ, ਜੋ ਖ਼ੁਦਾਵੰਦ ਤਾਅਲਾ ਦੀ ਮਾਲਕੀ ਨੂੰ ਤਸੱਵਰ (ਮਨਜ਼ੂਰ) ਨਾ ਕਰੇ।

ਪਟਵਾਰੀ–ਬਾਬਾ ਜੀ! ਖਿਮਾਂ ਕਰਨਾ। ਇਸ ਵਿਚਾਰੇ ਨੂੰ ਕੀ ਪਤਾ ਹੈ, ਕਿ ਅਸੀਂ ਕਿੱਥੇ ਖੜੇ

ਹਾਂ, ਇਸ ਦੇ ਵੱਸ ਨਹੀਂ। ਇਨ੍ਹਾਂ ਦੀ ਸੋਚਣੀ ਭੀ ਤਾਂ ਇਥੋਂ ਤੱਕ ਹੀ ਸੀਮਤ ਹੁੰਦੀ ਹੈ। ਅਫ਼ਸਰ ਵੀ ਅਫਸਰੀ ਦਾ ਇਹ ਲੋਕ ਨਾ-ਜਾਇਜ਼ ਫਾਇਦਾ ਉਠਾਉਂਦੇ ਹਨ ਅਤੇ ਭੋਲੇ ਭਾਲੇ ਲੋਕਾਂ ਤੇ ਵਾਧੂ ਦਾ ਡਰ ਪਾ ਕੇ, ਧਮਕਾ ਕੇ, ਚਾਰ ਪੈਸੇ ਬਟੋਰਨ ਤੇ ਆਪਣੀ ਪੁਛ ਗਿੱਛ ਤੋਂ ਸਿਵਾ ਇਹਨਾਂ ਪਾਸ ਕਿਹੜੀ ਕੁਰਸੀ ਹੁੰਦੀ ਹੈ।

ਭਲੇ ਲੋਕ (ਚਪੜਾਸੀ ਨੂੰ) ਤੂੰ ਨਹੀਂ ਸਮਝ ਸਕੇਂਗਾ, ਅਸੀਂ ਇਹਨਾਂ ਨੂੰ ਤਹਿਸੀਲਦਾਰ ਦਾ ਹੁਕਮ ਨਹੀਂ ਸੁਨਾਉਣ ਆਏ, ਕੇਵਲ ਹੁਕਮ ਦੀ ਤਾਮੀਲ ਕਰਨ ਚਲ ਆਏ ਹਾਂ ਤੇ ਕੇਵਲ ਇਸੀ ਬਹਾਨੇ ਮਹਾਂਪੁਰਸ਼ਾਂ ਦੇ ਦਰਸ਼ਨ ਕਰ ਲਏ ਹਨ। ਧੰਨ ਭਾਗ ਸਮਝੋ! ਜੋ ਇਸੇ ਕਾਰਨ ਆ ਚਰਨ ਪਰਸੇ ਹਨ। ਇਹਨਾਂ ਨੂੰ ਅਸੀਂ ਕੀ ਹੁਕਮ ਕਰ ਸਕਦੇ ਹਾਂ। ਨਾ ਹੀ ਇਹਨਾਂ ਤੇ ਕਿਸੇ ਦਾ ਹੁਕਮ ਚਲਦਾ ਹੈ, ਐਵੇਂ ਸੋਚਾਂ ਵਿਚ ਨਾ ਪਉ। ਇਹਨਾਂ ਦੇ ਕਾਰਜ ਮੈਂ, ਤੂੰ ਤੇ ਤਹਿਸੀਲਦਾਰ ਜਾਂ ਨਵਾਬ ਤਾਂ ਕੀ, ਜਿਧਰ ਇਹ ਨਜ਼ਰ ਕਰਨ, ਸਾਰਾ ਬ੍ਰਹਿਮੰਡ ਹੀ ਆ ਕੇ ਇਹਨਾਂ ਦਾ ਕੰਮ ਕਰ ਜਾਵੇ। ਇਹ ਤਾਂ ਮਾਮੂਲੀ ਗਲ ਹੈ। ਅਸੀਂ ਆਪ ਹੀ ਕਰ ਲਵਾਂਗੇ।

ਬਾਬਾ ਜੀ ਤੋਂ ਮਾਫੀ ਮੰਗ, ਤੇ ਵਾਪਸ ਚਲੀਏ। ਉਹ ਦੋਵੇਂ (ਪਟਵਾਰੀ ਤੇ ਚਪੜਾਸੀ) ਬਾਬਾ ਜੀ ਤੋਂ ਮਾਫੀ ਮੰਗ ਕੇ, ਵਾਪਸ ਚਲੇ ਗਏ।

ਬਾਬਾ ਜੀ ਨੇ ਨਾ ਹੀ ਕਿਸੇ ਸਿੰਘ ਨੂੰ ਭੇਜਿਆ ਤੇ ਨਾ ਹੀ ਆਪ ਗਏ। ਇਸੇ ਤਰਾਂ ਨਾ ਤਾਂ ਕਿਸੇ ਕਾਰਜ ਲਈ ਕਿਸੇ ਸਿੰਘ ਨੂੰ ਹੀ ਭੇਜਦੇ ਸਨ ਤੇ ਨਾ ਹੀ ਆਪ ਜਾਇਆ ਕਰਦੇ ਸਨ। ਆਪ ਆਖਦੇ ਸਨ-ਫਕੀਰ ਸਾਧੂ ਕਿਸੇ ਦੇ ਖੁਸ਼ਾਮਦੀ ਜਾਂ ਮੰਗਤੇ ਨਹੀਂ ਹੁੰਦੇ।

ਕੋਲੋਂ ਸਿੰਘਾਂ ਨੇ ਕਿਹਾ–ਬਾਬਾ ਜੀ ਹੁਕਮ ਕਰੋ ਤਾਂ ਅਸੀਂ ਚਲੇ ਜਾਂਦੇ ਹਾਂ। ਬਾਬਾ ਜੀ ਹੱਸ ਪਏ ਤੇ ਕਹਿਣ ਲਗੇ–ਤੁਹਾਡੇ ਜਾਣ ਨਾਲ ਤਾਂ ਕਾਰਜ ਨਹੀਂ ਹੋਣਾ। ਜਿਸ ਕਾਰਜ ਲਈ ਉਹ ਆਏ ਹਨ, ਆਪੇ ਕਰ ਕੇ ਚਲੇ ਜਾਵਣਗੇ। ਜੇ ਲੋੜ ਪਈ ਤਾਂ ਫਿਰ ਆ ਜਾਵਣਗੇ।

ਇਉਂ ਬਾਬਾ ਜੀ ਸੰਸਾਰਕ ਕੰਮਾਂ ਦੀ ਪੂਰਤੀ ਲਈ ਕਦੀ ਕਿਸੇ ਅਫਸਰ ਪਾਸ ਨਹੀਂ ਜਾਂਦੇ ਸਨ, ਸਗੋਂ ਖੁਦ ਅਫਸਰ ਚਲ ਕੇ ਆਉਂਦੇ ਸਨ। ਤਾਂ ਬਾਬਾ ਜੀ ਸੰਗਤ ਵਾਂਗ (ਯਾਤ੍ਰੀ ਦੀ) ਉਸੇ ਤਰ੍ਹਾਂ ਆਉ-ਭਗਤ ਕਰਦੇ। ਅਫਸਰ ਬਿਨਾਂ ਪੁੱਛੇ ਮਾਤਾ ਜੀ ਦੇ ਅਸਥਾਨ ਦਾ ਕਾਰਜ ਆਪੇ ਹੀ ਕਰ ਦੇਂਦੇ।

ਇਹ ਸੀ ਬਾਬਾ ਜੀ ਦਾ ਸਤਿਗੁਰੂ ਜੀ ਤੇ ਭਰੋਸਾ ਤੇ ਵਿਸ਼ਵਾਸ। ਜਿਸ ਕਰ ਕੇ ਸਾਰੇ ਕਾਰਜ ਉਸ ਮਾਲਕ ਦੇ, ਮਾਲਕ ਦੀ ਰਜ਼ਾ ਵਿਚ ਸੁਤੇ ਹੀ ਹੋ ਜਾਇਆ ਕਰਦੇ ਸਨ।

ਮਹਾਰਾਜਾ ਰਿਪੁਦਮਨ ਸਿੰਘ ਜੀ ਨਾਭਾਪਤਿ ਦੀ ਜਲਾਵਤਨੀ ਤੇ ਸੇਵਾ (ਸਪਤਾਹਕ ਪਾਠਾਂ ਦੀ ਲੜੀ)

ਮਹਾਰਾਜਾ ਰਿਪਦੁਮਨ ਸਿੰਘ ਜੀ ਨਾਭਾ ਪਤਿ, ਮਹਾਰਾਜਾ ਸਰ ਹੀਰਾ ਸਿੰਘ ਜੀ ਦੇ ਸਪੁਤਰ, ਮਾਤਾ ਰਾਣੀ ਜਸਮੇਰ ਕੌਰ ਦੀ ਕੁਖੋਂ ੨੨ ਫੱਗਣ ਸੰਮਤ ੧੯੩੯ ਮੁਤਾਬਕ ੪ ਮਾਰਚ ਸੰਨ ੧੮੮੩ ਵਿਚ

ਜਨਮ ਹੋਇਆ। ਇਨ੍ਹਾਂ ਦੀ ਸ਼ਾਦੀ ਬੀਬੀ ਜਗਦੀਸ਼ ਕੌਰ ਜੀ ਨਾਲ ਸੰਮਤ ੧੯੫੫ ਵਿਚ ਹੋਈ। ਇਨ੍ਹਾਂ ਦਾ ਇਕ ਲੜਕਾ ਮਹਾਰਾਜਾ ਪ੍ਰਤਾਪ ਸਿੰਘ ਜੀ ੫ ਅੱਸੂ ੧੯੭੬ ਮੁਤਾਬਕ ੨੧ ਸਿਤੰਬਰ ੧੯੧੯ ਨੂੰ ਪੈਦਾ ਹੋਏ। ਇਹ ਭੀ ਬੁੱਢੇ ਦਲ ਦੀ ਅਰਦਾਸ ਨਾਲ ਹੀ ਪੈਦਾ ਹੋਏ।

ਮਹਾਰਾਜਾ ਰਿਪਦੁਮਨ ਸਿੰਘ* ਜੀ ਨਾਭਾਪਤਿ, ਪੂਰਨ ਗੁਰਸਿੱਖ, ਗੁਰਬਾਣੀ ਦੇ ਰਸੀਏ, ਧਾਰਮਿਕ ਖਿਆਲਾਂ ਦੇ ਸਨ। ਕਿਉਂਕਿ ਇਹਨਾਂ ਦੀ ਜਿਥ ਸੰਸਾਰਕ ਵਿਦਿਆ 'ਚ ਹਰ ਤਰਾਂ (ਇਹਨਾਂ ਦੇ ਪਿਤਾ ਮ: ਹੀਰਾ ਸਿੰਘ ਜੀ ਨੇ) ਨਿਪੁੰਨਤਾ ਕਰਵਾਈ ਸੀ, ਉਥੇ ਧਾਰਮਿਕ ਵਿਦਿਆ ਨਾਭਾ ਵਿਖੇ ਡੇਰਾ ਬਾਬਾ ਅਜਾਪਾਲ ਸਿੰਘ ਜੀ ਅਲਹੌਰਾਂ ਗੇਟ(ਘੋੜਿਆਂ ਵਾਲੇ ਗੁਰਦੁਆਰੇਦੇ ਮਹੰਤ)ਉਸ ਵੇਲੇ ਦੇ ਚੰਗੇ ਗੁਰਮਤਿ ਦੇ ਵਿਦਵਾਨ ਬਾਬਾ ਨਾਰਾਇਣ ਸਿੰਘ ਜੀ) ਜਿਨ੍ਹਾਂ ਦੇ ਸਪੁਤ੍ਰ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ 'ਮਹਾਨ ਕੋਸ਼' ਦੇ ਕਰਤਾ ਹੋਏ ਹਨ।) ਸੰਮਤ ੧੯੪੪ ਬਿਕ੍ਰਮੀ ਮੁ: ੧੮੮੭ ਈਸਵੀ ਨੂੰ ਆਪਣੇ ਇਕਲੌਤੇ ਸਪੁਤ੍ਰ ਮਹਾਰਾਜਾ ਰਿਪਦੁਮਨ ਸਿੰਘ ਜੀ ਦੇ ਵਿਦਿਅਕ ਗੁਰੂ (ਉਸਤਾਦ) ਨੀਯਤ ਕੀਤੇ ਗਏ।

ਅਜਿਹੇ ਗੁਰਮਤਿ ਦੇ ਤੇ ਜਪੀ - ਤਪੀ ਉਸਤਾਦ (ਬਾਬਾ ਨਾਰਾਇਣ ਸਿੰਘ ਜੀ) ਤੋਂ ਧਾਰਮਿਕ ਵਿਦਿਆ ਦਾ ਸਦਕਾ, ਇਹਨਾਂ ਅੰਦਰ ਗੁਰਸਿਖੀ ਦਾ ਅਥਾਹ ਪ੍ਰੇਮ ਸੀ। ਗੁਰਸਿਖ ਮਸਲੇ ਵਿਚ ਇਹ ਨਿਧੜਕ ਹੋ ਕੇ ਡੱਟ ਜਾਂਦੇ ਅਤੇ ਅੰਗਰੇਜ਼ ਰਾਜ ਜਾਂ ਗਵਾਢੀ ਰਾਜ ਪਟਿਆਲਾ ਆਦਿ ਦੀ ਆਪਣਾ ਗੁਰਮਤਿ ਸਿਧਾਂਤਕ ਪੱਖ ਪੇਸ਼ ਕਰਨੋਂ ਕਦੀ ਨਾ ਝਿਜਕਦੇ। ਭਾਵੇਂ ਇਹਨਾਂ ਨੇ ਅੰਗਰੇਜ਼ਾਂ ਦੀ ਬੜੀ ਭਾਰੀ ਮਦਦ ਭੀ ਕੀਤੀ ਤੇ ਪੂਰਨ ਵਫਾਦਾਰੀ ਦਾ ਸਬੂਤ ਭੀ ਦਿਤਾ, ਪ੍ਰੰਤੂ ਆਪ ਰਾਜ - ਕਾਜ ਦੀ ਪ੍ਰਵਾਹ ਨਾ ਕਰਦੇ ਹੋਏ ਸਿੱਖੀ ਲਈ ਤੱਤਪਰ ਰਹਿੰਦੇ।

੧. ਸੰਨ ੧੯੧੪ ਦੇ ਪਹਿਲੇ ਵਿਸ਼ਵ ਯੁਧ ਵਿਚ ਆਪ ਨੇ ਅੰਗਰੇਜ਼ਾਂ ਨੂੰ ਫੌਜ ਦੇਣ ਦੀ ਪੇਸ਼ਕਸ਼ ਕੀਤੀ ਪਰ ਲੋੜ ਨਾ ਪੈਣ ਤੇ ਫੌਜ ਨਾ ਪ੍ਰਵਾਨ ਕੀਤੀ।

੨. ੧੯੧੮ ਵਿਚ ਅਕਾਲ ਰਜਮੈਂਟ ਭੇਜੀ, ਜਿਸ ਨੇ ਬੜਾ ਬਹਾਦਰੀ ਦਾ ਕੰਮ ਕੀਤਾ। (ਫੌਜ ਦਾ ਨਾਮ ਭੀ ਗੁਰਮਤਿ ਆਸ਼ੇ ਤੇ 'ਅਕਾਲ ਰਜਮੈਂਟ' ਰਖਿਆ ਸੀ।)

੩. ੧੯੧੭ - ੧੮ ਵਿਚ ਕਈ ਲੱਖ ਰੁਪਿਆ ਜੰਗ ਲਈ ਸਹਾਇਤਾ ਭੀ ਦਿਤੀ।

੪. ੧੯੧੯, ਤੀਜੇ ਅਫਗਾਨ ਜੰਗ ਸਮੇਂ ਅੰਗਰੇਜ਼ ਅਫਸਰਾਂ ਦੀ ਨਿਗਰਾਨੀ ਹੇਠ ਈਰਾਨ ਵਿਚ ਰਹਿ ਕੇ ਬੜਾ ਭਾਰੀ ਜੰਗ ਕਰ ਕੇ ਉਤਮ ਸੇਵਾ ਨਿਭਾਹੀ।

ਮਹਾਰਾਜਾ ਸਾਹਿਬ ਦਾ ਗੁਰਸਿੱਖੀ ਸੁਭਾਅ ਕਾਰਨ ਆਪਣੀ ਰਿਆਸਤ ਅਤੇ ਅੰਗਰੇਜ਼ਾਂ ਦੇ ਹਰ ਤਰ੍ਹਾਂ ਹਰਮਨ ਪਿਆਰੇ ਹੋ ਗਏ। ਪ੍ਰੰਤੂ ਦੂਸ਼ਤ ਲੋਕਾਂ ਨੂੰ ਇਹਨਾਂ ਦੀ ਪ੍ਰਭਤਾ ਨਾ ਸੁਖਾਈ, ਅਜੇਹੇ ਹੱਥ-ਕੰਡੇ ਖਿਲਾਰਨ ਲੱਗ ਪਏ। ਜਿਸ ਨਾਲ ਮਹਾਰਾਜਾ ਸਾਹਿਬ ਦਾ ਪ੍ਰਤਾਪ ਘੱਟੇ, ਕਈ ਸੁਵਾਰਥੀ ਤੇ

---

*ਮਹਾਰਾਜਾ ਰਿਪਦੁਮਨ ਸਿੰਘ ਜੀ ਨਾਭਾਪਤਿ–ਪਿਛੇ ਅੰਕਿਤ ਟੂਕ ਅਨੁਸਾਰ ਮਹਾਰਾਜਾ ਰਿਪਦੁਮਨ ਸਿੰਘ ਜੀ ਦਾ ਬੁੱਢੇ ਦਲ ਤੇ ਬਾਬਾ ਮਿੱਤ ਸਿੰਘ ਜੀ ਤੇ ਅਤੁੱਟ ਵਿਸ਼ਵਾਸ ਪੂਰਬਕ ਅੰਕਤ ਕੀਤਾ ਜਾ ਰਿਹਾ ਹੈ।

ਆਚਾਰ ਤੋਂ ਡਿੱਗੇ ਹੋਏ ਲੋਕ, ਜਿਨ੍ਹਾਂ ਨੂੰ ਰਿਆਸਤ ਨਾਲ ਪਿਆਰ ਨਹੀਂ ਸੀ, ਅਤੇ ਮਹਾਰਾਜਾ ਦੇ ਹਿਤੂ ਨਹੀਂ ਸਨ, ਦੇਵਯੋਗ ਨਾਲ ਇਧਰੋਂ ਮਹਾਰਾਜਾ ਸਾਹਿਬ ਪਾਸ ਆ ਲਗੇ, ਤੇ ਆਪਣੀਆਂ ਕੁਟਲ ਚਾਲਾਂ ਕਾਰਨ ਕਈ ਭਦ੍ਰ ਪੁਰਸ਼ਾਂ ਦਾ ਅਪਮਾਨ ਹੋਇਆ।

ਰਿਆਸਤ ਪਟਿਆਲਾ ਨਾਲ ਭੀ ਕਈ ਤਰ੍ਹਾਂ ਦੇ ਮੱਤ ਭੇਦ ਤੇ ਬਿਰਥਾ ਝਗੜੇ ਉਤਪੰਨ ਕਰਵਾ ਦਿਤੇ। ਮਹਾਰਾਜਾ ਪਟਿਆਲਾ ਦੀ ਵੱਡੀ ਰਿਆਸਤ ਹੋਣ ਕਰ ਕੇ ਤੇ ਅੰਗਰੇਜ਼ਾਂ ਦਾ ਖਾਸ ਖੈਰ ਖ੍ਵਾਹ ਹੋਣ ਕਰ ਕੇ ਅੰਗਰੇਜ਼ ਭੀ ਪਟਿਆਲਾ ਪਤਿ ਦੇ ਪੱਖ ਦੀ ਪੂਰਤੀ ਕਰਨ ਲਗੇ।

ਉਧਰ ਅੰਗਰੇਜ਼ਾਂ ਨੇ ਬੁੱਚੜਖਾਨੇ ਖੋਹਲਣ ਦਾ ਪਲਾਨ ਬਣਾਇਆ। ਮਲੇਰ ਕੋਟਲੇ ਵਿਖੇ ਨਾਮਧਾਰੀ ਸਿੰਘਾਂ ਨੇ ਇਸ ਬੁਚੜਖਾਨੇ ਖੋਲ੍ਹਣ ਦੇ ਪਲਾਨ ਦੀ ਵਿਰੋਧਤਾ ਕਰ ਕੇ ਸ਼ਹੀਦੀ ਪ੍ਰਾਪਤ ਕੀਤੀ। ਮਹਾਰਾਜਾ ਨਾਭਾ ਨੇ ਭੀ ਇਸ ਪਲਾਨ ਦੇ ਖਿਲਾਫ ਭਾਰੀ ਬਗਾਵਤ ਕੀਤੀ।

ਮਾਹਾਰਾਜਾ ਪਟਿਆਲਾ ਦੀ ਵਿਰੋਧਤਾ ਵਿਚ ਅੰਗਰੇਜ਼ਾਂ ਨੂੰ ਮਹਾਰਾਜਾ ਨਾਭਾ ਦੇ ਵਿਰੁੱਧ ਬਦਲਾ ਲਊ ਪਾਲਸੀ ਤਹਿਤ ਨਾਲਸ਼ [ਭੜਕਾਉਣ] ਦਾ ਚੰਗਾ ਮੌਕਾ ਮਿਲਿਆ। ਜਿਸ ਕਰ ਕੇ ਅੰਗਰੇਜ਼ ਸਰਕਾਰ ੨੫ ਹਾੜ ਸੰਮਤ ੧੯੮੦ ਬਿਕਰਮੀ ਸੁ: ੯ ਜੁਲਾਈ ੧੯੨੩ ਨੂੰ ਮਹਾਰਾਜਾ ਨਾਭਾ ਨੂੰ ਰਾਜ ਤੋਂ ਤਿਆਗ ਕਰਨ ਦਾ ਹੁਕਮ ਜਾਰੀ ਕਰ ਦਿਤਾ। ਅਤੇ ਉਹਨਾਂ ਦੇ ਗੁਜ਼ਰਾਨ ਲਈ 3 ਲੱਖ ਰੁਪਿਆ ਸਾਲਾਨਾ ਮੁਕਰਰ ਕਰ ਕੇ ਡੇਹਰਾ ਦੂਨ (ਜਲਾਵਤਨ) ਰਹਿਣ ਲਈ ਅੰਗਰੇਜ਼ ਮੇਂਟ (ਗਵਰਨਰ) ਵਲੋਂ ਆਦੇਸ਼ ਜਾਰੀ ਹੋਇਆ। ਰਿਆਸਤ ਦਾ ਪ੍ਰਬੰਧ ਕਰਨ ਲਈ ਅੰਗਰੇਜ਼ ਐਡਮਿਨਿਟਰੇਟਰ ਥਾਪ ਦਿਤਾ। ਸ਼ਰਤਾਂ ਤਹਿਤ ਪੂਰੇ ਉਤਰਨ ਤੇ ਹੀ ਰਾਜ ਪ੍ਰਬੰਧ ਮੋੜਿਆ ਜਾ ਸਕੇਗਾ।

ਮਹਾਰਾਜਾ ਸਾਹਿਬ ਪੂਰਨ ਗੁਰਸਿੱਖ ਤੇ ਸਤਿਗੁਰੂ ਜੀ ਦੇ ਪੂਰਨ ਵਿਸ਼ਵਾਸੀ ਸਨ। ਡੇਹਰਾਦੂਨ 'ਚ ਰਹਿੰਦਿਆਂ ਇਹਨਾਂ ਦੀ ਭਾਵਨਾ ਸ੍ਰੀ ਹਜ਼ੂਰ ਸਾਹਿਬ ਜੀ ਦੇ ਦਰਸ਼ਨਾਂ ਦੀ ਹੋ ਗਈ। (ਸ਼ਰਤਾਂ ਮੁਤਾਬਕ ਉਹ ਡੇਹਰਾਦੂਨ ਤੋਂ ਬਾਹਰ ਨਹੀਂ ਜਾ ਸਕਦੇ ਸਨ) ੨੫ ਮਾਘ ੧੯੮੪, ਮੁਤਾਬਕ ੬ ਫਰਵਰੀ ੧੯੨੭ ਨੂੰ ਮਹਾਰਾਜਾ ਰਿਪਦੁਮਨ ਸਿੰਘ ਜੀ ਨੇ ਅਬਚਲ ਨਗਰ, ਤਖਤ ਸ੍ਰੀ ਹਜ਼ੂਰ ਸਾਹਿਬ ਦੁਬਾਰਾ ਅੰਮ੍ਰਿਤ ਛੱਕ ਕੇ ਨਾਮ 'ਗੁਰਚਰਨ ਸਿੰਘ' ਬਦਲ ਲਿਆ।

ਮਹਾਰਾਜਾ ਸਾਹਿਬ ਗੁ: ਅਸਥਾਨ ਮਾਤਾ ਜੀ ਦੇ ਦਰਸ਼ਨ ਕਰਨੇ

ਇਸੇ ਦੌਰਾਨ ਸਭ ਗੁਰ ਅਸਥਾਨਾਂ ਦੇ ਦਰਸ਼ਨ ਕਰ ਕੇ ਗੁ: ਅਸਥਾਨ ਜਗਤ - ਮਾਤਾ–ਮਾਤਾ ਸਾਹਿਬ ਕੌਰਾਂ ਜੀ ਦੇ ਜਦ ਦਰਸ਼ਨਾਂ ਨੂੰ ਪੁਜੇ। ਦਰਸ਼ਨ ਨਮਸ਼ਕਾਰ ਕਰ ਕੇ ਆਪ ਲੰਗਰ ਵਲ ਗਏ, ਤਾਂ ਬਾਬਾ ਜੀ ਦੇ ਦਰਸ਼ਨ ਕਰ ਕੇ ਅਤਿਅੰਤ ਪ੍ਰਸੰਨ ਹੋਏ। ਉਹਨਾਂ ਨੂੰ ਬਾਬਾ ਜੀ ਦੇ ਚਰਨ ਪਰਸਨ ਦਾ ਚਾਅ ਆਇਆ, ਪਰ ਬਾਬਾ ਕਦਮ ਪਿਛੇ ਹੋ ਕੇ ਕਹਿਣ ਲਗੇ–

ਬਾਬਾ ਜੀ– ਨਹੀਂ ਰਾਜਨ, ਤੁਹਾਨੂੰ ਮਾਲਕ ਨੇ ਕਿਤਨਾ ਵੱਡਾ ਮਾਨ ਬਖਸ਼ਿਆ ਹੋਇਆ ਹੈ। ਅਸੀਂ ਬਿਹੰਗਮ ਜੰਗਲਾਂ (ਰੁਖਾਂ ਦੀ ਜੀਰਾਂਦ) ਵਿਚ ਰੁੱਖਾਂ ਹੇਠਾਂ ਗੁਜ਼ਾਰਾ ਕਰਨ ਵਾਲੇ। ਆਪ ਸ਼ਾਹੀ ਮਹੱਲਾਂ ਵਿਚ ਵੱਸਣ ਵਾਲੇ ਹੋ, ਤੱਪ ਕਰ ਕੇ ਇਸ ਜਨਮ ਵਿਚ ਸੁਖ ਭੋਗ ਰਹੇ ਹੋ। ਇਉਂ ਕਰਨਾ ਆਪ ਜੀ

ਨੂੰ ਸ਼ੋਭਦਾ ਨਹੀਂ ਹੈ।

ਮਹਾਰਾਜਾ ਸਾਹਿਬ– ਬਾਬਾ ਜੀ ! ਇਹ ਸਭ ਮੇਰੇ ਸਤਿਗੁਰੂ ਜੀ ਦੀ ਬਖਸ਼ਸ਼ ਹੈ, ਜਾਂ ਗੁਰੂ ਪੰਥ-ਖਾਲਸੇ ਦੀ ਦੇਣ ਹੈ। ਪਰ ਤੁਸਾਂ ਤਾਂ ਸੱਚ ਮੁੱਚ ਉਹੋ ਬੁੱਢੇ ਦਲ ਵਾਲਾ ਬੇਹੰਗਮੀ ਠਾਠ 'ਚ ਛੰਨਾਂ-ਛੱਪਰੀਆਂ ਜਿਵੇਂ ਚੁਮਾਸੇ ਨਾਭੇ ਦੀ ਬੀੜ ਵਿਚ ਕੁਝ ਮਹੀਨੇ ਕਟਿਆ ਕਰਦੇ ਸੀ। ਹੁਣ ਤਾਂ ਸਤਿਗੁਰੂ ਜੀ ਦੀਆਂ ਆਪ ਤੇ ਅਪਾਰ ਬਖਸਸ਼ਾਂ ਹਨ। ਮਕਾਨ ਬਨਾ ਲਵੋ।

ਬਾਬਾ ਜੀ– ਹਾਂ ਰਾਜਨ ! ਗੁਰਸਿਖਾਂ ਤੇ ਸਤਿਗੁਰੂ ਸਦਾ ਮੇਹਰਾਂ ਬਖਸ਼ਸ਼ਾਂ ਬਖਸ਼ਦੇ ਰਹਿੰਦੇ ਹਨ, ਇਹ ਉਹਨਾਂ ਦੀ ਲੀਲ੍ਹਾ ਹੈ, ਜਿਵੇਂ ਰੱਖਣ, ਰਹਿਣਾ ਚਾਹੀਦਾ ਹੈ। ਆਪ ਇਸ ਪੁਜ਼ੀਸ਼ਨ ਵਿਚ ਸਾਦ-ਮੁਰਾਦੇ–ਨਾ ਰਾਜਿਆਂ ਵਾਲਾ ਤਾਜ, ਨਾ ਸ਼ਾਹੀ ਲਿਬਾਸ, ਨਾ ਹੀ ਗਾਰਦ। ਚੁਪਕੇ ਨਾਲ ਕਿਵੇਂ ਆ ਗਏ ਹੋ। ਇਹ ਕੀ ? ਅਜਿਹਾ ਕਿਉਂ ?

ਰਾਜਨ ਸਾਹਿਬ– ਬਾਬਾ ਜੀ ! ਆਪ ਨੂੰ ਕੀ ਭੁੱਲ ਹੈ ? ਗੁਰਸਿੱਖੀ ਮਾਰਗ ਬੜਾ ਕਠਨ ਅਤੇ ਬਿੱਖੜਾ ਹੈ। ਪਰ ਇਸ ਤੁਲ ਨਾ ਰਾਜ ਹੈ ਨਾ ਸ਼ਾਹੀ ਠਾਠੀ ਹੈ–

ਜੋ ਸੁਖ ਹਰਿ ਗੋਬਿੰਦ ਕੀ ਸੇਵਾ ਸੋ ਸੁਖ ਰਾਜ ਨ ਲਹੀਐ॥

ਜਦੋਂ ਦਾ ਰਾਜ ਤਿਆਗਿਆ ਹੈ, ਬੜੇ ਅਨੰਦ ਵਿਚ ਹਾਂ। ਰਾਜ ਵਿਚ ਚਿੰਤਾ, ਫਿਕਰ, ਫਿਰ ਨਿਆਇ-ਅਨਿਆਇ ਦਾ ਡਰ। ਹੁਣ ਕਿਸੇ ਦਾ ਡਰ ਤੇ ਭੈ ਨਹੀਂ। ਦਸਮ ਪਾਤਸ਼ਾਹ ਜੀ ਦੇ ਖੁਲ੍ਹੇ ਦੀਦਾਰ ਕਰਨ ਅਤੇ ਤਖ਼ਤ ਸਚਖੰਡ ਤੋਂ ਅੰਮ੍ਰਿਤ ਪਾਨ ਕਰਨ ਦੀ ਤੀਬਰ ਇੱਛਾ ਸੀ, ਸੋ ਅੰਮ੍ਰਿਤ ਛੱਕ ਆਏ ਹਾਂ। ਹੁਣ ਹਰ ਤਰ੍ਹਾਂ ਨਾਲ ਸੁਰਖ਼ਰੂ ਤੇ ਨਿਸਚਿੰਤ ਹੋ ਗਏ ਹਾਂ।

ਬਾਬਾ ਜੀ ! ਦਾਸ ਨੂੰ ਆਪ ਜੀ ਲਈ ਅਤੇ ਸਿੰਘਾਂ ਲਈ ਕਵਾਰਟਰ ਬਨਾਉਣ ਦੀ ਆਗਿਆ ਬਖਸ਼ੋ। ਹੁਣ ਤਾਂ ਆਪ ਮਾਤਾ ਜੀ ਦੇ ਅਸਥਾਨ ਦੇ ਮੁਖ ਸੇਵਾਦਾਰ ਹੋ। ਜੋ ਸਿੰਘ ਆਪ ਜੀ ਪਾਸ ਠਹਿਰੇ ਹੋਏ ਹਨ, ਸੁਖ ਆਨੰਦ ਪ੍ਰਸੰਨ ਚਿੱਤ ਰਿਹਾ ਕਰਨਗੇ।

ਬਾਬਾ ਜੀ–ਰਾਜਨ ਜਦ ਮਾਲਕ ਨੇ ਤੁਹਾਥੋਂ ਹੀ ਉਹਨਾਂ ਮਹਿਲਾਂ ਵਿਚ ਰਹਿਣ ਤੋਂ ਜਲਾਵਤਨ ਕਰ ਦਿਤਾ ਹੈ। ਫਿਰ ਤੁਸੀਂ ਸੋਚੋ, ਹੁਣ ਤਾਂ ਝੁਗੀਆਂ ਵਿਚ ਤਾਂ ਦਾਅਵਾ ਨਹੀਂ ਤੇ ਨਾ ਹੀ ਇਸ ਵਿਚ ਦੁਖ ਕਲੇਸ਼ ਹੈ। ਜਦ ਮਕਾਨ, ਕਮਰੇ ਬਣ ਗਏ ਤਾਂ ਮੋਹ ਮੱਮਤਾ ਆ ਘੇਰੇਗੀ ਤੇ ਸੁਖ ਅਨੰਦ ਵਿਚ ਪੈ ਕੇ ਗੁਰੂ ਕੀ ਸੇਵਾ ਤੋਂ ਵੰਚਿਤ ਹੋ ਜਾਵਾਂਗੇ। ਫਿਰ ਹੁਣ ਤੁਹਾਡੇ ਗੁਜ਼ਰਾਨ ਲਈ ਮਿਲਦੀ ਖਰਚੀ ਤਾਂ ਤੁਹਾਡੇ ਲਈ ਹੀ ਮਸਾਂ ਗੁਜ਼ਾਰਾ ਕਰਦੀ ਹੋਵੇਗੀ। ਅਸੀਂ ਨਹੀਂ ਚਾਹੁੰਦੇ ਜੋ ਕਿਸੇ ਦੇ ਗੁਜ਼ਰਾਨ ਨੂੰ ਆਪਣੇ ਹੀ ਸੁੱਖਾਂ ਲਈ ਵਰਤੀਏ।

ਰਾਜਨ ਸਾਹਿਬ ! ਸਾਡੇ ਬਿਹੰਗਮਾਂ ਤੇ ਤਰਸ ਕਰੋ ਤੇ ਸਾਨੂੰ ਇਹਨਾਂ ਝੁੱਗੀਆਂ, ਕੱਖਾਂ ਦੀਆਂ ਛੰਨ-ਛੱਪਰੀਆਂ ਦੇ ਅਨੰਦ ਤੋਂ ਵੰਚਿਤ ਨਾ ਕਰੋ। ਆਪ ਤੇ ਮਹਿਲ - ਮਾੜੀਆਂ ਦਾ ਤਿਆਗ ਕਰ ਕੇ ਤੇ ਰਾਜ-ਪਾਟ ਤਿਆਗ ਕੇ ਸੁਖ - ਅਨੰਦ ਮਹਿਸੂਸ ਕਰ ਰਹੇ ਹੋ। ਸਾਨੂੰ ਮਾਲਕ ਦੀ ਸੇਵਾ ਇਸੇ ਹਾਲਤ ਵਿਚ ਹੀ ਸੁਖਦਾਈ ਹੈ। ਕੁਆਰਟਰਾਂ ਵਿਚ ਰਹਿ ਕੇ ਜੇ ਕਿਧਰੇ ਅਸੀਂ ਭੀ ਆਪ ਵਾਂਗ ਸੇਵਾ ਤੋਂ ਅਤੇ ਜਗਤ

ਮਾਤਾ ਦੀ ਗੋਦ ਦੇ ਨਿੱਘ ਤੋਂ ਦੂਰ ਨਾ ਹੋ ਜਾਈਐ ਕਿਉਂਕਿ–

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥
ਕਿਤਹੀ ਕਾਜ ਨ ਧਉਲਹਰ ਜਿਤੁ ਹਰਿ ਬਿਸਰਾਏ ॥ ੧ ॥ ਰਹਾਉ ॥
[ਸੂਹੀ ਮ: ੫, ਪੰਨਾ ੭੪੫

ਧਉਲਰ, ਮਹਿਲ, ਮਾੜੀ ਤਾਂ ਹਉਮੈ ਦਾ ਰੋਗ ਹਨ ਤੇ ਹਉਮੈ ਤੇ ਨਾਮ ਦਾ ਆਪਸੀ ਵਿਰੋਧ ਹੈ। ਇਸ ਕਰ ਕੇ ਸਾਨੂੰ ਨਾਮ ਨਾਲ ਪ੍ਰੀਤੀ ਰਹਿਣ ਦਿਓ, ਜੋ ਨਾਮ ਦੀ ਵੈਰਨ ਹਉਮੈ ਹੈ ਉਹ ਨਾ ਖੜੀ ਕਰੋ।

ਰਾਜਨ– ਬਾਬਾ ਜੀ ! ਜਿਵੇਂ ਆਪ ਜੀ ਦੀ ਰਜ਼ਾ, ਆਪ ਅਰਦਾਸ ਕਰੋ, ਜੋ ਸਤਿਗੁਰੂ ਸਿਖੀ (ਅੰਮ੍ਰਿਤ ਦੀ ਦਾਤ ਜੋ ਬਖਸ਼ੀ ਹੈ) ਕੇਸਾਂ ਸਵਾਸਾਂ ਸੰਗ ਨਿਭੇ। ਇਹ ਸਤਿਗੁਰੂ ਜੀ ਦਾ ਜੋ ਭਾਣਾ–ਖੇਡ ਵਰਤੀ ਹੈ, ਇਸ ਨੂੰ ਸ਼ਹਿਨ-ਸ਼ੀਲਤਾ ਨਾਲ ਇਸ ਇਮਤਿਹਾਨ ਚੋਂ ਪਾਸ ਕਰ ਦੇਣ।

ਬਾਬਾ ਜੀ– ਰਾਜਨ ! ਮਿਸਲ ਫਕੀਰਾਂ ਗਾਖੜੀ ਸੁ ਪਾਈਐ ਪੂਰ ਕਰੰਮਿ ॥ ੧੧੧ ॥
[ਸਲੋਕ ਫਰੀਦ–੧੩੮੪

ਸਿਖੀ (ਫਕੀਰੀ) ਦਾ ਮਾਰਗ ਬੜਾ ਕਠਨ ਹੈ ਪ੍ਰੰਤੂ ਸਤਿਗੁਰੂ ਆਪਣੇ ਸੇਵਕਾਂ ਦੀ ਆਪ ਪ੍ਰਤਿਪਾਲਨਾ ਕਰਦੇ ਹਨ ਤੇ–

ਨਿੰਦਕ ਪਕੜ ਪਛਾੜਿਅਨੁ ... ॥
[ਮ: ੫, ੩੨੩

ਆਹਰ ਕਰ ਕੇ ਆਪੇ ਨਿੰਦਕ ਦੋਖੀਆਂ ਦਾ ਸੰਘਾਰ ਕਰ ਕੇ ਆਪਣੇ ਸੇਵਕਾਂ ਦੀ ਪੱਤ ਰਖਦੇ ਹਨ। ਸੋ ਰਾਜਨ ਇਹ ਹੀ ਤਾਂ ਪ੍ਰਭੂ ਭਗਤੀ ਦਾ ਮਾਰਗ ਹੈ–

ਪਹਿਲਾ ਮਰਨ ਕਬੂਲ ਜੀਵਣ ਕੀ ਛਡਿ ਆਸ ॥
[ਮਾਰੂ ਮ: ੫–੧੧੦੨

ਅਤੇ– ਮੁਰਦਾ ਹੋਇ ਮੁਰੀਦ ... ...
[ਭਾਈ ਗੁਰਦਾਸ

ਸੁਭਾਗੇ ਹੋ, ਜੋ ਤਖ਼ਤ ਸੱਚਖੰਡ ਹਜ਼ੂਰ ਸਾਹਿਬ ਤੋਂ ਅੰਮ੍ਰਿਤ ਪਾਨ ਕਰ ਕੇ ਪੂਰਨ ਗੁਰਸਿਖੀ ਦਾ ਸਬੂਤ ਦੇਣ ਆਏ ਹੋ ? ਰਾਜ ਪਾਟ ਦੀ ਪ੍ਰਵਾਹ ਨਾ ਕਰਦਿਆਂ ਅਤੇ ਹਾਕਮ (ਅੰਗਰੇਜ਼) ਦੇ ਹੁਕਮਾਂ (ਨਜ਼ਰਬੰਦੀ ਡੇਹਰਾਦੂਨ ਦੀ) ਪ੍ਰਵਾਹ ਨਾ ਕਰਦੇ ਹੋਏ ਗੁਰੂ ਕਲਗੀਧਰ ਜੀ ਦੇ ਸੱਚੇ ਸੁੱਚੇ ਆਦਰਸ਼ ਦੀ ਪੂਰਤੀ ਕਰ ਵਿਖਾਈ ਜੇ।

"ਕਿਸੂ ਨਾ ਕਾਨਿ ਰਾਖਿ ਹਊਂ"
[ਪਾ: ੧੦

ਭੈ ਰਹਿਤ ਹੋ ਕੇ ਇਕ ਅਕਾਲ ਦੀ ਓਟ ਰੱਖਦੇ ਹੋਏ, ਗੁਰਸਿੱਖ ਮਾਰਗ ਦੀਆਂ ਲੀਹਾਂ ਤੇ ਚੱਲ ਕੇ ਆਪ ਜੀ ਨੇ ਇਕ ਆਦਰਸ਼ਕ ਬਣ ਕੇ ਵਿਖਾਇਆ ਹੈ।

ਹਾਂ ਰਾਜਨ ! ਦਸਮੇਸ਼ ਪਿਤਾ ਜੀ ਦਾ ਫੁਰਮਾਨ ਹੈ–

ਸੁਣ ਭੂਪਤ ਯਾ ਜਗਤ ਮੈਂ ਦੁਖੀ ਰਹਿਤ ਹਰਿ ਸੰਤ ॥
ਪਰ– ਅੰਤ ਲਹਤ ਹੈਂ ਮੁਕਤਿ ਫਲ ਪਾਵਤ ਹੈ ਭਗਵੰਤ ॥

ਕਲਿਜੁਗ ਵਿਚ ਸੱਚੇ ਪੁਰਸ਼ ਦੀ ਪ੍ਰਭਤਾ ਨੂੰ ਠੇਸ ਪਹੁੰਚਾਉਣਾ, ਇਸ ਯੁੱਗ ਦਾ ਕਰਤੱਵ ਹੈ, ਜੋ ਆਪ ਜੀ ਨੇ ਸ੍ਰੀ ਦਸਮੇਸ਼ ਪਿਤਾ ਜੀ ਦੀ ਟੇਕ, ਆਸਰਾ, ਲੜ ਫੜਿਆ ਹੈ, ਉਹ ਜ਼ਰੂਰ ਆਪ ਜੀ ਦੇ ਸਦਾ ਅੰਗ ਸੰਗ ਰਖਵਾਲੀ ਕਰਨਗੇ।

ਇਉਂ ਕਾਫੀ ਗੁਰਮਤਿ ਵਿਚਾਰਾਂ ਬਾਬਾ ਜੀ ਤੋਂ ਸਰਵਣ ਕਰ ਕੇ ਮਹਾਰਾਜਾ ਰਿਪਦੁਮਨ ਸਿੰਘ ਜੀ ਖੁਸ਼ੀਆਂ ਲੈ ਕੇ ਵਾਪਸ ਡੇਹਰਾਦੂਨ ਲਈ ਰਵਾਨਾ ਹੋ ਗਏ।

ਜਦ ਆਪ ਡੇਹਰਾਦੂਨ ਪੁਜੇ ਤਾਂ ਅੰਗਰੇਜ਼ੀ ਸਰਕਾਰ ਨੇ ਮਹਾਰਾਜਾ ਸਾਹਿਬ ਨੂੰ ਬਿਨਾਂ ਆਗਿਆ ਲਏ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਕਰਨਾ ਅਤੇ ਅੰਮ੍ਰਿਤ ਛੱਕ ਲੈਣਾ ਤੇ ਸਿਖੀ ਦੇ ਮਾਰਗ ਤੇ ਹੋਰ ਦ੍ਰਿੜਤਾ ਤੇ ਨਿਡੱਰਤਾ ਨਾਲ ਤੁਰਨ ਦੇ ਯਤਨਾਂ ਨੂੰ ਚੰਗਾ ਨਾ ਸਮਝਦਿਆਂ, ਫਰਵਰੀ ੧੯, ੧੯੨੮ ਨੂੰ ਇਕ ਐਲਾਨ (ਹੁਕਮ) ਜਾਰੀ ਕੀਤਾ ਕਿ ਮਹਾਰਾਜਾ ਰਿਪਦੁਮਨ ਸਿੰਘ (ਗੁਰਚਰਨ ਸਿੰਘ) ਨਾਭਾਪਤਿ ਨੂੰ ਜਿਨ੍ਹਾਂ ਸ਼ਰਤਾਂ ਤੇ ਰਿਆਸਤ ਤੋਂ ਕਿਨਾਰੇ ਹੋਣ ਦੀ ਪ੍ਰਵਾਨਗੀ ਦਿਤੀ ਗਈ ਸੀ, ਇਹਨਾਂ ਨੇ ਉਹਨਾਂ ਸ਼ਰਤਾਂ ਦੀ ਪਾਲਣਾ ਨਹੀਂ ਕੀਤੀ। ਸਗੋਂ ਇਹਨਾਂ ਨੇ ਸ਼ਰਤਾਂ ਦਾ ਉਲੰਘਣ ਕਰ ਕੇ ਨਾ ਕੇਵਲ ਡੇਰਹਾਦੂਨ ਦੀ ਸੀਮਾ ਪਾਰ ਕੀਤੀ, ਸਗੋਂ ਸ੍ਰੀ ਹਜ਼ੂਰ ਸਾਹਿਬ ਚਲੇ ਜਾਣਾ, ਤੇ ਅੰਮ੍ਰਿਤ ਛੱਕ ਲੈਣਾ ਹੋਰ ਵੀ ਸੰਦੇਹ-ਜਨਕ ਹੋ ਗਿਆ ਹੈ। ਇਸ ਤਰ੍ਹਾਂ ਮਹਾਰਾਜਾ ਸਾਹਿਬ ਜੀ ਦੇ ਖੁਲ੍ਹੇ ਵਿਚਰਨ ਨਾਲ ਸਿੱਖਾਂ ਅੰਦਰ ਅੰਗਰੇਜ਼ ਸਰਕਾਰ ਦੇ ਖਿਲਾਫ ਭੜਕਾਹਟ ਪੈਦਾ ਹੋ ਸਕਦੀ ਹੈ।

ਇਸ ਕਰ ਕੇ ਸਿੱਖਾਂ ਦੇ ਰਾਜੇ ਪ੍ਰਤੀ ਮਿਲਣਾ - ਜੁਲਣਾ ਬੰਦ ਕਰਨ ਦੀ ਨੀਤੀ ਨਾਲ ਇਹਨਾਂ ਨੂੰ ਡੇਹਰਾਦੂਨ ਦੀ ਬਜਾਇ ਮਦਰਾਸ ਦੇ ਇਲਾਕੇ 'ਕੋਡਾਈ ਕੈਨਾਲ' ਵਿਚ ਸਰਕਾਰੀ ਨਿਗਰਾਨੀ ਹੇਠ ਰੱਖਿਆ ਜਾਵੇ, ਤੇ ਗੁਜ਼ਾਰਾ ਕਰਨ ਲਈ ਤਿੰਨ ਲੱਖ ਸਾਲਾਨਾ ਦੀ ਬਜਾਏ ਕੇਵਲ ਇਕ ਲੱਖ ਵੀਹ ਹਜ਼ਾਰ ਰੁਪਿਆ ਹੀ ਸਾਲਾਨਾ ਮੁਕਰੱਰ ਕੀਤਾ ਗਿਆ।

ਇਸ ਸਰਕਾਰੀ ਹੁਕਮ ਨੂੰ ਭੀ ਮਹਾਰਾਜਾ ਰਿਪਦੁਮਨ ਸਿੰਘ ਜੀ ਨੇ ਖਿੜੇ ਮੱਥੇ ਸਵੀਕਾਰ ਕੀਤਾ। ਆਪ ਨੇ ਇਸ ਨੂੰ ਦਸਮੇਸ਼ ਜੀ ਦਾ ਭਾਣਾ ਮੰਨਦਿਆਂ ਸ਼ੁਕਰ ਕੀਤਾ–

ਜਿਥੈ ਰਖਹਿ ਬੈਕੁੰਠੁ ਤਿਥਾਈ, ਤੂੰ ਸਭਨਾ ਕੇ ਪ੍ਰਤਿਪਾਲਾ ਜੀਉ ॥ [ਮਾਝ ਮ:੫–੧੦੬

ਮਹਾਰਾਜਾ ਨਾਭਾਪਤਿ ਕੋਡਾਈ ਕੈਨਾਲ ਸਰਕਾਰੀ ਨਿਗਰਾਨੀ ਵਿਚ ਭੇਜ ਦਿਤੇ ਗਏ। ਜਿਥੇ ਇਹਨਾਂ ਨੇ ਆਪਣੀ ਜ਼ਿੰਦਗੀ ਦਾ ਬਾਕੀ ਹਿੱਸਾ, ਵਾਹਿਗੁਰੂ ਦੇ ਸਿਮਰਨ, ਭਗਤੀ ਅਤੇ ਗੁਰਬਾਣੀ ਦੇ ਆਸਰੇ ਹੀ ਗੁਜ਼ਾਰਨ ਕੀਤਾ।

ਰਾਜਨ ਦਾ ਬਾਬਾ ਜੀ ਪ੍ਰਤੀ ਅਥਾਹ ਪ੍ਰੇਮ

ਕੁਡਾਈ ਕੈਨਾਲ† ਪਹੁੰਚਣ ਤੇ ਅਤੇ ਸਰਕਾਰੀ ਨਿਗਰਾਨੀ, ਖਿਖੜਾ ਰਸਤਾ, ਇਕਾਂਤ ਇਕੱਲ ਵਿਚ ਬਾਕੀ ਦੀ ਜ਼ਿੰਦਗੀ ਗੁਜ਼ਾਰਨ ਦਾ ਮਹਾਰਾਜਾ ਸਾਹਿਬ ਨੂੰ ਪੂਰਨ ਅਹਿਸਾਸ ਹੋ ਚੁਕਾ ਸੀ। ਕਿਉਂਕਿ ਰਾਜਾ

---

† ਕੋਡਾਈ ਕੈਨਾਲ–ਇਹ ਪਹਾੜੀ ਤੇ ਭਾਵੇਂ ਰਮਣੀਕ ਥਾਵੇਂ ਨਿਵਾਸ (ਕੋਠੀ) ਕੋਡਾਈ ਕੈਨਾਲ ਜੋ ਮਦਰਾਸ ਦੇ ਮਦਰਾ ਜ਼ਿਲੇ ਵਿਚ ਹੈ। ਇਸ ਦੀ ਸਮੁੰਦਰ ਤਲ ਤੋਂ ਉਚਾਈ 7000 ਫੁੱਟ ਹੈ। ਸੜਕ ਅਛੀ ਨਾ ਹੋਣ ਕਰ ਕੇ ਮੁਸਾਫਰਾਂ ਨੂੰ ਪਹੁੰਚਣ ਵਿਚ ਬੜਾ ਔਖ ਹੁੰਦਾ ਹੈ। ਇਹ ਪਹਾੜੀ ਰੇਲ ਤੋਂ 33 ਮੀਲ ਦੀ ਵਿਥ ਤੇ ਹੈ।

☞

ਪਰਤਾਪ ਸਿੰਘ ਇਹਨਾਂ ਦੇ ਸਪੁਤਰ ਨੂੰ ਘੋਸ਼ਤ ਕਰਨ ਨਾਲ ਇਹ ਸੰਦੇਹ ਬਿਲਕੁਲ ਖਤਮ ਹੋ ਜਾਂਦਾ ਸੀ ਕਿ ਅੰਗਰੇਜ਼ ਸਰਕਾਰ ਮੁੜ ਰਾਜ - ਗੱਦੀ ਤੇ ਮੈਨੂੰ (ਰਿਪਦੂਮਨ ਸਿੰਘ ਨੂੰ) ਸੌਂਪੇਗੀ।

ਸੱਚਖੰਡ ਹਜ਼ੂਰ ਦੀ ਟੇਕ ਆਸਰਾ, ਪ੍ਰਾਰਥਨਾ ਕਰਨ ਦੀ ਮਨੋਭਾਵਨਾ ਜਾਗਰਤ ਹੋਈ ਕਿ ਸਤਿਗੁਰੂ ਜੀ ਮੈਨੂੰ ਬਲ, ਉਦਮ ਤੇ ਭਾਣਾ ਮੰਨਣ ਦਾ ਬਲ ਬਖਸ਼ਣ, ਤਾਂ ਜੋ ਮੈਂ ਕਲਗੀਧਰ ਪਾਤਸ਼ਾਹ ਜੀ ਦੀ ਸਿੱਖੀ ਤੇ ਚੱਲ ਕੇ ਹੀ ਜੀਵਨ ਬਤੀਤ ਕਰ ਸਕਾਂ।

ਇਸ ਸੰਕਲਪ ਨੂੰ ਹਿਰਦੇ ਵਿਚ ਧਾਰਣ ਕਰ ਕੇ ਮਹਾਰਾਜਾ ਰਿਪਦੂਮਨ ਸਿੰਘ ਜੀ ਨੇ ਆਪਣੇ ਦੋ ਨਿਕਟਵਰਤੀਆਂ [ਇਕ ਆਪਣੇ ਸਾਲੇ ਅਤੇ ਦੂਸਰੇ ਚਾਖੇ ਡਾਕਟਰ ਜੋ ਲੰਗਰ ਪਹਿਲਾਂ ਚੱਖ (ਟੈਸਟ ਕਰ) ਕੇ ਵੇਖਦਾ ਕਿ ਜੋ ਲੰਗਰ ਰਾਜਨ ਨੂੰ ਦਿਤਾ ਜਾ ਰਿਹਾ ਹੈ, ਠੀਕ ਹੈ, ਕੋਈ ਸ਼ਕ ਵਾਲੀ ਗੱਲ ਜਾਂ ਮਿਲਾਵਟ ਨਹੀਂ] ਇਹਨਾਂ ਦੋਹਾਂ ਇਤਬਾਰੀ ਸਿੰਘਾਂ ਨੂੰ ਸ੍ਰੀ ਤਖ਼ਤ ਸੱਚਖੰਡ, ਅਬਿਚਲ ਨਗਰ (ਨਾਂਨਦੇੜ) ਭੇਜਣ ਕੀਤਾ ਕਿ ਉਹ ਸ੍ਰੀ ਅਖੰਡ ਪਾਠ ਕਰਵਾ ਕੇ ਅਰਦਾਸ ਕਰਾਉਣ ਕਿ ਸਤਿਗੁਰੂ ਜੀ ਬਲ ਬਖਸ਼ਣ ਕਿ ਮੈਂ ਸਿਖੀ ਸਿਦਕ ਕੇਸਾਂ ਸਵਾਸਾਂ ਤੱਕ ਨਿਭਾਹ ਸਕਾਂ।

ਫਿਰ ਜਗਤ ਮਾਤਾ–ਮਾਤਾ ਸਾਹਿਬ ਕੌਰਾਂ ਜੀ ਦੇ ਜਾ ਕੇ ਪਰਮ ਪੂਜਨ ਮਹਾਂਪੁਰਸ਼ ਬਾਬਾ ਮਿੱਤ ਸਿੰਘ ਜੀ ਨੂੰ ਬੇਨਤੀ ਕਰਨੀ ਕਿ ਉਹ ਮਰਯਾਦਾ ਨਾਲ 'ਦੁਸ਼ਟ ਸੰਘਾਰਨ' ਚੰਡਕਾ–ਚੰਡੀ ਦਾ ਪਾਠ ਕਰਨ, ਉਪਰੰਤ ਸਪਤਾਹਕ ਪਾਠ ਆਰੰਭ ਕਰ ਦੇਣੇ, ਬੰਦ ਨਹੀਂ ਹੋਣ ਦੇਣੇ। ਆਪ ਉਥੇ ਹੀ ਬਾਬਾ ਜੀ ਪਾਸ ਰਹਿਣਾ। ਜੋ ਭੇਟਾ ਹੋਵੇ, ਆਹ ਕੁਝ ਮਾਇਆ ਲੈ ਜਾਵੋ। ਬਾਕੀ ਪੁਛ ਕੇ ਸਾਨੂੰ ਲਿਖਣਾ। ਅਸੀਂ ਮਹੀਨੇ ਦੇ ਮਹੀਨੇ ਪਾਠਾਂ ਦੀ ਭੇਟਾ ਭੇਜ ਦਿਆਂ ਕਰਾਂਗੇ।

ਪਾਠ ਕਰਾਉਣ ਲਈ ਰਾਜਨ ਦੀ ਪ੍ਰਾਰਥਨਾ

ਇਹ ਮਨੋ - ਭਾਵਨਾ ਰਾਜਨ ਜੀ ਦੀ ਲੈ ਕੇ ਦੋਵੇਂ ਸਿੰਘ ਤਖ਼ਤ ਸੱਚਖੰਡ ਪੁਜ ਗਏ। ਅਖੰਡ ਪਾਠ ਕਰਵਾਇਆ ਅਤੇ ਅਰਦਾਸ ਕਰਵਾਈ। ਫਿਰ ਉਹ ਗੁ: ਮਾਤਾ ਜੀ ਦੇ ਅਸਥਾਨ ਤੇ ਪੁੱਜੇ। ਬਾਬਾ ਜੀ ਨੂੰ ਮਿਲੇ ਤੇ ਆਪਣਾ ਪ੍ਰੀਚਯ ਕਰਵਾਇਆ।

ਬਾਬਾ ਜੀ ਨੇ ਇਹਨਾਂ ਨੂੰ ਭੀ ਸੰਗਤ (ਯਾਤ੍ਰੀਆਂ) ਦੀ ਤਰ੍ਹਾਂ ਜਲ - ਪਾਣੀ ਤੇ ਲੰਗਰ ਛਕਾਇਆ। ਫਿਰ ਬਾਬਾ ਜੀ ਬੋਲੇ–ਹਾਂ ਸਿੰਘੋ ! ਰਾਜਨ ਇਕ ਵਡੇ ਪਰਚੇ ਵਿਚ ਪੈ ਗਏ ਹਨ। ਕਿਤਨੀ ਗਾਖੜੀ ਹੈ ਇਹ ਸਿੱਖੀ, ਕਿੰਨੀ ਮਹਿੰਗੀ ਪਈ ਹੈ। ਸਤਿਗੁਰਾਂ ਨੇ ਫ਼ੁਰਮਾਇਆ ਹੈ–

ਮੈ ਤਉ ਮੋਲਿ ਮਹਗੀ ਲਈ ਜੀਅ ਸਟੈ ॥ ੧ ॥ [ਭਗਤ ਰਵਿਦਾਸ–੬੯੪

☞ ਇਥੇ ਮਹਾਰਾਜਾ ਸਾਹਿਬ ਨੂੰ ਇੱਕਲਿਆਂ ਹੀ ਕੁਝ ਟਹਿਲੀਆਂ ਸਮੇਤ ਹੀ ਬਾਕੀ ਦੇ ਦਿਨ ਗੁਜ਼ਾਰਨੇ ਪਏ! ਕਿਸੇ ਨੂੰ ਮਿਲਣ ਦੀ ਆਪ ਨੂੰ ਆਗਿਆ ਨਹੀਂ ਸੀ। ਇਹਨਾਂ ਦਾ ਲੜਕਾ ਮਹਾਰਾਜਾ ਪ੍ਰਤਾਪ ਸਿੰਘ ਜੀ ਆਪਣੀ ਮਾਤਾ ਜੀ ਨਾਲ ਡੇਹਰਾਦੂਨ ਵਿਚ ਹੀ ਪੜ੍ਹਦੇ ਰਹੇ, ਤੇ ਬਾਅਦ ਵਿਚ ਅੰਗਰੇਜ਼ਾਂ ਨੇ ਆਪਣੀ ਕੁਟਲ - ਨੀਤੀ ਦੀ ਚਾਲ ਚਲਦਿਆਂ ਮਹਾਰਾਜਾ ਪਰਤਾਪ ਸਿੰਘ ਜੀ ਨੂੰ ਨਾਭਾਪਤਿ ਘੋਸ਼ਤ ਕਰ ਦਿਤਾ ਗਿਆ।

ਪਰ ਹਾਂ ਰਾਜਨ ! ਤਾਂ ਠੀਕ ਹਨ। ਕੋਈ ਮਨ ਤੇ ਉਦਾਸੀ ਜਾਂ ਉਪਰਾਮਤਾ ਤਾਂ ਨਹੀਂ।

ਦੋਵੇਂ ਸਿੰਘ– ਜੀ ਨਹੀਂ, ਉਹ ਬੜੇ ਖੁਸ਼ ਹਨ। ਉਹ ਤਾਂ ਸਤਿਗੁਰੂ ਜੀ ਦਾ ਸ਼ੁਕਰਾਨਾ ਹੀ ਕਰਦੇ ਹਨ ਕਿ ਪਿਛਲੇ ਸਮਿਆਂ ਵਿਚ ਰਾਜ - ਪਾਟ ਤਿਆਗ ਕੇ ਜੰਗਲਾਂ ਵਿਚ ਪੱਤੇ ਖਾ ਕੇ, ਨਗਨ - ਅਵੱਸਥਾ ਵਿਚ (ਜਾਂ ਪੱਤਿਆਂ ਨਾਲ ਨੰਗੇਜ ਢੱਕ ਕੇ) ਤੱਪ ਕਰਦੇ ਸਨ। ਪਰ ਸਤਿਗੁਰਾਂ ਨੇ ਅਪਾਰ ਕ੍ਰਿਪਾ ਕੀਤੀ ਹੈ ਜੋ ਮੇਰਾ ਪਿਛਲੇ ਜਨਮ ਵਿਚ ਤੱਪ ਘੱਟ ਸੀ, ਹੁਣ (ਖਾਂਦਿਆਂ, ਪੀਂਦਿਆਂ, ਪਹਿਨਦਿਆਂ) ਤੱਪ ਕਰਨ ਲਈ ਇਕਾਂਤ ਤੇ ਰਮਣੀਕ ਥਾਉਂ ਬਖਸ਼ਿਆ ਹੈ। ਇਸ ਸ਼ੁਕਰਾਨੇ ਵਿਚ ਉਹਨਾਂ ਨੇ ਚੰਡੀ ਦਾ ਅਖੰਡ ਪਾਠ ਕਰਨ ਲਈ ਆਪ ਜੀ ਅਗੇ ਪ੍ਰਾਰਥਨਾ ਕਰ ਭੇਜੀ ਹੈ। ਉਪਰੰਤ ਸਪਤਾਹਕ ਪਾਠ ਮਰਯਾਦਾ ਪੂਰਬਕ ਜ਼ਿੰਦਗੀ ਭਰ ਲਈ ਜਾਰੀ ਰੱਖਣ ਦੀ ਵੀ ਬੇਨਤੀ ਕੀਤੀ ਹੈ। ਆਹ ਲੌ ਭੇਟਾ, ਜੋ ਉਹਨਾਂ ਨੇ ਭੇਜੀ ਹੈ। ਅਤੇ ਹੋਰ ਜੋ ਭੇਟਾ ਪਾਠਾਂ ਦੀ ਹੋਇਆ ਕਰੇਗੀ, ਉਹ ਹਰ ਮਹੀਨੇ ਆ ਜਾਇਆ ਕਰੇਗੀ। ਸਾਨੂੰ ਆਪ ਜੀ ਦੇ ਪਾਸ ਰਹਿਣ ਦਾ ਹੁਕਮ ਹੈ।

ਬਾਬਾ ਜੀ– ਜੀ ਸਦਕੇ ! ਇਹ ਤਾਂ ਮਹਾਰਾਜਾ ਸਾਹਿਬ ਨੇ ਜਿਥੇ ਆਪਣੇ ਤੱਪ ਸਾਧਨ ਲਈ ਸਤਿਗੁਰੂ ਜੀ ਅਤੇ ਜਗਤ ਮਾਤਾ ਜੀ ਦੇ ਦਰਬਾਰ ਤੋਂ ਬਲ ਮੰਗਿਆ ਹੈ, ਉਥੇ ਸਾਨੂੰ ਭੀ ਇਸੇ ਬਹਾਨੇ ਹੀ ਤੱਪ ਕਰਨ ਦਾ ਮੌਕਾ ਦਿਤਾ ਹੈ। ਇਹ ਤਾਂ ਮਹਾਰਾਜਾ ਸਾਹਿਬ ਨੇ ਵੱਡਾ ਉਪਕਾਰ ਸਾਡੇ ਤੇ ਕੀਤਾ ਹੈ।

ਚੰਗਾ ਆਓ ! ਖਾਲੀ ਬੁੰਗਾ ਤੇ ਜੋ ਆਪ ਜੀ ਨੂੰ ਚੰਗਾ ਲੱਗੇ, ਉਥੇ ਆਸਣ ਲਾ ਲਵੋ। ਕੱਲ ਨੂੰ ਚੰਡੀ ਦੀ ਵਾਰ ਦੇ ਅਖੰਡ ਪਾਠ ਲਈ ਧੂਪ ਅਤੇ ਹੋਰ ਸਮੱਗਰੀ ਮੰਗਵਾਈ ਜਾਵੇਗੀ। ਪਾਠ ਸ਼ੁਕਰਵਾਰ ਰੱਖ ਕੇ ਐਤਵਾਰ ਭੋਗ ਪਾਇਆ ਜਾਵੇਗਾ।

ਹੁਣ ਇਹਨਾਂ ਦੋਹਾਂ ਸਿੰਘਾਂ ਨੇ ਨਦੀ ਦੇ ਕੰਢੇ ਇਕ ਵਖਰੇ ਬੁੰਗੇ ਵਿਚ ਆਸਣ ਲਾ ਲਏ ਤੇ ਚੰਡੀ ਦੀ ਵਾਰ ਦੇ ਪਾਠ ਦੀ ਤਿਆਰੀ ਹੋਣ ਲੱਗ ਪਈ। ਧੂਪ ਸਮੱਗਰੀ ਲਿਆਂਦੀ (੧੦੧ ਚੀਜ਼ਾਂ) ਕੁੱਟ ਛਾਣ ਕੇ ਤਿਆਰ ਕਰ ਲਈ।

ਚੰਡੀ ਦਾ ਪਾਠ*

ਚੰਡੀ ਦੀ ਵਾਰ ਦਾ ਮਹਾਤਮ– ਚੰਡੀ ਦੀ ਵਾਰ ਦੇ ਅਖੀਰ ਤੇ ਸ੍ਰੀ ਕਲਗੀਧਰ ਪਾਤਸ਼ਾਹ ਜੀ ਨੇ ਫ਼ੁਰਮਾਨ ਕੀਤਾ ਹੈ–

ਦੁਰਗਾ ਪਾਠ ਬਣਾਇਆ ਸਭੈ ਪਉੜੀਆਂ ਫੇਰ ਨਾ ਜੋਨੀ ਆਇਆ ਜਿਨਿ ਇਹੁ ਗਾਇਆ ॥

ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਉਚਾਰਨ ਕੀਤੀ–੧. ਚੰਡੀ ਦੀ ਵਾਰ,

* ਚੰਡੀ–ਇਹ ਮਹਾਂਕਾਲ ਜੀ ਦੀ ਸ਼ਕਤਿ (ਮਾਇਆ) ਦਾ ਪ੍ਰਗਟਾਵਾ ਉਦੋਂ ਹੋਇਆ ਜਦੋਂ ਪਹਿਲਾਂ ਮਹਿਖਾਸੁਰ ਦੈਂਤ ਤੇ ਫਿਰ ਸੁੰਭ ਤੇ ਨਿਸੁੰਭ ਦੈਂਤਾਂ ਨੇ ੩੩ ਕਰੋੜ ਦੇਵਤੇ, ਦੇਵਤਿਆਂ ਦੀਆਂ ਪੁਰੀਆਂ ਤੋਂ ਯੁੱਧ ਬਲ ਨਾਲ ਕੱਢ ਕੇ ਕੈਲਾਸ਼ ਪਰਬਤ ਤੇ ਭੇਜ ਦਿਤੇ ਸਨ। ਦੈਂਤਾਂ ਨੇ ਇੰਦਰ ਦੀ ਰਾਜਧਾਨੀ ਨੂੰ ਖੋਹ ਲਿਆ ਹੋਇਆ ਸੀ।

☞

੨. ਚੰਡੀ ਚਰਿਤ੍ਰ ਅਤੇ ੩. ਚੰਡੀ ਚਰਿਤ੍ਰ ਲਿਖਯਤੇ ਅਤੇ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਤ੍ਰਿਯਾ ਚਰਿਤ੍ਰਾਂ ਦਾ ਆਖਰੀ ਚਰਿਤ੍ਰ ੪੦੫ ॥ ਇਸੇ ਚੰਡੀ ਦਾ ਚਰਿਤ੍ਰ–ਕਿਵੇਂ ਸੁੰਭ ਨਿਸੁੰਭ ਦੈਂਤਾਂ ਦਾ ਸੰਘਾਰ ਕੀਤਾ, ਇਸ ਆਖਰੀ ਤ੍ਰਿਯਾ ਚਰਿਤ੍ਰ ਵਿਚ ਹੀ ਕਬਿਯੋ ਵਾਚ ਚੌਪਈ, ਜੋ ਦਸਮ ਪਾਤਸ਼ਾਹ ਜੀ ਦੀ ਉਚਾਰਨ ਕੀਤੀ ਹੈ, ਜੋ ਅੰਮ੍ਰਿਤ ਸੰਸਕਾਰ ਵਿਚ ਪੜ੍ਹੀ ਜਾਂਦੀ ਹੈ ਅਤੇ ਸਿੰਘਾਂ ਦੇ ਰੋਜ਼ਾਨਾ ਨਿੱਤਨੇਮ ਦਾ ਪਾਠ ਹੈ, ਜੋ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੪੨੮ ਦੀ ਬੀੜ ਦੇ ਪੰਨਾ ੧੩੫੯ ਤੋਂ ਸ਼ੁਰੂ ਹੋ ਕੇ ਪੰਨਾ ੧੩੮੫ ਤਕ ਸਾਰਾ ਪ੍ਰਸੰਗ ੧ ਤੋਂ ੩੬੫ ਤਕ ਚੰਡੀ ਦਾ ਤੇ ੩੬੬ ਤੋਂ ੩੭੬ ਤੱਕ ਮਹਾਂਕਾਲ ਪ੍ਰਤੀ, ਅਤੇ ਅੰਕ ੩੭੭ ਤੋਂ ੪੦੫ ਅੰਕ ਤੱਕ ਚੌਪਈ ਅੰਕਿਤ ਹੈ।

ਵੈਰ ਤੇ ਨਫ਼ਰਤ ਕਿਉਂ ਹੋਈ

ਖੀਰ ਸਮੁੰਦਰ ਨੂੰ ਮੰਥਨ (ਰਿੜਕਣ) ਸਮੇਂ ਦੇਵਤਿਆਂ ਨੇ ਪਹਿਲੀ ਸਿਆਣਪ ਇਹ ਕੀਤੀ, ਜੋ ਸੁਮੇਰ ਪਰਬਤ ਦੀ ਮਧਾਣੀ ਤੇ ਬਾਸਕ ਨਾਗ (ਸੱਪ) ਦਾ ਨੇਤਰਾ ਪਾ ਕੇ ਦੈਂਤਾਂ ਨੂੰ ਮੂੰਹ ਵਾਲਾ ਪਾਸਾ ਅਤੇ ਆਪ ਪੂਛ ਵਾਲਾ ਪਾਸਾ ਫੜਿਆ।

ਸਮੁੰਦਰ ਰਿੜਕਣ ਤੇ ੧੪ ਰਤਨ ਨਿਕਲੇ। ੧੪ ਰਤਨ ਇਹ ਹਨ–

੧. ਧਨ (ਸੋਨਾ, ਚਾਂਦੀ, ਹੀਰੇ, ਪੰਨੇ, ਜਵਾਹਰਾਤ) ਆਦਿ।

੨. ਧਨੰਤਰ–ਕੁਲ ਹਕੀਮੀ ਵਿਦਿਆ।

੩. ਧੇਨ–(ਕਾਮਧੇਨ ਗਊ) ਜੀਵ ਦੀ ਇਛਿਆ ਅਨੁਸਾਰ ਹਰ ਚੀਜ਼ ਤੁਰੰਤ ਹਾਜ਼ਰ ਕਰ ਦੇਣੀ।

੪. ਘੋੜਾ–ਬਹੁਤ ਉੱਤਮ ਕਿਸਮ ਦਾ (ਸਤਮੁੱਖੀ)

੫. ਕਮਲਾ–ਮਾਇਆ ਅਥਵਾ 'ਲੱਛਮੀ'।

੬. ਸੰਖ–ਜੋ ਮੰਦਰਾਂ ਤੇ ਗੁਰਦਵਾਰਿਆਂ ਵਿਚ ਵਜਾਇਆ ਜਾਂਦਾ ਹੈ।

੭. ਹਾਥੀ–ਐਰਾਪਤ ਹਾਥੀ।

੮. ਵਿਹੁ–ਜ਼ਹਿਰ (ਬਿਖੁ) ਜੋ ਖਾਧਿਆਂ ਜੀਵ ਮਰ ਜਾਂਦਾ ਹੈ।

੯. ਮਣੀ–ਬਹੁਤ ਚਮਕਦਾਰ ਤੇ ਤਾਕਤ ਵਾਲੀ ਹੁੰਦੀ ਹੈ।

੧੦. ਕਲਪਤਰੂ–(ਕਲਪ ਬ੍ਰਿਛ) ਇਹ ਇਕ ਬ੍ਰਿਛ ਹੈ। ਇਸ ਦੇ ਹੇਠ ਬੈਠਿਆਂ ਜੋ ਚਿਤ ਵਿਚ ਖਿਆਲ ਆਵੇ, ਸੋ ਪੂਰਾ ਹੋ ਜਾਂਦਾ ਹੈ।

੧੧. ਰੰਭਾ–ਸੁੰਦਰ ਇਸਤ੍ਰੀ (ਅਪੱਛਰਾ)।

੧੨. ਅੰਮ੍ਰਿਤ–ਜਿਸ ਦੇ ਪੀਣ ਕਰ ਕੇ ਜੀਵ ਅਮਰ (ਜਨਮ - ਮਰਨ) ਤੋਂ ਮੁਕਤ ਹੋ ਜਾਂਦਾ ਹੈ।

੧੩. ਚੰਦਰਮਾ–ਜੋ ਚੜ੍ਹ ਕੇ ਰਾਤ ਵਕਤ ਚਾਨਣ ਕਰਦਾ ਹੈ।

੧੪. ਸ਼ਰਾਬ–ਜਿਸ ਦੇ ਪੀਣ ਕਰ ਕੇ ਜੀਵ ਆਪਣੀ ਸੁਧ ਬੁਧ ਭੁਲਾ ਛਡੇ ਤੇ ਕੁਲ ਪਦਾਰਥ, ਘਰ-ਬਾਰ ਉਜਾੜ ਛੱਡੇ, ਕੁਲ ਦਾ ਨਾਸ ਕਰਨ ਵਾਲਾ, ਦੈਂਤਾਂ ਦਾ ਖਾਜਾ।

ਚੰਡੀ ਦੀ ਵਾਰ ਦਾ ਪਾਠ ਆਰੰਭ

ਰਾਜਨ ਦੀ ਭਾਵਨੀ ਅਨੁਸਾਰ ਚੰਡੀ ਦੇ ਪਾਠ ਲਈ ਸਮੱਗਰੀ (ਧੂਪ ਕੁਟਣੀ, ਨਾਰੀਏਲ, ਕੁੰਭ, ਜੋੜ, ਅਖੰਡ ਪਾਠ ਦੇ ਪਾਠੀ ਤਿਆਰ ਬਰ ਤਿਆਰ ਸਿੰਘਾਂ ਦੀ ਤਿਆਰੀ ਕਰ ਕੇ ਅਖੰਡ ਪਾਠ ਵਾਂਗ

ਇਹਨਾਂ ੧੪ ਰਤਨਾਂ ਦੀ ਦੇਵਤਿਆਂ ਤੇ ਦੈਂਤਾ ਨੇ ਜੋ ਵੰਡ ਕੀਤੀ—

੧. ਧਨ—ਇਹ ਕੁਬੇਰ ਦੇਵਤੇ ਨੂੰ ਦਿਤਾ ਗਿਆ।

੨. ਧਨੰਤਰ–ਹਕੀਮੀ ਇਸ (ਧਨੰਤਰ ਵੈਦ) ਪਾਸ ਹੀ ਰਹੀ।

੩. ਕਾਮਧੇਨ–ਕਾਮਧੇਨ ਗਊ ਦੇਵਤਿਆਂ ਨੇ ਲੈ ਲਈ।

੪. ਘੋੜਾ–(ਉਚ ਸ਼ਰਵਾ) ਘੋੜਾ ਸੂਰਜ ਨੂੰ ਮਿਲ ਗਿਆ।

੫. ਕਮਲਾ–(ਲਛਮੀ) ਨੂੰ ਵਿਸ਼ਨੂੰ ਭਗਵਾਨ ਨੇ ਸਾਂਭ ਲਿਆ।

੬. ਮਣੀ–ਸ਼ੇਸ਼ਨਾਗ ਨੂੰ ਦਿਤੀ ਗਈ। ਇਹ ਮਣੀ ਸੱਪ ਦੇ ਸਿਰ ਵਿਚ ਹੁੰਦੀ ਹੈ। ਸੱਪ ਦੀ ਇਛਿਆ ਅਨੁਸਾਰ (ਸੱਪ ਜਿਧਰ ਜਾਣਾ ਚਾਹੇ) ਇਹ ਝੱਟ ਰਸਤਾ ਦੇ ਦੇਂਦੀ ਹੈ। ਭਾਵ ਜੇ ਸੱਪ ਕੰਧ ਵਿਚੋਂ ਭੀ ਲੰਘਣਾ ਚਾਹੇ ਤਾਂ ਕੰਧ ਭੀ ਰਸਤਾ ਦੇ ਦੇਂਦੀ ਹੈ।

੭. ਐਰਾਪਤਿ ਚਿੱਟਾ ਹਾਥੀ–ਐਰਾਪਤਿ ਹਾਥੀ ਭੀ ਇੰਦਰ ਨੇ ਲੈ ਲਿਆ।

੮. ਅੰਮ੍ਰਿਤ–ਅੰਮ੍ਰਿਤ ਭੀ ਦੇਵਤਿਆਂ ਨੇ ਸਾਂਭ ਲਿਆ।

੯. ਰੰਭਾ [ਅਪੱਛਰਾ]–ਇੰਦਰ ਨੇ ਨਾਚ ਅਖਾੜੇ ਲਈ ਲੈ ਲਈ।

੧੦. ਚੰਦਰਮਾ–ਸਾਰੀ ਦੁਨੀਆਂ ਨੂੰ ਰੋਸ਼ਨੀ ਦੇਣ ਲਈ ਦਿਤਾ ਗਿਆ।

੧੧. ਵਿਹੁ (ਜ਼ਹਿਰ)–ਇਹ ਸ਼ਿਵ ਜੀ ਨੇ ਲੈ ਕੇ ਕੰਠ ਵਿਚ ਰੱਖ ਲਿਆ।

੧੨. ਕਲਪਤਰੂ ਬ੍ਰਿਛ–ਇਸ ਬ੍ਰਿਛ ਨੂੰ ਭੀ ਦੇਵਤਿਆਂ ਨੇ ਸਾਂਭ ਲਿਆ।

੧੩. ਸੰਖ–ਦੇਵਤਿਆਂ ਨੂੰ [ਵਜਾਉਣ ਨਾਲ] ਦੇਵ ਧੁਨੀ ਦਰਸਾਇਆ ਹੈ।

੧੪. ਸ਼ਰਾਬ–ਇਹ ਦੈਂਤਾਂ ਨੂੰ ਦਿਤੀ ਗਈ।

ਉਪ੍ਰੋਕਤ ਵੰਡ ਨਾਲ ਦੈਂਤਾਂ ਨੂੰ ਸ਼ਰਾਬ ਮਿਲੀ। ਜਦ ਦੈਂਤਾਂ ਨੇ ਸ਼ਰਾਬ ਦਾ ਪ੍ਰਯੋਗ ਕੀਤਾ ਤਾਂ ਉਹ ਅਤਿ ਕ੍ਰੋਧਤ ਹੋ ਕੇ ਦੇਵਤਿਆ ਦੀ ਕੁਟਲ ਨੀਤੀ ਕਾਰਨ ਉਹਨਾਂ ਨਾਲ ਭਾਰੀ ਜੰਗ ਕੀਤਾ। ਇਸ ਜੰਗ ਵਿਚ ਦੇਵਤਿਆਂ ਨੂੰ ਜ਼ਬਰਦਸਤ ਹਾਰ ਹੋਈ। ਉਹ ਆਪਣਾ ਦੇਸ਼ ਛੱਡ ਕੇ ਪਰਬਤਾਂ ਵਿਚ ਜਾ ਛੁਪੇ। ਇਥੇ ਇਹਨਾਂ [ਦੇਵਤਿਆਂ] ਨੇ ਭਾਰੀ ਤੱਪ ਜੱਗ ਕੀਤੇ। ਜਿਸ ਕਰ ਕੇ ਮਹਾਂਕਾਲ ਜੀ ਦੀ ਸ਼ਕਤਿ–ਚੰਡੀ ਦਾ ਪਰਕਾਸ਼ ਹੋਇਆ। ਜਿਸ ਨੇ ਦੈਂਤਾਂ ਨਾਲ ਭਾਰੀ ਯੁੱਧ ਕਰ ਕੇ ੨੩ ਅਛੂਹਣੀਆਂ ਦੈਂਤਾਂ ਦੀ ਸੈਨਾਂ ਦਾ ਨਾਸ ਕੀਤਾ।

ਸਤਿਯੁੱਗ ਦੇ ਤੱਪਸਵੀ [ਕਲਗੀਧਰ] ਨਾਨਦੇਤ (ਅਬਿਚਲ ਨਗਰ, ਗੁਦਾਵਰੀ ਦੇ ਕੰਢੇ ਤਪ-ਸਾਧਨ ਸਮੇਂ ਮੇਲ ਹੋਇਆ ਤੇ ਸ਼ੇਰ ਆਸਨ ਝਾੜਨ ਤੇ ਮਦਦ ਕਰਨ ਦਾ ਵਰ–ਸ਼ੇਰ, ਸਿੰਘ ਪੰਥ ਦੀ

ਸਵੇਰੇ ਕੜਾਹ ਪ੍ਰਸ਼ਾਦਿ ਤੇ ਸ਼ਹੀਦੀ ਦੇਗਾਂ ਕਰ ਕੇ, ਅਰਦਾਸ ਕਰ ਕੇ ਆਰੰਭ ਕੀਤਾ ਗਿਆ, ਜੋ ਲਗਾਤਾਰ ੪੮ ਘੰਟੇ ਦਿਨ ਰਾਤ ਅਖੰਡ ਚੰਡੀ ਦਾ ਪਾਠ ਚਲਦਾ ਰਿਹਾ।

ਭਾਵੇਂ ਇਹ ਬਹੁਤ ਹੀ ਕਠਨ ਘਾਲ ਹੈ। ਪਾਠੀ ਭੀ ਹੱਠੀ, ਤੱਪੀ, ਜੱਤ, ਸੱਤ ਵਾਲੇ ਹੀ ਸਿੰਘ ਹੋਵਣ, ਧੂਪ ਸਮੱਗਰੀ ਅਤੀ ਸੁਗੰਧਤ (ਜਿਸ ਵਿਚ ਘਟੋ ਘਟ ੧੦੧ ਸੁਗੰਧਤ ਚੀਜ਼ਾਂ ਪੈਂਦੀਆਂ ਹਨ) ਹੋਵੇ,

☞ ਸਾਜਨਾ, ਤਲਵਾਰ (ਭਗਉਤੀ) ਦਾ ਪ੍ਰਯੋਗ, ਕਲਿਜੁਗ ਵਿਚ ਅਵਤਾਰ, ਇਹ ਸਾਰਾ ਵਿਸਥਾਰ ਪਿਛੇ ਤਖ਼ਤ ਸੱਚਖੰਡ ਦਾ ਪਿਛੋਕੜ, ਇਤਿਹਾਸ ਵਿਚ ਲਿਖਿਆ ਜਾ ਚੁਕਿਆ ਹੈ। ਚੰਡੀ ਦੇ ਪਾਠ ਦਾ ਮਹਾਤਮ ਦਰਸਾਣ ਕਾਰਨ ਹੀ ਇਹ ਲਿਖਣਾ ਜ਼ਰੂਰੀ ਜਾਣ ਕੇ ਹੀ ਅੰਕਿਤ ਕੀਤਾ ਹੈ। ਭਾਵੇਂ ਆਮ ਜਨਤਾ, ਨਿਹੰਗ ਸਿੰਘ ਹੀ ਪਾਠ ਕਰਦੇ ਹਨ, ਨਾਲ ਜੋੜਨ ਕਰਦੀ ਹੈ ਤੇ ਦਸਮ ਗਰੰਥ ਨੂੰ ਭੀ ਨਿਹੰਗ ਸਿੰਘਾਂ ਨਾਲ ਹੀ ਸੰਮਿਲਤ ਕਰਦੀ ਹੈ। ਜਦ ਕਿ ਗੁਰੂ ਖਾਲਸੇ ਦਾ ਭਾਰੀ ਖ਼ਜ਼ਾਨਾ ਸ਼ਸਤ੍ਰ, ਸ਼ਕਤਿ) ਇਸੇ ਵਿਚ ਜੱਪ ਹਨ, ਜਿਨ੍ਹਾਂ ਦੇ ਜਾਪ ਨਾਲ ਸ਼ਸਤ੍ਰਾਂ ਦੀ ਸ਼ਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਅੱਜ ਕੱਲ੍ਹ ਅਸੀਂ ਇਕ ਪੱਖੀ ਕੇਵਲ [ਜੋਗ] ਜੋ ਤਿੰਨ ਪਹਿਲਾਂ ਜੁਗਾਂ ਦਾ ਇਕ ਮਨੁਸ਼ ਦਾ ਧਰਮ ਰਿਹਾ ਹੈ, ਹੀ ਦੇ ਉਪਾਸ਼ਕ ਰਹਿੰਦੇ ਜਾ ਰਹੇ ਹਾਂ। ਪ੍ਰੰਤੂ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਿਸ਼ਨ ਅਤੇ ਦਸਮੇਸ਼ ਜੀ ਨੇ ਪੂਰਨ ਤੌਰ ਤੇ ਰਾਜ ਭੀ ਇਨ ਸਿੰਘਾਂ ਨੂੰ ਪ੍ਰਦਾਨ ਕੀਤਾ ਸੀ। ਹਾਂ ਸ਼ਸਤਰ [ਰਾਜ] ਤਾਂ ਪਹਿਣਦੇ ਹਾਂ, ਪਰੰਤੂ ਸ਼ਸ਼ਤ੍ਰ - ਸ਼ਕਤਿ ਲਈ ਉਸ ਬਾਣੀ ਦਾ ਜਾਪ ਨਹੀਂ ਕਰਦੇ, ਜੋ (ਦਸਮ ਪਾਤਸ਼ਾਹੀ ਜੀ ਦਾ ਰਚਿਤ ਦਸਮ ਗਰੰਥ ਹੈ) ਜਿਸ ਕਰ ਕੇ ਅਸੀਂ [ਪੰਡਤਵਾਦ ਦੀਆਂ ਪਹਿਲੀਆਂ ਪਰੰਪਰਾਗਤ ਰੀਤਾਂ ਕੇਵਲ ਜੋਗ ਨੂੰ ਅਪਨਾ ਕੇ ਕੇਵਲ ਇਕ ਅੰਗੀ ਬਣ ਗਏ ਹਾਂ। ਸਿੰਘ (ਖ਼ਾਲਸਾ) ਜੋ (ਰਾਜਾ ਤੇ ਜੋਗੀ) ਹੈ, ਲਈ ਅਧੂਰਾ ਪਨ ਹੈ।

ਜਾਂ ਫਿਰ ਸ਼ਬਦ (ਜੋਗ - ਗੁਰਬਾਣੀ) ਤੋਂ ਇਤਨੀ ਪਰਬਲ ਸ਼ਕਤੀ ਪ੍ਰਾਪਤ ਕਰ ਲਈਏ ਕਿ ਫਿਰ ਸ਼ਸਤ੍ਰ ਦੀ ਸ਼ਕਤਿ ਦੀ ਲੋੜ ਹੀ ਨਾ ਰਹੇ, ਪਰ ਉਸ ਸ਼ਬਦ ਦੀ ਸ਼ਕਤੀ ਪ੍ਰਾਪਤ ਕਰ ਕੇ, ਕਰਾਮਾਤ ਪ੍ਰਾਪਤ ਹੋਣ ਤੇ ਕਹਿਰ ਨਹੀਂ ਕੀਤਾ ਜਾ ਸਕਦਾ। ਕਿਉਂਕਿ ਖਾਲਸਾ ਗਊ ਗਰੀਬ ਦਾ ਰੱਖਿਅਕ ਹੈ। ਇਸ ਲਈ ਸ਼ਬਦ ਸ਼ਕਤਿ ਦੀ ਵਰਤੋਂ, ਗੁਰੂ ਤੋਂ ਬੇਮੁਖ ਹੋਣ ਦਾ ਰਸਤਾ ਹੈ ਅਤੇ ਪ੍ਰਮੇਸ਼ਰ ਦੇ ਰਾਹ ਵਿਚ ਰਜ਼ਾ-ਭਾਣੇ ਦੇ ਉਲਟ ਹੈ।

ਤਾਂ ਤੇ ਸ਼ਸਤਰ ਦੀ ਸ਼ਕਤਿ ਉਸ ਸਮੇਂ ਵਰਤਣੀ ਯੋਗ ਹੁੰਦੀ ਹੈ, ਜਦ ਜੀਵ ਦੇ ਧਰਮ ਦੇ ਸਾਰੇ ਹੀ ਰਸਤੇ, ਸਾਰੇ ਹੀਲੇ ਕਰਨ ਤੇ ਦੁਸ਼ਮਣ ਬੰਦ ਕਰ ਦੇਵੇ, ਤਾਂ ਉਸ ਵਕਤ ਤਲਵਾਰ ਚੁੱਕਣ ਦਾ ਕੋਈ ਦੋਸ਼ ਨਹੀਂ। ਜਿਹਾ ਕਿ ਦਸਮੇਸ਼ ਪਿਤਾ ਜੀ ਨੇ ਔਰੰਗਜ਼ੇਬ ਨੂੰ ਲਿਖੀ ਚਿੱਠੀ ਜ਼ਫਰਨਾਮਾ ਦੀ ਹਿਕਾਯਤ ਪਹਿਲੀ ਵਿਚ ਅੰਕਿਤ ਕੀਤਾ ਹੈ—

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤੁ ਬੁਰਦਨ ਬ ਸ਼ਮਸ਼ੀਰਿ ਦਸਤ ॥ ੨੨ ॥

ਉਸ ਵਕਤ ਸ਼ਮਸ਼ੀਰ (ਤਲਵਾਰ) ਚੁਕਣੀ ਹੱਕ - ਬਜਾਨਬ ਹੈ। ਪਰ ਅਸੀਂ ਦਸਮੇਸ਼ ਪਿਤਾ ਜੀ ਦੀ ਬਾਣੀ ਪੜ੍ਹਨ ਸੁਣਨ ਤੋਂ ਸੰਕੋਚ ਕਰਦੇ ਕੋਹਾਂ ਦੂਰ ਚਲੇ ਗਏ ਹਾਂ।

ਪਰ ਸਭ ਤੋਂ ਸੋਧ ਤੇ ਧਿਆਨ ਇਸ ਗਲ ਵਲ ਰੱਖਣ ਦੀ ਹੈ, ਕਿ ਜੇ ਪੂਰਨ ਜੁਗਤ ਨਾਲ ਪਾਠ ਵਿਧੀ ਸਹਿਤ ਕਰਨ ਨਾਲ ਚੰਡੀ ਦੀ ਸ਼ਕਤੀ, ਅਤਿ ਤੇਜ ਪ੍ਰਚੰਡਕਾ ਦਾ ਜੇ ਪ੍ਰਕਾਸ਼ ਹੋ ਆਵੇ, ਤਾਂ ਜਰਨ ਸ਼ਕਤੀ ਵਾਲਾ ਪੁਰਸ਼ ਭੀ ਹਾਜ਼ਰ ਰਹਿਣਾ ਜ਼ਰੂਰੀ ਹੈ।

ਇਸੇ ਕਾਰਨ ਬਾਬਾ ਜੀ ਮਹਾਕਾਲ ਦੀ ਸ਼ਕਤ ਚੰਡਕਾ ਦੀ ਸ਼ਕਤੀ ਲਈ, ਪਾਠ ਰੱਖਣ ਤੋਂ ਭੋਗ ਪੈਣ ਤਕ, ਕੇਵਲ ਦੋ ਦਿਨ (ਮੱਧ ਤੇ ਭੋਗ ਵਾਲੇ) ਅੰਮ੍ਰਿਤ ਵੇਲੇ ਨਦੀ ਤੋਂ ਇਸ਼ਨਾਨ ਕਰਨ ਦੇ ਸਮੇਂ ਤੋਂ ਸਿਵਾ ਆਪ ਹਰ ਵਕਤ ਕੋਲ ਹੀ ਰਹੇ। ਪਾਠੀ ਦੇ ਨਾ ਆਉਣ ਤੇ ਆਪ ਬੈਠ ਜਾਂਦੇ।

ਤੀਸਰੇ ਦਿਨ ਜਦ ਭੋਗ ਪੈ ਕੇ ਅਰਦਾਸ ਹੋਈ ਤਾਂ ਇਕ ਲਾਟ, ਇਤਨੀ ਤੇਜ਼ ਰੋਸ਼ਨੀ ਪਰਗਟ ਹੋਈ ਕਿ ਸਭ ਦੀਆਂ ਅੱਖਾਂ ਚੁੰਧਿਆ ਗਈਆਂ। ਸਾਰੇ ਥਰਥਰਾ ਗਏ। ਟੀਨ ਦੇ ਛੱਤ, ਮਾਤਾ ਜੀ ਦੇ ਤਖਤ ਜਿਥੇ ਪਾਠ ਹੋਇਆ ਸੀ, ਇਤਨੀ ਜ਼ੋਰਦਾਰ ਆਵਾਜ਼ ਆਈ, ਜਿਵੇਂ ਭਿਆਨਕ ਬੱਦਲਾਂ ਚੋਂ ਬਿਜਲੀ ਦੀ ਲਿਸ਼ਕ ਤੇ ਧਰਤੀ ਹਿਲਾਊ ਆਵਾਜ਼ ਜ਼ਿਮੀਂ - ਆਸਮਾਨ ਗੂੰਜਾ ਦੇਂਦੀ ਹੈ।

ਇਹ ਲਿਸ਼ਕ ਸਤਿਗੁਰੂ ਜੀ ਹਜ਼ੂਰ ਪਰਕਰਮਾ ਕਰ ਕੇ ਬਾਬਾ ਜੀ ਵਿਚ ਆ ਕੇ ਗੁਪਤ ਹੋ ਕੇ ਸਮੋ ਗਈ। ਉਸ ਵਕਤ ਬਾਬਾ ਜੀ ਦੇ ਚਿਹਰੇ ਦਾ ਨੂਰ, ਚਮਕ, ਕਈ ਸੂਰਜਾਂ ਦੇ ਤੇਜ ਨਾਲੋਂ ਭੀ ਵੱਧ ਚਮਕ ਰਿਹਾ ਸੀ। ਸਾਰੇ ਸਿੰਘ ਇਹ ਵੇਖ ਕੇ ਜਿਥੇ ਸ਼ਾਂਤ ਚਿਤ ਚੁੱਪ ਚਾਪ ਬੈਠੇ ਸਨ, ਉਥੇ ਇਹ ਨੂਰੀ ਦਾ ਨੂਰ ਭੀ ਝੱਲਿਆ ਨਹੀਂ ਸੀ ਜਾ ਰਿਹਾ। ਸਿਰ ਨਿਵਾਏ ਸਭ ਬੈਠੇ ਰਹੇ।

ਅਚਾਨਕ ਬਾਬਾ ਜੀ ਤੇਜਸਵੀ ਆਵਾਜ਼ ਵਿਚ ਬੋਲੇ—[ਜਿਵੇਂ ਰਣਜੀਤ ਨਗਾਰਾ ਪਹਾੜਾਂ ਵਿਚ ਗੂੰਜਾਰ ਪਾ ਦੇਂਦਾ ਸੀ ਤੇ ਕਾਇਰਾਂ ਦੇ ਆਵਾਜ਼ ਸੁਣ ਕੇ ਦਿਲ ਦਹਿਲ ਜਾਂਦੇ ਸਨ। ਇਹ ਕੋਈ ਅਸਚਰਜ ਹੀ ਨਜ਼ਾਰਾ ਸੀ। ਚਾਰੇ ਪਾਸੇ ਪ੍ਰਕਾਸ਼ ਹੀ ਪ੍ਰਕਾਸ਼ ਅਤੇ ਇਤਨੀ ਸੁਗੰਧੀ ਆ ਰਹੀ ਸੀ ਕਿ ਜੀਵ ਦਾ ਮਨ ਸੁਤੇ ਕਿਸੇ ਮਸਤੀ ਵਿਚ ਆ ਕੇ ਸੁਰਤ - ਸ਼ਬਦ ਵਿਚ ਆਪ ਮੁਹਾਰੇ ਜੁੜ ਕੇ ਨਿੰਮੀ ਨਿੰਮੀ ਜਿਹੀ ਆਵਾਜ਼—ਵਾਹਿਗੁਰੂ ਵਾਹਿਗੁਰੂ, ਅੰਮ੍ਰਿਤ ਵੇਲੇ ਦੀ ਮਿੱਠੀ ਮਿੱਠੀ ਹਵਾ ਦੇ ਹੌਲੇ ਹੌਲੇ ਝੌਂਕਿਆਂ ਵਾਂਗ ਸਭ ਨੂੰ ਪ੍ਰਭੂ ਦੀ ਯਾਦ ਵਿਚ ਟਿਕਾਈ ਬੈਠੀ ਸੀ।

ਬਾਬਾ ਜੀ—(ਮਹਾਰਾਜਾ ਸਾਹਿਬ ਦੇ ਦੋਹਾਂ ਅਹਿਲਕਾਰਾਂ ਨੂੰ ਸੰਬੋਧਨ ਕਰਦਿਆਂ) ਮੰਗੋ ! ਗੁਰੂ ਦਰਬਾਰ ਤੋਂ। ਆਦਿ ਸ਼ਕਤੀ ਜਗਤ ਮਾਤਾ ਦੀਆਂ ਬਖਸ਼ਸ਼ਾਂ ਦੇ ਦਰਵਾਜ਼ੇ ਖੁਲ੍ਹ ਗਏ ਹਨ। (ਅਵਾਜ਼ ਭਿਆਨਕ ਜਾਂ ਡਰਾਉਣੀ ਨਹੀਂ ਸੀ, ਸਗੋਂ ਬੜੇ ਜੋਸ਼ ਵਿਚ ਕਹਿ ਰਹੇ ਸਨ।

ਦੋਵੇਂ ਮੁਸਾਹਿਬ—[ਝੱਟ ਉਠ ਖਲੋਤੇ ਤੇ ਹੱਥ ਜੋੜ ਸਿਰ ਨਿਵਾ ਕੇ ਚੁੱਪ ਖੜੇ ਰਹੇ) ਬਾਬਾ ਜੀ ਦੇ ਚਿਹਰੇ ਦੀ ਚਮਕ ਦਮਕ ਵੇਖ ਕੇ ਉਹਨਾਂ ਨੇ ਬਾਬਾ ਜੀ ਦੇ ਬਚਨਾਂ ਦਾ ਕੋਈ ਉਤਰ ਨਾ ਦਿਤਾ। ਉਹਨਾਂ ਨੂੰ ਮਨ ਅੰਦਰ ਭੈ ਭਾਸਣ ਲੱਗ ਪਿਆ। ਇਸ ਕਾਰਨ ਉਹਨਾਂ ਦਾ ਕੋਈ ਜਵਾਬ ਜਾਂ ਮੰਗ ਮੰਗਣ ਤੋਂ ਦਿਲ ਕੰਬ ਗਿਆ।

ਦੁਬਾਰਾ ਫਿਰ ਇਸੇ ਗੂੰਜਾਰ ਆਵਾਜ਼ ਵਿਚ ਬਾਬਾ ਜੀ ਨੇ ਕਿਹਾ—ਮੰਗੋ ! ਜੋ ਇੱਛਾ ਹੈ। ਪਰ ਇਹ ਜੋ ਮਹਾਰਾਜਾ ਰਿਪੁਦਮਨ ਸਿੰਘ ਜੀ ਨਾਭਾਪਤਿ ਲਈ ਰਾਜ ਵਾਪਸ ਮਿਲਣ, ਰਿਹਾਈ ਆਦਿ

ਦੇ ਪ੍ਰਸ਼ਨ ਲੈ ਕੇ ਆਏ ਸਨ, ਕੋਈ ਭੀ ਨਾ ਮੰਗ ਸਕੇ।

ਤੀਸਰੀ ਵਾਰੀ ਫਿਰ ਬਾਬਾ ਜੀ ਨੇ ਉਸੇ ਤੇਜਸਵੀ ਪਹਿਰੇ ਵਿਚ ਕਿਹਾ–ਇਹ ਤੀਸਰੀ ਵਾਰ ਹੈ, ਜੋ ਰਾਜਨ ਲਈ ਮੰਗ ਮੰਗਣੀ ਚਾਹੋ, ਮੰਗੋ ! ਉਹੋ ਵਰ ਮਿਲ ਜਾਵੇਗਾ ਅਤੇ ਗੁਰੂ ਦਰਬਾਰੋਂ ਸਭ ਬਖਸ਼ਸ਼ਾਂ ਹੋ ਜਾਣਗੀਆਂ।

ਪਰ ਇਹ ਦੋਵੇਂ [ਰਾਜਨ ਦੇ ਖ਼ਾਸ ਬੰਦੇ] ਜੋ ਕੁਛ ਮੰਗਣਾ ਸੀ, ਨਾ ਮੰਗ ਸਕੇ। ਕੇਵਲ ਥਥਲਾਂਦੀ ਅਵਾਜ਼ ਵਿਚ ਕਿਹਾ–ਜੀ ! ਸੁੱਖ ਸਾਂਦ, ਦੇਹ ਅਰੋਗਤਾ ਤੇ ਗੁਰੂ ਚਰਨਾਂ ਵਿਚ ਧਿਆਨ ਅਸਥਿਤ ਹੋ ਕੇ ਮਹਾਰਾਜਾ ਸਾਹਿਬ ਜੀਵਨ ਗੁਜ਼ਾਰਨ ਕਰਨ।

ਬਾਬਾ ਜੀ– ਅੱਛਾ, ਜਿਵੇਂ ਆਪ ਦੀ ਮੰਗ ਹੈ, ਐਸੀ ਹੀ ਸਤਿਗੁਰੂ ਜੀ ਕ੍ਰਿਪਾ ਕਰਨਗੇ। ਪਰ ਰਾਜਨ ਦੀ ਭਾਵਨੀ, ਤੁਸੀਂ ਮੰਗ ਨਹੀਂ ਸਕੇ, ਇਹ ਤੁਸਾਂ ਦੀ ਭੁੱਲ ਹੈ।

ਮੰਗਤਾ ਭੀ ਹਰ ਹੋਈ ਨਹੀਂ ਬਣ ਸਕਦਾ। ਮੰਗ ਭੀ ਉਹੋ ਹੀ ਮੰਗ ਸਕਦਾ ਹੈ ਜਿਸ ਦੇ ਅੰਦਰ ਮੰਗ ਮੰਗਣ ਦੀ ਜੁਰਅੱਤ ਹੋਵੇ, ਨਿੱਡਰ ਹੋਵੇ। ਕਾਇਰਾਂ ਪਾਸੋਂ ਕਾਹਨੂੰ ਮੰਗਿਆ ਜਾਂਦਾ ਹੈ। ਫਿਰ ਅਜਿਹਾ ਜਲਾਲ ਬਾਬਾ ਜੀ ਦੇ ਚਿਹਰੇ ਤੇ ਸ਼ੇਰ ਵਾਂਗ ਗਰਜਵੀਂ ਆਵਾਜ਼ ਵਿਚ ਤਾਂ ਖਾਣਾ ਪੀਣਾ ਹੀ ਭੁੱਲ ਜਾਂਦਾ ਰਿਹਾ, ਮੰਗ ਮੰਗਣ ਲਈ ਕਿਥੇ ਮਨ ਵਿਚ ਉਹ ਅਖਰ ਹੀ ਆਉਂਦੇ ਸਨ।

ਇਹ ਇਹਨਾਂ ਅਹਿਲਕਾਰਾਂ ਦਾ ਭੀ ਕੀ ਕਸੂਰ ਹੋ ਸਕਦਾ ਸੀ, ਜਦ 'ਭਾਗ ਧੁਰ ਮੰਦੇ' ਰਾਜਨ ਦੀ ਬਾਕੀ ਆਯੂ ਵਿਧਾਤੇ ਤੇ ਹੀ ਅਜਿਹੀ ਲਿਖੀ ਸੀ ਜਲਾਵਤਨੀ ਵਿਚ ਹੀ ਕੱਟਣ ਦੀ। ਜਦ ਸਾਡੇ ਹੀ ਭਾਗ ਸਾਥ ਨਾ ਦੇਣ ਤਾਂ ਅਸੀਂ ਜਾਣਦੇ ਬੁਝਦੇ ਨਿਕਟ ਰਹਿੰਦਿਆਂ ਭੀ,(ਭਾ: ਮਾਂਹ ਸਿੰਘ ਤੇ ਉਸਦੇ ਸਾਥੀਆਂ ਦੀ ਤਰ੍ਹਾਂ ਬੇ-ਮੁਖ ਹੋ ਜਾਂਦੇ ਹਾਂ।)ਭਾਵੇਂ ਬਖਸ਼ਸ਼ਾਂ ਲਈ ਦਸਮੇਸ਼ ਪਿਤਾ ਜੀ ਤਿੰਨ ਦਿਨਾਂ ਲਈ ਫੁਰਮਾ ਰਹੇ ਸਨ। ਸਤਿਜੁਗ ਲਾ ਕੇ ਖਾਲਸਾ ਰਾਜ ਦੀ ਸਥਾਪਨਾ ਕਰਨੀ ਹੈ, ਪਰ ਅਸੀਂ ਉਦੋਂ ਨਾ ਮੰਨੇ, ਕਿਉਂਕਿ ਸਾਡੇ ਭਾਗ ਹੀ ਅਜਿਹੇ ਸਨ। ਅਸੀਂ ਯੋਗਜ ਹੀ ਨਹੀਂ ਸਾਂ ਕਿ ਅਜਿਹੀਆਂ ਬਖਸ਼ਸ਼ਾਂ ਕਲਗੀਧਰ ਪਿਤਾ ਜੀ ਪਾਸੋਂ ਪ੍ਰਾਪਤ ਕਰ ਸਕਦੇ।

ਸੋ ਜੀਵ ਦੇ 'ਕਰਮਾ ਉਪਰ ਨਿਬੜੇ' ਹਾਂ, ਰੇਖ ਵਿਚ ਮੇਖ ਵੱਜ ਗਈ ਸੀ ਜੋ ਵਾਹਿਗੁਰੂ ਜੀ ਨੇ ਬਾਬਾ ਮਿੱਤ ਸਿੰਘ ਜੀ ਰਾਹੀਂ ਬਖਸ਼ ਤਾਂ ਕਰ ਰਹੇ ਸਨ, ਤਾਂ ਪ੍ਰਾਪਤ ਹੁੰਦਾ–'ਜੇ ਪਾਤਨ ਰਹੈ ਸੁਚੇਤ' ਮੰਗ ਮੰਗਣ ਵਾਲੇ ਹੀ ਕੰਪਤ ਹੋ ਗਏ, ਪਰ–

ਕਬੀਰ ਸਾਚਾ ਸਤਿਗੁਰੂ ਕਿਆ ਕਰੈ ਜਉ ਸਿਖਾ ਮਹਿ ਚੂਕ ... ... ॥੧੫੮॥

[ਸਲੋਕ ਕਬੀਰ–੧੩੭੨

ਅਸੀਂ ਆਪਣੀ ਹੀ ਭੁੱਲ ਕਾਰਨ ਦੁਖ ਭੋਗਦੇ ਹਾਂ, ਸਤਿਗੁਰੂ ਤਾਂ ਸਭ ਦਾ ਭੱਲਾ ਲੋੜਦਾ ਹੈ।

ਸ਼ਕਤਿ ਕਾਰਨ ਬਾਬਾ ਜੀ ਦੀ ਦਸ਼ਾ

ਬਾਬਾ ਜੀ ਕਈ ਦਿਨ ਬਿਲਕੁਲ ਚੁਪ ਰਹੇ। ਆਪ ਕੋਈ ਬਚਨ ਮੂੰਹੋਂ ਨਹੀਂ ਸਨ ਕਰਦੇ। ਕਿਉਂਕਿ ਤੇਜ ਬਲ ਕਾਰਨ ਉਹ ਜਾਣਦੇ ਸਨ ਕਿ ਵਾਹਿਗੁਰੂ ਜੀ ਦੀ ਰਜ਼ਾ ਦੇ ਉਲਟ ਕੋਈ ਬਚਨ ਨਾ ਨਿਕਲ

ਜੋ ਸਤਿ ਹੋ ਜਾਵੇ। ਇਸ ਤਰ੍ਹਾਂ ਸਾਡੇ ਮਗਰ ਇਕ ਦੁਨੀਆਂਦਾਰਾਂ ਦਾ ਝਮਘਟਾ ਨਾ ਇਕੱਠਾ ਹੋ ਜਾਵੇ। ਇਸ ਘਟਨਾ ਤੋਂ ਬਾਅਦ ਬਾਬਾ ਜੀ ਦੇ ਚੇਹਰੇ ਤੇ ੭੦ - ੭੨ ਸਾਲ ਦੀ ਉਮਰ ਵਿਚ ਭੀ ਇਤਨਾ ਹੀ ਤੇਜਸ੍ਵੀ ਜਲਾਲ ਸੀ ਕਿ ਸਹਿਜੇ ਝਾਕਿਆ ਹੀ ਨਹੀਂ ਜਾਂਦਾ ਤੇ ਉਸ ਦਿਨ ਤੋਂ ਅਗੇ ਨਾਲੋਂ ਭੀ ਬਹੁਤ ਹੀ ਘਟ ਬਚਨ ਬਿਲਾਸ ਕਰਨ ਲਗ ਪਏ। ਪਰ ਸਰੀਰ ਵਿਚ ਉਦਮ ਬਲ ਨਾਲ ਹੋਰ ਭੀ ਅਗੋਂ ਨਾਲੋਂ ਵਧ ਆ ਗਿਆ ਸੀ।

ਭਾਵੇਂ ਇਹਨਾਂ ਅਹਿਲਕਾਰਾਂ ਅੰਦਰ ਨਿਰਾਸਤਾ ਤਾਂ ਬਹੁਤ ਹੋਈ, ਪਰ ਕਰ ਭੀ ਕੀ ਸਕਦੇ ਸਨ ? ਬਾਬਾ ਜੀ ਦੀ ਕਮਾਨ (ਮੁਖ) ਚੋਂ ਤਿੰਨ ਤੀਰ ਨਿਕਲ ਕੇ ਬਹੁਤ ਦੁਰੇਡੇ ਜਾ ਚੁਕੇ ਸਨ। ਹੁਣ ਤਾਂ–

ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ ॥ [ਤਿਲੰਗ ਮ: ੧–੭੨੫

ਪਛਤਾਵਾ ਹੀ ਰਹਿ ਗਿਆ ਸੀ, ਕਿਉਂਕਿ ਉਹਨਾਂ ਬਖਸ਼ਸ਼ਾਂ ਦਾ ਸਮਾਂ ਗੰਵਾ ਲਿਆ।

ਰਾਜਨ ਨੂੰ ਕੁਡਾਈ ਕੈਨਾਲ ਇਸ ਸਾਰੀ ਵਾਰਦਾਤ ਦੀ ਖਬਰ ਪਹੁੰਚਾਈ ਗਈ। ਭਾਵੇਂ ਮਨ ਤੇ ਇਸ ਮਹਾਨ ਬਖਸ਼ਸ਼ ਤੋਂ ਵੰਚਿਤ ਰਹਿਣ ਦਾ ਅਸਰ ਤਾਂ ਹੋਇਆ, ਪਰ ਇਸ ਨੂੰ ਗੁਰੂ ਰਜ਼ਾ ਅਤੇ ਜੋ ਉਸ ਦੇ ਹੁਕਮ ਵਿਚ ਹੋਇਆ, ਸਭ ਠੀਕ ਹੈ। ਮੈਨੂੰ ਤੱਪ ਹੀ ਕਰਨਾ ਚਾਹੀਦਾ ਹੈ। ਇਹ ਭੀ ਸਤਿਗੁਰੂ ਜੀ ਦੀ ਰਜ਼ਾ ਹੈ। ਸ਼ੁਕਰ ਹੈ ਮੇਰੇ ਦਾਤਾਰ ਦਾ ਅਤੇ ਜਗਤ ਮਾਤਾ ਜੀ ਦਾ, ਜੋ ਦਾਸ ਵਾਸਤੇ ਪਰਗਟ ਕਸ਼ਟ ਉਠਾਇਆ ਹੈ। ਮੈਂ ਧੰਨ ਭਾਗਾ ਹਾਂ। ਬੱਸ ਹੁਣ ਰਾਜ ਭਾਗ ਦੀ ਪ੍ਰਾਰਥਨਾ, ਮੰਗ ਨਾ ਕਰਨੀ, ਪਰ ਮਹਾਂਪੁਰਸ਼ਾਂ ਤੋਂ ਇਸ ਕਸ਼ਟ ਦੀ ਮਾਫੀ ਮੰਗਣੀ, ਤੇ ਮੇਰੀ ਰਹਿੰਦੀ ਜ਼ਿੰਦਗੀ ਤੱਕ ਮਾਤਾ ਜੀ ਦੇ ਅਸਥਾਨ ਉਤੇ ਸਪਤਾਹਕ (ਹਫਤਾਵਾਰੀ) ਪਾਠ ਆਰੰਭ ਕਰਵਾ ਦਿਓ। ਜੋ ਇਹ ਤਪ ਅਸਥਾਨ ਦਾ ਸਾਡੇ ਭੀ ਲਾਭ ਹਿਤ ਹੋਵੇਗਾ।

ਦੋਵੇਂ ਅਹਿਲਕਾਰ ਆਪਣੀ ਭੁੱਲ ਦੇ ਅਹਿਸਾਸ ਨੂੰ ਕਾਫੀ ਮਹਿਸੂਸ ਕਰਦੇ ਹੋਏ ਵਾਪਸ ਮਾਤਾ ਜੀ ਦੇ ਅਸਥਾਨ ਤੇ ਆ ਕੇ ਮਹਾਰਾਂਜਾ ਸਾਹਿਬ ਦੀ ਬੇਨਤੀ ਬਾਬਾ ਜੀ ਨੂੰ ਕਹੀ ਕਿ ਸਪਤਾਹਕ ਪਾਠ ਮਰਯਾਦਾ ਸਹਿਤ ਕੀਤੇ ਜਾਣ ਦੀ ਲੜੀ ਚਾਲੂ ਰਖੀ ਜਾਵੇ।

ਸਪਤਾਹਕ ਪਾਠ

ਬਾਬਾ ਜੀ ਸਪਤਾਹਕ ਪਾਠ* (ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ, ਨਾਲ ੧. ਜਪੁਜੀ ਸਾਹਿਬ,

---

* ਸਪਤਾਹਕ ਪਾਠ ਦੀ ਮਰਯਾਦਾ–ਭਾਵੇਂ ਅਜ ਕਲ ਦੇ ਦੌਰ ਵਿਚ ਤੇਜ਼ ਰਫਤਾਰੀ, ਨੱਠ ਭੱਜ ਦੀ ਦੌੜ ਵਿਚ ਹਰ ਕੰਮ ਇਸੇ ਤੇਜ਼ੀ ਵਿਚ, ਛੇਤੀ ਛੇਤੀ ਕਰਨ ਨੂੰ ਉਤਾਵਲਾ ਹੈ। ਚਾਹੇ ਉਹ ਸੰਸਾਰਕ ਹੋਵੇ, ਜਾਂ ਪ੍ਰਮਾਰਥ। ਭਾਵੇਂ 'ਕਾਹਲ ਅਗੇ ਟੋਏ' ਕਹਾਵਤ ਹੈ। ਪਰ ਅਜ ਦਾ ਵਾਤਾਵਰਣ ਮਨੁਖ ਨੂੰ, ਇਸ ਦੀ ਕੋਈ ਪ੍ਰਵਾਹ ਕੀਤੇ ਬਗੈਰ ਤੇਜ਼ ਰਫਤਾਰੀ ਦੀ ਦੌੜ ਦੌੜੀ ਜਾ ਰਿਹਾ ਹੈ। ਸੰਸਾਰਕ ਕੰਮਾਂ ਦੇ ਨਿਯਮ ਜੀਵ ਸਮੇਂ ਨਾਲ ਬਦਲਦਾ ਰਹਿੰਦਾ ਹੈ। ਪ੍ਰੰਤੂ ਪ੍ਰਮਾਰਥ ਦੇ ਨਿਯਮ ਸਤਿਗੁਰੂ ਜੀ (ਨਿਰੰਕਾਰ) ਦੇ ਬਣਾਏ, ਹਰ ਕਾਲ ਵਿਚ ਅੱਟਲ ਹੁੰਦੇ ਹਨ। ਪਰ ਅਸੀਂ ਸਤਿਗੁਰੂ ਜੀ ਦੇ ਹੁਕਮਾਂ ਨੂੰ ਲੋੜ ਮੁਤਾਬਕ ਹੀ ਵਧ ਘਟ, ਸਤਿਗੁਰੂ ਜੀ ਦੇ ਹੁਕਮਾਂ ਦੀ ਪ੍ਰਵਾਹ ਨਾ ਕਰਦੇ ਹੋਏ ਭੀ ਬਦਲ ਲੈਂਦੇਹਾਂ।ਜਿਨ੍ਹਾਂ ਕਰਕੇ ਅਸੀਂ ☞

੨. ਉਗਰਦੰਤੀ ੩. ਚੰਡੀ ਦੀ ਵਾਰ ਦੇ ਪਾਠ, ਭਾਵ ਚਾਰ ਥਾਈਂ ਇਕ ਰੌਲ ਵਿਚ ਚਾਰ ਪਾਠੀ ਲਗਦੇ ਸਨ। ਇਉਂ ਪਾਠ ਆਰੰਭ ਕਰ ਦਿਤੇ। ਮਾਤਾ ਜੀ ਦੇ ਅਸਥਾਨ ਤੇ ਹੁਣ ਪਾਠੀ ਸਿੰਘ ਬੇਅੰਤ ਸਨ। ਪਰ ਬਾਬਾ ਜੀ ਪਾਠ ਅਰੰਭ ਹੋਣ ਤੋਂ ਕੇਵਲ ਲੰਗਰ ਛੱਕਣ ਦੇ ਸਮੇਂ ਤੋਂ ਸਿਵਾ ਰੋਜ਼ਾਨਾ ਅਖੰਡ ਪ੍ਰਵਾਹ ੧੨੫ ਪੱਤਰੇ ਹੋਣ ਤਕ ਸਤਿਗੁਰੂ ਹਜ਼ੂਰ ਹੀ ਰਹਿੰਦੇ। ਜੇ ਕਿਸੇ ਸਿੰਘ ਨੇ ਵੇਖਿਆ ਕਿ ਬਾਬਾ ਜੀ ਪਾਠ ਕਰ ਰਹੇ ਹਨ, ਜਾ ਕੇ ਛਡਿਆ ਦਿਤਾ, ਤਾਂ ਬਾਬਾ ਜੀ ਨੇ ਦੂਸਰੇ ਪਾਠੀ ਨੂੰ ਛੱਡ ਦੇਣਾ । ਜੇ ਸਾਰੇ ਸਿੰਘਾਂ ਨੇ ਇਕੱਠੀ ਰੌਲ ਬਦਲੀ ਕੀਤੀ ਹੈ ਤਾਂ ਆਪ ਚੌਰ ਕਰਨ ਲੱਗ ਜਾਂਦੇ ।

ਐਤਵਾਰ ਤੋਂ ਪਾਠ ਆਰੰਭ ਕਰ ਕੇ ਐਤਵਾਰ ਨੂੰ ਸਵੇਰੇ ਭੋਗ ਪਾ ਦੇਣਾ। ਫਿਰ ਦੂਸਰੇ ਸਰੂਪ ਨੂੰ ਪ੍ਰਕਾਸ਼ ਕਰ ਕੇ ਅਗਲਾ ਸਪਤਾਹਕ ਪਾਠ ਅਰੰਭ ਕੀਤਾ ਜਾਂਦਾ ।

ਉਸ ਕ੍ਰਿਆ ਦਾ ਪੂਰਨ ਭਾਗ ਪ੍ਰਾਪਤ ਕਰਨੋਂ ਵੰਚਿਤ ਹੋ ਜਾਂਦੇ ਹਾਂ, ਕਿਉਂਕਿ ਜਦ ਧਾਰਮਿਕ ਨਿਯਮਾਂ 'ਚ ਸਾਡੀ ਮਨਮਤਿ ਆ ਜਾਂਦੀ ਹੈ। ਤਾਂ ਸੱਚ ਵਿਚ ਝੂਠ ਜੋ ਸਾਡੀ ਹੱਠ ਧਰਮੀ ਨਾਲ ਦਾਖਲ ਕੀਤਾ ਜਾਂਦਾ ਹੈ, ਤਾਂ ਸਤਿਗੁਰੂ ਜੀ ਦੀ ਸ਼ਕਤਿ ਦਾ ਸਾਰਾ ਫਲ ਨਹੀਂ ਮਿਲਦਾ । ਗੁਰਸਿਖ ਰਹਿਤ ਮਰਯਾਦਾ ਵਿਚ ਭੀ ਅਸਾਂ ਮੱਤਭੇਦ ਖੜੇ ਕਰ ਲਏ ਹੋਏ ਹਨ ਤੇ ਧਰਮ, ਜੋ ਨਿਰਮਲ, ਸਵੱਛ, ਸੱਚ, ਰੋਸ਼ਨੀ ਹੁੰਦਾ ਹੈ, ਉਸ ਨੂੰ ਵਾਦ - ਵਿਵਾਦ ਦਾ ਵਿਸ਼ਾ ਬਣਾ ਕੇ ਖੜਾ ਕਰ ਦੇਂਦੇ ਹਾਂ। ਜਿਸ ਤੇ ਨਿਸਚਿਤ ਰਹਿਤ ਮਰਯਾਦਾ ਤੋਂ ਅਸੀਂ ਦੂਰ ਰਹਿ ਜਾਂਦੇ ਹਾਂ।

ਜਿਵੇਂ ਅੰਮ੍ਰਿਤ ਸੰਸਕਾਰ ਹੈ, ਸੰਪੂਰਨ ਪੰਜ ਬਾਣੀਆਂ ਨਾਲ ਤਿਆਰ ਕਰਨ ਦੀ ਬਜਾਏ) ਤੇਜ਼-ਰਫਤਾਰੀ ਮਨੁਖ ਨੇ) ਅਨੰਦ ਸਾਹਿਬ ਦੀਆਂ ੪੦ ਪੌੜੀਆਂ ਪੜ੍ਹਨ ਦੀ ਬਜਾਇ ਪੰਜ ਪਉੜੀਆਂ ਪਹਿਲੀਆਂ ਅਤੇ ਇਕ ਆਖਰੀ ਪਉੜੀ(ਮਨਮਤਿ ਅਨੁਸਾਰ) ਪੜ੍ਹਕੇ ਅੰਮ੍ਰਿਤ ਸੰਪੂਰਨ ਕਹਿ ਕੇ ਛੱਕਾ ਰਹੇ ਹਾਂ,ਜੋ ੩੪ ਪੌੜੀਆਂ ਜੋ ਨਹੀਂ ਪੜ੍ਹਦੇ, ਉਹਨਾਂ ਦੀ ਜੋ ਸ਼ਕਤਿ ਸੀ, ਅਧੂਰੀ ਰਹਿ ਗਈ ਤੇ ਅਸੀਂ ਉਸ ਸ਼ਕਤੀ ਤੋਂ ਅੰਮ੍ਰਿਤ ਪਾਨ ਕਰ ਕੇ ਭੀ ਵੰਚਿਤ ਰਹਿ ਗਏ।

ਇਸੇ ਤਰ੍ਹਾਂ ਪਾਠਾਂ ਦੀ ਕ੍ਰਿਆ ਹੈ, ਗਲ ਸਪਤਾਹਕ ਪਾਠ ਦੀ ਚਲ ਰਹੀ ਹੈ। ਮਾਤਾ ਜੀ ਦੇ ਅਸਥਾਨ ਤੇ ਦਾਸ ਦੇ ਰਹਿਣ ਸਮੇਂ ਤਿੰਨ ਚਾਰ ਸਾਲ ਜੋ ਮਰਯਾਦਾ ਦੇਖੀ ਹੀ ਨਹੀਂ, ਸਗੋਂ ਇਸ ਦਾ ਪੂਰਨ ਨਿਰਣਯ ਜੋ ਬਾਬਾ ਜੀ ਤੋਂ ਪ੍ਰਾਪਤ ਹੋਇਆ ਦੇ ਅਧਾਰ ਤੇ ਪਿੰਡ ਰਤਾ ਖੇੜਾ (ਜ਼ਿਲਾ ਬਠਿੰਡਾ) ਰੱਖੇ ਸਪਤਾਹਕ ਪਾਠ, ਮਰਯਾਦਾ ਅਨੁਸਾਰ [ਸ਼ਹੀਦੀ ਪਹਿਰੇ ਦੇ ਪ੍ਰਗਟਣ ਤੇ ਜੋ ਜਾਣਕਾਰੀ ਪ੍ਰਾਪਤ ਹੋਈ, ਅਤੇ ਮਹਾਂਪੁਰਸ਼ ਸੰਤ ਬਾ: ਆਤਮਾ ਸਿੰਘ ਜੀ ਨਿਹੰਗ-ਸਿੰਘ (ਸਮਾਲਕਾ–ਲਾਡਵੇ ਪਾਸ ਜ਼ਿਲਾ ਕੁਰਛੇਤਰ) ਜਿਨ੍ਹਾਂ ਦੀ ਸੰਗਤ ਕਰਨ ਦਾ ੮–੧੦ ਸਾਲ ਦਾਸ ਨੂੰ ਸੁਭਾਗ ਪ੍ਰਾਪਤ ਹੋਇਆ ਹੈ, ਤੋਂ ਜਾਣਕਾਰੀ ਪ੍ਰਾਪਤ ਕਰ ਕੇ] ਲਿਖੀ ਜਾ ਰਹੀ ਹੈ।

ਭਾਵੇਂ ਅਜ ਕਲ ਤੇਜ਼ ਰਫਤਾਰੀ ਦੌੜ ਕਾਰਨ ਅਸੀਂ ਸਾਰੇ ਆਪਣੇ ਕਿਸੇ ਭੀ ਕਾਰਜ ਲਈ, ਚਾਹੇ ਉਹ ਮਿਰਤਕ ਦਾ ਹੋਵੇ, ਚਾਹੇ ਖੁਸ਼ੀ ਦਾ, ਸਪਤਾਹਕ ਪਾਠ ਰੱਖਵਾ ਦੇਂਦੇ ਹਾਂ। ਪਾਠੀ ਸਿੰਘਾਂ ਤੇ ਗਿਲੇ ਭੀ ਕਰਦੇ ਹਾਂ। ਕਿਉਂ ਅਸੀਂ ਆਪਣੀ ਗਲਤੀ ਨਹੀਂ ਮੰਨਦੇ ?

ਕਈ ਸਾਲ ਲਗਾਤਾਰ ਰੋਜ਼ਾਨਾ ਸਪਤਾਹਕ ਪਾਠਾਂ ਦੀ ਲੜੀ ਮਹਾਰਾਜਾ ਰਿਪੁਦਮਨ ਸਿੰਘ ਜੀ ਨਾਭਾ-ਪਤਿ ਵਲੋਂ ਚਲਦੀ ਰਹੀ। ਇਹ ਦੋਵੇਂ ਅਹਿਲਕਾਰ ਭੀ ਇਥੇ ਹੀ ਟਿਕੇ ਰਹੇ । ਮਹੀਨੇ ਦੇ ਮਹੀਨੇ ਪਾਠਾਂ ਦਾ ਮੁੱਖ ਮਹੀਨੇ ਦੇ ਚਾਰ ਪਾਠਾਂ ਦਾ ਮਹਾਰਾਜਾ ਸਾਹਿਬ ਵਲੋਂ ਆਉਂਦਾ ਰਿਹਾ। ਸੰਨ ੧੯੩੬ ਵਿਚ ਜਦ ਦਾਸ (ਲਿਖਾਰੀ) ਬਾਬਾ ਜੀ ਪਾਸ ਪੁੱਜਾ ਤਾਂ ਤਕਰੀਬਨ ਦੋ ਸਾਲ ਤੋਂ ਮਾਇਆ ਨਹੀਂ ਆ ਰਹੀ ਸੀ। ਪਰ ਅਹਿਲਕਾਰ ਭੀ ਇਥੇ ਹੀ ਸਨ, ਉਹਨਾਂ ਦਾ ਖਰਚਾ ਭੀ ਨਹੀਂ ਸੀ ਆ ਰਿਹਾ। ਭਾਵੇਂ ਕਿ

ਸਪਤਾਹਕ ਪਾਠ ਦੀ ਮਰਯਾਦਾ

ਦੋ ਅਖੰਡ ਪਾਠੀ, ਦੋ ਪਾਠੀ ਸੁਧ ਜਪੁਜੀ ਸਾਹਿਬ ਦਾ ਪਾਠ ਕਰਨ ਵਾਲੇ। ਇਹ ਚਾਰੇ ਪਾਠੀ ਅੰਮ੍ਰਿਤਧਾਰੀ ਤਿਆਰ ਬਰ ਤਿਆਰ ਸਿੰਘ ਹੋਵਣ, ਕੋਇਲਿਆਂ ਤੇ ਪਾਣ ਵਾਲੀ ਧੂਪ, ਇਕ ਬਠਲੀ ਵਿਚ ਅੱਗ ਰੱਖੀ ਜਾਵੇ। ਜੇਕਰ ਧੂਪੀਆ ਸਿੰਘ ਮਿਲ ਜਾਵੇ ਤਾਂ ਠੀਕ ਹੈ, ਨਹੀਂ ਤੇ ਜਪੁਜੀ ਸਾਹਿਬ ਦਾ ਪਾਠੀ ਹੀ ਧੂਪ ਪਾਈ ਜਾਵੇ !

ਰੋਜ਼ਾਨਾ ਕੜਾਹ ਪ੍ਰਸ਼ਾਦਿ ਦੀ ਦੇਗ ਤਿਆਰ ਕਰ ਕੇ, ਇਕੋ ਨੀਯਤ ਸਮਾਂ (੮–੯) ਵਜੇ ਤੇ ਅਰਦਾਸ ਕਰ ਕੇ ਹੁਕਮਨਾਮਾ ਲੈ ਕੇ ਪਾਠ ਅਰੰਭ ਕਰਨਾ ਹੈ। ਰੋਜ਼ਾਨਾ ੧੨੫ ਪੱਤਰੇ ਪੜ੍ਹਨੇ। ਪਾਠ ਅਰੰਭ ਹੋਣ ਤੋਂ ਪਹਿਲਾਂ ਅਖੰਡ ਜੋਤ ਪਾਠ ਹੋਣ ਤਕ ਜਗਾਉਣੀ ਹੈ ਤੇ ਭੋਗ ਪਾਣ ਸਮੇਂ ਜੋਤ ਸਮਾਪਤੀ ਦੀ ਭੀ ਅਰਦਾਸ ਕਰ ਕੇ ਜੋਤ ਸਮਾਪਤ ਕਰ ਦੇਣੀ ਹੈ। ਕੁੰਭ ਨਾਰੀਅਲ ਪਹਿਲੇ ਦਿਨ ਹੀ ਰੱਖ ਲੈਣਾ। ਪਾਠ ਹਰ ਰੋਜ਼ ਸ਼ੁਰੂ ਕਰਨ ਤੋਂ ਸਮਾਪਤੀ ਤੱਕ ਅਖੰਡ ਚਲਦਾ ਰਵੇ, ਭਾਵ ਵਾਰੀ ਵਾਰੀ ਰੌਲ ਬਦਲੀ ਵਿਚੋਂ ਰੁਮਾਲਾ ਪਾ ਕੇ ਪਾਠੀ ਨੇ ਉਠਣਾ ਨਹੀਂ। ਨਾਹੀ ਕੋਈ ਬਚਨ - ਬਿਲਾਸ ਆਪਸ ਵਿਚ ਪਾਠੀ ਸਿੰਘ ਕਰਨ। (ਅਖੰਡ ਪਾਠ ਵਾਂਗ–ਅਖੰਡ - ਪਾਠ ਚਲੇ) ਪਾਠੀ ਸਿੰਘ ਹਰ ਰੋਜ਼ ਕੇਸੀ ਇਸ਼ਨਾਨ ਕਰਨ। ਬਸਤ੍ਰ ਸਵੱਛ ਅਤੇ ਤੇੜ ਕਛਹਿਰਾ ਹੀ ਹੋਵੇ। ਪਜਾਮਾ ਨਹੀਂ ਪਾਣਾ, ਗਲ ਵਿਚ ਹਜ਼ੂਰੀਆ (ਪਰਨਾ) ਹੋਵੇ। ਪਾਠ ਬੋਲ ਕੇ ਕਰਨਾ ਹੈ, ਚੁਪ ਚੁਪੀਤੇ ਨਹੀਂ ਕਰਨਾ।

ਸੱਤ ਦਿਨਾਂ ਦਾ ਸਮਾਂ ਪੂਰਾ ਕਰਨਾ। (ਆਮ ਤੌਰ ਤੇ ਜੇ ਅੱਜ ਐਤਵਾਰ ਪਾਠ ੧੦ ਵਜੇ ਰਖਿਆ ਹੈ ਤਾਂ ਗਿਣਤੀ ਮੁਤਾਬਕ ਛਨੀਛਰਵਾਰ ੧੦ ਵਜੇ ਤਕ ਭੋਗ ਪਾ ਕੇ ਸੱਤ ਦਿਨ ਦੀ ਗਿਣਤੀ ਕਰ ਲੈਂਦੇ ਹਾਂ। ਪ੍ਰੰਤੂ ੨੪ ਘੰਟੇ ਦੀ ਗਿਣਤੀ ਅਨੁਸਾਰ ਇਕ ਦਿਨ ਘਟ ਜਾਂਦਾ ਹੈ। ਕਿਉਂਕਿ ਐਤਵਾਰ ੧੦ ਵਜੇ ਤੋਂ ਸੋਮਵਾਰ ੧੦ ਵਜੇ ਤਕ ਇਕ ਦਿਨ ਬਣਦਾ ਹੈ। ਇਸ ਤਰਾਂ ਛਨੀਵਾਰ ਤਕ ੬ ਦਿਨ ਹੀ ਬਣੇ। ਸਤਵਾਂ ਦਿਨ ਐਤਵਾਰ ੧੦ ਵਜੇ ਤਕ ਹੀ ਬਣੇਗਾ।) ਇਉਂ ਹੀ ਸਪਤਾਹਕ ਪਾਠ ਕਹਿ ਤਾਂ ਦਿਤਾ, ਪਰ ਭੋਗ ੬ ਦਿਨਾਂ ਵਿਚ ਪਿਆ। ਇਸ ਤਰ੍ਹਾਂ ਪਾਠੀ ਇਕ ਜੇ ਟੁਟਵਾਂ ਪਾਠ ਭੀ ਕਰੇ ਤਾਂ ਰੋਜ਼ਾਨਾ ੨੪੦ ਪੰਨੇ ਕਰੇ ਜੋ ੮ ਘੰਟੇ ੩੦ ਪੰਨੇ ਪ੍ਰਤੀ ਘੰਟੇ ਦੇ ਕਰਨ ਵਾਲਾ ਪਾਠੀ ਕਰ ਸਕਦਾ ਹੈ।

ਆਖਰੀ ਭੋਗ ਦਾ ਸਮਾਂ ਨਿਸਚਿਤ ਕਰਨ ਤੇ ਪਹਿਲੇ ਦਿਨ ਵਧ ਘਟ ਸਮੇਂ ਵਿਚ ਪਾਠ ਰੱਖ ਸਕਦੇ ਹਾਂ, ਤਾਂ ਜੋ ਆਖਰੀ ਦਿਨ ਉਸੇ ਸਮੇਂ ਅੰਦਰ ਹੀ ਭੋਗ ਪਵੇ। ਦੂਸਰੇ ਦਿਨ ਤੋਂ ਆਖਰੀ ਵਕਤ ਤਕ ਇਕੋ ਵਕਤ ਪਾਠ ਅਰੰਭ ਕਰਨਾ ਹੋਵੇਗਾ। ਪਾਠ ੬–੭ ਜਾਂ ੮ ਘੰਟੇ ਜਾਂ ਵਧ ਸਮੇਂ ਵਿਚ ਭੀ ਹੋ ਜਾਵੇ

ਉਹਨਾਂ ਨੂੰ ਕਿਸੇ ਕਿਸਮ ਦੀ ਕੋਈ ਤੰਗੀ ਨਹੀਂ ਸੀ। ਪਰ ਇਸ ਤਰਾਂ ਬੰਨ੍ਹ ਕੇ ਬੱਝੇ ਰਹਿਣਾ ਅਤੇ ਇਹ ਸੋਚ ਕੇ ਕਿ ਅਸਾਂ ਕਾਰਨ ਬਾਬਾ ਜੀ ਨੂੰ ਕਾਫੀ ਕਸ਼ਟ ਹੋ ਰਿਹਾ ਹੈ, ਇਹ ਮਹਿਸੂਸ ਕਰਦਿਆਂ ਉਹਨਾਂ ਨੇ ਕੁਝ ਮੁੱਖੀ ਸਿੰਘਾਂ ਨੂੰ ਕਹਿਣਾ ਸ਼ੁਰੂ ਕਰ ਦਿਤਾ ਕਿ ਆਪ ਬਾਬਾ ਜੀ ਨੂੰ ਬੇਨਤੀ ਕਰੋ ਕਿ ਉਹ ਪਾਠਾਂ ਦੀ ਲੜੀ ਦਾ ਭੋਗ ਪਾ ਦੇਣ (ਬੰਦ ਕਰ ਦੇਣ) ਤਾਂ ਜੋ ਅਸੀਂ ਭੀ ਜਾ ਸਕੀਏ।

ਤਾਂ ਭੀ ਕੋਈ ਚਿੰਤਾ ਵਾਲੀ ਗੱਲ ਨਹੀਂ। ਪਰ ਭੋਗ ਪਾਠ ਰੱਖਣ ਦੇ ਸਮੇਂ ਦੇ ਅੰਦਰ ਪਹਿਲਾਂ ਹੀ ਪੈਣਾ ਚਾਹੀਦਾ ਹੈ।

ਸਪਤਾਹਕ ਪਾਠ ਦਾ ਮਹਾਤਮ—ਫਲ

ਸਾਰੀ ਮਿਲੀ ਜਾਣਕਾਰੀ ਅਨੁਸਾਰ ਅਜਿਹਾ ਪਾਠ ਜੋ ਮਰਯਾਦਾ ਨਾਲ, ਠੀਕ ਸਮੇਂ ਤਕ ਕੀਤਾ ਜਾਂਦਾ ਹੈ। ਇਸ ਪਾਠ ਦਾ ਮਹਾਤਮ ਤਿੰਨ ਅਖੰਡ ਪਾਠਾਂ ਜਿਤਨਾ ਦਸਿਆ ਗਿਆ ਹੈ।

੨. ਇਸ ਪਾਠ ਦੇ ਕਰਨ ਨਾਲ, ਕਿਸੇ ਜੀਵ ਦੀ ਗਤਿ ਨਾ ਹੋਈ ਹੋਵੇ ਜਾਂ ਅਵਿਗਤ ਮਰਿਆ ਹੋਵੇ (ਡੁੱਬ ਕੇ ਮਰਨਾ, ਗੋਲੀ ਨਾਲ ਜਾਂ ਰੇਲ ਗੱਡੀ ਹੇਠਾਂ ਆ ਕੇ ਮਰਨਾ, ਫਾਂਸੀ ਲੈ ਕੇ ਜਾਂ ਆਤਮ ਹਤਿਆ ਆਦਿ ਕਰਮ ਕਰਨ ਨਾਲ ਮਰਨ ਵਾਲੇ) ਉਸ ਲਈ ਛਨੀਛਰਵਾਰ ਜਾਂ ਐਤਵਾਰ ਪਾਠ ਰਖਣ ਨਾਲ, ਨਿਰਵਿਘਨ ਪਾਠ ਹੋ ਜਾਣ ਤੇ ਸਤਿਗੁਰੂ ਜੀ ਉਸ ਜੀਵ ਦੀ ਗਤੀ (ਉਸ ਅਵਿਗਤ ਜੂਨ ਤੋਂ ਮੁਕਤਿ) ਕਰ ਦੇਂਦੇ ਹਨ। ਪਰ ਚੰਗੇ ਹੱਠੀ, ਜੱਪੀ, ਤੱਪੀ ਪਾਠੀ ਦੀ ਲੋੜ ਹੁੰਦੀ ਹੈ। ਅਵਿਗਤ ਰੂਹਾਂ ਵਿੱਲੜ ਪਾਠੀਆਂ ਨੂੰ ਤਾਂ ਸਿਰੇ ਪਹੁੰਚਣ ਨਹੀਂ ਦੇਂਦੀਆਂ।

ਮਹਾਂਪੁਰਸ਼ਾਂ ਦੀਆਂ ਅਜਿਹੀਆਂ ਬਖਸ਼ਸ਼ਾਂ ਦਾ ਸਦਕਾ, ਦਾਸ ਨੇ ਮਰਯਾਦਾ ਨਾਲ, ਯੁਕਤੀ ਰਾਹੀਂ ਕੀਤੇ ਪਾਠਾਂ ਦੁਆਰਾ ਅਵਿਗਤ (ਭੂਤ - ਪ੍ਰੇਤ ਰੂਹਾਂ) ਦੇ ਉਧਾਰ ਹੋਏ ਵੇਖੇ ਹਨ। ਤੇ ਉਹਨਾਂ ਫਿਰ ਉਸ ਘਰ ਵਿਚ ਨਾ ਕਿਧਰੇ ਵਿਖਾਈ ਦਿਤੀ ਹੈ, ਨਾ ਪ੍ਰਵੇਸ਼ ਹੀ ਹੋਈਆਂ ਹਨ।

ਇਹ ਗੁਰਬਾਣੀ ਦੀ ਸ਼ਕਤੀ ਸ਼ੁੱਧ ਮਰਯਾਦਾ ਨਾਲ ਹੀ ਪ੍ਰਾਪਤ ਹੁੰਦੀ ਹੈ ਅਤੇ ਕਲਿਜੁੱਗ ਅੰਦਰ ਗੁਰਬਾਣੀ ਹੀ ਇਸ ਜੱਗ ਵਿਚ ਚਾਨਣ ਹੈ ਤੇ ਚਹੁੰ ਜੁਗਾਂ ਦੀ ਉਧਾਰ - ਕਰਤੀ ਹੈ। ਪ੍ਰੰਤੂ ਇਸ ਦਾ ਆਦਰ ਸਤਿਕਾਰ, ਸੇਵਾ, ਪੂਜਾ ਦੀ ਜੇ ਸ਼ਰਧਾ ਪੂਰਬਕ ਪਾਠ ਕਰੀਏ (ਪ੍ਰਤਖ ਗੁਰੂ ਨਿਸਤਾਰੇ) ਪ੍ਰੱਤਖ ਹਾਜ਼ਰ ਨਾਜ਼ਰ (ਦਸਾਂ ਪਾਤਸ਼ਾਹੀਆਂ ਦੀ ਪੂਰਨ ਸ਼ਕਤਿ) ਸਮਝੀਏ, ਤਾਂ ਅਵੱਸ਼ਕ ਹੀ ਜੀਵ ਦਾ ਨਿਸਤਾਰਾ ਕਰਨ ਵਾਲੀ ਹੈ। ਤਾਂਤੇ ਇਸ ਨੂੰ ਜੀਵਨ ਅਧਾਰ ਪ੍ਰਭੂ ਮਿਲਾਪ, ਆਤਮ - ਸ਼ਕਤੀ ਤੇ ਕਲਿਆਣਕਾਰੀ ਸਮਝ ਕੇ ਪੜ੍ਹੀਏ, ਨਾ ਕਿ ਅੱਜ ਕੱਲ ਵਾਂਗ ਇਸ ਨੂੰ ਇਕ ਸੰਸਾਰਕ ਰੋਜ਼ਗਾਰ ਦੇ ਤਰੀਕੇ ਸਮਝ ਕੇ ਇਸ ਤੇ ਜੀਵਨ ਦੀ ਪਾਲਣਾ (ਬਾਣੀ ਪੜ੍ਹ ਕੇ) ਪ੍ਰਾਪਤ ਕੀਤੀ ਭੇਟਾ ਤੋਂ ਕਰਮ - ਕੁਕਰਮ ਕਰ ਕੇ ਭੀ ਮੁਕਤੀ ਦੀ ਚਾਹਨਾ ਰੱਖੀ ਬੈਠੀਏ।

ਪਾਠ ਕੀਤਾ, ਮਿਲੀ ਭੇਟਾ ਤੋਂ ਬੱਚੇ ਪਾਲ ਲਏ। ਪਰ ਅੰਦਰੋਂ ਬਾਣੀ ਦੇ ਅਸਲ ਸਿਧਾਂਤ ਸਤਿਕਾਰ ਭੁਲਾ ਕੇ, ਮਨ - ਮਰਜ਼ੀ ਨਾਲ ਆਈ ਭੇਟਾ ਨੂੰ ਵਰਤ ਕੇ, ਬਾਣੀ ਦਾ ਅਪਮਾਨ ਕਰ ਕੇ ਗੁਰਮੁਖ ਮਾਰਗ ਤੋਂ ਕੁਰਾਹੇ ਪੈ ਗਏ। (ਬਾਬਾ ਜੀ ਦਾ ਦਾਸ ਪ੍ਰਤੀ ਬਚਨ ਅਗੇ ਪੜ੍ਹੋ)

ਪਾਠ ਬੰਦ ਕਰ ਦੇਣ ਦੀਆਂ ਵਿਚਾਰਾਂ

ਪਰ ਕਈ ਦਿਨ ਕਿਸੇ ਦਾ ਹੀਆ ਨਾ ਪਿਆ, ਕਿ ਬਾਬਾ ਜੀ ਨੂੰ ਪਾਠਾਂ ਦੀ ਲੜੀ ਬੰਦ ਕਰ ਦੇਣ ਲਈ ਕਿਹਾ ਜਾਵੇ। ਕਿਉਂਕਿ ਜਦ ਬਾਬਾ ਜੀ ਕਈ ਸਾਲਾਂ ਤੋਂ ਚਲ ਰਖੇ ਪਾਠਾਂ ਵਿਚ ਭਾਵੇਂ ਕਿੰਨਾ ਭੀ ਆਪ ਨੂੰ ਕਸ਼ਟ ਆ ਰਿਹਾ ਹੋਵੇ, ਕਦੀ ਮਹਿਸੂਸ ਨਹੀਂ ਕੀਤਾ। ਕਈ ਕਿਸੇ ਸਿੰਘ ਨੂੰ ਨਹੀਂ ਆਖਿਆ, ਕਦੀ ਉਕਤਾਏ ਨਹੀਂ, ਉਕਸਾਏ ਨਹੀਂ ਅਤੇ ਸਗੋਂ ਆਪ ਜੀ ਰੋਜ਼ਾਨਾ ਚਾਉ, ਖੇੜੇ ਤੇ ਉਤਸ਼ਾਹ ਵਿਚ ਤੱਤਪਰ ਹੀ ਸਾਰਾ ਦਿਨ ਸਤਿਗੁਰੂ ਹਜ਼ੂਰ ਤਾਅਬੇ ਖੜੇ ਰਹਿੰਦੇ ਹਨ। ਕਿਵੇਂ ਆਖਿਆ ਜਾਵੇ ਕਿ ਬਾਬਾ ਜੀ ਨੂੰ ਕਿ ਪਾਠ ਬੰਦ ਕਰ ਦਿਓ।

ਮਸਲਾ ਬੜਾ ਗੰਭੀਰ ਸੀ। ਜਦ ਮੌੜ੍ਹੀ ਬਾਬਾ ਜੀ ਹੀ ਦੋ ਸਾਲਾਂ ਤੋਂ ਭੇਟਾ ਨਾ ਆਉਣ ਤੇ ਭੀ ਪਾਠ ਜਾਰੀ ਰੱਖ ਰਹੇ ਹਨ। ਉਧਰ ਦੋ ਮੁਸਾਹਿਬਾਂ ਦੀ ਦਿਕਦਾਰੀ,ਇਧਰ ਸਿੰਘਾਂ ਵਿਚ ਭੀ ਬੇਪ੍ਰਵਾਹੀ,ਕਈ ਸਿੰਘਾਂ ਨੇ ਪੰਜਾਬ ਚਲੇ ਜਾਣਾ ਤੇ ਕਈ ਨਵੇਂ ਹੋਰ ਆ ਜਾਣੇ। ਚਿਰਾਂ ਤੋਂ ਰਹਿਣ ਵਾਲੇ ਸਿੰਘ ਭੀ ਉਕਤਾ ਗਏ ਜਾਪਦੇ ਸਨ।

ਸਾਰਿਆਂ ਸਿੰਘਾਂ ਨੇ ਗੁਰਮਤਾ ਕੀਤਾ ਕਿ ਜਦ ਦੁਪਹਿਰ ਦੇ ਲੰਗਰ ਤੇ ਸਾਰੀਆਂ ਸੰਗਤਾਂ ਲੰਗਰ ਛੱਕਣ ਆਵਣ ਤਾਂ ਉਸ ਸਮੇਂ ਬਾਬੂ ਮਿਹਰ ਸਿੰਘ ਜੀ ਗਰੰਥੀ ਨਿਹੰਗ ਸਿੰਘ ਜੋ ਮਾਤਾ ਜੀ ਦੇ ਅਸਥਾਨ ਤੇ ਬਹੁਤ ਸਮੇਂ ਤੋਂ ਪੁਰਾਤਨ ਸਿੰਘਾਂ ਵਿਚੋਂ ਸਨ,ਉਠ ਕੇ ਬੇਨਤੀ ਕਰਨ ਕਿ ਬਾਬਾ ਜੀ ਦੋ ਸਾਲ ਤੋ ਮਹਾਰਾਜਾ ਸਾਹਿਬ ਵਲੋਂ ਪਾਠਾਂ ਦੀ ਭੇਟਾ ਨਹੀਂ ਆ ਰਹੀ ਹੈ। ਇਸ ਲਈ ਪਾਠ ਬੰਦ ਕੀਤੇ ਜਾਣ। ਮੁਸਾਹਿਬਾਂ ਅਤੇ ਪਾਠੀਆਂ ਦੀਆਂ ਮੁਸ਼ਕਲਾਂ ਭੀ ਕਹਿਣ।

ਜਦ ਸਾਰੇ ਸਿੰਘ ਦੁਪਹਿਰ ਦਾ ਲੰਗਰ ਛੱਕਣ ਆਏ। ਇਹ ਦੋਵੇਂ ਅਹਿਲਕਾਰ ਭੀ ਸੰਗਤ ਵਿਚ ਬੈਠੇ ਸਨ। ਤਾਂ ਪਾਠਾਂ ਬਾਰੇ ਬਚਨ ਸ਼ੁਰੂ ਹੋ ਗਿਆ।

ਬਾਬੂ ਮੇਹਰ ਸਿੰਘ ਜੀ— (ਖੜੇ ਹੋ ਕੇ ਹੱਥ ਜੋੜ ਕੇ) ਬਾਬਾ ਜੀ ! ਸਾਰੀ ਸੰਗਤ ਦੀ ਅਤੇ ਮਹਾਰਾਜਾ ਸਾਹਿਬ ਵਲੋਂ ਆਏ ਅਹਿਲਕਾਰਾਂ ਵਲੋਂ ਬੇਨਤੀ ਹੈ, ਕਿ ਜੋ ਮਹਾਰਾਜਾ ਸਾਹਿਬ ਵਲੋਂ ਜੋ ਪਾਠਾਂ ਦੀ ਲੜੀ ਚਲ ਰਹੀ ਹੈ, ਪਰ ਉਸ ਦੀ ਦੋ ਸਾਲਾਂ ਤੋਂ ਕੋਈ ਭੇਟਾ ਨਹੀਂ ਆ ਰਹੀ ਹੈ ਅਤੇ ਆਹ ਦੋਵੇਂ ਸਰਦਾਰ ਸਾਹਿਬ ਭੀ ਇਹੋ ਹੀ ਚਾਹੁੰਦੇ ਹਨ ਕਿ ਚਲ ਰਹੀ ਪਾਠਾਂ ਦੀ ਲੜੀ ਬੰਦ ਕਰ ਦਿਤੀ ਜਾਵੇ। ਤਾਂ ਜੋ ਅਸੀਂ ਭੀ ਜਾ ਸਕੀਏ ਤੇ ਰਾਜਨ ਨੂੰ ਆਉਣ ਦਾ ਕਾਰਨ ਦਸੀਏ ਕਿ ਆਪ ਜੀ ਵਲੋਂ ਭੇਟਾ ਨਾ ਪੁਜਣ ਕਰ ਕੇ ਬਾਬਾ ਜੀ ਨੇ ਆਪ ਵਲੋਂ ਰੱਖਵਾਏ ਪਾਠ ਬੰਦ ਕਰ ਦਿਤੇ ਹਨ।

ਸੋ ਕ੍ਰਿਪਾ ਕਰ ਕੇ ਹੁਣ ਪਾਠ ਬੰਦ ਕਰ ਦੇਈਏ। ਸਿੰਘਾਂ ਵਲੋਂ ਭੀ ਵੇਲਾ ਕੁਵੇਲਾ ਕਰਨ ਕਰ ਕੇ ਆਪ ਜੀ ਨੂੰ ਭਾਰੀ ਕਸ਼ਟ ਹੁੰਦਾ ਹੈ।

ਬਾਬਾ ਜੀ— ਗੁਰਮੁਖੋ ! ਸਾਧ ਸੰਗਤ ਦਾ ਬਚਨ ਤਾਂ ਮੋੜਨ ਦੀ ਸਾਡੇ ਵਿਚ ਅਵਸ਼ਕਤਾ ਨਹੀਂ। ਪਰੰਤੂ ਸਾਧ ਸੰਗਤ ਉਹ ਹੀ ਹੈ ਜੋ—

ਸਤਿਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥ [ਸਿਰੀਰਾਗੁ ਮ: ੧

ਨਾਮ ਦੀ ਕੀਰਤੀ ਕਰਦੀ ਹੋਵੇ, ਜੇ ਸਾਧ ਸੰਗਤ ਦਾ ਭਾਵ ਨਾਮ ਜਪਣਾ, ਤਪ ਕਰਨਾ ਨਹੀਂ ? ਤਾਂ ਜੋ ਆਪ ਫੁਰਮਾ ਰਹੇ ਹੋ, ਅਸਾਂ ਨੂੰ ਪ੍ਰਵਾਨ ਹੈ।

ਬਾਬੂ ਮੇਹਰ ਸਿੰਘ ਜੀ– ਬਾਬਾ ਜੀ, ਤੱਪ ਕਰਨਾ, ਨਾਮ ਬਾਣੀ ਦਾ ਪੜ੍ਹਨਾ ਹੀ ਤਾਂ ਸਾਧ ਸੰਗਤ ਦਾ ਕਰਮ ਹੈ, ਤੇ ਬਾਣੀ ਪੜ੍ਹਨੀ ਤਾਂ ਗੁਰਸਿਖਾਂ ਦਾ ਪਰਮ ਧਰਮ ਹੈ।

ਬਾਬਾ ਜੀ– ਫਿਰ ਸਿੰਘੋ ਹੁਕਮ ਕਰੋ, ਕਿ ਸਾਡਾ ਧਰਮ ਬਾਣੀ ਪੜ੍ਹਨਾ ਨਹੀਂ ? ਜੇ ਹੈ, ਤਾਂ ਕੀ ਹਰ ਸਿੰਘ ਦਾ ਆਪਣਾ ਨਿੱਤਨੇਮ ਜਾਂ ਹੋਰ ਗੁਰਬਾਣੀ ਪੜ੍ਹਨੀ ਮੋਖ (ਭੇਟਾ) ਦੇ ਅਧਾਰ ਆਸ਼ੇ ਨਾਲ ਪੜ੍ਹਦੇ ਹਾਂ ਜਾਂ ਨਿਯਮ ਜਾਂ ਗੁਰੂ ਕੇ ਹੁਕਮ ਦੀ ਪਾਲਣਾ, ਪ੍ਰੇਮ, ਪਿਆਰ ਤੇ ਸ਼ਰਧਾ ਨਾਲ ਰੋਜ਼ਾਨਾ ਪੜ੍ਹਨਾ ਆਪਣਾ ਧਰਮ ਸਮਝਦੇ ਹਾਂ।

ਸਾਰੇ ਸਿੰਘ–ਪ੍ਰਸ਼ਨ ਬੜਾ ਪੇਚੀਦਾਂ, ਤੇ ਨਿਰਉਤਰ ਸੀ, ਕੌਣ ਉੱਤਰ ਦੇਵੇ ? ਸਾਰੇ ਚੁੱਪ ਹਨ। ਬਾਬੂ ਮੇਹਰ ਸਿੰਘ ਜੀ ਕਹਿਣ ਲਗੇ–ਬਾਬਾ ਜੀ ! ਇਹ ਪਾਠ ਤਾਂ ਰਾਜਨ ਵਲੋਂ ਭੇਟਾ ਸਹਿਤ ਉਹਨਾਂ ਦੀ ਭਾਵਨਾ ਅਨੁਸਾਰ ਹੀ ਅਰੰਭ ਕੀਤੇ ਸਨ, ਪਰ ਭੇਟਾ ਨਹੀਂ ਆਈ, ਤਾਂ ਰਾਜਨ ਨਮਿਤ ਪਾਠ ਤਾਂ ਬੰਦ ਕਰ ਦੇਣੇ ਚਾਹੀਦੇ ਹਨ।

ਬਾਬਾ ਜੀ–ਭਾਈ ਸਿੰਘੋ ! ਜੇ ਸਿੰਘ ਦਾ ਧਰਮ ਬਾਣੀ ਪੜ੍ਹਨਾ, ਸੇਵਾ ਕਰਨੀ ਹੀ ਹੈ, ਤਾਂ ਕੀ ਅਸੀਂ ਸਿੰਘ ਨਹੀਂ ? ਜੋ ਦਸਮੇਸ਼ ਪਿਤਾ ਜੀ ਦੇ ਸਿੰਘ, ਫਿਰ ਅਸੀਂ ਬਿਹੰਗਮ, ਵਿਰਕਤ ਹਾਂ। ਇਸ ਲਈ ਸਾਡਾ ਹੋਰ ਕਰਮ ਭੀ ਕੀ ਹੈ ? ਕੀ ਵੇਹਲੇ ਪਏ ਰਹਿਣਾ, ਜਾਂ ਗੱਪਾਂ ਮਾਰਨੀਆਂ ਹੀ ਸਿੰਘ ਦਾ ਧਰਮ ਹੈ। ਆਪ ਨੂੰ ਪਤਾ ਹੈ ਕਿ ਸੰਗਤਾਂ ਵਲੋਂ ਆਈ ਮਾਇਆ ਸਤਿਗੁਰੂ ਜੀ ਦੇ ਖਜ਼ਾਨੇ ਦੀ ਹੈ। ਜੇ ਅਸੀਂ ਉਸ ਚੋਂ ਲੰਗਰ ਛੱਕਦੇ ਹਾਂ, ਬਸਤ੍ਰ ਪਹਿਨਦੇ ਹਾਂ ਅਤੇ ਹੋਰ ਲੋੜਾਂ ਭੀ ਪੂਰੀਆਂ ਕਰਦੇ ਹਾਂ। ਤਾਂ ਕੀ ਸਤਿਗੁਰੂ ਜੀ ਸਾਡੇ ਤੇ ਅਹਿਸਾਨ ਨਹੀਂ ਚੜ੍ਹਾ ਰਹੇ ? ਅਸੀਂ ਉਹਨਾਂ ਦਾ ਅਜਿਹਾ ਕਰਜ਼ਾ ਕਿਉਂ ਨਾ (ਜੋ ਉਹਨਾਂ ਦਾ ਹੁਕਮ ਹੈ,) ਗੁਰਬਾਣੀ ਪੜ੍ਹ ਕੇ, ਸੇਵਾ ਕਰ ਕੇ ਨਾਲ ਦੀ ਨਾਲ ਹੀ ਚੁਕਾਂਦੇ ਜਾਈਏ। ਬਾਅਦ ਵਿਚ ਪੰਡ ਭਾਰੀ ਹੋ ਗਈ ਤਾਂ ਚੁਕਣੀ ਔਖੀ ਹੋ ਜਾਵੇਗੀ।

ਆਪ ਜਾਣਦੇ ਹੋ ਕਿ ਇਹ ਮਾਤਾ ਜੀ ਦਾ ਤੱਪ ਅਸਥਾਨ ਹੈ। ਉਹਨਾਂ ਦੇ ਤੱਪ ਦੀ ਹੀ ਬਰਕਤ ਹੈ, ਜੋ ਸਾਡੇ ਜੇਹੇ ਨਿਕੰਮੇ ਵਿਹਲੜਾਂ ਨੂੰ ਭੀ ਅੰਨ - ਪਾਣੀ ਤੇ ਬਸਤਰ ਦੇਈ ਜਾ ਰਹੇ ਹਨ। ਪਰ ਕੀ ਸਿੰਘ ਦਾ ਫਰਜ਼ ਤੱਪ ਕਰਨਾ ਨਹੀਂ ? ਅਤੇ ਇਕ ਮਹਾਂਕਾਲ ਦੀ ਸ਼ਕਤੀ ਦਾ ਤਪ ਅਸਥਾਨ ਤੇ ਤੱਪ ਕਰਨ ਨਾਲ ਸੁਤੇ ਸਿੱਧ ਹੀ ਸ਼ਕਤੀ ਪ੍ਰਦਾਨ ਹੋਵੇਗੀ।

ਹਾਂ ਤੁਸੀਂ ਸਮਝਦੇ ਹੋ ਕਿ ਅਸੀਂ ਭੇਟਾ ਨਾਲ ਹੀ ਬਾਣੀ ਪੜ੍ਹਨੀ ਹੈ, ਜਦ ਭੇਟਾ ਮਿਲ ਜਾਂਦੀ ਹੈ ਤਾਂ ਫਲ ਮਹਾਤਮ ਤਾਂ ਉਸ ਦੇ ਪਾਸ ਚਲਾ ਗਿਆ। ਸਾਡੇ ਪਾਸ ਮਾਇਆ ਆ ਗਈ, ਜਿਸ ਤੋਂ ਕਈ ਵਿਕਾਰ ਤੇ ਉਪਦਰਵ ਭੀ ਪੈਦਾ ਹੋ ਸਕਦੇ ਹਨ।

ਜੇ ਮਹਾਰਾਜਾ ਸਾਹਿਬ ਵਲੋਂ ਦੋ ਸਾਲ ਤੋਂ ਭੇਟਾ ਨਹੀਂ ਆਈ ਤਾਂ ਉਸ ਕੀਤੇ ਤੱਪ ਦਾ (ਗੁਰਬਾਣੀ ਪੜ੍ਹੀ) ਦਾ ਮਹਾਤਮ ਭੀ ਤਾਂ ਤੁਹਾਡੇ ਪਾਸ ਹੀ ਹੈ। ਜਿਸ ਕਾਰਨ ਅਸਥਾਨ ਦੀ ਪ੍ਰਗਤੀ ਹੋ ਰਹੀ ਹੈ। ਹਾਂ,

ਰਾਜਨ ਜਿਤਨਾ ਚਿਰ ਭੇਟਾ ਭੇਜਦੇ ਰਹੇ, ਉਤਨਾ ਚਿਰ ਉਹਨਾਂ ਪਾਠਾਂ ਦਾ ਫਲ ਪ੍ਰਾਪਤ ਕਰਦੇ ਰਹੇ। ਜੇ ਹੁਣ ਕੋਈ ਉਹਨਾਂ ਨੂੰ ਮਜਬੂਰੀ ਆ ਗਈ ਹੋਵੇ, ਤਾਂ ਅਸਥਾਨ ਦਾ ਤੱਪ, ਅਸਥਾਨ ਤੇ ਹੀ ਹੈ। ਤੇ ਪਾਠ ਕਰਨਾ ਸਾਡਾ ਧਰਮ ਹੈ। ਇਸ ਲਈ ਜਦ ਜਗਤ - ਮਾਤਾ ਜੀ ਚਾਹੁੰਣਗੇ, ਬਲ ਬਖਸ਼ਣਗੇ, ਸਾਡਾ ਫਰਜ਼ ਬਣਦਾ ਹੈ ਤੱਪ ਕਰੀ ਚਲੀਏ। ਜਿਥੇ ਅਸਥਾਨ ਦੇ ਤੱਪ ਵਿਚ ਵਿਸ਼ੇਸ਼ਤਾ ਹੋਵੇਗੀ, ਉਥੇ ਸਤਿਗੁਰੂ ਪ੍ਰਤੱਖ ਹਾਜ਼ਰ ਨਾਜ਼ਰ ਹੋ ਕੇ ਤੁਹਾਡੀਆਂ ਸਾਰੀਆਂ ਔਕੜਾਂ ਦੂਰ ਕਰਨਗੇ।

ਜਿਨ੍ਹਾਂ ਅਸਥਾਨਾਂ ਤੇ ਤੱਪ ਸਾਧਨ, ਪਾਠ, ਪੂਜਾ, ਲੰਗਰ ਦੇਗ ਦੀ ਮਰਯਾਦਾ ਘੱਟਦੀ ਹੈ ਤਾਂ ਉਹਨਾਂ ਅਸਥਾਨਾਂ ਦੀ ਸ਼ਕਤੀ ਭੀ ਘਟਦੀ ਹੈ। ਉਥੇ ਬੇਚੈਨੀ, ਹਫੜਾ ਦਫੜੀ, ਦਵੈਤਾ, ਇਕ ਦੂਜ ਨਾਲ ਈਰਖਾ ਆ ਜਾਂਦੀ ਹੈ। ਤੱਪ ਤੇ ਗੁਰ-ਮਰਯਾਦਾ ਨਾਲ ਹੀ ਅਸਥਾਨ ਤੇ ਭੀ, ਤੇ ਅਸਥਾਨੀ ਸਿੰਘਾਂ ਵਿਚ ਭੀ ਸ਼ਾਂਤੀ ਸਹਿਜ, ਸੰਤੋਖ ਬਣਿਆ ਰਹਿੰਦਾ ਹੈ। ਜਦੋਂ ਸਾਡੇ ਮੰਦ ਕਰਮਾਂ ਕਰ ਕੇ ਅਸੀਂ ਇਸ਼ਟਸਥਾਨ ਭ੍ਰਿਸਟ ਕਰ ਦੇਂਦੇ ਹਾਂ, ਤਾਂ ਇਹ ਸੰਸਾਰ ਦੇ ਭ੍ਰਿਸ਼ਟਾਚਾਰੀ ਕਰਮ ਡੁਬਨ ਜਾਂ ਨਸ਼ਟ ਹੋਣ ਦਾ ਕਾਰਨ ਬਣਦੇ ਹਨ–

ਥਾਨਾਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ ॥ ੧ ॥

[ਧਨਾਸਰੀ ਮ: ੧, ਪੰਨਾ ੬੬੨

ਸੋ ਸਾਨੂੰ ਇਸ਼ਟ (ਗੁਰ ਅਸਥਾਨ) ਤੇ ਤੱਪ ਵਾਲੇ ਸਾਧਨ, ਕਰਮ ਕਰਨੇ ਹੀ ਬਣਦੇ ਹਨ। ਤਾਂ ਜੋ ਸਤਿਗੁਰੂ ਸਾਡੇ ਤੇ ਮਿਹਰ ਭਰਿਆ ਹੱਥ ਰੱਖ ਕੇ ਡੁਬਦੇ ਜਗਤ ਵਿਚੋਂ ਬਾਂਹ ਪਕੜ ਕੇ ਕੱਢ ਲੈਣ।

ਹਾਂ ਇਹ ਦੋਵੇਂ ਮੁਸਾਹਿਬ, ਜਿਵੇਂ ਇਹਨਾਂ ਦੀ ਮਰਜ਼ੀ ਹੋਵੇ। ਜੇ ਰਹਿਣਾ ਚਾਹੁੰਣ ਤਾਂ ਜੀ ਸਦਕੇ, ਇਹ ਘਰ ਸਭ ਦਾ ਸਾਂਝਾ ਹੈ। ਤੇ ਜਦ ਤਕ ਇਹਨਾਂ ਦਾ ਜੀਅ ਚਾਹੇ, ਇਹ ਇਥੇ ਹੀ ਰਹਿਣ। ਜੇ ਕਿਸੇ ਬੰਧਨ ਵਿਚ ਬਿਨਾਂ ਕਿਸੇ ਕਾਰਨ ਬੱਧੇ ਰਹਿਣਾ ਯੋਗ ਨਾ ਸਮਝਣ, ਤਾਂ ਇਹ ਸਰਦਾਰ ਵਾਪਸ ਜਾ ਭੀ ਸਕਦੇ ਹਨ। ਪਰ ਇਹ ਪਾਠ ਇਸੇ ਤਰ੍ਹਾਂ ਹੀ ਨਿਰਵਿਘਨ ਚਲਦੇ ਰਹਿਣਗੇ। ਅਗਰ ਰਾਜਨ ਸਾਹਿਬ ਵਲੋਂ ਮਾਇਆ ਆ ਗਈ ਤਾਂ ਫਿਰ ਉਹਨਾਂ ਦੀ ਅਰਦਾਸ ਕਰ ਦਿਆਂਗੇ, ਨਹੀਂ ਤੇ ਮਾਤਾ ਜੀ ਦੇ ਅਸਥਾਨ ਤੇ ਤੱਪ ਹੋਣ ਦਿਓ।

ਜਦ ਸਭ ਸਿੰਘ ਕੋਈ ਉਤਰ ਨਾ ਦੇ ਸਕੇ, ਕਾਫੀ ਸਮਾਂ ਸਾਰੇ ਚੁਪ ਚਾਪ ਬੈਠੇ ਰਹੇ। ਫਿਰ ਬਾਬਾ ਜੀ ਨੇ ਕਿਹਾ ਸਿੰਘੋ ! ਆਪ ਰੌਲਾਂ ਲਾਉਣੀਆਂ ਮੁਸ਼ਕਲ ਸਮਝਦੇ ਹੋ ? ਜਾਂ ਬਿਹੰਗਮ ਬਣ ਕੇ ਤਪ ਕਰਨਾ ਸਿੰਘ ਦਾ ਧਰਮ ਨਹੀਂ ਸਮਝਦੇ।

ਬਾਬੂ ਮੇਹਰ ਸਿੰਘ ਜੀ ਨੇ ਉੱਠ ਕੇ ਸਹਿਜੇ ਜਿਹੇ ਕਿਹਾ–ਬਾਬਾ ਜੀ ! ਗਲਤੀ ਮਾਫ ਕਰਨੀ, ਮੈਂ ਤਾਂ ਸੁਤੇ ਸਿੱਧ ਬਚਨ ਕੀਤਾ ਸੀ, ਜਿਵੇਂ ਆਪ ਦੀ ਰਜ਼ਾ ਹੋਵੇ।

ਰੋਜ਼ਾਨਾ ਨਿੱਤਨੇਮ, ਕੀਰਤਨ ਤੇ ਸਪਤਾਹਕ ਪਾਠ ਦੇ ਬਾਵਜੂਦ ਰੋਜ਼ਾਨਾ ਦੁਪਹਿਰ ਤੋਂ ਬਾਅਦ ਸਮਾਪਤੀ ਉਪਰੰਤ ਸ਼ਾਮ ਤੱਕ ਬਾਬਾ ਜੀ ਬਾਣੀ ਦੀ ਸੰਥਾ ਲੈਣ ਦੇ ਇੱਛਕ ਸਿੰਘਾਂ ਨੂੰ ਸੰਥਾ ਭੀ ਕਰਾਉਂਦੇ ਰਹਿੰਦੇ। ਕਿਸੇ ਵੇਲੇ ਭੀ ਥਕੇਵਾਂ ਨਾ ਮਹਿਸੂਸ ਨਾ ਕਰਦੇ।

ਅਜਿਹੀ ਅਣਥੱਕ ਕਠਨ ਘਾਲ ਘਾਲ ਕੇ ਜਗਤ ਮਾਤਾ ਜੀ ਦੇ ਅਸਥਾਨ ਦੀ ਮਹਾਂ ਰਿਸ਼ੀਆਂ

ਮੁਨੀਆਂ ਦਾ ਇਹ ਮਹਾਨ ਤਪੋਬਨ ਬਣਾ ਕੇ ਮਾਤਾ ਜੀ ਦਾ ਸਪੂਤ ਬਣ ਕੇ ਵਿਖਾਇਆ। ਜਿਸ ਕਰ ਕੇ ਅਜਿਹੇ ਤੱਪ ਸੇਵਾ ਘਾਲ ਦੇ ਕਾਰਨ ਅਸਥਾਨ ਤੇ ਹਰ ਵੇਲੇ ਸ਼ਾਂਤ ਵਾਤਾਵਰਣ ਬਣੇ ਰਹਿਣ ਕਾਰਨ, ਹਰ ਆਏ ਯਾਤ੍ਰੀ ਦੇ ਮਨ ਉਤੇ ਸੁਤੇ ਸਿੱਧ ਹੀ ਸੁਖ, ਸ਼ਾਂਤੀ ਤੇ ਟਿਕਾਉ ਦਾ ਪ੍ਰਭਾਵ ਪੈਂਦਾ ਅਤੇ ਸੇਵਾ ਸਦਾਗਤ ਤੋਂ ਡਾਢਾ ਪ੍ਰਭਾਵਤ ਹੋ ਕੇ ਇਥੇ ਹੀ (ਮਾਤਾ ਜੀ ਦੇ ਅਸਥਾਨ ਤੇ) ਜ਼ਿੰਦਗੀ ਗੁਜ਼ਾਰਨ ਜਾਂ ਬਾਰ ਬਾਰ ਹੀ ਦਰਸ਼ਨਾਂ ਨੂੰ ਜੀ ਲੋਚਦਾ ਹੈ। ਅਤੇ ਆਪਣੀ ਘਾਲ ਕਮਾਈ ਮਾਇਆ ਇਸ ਅਸਥਾਨ ਤੇ ਲਾ ਕੇ ਆਪਣੇ ਆਪ ਨੂੰ ਧੰਨ ਭਾਗੇ ਸਮਝਦਾ ਹੈ।

*ਕੀਟ (ਦਾਸ) ਤੇ ਬਾਬਾ ਜੀ ਦੀਆਂ ਬਖ਼ਸ਼ਸ਼ਾਂ

ਹਰ ਮਨੁੱਖ ਦੀਆਂ ਆਪਣੀਆਂ ਆਪਣੀਆਂ ਜੀਵਨ - ਤਾਂਗਾਂ ਹੁੰਦੀਆਂ ਹਨ। ਕਿਸੇ ਅੰਦਰ ਸੰਸਾਰਕ ਪਦਾਰਥਾਂ ਦੀ ਉਪਲਧਤਾ ਲਈ ਹਰ ਤਰ੍ਹਾਂ ਦੀ ਚਾਰਾ ਜੋਈ ਕਰਨੀ ਅਤੇ ਕਿਸੇ ਅੰਦਰੋਂ ਧੁਰ ਦਰਗਾਹੋਂ ਪਿਛਲੇ ਕਰਮ ਭਾਗਾਂ ਦੇ ਸੰਜੋਗ ਸਬੰਧ ਤੇ ਪ੍ਰਮਾਰਥ ਦੀਆਂ ਪ੍ਰਾਪਤੀਆਂ ਲਈ ਮਨ ਦੀ ਦਿਸ਼ਾ ਬਣੀ ਹੁੰਦੀ ਹੈ। ਹਰ ਮਨੁਖ ਦੇ ਦੋ ਮਾਰਗ ਹੁੰਦੇ ਹਨ–ਇਕ ਸੰਸਾਰਕ ਤੇ ਦੂਜਾ ਪ੍ਰਮਾਰਥ। ਸੋ ਪ੍ਰਮਾਰਥੀ ਸਾਧ-ਸੰਗਤ, ਸੇਵਾ, ਸਤਿਸੰਗ ਤੇ ਗੁਰਬਾਣੀ ਦੇ ਦਸੇ ਮਾਰਗ–'ਨਾਮ ਬਿਨਾ ਸਭ ਦੁਨੀਆ ਛਾਰ ॥ ਸੰਸਾਰ ਦੇ ਪਦਾਰਥ ਮਿਥਿਆ ਤੇ ਫਿੱਕੇ ਸੁਆਦ ਲੱਗਣ ਕਰਕੇ 'ਝੂਠੇ ਸਭ ਆਸਰੇ॥'ਕਾਰਨ ਹਰ ਵਕਤ ਇਕ ਲੋੜ ਤਾਂਘ, ਭੁੱਖ ਦੇ ਕਾਰਨ ਮਨ ਵੈਰਾਗੀ ਬਣਿਆ ਰਹਿੰਦਾ ਹੈ। ਜਿੰਨਾ ਚਿਰ ਤਾਂਘੀ ਦੀ ਤਾਂਘ, ਲੋਚਾ ਕਿਸੇ ਮਹਾਂ-ਪੁਰਸ਼ ਪਾਸੋਂ ਪੂਰੀ ਨਹੀਂ ਹੋ ਜਾਂਦੀ, ਉਹ ਇਸ ਭਾਲ ਵਿਚ ਤੁਰਿਆ ਰਹਿੰਦਾ ਹੈ।

ਮੁੱਢਲੇ ਜੀਵਨ ਵਿਚ ਹੀ ਕੋਈ ਅਜਿਹੀ ਤਾਂਘ–

ਪ੍ਰਾਣੀ ਤੂ ਆਇਓ ਲਾਹਾ ਲੈਣਿ ॥ ਲਗਾ ਕਿਤੁ ਕੁਫਕੜੇ ਸਭ ਮੁਕਦੀ ਚਾਲੀ ਰੈਣਿ ॥
੧ ॥ ਰਹਾਉ ॥ [ਸਿਰੀਰਾਗੁ ਮ: ੫–ਪੰਨਾ ੪੩

---

* ਆਪਣੇ ਬਾਰੇ ਲਿਖਣਾ ਭਾਵੇਂ ਕਈ ਸੱਜਣਾਂ ਦੇ ਮਨ ਵਿਚ 'ਵਡਿਆਈ, ਮਾਨ, ਹਉਮੈ ਦਾ ਹੀ ਆਕਰਸ਼ਨ ਭਾਸੇ, ਪ੍ਰੰਤੂ ਮਹਾਂ ਪੁਰਸ਼ਾਂ ਦੀਆਂ ਬਖਸ਼ਸ਼ਾਂ ਨੂੰ ਛੁਪਾਉਣਾ–ਜਿਥੇ ਮੈਂ ਆਪਣੇ ਨਾਲ ਅਨਿਆਏਂ ਕਰਾਂਗਾ, ਉਥੇ ਬਾਬਾ ਜੀ ਦੀ ਅਜ਼ਮਤ ਛੁਪਾਉਣ ਦਾ ਦੋਸ਼ੀ ਭੀ ਹੋਵਾਂਗਾ। ਜਦ ਕਿ ਬਾਬਾ ਜੀ ਦੀਆਂ ਜੀਵਨ ਕਥਾਵਾਂ ਉਹਨਾਂ ਨੂੰ ਧੁਰ ਦਰਗਾਹੋਂ ਮਿਲੀਆਂ ਬਖਸ਼ਸ਼ਾਂ ਦਾ ਹੀ ਜ਼ਿਕਰ ਹੈ। ਤਾਂ ਕੀਟ (ਲਿਖਾਰੀ) ਪ੍ਰਤੀ ਬਖਸ਼ਸ਼ਾਂ ਲਿਖਣ ਨਾਲ ਦਾਸ ਦੀ ਵਡਿਆਈ ਨਹੀਂ, ਸਗੋਂ 'ਨਦਰੀ ਨਦਰ ਨਿਹਾਲ' ਕਰ ਦੇਣ ਦੇ ਅਸਚਰਜ ਕੌਤਕ ਨਾ ਲਿਖਣੇ ਭੀ ਯੋਗ ਨਹੀਂ ਹੋਵਣਗੇ।

ਸੋ ਪ੍ਰਾਰਥਨਾ ਹੈ ਕਿ ਆਪਣੇ ਬਾਰੇ ਲਿਖਣਾ ਦਾਸ ਦੀ ਵਡਿਆਈ ਨਹੀਂ, ਸਗੋਂ ਮਹਾਂਪੁਰਸ਼ਾਂ ਦੀਆਂ ਬਖਸ਼ਸ਼ਾਂ ਵਲ ਹੀ ਝਾਤ ਮਾਰਦਿਆਂ ਦਾਸ ਨੂੰ ਨਿਵਾਜਣਾ। ਸ੍ਰੀ ਹਜ਼ੂਰ ਸਾਹਿਬ ਪਹੁੰਚਣ ਤੇ ਇਸ ਤੋਂ ਪਹਿਲਾਂ ਦੀ ਜੀਵਨ ਦਸ਼ਾ ਬਾਰੇ ਦਾਸ 'ਮੁੱਢ ਜਾਣ - ਪਛਾਣ ਵਿਚ ਅੰਕਿਤ ਕਰ ਚੁਕਾ ਹਾਂ। ਇਥੇ ਕੇਵਲ ਸੱਚਖੰਡ ਤੋਂ ਮਾਤਾ ਜੀ ਦੇ ਅਸਥਾਨ ਤੇ ਪੁੱਜਣ ਤੋਂ ਬਾਅਦ ਦਾ ਹਾਲ ਅੰਕਿਤ ਕੀਤਾ ਜਾ ਰਿਹਾ ਹੈ।

ਦੇ ਕਾਰਨ ਘਰ ਛੱਡ ਕੇ ਖਿਹੰਗਮ ਬਣ ਜਾਣ ਦੀ ਭੀ ਲੋਚਾ ਹੋਰ ਵੇਗ ਵਾਂਗ ਧਾਰਨ ਕਰ ਗਈ। ਪਰ ਜਦੋਂ ਸੰਜੋਗ, ਸਮਾਂ ਤੇ 'ਕਰਮ ਭਾਗ' ਇਕੱਠੇ ਹੁੰਦੇ ਹਨ ਤਾਂ ਨਿਰੰਕਾਰ ਸੁਭਾਗ ਬਣਾ ਦੇਂਦਾ ਹੈ।

ਦਾਸ ਨੂੰ ਸੱਚਖੰਡ ਦੇ ਦੀਦਾਰਿਆਂ ਦੀ ਤੀਬਰ ਇੱਛਾ ਹੋਈ। ਸ੍ਰੀ ਨਨਕਾਣਾ ਸਾਹਿਬ ਸੰਨ ੧੯੩੯ ਕੱਤਕ ਪੂਰਨਮਾਸ਼ੀ ਦਾ ਪੁਰਬ ਮਨਾ ਨੇ ਬਾਬਾ ਰਣ ਸਿੰਘ ਜੀ ਤੇ ਹੋਰ ਸਿੰਘਾਂ ਸੱਚਖੰਡ ਨੂੰ ਚਾਲੇ ਪਾ ਦਿਤੇ। ਮੰਜ਼ਲਾਂ ਕੱਟਦੇ ਹੋਏ ਹੋਲੇ ਮਹਲੇ ਦੇ ਨੇੜੇ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜਾ ਪੁੱਜੇ ! ਮਰਯਾਦਾ ਸਹਿਤ ਦਰਸ਼ਨ ਦੀਦਾਰੇ ਕੀਤੇ। ਫਿਰ ਹੋਰ ਅਸਥਾਨਾਂ ਦੇ ਦਰਸ਼ਨ ਦੀਦਾਰੇ ਕਰ ਕੇ ਗੁ: ਮਾਲ ਟੇਕਰੀ ਤੋਂ ਗੁ: ਹੀਰਾ ਘਾਟ ਦਰਸ਼ਨ ਕਰ ਕੇ ਗੁਰਦਵਾਰਾ ਮਾਤਾ ਸਾਹਿਬ ਕੌਰਾਂ ਜੀ ਵਲ ਨੂੰ ਚਾਲੇ ਪਾਏ ਤਾਂ ਕੋਈ ਅੰਦਰਲੀਆਂ ਤਰਬਾਂ, ਤਾਬਾਂ ਵਿਚ ਕੋਈ ਨਵੀਂ ਰੰਗਣ ਦਿਸਣ ਲੱਗ ਪਈ (ਦਾਸ ਨੇ ਸਾਥੀਆਂ ਪਾਸੋਂ ਬਾਬਾ ਜੀ ਦੇ ਬਾਰੇ ਕਾਫੀ ਕੁਝ ਸੁਣਿਆ ਹੋਇਆ ਸੀ) ਜਿਸ ਕਰ ਕੇ ਸ਼ੀਘਰ ਹੀ ਦਰਸ਼ਨਾਂ ਦੀ ਖਿੱਚ ਨੇ ਕਦਮ ਤਿੱਖੇ ਕਰ ਦਿਤੇ।

ਨਦੀ ਗੁਦਾਵਰੀ ਵਿਚੋਂ ਪੰਜ ਇਸ਼ਨਾਨੇ ਕਰ ਆਏ ਸਾਂ। ਮਾਤਾ ਜੀ ਦੇ ਅਸਥਾਨ ਤੇ ਨਮਸ਼ਕਾਰ ਕਰ ਕੇ ਅਰਦਾਸ ਕੀਤੀ। ਮਨ ਵਿਚ ਕੋਈ ਅਸਚਰਜ ਜੇਹੀ ਲਹਿਰ ਦੌੜ ਗਈ। ਸ਼ਾਂਤ ਚਿਤ ਸੁਤੇ ਸਿਧ ਹੀ ਟਿਕਦਾ ਜਾ ਰਿਹਾ ਸੀ। ਪੌੜਾਂ ਉੱਤਰ ਕੇ ਲੰਗਰ ਵਲ ਵਧੇ ਹੀ ਸਾਂ ਕਿ ਮਰਯਾਦਾ ਪ੍ਰਸ਼ੋਤਮ ਬਾਬਾ ਜੀ ਬੁੰਗੇ ਚੋਂ ਮਾਤਾ ਜੀ ਦੇ ਅਸਥਾਨ ਵਲ ਵੱਧ ਰਹੇ ਸਨ। ਮਾਤਾ ਜੀ ਦੇ ਅਸਥਾਨ ਤੇ ਲੰਗਰ ਦੀ ਹੱਦ ਲਈ ਤਾਰਾਂ ਲਾ ਕੇ ਇਕ ਦਰਵਾਜ਼ਾ ਸੀ ਤੇ ਅਗਲੇ ਪਾਸੇ ਇਮਲੀ ਦਾ ਦਰਖਤ ਸੀ। (ਬਾਬਾ ਰਣ ਸਿੰਘ ਜੀ, ਜਿਨ੍ਹਾਂ ਅਗੇ ਭੀ ਬਾਬਾ ਜੀ ਦੇ ਦਰਸ਼ਨ ਕੀਤੇ ਹੋਏ ਸਨ) ਦੂਰੋਂ ਹੀ ਕਹਿਣ ਲਗੇ–ਔਹ ਦੇਖੋ ! ਬਾਬਾ ਜੀ ਆ ਰਹੇ ਹਨ।

ਉਸ ਸਮੇਂ ਦੇ ਅਜਿਹੇ ਦ੍ਰਿਸ਼ ਨੂੰ ਲਿਖਣਾ ਅਤਿ ਕਠਨ ਹੈ। ਪਰ ਬਾਬਾ ਜੀ ਦਾ ਉੱਚਾ ਲੰਮਾ, ਪਤਲਾ ਸਰੀਰ, ਸਾਦਗੀ, ਨੀਲ ਬਸਤ੍ਰ, ਦਸਤਾਰ, ਫਰਰਾ, ਕਮਰਕੱਸੇ, ਚੇਹਰੇ ਦਾ ਨੂਰ, ਭਾਵੇਂ ਬੁੱਢੇਪੇ ਦੀ ਉਮਰ ਸੀ। ਮਨ ਨੂੰ ਮੋਹਤ ਕਰ ਗਿਆ। ਇਉਂ ਇਕ ਦੂਜੇ ਦੇ ਨੇੜੇ ਹੁੰਦੇ ਅਸੀਂ ਇੰਬਲੀ ਦੇ ਦਰਖਤ ਪਾਸ ਪੁਜ ਗਏ। ਸਭ ਸਿੰਘਾਂ ਨੇ ਬਾਬਾ ਜੀ ਨੂੰ ਫਤਹਿ ਬੁਲਾਈ। ਚਰਨ ਪਰਸੇ। ਦਾਸ ਨੇ ਸਾਰਿਆਂ ਤੋਂ ਮਗਰੋਂ (ਅਨਜਾਣ ਸਾਂ) ਜਦ ਚਰਨ ਪਰਸੇ ਤਾਂ ਸਰੀਰ ਵਿਚ ਇਕ ਪਿਆਰ ਦੀ ਝਰਨਾਟ ਛਿੜੀ। ਅੰਦਰਲੇ ਵੇਗ ਨੇ [ਬੁਲ੍ਹਾਂ ਅੰਦਰ ਹੀ] ਮਨ ਦਾ ਇਕ ਪ੍ਰਸ਼ਨ–ਇਹਨਾਂ ਮਹਾਪੁਰਸ਼ਾਂ ਪਾਸੋਂ ਕਿਸੇ ਅਗੰਮੀ ਰੂਹਾਨੀਅਤ ਦੀ ਦਾਤ ਪ੍ਰਾਪਤ ਨਹੀਂ ਕੀਤੀ ?'

ਅਜੇ ਮਨ ਦੇ ਤਰੰਗ ਉਭਰਨ ਹੀ ਲੱਗੇ ਸਨ ਕਿ ਬਾਬਾ ਜੀ ਨੇ ਨੇਤਰਾਂ ਵਿਚ ਨੇਤਰ ਮਿਲਾਏ ਅਤੇ ਮੇਰੀ ਅੰਦਰਲੀ ਚੁੱਪ ਨੂੰ ਸ਼ਾਂਤ ਕਰ ਦਿਤਾ। ਮੇਰੇ ਮਨ ਵਿਚ ਜੋ ਖੇੜਾ ਤੇ ਖੁਸ਼ੀ ਆਈ, ਉਹ ਲਿਖਣ ਵਾਲੀ ਗੱਲ ਨਹੀਂ। ਇਹ ਤਾਂ ਗੁੰਗੇ ਦੇ ਗੁੜ ਖਾਣ ਵਾਲੀ ਹੈ, ਜੋ ਸੁਆਦ ਤਾਂ ਚੱਖ ਸਕਦਾ ਹੈ, ਪਰ ਕੁਝ ਦੱਸ ਨਹੀਂ ਸਕਦਾ।

ਝੱਟ ਹੀ ਬਾਬਾ ਜੀ ਕਹਿਣ ਲੱਗੇ—ਰਾਜ ਸਾਜ ਰੱਖੋ ਤੇ ਜਲ - ਪਾਣੀ ਲੰਗਰ ਛੱਕੋ। ਬਾਬਾ ਜੀ

ਨੇ ਇਤਨੇ ਲਾਡ ਨਾਲ ਲੰਗਰ ਛਕਾਇਆ ਜਿਵੇਂ ਮਾਂ ਪੁੱਤਾਂ ਨੂੰ ਪਿਆਰ ਤੇ ਲਾਡ ਨਾਲ ਛਕਾਂਦੀ ਹੈ। ਲੰਗਰ ਛੱਕ ਕੇ ਸਰੀਰ ਦੀ ਭੁੱਖ ਤਾਂ ਲੱਥੀ ਪਰ ਦਰਸ਼ਨਾਂ ਦੀ ਭੁੱਖ ਹੋਰ ਉਬਾਲੇ ਮਾਰ ਭੜਕ ਪਈ। ਦੀਦਾਰ ਕਰ ਕਰ ਦੀਦੇ ਠਾਰੇ ਜਾਣ ਲਗੇ।

ਇਕ ਖਾਲੀ ਬੁੰਗਾ ਜੋ ਬਾਬਾ ਜ਼ੀ ਦੇ ਆਸਣ ਤੋਂ ੧੦–੧੨ ਕਰਮ ਗੁਦਾਵਰੀ ਕੰਢੇ ਦੱਖਣ ਵਲ ਸੀ ਅਤੇ ਜਿਥੋਂ ਸਿਧੇ ਬਾਬਾ ਜੀ ਦੇ ਹਰ ਵਕਤ ਦਰਸ਼ਨ ਕੀਤੇ ਜਾ ਸਕਦੇ ਸਨ, ਵਿਚ ਆਸਣ ਲਵਾ ਦਿਤੇ। ਉਸ ਵਿਚ ਭਾਈ ਉਦਮ ਸਿੰਘ ਜੀ ਰਹਿੰਦੇ ਸਨ, ਜੋ ਗੁਰਬਾਣੀ ਲਿਖਤ ਭੀ ਕਰਦੇ ਸਨ। ਕੁਝ ਦਿਨ ਬਾਅਦ ਪੰਜਾਬ ਆ ਗਏ ਤੇ ਉਸ ਬੁੰਗੇ ਵਿਚ ਦਾਸ, ਬਾਬਾ ਰਣ ਸਿੰਘ ਜੀ ਤੇ ਭਾਈ ਹਰਦਮ ਸਿੰਘ ਜੀ ਢੁਲਕਈਆ, ਅਸੀਂ ਤਿੰਨੇ ਰਹਿਣ ਲੱਗ ਪਏ। ਚਿੱਠੀ ਪੱਤਰ ਲਈ ਧਕਸਾ, ਜੋ ਭਾਈ ਉਦਮ ਸਿੰਘ ਜੀ ਪਾਸ ਸੀ, ਦਾਸ ਦੇ ਆਸਣ ਨਾਲ ਇਹ ਸੇਵਾ ਭੀ ਸੌਂਪੀ ਗਈ।

ਸੇਵਾ ਦੀ ਚੁਣੌਤੀ

ਮਾਤਾ ਜੀ ਦੇ ਅਸਥਾਨ ਤੇ ਵੇਖਿਆ ਕਿ ਕਿਸੇ ਭੀ ਸਿੰਘ ਨੂੰ ਆਖ ਕੇ ਜਾਂ ਜਬਰੀ ਕੋਈ ਸੇਵਾ ਨਹੀਂ ਸੌਂਪੀ ਜਾਂਦੀ ਸੀ, ਜੋ ਕੋਈ ਖੁਸ਼ੀ ਨਾਲ, ਜੋ ਸੇਵਾ ਕਰਨੀ ਚਾਹੇ, ਜਾਂ ਨਾ ਕਰਨੀ ਚਾਹੇ, ਸਿੰਘ ਦੀ ਖੁਸ਼ੀ ਸੀ ਪ੍ਰੰਤੂ ਬਾਬਾ ਜੀ ਆਪ ਤਾਂ ਕਿਸੇ ਨੂੰ ਭੀ ਸੇਵਾ ਵਾਸਤੇ ਨਹੀਂ ਕਹਿੰਦੇ ਸਨ। ਪਰ ਜਿਨ੍ਹਾਂ ਤੇ ਉਹਨਾਂ ਦੀ ਮਿਹਰ ਹੁੰਦੀ, ਉਸ ਸਿੰਘ ਤੇ ਬਖਸ਼ਸ਼ ਕਰ ਕੇ ਸੇਵਾ ਕਰਵਾ ਲੈਂਦੇ ਸਨ, ਭਾਵੇਂ ਉਸ ਵਿਚ ਉਹ ਗੁਣ ਨਾ ਭੀ ਹੁੰਦਾ। ਪਰ ਸਿੰਘ ਸੇਵਾ ਦੀ ਚਣੌਤੀ ਆਪ ਕਰ ਕੇ ਸੇਵਾ ਕਰਨ ਲੱਗ ਜਾਂਦਾ। ਕਿਉਂਕਿ ਇਥੇ ਬਹੁਤ ਸਾਰੀਆਂ ਸੇਵਾਵਾਂ ਸਨ–ਜਿਵੇਂ ਗੁਰੂ ਮਹਾਰਾਜ ਦੀ ਸੇਵਾ, ਕੀਰਤਨ, ਨਿਤਨੇਮ, ਲੰਗਰ, ਖਰਾਸ, ਪਸ਼ੂਆਂ ਦੀ ਦੇਖ ਭਾਲ, ਖੇਤੀ ਦਾ ਕੰਮ ਕਾਜ ਅਤੇ ਵਿਦਿਆ (ਗੁਰਬਾਣੀ ਪਾਠ) ਪ੍ਰਾਪਤ ਕਰਨਾ।

ਦਾਸ ਦੇ ਮਨ ਵਿਚ ਮਾਤਾ ਜੀ ਦੇ ਅਸਥਾਨ ਦੀ ਸੇਵਾ ਦਾ ਸੁਭਾਗ ਤੇ ਮਹਾਂਪੁਰਸ਼ਾਂ ਦੀ ਪ੍ਰਸੰਨਤਾ ਪ੍ਰਾਪਤ ਕਰਨ ਦਾ ਚਾਉ ਸੀ, ਪਰ ਮੈਨੂੰ ਕੇਵਲ ਸਕੂਲ ਦੀ ਵਿਦਿਆ ਜਾਂ ਕੁਝ ਪੰਜਾਬੀ ਦੀ ਲਿਖਣ ਸ਼ੈਲੀ (ਪੇਂਟ) ਦੀ ਸੂਝ ਸੀ। ਬਬੇਕੀ ਮੈਂ ਨਹੀਂ ਸਾਂ, ਜੋ ਲੰਗਰ ਦੀ ਸੇਵਾ ਵਿਚ ਹੱਥ ਵਟਾਉਂਦਾ। ਗੁਰੂ ਮਹਾਰਾਜ ਦੀ ਸੇਵਾ ਕਰਨ ਤੋਂ ਭੀ ਕੋਰਾ ਸਾਂ। ਇਸ ਕਰ ਕੇ ਮਨ ਦੀ ਰੁਝਾਨ ਲਈ ਪਹਿਲੇ ਪਹਿਲ ਆਦਿ ਦੇ ਸਰੂਪ ਸੰਥਾ ਕਰਨ ਲਈ ਬਾਬਾ ਰਣ ਸਿੰਘ ਜੀ ਨੂੰ ਜੋਟੀਦਾਰ ਬਣਾਇਆ।

੧. ਗੁਰਬਾਣੀ ਦੀ ਬਖਸ਼ਸ਼

ਆਮ ਤੌਰ ਤੇ ਗੁਰਬਾਣੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸੰਥਾ ਕਰਨ ਤੋਂ ਪਹਿਲਾਂ ਕੁਝ ਪੋਥੀਆਂ ਪੜ੍ਹਨ ਨਾਲ ਹੀ ਗਿਆਨ ਹੋ ਸਕਦਾ ਹੈ–(ਪੰਜ ਗ੍ਰੰਥੀ, ਦਸ ਗ੍ਰੰਥੀ, ਬਾਈ ਵਾਰਾਂ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਕਬਿੱਤ ਸਵੈਯੇ ਪੜ੍ਹਨ ਨਾਲ) ਜਦ ਦਾਸ ਨੇ ਇਛਾ ਪ੍ਰਗਟ ਕੀਤੀ, ਤਾਂ ਬਾਬਾ ਜੀ ਸੁਤੇ

* ਪੋਥੀਆਂ ਦੀ ਸੰਥਾ– ਪੂਰਨ ਵਿਸਥਾਰ ਜਾਣ ਪਛਾਣ ਵਿਚ ਲਿਖਿਆ ਜਾ ਚੁੱਕਾ ਹੈ, ਪ੍ਰੰਤੂ ਪਰਮ ਪੂਜਣ ਬਾਬਾ ਜੀ ਦਾ ਵਰਦਾਨ ਕਾਰਨ ਪਿਛਲਾ ਕੁਝ ਅੰਸ਼ ਇਸ ਪ੍ਰਥਾਏ ਲਿਖਿਆ ਹੈ। ☞

ਸਿੱਧ ਹੀ ਬਚਨ ਕੀਤਾ, ਤੁਸੀਂ ਤਾਂ ਪੋਥੀ ਪੜ੍ਹੇ ਹੋਏ ਹੋ। ਪੜ੍ਹਿਆਂ* ਨੂੰ ਪੜ੍ਹਨ ਦੀ ਕੀ ਲੋੜ ਹੈ। ਤੁਸੀਂ ਪਹਿਲੇ ਭਾਗ ਤੇ ਸੰਥਾ ਸ਼ੁਰੂ ਕਰ ਦਿਓ।

ਗੁਰੂ ਮਹਾਰਾਜ ਅਗੇ ਅਰਦਾਸ ਕਰ ਕੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਾ ਮੈਂ ਤੇ ਮੇਰੇ ਗੁਰ ਭਾਈ ਬਾਬਾ ਰਣ ਸਿੰਘ ਜੀ, ਅਸੀਂ ਦੋਵੇਂ ਇਕੱਠੀ ਸੰਥਾ ੮–੧੦ ਪਤਰੇ ਰੋਜ਼ ਪੜ੍ਹਦੇ। ਬਾਬਾ ਰਣ ਸਿੰਘ ਜੀ ਤਾਂ ਕਈ ਵਾਰੀ ਸੰਥਾ ਯਾਦ ਕਰ ਲੈਂਦੇ, ਪਰ ਮੈਂ ਕੇਵਲ ਬਾਬਾ ਜੀ ਪਾਸੋਂ ਬੈਠ ਇਕੋ ਵਾਰੀ ਸੰਥਾ ਪੜ੍ਹਦਾ, ਫਿਰ ਸੇਵਾ ਵਿਚ ਦੁਬਾਰਾ ਵਾਚਣ ਜਾਂ ਸੰਥਾ ਪੜ੍ਹਨ ਦਾ ਸਮਾਂ ਹੀ ਨਾ ਮਿਲਦਾ।

ਦਸਮ ਸਰੂਪ ਦੀ ਸੰਥਾ

ਥੋੜੇ ਹੀ ਸਮੇਂ ਵਿਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਾ ਸੰਪੂਰਨ ਕਰ ਕੇ ਦਾਸ ਨੇ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਾ ਸ਼ੁਰੂ ਕਰ ਕੇ ਇਸੇ ਤਰ੍ਹਾਂ ੮–੧੦ ਪੰਨੇ ਰੋਜ਼ਾਨਾ ਸੰਥਾ ਕਰਨੀ, ਤੇ ਕੁਝ ਸਮੇਂ ਵਿਚ ਹੀ ਦਸਮ ਸਰੂਪ ਦੀ ਸਾਰੀ ਸੰਥਾ ਕਰ ਕੇ ਭੋਗ ਪਾ ਦਿਤਾ।

ਸ੍ਰੀ ਸਰਬ ਲੋਹ ਗ੍ਰੰਥ ਤੋਂ ਪੋਥੀਆਂ ਲਿਖਣੀਆਂ

ਬਾਬਾ ਜੀ ਦੀ ਦੂਰ ਦ੍ਰਿਸ਼ਟੀ ਨੇ ਪਹਿਚਾਣਦਿਆਂ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਾ ਦੇ ਕੁਝ ਪੱਤਰੇ ਰਹਿੰਦੇ ਸਨ ਤਾਂ ਇਕ ਦਿਨ ਸ੍ਰੀ ਸਰਬ ਲੋਹ ਗਰੰਥ (ਜੋ ਸਾਰਾ ਲਿਖਣ ਲਈ ਦਾਸ ਨੂੰ ਪੰਜਾਬ ਭੇਜਿਆ ਸੀ) ਦੇ ਮੰਗਲ ਲਿਖਣ, ਚੋਣਵੀਆਂ ਬਾਣੀਆਂ ਦੀ ਪੋਥੀ ਲਿਖਣ ਲਈ ਦਾਸ ਨੂੰ ਕਿਹਾ। ਮੈਂ ਸਤਿਬਚਨ ਕਹਿ ਦਿਤਾ। ਜਦ ਬਾਬਾ ਜੀ ਨੇ ਪੋਥੀ ਲਿਖਣ ਲਈ ਕਿਹਾ ਤਾਂ ਮੈਂ ਖੁਦ ਹੈਰਾਨ ਸਾਂ ਕਿ ਮਹਾਂਪੁਰਸ਼ਾਂ ਨੂੰ ਦਾਸ ਦੀ ਲਿਖਤ ਬਾਰੇ ਕਿੰਨੀ ਸੋਝੀ ਰਖ਼ਦਿਆਂ ਬਖਸ਼ਸ਼ ਕੀਤੀ ਹੈ। (ਸਕੂਲ ਪੜ੍ਹਾਈ ਸਮੇਂ ਮੇਰਾ ਮਜ਼ਮੂਨ ਡਰਾਇੰਗ ਹੋਣ ਕਰ ਕੇ ਅਤੇ ਸਤਿਗੁਰਾਂ ਦੀ ਬਖਸ਼ਸ਼ ਕਰ ਕੇ) ਮੇਰੀ ਗੁਰਮੁੱਖੀ ਦੀ ਲਿਖਣ ਸ਼ੈਲੀ ਚੰਗੀ ਅਤੇ ਸੁਧਰੇ ਅੱਖਰਾਂ ਵਾਲੀ ਹੀ ਹੋ ਚੁੱਕੀ ਹੋਈ ਸੀ। ਮਹਾਂਪੁਰਸ਼ ਵੀ ਕਿਤਨੀ ਕਦਰ ਕਰ ਰਹੇ ਸਨ। ਬਾਬਾ ਜੀ ਨੇ ਸਰਬ ਲੋਹ ਗਰੰਥ ਪਾ: ੧੦ ਦਾ ਪ੍ਰਕਾਸ਼ ਕਰਵਾਇਆ ਤੇ ਜੋ ਜੋ ਬਾਣੀ ਬਾਬਾ ਜੀ

☞ ਦਾਸ ਪਿੰਡ ਗੋਂਦਲਾਂ ਵਾਲਾ (ਗੁਜ਼ਰਾਂਵਾਲਾ) ਸ਼ਬਦੀ ਜਥੇ ਦਾ ਪੜ੍ਹਨ ਸਮੇਂ ਮੈਂਬਰ ਬਣ ਕੇ ਸੈਕਟਰੀ ਬਣ ਗਿਆ। ਕੁਝ ਮੈਂਬਰ ਪਾਠ ਭੀ ਕਰ ਲੈਂਦੇ ਸਨ। ਮੈਨੂੰ ਭੀ ਚਾਉ ਆਇਆ ਕਿ ਮੈਂ ਭੀ ਸ਼ਬਦੀ ਜਥੇ ਦਾ ਮੈਂਬਰ ਹੁੰਦਿਆਂ ਇਹ ਸੇਵਾ ਭੀ ਕਰ ਸਕਿਆ ਕਰਾਂ। (ਕਿਉਂਕਿ ਪਾਠ ਦਾ ਮੋਖ ਤੇ ਕੀਰਤਨ ਦੀ ਸਾਰੀ ਭੇਟਾ ਅਸੀਂ ਗੁਰਦਵਾਰੇ ਤੇ ਲਾਉਂਦੇ ਸਾਂ) ਇਹ ਇੱਛਾ ਮੈਂ ਆਪਣੇ ਪੂਜਯ ਪਿਤਾ (ਸ: ਕਿਰਪਾ ਸਿੰਘ ਜੀ) ਨੂੰ ਕਹੀ ਕਿ ਮੈਨੂੰ ਪੋਥੀਆਂ ਖਰੀਦ ਦਿਉ, ਮੈਂ ਪੰਜ ਗ੍ਰੰਥੀ ਆਦਿ ਤੋਂ ਸੰਥਾ ਕਰਨੀ ਚਾਹੁੰਦਾ ਹਾਂ। (ਉਸ ਵੇਲੇ ਮੈਂ ੮ਵੀਂ ਵਿਚ ਪੜ੍ਹਦਾ ਹਾਂ।)

ਪਿਤਾ ਜੀ ਨੇ ਹੱਸਦਿਆਂ ਬਚਨ ਕੀਤਾ–ਕਾਕਾ, ਤੈਨੂੰ ਪੋਥੀਆਂ ਦੀ ਕੀ ਲੋੜ ਹੈ। ਤੂੰ ਤਾਂ ਸਿੱਧਾ ਹੀ ਗੁਰੂ ਮਹਾਰਾਜ ਦਾ ਪਾਠ ਪੜ੍ਹ ਜਾਏਂਗਾ, ਜੋ ਸਤਿ ਹੋਇਆ।

ਬ੍ਰਹਮ ਗਿਆਨੀ ਬਾਬਾ ਜੀ ਨੇ ਇਹ ਬਚਨ ਕਹਿ ਕੇ ਸਤਿ ਕਰ ਦਿਤਾ।

ਦਸਦੇ, ਬਾਬਾ ਰਣ ਸਿੰਘ ਜੀ ਪੜ੍ਹਦੇ, ਮੈਂ ਰਫ ਲਿਖ ਲੈਂਦਾ ਤੇ ਰਾਤ ਸਾਰੀਆਂ ਸੇਵਾਵਾਂ ਤੋਂ ਵਿਹਲੇ ਹੋ ਕੇ ਲਾਲਟੈਣ ਦੇ ਚਾਨਣੇ ਬੁੰਗੇ ਵਿਚ ਬੈਠ ਕੇ ੧੨–੧੨ ਵਜੇ ਤੱਕ, ਪੋਥੀ ਲਿਖਦਾ। ਦਸਮ ਸਰੂਪ ਦੀ ਸੰਥਾ ਸਮਾਪਤ ਹੋਣ ਤੇ ਸਰਬ ਲੋਹ ਗਰੰਥ (ਜਿਸ ਬਾਰੇ ਸੱਚਖੰਡ ਅੰਕ ਵਿਚ ਦਰਜ ਕੀਤਾ ਗਿਆ ਹੈ) ਦੀ ਸੰਥਾ ਵੀ ਬਾਬਾ ਜੀ ਦੀ ਮਹਾਨ ਕ੍ਰਿਪਾ ਦ੍ਰਿਸ਼ਟੀ ਨਾਲ ਕਰ ਲਈ।

ਬਾਬਾ ਜੀ ਦੀ ਬਖਸ਼ਸ਼

ਇਹ ਬਾਣੀ ਮਹਾਪੁਰਖ ਕੀ ਨਿਜ ਘਰਿ ਵਾਸਾ ਹੋਇ ॥

[ਮ: ੧, ਦਖਣੀ ਓਅੰਕਾਰ, ਪੰਨਾ ੬੩੫

ਬਾਣੀ ਦੇ ਇਸ ਮਹਾਵਾਕ ਅਨੁਸਾਰ ਅਕਾਲ ਪੁਰਖ ਦੀ ਬਾਣੀ ਨੂੰ ਸਮਝਣਾ, ਬੁਝਣਾ ਜਾਂ ਇਸ ਦੇ ਆਸ਼ੇ ਦਾ ਗਿਆਨ ਪ੍ਰਾਪਤ ਕਰਨਾ ਤਾਂ ਭਾਵੇਂ ਬਹੁਤ ਦੂਰ ਦੀ ਗਲ ਹੈ। ਪਰੰਤੂ ਜੋ ਦਾਸ ਦੇ ਵਿਰਸੇ 'ਚ ਮਹਾਂਪੁਰਸਾਂ ਪਾਸੋਂ ਦਾਤ ਪ੍ਰਾਪਤ ਕਰਨੀ ਸੀ, ਉਹ ਬਖਸ਼ਸ਼ਾਂ ਕੀਤੀਆਂ–

੧. ਦੁਬਾਰਾ ਸੰਥਾ ਯਾਦ ਨਾ ਕਰਨ ਤੇ ਭੀ (ਬੁੱਧੀ ਅਨੁਸਾਰ) ਬਾਣੀ ਦੀ ਸ਼ੁਧਤਾ–ਬਿਸਰਾਮ ਤੇ ਭਾਵ ਸੂਝ ਜੇ ਇਸ ਵਿਚ ਮੈਂ ਆਪਣਾ ਯਤਨ ਸਮਝਾਂ ਤਾਂ ਕਦਾਚਿਤ ਨਹੀਂ? ਕਿਉਂਕਿ ਦਾਸ ਤੇ ਪਾਠ ਸ਼ੁਧੀ ਦੇ ਗਰੰਥ ਵਾਚੇ, ਨਾ ਕਥਾ ਲਈ ਗਰੰਥਾਂ ਨਾ ਅਧਿਆਇਨ ਹੀ ਕੀਤਾ, ਨਾ ਹੀ ਆਮ ਪਾਠੀਆਂ ਵਾਂਗ ਦਿਨੇ ਰਾਤ ਅਖੰਡ ਪਾਠ, ਸਹਿਜ ਪਾਠ ਹੀ ਕੀਤੇ, ਜਿਸ ਕਰ ਕੇ ਪਾਠ ਦਾ ਮੁਹਾਵਰਾ ਭੀ ਵੱਧਦਾ ਹੈ। (ਕਿਉਂਕਿ ਦਾਸ ਨੂੰ ਬਾਬਾ ਜੀ ਨੇ ਵਰਜਤ ਕੀਤਾ ਸੀ ਕਿ ਬਾਣੀ ਨੂੰ ਰੋਜ਼ਗਾਰ ਦੇ ਤੌਰ ਤੇ ਨਾ ਵਰਤਣਾ) ਜਿਸ ਕਰ ਕੇ ਬਾਬਾ ਜੀ ਦੀ ਨਜ਼ਰਿ - ਇਨਾਇਤ ਦਾ ਸਦਕਾ, ਬੋਲ ਚਾਲ ਵਿਚ ਭੀ ਸੁਤੇ ਸਿੱਧ ਹੀ ਬਾਣੀ ਆਪ ਮੁਹਾਰੇ ਫੁਰ ਜਾਂਦੀ ਹੈ। ਹਰ ਗਲ ਵਿਚ ਬਾਣੀ ਦੇ ਪ੍ਰਮਾਣ ਫੁਰਨੇ, ਇਹ ਬਾਬਾ ਜੀ ਦੀ ਬਖਸ਼ਸ਼ ਹੈ, ਮੇਰੀ ਮਿਹਨਤ ਜਾਂ ਵਡਿਆਈ ਨਹੀਂ। ਜੋ ਬਾਬਾ ਜੀ ਦੀ ਜੀਵਨੀ ਵਿਚ ਪਾਠਕ ਜਨ ਜਾਣ ਸਕਣਗੇ।

੨. ਗੁਰਬਾਣੀ ਦੀਆਂ ਪੋਥੀਆਂ ਲਿਖਣੀਆਂ

ਬਾਬਾ ਜੀ ਨੇ ਗੁਰਬਾਣੀ ਲਿਖਣ 'ਧੰਨ ਲਿਖਾਰੀ .. ...' ਦੀ ਬਖਸ਼ਸ਼ ਕੀਤੀ। ਸ੍ਰੀ ਸਰਬ ਲੋਹ ਗ੍ਰੰਥ, ਦੁਸਹਿਰਾ ਮਹਾਤਮ, ਚੰਡੀ ਦੀ ਵਾਰ ਦੀਆਂ ਕਈ ਪੋਥਆਂ, ਅਤੇ ਇਸ ਦੇ ਨਾਲ ਜਪੁਜੀ ਸਾਹਿਬ, ਜਾਪ ਸਾਹਿਬ, ਉਸਤਤਿ ਖਾਲਸਾ, ਆਰਤੀ ਆਰਤੇ ਇਤਿ ਆਦਿ ਕਈ ਪੋਥੀਆਂ ਲਿਖਵਾ ਕੇ 'ਲਿਖਾਰੀ' ਦੀ ਅਜਿਹੀ ਬਖਸ਼ਸ਼ ਕੀਤੀ ਕਿ ਸ੍ਰੋਮਣੀ ਪੰਥ ਬੁੱਢਾ ਦਲ ਨਿਹੰਗ ਸਿੰਘ ਦੇ ਕਲਾਧਾਰੀ ਜਥੇਦਾਰ ਬਾਬਾ ਸਾਹਿਬ ਸਿੰਘ ਜੀ ਨੇ ਲਿਖਾਰੀ ਦਾ ਖਿਤਾਬ ਹੀ ਨਹੀਂ ਸਗੋਂ ਬਾਬਾ ਜੀ ਦੇ ਬਚਨਾਂ ਨੂੰ ਸਾਕਾਰ ਕਰ ਕੇ ਵੀ ਵਿਖਾਇਆ ਅਤੇ ਦਾਸ ਨੂੰ ਬੁੱਢੇ ਦਲ ਦੇ ਲਿਖਾਰੀ ਦਾ ਪਦਵੀ ਬਖਸ਼ੀ।

੩. ਕੀਰਤਨ ਦੀ ਦਾਤ

ਇਕ ਦਿਨ ਰਾਗੀ ਜੱਥਾ, ਸੋ ਸਵੇਰੇ ਸ਼ਾਮ ਕੀਰਤਨ ਦੀ ਹਾਜ਼ਰੀ ਭਰਦਾ ਸੀ, ਪੰਜਾਬ ਚਾਲੇ ਪਾ ਗਿਆ। ਦੁਪਹਿਰ ਦਾ ਵਕਤ ਸੀ। ਅਸੀਂ ਆਪਣੇ ਬੁੰਗੇ ਵਿਚ ਤਿੰਨੇ (ਮੈਂ, ਭਾਈ ਰਣ ਸਿੰਘ ਜੀ ਤੇ ਭਾਈ

ਹਰਦਮ ਸਿੰਘ ਢੁਲਕਈਆਂ) ਤਿੰਨੇ ਹੱਸ ਖੇਡ ਰਹੇ ਸਾਂ। ਭਾਈ ਰਣ ਸਿੰਘ ਜੀ ਬਹੁਤ ਹੱਸਮੁਖੇ ਸਨ। ਮੈਨੂੰ ਪਏ ਪਏ ਨੂੰ ਲੱਤਾਂ ਮਾਰ ਮਾਰ ਕੇ ਬਾਹਰ ਭੱਜਾ ਦਿਤਾ। ਜਦ ਮੈਂ ਬੁੰਗੇ ਚੋਂ ਬਾਹਰ ਨਿਕਲਿਆ ਤਾਂ ਬਾਹਰਵਾਰ ਰਾਮਫਲ ਦਰਖਤ ਦੇ ਹੇਠਾਂ ਬਾਬਾ ਜੀ ਖੜੇ ਮੁਸਕਰਾ ਕਰੇ ਸਨ। ਮੈਂ ਡਰਦਾ ਝੱਟ ਬੁੰਗੇ ਅੰਦਰ ਵੜ ਗਿਆ ਤੇ ਸਾਥੀਆਂ ਨੂੰ ਕਿਹਾ–ਬਾਬਾ ਜੀ! ਸਾਰੇ ਅਸੀਂ ਦੁਮਾਲੇ ਤੇ ਬਸਤਰ ਝਾੜ ਕੇ ਬਾਹਰ ਨਿਕਲੇ, ਤਾਂ ਬਾਬਾ ਜੀ ਸਾਹਮਣੇ ਬਾਗ ਵਿਚ ਖੜੇ ਸਨ ਜੋ ਸਾਡੇ ਬੁੰਗੇ ਤੋਂ ਚੜ੍ਹਦੇ ਨਦੀ ਕਿਨਾਰੇ ਵਲ ਬੁੰਗੇ ਤੋਂ ਤਕਰੀਬਨ ੫੦ ਕੁ ਕਰਮਾਂ ਦੀ ਵਿੱਥ ਤੇ ਸੀ, ਅਸਾਂ ਤਿੰਨਾਂ ਨੇ ਉਥੇ ਜਾ ਕੇ ਨਮਸ਼ਕਾਰ ਕੀਤੀ, ਬਾਬਾ ਜੀ ਨੇ ਸਾਡੀ ਖ਼ਰਮਸਤੀ ਨੂੰ ਨਾ ਚਿਤਾਰਦਿਆਂ ਨਾ ਡਾਂਟਿਆਂ, ਕਿ ਤੁਸੀਂ ਕੀ ਖ਼ਰਮਸਤੀਆਂ ਕਰਦੇ ਸੀ? ਸਗੋਂ ਮੁਸਕਰਾਂਦੇ ਹੋਏ ਕਿਹਾ–ਭਾਈ ਕੀਰਤਨ ਕਰਨ ਵਾਲਾ ਸਿੰਘ ਪੰਜਾਬ ਚਲਾ ਗਿਆ ਹੈ। ਮਾਤਾ ਜੀ ਦੀ ਸ਼ਾਮ ਦੇ ਕੀਰਤਨ ਦੀ ਹਾਜ਼ਰੀ ਕੌਣ ਭਰੇਗਾ।

ਦਾਸ–(ਹੱਥ ਜੋੜ ਕੇ ਬੇਨਤੀ ਕਰਦੇ ਹੋਏ) ਕਿ ਬਾਬਾ ਜੀ ਜਿਸ ਨੂੰ ਹੁਕਮ ਕਰੋਗੇ?

ਬਾਬਾ ਜੀ–ਚੰਗਾ ਮਾਤਾ ਜੀ ਦੀ ਹਾਜ਼ਰੀ (ਕੀਰਤਨ) ਦੀ ਸ਼ਾਮ ਨੂੰ ਭਰਿਓ।

ਦਾਸ–ਸਤਿਬਚਨ! ਕਹਿ ਕੇ ਅਸਾਂ ਸਾਰਿਆਂ ਨੇ ਬਾਬਾ ਜੀ ਨੂੰ ਨਮਸ਼ਕਾਰ ਕਰ ਕੇ ਉਹਨਾਂ ਦੇ ਮਗਰ ਹੀ ਮੁੜ ਆਏ।

ਬੁੰਗੇ ਵਿਚ ਆ ਕੇ ਮੈਂ ਸੋਚੀਂ ਪੈ ਗਿਆ ਕਿ ਭੜਵਿਆ! ਸਤਿਬਚਨ ਤਾਂ ਤੂੰ ਕਹਿ ਦਿਤਾ, ਪਰ ਨਾ ਤੈਨੂੰ ਵਾਜਾ ਵਜਾਉਣਾ ਆਵੇ, ਨਾ ਕੀਰਤਨ, ਫਿਰ ਹਾਜ਼ਰੀ ਕਿਵੇਂ ਭਰੇਂਗਾ? ਭਾਵੇਂ ਮੈਂ ਇਹਨਾਂ ਸੋਚਾਂ ਵਿਚ ਕਾਫੀ ਉਲਝਿਆ ਸਾਂ, ਪਰੰਤੂ ਮੇਰੇ ਅੰਤਸ਼ਹਕਰਨ ਵਿਚ ਇਕ ਖੁਸ਼ੀ ਜੇਹੀ ਮਹਿਸੂਸ ਹੋ ਰਹੀ ਸੀ। ਭਾਵੇ ਮਹਾਂਪੁਰਸ਼ਾਂ ਦੀ ਇਸ ਰਮਜ਼ ਨੂੰ ਸਮਝਣਾ ਤਾਂ ਅਤਿ ਕਠਨ ਸੀ। ਪਰ ਇਉਂ ਪਰਤੀਤ ਹੋ ਰਿਹਾ ਸੀ ਜਿਵੇਂ ਬਾਬਾ ਜੀ ਆਪ ਤਰੁੱਠ ਕੇ ਤੈਨੂੰ ਕੀਰਤਨ ਦੀ ਦਾਤ ਬਖਸ਼ਣ ਆਏ ਸਨ। ਹਿੰਮਤ ਕਰ! ਵਿਸ਼ਵਾਸ ਕਰ! ਤੇ ਦ੍ਰਿੜਤਾ ਨਾਲ ਲੱਗੀ ਸੇਵਾ ਨੂੰ ਨਿਭਾਣ ਦਾ ਯਤਨ ਤਾਂ ਕਰ, ਸੱਠ - ਸੱਤਰ ਸਿੰਘ ਹੋਰ ਭੀ ਤਾਂ ਅਸਥਾਨ ਤੇ ਰਹਿੰਦੇ ਹਨ। ਹੋਰ ਕਿਸੇ ਨੂੰ ਬਾਬਾ ਜੀ ਨੇ ਨਹੀਂ ਕਿਹਾ। ਇਹ ਤਾਂ ਮਹਾਂਪੁਰਸ਼ਾਂ ਦੀ ਤੇਰੇ ਤੇ ਮਿਹਰ ਹੈ ਕਿ ਜਿਸ ਨੂੰ ਦਾਤ ਬਖਸ਼ਣੀ ਹੋਵੇ ਬਖਸ਼ ਦੇਂਦੇ ਹਨ। ਫਿਰ ਕਮਲਿਆ ਤੇਰੇ ਬੁੰਗੇ ਪਾਸ ਆ ਕੇ ਬਖਸ਼ਸ਼ਾਂ ਕਰਨ ਆਏ ਹਨ।

ਸ਼ਾਮ ਨੂੰ ਰਹਰਾਸਿ ਸਾਹਿਬ ਦੀ ਚੌਂਕੀ (ਕੀਰਤਨ) ਦਾ ਸਮਾਂ ਆ ਗਿਆ। ਬਾਬਾ ਜੀ ਸਤਿਗੁਰੂ ਜੀ ਦੇ ਹਜ਼ੂਰ ਰੋਜ਼ਾਨਾ ਵਾਂਗ ਚੌਰ ਕਰਨ ਲੱਗ ਪਏ। ਦਾਸ ਨੇ ਵਾਜਾ ਖੋਲ੍ਹਿਆ, ਭਾਈ ਹਰਦਮ ਸਿੰਘ ਜੀ ਨੇ ਢੋਲਕੀ (ਜੋ ਚੰਗੇ ਢੁਲਕਈਆ ਸਨ) ਤੇ ਭਾ ਗੱਜਣ ਸਿੰਘ ਜੀ (ਜੋ ਸੂਰਮਾ ਸਿੰਘ ਸਨ ਤੇ ਚਿਮਟਾ ਵਜਾਂਦੇ ਸਨ) ਨੇ ਚਿਮਟਾ ਲੈ ਲਿਆ। ਮੈਨੂੰ ਤਾਂ ਵਾਜੇ ਤੇ ਉਂਗਲੀਆਂ ਭੀ ਧਰਨੀਆਂ ਨਹੀਂ ਸਨ ਆਉਂਦੀਆਂ। ਜੇ ਪੱਖਾ ਫੇਰਦਾ ਤਾਂ ਉਂਗਲ ਨਾ ਚਲਦੀ। ਜੇ ਸੁਰ ਦਬਾਉਂਦਾ ਤਾਂ ਪੱਖਾ ਨਾ ਚਲਾਇਆ ਜਾਵੇ। ਸ਼ਬਦ ਭਾਈ ਗੱਜਣ ਸਿੰਘ ਜੀ ਨੇ ਸਿਧੀ ਧਾਰਨਾ ਵਿਚ ਪੜ੍ਹਨਾ ਸ਼ੁਰੂ ਕੀਤਾ। ਪਰ ਮੈਂ ਬੇ - ਸੁਰਾ ਹੀ ਚਲਣਾ ਸੀ। ਕਦੀ ਕਦੀ ਮੈਂ ਬਾਬਾ ਜੀ ਵਲ ਝਾਕ ਲੈਂਦਾ। ਬਾਬਾ ਜੀ ਭੀ ਨੂਰੀ ਚਿਹਰੇ ਤੋਂ ਨੀਝ ਦਾਸ ਵਲ, ਜਿਵੇਂ

ਸੂਰਜ ਆਪਣੀਆਂ ਤੇਜ ਮਈ ਕਿਰਨਾਂ ਧਰਤੀ ਤੇ ਪਸਾਰਦਾ ਹੈ। ਤਿਵੇਂ ਬਾਬਾ ਜੀ ਅਗੰਮੀ ਬਖਸ਼ਸ਼ਾਂ ਦੀ ਫੁਹਾਰ ਦਾਸ ਅੰਦਰ ਸਿੰਚ ਰਹੇ ਸਨ।

ਭਾਈ ਗੱਜਣ ਸਿੰਘ ਜੀ ਨੇ ਸਮਝ ਲਿਆ ਕਿ 'ਲਿਖਾਰੀ ਸਿੰਘ' ਨੂੰ ਵਾਜਾ ਨਹੀਂ ਆਉਂਦਾ। ਮੈਨੂੰ ਕਹਿਣ ਲਗੇ–ਤੁਸੀਂ ਇਕ ਸੁਰ ਨੂੰ ਦਬਾ ਕੇ ਰੱਖੋ। ਸ਼ਾਮ ਦੇ ਕੀਰਤਨ ਦੀ ਚੌਂਕੀ ਭਰ ਲੈਂਦੇ ਹਾਂ। ਸ਼ਾਮ ਦਾ ਨਿੱਤਨੇਮ ਤਾਂ ਹੋ ਗਿਆ। ਪਰ ਦਾਸ ਨੂੰ ਸਵੇਰ ਦੇ ਕੀਰਤਨ ਦਾ ਫਿਕਰ ਆਣ ਲੱਗਾ–ਕਿ ਆਸਾ ਜੀ ਦੀ ਵਾਰ ਨਾ ਤਾਂ ਮੈਨੂੰ ਯਾਦ ਸੀ ਤੇ ਨਾ ਹੀ ਵਾਜਾ। ਸਵੇਰ ਦਾ ਕੀਰਤਨ ਆਸਾ ਜੀ ਦੀ ਵਾਰ ਢੂਲਕੀਏ ਤੇ ਚਿਮਟੇ ਵਾਲੇ ਸਾਥੀ ਨੇ ਇਕ ਸੁਰ ਨੱਪਣ ਨਾਲ ਹੀ ਕਰ ਲਈ।

ਕੀਰਤਨ ਨਿਰਮੋਲਕ ਹੀਰਾ

ਮੈਂ ਇਸ 'ਕੀਰਤਨ ਨਿਰਮੋਲਕ ਹੀਰਾ' ਦੀ ਬਖਸ਼ਸ਼ ਸਮਝ ਕੇ ਮਨ ਅੰਦਰ ਉਤਸ਼ਾਹ ਜਿਹਾ ਭਰ ਗਿਆ। ਦਿਨ ਰਾਤ ਇਕ ਕਰ ਕੇ ਦੋ ਦਿਨਾਂ ਵਿਚ ਆਸਾ ਜੀ ਦੀ ਵਾਰ ਜ਼ਬਾਨੀ ਯਾਦ ਹੋ ਗਈ। ਤੇ ਪੰਜਵੇਂ ਕੁ ਦਿਨ, ਵਾਜੇ ਦੀ ਸੁਰ ਲੈ (ਭਾਵੇਂ ਸਿਧੀਆਂ ਧਾਰਨਾਂ ਹੀ ਸਨ] ਆਪਣੇ ਆਪ ਹੀ ਸੁਰ ਹੋ ਗਈ। ਇਹ ਸੀ ਬਖਸ਼ਸ਼ ਜਿਵੇ–

ਘਾਲ ਨ ਮਿਲਿਓ ਸੇਵ ਨ ਮਿਲਿਓ ਮਿਲਿਓ ਆਇ ਅਚਿੰਤ ॥

[ਧਨਾਸਰੀ ਮ: ੫, ਪੰਨਾ ੬੭੨

ਅਚਿੰਤ ਦਾਤ, ਜਿਸ ਦਾ ਨਾ ਕਦੇ ਫੁਰਨਾ ਸੀ, ਨਾ ਕੋਈ ਯਤਨ ਅਤੇ ਨਾ ਹੀ ਇਹ ਦਾਤ ਪ੍ਰਾਪਤ ਕਰਨ ਲਈ ਕੋਈ ਘਾਲ ਕਮਾਈ, ਨਾ ਹੀ ਕੋਈ ਸੇਵਾ ਹੀ ਅਜੇ ਕੀਤੀ ਸੀ।

ਜਿਥੇ ਮਹਾਂਪੁਰਸ਼ਾਂ ਨੇ 'ਲਿਖਾਰੀ' ਦਾ ਮਾਨ ਬਖਸ਼ਿਆ, ਉਥੇ ਅਚਿੰਤੇ ਕੀਰਤਨ ਦੀ ਦਾਤ ਬਖਸ਼ ਕੇ, ਦਾਸ ਦੇ ਭਾਂਡੇ (ਸਰੀਰ) ਨੂੰ ਹੋਰ ਭਰ ਦਿਤਾ। ਜਿਥੇ ਗੁਰਮਤਿ ਦੀ ਸੋਝੀ ਬਖਸ਼ੀ, ਉਥੇ ਅੰਤਸ਼ਹ ਕਰਨ ਵਿਚ ਇਤਨੀ ਸੂਝ ਪ੍ਰਦਾਨ ਕੀਤੀ ਕਿ ਕੋਈ ਭੀ ਗੁਣ ਦੇਖਣ ਤੋਂ ਗ੍ਰਹਿਣ ਹੋ ਜਾਂਦਾ ਹੈ। ਗੁਰੂ ਘਰ ਅਤੇ ਹੋਰ ਇਮਾਰਤਾਂ ਦੇ ਨਕਸ਼ੇ, ਸੰਗਮਰਮਰ ਤੇ ਨਾਮ ਖੁਦਾਈ ਕਰਨੇ, ਲੇਖ ਲਿਖਣ ਦੀ ਸ਼ੈਲੀ–ਭਾਵ ਬਾਬਾ ਜੀ ਨੇ ਜੋ ਜੋ ਵਸਤੂ (ਗੁਣ) ਇਸ ਸਰੀਰ ਰੂਪ ਭਾਂਡੇ ਵਿਚ ਸਮਾ ਸਕਦਾ ਸੀ, ਭਰਿਆ। ਅਤੇ ਕਈ ਗੁਰਮਤਿ ਪੰਧ ਦੇ ਗੋਹੜ ਭਾਵਾਂ ਤੋਂ ਗਿਆਤ ਕੀਤਾ। ਜੋ ਇਸ ਜੀਵਨੀ ਵਿਚ ਪੜ੍ਹ ਰਹੇ ਹੋ!

ਇਹ ਸਭ ਉਹਨਾਂ ਮਹਾਂਪੁਰਸ਼ਾਂ ਦੀਆਂ ਹੀ ਬਖਸ਼ਸ਼ਾਂ ਹਨ। ਦਾਸ ਦੀ ਇਸ ਵਿਚ ਕੋਈ ਆਪਣੀ ਨਾ ਚਤੁਰਤਾ ਹੈ ਤੇ ਨਾ ਹੀ ਵਡਿਆਈ। ਪਰ 'ਜਿਸ ਨੋ ਦੇਵੈ ਦਇਆ ਕਰ...॥' ਭਾਵੇਂ ਮੈਂ ਅਜੇ ਅਲ੍ਹੜ ਉਮਰੇ ਸਾਂ, ਮਹਾਂਪੁਰਖਾਂ ਦੀ ਸੇਵਾ ਜਿਵੇਂ ਕਰਨੀ ਚਾਹੀਦੀ ਸੀ, ਉਸ ਯੋਗ ਤਾਂ ਨਹੀਂ ਸੀ, ਪਰ ਫਿਰ ਭੀ ਉਹਨਾਂ ਨੇ ਸੁਤੇ ਤਰੁੱਠ ਕੇ ਦਾਤਾਂ ਬਖ਼ਸ਼ੀਆਂ। ਇਹ ਜਗਤ ਮਾਤਾ–ਮਾਤਾ ਸਾਹਿਬ ਕੌਰਾਂ ਜੀ (ਸੱਚਖੰਡ ਸ੍ਰੀ ਹਜ਼ੂਰ ਸਾਹਿਬ) ਦੇ ਅਸਥਾਨ ਦੀ ਸੇਵਾ ਦੀ ਮਹੱਤਤਾ ਹੈ।

ਬਾਗ਼ ਲਾਉਣ ਦੀ ਇੱਛਾ

ਹਰ ਜੀਵ ਦੀ ਕੋਈ ਨਾ ਕੋਈ ਲਗਨ, ਚੇਸ਼ਟਾ ਜ਼ਰੂਰ ਹੁੰਦੀ ਹੈ। ਕੋਈ ਪਸ਼ੂਆਂ ਨਾਲ ਪਿਆਰ ਕਰਦਾ ਹੈ, ਤੇ ਕੋਈ ਪੰਛੀਆਂ ਨਾਲ। ਕੋਈ ਬਿਉਪਾਰ ਤੇ ਕੋਈ ਪਰਉਪਕਾਰ ਕਰਨ ਦੀ ਲਗਨ ਰੱਖਦਾ ਹੈ। ਕਿਸੇ ਅੰਦਰ ਸ਼ੌਕ ਬਾਗ ਲਾਉਣ [ਫਲ ਫੁੱਲ] ਦੀ ਲਾਣ ਦਾ ਹੁੰਦਾ ਹੈ। ਕਾਦਰ ਦੀ ਹਰ ਕੁਦਰਤ ਪ੍ਰੇਮ, ਪਿਆਰ ਵਿਚ ਗੁੰਦਨ ਕੀਤੀ ਹੋਈ ਹੈ। ਕੋਈ 'ਸੱਜਣ' (ਪ੍ਰਭੂ) ਦਾ ਚਾਹਵਾਨ ਹੈ। ਸੱਚ ਦਾ ਉਪਾਸ਼ਕ ਅਤੇ ਕੋਈ ਸੰਸਾਰਕ ਹੁਸਨ - ਇਸ਼ਕ ਦਾ ਮਤਵਾਲਾ। ਹਰ ਮਨੁਸ਼ ਆਪਣੇ ਸ਼ੌਂਕ ਵਿਚ ਗਲਤਾਨ ਰਹਿੰਦਾ ਹੈ। ਇਸੇ ਤਰ੍ਹਾਂ ਮੇਰੀ ਚੇਸ਼ਟਾ ਫਲ ਤੇ ਫੁੱਲਾਂ ਨਾਲ ਵਧੇਰੇ ਰਹੀ ਹੈ ਤੇ ਹੁਣ ਵੀ ਹੈ। ਜਿਥੇ ਭੀ ਸਤਿਗੁਰਾਂ ਨੇ ਦਾਸ ਨੂੰ ਸੇਵਾ ਦਾ ਸੁਭਾਗ ਬਖ਼ਸ਼ਿਆ–ਫਲ ਫੁੱਲ ਲਾਉਣ ਦਾ ਸ਼ੌਂਕ ਰਿਹਾ ਹੈ।

ਇਸੇ ਤਰ੍ਹਾਂ ਦਾਸ ਨੇ ਮਾਤਾ ਜੀ ਦੇ ਅਸਥਾਨ ਤੇ ਭੀ ਬਾਗ ਲਾਉਣ ਦਾ ਸੰਕਲਪ ਬਣਾਇਆ। ਹੁਣ ਬਣੀ ਸਰਾਂ ਦੇ ਤੇ ਮਾਤਾ ਜੀ ਦੇ ਅਸਥਾਨ ਦੇ ਵਿਚਾਲੇ ਸੜਕ ਦੇ ਨਾਲ ਬਾਗ ਲਾਣ ਦੀ ਰੁਚੀ ਨਾਲ ਸੜਕਾਂ ਬਣਾਈਆਂ ਤੇ ਖਾਲੀਆਂ। ਇਹ ਥਾਂ ਖੂਹ ਦੀ ਮਨ ਨਾਲੋਂ ਉਚੀ ਸੀ ਤੇ ਵਿਚਾਲੇ ਨਿਵਾਣ ਭੀ ਸੀ। ਇਸ ਕਰ ਕੇ ਰੇੜ੍ਹਾ ਬਣਾ ਕੇ ਮਿੱਟੀ ਸੁੱਟ ਕੇ ਉਚਾ ਕੀਤਾ। ਪੱਥਰ ਲਾ ਕੇ ਪਾਣੀ ਬਗੀਚੇ ਵਿਚ ਲਿਜਾਣ† ਲਈ

† ਸਿੰਘਾਂ ਦੇ ਮੇਰੇ ਬਾਰੇ ਵਿਚਾਰ–ਜ਼ਮੀਨ ਪੁੱਟਦਾ ਤਾਂ ਸਾਰੇ 'ਜੱਟ' ਕਹਿੰਦੇ। ਜਦ ਸੰਦ ਲੈ ਕੇ ਲਕੜੀ ਦੀ ਰੇੜ੍ਹੀ ਤੇ ਪੱਥਰ ਲਾ (ਕਾਂਡੀ, ਤੇਸੀ ਵਰਤੀ ਤਾਂ ਕਾਰੀਗਰ ਤਰਖਾਣ ਕਹਿਣ ਲਗੇ। ਇਕ ਸਾਲ ਬਾਅਦ ਘਰੋਂ ਚਿਠੀ ਆਈ ਤਾਂ ਪਤਾ ਲਗਾ 'ਜੱਟ' ਹੈ।

ਇਹ ਸੀ ਮੇਰਾ ਰੁਝਾਨ, ਲਗਨ। ਸੰਥਾ ਤੇ ਪੋਥੀਆਂ ਲਿਖਣ ਤੋਂ ਵਿਹਲਾ ਵਕਤ ਬਗੀਚੇ ਵਿਚ ਰੁੱਝਾ ਹੋਇਆ ਕਈ ਵਾਰੀ ਅਜਿਹਾ ਮਗਨ ਹੁੰਦਾ ਕਿ ਦੁਪਹਿਰੇ ਲੰਗਰ ਦੇ ਨਗਾਰੇ ਵਜਣ ਦੀ ਆਵਾਜ਼ ਭੀ ਨਾ ਸੁਣ ਪੈਂਦੀ। ਆਖਰ ਬਾਬਾ ਜੀ ਆਪ ਆ ਕੇ ਆਵਾਜ਼ ਮਾਰਦੇ–ਲਿਖਾਰੀ ਸਿੰਘ ਜੀ! ਚੱਲ ਕੇ ਲੰਗਰ ਛੱਕੋ। ਇਸ ਕੰਮ ਨੂੰ ਪਹਿਲ ਦਿਆ ਕਰੋ। ਅੰਨ ਦੇਵਤੇ ਦਾ ਆਦਰ ਕਰਨਾ ਚਾਹੀਦਾ ਹੈ। ਸਾਰੇ ਕੰਮ ਤਾਂ ਇਸੇ ਲੰਗਰ ਕਰ ਕੇ ਹੀ ਕਰੀਦੇ ਹਨ।

ਬਾਬਾ ਜੀ ਸਿੰਘਾਂ ਨਾਲ ਇਵੇਂ ਪਿਆਰ ਕਰਦੇ ਸਨ ਜਿਵੇਂ ਮਾਂ ਬੱਚੇ ਨਾਲ ਕਰਦੀ ਹੈ।

ਇਹ ਮਹਾਂਪੁਰਸ਼ਾਂ ਨੇ ਦਰਸਾਇਆ ਹੈ ਕਿ–ਮਰਯਾਦਾ ਮੁਤਾਬਕ ਆਸਾ ਜੀ ਦੀ ਵਾਰ ਦਾ ਭੋਗ ਸੂਰਜ ਦੀ ਟਿੱਕੀ ਨਿਕਲਣ ਤੋਂ ਪਹਿਲਾਂ ਪੈਣਾ ਚਾਹੀਦਾ ਹੈ। ਦਾਸ ਨੂੰ ਇਕ ਦਿਨ ਸੰਗਤ [ਯਾਤ੍ਰੀਆਂ] ਦੇ ਕਾਰਨ ਕੀਰਤਨ ਕਰਦਿਆਂ, ਸੂਰਜ ਦੀ ਟਿੱਕੀ ਨਿਕਲ ਆਈ, ਭੋਗ ਪਾਇਆ। ਬਾਬਾ ਜੀ ਨੇ ਦਾਸ ਨੂੰ ਉਸ ਵਕਤ ਤਾਂ ਕੁਝ ਨਾ ਕਿਹਾ, ਪਰ ਸੰਥਾ ਲੈਣ ਸਮੇਂ ਬਚਨ ਕੀਤਾ ਕਿ ਆਸਾ ਜੀ ਦੀ ਵਾਰ ਦੇ ਭੋਗ ਦਾ ਸਮਾਂ ਸੂਰਜ ਦੀ ਟਿੱਕੀ ਨਿਕਲਣ ਤੋਂ ਪਹਿਲਾਂ (ਪਹੁ - ਫੁਟਾਲਾ) ਹੈ। ਫਿਰ ਬਾਅਦ ਵਿਚ ਮੱਖੀ ਭੀ ਉੱਠ ਖਲੋਂਦੀ ਹੈ ਤੇ ਸਤਿਗੁਰਾਂ ਲਈ ਤਿਆਰ ਕੀਤੇ ਕੜਾਹ ਪ੍ਰਸ਼ਾਦਿ ਤੇ ਬੈਠ ਜਾਣ ਕਾਰਨ ਪ੍ਰਸ਼ਾਦਿ ਭੋਗ ਯੋਗ ਨਹੀਂ ਰਹਿੰਦਾ।

ਦੂਜੇ ਪਾਸੇ ਵੇਖਿਆ ਕਿ ਜੇਕਰ ਕੜਾਹ ਪ੍ਰਸ਼ਾਦਿ ਸੀਤਲ ਹੋ ਚੁਕਿਆ ਹੈ ਤਾਂ ਹੇਠਾਂ ਅੱਗ ਰੱਖਣੀ, ☞

ਨਾਲੀ ਬਣਾਈ, ਇਹ ਮੇਰਾ ਰੁਝਾਨ ਵੇਖ ਕੇ, ਬਾਬਾ ਜੀ ਨੇ ਕਦੀ ਭੀ ਨਾ ਟੋਕਿਆ ਅਤੇ ਨਾ ਹੀ ਵਰਜਿਆ, ਇਉਂ ਵਿਹਲੇ ਸਮੇਂ 'ਚ ਦਾਸ ਦਾ ਸੇਵਾ ਦਾ ਰੁਝਾਨ ਬਣ ਗਿਆ।

ਜਗਤ-ਮਾਤਾ—ਮਾਤਾ ਸਾਹਿਬ ਕੌਰਾਂ ਜੀ ਦੀਆਂ ਬਖਸ਼ਸ਼ਾਂ

ਦਾਸ ਤੇ ਮਹਾਨ ਬਖ਼ਸ਼ਸ਼ ਮਾਤਾ ਜੀ ਨੇ ਇਹ ਕੀਤੀ–ਜੋ ਇਸ ਮਹਾਨ ਕਾਲ ਜੀ ਦੀ ਮਹਾਨ ਸ਼ਕਤੀ ਅਸਥਾਨ ਤੇ ਅੰਮ੍ਰਿਤ ਵੇਲੇ ਦਾ ਜਾਗਣ ਲਈ, ਆਪਣੀ ਸੇਵਾ ਕਰਨਾ ਪ੍ਰਦਾਨ ਕਰ ਦਿਤਾ।

ਜੋ ਅਸੀਂ ਦੋਵੇਂ ਮੇਰੇ ਗੁਰਭਾਈ ਭਾਈ ਰਣ ਸਿੰਘ ਜੀ, ਅੰਮ੍ਰਿਤ ਵੇਲੇ ਦੋ ਵਜੇ ਉੱਠਣ ਦਾ ਬਲ ਬਖਸ਼ਸ਼ ਕੀਤਾ। ਨਗਾਰਾ ਵਜਾ ਕੇ ਜੋ ਸਾਰੇ ਸਿੰਘਾਂ ਨੂੰ ਉੱਠਣ ਦਾ ਸੱਦਾ ਹੁੰਦਾ। ਨਦੀ ਦੇ ਤੱਟ ਤੇ ਜਾ ਕੇ ਇਸ਼ਨਾਨ ਕਰ ਕੇ, ਦੁਮਾਲੇ ਝੁਲਾ ਕੇ, ਦਾਸ ਨੂੰ ਤਾਂ ਮਾਤਾ ਜੀ ਨੇ, ਸਤਿਗੁਰੂ ਜੀ (ਆਦਿ–ਦਸਮ ਤੇ ਸਰਬ ਲੋਹ ਗਰੰਥਾਂ) ਦਾਂ ਪ੍ਰਕਾਸ਼ ਕਰ ਕੇ, ਆਸਾ ਜੀ ਦੀ ਵਾਰ ਦਾ ਕੀਰਤਨ, ਬਾਗ ਦਾ ਰੁਝੇਵਾਂ, ਪਿਛਲੇ ਪਹਿਰ ਸੰਥਾ ਕਰਨੀ, ਚਲ ਰਹੇ ਸਪਤਾਹਕ ਪਾਠ ਵਿਚ ਰੌਲ ਲਾਉਣ ਦਾ ਸੁਭਾਗ ਭੀ ਮਿਲਦਾ। ਸੰਥਾ ਸਮੇਂ ਸ੍ਰੀ ਸਰਬ ਲੋਹ ਗ੍ਰੰਥ ਵਿਚੋਂ ਰਫ ਕਾਗਜ਼ਾ ਜਾਂ ਸਲੇਟ ਤੇ ਬਾਣੀ ਲਿਖ ਲੈਣੀ। ਸ਼ਾਮ ਨੂੰ ਸ਼ਬਦ ਚੌਂਕੀ, ਰਹਰਾਸਿ ਦਾ ਪਾਠ, ਆਰਤੀ, ਆਰਤੇ ਦਾ ਉਚਾਰਨ ਸਭ ਸਿੰਘਾਂ ਨੇ ਮਿਲ ਕੇ ਕਰਨਾ, ਉਪਰੰਤ ਟੀਨਾਂ ਦੇ ਪਰਕਾਸ਼ ਅਸਥਾਨ, [ਜੋ ਹੁਣ ਵੀ ਮੌਜੂਦ ਹੈ) ਤੋਂ ਚੌਕੀ ਪਰਕਰਮਾ ਸ਼ਬਦ ਕੀਰਤਨ ਅਰੰਭ ਕਰ ਕੇ, ਮਾਤਾ ਜੀ ਦੇ ਅਸਥਾਨ ਦੀ ਪਰਕਰਮਾ ਕਰ ਕੇ ਵਾਪਸ ਆ ਕੇ, ਅਰਦਾਸ ਕਰ ਕੇ, ਹੁਕਮਨਾਮਾ ਲੈ ਕੇ, ਕੀਰਤਨ ਸੋਹਿਲਾ ਪੜ੍ਹ ਕੇ ਸੁਖ ਆਸਣ ਕਰ ਨੇ। ਉਪਰੰਤ ਲੰਗਰ ਛੱਕ ਕੇ, ਰਾਤ ਨੂੰ ਬੁੰਗੇ ਵਿਚ ਲਾਲਟੈਣ ਦੇ ਚਾਨਣ ਵਿਚ (ਉਸ ਸਮੇਂ ਬਿਜਲੀ ਨਹੀਂ ਸੀ) ਸਰਬ ਲੋਹ ਦੀ ਬਾਣੀ ਸੁਥਰੇ ਕਾਗਜ਼ਾਂ ਤੇ ਸੁਧਰੇ ਅੱਖਰਾਂ ਵਿਚ ਲਿਖਣੀ। ਕਈ ਵਾਰੀ ਤਾਂ ਰਾਤ ਨੂੰ ੧੨–੧ ਭੀ ਵੱਜ ਜਾਣਾ। ੨ ਵਜੇ ਫਿਰ ਉੱਠ ਖਲੋਣਾ। ਇਉਂ ਜਗਤ ਮਾਤਾ-ਮਹਾਨ ਸ਼ਕਤਿ ਦੀਆਂ ਬਖਸ਼ਸ਼ਾਂ ਸਦਕਾ, ਮਨ ਬੁੱਧ ਦਾ ਤੇ ਤਨ (ਸਰੀਰ) ਦਾ ਨਿਤਾਪ੍ਰਤੀ ਸੇਵਾ ਦਾ ਰੁਝੇਵਾਂ ਬਣ ਗਿਆ। ਜੋ ੧੯੩੬ ਤੋਂ ੧੯੪੦ ਤਕ ਬਿਨਾਂ - ਨਾਗਾ ਮਹਾਨ ਸੇਵਾ ਦਾ ਸੁਭਾਗ–ਜਗਤ ਮਾਤਾ ਜੀ ਤੇ ਮਹਾਂਪੁਰਸ਼ਾਂ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਮਿਲਿਆ।

ਜਵਾਰੀ ਵੱਢਣ ਸਮੇਂ ਸਿੰਘਾਂ ਦੀ ਅਲੋਚਨਾ ਤੇ ਬਾਬਾ ਜੀ ਦਾ ਫੁਰਮਾਨ

ਸ਼ੇਰਾਂ ਦੀ ਝੱਲ ਵਿਚ ਕਈ ਤਾਂ ਨਸਲੀ ਸ਼ੇਰ ਆਪਣੀ ਖਾਨਦਾਨੀ ਅਣਖ ਬਰਕਰਾਰ ਰੱਖਦੇ ਹਨ, ਤੇ ਕਈ ਦੋਗਲੇ ਝਲ ਵਿਚ ਰਹਿ ਕੇ ਭੀ ਆਪਣੇ ਸੁਭਾਅ ਦੀ ਕੁਵਰਤੋਂ ਕਰ ਕੇ 'ਖਾਨਦਾਨ' ਨੂੰ ਲਾਜ

☞ਤਾਂਕਿ ਭੋਗ ਲੱਗਣ ਯੋਗ ਹੋ ਜਾਵੇ। ਸੀਤਲ ਕੜਾਹ ਪ੍ਰਸ਼ਾਦਿ ਨੂੰ ਭੋਗ ਨਹੀਂ ਲੱਗਦਾ। ਕੜਾਹ ਪ੍ਰਸ਼ਾਦਿ ਹੱਥ ਸਹਿੰਦਾ ਗਰਮ ਹੋਵੇ ਤੇ ਉਸ ਵਿਚੋਂ ਸੁਗੰਧੀ (ਹਵਾੜ) ਆਉਣੀ ਚਾਹੀਦੀ ਹੈ। ਕਿਉਂਕਿ ਸੂਖਮ ਰੂਪ ਸਰੀਰ ਛੱਕਦੇ ਨਹੀਂ, ਕੇਵਲ ਹਵਾੜ (ਸੁਗੰਧੀ) ਹੀ ਲੈਂਦੇ ਹਨ। ਜਿਸ ਕਰ ਕੇ ਠੰਢੇ ਪ੍ਰਸ਼ਾਦਿ ਦਾ ਭੋਗ ਸਵੀਕਾਰ ਨਹੀਂ, ਤੇ ਨਾ ਹੀ ਬਹੁਤ ਗਰਮ ਪ੍ਰਸ਼ਾਦਿ ਨੂੰ ਭੋਗ ਲਾਇਆ ਜਾਵੇ।

ਇਹ ਸੀ ਬਖਸ਼ਸ਼–ਜੋ ਅਨਜਾਣ ਨੂੰ ਜਾਣਕਾਰੀ ਬਖਸ਼ੀ।

ਲਾਉਂਦੇ ਹਨ। ਇਸੇ ਤਰ੍ਹਾਂ ਅਸੀਂ ਗੁਰੂ ਧਾਰਨ ਕਰ ਕੇ ਬਾਣਾ ਪਹਿਣ ਕੇ, ਸਾਧ ਸੰਗਤ ਦੀ ਰੰਗਤ ਤੋਂ ਕੋਰੇ ਰਹਿ ਜਾਂਦੇ ਹਾਂ ਤੇ ਉਹੋ ਹੀ ਸੰਸਾਰਕ ਆਦਤਾਂ–ਚੁਗਲੀ, ਨਿੰਦਾ, ਈਰਖਾ, ਵਿਚ ਸੜੇ ਭੁੱਜੇ ਰਹਿੰਦੇ ਹਾਂ, ਅਤੇ ਆਪਣੀ ਫੋਕੀ ਭਬਕ ਮਾਰਨੋਂ ਨਹੀਂ ਰਹਿੰਦੇ।

ਜਦ ਜੁਵਾਰੀ ਕੱਟਣ ਦਾ ਸਮਾਂ ਆਉਂਦਾ ਤਾਂ ਬਾਬਾ ਜੀ ਸਵੇਰੇ ਜਲ - ਪਾਣੀ ਛੱਕ ਕੇ ਦਾਤਰੀ ਲੈ ਕੇ ਸਿੰਘਾਂ ਦੀ ਪੰਗਤ ਜੋ ਜਲ - ਪਾਣੀ ਛੱਕ ਰਹੀ ਹੁੰਦੀ, ਵਿਚੋਂ ਦੀ ਲੰਘ ਜਾਂਦੇ, ਤੇ ਚੁੱਪਕੇ ਚਰੀ (ਜਵਾਰੀ) ਦੇ ਖੇਤਾਂ ਵਿਚ ਜਵਾਰੀ ਵੱਢਣ ਲਗ ਜਾਂਦੇ। ਇਸੇ ਤਰ੍ਹਾਂ ਵੇਖੋ ਵੇਖੀ ਕਈ ਸਿੰਘ ਭੀ ਦਾਤ੍ਰੀਆਂ ਲੈ ਕੇ ਜਵਾਰੀ ਵੱਢਣ ਚਲੇ ਜਾਂਦੇ।

ਇਕ ਦਿਨ ਇਕ ਮਨਚਲੇ ਸਿੰਘ ਨੇ ਮੇਰੀ ਤੇ ਬਾਬੇ ਰਣ ਸਿੰਘ ਜੀ ਦੀ ਸ਼ਕਾਇਤ ਕੀਤੀ, (ਜਦ ਸਾਰੇ ਸਿੰਘ ਸ਼ਾਮ ਨੂੰ ਲੰਗਰ ਛੱਕਣ ਲਈ ਪੰਗਤ ਵਿਚ ਬੈਠੇ ਸਨ) ਕਿ ਬਾਬਾ ਜੀ ਲਿਖਾਰੀ ਸਿੰਘ ਅਤੇ ਦੇਗੀਆ ਸਿੰਘ, ਇਹ ਦੋਵੇਂ ਜਵਾਰੀ ਵੱਢਣ ਨਹੀਂ ਜਾਂਦੇ।

ਬਾਬਾ ਜੀ–ਹਾਂ ਭਾਈ ਸਿੰਘਾ, ਤੇਰੀ ਗੱਲ 16 ਆਨੇ ਸੱਚੀ ਹੈ। ਇਥੇ ਸਾਰਿਆਂ ਸਿੰਘਾਂ ਨੂੰ ਮਨ ਭਾਉਂਦੀ ਸੇਵਾ ਕਰਨ ਦਾ ਹੱਕ ਹੈ।

ਸ਼ਿਕਾਇਤੀ ਸਿੰਘ–(ਜੋ ਖੜਾ ਹੋ ਕੇ ਬਚਨ ਕਰ ਰਿਹਾ ਸੀ, ਨੇ ਜ਼ਰਾ ਕੜਕ ਕੇ) ਫਿਰ ਬਾਬਾ ਜੀ, ਇਹ ਦੋਵੇਂ ਆਕੜ ਕੇ ਇਥੇ ਹੀ ਛਾਵੇਂ ਬਹਿ ਰਹਿੰਦੇ ਹਨ, ਜਦ ਕਿ ਅਸੀਂ ਧੁੱਪੇ ਮਰਦੇ ਰਹਿੰਦੇ ਹਾਂ। ਨਾਲੇ ਘੱਟਾ ਫਕਦੇ ਹਾਂ, ਨਾਲੇ ਮਿੱਟੀ ਨਾਲ ਮਿੱਟੀ ਹੋ ਜਾਂਦੇ ਹਾਂ। ਆਪ ਇਹਨਾਂ ਨੂੰ ਕਿਉਂ ਨਹੀਂ ਕਹਿੰਦੇ ਕਿ ਇਹ ਭੀ ਜਵਾਰੀ ਵੱਢਣ ਲਈ ਖੇਤਾਂ ਵਿਚ ਜਾਇਆ ਕਰਨ।

ਬਾਬਾ ਜੀ– ਸਿੰਘਾ ! ਧੁੱਪੇ ਨਾ ਸੜਿਆ ਕਰ ਤੇ ਤੂੰ ਭੀ ਛਾਵੇਂ ਬੁੰਗੇ ਵਿਚ ਆਰਾਮ ਕਰਿਆ ਕਰ। ਕੋਈ ਤੈਨੂੰ ਕੁਝ ਕਹਿੰਦਾ ਏ ਕਿ ਤੂੰ ਸੇਵਾ ਕਰਿਆ ਕਰ। ਨਾਲੇ 'ਬਿਹੰਗਮ' ਹੀ 'ਮਹਾਕਾਲ' ਜਦ ਬਣ ਗਏ ਤਾਂ ਸੇਵਾ ਕਿਸ ਦੀ ਤੇ ਕਾਸ ਲਈ ?

ਸਿੰਘ– ਨਹੀਂ ਬਾਬਾ ਜੀ, ਅਸੀਂ ਮਾਤਾ ਜੀ ਦੇ ਅਸਥਾਨ ਤੇ ਜਲ - ਪਾਣੀ ਲੰਗਰ ਛੱਕਦੇ ਹਾਂ ਇਸ ਲਈ ਸੇਵਾ ਭੀ ਤਾਂ ਕਰਨੀ ਹੋਈ।

ਬਾਬਾ ਜੀ– ਚੰਗਾ ! ਤੁਸੀਂ ਇਸ ਤਰ੍ਹਾਂ ਕਰੋ, ਜੋ ਪਹਿਰਾ ਇਹਨਾਂ ਦੋਹਾਂ ਦਾ ਹੈ, ਉਹ ਤੁਸੀਂ ਸੰਭਾਲ ਲਵੋ। ਨਾਲੇ ਧੁੱਪੇ ਨਾ ਸੜੋਗੇ ਤੇ ਛਾਵੇਂ ਰਿਹਾ ਕਰੋਗੇ। ਇਹ ਦੋਵੇਂ ਸਿੰਘ (ਲਿਖਾਰੀ ਸਿੰਘ ਤੇ ਦੇਗੀਆ ਸਿੰਘ) ਕਲ ਨੂੰ ਸਾਡੇ ਨਾਲ ਜਵਾਰੀ ਵੱਢਣ ਲਈ ਜਾਵਣਗੇ। ਲਿਖਾਰੀ ਸਿੰਘ ਤਾਂ ਜੱਟ ਹੈ ਨਾਲੇ ਕਹੀ ਸਾਰਾ ਦਿਨ ਚਲਾਉਂਦਾ ਰਹਿੰਦਾ ਹੈ। ਇਹਦੇ ਲਈ ਜਵਾਰੀ ਵੱਢਣੀ ਕਿਹੜੀ ਮੁਸ਼ਕਲ ਹੈ। ਕਿਉਂ ਭਾਈ ਸਿੰਘੋ ! ਇਹਨਾਂ ਦੀ ਸੇਵਾ ਕੌਣ ਸੰਭਾਲਦਾ ਹੈ ?

ਬਾਬਾ ਜੀ ਦਾ ਇਹ ਬਚਨ ਸੁਣ ਕੇ ਸ਼ਿਕਾਇਤੀ ਸਿੰਘ ਅਤੇ ਹੋਰ ਸਾਰੇ ਸਿੰਘ ਚੁੱਪ ਹੋ ਗਏ। ਇਕ ਸਿੰਘ ਨੇ ਕਿਹਾ ਮਹਾਰਾਜ, ਇਹਨਾਂ ਨੂੰ ਜੋ ਸੇਵਾ ਤੁਸਾਂ ਬਖਸ਼ੀਆਂ ਹੋਈਆਂ ਹਨ, ਉਹ ਤਾਂ ਇਹ ਹੀ ਨਿਭਾਹ ਸਕਦੇ ਹਨ। ਦੇਗੀਏ ਸਿੰਘ ਦੀ ਤਾਂ ਭਲਾ ਕੋਈ ਸੇਵਾ ਕਰ ਭੀ ਲਵੇਗਾ, ਪਰ ਲਿਖਾਰੀ ਸਿੰਘ ਦੀ ਸੇਵਾ

ਕੌਣ ਕਰ ਲਵੇਗਾ। ਕੀਰਤਨ ਕੌਨ ਕਰੇਗਾ ਤੇ ਪੋਥੀਆਂ ਕੌਣ ਲਿਖੇਗਾ।

ਬਾਬਾ ਧਰਮ ਸਿੰਘ ਜੀ— ਸਿੰਘੋ ! ਵੇਖ ਤਾਂ ਲਿਆ ਕਰੋ, ਸਿਆਣੇ ਮਾਲਕ ਆਪਣੇ ਆਪ ਚਲਦੇ ਬੈਲ ਨੂੰ ਛਾਂਟਾ ਨਹੀਂ ਮਾਰਦੇ, ਪਿਆਰ ਨਾਲ ਥਾਪੀ ਦੇ ਕੇ ਬੁਚਕਾਰਦੇ ਹਨ। ਇਸੇ ਤਰ੍ਹਾਂ ਇਕ ਸੇਵਾਦਾਰ ਸਾਰਾ ਦਿਨ ਤੇ ਸਾਰੀ ਰਾਤ ਆਪਣੇ ਆਪ ਸੇਵਾ ਵਿਚ ਲਗੇ ਰਹਿਣ, ਕਿਸੇ ਵੇਲੇ ਭੀ ਇਹਨਾਂ ਨੂੰ ਵਿਹਲੇ ਵੇਖੀਦਾ ਨਹੀਂ। ਰਾਤ ਦੇ ੧੨—੧ ਵਜੇ ਤੱਕ ਲਿਖਾਰੀ ਸਿੰਘ ਪੋਥੀਆਂ ਲਿਖਦੇ ਰਹਿੰਦੇ ਭੀ ਫਿਰ ਹਰ ਰੋਜ਼ ੨ ਵਜੇ ਅੰਮ੍ਰਿਤ ਵੇਲੇ ਉਠ ਖਲੋਂਦੇ ਹਨ। ਸਾਰਾ ਦਿਨ ਇਕ ਘੜੀ ਭੀ ਆਰਾਮ ਨਹੀਂ ਕਰਦੇ। ਅਜੇ ਭੀ ਤੁਹਾਨੂੰ ਇਹ ਚੰਗੇ ਨਹੀਂ ਲੱਗਦੇ। ਇਹ ਸਿੰਘਾਂ ਦਾ ਕਰਮ ਨਹੀਂ, ਜੋ ਕਿਸੀ ਦੀਆਂ ਸ਼ਿਕਾਇਤਾਂ ਕਰਨੀਆਂ। ਅਗੋਂ ਤੋਂ ਕੋਈ ਸਿੰਘ ਕਿਸੀ ਦੀਆਂ ਸ਼ਿਕਾਇਤਾਂ ਨਾ ਕਰੇ। ਜਿਸ ਕਿਸੇ ਦਾ ਜੀਅ ਚਾਹੇ, ਤਾਂ ਉਹ ਸੇਵਾ ਕਰ ਲਿਆ ਕਰੇ, ਨਹੀਂ ਤਾਂ ਆਰਾਮ ਨਾਲ ਬੁੰਗੇ ਵਿਚ ਬੈਠਾ ਰਿਹਾ ਕਰੇ ਅਤੇ ਲੰਗਰ ਪਾਣੀ ਛੱਕ ਲਿਆ ਕਰੇ।

ਇਉਂ ਸਾਰੇ ਸਿੰਘ ਸ਼ਾਂਤ ਚਿੱਤ ਹੋ ਗਏ ਅਤੇ ਸ਼ਿਕਾਇਤੀ ਸਿੰਘ ਨੇ ਬਾਬਾ ਜੀ ਤੋਂ ਮਾਫੀ ਮੰਗੀ। ਉਦਾਰ ਚਿਤ ਬਾਬਾ ਜੀ ਨੇ ਕਿਹਾ ਕਿ ਸਿੰਘ ਵਿਚ ਕਿਸੇ ਦੇ ਔਗੁਣ ਵੇਖ ਕੇ ਅਣਡਿੱਠ ਕਰਨ ਦੀ ਸਹਾਰਨ ਦੀ ਸ਼ਕਤੀ ਹੋਣੀ ਚਾਹੀਦੀ ਹੈ।

ਪ੍ਰਮਾਤਮਾ ਜੇ ਸਾਡੇ ਵਾਂਗ ਕਰੇ ਤਾਂ ਸਾਨੂੰ ਇਕ ਪਲ ਭੀ ਕੁਝ ਨਾ ਦੇਵੇ। ਅਸੀਂ ਉਸ ਦੇ ਕਿੰਨੇ ਕੁ ਸ਼ੁਕਰ - ਗੁਜ਼ਾਰ ਹਾਂ। ਸਿੰਘ ਦੀ ਮੰਜ਼ਲ ਤਾਂ ਸ਼ਿਕਵੇ, ਸ਼ਿਕਾਇਤਾਂ, ਗੁੱਸੇ, ਗਿਲੇ, ਨਿੰਦਾ, ਚੁਗਲੀ, ਈਰਖਾ ਤੋਂ ਬਹੁਤ ਦੁਰੇਡੀ ਹੈ। ਸਗੋਂ ਗੁਰੂ ਕੇ ਸਿੰਘ ਅੰਦਰ ਦਯਾ, ਧਰਮ, ਸੁੱਚ, ਸੰਜਮ, ਸਤਿ, ਸੰਤੋਖ, ਸਬਰ, ਸਹਿਣਸ਼ੀਲਤਾ, ਮਿਠ ਬੋਲੜਾ-ਪਨ, ਨੇਕ ਚਲਣ ਵਾਲਾ ਹੋਣ ਨਾਲ ਹੀ ਗੁਰੂ ਕੀਆਂ ਬਖਸ਼ਸ਼ਾਂ ਦਾ ਪਾਤਰ ਬਣ ਸਕਦਾ ਹੈ।

ਦਾਸ ਨੇ ਮਾਤਾ ਜੀ ਦੇ ਅਸਥਾਨ ਤੋਂ ਪੰਜਾਬ ਨੂੰ ਚਾਲੇ ਪਾਉਣਾ ਅਤੇ ਬਾਬਾ ਜੀ ਦੀ ਸਿੱਖਿਆ ਤੇ ਅਮੋਲਕ ਅਗੰਮੀ ਬਚਨ

ਦਾਸ ਦੀ ਆਦਿ—ਦਸਮ—ਸ੍ਰੀ ਸਰਬ ਲੋਹ ਦੀ ਸੰਥਾ ਸਮਾਪਤ ਹੋ ਚੁਕੀ ਸੀ। ਬਾਬਾ ਜੀ ਦੇ ਆਸ਼ੇ ਮੁਤਾਬਕ ਪੋਥੀਆਂ ਭੀ ਲਿਖੀਆਂ ਗਈਆਂ ਸਨ। ਚਾਰ ਸਾਲ ਸੇਵਾ ਦਾ ਸੁਭਾਗ ਪ੍ਰਾਪਤ ਹੋਣ ਤੇ ਭਾਵੇਂ ਮਨ ਤੇ ਨਹੀਂ ਸੀ ਕਰਦਾ ਕਿ ਪੰਜਾਬ ਆਈਏ। ਕਿਉਂਕਿ ਘਰੋਗੀ ਮਮਤਾ ਤਾਂ ਹੈ ਹੀ ਨਹੀਂ ਸੀ, ਪ੍ਰੰਤੂ ਅੰਨ-ਜਲ— ਨਕਿ ਨਥ ਖਸਮ ਹਥ ਕਿਰਤੁ ਧਕੇ ਦੇਹ॥ ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥੨॥

[ਮਹਲਾ ੨, ਪੰਨਾ ੬੫੩

ਦੇ ਗੇੜ ਅਤੇ ਜੋ ਜੋ ਅਗੋਂ ਹੋਣ ਵਾਲੇ ਕਰਮ ਹੁੰਦੇ ਹਨ, ਉਹਨਾਂ ਕਾਰਨਾਂ (ਜਿਨ੍ਹਾਂ ਦਾ ਸਾਨੂੰ ਪਤਾ ਹੀ ਨਹੀਂ ਹੁੰਦਾ) ਕਰ ਕੇ ਜੀਵ ਦਾ ਜਾਣ ਲਈ ਮਨ ਬਣ ਜਾਂਦਾ। ਸੰਨ ੧੯੪੦ ਹੋਲੇ ਮਹਲੇ ਦਾ ਪੁਰਬ ਸੱਚਖੰਡ ਵਿਖੇ ਮਨਾਇਆ। ਤੇ ਕੁਝ ਦਿਨਾਂ ਬਾਅਦ ਵਿਸਾਖੀ ਪੰਜਾਬ ਵਿਚ ਗੁਰਦਵਾਰਾ ਸ੍ਰੀ ਦਮਦਮਾ ਸਾਹਿਬ

ਦਰਸ਼ਨ ਕਰਨ ਦਾ ਸਾਥੀਆਂ ਸਮੇਤ ਗੁਰਮਤਾ ਕਰ ਲਿਆ।

ਸਵੇਰ ਦੇ ਕੀਰਤਨ ਦੀ ਸੇਵਾ ਕਰ ਕੇ ਜਲ ਪਾਣੀ ਛੱਕ ਕੇ ਚਾਲੇ ਪਾਣ ਲਈ ਕਮਰਕੱਸੇ ਕਰ ਕੇ (ਮੈਂ ਤੇ ਬਾਬਾ ਰਣ ਸਿੰਘ ਜੀ) ਅਸੀਂ ਦੋਵੇਂ ਬਾਬਾ ਜੀ ਤੋਂ ਆਗਿਆ ਲੈਣ ਬੁੰਗੇ ਪਾਸ ਆ ਖਲੋਤੇ। (ਭਾਵੇਂ ਬਾਬਾ ਜੀ ਕਿਸੇ ਸਿੰਘ ਨੂੰ ਨਹੀਂ ਸਨ ਰੋਕਦੇ ਹੁੰਦੇ) ਆਗਿਆ ਮੰਗੀ ਪੰਜਾਬ ਆਉਣ ਦੀ। ਪਰ ਇਤਨੇ ਨੂੰ ਕੁਝ ਸਿੰਘ ਭੀ ਆ ਗਏ। ਜਿਨ੍ਹਾਂ ਨੇ ਮਲੋ ਮਲੀ ਸਾਡੇ ਗੜਵੇ ਫੜ ਲਏ, ਸਾਡੇ ਝੋਲੇ ਲਾਹੁਣ ਤੇ ਕਹਿਣ— ਅਸਾਂ ਤੁਹਾਨੂੰ ਜਾਣ ਨਹੀਂ ਦੇਣਾ। ਬਾਬਾ ਜੀ ਤੁਸੀਂ ਹੁਕਮ ਕਰੋ ਕਿ ਇਹ ਸਿੰਘ ਨਾ ਜਾਣ।

ਬਾਬਾ ਜੀ ਚੁੱਪ ਚਾਪ ਆਪਣੇ ਬੁੰਗੇ ਦਵਾਲੇ ਪਰਕਰਮਾ ਕਰਨ ਲਗ ਪਏ। ਸਿੰਘਾਂ ਨਾਲ ਅਸੀਂ ਜ਼ੋਰੋ - ਜਬਰੀ ਹੁੰਦੇ ਰਹੇ।। ਉਹ ਝੋਲੇ ਲਾਹੁਣ ਅਸੀਂ ਲਾਹੁਨ ਨਾ ਦੇਈਏ। ਬਾਬਾ ਜੀ ਲਗਾਤਾਰ ਕਈ ਕਈ ਪਰਕਰਮਾਂ ਕਰ ਚੁੱਕੇ ਸਨ। ਅਸੀਂ ਦੋ ਘੰਟੇ ਇਸ ਜਦੋ - ਜਹਿਦ ਵਿਚ ਲਗੇ ਰਹੇ। ਜਦ ਬਾਬਾ ਜੀ ਨੇੜੇ ਆਏ ਤਾਂ ਬਾਬੂ ਮਿਹਰ ਸਿੰਘ ਜੀ ਹੈੱਡ ਗ੍ਰੰਥੀ ਨੇ ਕਿਹਾ—

ਬਾਬੂ ਮਿਹਰ ਸਿੰਘ ਜੀ— ਬਾਬਾ ਜੀ ! ਹੁਣੇ ਹੁਣੇ ਆਦਿ ਤੇ ਦਸਮ ਦੀਆਂ ਦੋ ਬੀੜਾਂ ਛਾਪੇ ਦੀਆਂ ਆਈਆਂ ਹਨ, ਉਹ ਸੋਧਣ ਵਾਲੀਆਂ ਹਨ। ਇਸ ਲਈ ਲਿਖਾਰੀ ਸਿੰਘ ਨੂੰ ਨਾ ਜਾਣ ਦਿਓ। ਉਹ ਬੀੜਾਂ ਸੋਧ ਕੇ ਚਲੇ ਜਾਣ।

ਬਾਬੂ ਜੀ ਦੇ ਬਚਨ ਪਿਆਰ ਦੇ ਸਨ। ਆਪ ਕਿਸੇ ਬਹਾਨੇ ਸਾਨੂੰ ਅਟਕਾਣਾ ਚਾਹੁੰਦੇ ਸਨ। ਸਿੰਘਾਂ ਦਾ ਪਿਆਰ ਤੇ ਬਾਬਾ ਜੀ ਦੀ ਚੁੱਪ (ਜੋ ਸਾਨੂੰ ਆਗਿਆ ਨਹੀਂ ਸੀ ਮਿਲ ਰਹੀ) ਅਸੀਂ ਭੀ ਇਸ ਪਿਆਰ ਵਿਛੋੜੇ ਵਿਚ ਲਾ-ਜਵਾਬ ਸਾਂ ਤੇ ਦੁਚਿੱਤੀ ਵਿਚ ਸਾਂ। ਕਿਉਂਕਿ ਪਿਆਰ ਠੁਕਰਾਇਆ ਨਹੀਂ ਸੀ ਜਾ ਸਕਦਾ। ਅਚਾਨਕ ਬਾਬਾ ਜੀ ਦਾ ਚੇਹਰਾ ਗੰਭੀਰਤਾ ਰੰਗਣ ਵਿਚ ਖੇੜੇ ਖੁਸ਼ੀ ਵਿਚ ਮੁਸਕਰਾਂਦੇ (ਬੱਚਿਆਂ ਦੇ ਪਿਆਰ ਲਾਡ ਨੂੰ ਲੁਕਾਂਦੇ) ਕਹਿਣ ਲਗੇ—

ਬਾਬਾ ਜੀ—ਸਿੰਘੋ ! ਹੁਣ ਤੁਸੀਂ ਇਹਨਾਂ ਨੂੰ ਬਹੁਤਾ ਮਜਬੂਰ ਨਾ ਕਰੋ। ਇਹਨਾਂ ਦੀ ਇਥੋਂ ਨਾਲੋਂ ਵੀ ਵਧ ਲੋੜ* ਪੰਜਾਬ ਵਿਚ ਹੈ। ਇਹਨਾਂ ਨੂੰ ਜਾਣ ਦਿਓ, ਅਟਕਾਓ ਨਾ। ਇਹਨਾਂ ਦਾ ਜਾਣਾ ਜ਼ਰੂਰੀ ਹੈ। ਸਾਰੇ ਸਿੰਘ ਨਿਮੋਝੂਣੇ ਜਿਹੇ ਹੋ ਕੇ ਚੁਪ ਕਰ ਗਏ ਅਤੇ ਸਾਡਾ ਸਾਰਾ ਰਾਜ - ਸਾਜ ਸਾਨੂੰ ਲਿਆ ਕੇ ਦੇ ਦਿਤਾ।

ਅਸਾਂ ਬਾਬਾ ਜੀ ਨੂੰ ਨਮਸ਼ਕਾਰ ਕੀਤੀ ਅਤੇ ਆਗਿਆ ਮੰਗੀ। ਬਾਬਾ ਜੀ ਬੁੰਗੇ ਵਿਚ ਗਏ ਅਤੇ ਗੋੜੀ ਵਿਚ ਦੱਬੀ ਲੱਛਮੀ ਦਾ ਬੁੱਕ ਭਰ ਲਿਆਏ। ਇਕ ਪੋਟਲੀ,ਜਿਸ ਵਿਚ ਅਨਗਿਣਤ ਨੋਟ ਸਨ, ਲਿਆ ਕੇ ਸਾਨੂੰ ਦਿਤੀ ਤੇ ਕਿਹਾ—ਲਓ ਇਹ ਰਸਤੇ ਦੀ ਖਰਚੀ ਲੈ ਜਾਓ। ਨਾਲੇ ਬਿਨਾਂ ਟਿਕਟ ਤੋਂ ਤੁਸਾਂ ਨੇ ਗੱਡੀ ਵਿਚ ਸਫਰ ਨਹੀਂ ਕਰਨਾ।

---

* ਪੰਜਾਬ ਵਿਚ ਲੋੜ ਹੈ—ਉਸ ਵਕਤ ਬਾਬਾ ਜੀ ਦੇ ਇਸ ਭਵਿੱਖ ਵਾਕ ਨੂੰ ਅਸੀਂ ਕੋਈ ਭੀ ਨਾ ਸਮਝ ਸਕੇ। ਪਰ ਇਹ ਰਾਜ਼ ਸ੍ਰੀ ਦਮਦਮਾ ਸਾਹਿਬ ਪੁੱਜਣ ਤੇ ਕਲਾਧਾਰੀ ਜਥੇਦਾਰ ਬਾਬਾ ਸਾਹਿਬ ਸਿੰਘ ਜੀ ਬੁੱਢਾ ਦਲ ਨੇ ਖੋਲ੍ਹਿਆ, ਤਾਂ ਮੈਂ ਅਸਚਰਜ ਰਹਿ ਗਿਆ।

☞

ਬਾਬਾ ਜੀ ਵਲੋਂ ਆਸ਼ੀਰਵਾਦ

ਹਾਂ ਲਿਖਾਰੀ ਸਿੰਘ ! ਤੁਸਾਂ ਤੇ ਮਾਤਾ ਜੀ ਦੀ ਅਤਿਅੰਤ ਪ੍ਰਸੰਨਤਾ ਹੋਈ ਹੈ। ਪਰ ਜੋ ਦਾਤਾਂ ਤੁਸਾਂ ਨੂੰ ਮਿਲੀਆਂ ਹਨ, ਇਹਨਾਂ ਦਾਤਾਂ ਨੂੰ ਗੁਰੂ ਦੀਆਂ ਦਾਤਾਂ ਸਮਝ ਕੇ ਇਸੇ ਤਰ੍ਹਾਂ ਹੀ ਵੰਡਣੀਆਂ। ਇਹਨਾਂ ਦਾਤਾਂ ਗੁਣਾਂ ਦੀ ਆਪਣੱਤ (ਆਪਣੀ ਮਾਲਕੀ) ਨਹੀਂ ਸਮਝਣੀ। ਅਚਿੰਤ ਦਾਤਾਂ ਘਾਲ ਨਾਲ ਨਹੀਂ ਮਿਲਦੀਆਂ। ਇਹ ਤਾਂ ਸੇਵਾ ਤੋਂ ਪ੍ਰਸੰਨਤਾ ਨਾਲ ਮਿਲਦੀਆਂ ਹਨ। ਇਹ ਦਾਤਾਂ ਪ੍ਰਭੂ ਦੀਆਂ ਹਨ।

੨. ਬਿਨਾਂ ਭੇਟਾ ਅਤੇ ਸੇਵਾ ਕਰਾਉਣ ਬਿਨਾਂ ਜੋ ਪਾਤਰ ਹੋਵੇ, ਖੁਲ੍ਹੇ ਗੱਫੇ ਵੰਡੀ ਜਾਣੇ। ਗੁਰਬਾਣੀ ਗੁਰੂ ਹੈ, ਗੁਰੂ ਸਮਰੱਥ ਹੈ। ਗੁਰਮਤਿ ਵਿਦਿਆ ਬਿਨਾਂ ਭੇਟਾ ਹੀ ਗੁਰਮਤਿ ਵਿਦਿਆ ਦੇ ਅਧਿਕਾਰੀਆਂ ਨੂੰ ਪੜ੍ਹਾਉਣੀ ਹੈ।

ਬਾਬਾ ਜੀ ਦੇ ਦਾਸ ਨੂੰ ਦਿਤੇ ਉਪਦੇਸ਼ ਤੇ ਵਚਨ ਸਤਿ ਹੋਣੇ

੧. 'ਬਾਣੀ ਰੋਜ਼ਗਾਰ ਦਾ ਸਾਧਨ ਕਰ ਕੇ ਨਾ ਵਰਤਣੀ–ਭਾਵ ਪਾਠਾਂ ਮਗਰ ਨਹੀਂ ਪੈਣਾ।' ਜਿੰਨੀ ਕੁ ਬੁੱਧ ਸਤਿਗੁਰਾਂ ਪ੍ਰਕਾਸ਼ ਕੀਤੀ ਹੈ। ਬਾਣੀ ਦਾ ਸਤਿਕਾਰ ਮਾਨ, ਅਦਬ, ਕਰਨ ਦਾ ਜਿੰਨਾ ਸਤਿਗੁਰਾਂ ਯਤਨ ਕਰਵਾਇਆ ਹੈ, ਕੀਤਾ ਹੈ, ਬਾਬਾ ਜੀ ਦਾ ਬਚਨ (ਜਿਤਨਾ ਬਾਣੀ ਦਾ ਸਤਿਕਾਰ ਕਰੋਗੇ, ਆਪ ਦਾ ਉਤਨਾ ਹੀ ਮਾਨ ਹੋਵੇਗਾ) ਆਪ ਜੀ ਦਾ ਇਹ ਬਚਨ ਸਤਿ ਹੋਇਆ ਹੈ। ਉਤਨਾ ਹੀ ਸਤਿਕਾਰ ਮਿਲਿਆ ਹੈ।) ਅਤੇ ਜੇ ਕੋਈ ਗੁਰਬਾਣੀ ਦੀ ਸੰਥਾ ਦਾਸ ਪਾਸੋਂ ਪੜ੍ਹਨਾ ਚਾਹੇ, ਬਿਨਾ ਭੇਟਾ ਸੇਵਾ ਕਰਾਉਣ ਦੇ ਪਾਠ ਸੰਥਾ ਕਰਾ ਦੇਈਦੀ ਹੈ।

੨. ਇਹਨਾਂ ਨੂੰ ਜਾਣ ਦਿਓ, ਇਥੋਂ ਨਾਲੋਂ ਪੰਜਾਬ ਵਿਚ ਇਹਨਾਂ ਦੀ ਬਹੁਤ ਲੋੜ ਹੈ।

ਇਹ ਬਚਨ ਤਾਂ ਆਪ ਦਾ ਹੱਥਾਂ ਤੇ ਸਰੋਂ ਜਮਾਉਣ ਵਾਂਗ ਸੱਚ ਹੋਇਆ। ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਕਲਾਧਾਰੀ ਜਥੇਦਾਰ ਬਾਬਾ ਸਾਹਿਬ ਸਿੰਘ ਜੀ ਬੁੱਢਾ ਦਲ, ਵਲੋਂ ਉਡੀਕ ਤੇ ਪੰਥ ਦਾ ਲਿਖਾਰੀ ਦੀ ਉਪਾਧੀ ਮਿਲਣੀ, ਭੀ ਬਾਬਾ ਜੀ ਦਾ ਬਚਨ ਸਤਿ ਹੋਇਆ।

੩. 'ਸਤਿਗੁਰੂ ਜੀ ਆਪ ਪਾਸੋਂ ਗੁਰ ਅਸਥਾਨਾਂ ਦੀ ਬੇਅੰਤ ਸੇਵਾ ਕਰਾਉਣਗੇ, ਪਰ ਇਹ ਸੇਵਾ ਨਿੱਜੀ ਜਾਣ ਕੇ ਕਰਨੀ। ਅਤੇ ਤਿਆਗਣ ਸਮੇਂ ਨਿਰਮੋਹ ਹੋ ਕੇ ਹੁਕਮ ਮੰਨ ਕੇ ਅਗੇ ਹੋ ਤੁਰਨਾ, ਪਕੜ ਨਹੀਂ ਮਨ ਤੇ ਰੱਖਣੀ।'

ਇਹ ਮਹਾਂ ਪੁਰਸ਼ਾਂ ਦੀ ਹੀ ਮਹਾਨ ਬਖਸ਼ਸ਼ ਤੇ ਬਚਨ ਸਤਿ ਹੋਣੇ, ਜਿਨ੍ਹਾਂ ਦਾ ਜੇ ਵਿਸਥਾਰ ਪੂਰਬਕ ਅੰਕਿਤ ਕਰਾਂ ਤਾਂ ਬੜਾ ਵਡਾ ਗਰੰਥ ਬਣਦਾ ਹੈ। ਪਰ ਟੂਕ ਮਾਤਰ 'ਬਚਨ ਸਤਿ ਤੇ ਦਿਤੀ ਬਾਬਾ ਜੀ ਦੀ ਅਸ਼ੀਰਵਾਦ' ਦਾ ਵੇਰਵਾ ਗੁਰ ਅਸਥਾਨਾਂ ਦੀ ਸੇਵਾ ਇਸ ਪ੍ਰਕਾਰ ਸਤਿਗੁਰਾਂ ਨੇ ਕਰਵਾਈ ਹੈ ਅਤੇ ਹੁਣ ਭੀ ਦਾਸ ਪਾਸੋਂ ਕਰਵਾ ਰਹੇ ਹਨ।

੧. ਗੁਰਦਵਾਰਾ ਮੰਜੀ ਸਾਹਿਬ (ਪਾ: ੬ ਤੇ ੧੦) ਅੰਬਾਲਾ ਸ਼ਹਿਰ, ਦਾ ਨਕਸ਼ਾ, ਤੇ ਹੇਠਾਂ ਭੋਰੇ, ਹਾਲ ਕਮਰਾ, ਸਰਾਂ, ਬਾਉਲੀ ਆਦਿ ਦੀ ਸੇਵਾ, (ਪਰ ਹੁਣ ਉਸ ਨੂੰ ਢਾਹ ਕੇ ਉਪਰ ਨਵੀਂ ਇਮਾਰਤ ਬਣ ਗਈ ਹੈ। ਇਹ ਸੇਵਾ ਸੰਨ ੧੯੪੮ ਤੋਂ ੧੯੫੪-੫੫ ਤਕ ਸਤਿਗੁਰਾਂ ਨੇ ਕਰਾਈ।

੩. ਗੁਰੂ ਬਾਣੀ, ਗੁਰੂ ਬਚਨ, ਦਰਗਾਹੀ ਫੁਰਮਾਨ ਨੂੰ ਆਮ ਪਾਠੀਆਂ ਵਾਂਗ ਰੋਜ਼ਗਾਰ ਦਾ ਸਾਧਨ ਨਾ ਬਨਾਉਣਾ। ਜੀਵਨ ਦੇ ਨਿਰਬਾਹ ਲਈ ਤੁਸਾਂ ਪਾਸ ਬਹੁਤ ਗੁਣ ਮਾਤਾ ਜੀ ਨੇ ਬਖਸ਼ੇ ਹਨ। ਗੁਰਬਾਣੀ ਆਤਮਕ ਕਲਿਆਣ ਲਈ ਹੈ। ਇਸ ਦਾ ਜਿਤਨਾ ਸਤਿਕਾਰ, ਅਦਬ ਕਰੋਗੇ ਤੇ ਕਰਾਓਗੇ ਤਾਂ ਉਤਨਾਂ ਮਾਨ ਤੁਹਾਨੂੰ ਸਤਿਗੁਰੂ ਜੀ ਬਖਸ਼ਣਗੇ।

੪. ਸਤਿਗੁਰੂ ਜੀ ਜਿਸ ਅਸਥਾਨ ਦੀ ਸੇਵਾ ਤੁਹਾਨੂੰ ਬਖਸ਼ਣ, ਉਸ ਨੂੰ ਆਪਣਾ ਨਿਜੀ ਫਰਜ਼ ਸਮਝ ਕੇ ਪ੍ਰਬੰਧ ਕਰਨਾ ਜਾਂ ਅਸਥਾਨ ਬਨਾਉਣ ਸਮੇਂ ਆਪਣੇ ਦਿਲੀ ਸ਼ੌਂਕ ਰੀਝ ਨਾਲ ਬਨਾਉਣੇ। ਪਰ ਜਦ ਅਸਥਾਨ ਦੀ ਸੇਵਾ ਤੋਂ ਮੁਕਤ ਹੋਵੋ, ਉਥੇ ਅਪਣਤ ਜਾਂ ਝੱਗੜਾ ਨਹੀਂ ਕਰਨਾਂ ਤੇ ਝੱਟ ਗੁਰੂ ਦਾ ਹੁਕਮ ਮੰਨ ਕੇ ਪਰੇ ਹੋ ਜਾਣਾ। ਕਿਸੇ ਵਾਦ - ਵਿਵਾਦ ਵਿਚ ਨਹੀਂ ਪੈਣਾ। ਤੁਸਾਂ ਤੋਂ ਸਤਿਗੁਰੂ ਜੀ ਗੁਰ ਅਸਥਾਨਾਂ ਦੀ ਬੇਅੰਤ ਸੇਵਾ ਲੈਣਗੇ। ਮੋਹ ਛੱਡ ਕੇ ਨਿਰਮੋਹ ਹੋ ਕੇ ਵਿਚਰਨਾ।

੨. ਗੁ: ਦੂਖ ਨਿਵਾਰਨ ਸਾਹਿਬ ਪਟਿਆਲਾ, ਦਫਤਰੀ ਤੇ ਇਮਾਰਤ ਦੀ ਸੇਵਾ–੭੦ ਕਮਰੇ ਸਰਾਂ, ਦੋਵੇਂ ਬਾਹਰਲੇ ਗੇਟ, ਸਰੋਵਰ ਵਿਚੋਂ ਜਲ ਦਾ ਬਾਹਰ ਵਲ ਨਿਕਾਸ, ੪੦ ਲੈਟਰੀਨ ਆਦਿ।

੩. ਗੁ: ਪਾ: ੯, ਜੀਂਦ (ਹਰਿਆਣਾ) ਦਾ ਨਕਸ਼ਾ ਦਰਬਾਰ, ਕੁਆਰਟਰਾਂ ਤੇ ਬਿਜਲੀ ਪਾਣੀ ਲਈ ਨਲਕਾ, ਸਰੋਵਰ ਆਦਿ ਦੀ ਸੇਵਾ।

੪. ਗੁ: ਮੰਜੀ ਸਾਹਿਬ ਪਾ: ੧, ਕਰਨਾਲ (ਹਰਿਆਣਾ) ਹਾਲ ਕਮਰਾ।

੫. ਗੁ: ਪਾ:੯ ਤਰਾਵੜੀ, (ਹਰਿਆਣਾ)

੬. ਗੁ: ਸ਼ਾਹਬਾਦ (ਮਸਤਗੜ੍ਹ) ਹਰਿਆਣਾ

੭. ਪੰਜੋਖਰਾ ਪਾਤਸ਼ਾਹੀ ੮ (ਹਰਿਆਣਾ)

੮. ਗੁ: ਲੋਹ ਤਸਿੰਮਲੀ ਪਾ: ੯ (ਹਰਿਆਣਾ)

੯. ਗੁ: ਪਾਤਸ਼ਾਹੀ ੧੦ ਢਕੌਲੀ, (ਜ਼ੀਰਕਪੁਰ, ਪਹਿਲੀ ਕਾਲਕਾ ਸੜਕ ਤੇ) ਲੰਗਰ ਇਮਾਰਤ (ਪੰਜਾਬ)

੧੦. ਗੁ: ਪਾਤਸ਼ਾਹੀ ੬, ਇਯਾਲੀ ਕਲਾਂ (ਲੁਧਿਆਣਾ)–ਫਰਸ਼, ਤਬੇਲਾ, ਸ: ਪਲਾਟਾਂ ਦੇ ਚੌਗਿਰਦੇ ਦੀਵਾਰਾਂ, ਹੁਣ ਵੀ ਇਹ ਸੇਵਾ ਚਲ ਰਹੀ ਹੈ।

੧੧. ਗੁ: ਪਾਤਸ਼ਾਹੀ ੬, ਗੁਰੂ ਸਰ ਸੁਧਾਰ, ਦਰਸ਼ਨੀ ਡਿਓਢੀ ਇਮਾਰਤ ਦੀ ਸੇਵਾ ਤੇ ਗੁਰ-ਇਤਿਹਾਸ ਦਾ ਖੋਜ ਭਰਪੂਰ ਬੋਰਡ ਲਿਖਿਆ।

੧੨. ਗੁ: ਪਾਤਸਾਹੀ ੬, ਡਰੌਲੀ ਭਾਈ [ਫਰੀਦਕੋਟ] ਲੰਗਰ ਤੇ ਦਫਤਰ ਦੀ ਇਮਾਰਤ ਅਤੇ ਪਾਲਕੀ ਦੀ ਸੇਵਾ।

੧੩. ਗੁ: ਪਾਤਸ਼ਾਹੀ ੬, ਵੱਡਾਪੁਰ (ਫਰੀਦਕੋਟ) ਦੇਗਾਂ ਵਾਲਾ ਕਮਰਾ, ਗੇਟ, ਅਤੇ ਨਵੀਂ ਇਮਾਰਤ ਦਾ ਨਕਸ਼ਾ

੧੪. ਗੁ: ਪਾਤਸ਼ਾਹੀ ੬. ਸਮਾਧ ਭਾਈ (ਫਰੀਦਕੋਟ)–ਦਫਤਰ, ਲੰਗਰ, ਸਟੋਰ, ਤੇ ਲਾਇਬਰੇਰੀ

ਕਿਸੇ ਭੀ ਗੁਣ ਦਾ ਮਾਣ ਨਹੀਂ ਕਰਨਾ, ਇਨ੍ਹਾਂ ਨੂੰ ਗੁਰੂ - ਦਾਤ ਸਮਝਣਾ।

੫. ਕਿਸੇ ਭੀ ਗੁਣ ਦਾ ਮਾਣ ਨਹੀਂ ਹੋਣ ਦੇਣਾ, ਭਾਵ—

੬. ਗੁਣਾਂ ਦਾ ਅਪਮਾਨ ਭੀ ਨਹੀਂ ਹੋਣ ਦੇਣਾ, ਭਾਵ—

ਬਿਨ ਗਾਹਕ ਗੁਣ ਵੇਚੀਐ... ...

ਜੋ ਗੁਣਾਂ ਦੀ ਕਦਰ ਨਾ ਕਰ ਸਕਣ ਵਾਲੇ ਪੁਰਸ਼ ਹੋਵਣ, ਉਥੇ ਗੁਣਾਂ ਦੀ ਪਟਾਰੀ ਨਾ ਖੋਹਲ਼ ਬਹਿਣਾ। 'ਕਿਆ ਜਾਣੈ ਇਹ ਲੋਗ ਅਜਾਣਾ ॥' ਅਨਜਾਣੇ ਲੋਕਾਂ ਪਾਸ ਗੁਰੂ ਦੀ ਦਾਤ ਨੂੰ ਹਾਸੀ ਮਖੌਲ ਜਾਂ ਨਿਰਾਦਰੀ ਨਹੀਂ ਕਰਾਣੀ। ਸਹਿਜ ਸੁਭਾ ਵਿਚ ਰਹਿਣਾ, ਬਹੁਤ ਨਹੀਂ ਬੋਲਣਾ।

੭. ਕਿਸੇ ਭੀ ਗੁਣ ਦੀ ਕੀਮਤ ਨਹੀਂ ਚੁਕਾਉਣੀ। ਸੁਤੇ ਸਿੱਧ ਗੁਣ ਜੇ ਮਿਲੇ ਤਾਂ ਗ੍ਰਹਿਣ ਕਰਨਾ ਹੈ। ਸ਼ੋਕ ਚਿੰਤਾ, ਰੰਜ ਨਹੀਂ ਕਰਨਾ। ਜੇ ਕੋਈ ਗੁਣ ਦੀ ਪੂਰਨ ਭੇਟਾ ਦੇਵੇਗਾ, ਤਾਂ ਹੀ ਉਹ ਉਸ ਗੁਣ ਦਾ ਪੂਰਨ ਭਾਗ ਲੈ ਸਕੇਗਾ। ਜਿਤਨੀ ਭੇਟਾ ਜਾਂ ਸਤਿਕਾਰ ਕਰੇਗਾ, ਉਤਨਾ ਫਲ ਲੈ ਲਵੇਗਾ। ਬਾਕੀ ਭਾਗ ਤੁਹਾਡਾ ਤੁਹਾਡੇ ਪਾਸ ਹੀ ਰਹੇਗਾ। ਇਸ ਦੀ ਚਿੰਤਾ ਨਹੀਂ ਕਰਨੀ।

੮. ਕੀਰਤਨ ਤੇ ਬਾਣੀ ਦਾ ਮੁੱਲ ਟੁੱਕ ਕੇ ਨਹੀਂ ਲੈਣਾ। ਹੋ ਸਕੇ ਤਾਂ ਬਾਣੀ ਦਾ ਸੰਗਤ ਵਲੋਂ ਕੀਤਾ ਸਤਿਕਾਰ (ਗੁਰ-ਅਸਥਾਨ) ਤੇ ਹੀ ਲਾ ਦੇਣੀ।

☞ ਦੇ ਕਮਰੇ ਆਇ।

੧੫. ਗੁ: ਪਾਤਸ਼ਾਹੀ ੧੦, ਲੱਲਕਲਾਂ (ਲੁਧਿਆਣਾ)—ਨਵੀਂ ਸਰਾਂ ਦੀ ਇਮਾਰਤ ਤੇ ਨਵੇਂ ਦੋਵੇਂ ਗੁ: ਅਸਥਾਨਾਂ ਦਾ ਨਕਸ਼ਾ।

੧੬. ਗੁਰਦੁਆਰਾ ਪਾ: ੧੦ ਰਕਬਾ [ਲੁਧਿਆਣਾ]—ਨਵੇਂ ਦੀਵਾਨ ਅਸਥਾਨ ਵਿਚ ਯੋਗਦਾਨ

੧੭. ਗੁਰਦਵਾਰਾ ਸਾਹਿਬ ਢੱਟ [ਲੁਧਿਆਣਾ]—ਰਿਹਾਇਸ਼ੀ ਕਮਰੇ ਸੇਹਨ ਵਿਚ ਫਰਸ਼, ਟਿਊਬਵੈਲ, ਗੁਸਲਖਾਨੇ, ਲੈਟਰੀਨ ਆਦਿ ਦੀ ਸੇਵਾ ਚਲ ਰਹੀ ਹੈ।

੧੮. ਗੁ: ਪਾਤਸ਼ਾਹੀ ੬, ਡੇਹਲੋਂ (ਲੁਧਿਆਣਾ)—ਨਵੇਂ ਗੁਰਦਵਾਰਾ ਅਸਥਾਨ ਦੀ ਇਮਾਰਤ ਤੇ ਨਿਸ਼ਾਨ ਸਾਹਿਬ ਆਦਿ

੧੯. ਗੁ: ਸ੍ਰੀ ਗੁਰੂ ਗ੍ਰੰਥ ਸਾਹਿਬ ਪਿੰਡ ਦੁਗਰੀ [ਸਾਹਨੇਵਾਲ ਤੋਂ ੪—੫ ਕਿਲੋਮੀਟਰ ਨਹਿਰ ਤੇ] ਲੁਧਿਆਣਾ—ਨਵਾਂ ਨਿਸ਼ਾਨ ਸਾਹਿਬ, ਗੁ: ਜ਼ਮੀਨ ਤੇ ਮੋਟਰਾਂ ਤੇ ਕੋਠੇ, ਦਰਬਾਰ ਦਾ ਰੰਗ ਰੋਗਨ।

੨੦. ਗੁ: ਧਰਮਸਾਲ ਪਿੰਡ ਪੱਢ (ਸਾਹਨੇਵਾਲ ਡੇਹਲੋਂ ਸੜਕ ਤੇ) ਲੁਧਿਆਣਾ—ਦਰਬਾਰ ਅਗੇ ਬਰਾਂਡਾ, ਗੁਸਲਖਾਨੇ, ਲੈਟਰੀਨ, ਮੋਟਰ, ਟਾਂਚੀ, ਹੁਣ ਦਰਬਾਰ ਦੀ ਨਵੀਂ ਛੱਤ ਬਦਲੀ ਦੀ ਤਿਆਰੀ, ਸੇਵਾ ਚਲ ਰਹੀ ਹੈ।

੨੧. ਗੁ: ਟਾਹਲੀਆਣਾ ਸਾਹਿਬ ਪਾ: ੧੦ (ਰਾਏਕੋਟ) ਲੁਧਿਆਣਾ—ਜਿਥੇ ਕਲਗੀਧਰ ਜੀ ਨੇ ਨੂਰੇ ਮਾਹੀ ਨੂੰ, ਜੋ ਰਾਏ ਕਲੇ ਦਾ ਚਰਵਾਹਿਆ ਸੀ, ਸਰਹੰਦ ਕਾ ਸਾਕਾ ਸੁਣ ਕੇ, ਜ਼ਾਲਮ ਤੁਰਕ ਰਾਜ ਦੀ ਜੜ੍ਹ ਪੁਟੀ ਗਈ, ਦਾ ਫੁਰਮਾਨ ਕੀਤਾ ਸੀ। ਸੰਨ ੧੯੭੩ ਤੋਂ ੧੯੮੮ ਤਕ ਸਤਿਗੁਰਾਂ ਨੇ ਸੇਵਾ ਕਰਵਾਈ। (ੳ) ਜੜ੍ਹ ਪੁੱਟੀ, (ਅ) ਬੂਟਾ ਸਾਹਿਬ, (ੲ) ਲੰਗਰ, (ਸ) ਦੁਮੰਜ਼ਲੀ ਸਰਾਂ (ਹ) ਦਰਸ਼ਨੀ ਡਿਉਢੀ, ☞

ਇਹ ਸਨ ਮਹਾਂਪੁਰਸ਼ਾਂ ਦੇ ਸ਼ੁਭ ਉਪਦੇਸ਼, ਜੋ ਅੱਜ ਤੱਕ ਦਾਸ ਦੀ ਜ਼ਿੰਦਗੀ ਦਾ ਭਾਗ ਬਣੇ ਹੋਏ ਹਨ।

☞ (ਕ) ਦਫਤਰ ਤੇ ਕੜਾਹ ਪ੍ਰਸ਼ਾਦਿ 'ਦਾ ਕਮਰਾ।

ਇਹਨਾਂ ਦੇ ਨਕਸ਼ੇ ਬਣਾ ਕੇ ਇਹਨਾਂ ਸਾਰਿਆਂ ਅਸਥਾਨਾਂ ਦੀ ਸੇਵਾ ਸਤਿਗੁਰਾਂ ਨੇ ਕਰਵਾਈ। ਮੰਜੀ ਸਾਹਿਬ ਤੇ ਪ੍ਰਕਾਸ਼ ਅਸਥਾਨ ਲਾਗੇ ਜੋ ੧੦ ਫੁਟ ਡੂੰਘਾ ਤੇ ਅਧ ਘੁੰਮਾ ਵਿਚ ਸੀ, ਜੋ ਸੰਗਤ ਪਾਸੋਂ ਮਿਟੀ ਨਾਲ ਭਰਵਾਇਆ ਗਿਆ।

ਇਤਨੇ ਲੰਬੇ ਸਮੇਂ ਤਕ ਸੇਵਾ ਕਰਨ ਤੇ ਭਾਵੇਂ ਜੀਵ ਦੇ ਅੰਦਰ ਮੋਹ ਆ ਹੀ ਜਾਂਦਾ ਹੈ। ਪਰ ਅੱਜ ਭੀ ਬਾਬਾ ਜੀ ਦੇ ਬਚਨਾਂ ਕਾਰਨ ਕੋਈ ਮੋਹ ਮਮਤਾ ਦਾ ਰਤਾ ਭਰ ਭੀ ਮਨ ਤੇ ਕਦੀ ਲੇਸ਼ ਮਾਤਰ ਭੀ ਨਹੀਂ ਆਇਆ। ਹਰ ਮਹੀਨੇ ਲੰਮੇ ਜੱਟ ਪੁਰੇ (ਜਿਥੇ ਮੈਨੇਜਰ ਦੀ ਸੇਵਾ ਹੈ) ਰਾਏ ਕੋਟੋਂ ਲੰਘ ਕੇ ਨਾਭੇ ਆਉਂਦਾ ਹਾਂ ਤਾਂ ਯਾਤ੍ਰੀਆਂ ਵਾਂਗ ਦਰਸ਼ਨ ਕਰ ਲਈਦੇ ਹਨ।

੨੨. ਗੁ: ਸਾਹਿਬ ਸਿਧਵਾਂ ਬੇਟ—ਨਵੀਂ ਇਮਾਰਤ ਦਾ ਨਕਸ਼ਾ ਤੇ ਬਰਬਾਰ ਹਾਲ ਦੀ ਉਸਾਰੀ ਚਲ ਰਹੀ ਹੈ।

੨੩. ਗੁ: ਸ਼ੇਰ ਗਾਹ ਪਾਤਸ਼ਾਹੀ ੧੦, ਪਿੰਡ ਨਿਹਾਲਗੜ੍ਹ [(ਪਾਉਂਟਾ ਸਾਹਿਬ) ਹਿਮਾਚਲ]—ਜਿਥੇ ਕਲਗੀਧਰ ਜੀ ਨੇ ਰਾਜੇ ਜੈਦਰਥ ਨੂੰ ਸ਼ੇਰ ਦੀ ਜੂਨੀ ਤੋਂ ਉਧਾਰ ਕੀਤਾ ਸੀ। ਜੋ ਬ੍ਰ: ਗਿ: ਬਾ: ਆਤਮਾ ਸਿੰਘ ਜੀ ਨਿਹੰਗ-ਸਿੰਘ ਜੀ (ਸਮਾਲਖਾ) ਵਾਲਿਆਂ ਨੇ ਆਪਣੀ ਦਿਬਜ - ਦ੍ਰਿਸ਼ਟੀ ਨਾਲ ਪ੍ਰਗਟ ਕਰ ਕੇ ਸੇਵਾ ਕਰਵਾਈ। ਮੇਰੇ ਗੁਰਭਾਈ ਭਾਈ ਰਣ ਸਿੰਘ ਜੀ ਨੂੰ ਸੇਵਾ ਸੰਭਾਲ ਸੌਂਪੀ ਤੇ ਦਾਸ ਨੂੰ ਇਮਾਰਤ ਦੀ ਉਸਾਰੀ ਲਈ। ਬਣੀ ਇਮਾਰਤ ਦੇ ਦਰਸ਼ਨ ਕੀਤੇ ਜਾ ਸਕਦੇ ਹਨ। ਇਹ ਪਾਉਂਟਾ ਸਾਹਿਬ ਤੋਂ ਭੰਗਾਣੀ ਵਾਲੀ ਸੜਕੇ ੪ ਕਿਲੋਮੀਟਰ ਤੇ ਭੂੰਗਰਨੀ ਪਿੰਡ ਤੋਂ ਲਹਿੰਦੇ ਦੋ ਫਰਲਾਂਗ ਤੇ ਹੈ।

੨੪. ਗੁ: ਜਗਤ ਮਾਤਾ—ਮਾਤਾ ਸਾਹਿਬ ਕੌਰਾਂ ਦਾ ਅਸਥਾਨ (ਸੱਚਖੰਡ ਹਜ਼ੂਰ ਸਾਹਿਬ) ਨੰਦੇੜ— ਇਸ ਗੁਰਦਵਾਰੇ ਦੀ ਇਮਾਰਤ ਦਾ ਨਕਸ਼ਾ ਬੁੱਢਾ ਦਲ ਵਲੋਂ ਦਾਸ ਤੋਂ ਤਿਆਰ ਕਰਵਾਇਆ ਤੇ ਨੀਂਹ ਟੱਪ ਲਾਣ ਸਮੇਂ ਦਾਸ ਜਥੇਦਾਰ ਸਾਹਿਬ ਬਾਬਾ ਸੰਤਾ ਸਿੰਘ ਜੀ ਅਕਾਲੀ, ਬੁੱਢਾ ਦਲ ਨਾਲ ਆਇਆ।

ਇਹ ਬਚਨ ਮਹਾਂਪੁਰਸ਼ ਬਾਬਾ ਮਿੱਤ ਸਿੰਘ ਜੀ ਦਾ ਭੀ ਸਾਕਾਰ ਹੋਇਆ ਕਿ ਆਪ ਨੂੰ ਸ਼ਾਇਦ ਇਸ ਅਸਥਾਨ ਦੀ ਸੇਵਾ ਦਾ ਸੁਭਾਗ ਪ੍ਰਾਪਤ ਹੋ ਸਕੇ। (ਸਾਰਾ ਵਿਸਥਾਰ ਪੂਰਬਕ ਅਗੇ ਪੜ੍ਹਨਾ)।

ਇਹ ਸਨ ਮਹਾਂਪੁਰਸ਼ਾਂ ਦੀਆਂ ਅਚਿੰਤ ਬਖਸ਼ੀਆਂ ਦਾਤਾਂ ਜੋ ਸਤਿ ਹੋਈਆਂ। ਪਤਾ ਨਹੀਂ, 'ਸਤਿਗੁਰੂ ਜੀ ਰਹਿੰਦੀ ਜ਼ਿੰਦਗੀ ਤੱਕ ਕੀ ਕੀ ਸੇਵਾ ਕਰਵਾਉਣ ਦਾ ਬਲ ਬਖਸ਼ਣਗੇ। (ਇਹ ਤਾਂ ਵਾਹਿਗੁਰੂ ਜੀ ਆਪ ਹੀ ਜਾਣਦੇ ਹਨ) ਪਰ ਕੀਟ ਨੂੰ— ਜਿਤ ਕੋ ਲਾਇਆ ਤਿਤ ਹੀ ਲਾਗਾ ॥ ਉਹਨਾਂ ਦੀ ਕ੍ਰਿਪਾ ਸਦਕਾ ਮੰਜ਼ਲ ਤੇ ਤੁਰੀ ਜਾ ਰਹੇ ਹਾਂ।

ਬਾਬਾ ਜੀ ਦੀਆਂ ਬਖਸ਼ਸ਼ਾਂ ਜੋ ਜਗਤ ਮਾਤਾ ਜੀ ਦੇ ਦਰਬਾਰੋਂ ਲੈ ਕੇ, ਦਾਸ ਨੂੰ ਬਖਸ਼ੀਆਂ ਹਨ, ਉਨ੍ਹਾਂ ਦਾ ਬਹੁਤਾ ਵਿਸਥਾਰ ਕਰਨਾ ਯੋਗ ਨਹੀਂ ਹੋਵੇਗਾ। ਆਸ ਹੈ, ਗੁਣੀ ਜਨ ਆਪਣੀ ਬੁੱਧੀ ਅਨੁਸਾਰ ਹੀ ਸਮਝ ਲੈਣਗੇ।

ਜਿਨ੍ਹਾਂ ਕਰ ਕੇ ਬਾਬਾ ਜੀ ਦੀ ਯਾਦ ਸਦਾ ਮਨ ਵਿਚ ਵੱਸੀ ਨਜ਼ਰ ਆਉਂਦੀ ਹੈ। ਇਹ ਹੀ ਕਾਰਨ ਹੈ ਜੋ ਮੈਂ ਉਹਨਾਂ ਮਹਾਪੁਰਸ਼ਾਂ ਦੀ ਜੀਵਨੀ ਅੰਕਿਤ ਕਰਨ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ। ਇਹ ਜਗਤ-ਮਾਤਾ–ਮਾਤਾ ਸਾਹਿਬ ਕੌਰਾਂ ਜੀ ਦੀ ਬਖਸ਼ਸ਼ਾਂ ਤੇ ਬਾਬਾ ਜੀ ਦੀ ਨਜ਼ਰਿ - ਇਨਾਇਤ ਹੀ, ਉਹਨਾਂ ਦੀ ਕ੍ਰਿਪਾ - ਦ੍ਰਿਸ਼ਟੀ ਨਾਲ ਹੀ ਲਿਖਵਾਈ ਹੈ।

ਪੰਜਾਬ ਨੂੰ ਚਾਲੇ ਪਾਣੇ

ਚਾਰ ਸਾਲ ਬਾਬਾ ਜੀ ਦੀ ਸੰਗਤ ਦੇ ਸੁਭਾਗ ਉਪਰੰਤ, ਬਾਬਾ ਜੀ ਤੋਂ ਅਨੇਕਾਂ ਖੁਸ਼ੀਆਂ ਤੇ ਬਖਸ਼ਸ਼ਾਂ ਮੇਹਰਾਂ ਦੇ ਬਚਨ ਪ੍ਰਾਪਤ ਕਰ ਕੇ ਗੁ: ਜਗਤ - ਮਾਤਾ–ਮਾਤਾ ਸਾਹਿਬ ਕੌਰਾਂ ਜੀ ਦੇ ਅਸਥਾਨ ਤੇ ਅਰਦਾਸ ਕਰ ਕੇ ਚਾਲੇ ਪਾਏ ਅਤੇ ਤਖ਼ਤ ਸੱਚਖੰਡ [ਨਾਂਦੇੜ] ਛਾਉਣੀ ਨਿਹੰਗ ਸਿੰਘਾਂ' ਵਿਚ ਰਾਤ ਗੁਜ਼ਾਰਨ ਕੀਤੀ ਅੰਮ੍ਰਿਤ ਵੇਲੇ ਗੋਦਾਵਰੀ ਤੇ ਕ੍ਰਿਆ ਸੋਧ ਕੇ ਸੱਚਖੰਡ ਤਖ਼ਤ ਤੇ ਨਮਸ਼ਕਾਰ ਕੀਤੀ। ਪੰਜਾਬ - ਵਿਦਾਇਗੀ ਲਈ ਹਜ਼ੂਰ ਕਲਗੀਧਰ ਪਿਤਾ ਜੀ ਤੋਂ ਚਾਲੇ ਪਾਉਣ ਦੀ ਅਰਦਾਸ ਕੀਤੀ। ਗੁਰੂ ਮਹਾਰਾਜ ਦੀਆਂ ਖੁਸ਼ੀਆਂ ਲੈ ਕੇ ਵਿਦਾ ਹੋਏ।

ਮਨਮਾੜ ਰੱਸਤੇ ਇੰਦੌਰ, ਉਜੈਨ, ਬੁਹਰਾਨਪੁਰ, ਝਾਂਸੀ, ਭੂਪਾਲ, ਗਵਾਲੀਅਰ, [ਪਾ: ੬ ਬੰਦੀਛੋੜ ਦੇ ਦਰਸ਼ਨ ਕਰ ਕੇ) ਆਗਰੇ ਗੁਰਦਵਾਰਾ ਮਾਈਥਾਨ ਪਾਤਸ਼ਾਹੀ ੯ ਦੇ ਦਰਸ਼ਨ ਕਰ ਕੇ, ਦਿਲੀ ਗੁਰਧਾਮਾਂ ਦੇ ਦਰਸ਼ਨ ਕੀਤੇ ਤੇ ਕੁਝ ਦਿਨ ਬਿਸਰਾਮ ਕੀਤਾ।

ਜਦ ਅਸੀਂ ਮਨਮਾੜ ਤੋਂ ਦਿਲੀ ਵਲ ਆ ਰਹੇ ਸਾਂ, ਤਾਂ ਸਾਡੇ ਡੱਬੇ ਵਿਚ ਇਕ ਮੁਸਲਮਾਨ ਪ੍ਰਵਾਰ ਬੈਠਾ ਸੀ। ਅਸੀਂ ਸਾਰੇ ਬਬੇਕੀ ਸਾਂ (ਜੋ ਸਰਬ ਲੋਹ ਦੇ ਬਰਤਨਾਂ ਵਿਚ ਆਪਣੇ ਹੱਥੀਂ ਪੱਕਾ ਕੇ ਛੱਕਦੇ ਸਾਂ ਅਤੇ ਜਲ ਖੂਹ ਦਾ ਵਰਤਦੇ ਸਾਂ। ਬਾਜ਼ਾਰੀ ਪਾਣੀ ਵਾਲੀ ਕੋਈ ਚੀਜ਼ ਨਹੀਂ ਵਰਤਦੇ ਸਾਂ। ਰਸਤੇ ਵਿਚ ਨਾਗਪੁਰ ਦੇ ਸੰਤਰੇ ਜੋ ਇਕ ਆਨੇ (ਚਾਰ ਪੈਸੇ) ਦੇ ੧੨, ਇਕ ਟੋਕਰੀ ਵਿਚ ਮਿਲਦੇ ਸਨ। ਉਸ ਮੁਸਲਮਾਨ ਪ੍ਰਵਾਰ ਨੇ ਦੋ ਵਡੇ ਟੋਕਰੇ ੪ ਰੁਪਏ ਵਿਚ ਲੈ ਲਏ। ਉਹ ਤਾਂ ਕਈ ਚੀਜ਼ਾਂ ਲੈ ਲੈ ਕੇ ਖਾਂਦੇ ਰਹੇ, ਪਰ ਅਸਾਂ ਜਲ ਪਾਣੀ ਤੇ ਨਾ ਕੋਈ ਹੋਰ ਵਸਤੂ ਸਟੇਸ਼ਨਾਂ ਤੋਂ ਲੈ ਕੇ ਖਾਧੀ। ਉਹ ਹੈਰਾਨ ਹੋ ਰਹੇ ਸਨ, ਕਿ ਇਹ ਇਨਸਾਨ ਹਨ ਕਿ ਫਰਿਸ਼ਤੇ। ਇਤਨੇ ਲੰਬੇ ਸਫਰ ਵਿਚ ਇਹਨਾਂ ਨੇ ਕੁਝ ਖਾਧਾ ਪੀਤਾ ਬਿਲਕੁਲ ਨਹੀਂ।

ਆਖਰ ਉਹਨਾਂ ਨੇ ਸਾਨੂੰ ਪੁਛ ਹੀ ਲਿਆ। ਜਵਾਬ ਵਿਚ ਅਸਾਂ ਉਹਨਾਂ ਨੂੰ ਦਸਿਆ ਕਿ ਅਸੀਂ ਬਾਜ਼ਾਰੀ ਚੀਜ਼ ਦੀ ਵਰਤੋਂ ਨਹੀਂ ਕਰਦੇ।

ਕੀ ਤੁਸੀਂ ਫਲ ਫਰੂਟ ਭੀ ਨਹੀਂ ਛੱਕਦੇ ? ਮੁਸਲਮਾਨ ਨੇ ਪੁਛਿਆ।

ਫਲ ਫਰੂਟ ਤਾਂ ਛੱਕ ਲੈਂਦੇ ਹਾਂ। ਅਸਾਂ ਉੱਤਰ ਦਿਤਾ'।

ਇਹ ਗਲ ਸਾਥੋਂ ਸੁਣ ਕੇ ਨਾ ਜਾਣੇ ਕਿਉਂ ਉਸ ਦੇ ਮਨ ਤੇ ਅਜਿਹਾ ਪ੍ਰਭਾਵ ਪਿਆ ਕਿ ਇਕ ਸੰਤਰਿਆਂ ਦਾ ਟੋਕਰਾ ਦੇ ਕੇ ਕਿਹਾ–ਅੱਛਾ ਯਹ ਹਮਾਰੀ ਥੋੜੀ ਸੀ ਭੇਟਾ ਪ੍ਰਵਾਨ ਕਰੋ।

ਅਸਾਂ ਬਥੇਰਾ ਕਿਹਾ ਜੇ ਅਸਾਂ ਲੈਣੇ ਹੁੰਦੇ ਤਾਂ ਨਾਗਪੁਰ ਤੋਂ ਹੀ ਲੈਂਦੇ। ਇਹ ਤਾਂ ਆਪ ਦੇ ਪ੍ਰਵਾਰ

ਦੀ ਅਮਾਨਤ ਹੈ।

ਪਰ ਉਸ ਮੁਸਲਮਾਨ ਦਾ ਦ੍ਰਿੜ ਇਰਾਦਾ ਸੀ, ਉਹ ਬੋਲਿਆ–ਬਾਬਾ ਜੀ, ਅੱਬ ਤੋਂ ਮੈਂ ਆਪਣੇ ਮਨ ਕਰ ਕੇ ਆਪ ਕੋ ਯੇਹ ਟੋਕਰਾ ਦੇ ਚੁੱਕਾ ਹੂੰ, ਮੁਝੇ ਖੁਦਾ ਕੇ ਬੰਦੇ ਕੇ ਦੀਦਾਰ ਹੂਏ ਹੈਂ। ਮੇਰੀ ਨਜ਼ਰ (ਭੇਟਾ) ਕਬੂਲ ਕਰੋ। ਵਰਨਾ ਮੈਂ ਸਮਝੂੰਗਾ ਕਿ ਅੱਲਾ ਤਾਅਲਾ ਮੁਝ ਪਰ ਨਾਰਾਜ਼ ਹੈ।

ਉਸ ਮੁਸਲਮਾਨ ਨੂੰ ਨਾ ਜਾਣੇ, ਵਾਹਿਗੁਰੂ ਜੀ ਨੇ ਕੀ ਦਰਸਾਇਆ ਕਿ ਉਸ ਦੀ ਅਜਿਹੀ ਭਾਵਨਾ ਨੂੰ ਠੁਕਰਾਨਾ ਅਸਾਂ ਭੀ ਚੰਗਾ ਨਾ ਸਮਝਿਆ। ਗੜਵਿਆਂ ਵਿਚ ਭਰੇ ਜਲ ਨਾਲ ਧੋ ਕੇ ਅਸਾਂ ਸੰਤਰਿਆਂ ਨੂੰ ਛੱਕਿਆ। ਪਰ ਇਸ ਨਾਲ ਜੋ ਖੁਸ਼ੀ ਉਸ ਖੁਦਾ ਦੇ ਬੰਦੇ (ਮੁਸਲਮਾਨ) ਦੇ ਚਿਹਰੇ ਤੋਂ ਨਜ਼ਰ ਆਈ, ਉਹ ਤਾਂ ਉਹ ਹੀ ਦੱਸ ਸਕਦਾ ਸੀ।

ਇਉਂ ਦਰਸ਼ਨ ਦੀਦਾਰ ਕਰਦੇ ਹੋਏ ਦਿਲੀ ਤੋਂ ਧਮਧਾਨ ਸਾਹਿਬ ਪਾਤਸ਼ਾਹੀ ੯ ਦੇ ਵਾਪਸੀ ਤੇ ਫਿਰ ਦਰਸ਼ਨ ਕਰ ਕੇ, ਸ੍ਰੀ ਦਮਦਮਾ ਸਾਹਿਬ, ਗੁਰੂ ਕੀ ਕਾਂਸ਼ੀ [ਤਲਵੰਡੀ ਸਾਬੋ] ਵਿਸਾਖੀ ਦੇ ਪੁਰਬ ਤੋਂ ਦੋ ਦਿਨ ਪਹਿਲਾਂ ਪੁੱਜੇ।

ਅਸਾਂ ਇਕ ਵਡੇ ਭਾਰੇ ਬੋਹੜ ਹੇਠਾਂ ਆਸਣ ਲਾ ਲਏ। ਮੇਰੇ ਗੁਰਭਾਈ ਭਾਈ ਰਣ ਸਿੰਘ ਜੀ ਨੇ ਮੇਰੇ ਪਾਸੋਂ ਦਾਸ ਦੀਆਂ ਹੱਥ ਲਿਖਤ ਪੋਥੀਆਂ ਲੈ ਕੇ ਮਹਾਂਪੁਰਸ਼ ਬਾਬਾ ਖੇਤਾ ਸਿੰਘ ਜੀ* ਨਿਹੰਗ ਸਿੰਘ

---

* ਬਾਬਾ ਖੇਤਾ ਸਿੰਘ ਜੀ–ਇਹ ਪਿੰਡ ਪੱਥਰਾਲੇ ਦੇ ਵਸਨੀਕ ਜੱਟ ਸਿੱਖ ਸਨ ਅਤੇ ਜਿਹਨਾਂ ਨੇ ਸ੍ਰੀਮਾਨ ਸੰਤ ਜੀਵਨ ਸਿੰਘ ਜੀ ਪਾਸੋਂ ਪੱਥਰਾਲੇ ਤੋਂ ਗੁਰਮਤਿ ਵਿਦਿਆ ਪ੍ਰਾਪਤ ਕੀਤੀ। ਇਹ ਇਕ ਚੰਗੇ ਵਿਦਵਾਨ ਤੇ ਗੁਰਮਤਿ ਦੇ ਚੰਗੇ ਖੋਜੀ ਅਤੇ ਨਾਮ ਦੇ ਰਸੀਏ, ਗੁਰਸਿਖ– ਨਿਹੰਗ - ਸਿੰਘ ਤਿਆਰ - ਬਰ - ਤਿਆਰ ਸਨ।

ਪੱਥਰਾਲੇ ਆਪ ਗੁਰ ਅਸਥਾਨ ਤੇ ਗੁਰੂ ਮਹਾਰਾਜ ਦੀ ਸੇਵਾ ਪੂਜਾ ਬੜੀ ਸ਼ਰਧਾ ਪਿਆਰ ਨਾਲ ਕਾਫੀ ਸਮਾਂ ਕਰਦੇ ਰਹੇ। (ਇਹ ਵਿਦਿਆ ਦੀ ਧਮਧਾਨ ਸਾਹਿਬ ਦੀ ਟਕਸਾਲ ਗੁਰਦੁਆਰਾ ਲਿਖਣਸਰ ਪਾਤਸ਼ਾਹੀ ੧੦, ਸ੍ਰੀ ਦਮਦਮਾ ਸਾਹਿਬ ਨਾਲ ਸੰਮਿਲਤ ਸੀ।

ਸੇਵਾ ਕਰਦਿਆਂ ਕਰਦਿਆਂ ਆਪ ਜੀ ਅਜਿਹੇ ਵੈਰਾਗੀ ਹੋ ਗਏ ਕਿ ਜੋ ਆਪਣੇ ਖੇਤਾਂ ਵਿਚ ਭੋਰਹਾ ਪੁਟ ਕੇ ਭਜਨ ਕਰਨ ਲੱਗ ਪਏ। ਕੁਝ ਸਮੇਂ ਬਾਅਦ ਆਪ ਜੀ ਨੂੰ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਅਜਿਹੀ ਤੀਬਰ ਇੱਛਾ ਹੋਈ ਕਿ ਅੰਨ - ਜਲ ਛੱਕਣਾ ਬੰਦ ਕਰ ਦਿਤਾ। ਕਈ ਦਿਨ ਆਪ ਜੀ ਭੁੱਖੇ ਭਾਣੇ ਬੈਠੇ ਰਹੇ, ਪਰ ਮਨ ਵਿਚ ਇਹ ਨਿਸਚਾ ਦ੍ਰਿੜ ਕਰ ਕੇ ਧਾਰ ਲਿਆ ਕਿ ਜਦ ਤਕ ਕਲਗੀਧਰ ਪਿਤਾ ਪ੍ਰਤੱਖ ਦੀਦਾਰ ਨਹੀਂ ਬਖਸ਼ਦੇ, ਪ੍ਰਾਣਾਂ ਤੱਕ ਦੀ ਬਾਜ਼ੀ ਲਾਈ ਜਾਵੇ (ਭਾਵ ਕੁਝ ਨਾ ਛੱਕਿਆ ਜਾਵੇ)।

ਭਾਵੇਂ ਗੁਰਮਤਿ ਵਿਚ ਅਜਿਹਾ ਹੱਠ ਕਰਨਾ ਵਿਵਰਜਿਤ ਹੈ ? ਪਰ ਦਰਸ਼ਨਾਂ ਦੇ ਤਾਂਘੀ ਦੀ ਤੀਬਰਤਾ ਨੂੰ ਤਾਂ ਉਹੀ ਜਾਣਦੇ ਹਨ,। ਜਿਵੇਂ ਪੰਚਮ ਪਾਤਸ਼ਾਹ ਨੇ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਦੇ ਵਿਛੋੜੇ ਬਾਰੇ ਲਾਹੌਰੋਂ ਚਿੱਠੀ ਲਿਖੀ ਸੀ–

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥ ॥੧॥ [ਮਾਝ ਮ: ੫–੯੬☞

ਉਹਨਾਂ ਦੇ ਆਸਣ ਤੇ ਲੈ ਗਏ। ਜਦ ਮਹਾਂਪੁਰਸ਼ਾਂ ਨੇ ਦਾਸ ਦੀਆਂ ਹੱਥ ਲਿਖਤ ਪੋਥੀਆਂ ਵੇਖੀਆਂ, ਤਾਂ ਨਮਸ਼ਕਾਰ ਕੀਤੀ ਸਿਰ ਮੱਥੇ ਤੇ ਰੱਖੀਆਂ ਅਤੀ ਪ੍ਰਸੰਨਤਾ ਤੇ ਗਦ ਗਦ ਹੁੰਦੇ ਕਿਹਾ–

ਧੰਨ ਲਿਖਾਰੀ ਨਾਨਕਾ ਜਿਨਿ ਨਾਮ ਲਿਖਾਇਆ ਸਚ ॥

ਵਾਹ ਵਾਹ ਭਾਈ ਰਣ ਸਿੰਘ ਜੀ ! ਤੁਸਾਂ ਅੱਜ ਧੰਨ ਬਾਬਾ ਦੀਪ ਸਿੰਘ ਜੀ ਦੇ ਦਰਸ਼ਨ ਕਰਾ ਦਿਤੇ ਹਨ। ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵਿਚ ਅਜਿਹੀ ਸੁੰਦਰ ਲਿਖਤ ਹੂ-ਬਹੂ ਬਾਬਾ ਦੀਪ ਸਿੰਘ ਜੀ ਦੀ ਲਿਖਤ ਨਾਲ ਮਿਲਦੀ ਹੈ। ਅਜਿਹੇ ਹੀਰੇ ਅਜੇ ਪੰਥ ਵਿਚ ਹਨ। ਚਲੋ ਦਰਸ਼ਨ ਕਰਾਓ ਉਸ ਸਿੰਘ ਦੇ।

☞ ਹੋਰ ਬਿਹਬਲਤਾ ਇਉਂ ਲਿਖ ਭੇਜੀ–

ਇਕ ਘੜੀ ਨ ਮਿਲਤੇ ਤ ਕਲਿਜੁਗੁ ਹੋਤਾ ॥ ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ ॥੩॥

[ਮਾਝ ਮ: ੫ ਪੰਨਾ ੯੬-੯੭

ਸਿੱਖ ਦੀ ਬੇਹਬੱਲਤਾ ਤਾਂ ਹੋਰ ਭੀ ਵੇਦਨ - ਸ਼ੀਲ ਹੋਣ ਕਰ ਕੇ ਕੋਈ ਭੀ ਹੱਠ ਕਰ ਲੈਂਦਾ ਹੈ। ਜਦ ਤਿੰਨ ਦਿਨ ਅੰਨ-ਜਲ,(ਚੀਤਾ)ਪੇਸ਼ਾਬ ਕਰਨਾ ਅਤੇ ਸੌਣਾ ਆਦਿ ਭੀ ਬੰਦ ਕਰ ਦਿਤਾ। ਇਕ ਟੱਕ ਆਸਣ ਤੇ ਬੈਠੇ ਰਹੇ।

ਸਤਿਗੁਰਾਂ ਨੇ ਦਰਸ਼ਨ ਦੇਣੇ

ਬਾਬਾ ਖੇਤਾ ਸਿੰਘ ਜੀ ਹੱਠੀ, ਤੱਪੀ, ਤੇ ਨਿਯਮਾਂ ਦੇ, ਨਿਤਨੇਮ ਦੇ, ਅਤੇ ਰਹਿਤ - ਮਰਯਾਦਾ ਦੇ ਪੂਰੇ ਸੂਰੇ ਸਨ। ਆਪ ਜੀ ਦੇ ਮਨ ਦੇ ਵੇਗ ਨੇ ਸ੍ਰੀ ਕਲਗੀਧਰ ਪਿਤਾ ਜੀ ਨੂੰ ਅਜਿਹੀ ਪ੍ਰੇਮ - ਡੋਰੀ ਪਾਈ ਕਿ ਕਲਗੀਧਰ ਪਿਤਾ ਜੀ ਨੇ ਪ੍ਰਤੱਖ ਦਰਸ਼ਨ ਦਿਤੇ।

ਸਤਿਗੁਰੂ ਜੀ ਨੇ ਬਾਬਾ ਖੇਤਾ ਸਿੰਘ ਜੀ ਨੂੰ ਬਚਨ ਕੀਤਾ ਕਿ ਸਿੰਘ ਨੂੰ ਇਤਨਾ ਹੱਠ ਨਹੀਂ ਕਰਨਾ ਚਾਹੀਦਾ। ਇਸ ਤਰ੍ਹਾਂ ਗੁਰੂ ਦੀ ਪ੍ਰੀਖਿਆ ਨਹੀਂ ਲੈਣੀ ਚਾਹੀਦੀ। ਗੁਰੂ ਤਾਂ ਸਿੰਘਾਂ (ਤਿਆਰ-ਬਰ-ਤਿਆਰ ਨਾਮ ਸਿਮਰਨ ਕਰਨ ਵਾਲਿਆਂ ਦੇ ਹਮੇਸ਼ਾਂ ਅੰਗ ਸੰਗ ਹੁੰਦੇ ਹਨ। ਤੁਸੀਂ ਕਿਹੜੇ ਭਰਮ ਭੁਲੇਖਿਆਂ ਵਿਚ ਪੈ ਗਏ ਹੋ। ਕਰੋ ਨਿਸਚਾ, ਉਠੋ ਜਲ - ਪਾਣੀ ਛਕੋ। ਹਠ ਕਰਨਾ, ਨਿਰੰਕਾਰ ਦੀ ਬਾਣੀ ਵਿਚ ਸਖਤ ਵਿਵਰਜਤ ਹੈ) ਜਿਹਾ ਕਿ–

ਹਠੁ ਕਰਿ ਮਰੈ ਨ ਲੇਖੈ ਪਾਵੈ ॥ ਵੇਸ ਕਰੈ ਬਹੁ ਭਸਮ ਲਗਾਵੈ ॥
ਨਾਮਿ ਬਿਸਾਰਿ ਬਹੁਰਿ ਪਛਤਾਵੈ ॥ ੧ ॥ [ਗਉੜੀ ਮਹਲਾ ੧–੨੨੬

ਸਿੰਘ ਦਾ ਅੰਮ੍ਰਿਤ ਤੋਂ ਛੱਕਣ ਬਾਅਦ ਗੁਰੂ ਤੇ ਸਿੱਖ ਦਾ ਸਬੰਧ ਪਿਓ - ਪੁੱਤਰ ਵਾਂਗ ਬਣ ਜਾਂਦਾ ਹੈ। ਤਾਂ ਤੇ ਪੁਤਰ ਨੂੰ ਕਦੀ ਵੀ ਪਿਤਾ ਸਬੰਧੀ ਕੋਈ ਸ਼ੱਕ, ਸ਼ਿਕਵਾ ਨਹੀਂ ਹੋਣਾ ਚਾਹੀਦਾ। ਪਿਤਾ ਪੁੱਤਰ ਲਈ ਹਮੇਸ਼ਾ ਫਿਕਰਮੰਦ ਹੁੰਦਾ ਹੈ। ਸਪੂਤ (ਗੁਰਸਿੱਖ) ਦਰਗਾਹੀ ਬਾਣੀ ਦੇ ਹੁਕਮਾਂ ਦੀ ਆਪ ਪਾਲਣਾ ਕਰਦਾ ਹੋਇਆ ਹੋਰਨਾਂ ਤੋਂ ਵੀ ਕਰਾਉਂਦਾ ਹੈ।

ਆਪਿ ਮਰਾਗ ਚਲਦੇ ਹੋਰਨਾਂ ਨੂੰ ਹਰਿ ਮਾਰਗ ਪਾਏ ॥ ☞

ਬਾਬਾ ਖੇਤਾ ਸਿੰਘ ਜੀ ਸੀਸ ਤੇ ਪੋਥੀਆਂ ਚੁੱਕੀ ਬਾਬਾ ਰਣ ਸਿੰਘ ਜੀ ਨਾਲ ਸਾਡੇ ਆਸਣ (ਬੋਹੜ) ਵਲ ਨੂੰ ਆ ਰਹੇ ਸਨ। ਮੈਂ ਬਾਬਾ ਖੇਤਾ ਸਿੰਘ ਦੇ ਜੀ ਅਗੇ ਦਰਸ਼ਨ ਨਹੀਂ ਸਨ ਕੀਤੇ ਹੋਏ। ਮੈਂ ਆਪਣੇ ਧਿਆਨ ਸਹਿਜ ਸੁਭਾ ਬੈਠਾ ਸਾਂ ਕਿ ਬਾਬਾ ਖੇਤਾ ਸਿੰਘ ਜੀ ਨੇ ਬੜੇ ਪਿਆਰ ਨਾਲ ਫਤਹਿ ਬੁਲਾ ਕੇ ਥੋੜਾ ਜਿਹਾ ਸਿਰ ਨਿਵਾ ਝੱਟ ਅਗੇ ਹੋ ਦਾਸ ਦੇ ਪੈਰਾਂ ਨੂੰ ਪਕੜ ਕੇ ਕਹਿਣ ਲਗੇ–

ਤੂੰ ਧੰਨ ਹੈ, ਅਜ ਸਾਨੂੰ ਧੰਨ ਬਾਬਾ ਦੀਪ ਸਿੰਘ ਜੀ ਦੇ ਸਾਖਿਆਤ ਦਰਸ਼ਨ ਹੋਏ ਹਨ। ਕਿਉਂਕਿ ਪੰਥ ਵਿਚ ਬਾਬਾ ਦੀਪ ਸਿੰਘ ਜੀ ਦੀਆਂ ਲਿਖੀਆਂ ੪ ਬੀੜਾਂ ਦੀ ਸੁੰਦਰਤਾ ਜੇਹੀ ਅੱਜ ਆਪ ਦੀ ਲਿਖਤ ਉਹੋ ਜਿਹੇ ਦਰਸ਼ਨ ਹੋਏ ਹਨ।

ਮੈਂ ਤ੍ਰਿਬਕ ਕੇ ਪੈਰ ਛੁਡਾ ਕੇ ਪਿੱਛੇ ਹੱਟ ਖਲੋਤਾ। ਮੈਂ ਹੱਥ ਜੋੜ ਕੇ ਕਿਹਾ–ਸਿੰਘ ਜੀ ! ਇਹ ਪਾਪ ਮੇਰੇ ਸਿਰ ਕਿਉਂ ਚਾੜ੍ਹ ਰਹੇ ਹੋ। ਮੈਂ ਤਾਂ ਗੁਨਾਹਗਾਰ, ਪਾਪੀ ਤੇ ਅਪਰਾਧੀ ਹਾਂ। ਤੁਸੀਂ ਬਜ਼ੁਰਗ ਹੋ, ਅਤੇ ਮੈਂ ਤੁਹਾਡਾ ਬੱਚਾ ਹਾਂ। ਤੁਸਾਂ ਨੂੰ ਮੇਰੇ ਪੈਰ ਨਹੀਂ ਸਨ ਛੂਹਣੇ ਚਾਹੀਦੇ। (ਕਿਉਂਕਿ ਉਸ ਵਕਤ ਮੈਂ ਅਜੇ ਮੱਸ ਫੁਟ ਸਾਂ।)

ਬਾਬਾ ਖੇਤਾ ਸਿੰਘ ਜੀ–ਨਹੀਂ ਸਿੰਘਾ ! ਅਸਾਂ ਤੁਹਾਨੂੰ ਨਮਸ਼ਕਾਰ ਨਹੀਂ ਕੀਤੀ। ਧੰਨ ਬਾਬਾ ਮਿੱਤ ਸਿੰਘ ਜੀ, ਜਿਨ੍ਹਾਂ ਮਹਾਂਪੁਰਸ਼ਾਂ ਨੇ ਤੁਹਾਡੇ ਅੰਦਰ ਅਜਿਹੀ ਸੁੰਦਰ ਦਾਤ ਦੀ ਬਖਸ਼ਸ਼ ਕੀਤੀ ਹੈ, ਉਸ ਗੁਣ ਨੂੰ ਨਮਸ਼ਕਾਰ ਹੈ, ਸਦ ਨਮਸ਼ਕਾਰ ਹੈ।

ਬੁੱਢੇ ਦਲ ਦੇ ਜਥੇਦਾਰ ਬਾਬਾ ਸਾਹਿਬ ਸਿੰਘ ਜੀ ਪਾਸ ਪੋਥੀਆ ਲਿਜਾਣੀਆਂ

ਇਹ ਕਹਿ ਕੇ ਬਾਬਾ ਖੇਤਾ ਸਿੰਘ ਤੇ ਭਾਈ ਰਣ ਸਿੰਘ ਜੀ ਪੋਥੀਆਂ ਲੇ ਕੇ ਪਰਮ ਪੂਜਯ ਗੁਰਦੇਵ (ਇਹ ਮੇਰੇ ਅੰਮ੍ਰਿਤ - ਦਾਤਾ ਸਨ) ਕਲਾਧਾਰੀ ਜਥੇਦਾਰ ਬਾਬਾ ਸਾਹਿਬ ਸਿੰਘ ਜੀ ਬੁੱਢਾ ਦਲ (ਜੋ ਬੇਰ ਪਾਸ ਤੰਬੂ ਵਿਚ ਭੁਇੰ ਆਸਣ ਬੈਠੇ ਸਨ) ਪਾਸ ਪਹੁੰਚੇ ਤੇ ਜਦ ਪੋਥੀਆਂ (ਲਿਖਤ) ਵਿਖਾਈਆਂ ਤਾਂ ਜਥੇਦਾਰ ਸਾਹਿਬ ਨੇ ਝੱਟ ਕਿਹਾ–ਕੀ ਉਹ ਸਿੰਘ ਸੱਚਖੰਡ ਤੋਂ ਆ ਗਏ ਹਨ ? ਬੁਲਾਓ ਉਸ ਸਿੰਘ ਨੂੰ, ਅਸੀਂ ਕਦੇ ਦੇ ਉਡੀਕ ਰਹੇ ਹਾਂ ?

ਦਾਸ ਨੂੰ ਜਥੇਦਾਰ ਜੀ ਦਾ ਬੁਲਾਵਾ

ਇਕ ਨਿਹੰਗ ਸਿੰਘ ਦਾਸ ਦੇ ਪਾਸ ਆਇਆ ਅਤੇ ਕਿਹਾ–ਆਪ ਨੂੰ ਬੁੱਢੇ ਦਲ ਦੇ ਜਥੇਦਾਰ ਸਾਹਿਬ ਬੁਲਾਉਂਦੇ ਹਨ। ਮੈਂ ਸੋਚੀਂ ਪੈ ਗਿਆ ਤੇ ਕੁਝ ਭੈ - ਭੀਤ ਭੀ ਹੋਇਆ ਕਿ ਮੈਥੋਂ ਕੀ ਗਲਤੀ ਹੋ

☞ ਸੋ ਉਠੋ ਤੇ ਨਾ ਸੁਹਾਗਨ ਤੇ ਨਾ ਰੰਡ ਬਣੋ–

ਛੋਡੈ ਅੰਨ ਕਰੇ ਪਾਖੰਡ ਨਾ ਸੁਹਾਗ ਨ ਓਹ ਰੰਡ ॥

ਸੋ ਇਹ ਕਰਮ ਤਿਆਗੋ ਤੇ ਗੁਰਮਤਿ ਅਨੁਸਾਰ–

ਆਪ ਜਪਹੁ ਅਵਰਹ ਨਾਮ ਜਪਾਵਹੁ ॥

ਗਈ ਹੈ। ਕਿਧਰੇ 'ਚਾਹਟਾ' ਹੀ ਨਾ ਛਕਾਉਣ। ਮੈਂ ਅੰਦਰੋਂ ਸਹਿਮਿਆ ਹੋਇਆ ਜਦ ਜਥੇਦਾਰ ਜੀ ਪਾਸ ਪਹੁੰਚ ਕੇ ਫਤਹਿ ਬੁਲਾਈ ਤੇ ਉਹਨਾਂ ਦੇ ਚਰਨ ਪਰਸਣ ਲੱਗਾ, ਤਾਂ ਜਥੇਦਾਰ ਸਾਹਿਬ ਜੀ ਨੇ ਮੇਰੀ ਬਾਂਹ ਫੜ ਕੇ ਬੜੇ ਪਿਆਰ ਨਾਲ ਆਖਿਆ–ਲਿਖਾਰੀ ਸਿੰਘ ਜੀ ! ਆ ਗਏ ਹੋ ! ਆਓ ਐਥੇ ਬੈਠੋ ! ਬਾਬਾ ਖੇਤਾ ਸਿੰਘ ਜੀ ਤੇ ਹੋਰ ਸਿੰਘ ਭੀ ਤੰਬੂ ਵਿਚ ਸਨ।

ਜਥੇਦਾਰ ਸਾਹਿਬ ਜੀ ਨੇ ਦਾਸ ਨੂੰ ਆਪਣੇ ਆਸਣ ਤੇ ਬੈਠਣ ਲਈ ਕਿਹਾ। ਮੈਂ ਅਰਜ਼ ਕੀਤੀ– ਪਾਤਸ਼ਾਹ ! ਇਹ ਆਸਣ ਆਪ ਜੀ ਲਈ ਹੈ ਅਤੇ ਆਪ ਜੀ ਨੂੰ ਹੀ ਸ਼ੋਭਦਾ ਹੈ। ਮੈਂ ਇਧਰ ਹੇਠਾਂ ਬੈਠਦਾ ਹਾਂ। ਸਿੱਖ ਸੰਗਤਾਂ ਵਿਚ ਹੁਕਮ ਕਰੋ, ਦਾਸ ਨੂੰ ਕੀ ਹੁਕਮ ਹੈ ?

ਜਥੇਦਾਰ ਜੀ ਨੇ ਮੇਰੀ ਬਾਂਹ ਨਾ ਛੱਡੀ ਤੇ ਮੱਲੋ ਮੱਲੀ ਆਪਣੇ ਪਵਾਂਦੇ ਵਲ ਬਿਠਾ ਕੇ ਘੁੱਟ ਕੇ ਗਲਵਕੜੀ ਪਾ ਲਈ ਤੇ ਕਿਹਾ–ਅਸਾਂ ਨੂੰ ਤੇਰੀਆਂ ਖਬਰਾਂ ਬਹੁਤ ਸਮੇਂ ਤੋਂ ਮਿਲ ਰਹੀਆਂ ਸਨ। ਅਸੀਂ ਬਾਬਾ ਬਬੇਕਾ ਸਿੰਘ ਜੀ (ਬਾਬਾ ਮਿੱਤ ਸਿੰਘ ਜੀ) ਨੂੰ ਤਾਰ ਭੇਜੀ ਸੀ ਕਿ ਲਿਖਾਰੀ ਸਿੰਘ ਨੂੰ ਛੇਤੀ ਭੇਜੋ। ਸਾਨੂੰ ਅਜਿਹੇ ਸਿੰਘ ਦੀ ਬਹੁਤ ਲੋੜ ਹੈ।

(ਅਕਸਰ ਗੁਣਵਾਨ ਹੀ ਗੁਣੀ ਹੀ ਕਦਰ ਕਰਨਾ ਜਾਣਦਾ ਹੈ। ਫਿਰ ਆਪ ਭੀ ਤਾਂ ਬੀ. ਏ. ਪੜ੍ਹੇ ਹੋਏ ਸਨ)

ਮੈਂ ਹੈਰਾਨ ਜਿਹਾ ਹੋ ਕੇ ਕਿਹਾ–ਪਾਤਸ਼ਾਹ ! ਡਾਕ ਤਾਂ ਮੇਰੇ ਪਾਸ ਆਉਂਦੀ ਹੁੰਦੀ ਸੀ, ਪਰ ਤਾਰ ਤਾਂ ਨਹੀਂ ਆਈ।

ਜਥੇਦਾਰ ਸਾਹਿਬ– ਤਾਰ ਨਹੀਂ ਪੁੱਜੀ ? ਜਦੋਂ ਆਪ ਮਾਤਾ ਜੀ ਦੇ ਗੁਰਦਵਾਰੇ ਤੋਂ ਚਾਲੇ ਪਾਣ ਲਗੇ ਸੀ। ਤਾਂ ਬਾਬਾ ਬਬੇਕਾ ਸਿੰਘ ਨੇ ਸਿੰਘਾਂ ਨੂੰ ਕਿਹਾ ਕਿ 'ਲਿਖਾਰੀ ਸਿੰਘ ਨੂੰ ਜਾਣ ਦਿਓ। ਇਹਨਾਂ ਨੂੰ ਬਹੁਤ ਜ਼ਰੂਰੀ ਕੰਮ ਹੈ।' ਅਸਾਂ ਦੀ ਤਾਰ ਨੂੰ ਮਹਾਂ ਪੁਰਸ਼ਾਂ ਨੇ ਸਮਝ ਕੇ ਹੀ ਤੁਹਾਨੂੰ ਭੇਜਿਆ ਹੈ। ਨਹੀਂ ਤਾਂ ਸ਼ਾਇਦ ਨਾ ਆਉਣ ਦੇਂਦੇ। ਤੁਹਾਡਾ ਪਿਆਰ ਭਲਾ ਤੁਸਾਂ ਨੂੰ ਉਥੋਂ ਕਦ ਆਉਣ ਦੇਂਦਾ ਸੀ।

ਆਤਮਕ ਮੇਲ ਦੀਆਂ ਰਮਜ਼ਾਂ

ਇਹ ਸਨ ਦੁਵੱਲੀ ਆਤਮਕ ਮੇਲ, ਤੇ ਰਮਜ਼ਾਂ ਜੋ ਮਹਾਂਪੁਰਸ਼ਾਂ ਦੀ ਰਮਜ਼ (ਆਵਾਜ਼) ਮਹਾਂਪੁਰਸ਼ ਹੀ ਸੁਣ ਸਮਝ ਸਕਦੇ ਸਨ। ਉਸ ਵਕਤ ਅਸੀਂ ਅਨਜਾਣੇ ਕੀ ਸਮਝਦੇ ਕਿ ਕੀ ਕੰਮ ਹਨ (ਜਾਣ ਦਿਓ ਪੰਜਾਬ)। ਇਹ ਰਾਜ਼ ਕਲਾਧਾਰੀ ਜਥੇਦਾਰ ਬੁੱਢਾ ਦਲ ਬਾਬਾ ਸਾਹਿਬ ਸਿੰਘ ਜੀ ਨੇ ਖੋਲ੍ਹਿਆ।

ਲਿਖਾਰੀ ਸਿੰਘ ! ਮਹਾਂਪੁਰਸ਼ਾਂ ਦੀ ਬਖਸ਼ਸ਼ ਜੋ ਤੁਸਾਂ ਤੇ ਹੋਈ ਹੈ, ਤੇ ਜੋ ਉਹਨਾਂ (ਜਿਨ੍ਹਾਂ ਸਾਨੂੰ ਜਥੇਦਾਰੀ ਸੰਭਾਲਣ ਸਮੇਂ ਫੈਸਲਾ ਦੁਸਹਿਰਾ ਮਹਾਤਮ ਪ੍ਰਚਲਤ ਕਰਨ ਤੇ ਦਿਤਾ ਸੀ) ਆਪ ਜੀ ਨੂੰ ਉਨ੍ਹਾਂ ਮਹਾਂਪੁਰਸ਼ਾਂ ਨੇ ਹੀ ਪੰਥ ਦਾ ਲਿਖਾਰੀ ਬਣਾ ਕੇ ਭੇਜਿਆ ਹੈ। ਜਿਸ ਕਰ ਕੇ ਧੰਨ ਬਾਬਾ ਮਿੱਤ ਸਿੰਘ ਜੀ ਬ੍ਰਹਮ ਗਿਆਨੀ ਦੇ ਹੁਕਮ ਮੁਤਾਬਕ ਹੀ ਅਸੀਂ ਸ਼੍ਰੋਮਣੀ ਪੰਥ ਅਕਾਲੀ ਬੁੱਢੇ ਦਲ ਵਲੋਂ ਆਪ ਜੀ ਨੂੰ ਸਨਮਾਨਤ ਕਰਦੇ ਹੋਏ ਹੀ 'ਲਿਖਾਰੀ' ਜਗਤ ਮਾਤਾ ਜੀ ਦੇ ਭੇਜੇ ਸਪੂਤ ਨੂੰ ਇਹ ਸੌਂਪਣ ਕਰਦੇ ਹਾਂ। ਆਹ ਲਓ, ਬੁੱਢੇ ਦਲ ਦੇ ਕਾਗਜ਼ਾਤ। ਆਪ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਲਿਖਾਰੀ ਥਾਪਣ ਕੀਤੇ ਗਏ ਹੋ।

ਇਹ ਅਸਚਰਜ ਕੌਤਕ 'ਅਗੰਮੀ ਰਮਜ਼ਾਂ' ਤੇ ਮੇਰੇ ਜਿਹੇ ਕੀਟ ਨੂੰ ਇਤਨਾ ਸਨਮਾਨ, ਜਿਸ ਦਾ ਮੈਂ ਭਾਗੀ ਭੀ ਨਹੀਂ ਸਾਂ। ਪਰ ਕਲਧਾਰੀ† ਜਥੇਦਾਰ ਸਾਹਿਬ ਜੀ ਨੇ ਭੀ ਬਾਬਾ ਮਿੱਤ ਸਿੰਘ ਜੀ ਵਾਂਗ ਹੀ ਦਾਸ ਨੂੰ ਸਨਮਾਨ, ਸਤਿਕਾਰ ਤੇ ਲਾਡ ਦਿਤਾ ਅਤੇ ਅੰਤਮ ਸਮੇਂ ਤਕ ਮੈਨੂੰ ਆਪਣੇ ਚਰਨ ਪਰਸਣ ਦਾ ਅਵਸਰ ਬਖਸ਼ੀ ਰੱਖਿਆ।

† ਕਲਾਧਾਰੀ ਜਥੇਦਾਰ ਸਾਹਿਬ ਵਲੋਂ ਪਿਆਰ ਲਾਡ

ਉਸ ਵਕਤ ਸ਼੍ਰੋਮਣੀ ਕਮੇਟੀ ਵਲੋਂ, ਛਾਉਣੀ ਨਿਹੰਗ ਸਿੰਘਾਂ ਸ੍ਰੀ ਨਨਕਾਣਾ ਸਾਹਿਬ ਅਤੇ ਬੁਰਜ ਬਾਬਾ ਫੂਲਾ ਸਿੰਘ ਜੀ ਅਤੇ ਹੋਰ ਅਸਥਾਨਾਂ ਦੇ ਮੁਕੱਦਮੇ ਚਲ ਰਹੇ ਸਨ। ਵਿਸਾਖੀ ਤੋਂ ਦਾਸ ਜਥੇਦਾਰ ਸਾਹਿਬ ਨਾਲ ਹੀ ਮੁਕੱਦਮਿਆਂ ਦੀ ਪੈਰਵਾਈ ਲਈ ਅੰਮ੍ਰਿਤਸਰ ਆ ਗਏ। ਦਾਸ ਸੁਖ ਨਿਧਾਨ ਦੀ ਦੇਗ ਨਹੀਂ ਸੀ ਛੱਕਦਾ। ਜਥੇਦਾਰ ਜੀ ਚੁੱਪਕੇ ਜਿਹੇ ਨਾਲ ਮੇਰੇ ਸਰਹਾਣੇ ਬਦਾਮ ਰਖਵਾ ਦੇਂਦੇ। ਨਨਕਾਣੇ ਸਾਹਿਬ ਮਹਾਂਪੁਰਸ਼ਾਂ ਬਾਬਾ ਖੇਤਾ ਸਿੰਘ ਜੀ ਸੂਰਮੇ ਸਿੰਘ, ਜਿਨ੍ਹਾਂ ਨੇ ਨਨਕਾਣਾ ਸਾਹਿਬ ਤੋਂ ਬਾਹਰ ਅਸਥਾਨ ਬਣਾ ਕੇ ਰਹਿੰਦੇ ਸਨ। ਦਰਸ਼ਨਾਂ ਨੂੰ ਗਏ। ਉਹਨਾਂ ਦੀ ਅੰਤਰ ਦ੍ਰਿਸ਼ਟੀ ਪਹਿਲਾਂ ਹੀ ਸਿੰਘ ਨੂੰ ਕਹਿਣ ਲਗ ਪਏ। (ਇਹ ਨੇਤਰਾਂ ਤੋਂ ਹੀਣੇ ਸਨ)। ਪਲੰਘਾਂ ਵਛਾਵੋ ਜਥੇਦਾਰ ਸਾਹਿਬ ਜੀ ਆ ਰਹੇ ਹਨ।

ਜਦ ਅਸੀਂ ਜਾ ਕੇ ਫਤਹ ਬੁਲਾਈ। ਬੈਠੇ ਜਲ ਪਾਣੀ ਛਕਿਆ। ਤਾਂ ਬਾਬਾ ਖੇਤਾ ਸਿੰਘ ਜੀ ਸੇਵਾਦਾਰ ਨੂੰ ਕਹਿਣ ਲਗੇ–ਸਿੰਘਾ ਜੋ ਕੱਲ ਚੋਲਾ ਸੀਪ ਕੇ ਆਇਆ ਹੈ, ਗੁਰੂ ਪੰਥ ਖਾਲਸੇ ਦੇ ਲਿਖਾਰੀ ਸਿੰਘ ਆਏ ਹਨ, ਇਹਨਾਂ ਦਾ ਚੋਲਾ ਮਸਤਾਨਾ ਜਾਪਦਾ ਹੈ। ਇਉਂ ਨਹੀਂ ਸੋਚਦੇ ਕਿ ਇਹਨਾਂ ਦਾ ਪੁਸ਼ਾਕਾ ਸੁੰਦਰ ਹੋਣਾ ਚਾਹੀਦਾ ਹੈ। ਇਹ ਪੰਥ ਦੇ ਲਿਖਾਰੀ ਹਨ ਅਤੇ ਜਗਤ ਮਾਤਾ ਜੀ ਦੇ ਵਰੋਸਾਏ ਮਹਾਂਪੁਰਸ਼ ਬਾਬਾ ਮਿੱਤ ਸਿੰਘ ਜੀ ਦੀਆਂ ਮਿਹਰਾਂ ਲੈ ਕੇ ਆਏ ਹਨ। ਅਜਿਹੇ ਸਿੰਘ ਜੀ ਦਾ ਚੋਲਾ ਫੱਟਿਆ ਹੋਇਆ ਭਲਾ ਸ਼ੋਭਦਾ ਹੈ ?

ਮੈਂ ਹੈਰਾਨ ਸਾਂ, ਕਿ ਇਨ੍ਹਾਂ ਦੇ ਬਾਹਰ ਮੁਖੀ ਨੇਤ੍ਰ ਤਾਂ ਬੰਦ ਹਨ, ਪਰ ਅੰਦਰਲੇ ਨੇਤਰ ਤਾਂ ਖੁੱਲ੍ਹੇ ਹੋਏ ਹਨ। ਸਭ ਜਾਣਦੇ ਹਨ, ਹਾਲਾਂਕਿ ਜਥੇਦਾਰ ਸਾਹਿਬ ਨੇ ਨਹੀਂ ਸੀ ਦਸਿਆ, ਕਿ ਲਿਖਾਰੀ ਸਿੰਘ ਭੀ ਸਾਡੇ ਨਾਲ ਹਨ।

ਬਹੁਤ ਹੀ ਸੁੰਦਰ ਚੋਲਾ ਜੋ ਮੈਨੂੰ ਬਿਲਕੁਲ ਪੂਰਾ ਸੀ, ਬਾਬਾ ਖੇਤਾ ਸਿੰਘ ਜੀ (ਇਹ ਹੋਰ ਸਨ ਤੇ ਸ੍ਰੀ ਨਨਕਾਣਾ ਸਾਹਿਬ ਹੀ ੧੯੪੭ ਦੇ ਹੱਲਿਆਂ ਵਿਚ ਜੋ ਸ੍ਰੀ ਨਨਕਾਣਾ ਸਾਹਿਬ ਦੀ ਧਰਤੀ ਨਹੀਂ ਸਨ ਤਿਆਗਣਾ ਚਾਹੁੰਦੇ। ਆਪ ਜੀ ਉਥੇ ਹੀ ਸ਼ਹੀਦ ਹੋ ਗਏ ਸਨ।) ਨੇ ਆਖਿਆ–ਆਓ ! ਲਿਖਾਰੀ ਸਿੰਘ ਜੀ, ਲਓ ਚੋਲਾ ਪਹਿਨੋ। ਸਾਨੂੰ ਪਤਾ ਹੈ ਕਿ ਤੁਸੀਂ ਕੋਈ ਚੀਜ਼ ਮੰਗਦੇ ਤਾਂ ਨਹੀਂ। ਕਿਉਂਕਿ ਆਪ ਦੀ ਸੰਗਤ ਇਕ ਤਿਆਗੀ, ਸਬਰ ਸੰਤੋਖ ਵਾਲੇ, ਮਹਾਂਪੁਰਸ਼ ਬਾਬਾ ਮਿੱਤ ਸਿੰਘ ਜੀ ਦੀ ਰੰਗਤ ਜੂ ਹੋਈ। ਭਾਵੇਂ ਜਥੇਦਾਰ ਸਾਹਿਬ ਜੀ ਤੁਹਾਡਾ ਪੂਰਾ ਖਿਆਲ ਰੱਖਦੇ ਹਨ ? ਪਰ ਅਸਾਂ ਨੂੰ ਭੀ ਮਹਾਂਪੁਰਸ਼ਾਂ ਬਾਬਾ ਮਿੱਤ ਸਿੰਘ ਜੀ ਦੀਆਂ ਬਖ਼ਸ਼ੀਆਂ ਦਾਤਾਂ ਦਾ ਸਨਮਾਨ ਕਰਨਾ ਬਣਦਾ ਹੈ। ਇਸ ਤਰਾਂ ਸਾਡੀ ਭੀ ਹਾਜ਼ਰੀ ਮਹਾਂਪੁਰਸ਼ ਲਾ ਲੈਣਗੇ। ☞

ਇਹ ਸਨ ਦਾਸ ਤੇ ਬਖਸ਼ਸ਼ਾਂ–ਜਿਨ੍ਹਾਂ ਦਾ ਸੰਖੇਪ ਜਿਹਾ ਵਰਨਣ ਇਸ ਲਈ ਕਰਨਾ ਜ਼ਰੂਰੀ ਸੀ, ਜੱਗ ਬੀਤੀ ਸੁਣੀ ਜਾਂ ਵੇਖੀ ਹੁੰਦੀ ਹੈ। ਪ੍ਰੰਤੂ ਹੱਡ ਬੀਤੀ ਕਿਸੇ ਦੀ ਸ਼ਖ਼ਸੀਅਤ ਦਾ ਸਹੀ ਅਨੁਮਾਨ ਲਾ ਸਕਣ ਵਿਚ ਵਧੇਰੇ ਸਹਾਇਕ ਹੁੰਦੀ ਹੈ। ਭਾਵੇਂ–

ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ ॥

ਆਪ ਹੀ ਜਾਣ ਸਕਦੇ ਹਨ, ਪਰ ਜਿਸ ਤੇ ਉਹ ਕ੍ਰਿਪਾ ਦ੍ਰਿਸ਼ਟੀ ਕਰਨ ਤਾਂ ਗੁੰਗੇ ਤੋਂ ਗੀਤਾ ਦੇ ਅਰਥ ਭੀ ਕਰਵਾ ਸਕਦੇ ਹਨ। ਇਉਂ ਦਾਸ ਅਲਪਗ ਪਾਸੋਂ ਆਪਣੀ ਕ੍ਰਿਪਾ ਦ੍ਰਿਸ਼ਟੀ ਨਾਲ ਜਿਤਨਾ ਚਾਹੁਣ, ਲਖਾਇਕ ਬਣਾ ਸਕਦੇ ਹਨ। ਇਹ ਮੇਰੀ ਵਡਿਆਈ ਜਾਂ ਪ੍ਰਭਤਾ ਨਹੀਂ, ਕੇਵਲ ਮਹਾਂਪੁਰਸ਼ਾਂ ਦੀ ਵਡਿਆਈ, ਮਿਹਰ ਤੇ ਸ਼ਕਤੀ ਹੀ ਹੈ। ਜੋ ਤੁਛ ਬੁੱਧੀ ਅਨੁਸਾਰ ਅੰਸ਼ ਅੰਕਿਤ ਕੀਤੇ ਹਨ। ਜਿਨ੍ਹਾਂ ਤੋਂ ਲੇਖਕ ਦੀ ਬੁੱਧੀ ਨਹੀਂ, ਸਗੋਂ ਮਹਾਂਪੁਰਸ਼ਾਂ ਦੀ ਨਜ਼ਰਿ - ਅਨਾਇਤ ਪ੍ਰਤੱਖ ਹੈ।

ਕਲਾਧਾਰੀ ਜਥੇਦਾਰ ਸਾਹਿਬ ਜੀ ਨੇ ਆਖਿਆ–ਮਹਾਂਪੁਰਸ਼ੋ ! ਇਹ ਰਹਿਣ ਦੇਣਾ ਸੀ। ਇਨ੍ਹਾਂ ਲਈ ਤਾਂ ਸਭ ਖਜ਼ਾਨੇ ਖੁਲ੍ਹੇ ਹਨ। ਇਹਨਾਂ ਨੂੰ ਕੋਈ ਕਮੀ ਨਹੀਂ ਤੇ ਨਾ ਹੀ ਇਨ੍ਹਾਂ ਤੋਂ ਕੁਝ ਛੁਪਾ ਕੇ ਰੱਖਿਆ ਹੈ? ਜਦ ਮਹਾਂਪੁਰਸ਼ ਬਾਬਾ ਮਿੱਤ ਸਿੰਘ ਜੀ ਨੇ ਇਹਨਾਂ ਨੂੰ ਕਿਹਾ ਸੀ–ਆਪ ਵਾਸਤੇ ਕੋਈ ਬੰਦਸ਼ ਨਹੀਂ। ਸਭ ਖਜ਼ਾਨੇ ਖੁਲ੍ਹੇ ਹਨ, ਭਲਾ ਅਸੀਂ ਕਿਵੇਂ ਇਨ੍ਹਾਂ ਤੋਂ ਕੁਝ ਛੁਪਾ ਸਕਦੇ ਹਾਂ।

ਇਕ ਵਾਰੀ ਜੀਅ ਕੀਤਾ ਪਿੰਡ (ਗੋਂਦਲਾਂਵਾਲਾ ਚੱਕ ਨੰ: ੨੦ ਜ਼ਿਲਾ ਸ਼ੇਖੂਪੁਰਾ) ਹੋ ਆਵਾਂ। ਕੁਝ ਦਿਨ ਲਗ ਗਏ, ਤੇ ਪ੍ਰਵਾਰ ਤੋਂ ੪–੫ ਸਾਲ ਹੋ ਗਏ ਸਨ ਵਿਛੜੇ ਨੂੰ। ਇਧਰ ਸਿੰਘ ਆਖਣ ਲੱਗ ਪਏ ਕਿ ਲਿਖਾਰੀ ਸਿੰਘ ਜੀ ਹੁਣ ਨਹੀਂ ਆਉਂਦੇ। ਪਰ ਜਥੇਦਾਰ ਜੀ, ਜੋ ਅੰਤਰ ਦੀ ਜਾਣਦੇ ਸਨ, ਕਹਿੰਦੇ- ਉਹ ਘਰ ਨਹੀਂ ਰਹਿੰਦੇ, ਜਲਦੀ ਹੀ ਆ ਜਾਣਗੇ।

ਇਕ ਦਿਨ ਸਿੰਘਾਂ ਦੀ ਜਥੇਦਾਰ ਬਾਬਾ ਸਾਹਿਬ ਸਿੰਘ ਜੀ ਨਾਲ ਸ਼ਰਤ ਲੱਗ ਗਈ ਤੇ ਜਥੇਦਾਰ ਜੀ ਨੇ ਕਿਹਾ ਸਿੰਘੋ ! ਲਿਖਾਰੀ ਸਿੰਘ ਸਿਰਫ ਅੱਖੋਂ ਓਹਲੇ ਹਨ। ਬਸ ਆਏ ਕਿ ਆਏ। ਮੈਂ ਸ਼ਾਮ ਨੂੰ ਪਹੁੰਚ ਗਿਆ। ਜਥੇਦਾਰ ਜੀ ਬੁਰਜ ਬਾਬਾ ਫੂਲਾ ਸਿੰਘ ਜੀ ਅੰਮ੍ਰਿਤਸਰ, ਆਪਣੇ ਤੰਬੂ ਵਿਚੋਂ ਨਿਕਲ ਕੇ ਸੜਕ ਵਲ ਆ ਰਹੇ ਸਨ, ਕਿ ਮੈਂ ਭੀ ਸੜਕੋਂ ਉਤਰ ਪਿਆ। ਅਗੇ ਹੋ ਕੇ ਮੈਂ ਜਥੇਦਾਰ ਜੀ ਨੂੰ ਫਤਹਿ ਬੁਲਾ ਕੇ ਉਨ੍ਹਾਂ ਦੇ ਚਰਨ ਪਰਸਨ ਹੀ ਲੱਗਾ ਸਾਂ ਕਿ ਜਥੇਦਾਰ ਜੀ ਨੇ ਮੈਨੂੰ ਘੁਟ ਨੇ ਗਲਵਕੜੀ ਪਾ ਕੇ ਕਿਹਾ–ਲਿਖਾਰੀ ਸਿੰਘ, ਤੂੰ ਸਾਡੀ ਲਾਜ ਰੱਖ ਲਈ ਜੇ।

ਫਿਰ ਅਸੀਂ ਦੋਵੇਂ (ਜਥੇਦਾਰ ਜੀ ਤੇ ਮੈਂ) ਛਾਉਣੀ ਆਏ। ਜਥੇਦਾਰ ਜੀ ਨੇ ਸਿੰਘਾਂ ਨੂੰ ਕਿਹਾ ਕਿ ਤੁਸੀਂ ਆਖਦੇ ਸੀ ਲਿਖਾਰੀ ਸਿੰਘ ਨਹੀਂ ਆਵਣਗੇ, ਅਸੀਂ ਆਖਦੇ ਸਾਂ, ਜ਼ਰੂਰ ਆਵਣਗੇ। ਹੁਣ ਤੁਸੀਂ ਸਾਡੀ ਸ਼ਰਤ ਪੂਰੀ ਕਰੋ।

ਅੰਗਰੇਜ਼ ਦੀ ਚਾਲ ਤੇ ਦਾਸ ਦਾ ਬੜਾ ਸਖਤ ਇਮਤਿਹਾਨ

ਜਦੋਂ ਅੰਗਰੇਜ਼ ਦੀ ਚਾਲ ਸਿੰਘਾਂ ਨੂੰ ਗਿਣਤੀ ਵਿਚ ਲਿਆਵਣ ਦੀ ਸੀ। ਉਸ ਵਕਤ ਬੁਰਜ ਬਾਬਾ ਫੂਲਾ ਸਿੰਘ ਜੀ ਅੰਮ੍ਰਿਤਸਰ ਦੇ ਪੰਥ ਵਲੋਂ ਥਾਪੇ ਹੋਏ ਪਹਿਰੇਦਾਰ

ਦਾਸ ਦੇ ਪੰਜਾਬ ਆ ਜਾਣ ਤੋਂ ਮਗਰੋਂ ਗਿਆਨੀ ਲਾਭ ਸਿੰਘ ਜੀ ਕੀਰਤਨ ਕਰਦੇ, ਜੋ ਚੰਗੇ ਵਿਦਵਾਨ ਤੇ ਕਥਾ ਵਾਚਕ ਬਣ ਕੇ ਬਾਬਾ ਜੀ ਤੋਂ ਆਏ। ਸਿਰਲਥੇ ਅਤੇ ਖੰਨੇ (ਲੁਧਿਆਣੇ) ਪਾਸ ਕਈ ਪਿੰਡਾਂ ਵਿਚ, ਪਟਿਆਲਾ, ਜੰਮੂ ਕਸ਼ਮੀਰ, ਸ਼ਿਮਲਾ ਆਦਿ ਬੜੀ ਰਸੀਲੀ ਕਥਾ ਕਰ ਕੇ ਸੰਗਤਾਂ ਅੰਦਰ ਬਾਬਾ ਜੀ ਦੀਆਂ ਬਖਸ਼ਸ਼ਾਂ ਦਰਸਾਂਦੇ ਸਨ। ਇਉਂ ਬਾਬਾ ਜੀ ਤੋਂ ਅਨੇਕ ਸਿੰਘਾਂ ਨੇ ਬੇਅੰਤ ਦਾਤਾਂ ਪਰਾਪਤ ਕੀਤੀਆਂ।

ਲੰਗਰ ਦੇਗ ਦੀ ਮਾਇਆ ਹੀ ਸਵੀਕਾਰ ਕਰਨੀ

ਆਮ ਤੌਰ ਤੇ ਹਰ ਅਸਥਾਨ ਤੇ ਵੇਖਿਆ ਜਾਂਦਾ ਹੈ ਕਿ ਜਿਸ ਭਾਵ ਦੀ, ਕੋਈ ਪ੍ਰੇਮੀ ਮਾਇਆ

(ਜਥੇਦਾਰ) ਕਰਮ ਸਿੰਘ ਪਹਾੜੀਆ (ਪਹਾੜੀ ਪੁੱਤ ਕਿਸੇ ਦੇ ਨਾ ਮਿੱਤ) ਦੇ ਬੁੱਢੇ ਦਲ ਤੋਂ ਆਕੀ ਹੋ ਕੇ (ਆਕੀ ਮਰੈ ਅਫਾਰੀ ॥ ਬੁਰੀ ਦੁਰਦਸ਼ਾ ਨਾਲ ਕਤਲ ਹੋ ਕੇ, ਕਈ ਦਿਨ ਦੇਹ ਅੰਦਰੇ ਬਦਬੂ ਮਾਰਦੀ ਮਰਿਆ।) ਅੰਗਰੇਜ਼ ਨਾਲ ਸਾਂਢ - ਗਾਂਠ ਕਰ ਲਈ ਤੇ ਪਿੱਤਲ ਦੇ ਟੋਕਨ 'ਲੈਸੰਸ' ਨਿਹੰਗ ਸਿੰਘਾਂ ਨੂੰ ਜਾਰੀ ਕਰ ਦਿਤੇ। ਇਹ ਅਸਲ ਚਾਲ ਮੁਸਲਮਲੀਗ ਦੀ ਸੀ। ਕਿਉਂਕਿ ਸਾਰੇ ਹਿੰਦੁਸਤਾਨ ਦੀ ਮਰਦਮ-ਸ਼ੁਮਾਰੀ ਤੋਂ ਹਿੰਦੂ ਦੇ ਮੁਸਲਮਾਨਾਂ ਦੀ ਗਿਣਤੀ ਤਾਂ ਸੀ, ਪਰ ਨਿਹੰਗ ਸਿੰਘਾਂ ਦੀ ਨਹੀਂ ਸੀ। ਜਿਸ ਕਰ ਕੇ ਅੰਗਰੇਜ਼ ਨੂੰ ਪੰਜਾਬ ਦੇ ਰਾਜ (ਵੰਡ) ਬਾਰੇ ਇਸ ਗੁਰੂ ਕੀ ਫੌਜ ਤੋਂ ਡਰ ਸੀ ਕਿ ਇਹ ਸ਼ਸਤ੍ਰਧਾਰੀ ਹਨ, ਮੱਤਾਂ ਮਹਾਰਾਜਾ ਰਣਜੀਤ ਸਿੰਘ ਜੀ ਦੀ ਹਦੂਦ ਦਾ ਰਾਜ ਨਾ ਪ੍ਰਾਪਤ ਕਰ ਲੈਣ।

ਮੁਸਲਮਾਨਾਂ ਤੇ ਮੁਸਲਮ-ਲੀਗ ਨੇ ਜਮਾਤ ਬੇਲਚਿਆਂ ਵਾਲੀ ਤਿਆਰ ਕਰ ਲਈ। ਤੇ ਅਕਾਲੀ ਦਲ ਨੇ 'ਅਕਾਲ ਰਜਮੈਂਟ' ਤਲਵਾਰਾਂ ਨਾਲ ਲੈਸ ਫੋਰਸ ਬਣਾ ਲਈ। ਪਰ ਅਸਲ ਡਰ ਸੀ, ਤਾਂ ਉਹ ਨਿਹੰਗ-ਸਿੰਘਾਂ ਤੋਂ ਸੀ ਜਿਸ ਕਰ ਕੇ ਇਹ ਚਾਲ ਚਲੀ ਗਈ ਕਿ ਨਿਹੰਗ ਸਿੰਘਾਂ ਪਾਸ ਬਰਛੇ ਤੇ ਸ਼ਸਤ੍ਰਾਂ ਕਾਰਨ ਪਕੜ ਧਕੜ ਸ਼ੁਰੂ ਹੋ ਗਈ। ਹਾਈਕੋਰਟ ਲਾਹੌਰ ਮੁਕਦਮੇ ਵਿਚ ਫੈਸਲਾ ਹੋਇਆ ਕਿ ਨਿਹੰਗ ਸਿੰਘ ਪੰਜ ਸ਼ਸਤ੍ਰ ਧਾਰਨ ਕਰ ਸਕਦੇ ਸਨ (ਜੋ ਹੁਣ ਦੇ ਲੈਸੰਸ ਵਿਚ ਫੈਸਲੇ ਦੀ ਨਕਲ ਦਰਜ ਕੀਤੀ ਜਾਂਦੀ ਹੈ) ਇਸੇ ਕਾਰਨ ਹੀ ਡੀ. ਸੀ, ਅੰਮ੍ਰਿਤਸਰ ਨਾਲ ਆਕੀ (ਕਰਮ ਸਿੰਘ ਪਹਾੜੀਏ) ਜਥੇਦਾਰ ਨੇ ਸਲਾਹ ਕੀਤੀ, ਕਿ ਜੇ ਬੁੱਢੇ ਦਲ ਦੇ ਜਥੇਦਾਰ ਕਲਾਧਾਰੀ ਬਾਬਾ ਸਾਹਿਬ ਸਿੰਘ ਜੀ ਮੰਨ ਜਾਵਣ ਤਾਂ ਇਹ ਕੰਮ ਬਹੁਤ ਸੁਖੱਲਾ ਹੋ ਜਾਵੇਗਾ।

ਜਦੋਂ ਅਸੀਂ ਮੁਕੱਦਮਿਆਂ ਦੀ ਪੈਰਵਾਈ ਕਰਨ ਲਈ ਅੰਮ੍ਰਿਤਸਰ ਆਏ। ਤਾਂ ਡੀ. ਸੀ. ਸਾਹਿਬ ਅੰਮ੍ਰਿਤਸਰ ਨੇ ਜਥੇਦਾਰ ਬਾਬਾ ਸਾਹਿਬ ਸਿੰਘ ਜੀ ਤੇ ਦਾਸ ਨੂੰ ਇਕੱਲਿਆਂ ਬੁਲਾ ਭੇਜਿਆ। ਪਹਿਲਾਂ ਬਹੁਤ ਲੰਮੀ ਚੌੜੀ ਵਿਚਾਰ ਡੀ. ਸੀ. (ਜੋ ਸਿੱਖ ਸੀ) ਨੇ ਜਥੇਦਾਰ ਬਾਬਾ ਸਾਹਿਬ ਸਿੰਘ ਜੀ ਕਲਾਧਾਰੀ ਨਾਲ ਕੀਤੀ ਕਿ ਨਿਹੰਗ ਸਿੰਘ ਜੋ ਬੁੱਢੇ ਦਲ ਤੋਂ ਸੱਜਦੇ ਹਨ, ਅਸੀਂ ਚਾਹੁੰਦੇ ਹਾਂ ਕਿ ਜੇ ਆਪ ਉਹਨਾਂ ਦੀ ਗਿਣਤੀ (ਫਰਿਸਤ) ਬਣਵਾ ਦਿਓ। ਉਸ ਲਿਸਟ ਨੂੰ ਅਸੀਂ ਥਾਣੇ ਵਾਇਜ਼ ਥਾਣਿਆਂ ਵਿਚ ਭੇਜ

ਭੇਟਾ ਕਰੇ, ਲੈ ਲਈ ਜਾਂਦੀ ਹੈ। ਕੋਈ ਕੋਈ ਮਹਾਂਪੁਰਸ਼ ਅਜਿਹੀ ਮਾਇਆ ਸਵੀਕਾਰ ਕਰਦੇ ਹਨ, ਜੋ ਜਿਸ ਅਰਥ ਲਾਣ ਦਾ ਨਿਯਮ ਬਣਾਇਆ ਹੋਵੇ। ਉਹ ਸਮਝਦੇ ਹਨ ਕਿ ਸ਼ਰਧਾਵਾਨ ਨੇ ਜਿਸ ਸ਼ਰਧਾ ਲਈ ਮਾਇਆ ਭੇਟ ਕੀਤੀ ਹੈ, ਉਹ ਮਾਇਆ ਉਥੇ ਹੀ ਲਾਈ ਜਾਣੀ ਚਾਹੀਦੀ ਹੈ। ਬਾਬਾ ਮਿੱਤ ਸਿੰਘ ਜੀ ਭੀ ਕੇਵਲ ਲੰਗਰ ਦੇਗ ਦੀ ਹੀ ਮਾਇਆ ਸਵੀਕਾਰ ਕਰਦੇ ਸਨ*। ਜੇ ਕੋਈ ਸ਼ਰਧਾਵਾਨ ਇਮਾਰਤ ਲਈ

---

* ਸੰਤ ਬਾਬਾ ਆਤਮਾ ਸਿੰਘ ਜੀ ਨਿਹੰਗ ਸਿੰਘ ਸਮਾਲਕੇ (ਲਾਡਵੇ) ਪਾਸ ਭੀ ਕੜਾਹ ਪ੍ਰਸ਼ਾਦਿ ਦੀ ਮਾਇਆ ਨੂੰ ਕਿਸੇ ਹੋਰ ਪਾਸੇ ਨਹੀਂ ਵਰਤਦੇ ਸਨ। ਉਹ ਉਸ ਮਾਇਆ ਨੂੰ ਕੇਵਲ ਕੜਾਹ ਪ੍ਰਸ਼ਾਦਿ ਤੇ ਹੀ ਵਰਤਦੇ ਸਨ।

☞ਦਿਆਂਗੇ। ਫਿਰ ਪੁਲੀਸ ਉਨ੍ਹਾਂ ਨਿਹੰਗ ਸਿੰਘਾਂ ਨੂੰ(ਜਿਨ੍ਹਾਂ ਦੇ ਨਾਮ ਉਸ ਸੂਚੀ ਵਿਚ ਦਰਜ ਹੋਣਗੇ) ਨਹੀਂ ਫੜੇਗੀ। ਅਤੇ ਜੋ ਭੇਖੀ ਬਾਣਾ ਪਾ ਕੇ [ਨਕਲੀ ਨਿਹੰਗ ਬਣੇ ਹਨ] ਬਰਛੇ ਜਾਂ ਹੋਰ ਨਾਜਾਇਜ਼ ਹਥਿਆਰ ਰੱਖ ਰਹੇ ਹਨ, ਪਕੜੇ ਜਾਵਨਗੇ।

ਬ੍ਰਹਮ ਗਿਆਨੀ ਬਾਬਾ ਸਾਹਿਬ ਸਿੰਘ ਜਥੇਦਾਰ ਬੁੱਢਾ ਦਲ ਸਰਕਾਰ ਦੀ ਇਸ ਚਾਲ ਨੂੰ ਜਾਣ ਗਏ। (ਜਥੇਦਾਰ ਕਲਾਧਾਰੀ ਖ਼ੁਦ ਭੀ ਤਹਿਸੀਲਦਾਰ ਰਹਿ ਚੁਕੇ ਤੇ ਰਾਜਨੀਤੀ ਦੇ ਦਾਅਪੇਚਾਂ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਦੂਸਰੇ ਉਹ ਬੁੱਢੇ ਦਲ ਦੀ ਮਰਯਾਦਾ ਨੂੰ ਭੀ ਭਲੀ ਭਾਂਤ ਜਾਣਦੇ ਸਨ ਕਿ ਜਦੋਂ ਤੋਂ ਗੁਰੂ ਕਲਗੀਧਰ ਜੀ ਨੇ ਗੁਰੂ ਪੰਥ ਖਾਲਸਾ ਸਾਜਣ ਕੀਤਾ ਹੈ, ਇਹ ਕਿਸੇ ਹਕੂਮਤ ਦੇ ਅਧੀਨ ਨਹੀਂ ਰਹੇ ਤੇ ਹਰ ਹਕੂਮਤ ਤੋਂ ਬਾਗੀ ਹੀ ਰਹੇ ਅਤੇ ਦੁਖਾਂ ਕਲੇਸ਼ਾਂ ਵਿਚੋਂ ਗੁਜ਼ਰ ਕੇ ਜੰਗਲਾਂ, ਉਜਾੜਾਂ ਵਿਚ ਹੀ ਸਮਾਂ ਬਿਤਾਉਂਦੇ ਰਹੇ, ਪਰ ਈਨ ਨਾ ਮੰਨਦੇ ਆ ਰਹੇ ਹਨ) ਅਜ ਗੁਰੂ ਕੀ ਲਾਡਲੀ ਫੌਜ ਨੂੰ ਅੰਗਰੇਜ਼ ਸਰਕਾਰ ਦੇ ਅਧੀਨ ਕਰ ਕੇ, ਗੁਰੂ ਕਲਗੀਧਰ ਪਾਤਸ਼ਾਹ ਦੀ ਦਰਗਾਹੇ ਗੁਨਾਹਗਾਰ, ਗੁਵਾਹੀਆ ਬਣ ਕੇ ਕੀ ਜਵਾਬ ਦਿਆਂਗਾ।

ਸੋ ਆਪ ਜੀ ਨੇ ਡੀ. ਸੀ. ਨੂੰ ਮੂੰਹ ਤੋੜ ਜਵਾਬ ਦੇ ਦਿਤਾ ਕਿ ਮੈਂ ਕਲਗੀਧਰ ਦੀ ਫੌਜ ਨੂੰ, ਜੋ ਖੁਲ੍ਹੇ ਖੁਲਾਸੇ ਵਿਚਰਦੇ ਹਨ, ਕਿਸੇ ਬੰਧਨ ਵਿਚ ਨਹੀਂ ਪਾ ਸਕਦਾ।

ਫਿਰ ਜਥੇਦਾਰ ਸਾਹਿਬ ਨੂੰ ਨਾਲ ਦੇ ਆਰਾਮ ਕਮਰੇ ਵਿਚ ਬਿਠਾ ਕੇ ਦਾਸ (ਲਿਖਾਰੀ) ਨੂੰ ਡੀ. ਸੀ. ਸਾਹਿਬ ਨੇ ਬੁਲਾਇਆ ਤੇ ਆਖਿਆ–ਲਿਖਾਰੀ ਸਿੰਘਾ ! ਇਹ ਨਿਹੰਗ ਸਿੰਘਾਂ ਦੇ ਭਲੇ ਦੀ ਗੱਲ ਹੈ। ਤੁਸੀਂ ਸਾਰੇ ਨਿਹੰਗ ਸਿੰਘਾਂ ਦੀ ਫਰਿਸਤ ਦਾ ਉਤਾਰਾ ਲਾਹ ਦਿਓ। [ਇਸ ਕਾਰਜ ਬਦਲੇ ਦਾਸ ਨੂੰ ਬਹੁਤ ਸਬਜ਼ ਬਾਗ ਡੀ. ਸੀ. ਨੇ ਵਿਖਾਏ] ਆਪ ਗੌਰਮਿੰਟ ਬ੍ਰਿਟਸ਼ ਵਲੋਂ ਤਾਮਰ - ਪੱਤਰ ਦਵਾਇਆ ਜਾਵੇਗਾ, ਜਿਥੋਂ ਤੱਕ ਅੰਗਰੇਜ਼ ਰਾਜ ਹੈ, ਆਪ ਬਿਨਾਂ ਰੋਕ ਟੋਕ ਜਾ ਸਕੋਗੇ। ਹਰ ਕਚਹਿਰੀ ਵਿਚ ਤੁਹਾਨੂੰ ਕੁਰਸੀ ਮਿਲੇਗੀ, ਜਿਤਨੇ ਮੁਰੱਬੇ ਜ਼ਮੀਨ ਚਾਹੋਗੇ, ਮਿਲ ਜਾਵੇਗੀ। ਇਸ ਤੋਂ ਇਲਾਵਾ ਸਾਰੀ ਉਮਰ ਇਕ ਬਹੁਤ ਵੱਡੀ ਪਿੰਨਸ਼ਨ ਲੱਗ ਜਾਵੇਗੀ। ਹੋਰ ਭੀ ਅਨੇਕਾਂ ਪੇਸ਼ਕਸ਼ਾਂ ਕੀਤੀਆਂ।

ਜਿਉਂ ਜਿਉਂ ਡੀ. ਸੀ. ਸਾਹਿਬ ਪੇਸ਼ਕਸ਼ਾਂ ਦੁਹਰਾ ਰਹੇ ਸਨ, ਮੇਰਾ ਪਾਰਾ ਚੜ੍ਹਦਾ ਜਾ ਰਿਹਾ ਸੀ। [ਮੈਨੂੰ ਮਹਾਂਪੁਰਸ਼ ਬਾਬਾ ਮਿੱਤ ਸਿੰਘ ਜੀ ਦੇ ਬਚਨ ਯਾਦ ਆ ਰਹੇ ਸਨ–ਨਿਰਮੋਹ ਰਹਿਣਾ ਤੇ ਸੇਵਾ☞

ਮਾਇਆ ਭੇਟ ਕਰਦਾ ਤਾਂ ਬਾਬਾ ਜੀ ਸਾਫ ਆਖਦੇ ਕਿ ਇਮਾਰਤ ਲਈ ਮਾਇਆ ਤਖ਼ਤ ਸੱਚਖੰਡ ਦੇ ਦਫਤਰ ਵਿਚ ਜਮਾਂ ਕਰਵਾ ਦਿਓ। ਅਸਾਂ ਨੂੰ ਇਮਾਰਤ ਬਨਾਉਣ ਦਾ ਹੁਕਮ ਨਹੀਂ। ਜਦ ਸਮਾਂ ਆਵੇਗਾ ਤੁਹਾਡੀ ਭੇਟਾ ਲੱਗ ਜਾਵੇਗੀ। ਅਸੀਂ ਹੁਣ ਤੁਹਾਡੀ ਇਮਾਰਤ ਲਈ ਮਾਇਆ ਲੈ ਕੇ ਜ਼ਾਮਨ ਕਿਉਂ ਬਣ ਜਾਈਏ ?

ਬੋਰਡ ਲਿਖਵਾਣਾ

ਸੰਗਤਾਂ ਨੂੰ ਸੂਚਿਤ ਕਰਨ ਲਈ ਬਾਬਾ ਜੀ ਨੇ ਇਕ ਬੋਰਡ ਦਾਸ ਪਾਸੋਂ ਲਿਖਵਾ ਦਿਤਾ। ਉਸ ਬੋਰਡ ਤੇ ਲਿਖਵਾਇਆ–

ਸਾਧ ਸੰਗਤ ਜੀ ! ਮਾਤਾ ਜੀ ਦੇ ਅਸਥਾਨ ਤੇ ਕੇਵਲ ਲੰਗਰ ਦੇਗ ਲਈ ਹੀ ਮਾਇਆ ਭੇਟ ਕਰੋ। ਇਮਾਰਤ ਲਈ ਮਾਇਆ ਸੱਚਖੰਡ ਤਖ਼ਤ ਦਫਤਰੇ ਜਮਾਂ ਕਰਾਓ।

ਇਹ ਸੀ ਬਾਬਾ ਜੀ ਦੀ ਮਹਾਨ ਉਦਾਰਤਾ, ਸੱਚ ਦੀ ਸਵੀਕਾਰਤਾ। ਉਹਨਾਂ ਦਾ ਸਤਿਗੁਰੂ ਜੀ ਤੇ ਦ੍ਰਿੜ ਵਿਸ਼ਵਾਸ ਸੀ ਕਿ ਲੰਗਰ ਦੇਗ ਸਤਿਗੁਰੂ ਜੀ ਆਪੇ ਚਲਾਉਣ ਦਾ ਸਾਧਨ ਕਰਨਗੇ।

☞ਵਫਾਦਾਰੀ, ਇਮਾਨਦਾਰੀ ਤੇ ਪੂਰਨ ਤਨਦੇਹੀ ਨਾਲ ਕਰਨੀ) ਮੈਂ ਡੀ.ਸੀ. ਸਾਹਿਬ ਮੈਨੂੰ ਕਿਸੇ ਲਾਲਚ ਦੀ ਲੋੜ ਨਹੀਂ। ਮੈ ਸੱਚੇ ਸੁੱਚੇ ਪੰਥ ਦਾ ਵਫਾਦਾਰ ਸਿਪਾਹੀ ਹਾਂ। ਮੈਂ ਕਿਵੇਂ ਪੰਥ ਨਾਲ ਗਦਾਰੀ ਕਰ ਸਕਦਾ ਹਾਂ। ਇਸ ਤਰ੍ਹਾਂ ਮੈਂ ਸਾਰੀ ਉਮਰ ਪੰਥ ਵਲੋਂ ਧਿਕਾਰਿਆ ਰਵਾਂਗਾ ਅਤੇ ਕਲਗੀਧਰ ਪਾਤਸ਼ਾਹ ਜੀ ਤੋਂ ਬੇਮੁੱਖ ਹੋਵਾਂਗਾ।

ਮੈਂ ਅਜਿਹਾ ਨਿਧੜਕ ਉਤਰ ਦੇ ਕੇ ਡੀ. ਸੀ. ਪਾਸੋਂ ਝਟ ਉੱਠ ਕੇ ਬਾਹਰ ਆ ਗਿਆ। ਤੇ ਜਥੇਦਾਰ ਜੀ ਨੂੰ ਕਿਹਾ ਆਓ ਚਲੀਏ। ਰਸਤੇ ਵਿਚ ਹੋਈ ਸਾਰੀ ਵਾਰਤਾ ਦਸੀ। ਜਥੇਦਾਰ ਜੀ ਨੇ ਦਾਸ ਦੀ ਪਿੱਠ ਠੋਕ ਤੇ ਕਿਹਾ–ਸ਼ਾਬਾਸ਼ ਲਿਖਾਰੀ ਸਿੰਘ ! ਸਾਨੂੰ ਤੇਰੇ ਤੇ ਪੂਰਨ ਭਰੋਸਾ ਸੀ, ਤਾਂ ਹੀ ਇਕੱਲੇ ਗਲ ਬਾਤ ਲਈ ਆਪ ਨੂੰ ਛੱਡਿਆ ਸੀ ਕਿ ਤੁਸੀਂ ਇਹਨਾਂ ਦੀ ਕੁਟਲ ਚਾਲ (ਲਾਲਚ) ਵਿਚ ਨਹੀਂ ਆਵੋਗੇ ਅਤੇ ਪੰਥ ਦੀ ਸ਼ਾਨ ਨੂੰ ਬਰਕਰਾਰ ਰੱਖੋਗੇ। ਧੰਨ ਬਾਬਾ ਮਿੱਤ ਸਿੰਘ ਜੀ, ਜਿਨ੍ਹਾਂ ਆਪ ਦੇ ਅੰਦਰ ਕਿਵੇਂ ਪੰਥ ਪ੍ਰਤੀ ਪਿਆਰ, ਤੇ ਤਿਆਗ ਦਾ ਸਿੰਚਾਰ ਕਰ ਭੇਜਿਆ ਹੈ।

ਬ੍ਰਹਮ ਗਿਆਨੀ ਜਥੇਦਾਰ ਬਾਬਾ ਸਾਹਿਬ ਸਿੰਘ ਜੀ, ਜੋ ਬੁੱਢੇ ਦਲ ਦੇ [੧੧ਵੇਂ ਗਿਆਰਵੇਂ] ਜਥੇਦਾਰ ਸਨ, ਸਿੰਘਾਂ ਨੂੰ ਲੈਸੰਸ ਦੇ ਬੰਧਨ (ਅਧੀਨ) ਨਹੀਂ ਕਰਨਾ ਚਾਹੁੰਦੇ ਸਨ। ਕਿਉਂਕਿ ਬਿਹੰਗਮ ਬੇਪ੍ਰਵਾਹ ਹੁੰਦੇ ਹਨ, ਜਿਥੇ ਮੌਜ ਆਈ ਪੈ ਰਹੇ। ਕਦੀ ਤਾਂ ਤਨ ਤੇ ਬਸਤਰ ਭੀ ਨਹੀਂ ਹੁੰਦੇ, ਕੇਵਲ ਇਕ ਕਛਹਿਰਾ ਤੇ ਦੁਮਾਲਾ ਹੀ ਹੁੰਦਾ ਹੈ, ਫਿਰ ਇਹ ਕਾਗਜ਼ ਦਾ ਟੁਕੜਾ (ਲੈਸੰਸ), ਜਿਸ ਦਾ ਮੀਂਹ ਵਿਚ ਭਿੱਜ ਕੇ ਪਾਟ ਜਾਣ ਦਾ ਡਰ ਹੈ, ਤੇ ਫਿਰ ਕਿਧਰੇ ਰਹਿ ਜਾਣ ਦਾ ਡਰ ਭੀ ਹੈ। ਜਾਂ ਸੰਭਾਲਣ ਦੀ ਥਾਂਉਂ ਹੀ ਨਾ ਹੋਵੇ ਜਿਸ ਕਰ ਕੇ ਇਹ ਲਾਡਲੀਆਂ ਫੌਜਾਂ ਕਈ ਵਾਰੀ ਦੇਗਾਂ ਛੱਕ ਕੇ ਅਗੰਮਪੁਰੇ ਵਿਚ ਮਸਤ ਹੁੰਦੇ ਹਨ। ਉਹ ਇਹ ਲੈਸੰਸ ਕਿਥੋਂ ਸੰਭਾਲ ਸਕਣਗੇ। ਨਾਲੇ ਗੌਰਮਿੰਟ ਦੀ ਚਾਲ ਦਾ ਸਾਡੇ ਤੇ ਨਾ ਅਸਰ ਕਦੇ ਹੋਯਾ ਹੈ ਅਤੇ ਨਾ ਹੋਣਾ ਚਾਹੀਦਾ ਹੈ।

ਯਾਤਰੀਆਂ ਅੰਦਰ ਭੀ ਬਾਬਾ ਜੀ ਦੀ ਅਜਿਹੀ ਉਦਾਰਤਾ ਵੇਖ ਕੇ ਉਹਨਾਂ ਦਾ ਬਾਬਾ ਜੀ ਤੇ ਹੋਰ ਭੀ ਪਿਆਰ ਤੇ ਸ਼ਰਧਾ ਵੱਧਦਾ। ਬਾਬਾ ਜੀ ਸੱਚ ਦੇ ਅਧਾਰ ਤੇ ਹੀ ਆਪਣੇ ਜੀਵਨ ਦੇ ਲਖਸ਼ ਦਰਸਾਉਂਦੇ, ਕਥਨੀ ਤੇ ਕਰਨੀ ਦੀ ਪ੍ਰਤਗਿਆ ਨੂੰ ਜੀਵਨ ਕਾਲ ਵਿਚ ਪੂਰੀ ਤਰ੍ਹਾਂ ਨਿਭਾਇਆ। ਸੱਚ ਉਜਾਗਰ ਹੋ ਕੇ ਦਿਨੋਂ ਦਿਨ ਚਮਕਦਾ ਹੀ ਗਿਆ, ਤੇ ਹਰ ਆਏ ਯਾਤਰੀ ਦੇ ਮਨ ਨੂੰ ਰੁਸ਼ਨਾਉਂਦਾ। ਸੱਚ ਦੀ ਸੁਗੰਧੀ ਮਨ ਵਿਚ ਲੈ ਕੇ ਜਾਂਦੇ ਸਦਾ ਇਸ ਦਾ ਰਸ ਮਾਣਦੇ ਰਹਿੰਦੇ।

ਬਾਬਾ ਜੀ ਦੀ ਨਿਰਮੋਹਤਾ ਤੇ ਸਮ-ਦ੍ਰਿਸ਼ਟੀ

ਜਦ ਜੀਵ ਬ੍ਰਹਮ (ਦਸਮ ਦੁਆਰ) ਵਿਚ ਪੁਜਦਾ ਹੈ ਤਾਂ ਉਸ ਲਈ–

ਨਾ ਕੋ ਬੈਰੀ ਨਹੀ ਬਿਗਾਨਾ ... ॥ [ਕਾਨੜਾ ਮ: ੫–੧੨੯੯

ਕੋਈ ਆਪਣਾ ਨਹੀਂ, ਕੋਈ ਬੇਗਾਨਾ ਨਹੀਂ। ਕੁਟੰਬ ਦੀ ਮਮਤਾ ਤਾਂ ਕੀਹ, ਸੰਸਾਰ ਦੀ ਸਾਰੀ ਮਾਇਆ ਦਾ ਰਾਈ ਭਰ ਭੀ ਮੋਹ ਮਮਤਾ ਦਾ (ਕਿਣਕਾ ਭੀ) ਅੰਸ਼ ਨਹੀਂ ਹੁੰਦਾ, ਸਗੋਂ–

ਮਿਥਿਆ ਤਨੁ ਧਨੁ ਕੁਟੰਬ ਸਬਾਇਆ ॥ [ਸੁਖਮਨੀ ਸਾਹਿਬ–੨੬੮

ਤਨ ਭੀ ਧਨ ਤੇ ਸਾਰੇ ਕੁਟੰਬ ਤੇ ਝੂਠੀ ਪ੍ਰੀਤ ਨਜ਼ਰ ਆਉਂਦੀ ਹੈ ਅਤੇ ਉਹਨਾਂ ਦਾ ਇਕੋ ਇਕ ਪਿਆਰ, ਸਾਜਨ, ਸੈਣ, ਸਬੰਧੀ, ਵਾਹਿਗੁਰੂ ਹੀ ਹੁੰਦਾ ਹੈ–

ਬ੍ਰਹਮ ਗਿਆਨੀ ਏਕ ਸੰਗਿ ਹੇਤਾ ॥ [ਸੁਖਮਨੀ ਸਾਹਿਬ–੨੭੩

ਤੇ ਉਹਨਾਂ ਦਾ ਪ੍ਰਵਾਰ ਕੇਵਲ ਨਾਮ ਹੀ ਹੁੰਦਾ ਹੈ–

ਬ੍ਰਹਮ ਗਿਆਨੀ ਕੈ ਨਾਮੁ ਪਰਵਾਰੁ ॥ [ਸੁਖਮਨੀ ਸਾਹਿਬ–੨੭੩

ਸਭ ਨੂੰ ਵਾਹਿਗੁਰੂ ਜੀ ਦੀ ਜੋਤਿ (ਅੰਸ਼) ਜਾਣ ਕੇ–

ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥ [ਸੁਖਮਨੀ ਸਾਹਿਬ–੨੭੨

ਸਭ ਨੂੰ ਇਕ ਸਮਾਨ ਹੀ ਜਾਣਦੇ ਹਨ। ਕਿਉਂਕਿ ਉਹ ਇਸ ਮਾਇਆ ਜਾਲ ਤੋਂ ਸਦਾ ਨਿਰਲੇਪ ਰਹਿੰਦੇ ਹਨ, ਜਿਵੇਂ ਪਾਣੀ ਵਿਚ ਕਮਲ - ਫੁੱਲ ਹੁੰਦਾ ਹੈ–

ਬ੍ਰਹਮ ਗਿਆਨੀ ਸਦਾ ਨਿਰਲੇਪ ॥ ਜੈਸੇ ਜਲ ਮਹਿ ਕਮਲ ਅਲੇਪ ॥ ੧॥
[ਸੁਖਮਨੀ ਸਾਹਿਬ–੨੭੨

ਇਸੇ ਤਰ੍ਹਾਂ ਉਹਨਾਂ ਦੀ ਦ੍ਰਿਸ਼ਟੀ ਸ਼ਤਰੂ ਤੇ ਮਿੱਤਰ ਲਈ ਇਕ ਸਮਾਨ ਹੀ ਹੁੰਦੀ ਹੈ–

ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰ ਸਮਾਨਿ ॥ ॥ [ਸੁਖਮਨੀ ਸਾਹਿਬ–੨੭੨

ਪਦ ਦੀ ਪ੍ਰਾਪਤੀ ਦੇ ਅਧਾਰਤ ਆਪਣੇ - ਪਰਾਏ ਦੇ ਪਾੜੇ (ਭੇਦ ਭਾਵ) ਤੋਂ ਬਹੁਤ ਦੂਰ ਸਨ।

ਬਾਬਾ ਜੀ ਦੇ ਚਾਚੇ ਦੇ ਪੁਤਰ ਭਾਈ ਨੇ ਆਉਣਾ

ਇਕ ਵਾਰੀ ਉਹਨਾਂ ਦੇ ਚਚਾਜ਼ਾਦ ਭਾਈ (ਜੋ ਬਾਬਾ ਮਿੱਤ ਸਿੰਘ ਜੀ ਦੇ ਪਿਤਾ ਜੀ ਦੇ ਸੱਕੇ ਭਾਈ ਸ: ਸੁਹੇਲ ਸਿੰਘ ਜੀ ਦੇ ਸਪੁਤਰ) ਸ: ਦੇਵਾ ਸਿੰਘ ਜੀ ਨੂੰ ਪਤਾ ਲਗਾ ਕਿ ਸਾਡੇ ਭਾਈ ਬਾਬਾ ਮਿੱਤ ਸਿੰਘ

ਜੀ (ਜਿਹਾ ਕਿ ਪ੍ਰਣਾਲੀ ਵਿਚ ਦਰਜ ਹੈ) ਗੁ: ਮਾਤਾ ਸਾਹਿਬ ਕੌਰਾਂ ਸੱਚਖੰਡ ਹਜ਼ੂਰ ਸਾਹਿਬ (ਨਾਂਦੇੜ) ਵਿਖੇ ਸੇਵਾ ਕਰ ਰਹੇ ਹਨ ਅਤੇ ਬੜੀ ਚੜ੍ਹਦੀ ਕਲਾ ਵਿਚ ਹਨ।

ਸਚਖੰਡ ਦੇ ਦੀਦਾਰ ਅਤੇ ਭਾਈ (ਬਾਬਾ ਮਿੱਤ ਸਿੰਘ ਜੀ) ਦੇ ਦਰਸ਼ਨ ਅਤੇ ਮਿਲਣ ਦੀ ਚਾਹਣਾ ਕਰ ਕੇ ਸ: ਦੇਵਾ ਸਿੰਘ ਜੀ ਸਚਖੰਡ ਆਏ। ਦਰਸ਼ਨ ਦੀਦਾਰੇ ਕਰ ਕੇ ਜਦ ਆਪ ਮਾਤਾ ਜੀ ਦੇ ਅਸਥਾਨ ਤੇ ਪੁਜੇ ਤਾਂ ਮਰਯਾਦਾ ਪ੍ਰਸ਼ੋਤਮ ਬਾਬਾ ਜੀ ਨੇ ਜਿਵੇਂ ਹਰ ਯਾਤਰੀ ਦਾ ਸਨਮਾਨ ਕਰਦੇ ਹੁੰਦੇ ਸਨ ਤਿਵੇਂ ਆਪਣੇ ਚਾਚੇ ਦੇ ਪੁਤਰ (ਭਾਈ) ਦੀ ਲੰਗਰ ਪਾਣੀ ਦੀ ਸੇਵਾ ਕੀਤੀ।

ਭਾਈ ਦੇਵਾ ਸਿੰਘ ਜੀ ਨੇ ਚਾਹਿਆ ਕਿ ਬਾਬਾ ਜੀ ਕੋਈ ਸਮਾਂ ਦੇਣ ਤਾਂ ਕੋਈ ਕੁਟੰਬ ਕਬੀਲੇ ਦੀਆਂ ਗੱਲਾਂ ਕਰੀਏ। ਪਰ ਬਾਬਾ ਜੀ ਨੇ ਉਹਨਾਂ ਨੂੰ ਕੋਈ ਵਕਤ ਹੀ ਨਾ ਦਿਤਾ। ਭਾਈ ਦੇਵਾ ਸਿੰਘ ਜੀ ਨੇ ਅਸਥਾਨ ਤੇ ਰਹਿੰਦੇ ਸਿੰਘਾਂ ਨੂੰ ਦਸਿਆ ਕਿ ਬਾਬਾ ਮਿੱਤ ਸਿੰਘ ਜੀ ਸਾਡੇ ਭਾਈ ਜਾਹਿਬ ਲਗਦੇ ਹਨ, ਪਰ ਗਲ ਬਾਤ ਦਾ ਸਮਾਂ ਹੀ ਨਹੀਂ ਦਿੰਦੇ।

ਭਾਈ ਦੇਵਾ ਸਿੰਘ ਜੀ ਅੰਦਰ ਸੰਸਾਰਕ ਭਾਈਚਾਰੇ ਦੀ ਹੁੱਬ ਸੀ ਤੇ ਉਹਨਾਂ ਖਿਆਲ ਕੀਤਾ ਸੀ ਕਿ ਭਾਈ ਸਾਹਿਬ [ਬਾਬਾ ਮਿੱਤ ਸਿੰਘ ਜੀ] ਬਹੁਤ ਚਾਉ, ਪਿਆਰ ਤੇ ਗਰਮ - ਜੋਸ਼ੀ ਨਾਲ ਗਲਵਕੜੀ ਪਾ ਕੇ ਮਿਲਣਗੇ, ਘਰ ਦੀ ਸੁੱਖ ਸਾਂਦ ਪੁੱਛਣਗੇ। ਤਾਂ ਮੈਂ ਬੇਨਤੀ ਕਰਾਂਗਾ ਕਿ ਆਪ ਚਲੋ ਅਤੇ ਪ੍ਰਵਾਰ ਵਿਚ ਰਹੋ। ਪਰ ਇਹਨਾਂ ਤਾਂ ਬੜੀ ਨਿਰਮੋਹਤਾ ਵਿਖਾਈ ਏ। ਜਿਵੇਂ ਮੈਨੂੰ ਜਾਣਦੇ ਹੀ ਨਹੀਂ ? ਮੈਂ ਕਿਤਨੀਆਂ ਸੱਧਰਾਂ ਲੈ ਕੇ ਆਇਆ ਹਾਂ। ਪਰ ਚਲੋ ਇਥੇ ਕੀ ਲੈਣਾ ਏ ? ਇਉਂ ਮਨ ਦੀ ਮਨ ਵਿਚ ਗੀਟੀਆਂ ਗਿਣਦੇ ਨਿਰਾਸੇ ਜਿਹੇ ਹੋ ਕੇ ਕੁਝ ਦਿਨ ਇਥੇ ਰਹਿ ਕੇ ਭਾਈ ਦੇਵਾ ਸਿੰਘ ਜੀ ਵਾਪਸ ਸੱਚਖੰਡ ਆ ਗਏ।

ਉਸ ਵਕਤ ਬਾਬਾ ਜੀ ਖੇਤਾਂ ਵਲ ਦੁਰੇਡੇ ਨਿਕਲ ਗਏ ਹੋਏ ਸਨ, ਬਹੁਤ ਦੇਰ ਬਾਅਦ ਵਾਪਸ ਆਏ, ਜਦ ਸ: ਦੇਵਾ ਸਿੰਘ ਜੀ ਸੱਚਖੰਡ ਨੇੜੇ ਪੁੱਜਣ ਵਾਲੇ ਹੋਵਣਗੇ।

ਬਾਬਾ ਜੀ ਦੇ ਆਵਣ ਤੇ ਸਿੰਘਾਂ ਕਿਹਾ ਕਿ ਆਪ ਜੀ ਦੇ ਚਾਚੇ ਦੇ ਪੁਤਰ ਭਾਈ ਸ: ਦੇਵਾ ਸਿੰਘ ਜੀ ਆਪ ਜੀ ਦੀ ਉਡੀਕ ਕਰ ਕੇ ਨਿਰਾਸੇ ਹੀ ਹੋ ਕੇ ਚਲੇ ਗਏ ਹਨ। ਉਹ ਕਹਿੰਦੇ ਸਨ ਕਿ ਅਸੀਂ ਬਾਬਾ ਜੀ ਦੇ ਭਾਈ ਹਾਂ, ਪਰ ਸਾਡੇ ਨਾਲ ਉਹਨਾਂ ਕੋਈ ਗਲ ਬਾਤ ਹੀ ਨਹੀਂ ਕੀਤੀ।

ਬਾਬਾ ਜੀ– ਹੱਛਾ ! ਉਹ ਸਾਡੇ ਭਾਈ ਸਨ ? [ਇਉਂ ਜਿਵੇਂ ਜਾਣਦੇ ਹੋਏ ਭੀ ਅਨਜਾਣੇ ਬਣ ਗਏ ਹੋਵਣ] ਉਹਨਾਂ ਨੇ ਪਹਿਲਾਂ ਕਿਉਂ ਨਹੀਂ ਦਸਿਆ ? ਉਹ ਸਾਡੇ ਸਿਆਣ ਵਿਚ ਨਹੀਂ ਆਏ। ਨਿਰਾਸ ਕਿਉਂ ਗਏ ਨੇ। ਕੁਝ ਦਿਨ ਉਹ ਹੋਰ ਠਹਿਰ ਜਾਂਦੇ। ਚੰਗਾ ਦੋ ਸਿੰਘ ਜਾਓ ਅਤੇ ਉਹਨਾਂ ਨੂੰ ਲੈ ਕੇ ਆਓ।

ਕਿਤਨੀ ਉਦਾਰਤਾ ਸੀ ਬਾਬਾ ਜੀ ਵਿਚ। ਨਿਰਮੋਹਤਾ ਵਿਚ ਮੋਹਤਾ ਦਾ ਵਿਖਾਵਾ ਕਰ ਰਹੇ ਸਨ। ਭਾਈ ਦਾ ਮੋਹ ਮਾਨ ਤੋੜ ਕੇ ਫਿਰ ਧੀਰਜ ਦੇਣ ਲਈ, ਨਿਰਾਸਾ ਤੋਂ ਆਸਾ ਬੰਧਾਨ ਲਈ (ਜਾਓ ਲੈ ਆਵੋ) ਦਾ ਚੋਜ।

ਭਾਈ ਦੇਵਾ ਸਿੰਘ ਜੀ ਨੇ ਵਾਪਸ ਆਉਣਾ

ਦੋ ਸਿੰਘ ਜਲਦੀ ਨਾਲ ਤਖ਼ਤ ਸੱਚਖੰਡ ਗਏ ਅਤੇ ਭਾਈ ਦੇਵਾ ਸਿੰਘ ਜੀ ਨੂੰ ਕਿਹਾ ਕਿ ਆਪ ਜੀ
ਨੂੰ ਬਾਬਾ ਜੀ ਨੇ ਬੁਲਾਇਆ ਹੈ।

ਭਾਈ ਦੇਵਾ ਸਿੰਘ ਜੀ ਵਾਪਸ ਆ ਗਏ। ਆਪ ਹੈਰਾਨ ਸਨ ਕਿ ਇਤਨੇ ਦਿਨ ਬਾਬਾ ਜੀ ਨੇ ਮੇਰੀ
ਪਛਾਣ ਹੀ ਨਹੀਂ ਕੀਤੀ। ਪਰ ਮੇਰੇ ਉਥੋਂ ਵਾਪਸ ਮੁੜਨ ਤੇ ਹੁਣ ਮਗਰ ਸਿੰਘ ਭੇਜ ਦਿਤੇ ਹਨ। ਸੋ ਆਪ
ਜੀ ਬਾਬਾ ਜੀ ਅਗੇ ਦਿਲ ਦੀ ਹਵਾੜ (ਭੜਾਸ) ਕੱਢੀ 'ਤੇ ਉਹਨਾਂ ਨੂੰ ਘਰ ਜਾਣ ਲਈ ਪ੍ਰੇਰਣਾ ਕੀਤੀ।
ਪਰ ਬਾਬਾ ਜੀ ਜੋ ਸਭ ਕੁਝ (ਜ਼ਮੀਨ, ਜਾਇਦਾਦ, ਮਕਾਨ,ਆਦਿ) ਪਹਿਲਾਂ ਹੀ ਤਿਆਗ ਚੁਕੇ ਸਨ, ਕਾਹਨੂੰ
ਮੋਹ ਮਮਤਾ ਵਿਚ ਫਸਦੇ ਸਨ।

ਬਾਬਾ ਜੀ– ਵੀਰ ਜੀ ! ਹੁਣ ਮਾਂ ਦਾ ਪਿਆਰ ਜੋ ਕਈ ਜਨਮਾਂ ਤੋਂ ਵਿਛੜੇ ਹੋਏ ਨੂੰ ਮਿਲਿਆ ਹੈ,
ਫਿਰ 'ਨਾ ਕਦੇ ਮਰੈ ਨ ਜਾਇਆ' ਅਜਿਹੀ ਮਾਤਾ ਦੀ ਹੀ ਸੇਵਾ ਦਾ ਹੁਕਮ ਹੈ, ਤੇ ਇਹ ਤਨ ਮਨ
ਇਹਨਾਂ ਦੇ ਹੀ ਅਰਪਨ ਹੈ। ਜਨਮ - ਮਾਤਾ ਵਿਛੜ ਗਈ, ਪਿਤਾ ਤੇ ਚਾਚੇ ਤਾਏ ਸਭ ਵਿਛੜ ਗਏ।
ਪਰ ਹੁਣ ਸੱਚੀ 'ਮਾਂ' ਨਾ ਜਨਮੇ ਨਾ ਮਰੇ, ਸਦਾ ਅੱਟਲ ਹੈ। ਫਿਰ ਸੱਚੀ ਮਾਤਾ ਸਾਨੂੰ ਕਦੀ ਭੀ ਵਿਛੋੜਾ
ਨਹੀਂ ਦੇਵੇਗੀ ਤੇ ਜਿਨ੍ਹਾਂ ਦੀ ਗੋਦ ਵਿਚ ਹੀ ਹੁਣ ਸਦਾ ਸੁਖ ਹੋਵੇਗਾ।

ਭਾਈ ਦੇਵਾ ਸਿੰਘ ਜੀ ਨੇ ਜਦ ਬਾਬਾ ਜੀ ਦੀ ਨਿਰਮੋਹਤਾ ਵੇਖੀ ਤਾਂ ਬਹੁਤਾ ਖੈਹੜਾ ਨਾ ਕੀਤਾ,
ਤੇ ਕੁਝ ਦਿਨ ਹੋਰ ਰਹਿ ਕੇ ਵਾਪਸ ਪੰਜਾਬ ਆ ਗਏ।

ਇਉਂ ਬਾਬਾ ਜੀ ਦੀ ਨਿਰਮੋਹਤਾ, ਸਮਦ੍ਰਿਸ਼ਟੀ ਤੇ ਝੂਠ ਸਮੱਗਰੀ ਤੋਂ ਉਪਰਾਮਤਾ ਦਾ ਤੇ ਸਤਿਗੁਰੂ
ਜੀ ਦੇ ਚਰਨਾਂ ਦਾ ਸੱਚਾ ਸੁੱਚਾ ਪਿਆਰ ਸੀ। ਜਿਨ੍ਹਾਂ ਨੇ ਕੇਸਾਂ ਸੁਆਸਾਂ ਨਾਲ ਨਿਭਾਹਿਆ।

ਬਾਬਾ ਜੀ ਦੀ ਤ੍ਰੈ-ਕਾਲ ਦ੍ਰਿਸ਼ਟੀ (ਅੰਤਰਯਾਮਤਾ ਦਾ ਦ੍ਰਿਸ਼)

ਸੱਚ ਛੁਪਦਾ ਨਹੀਂ, ਭਾਵੇਂ ਕੋਈ ਕਿਹੋ ਜਿਹਾ ਭੀ ਯਤਨ ਕਰੇ। 'ਕੁਨਾਲੀ ਹੇਠਾਂ ਚੰਦਰਮਾਂ ਕਦੀ
ਨਹੀਂ ਛੁੱਪਦਾ।' ਇਹ ਮੂਰਖ ਹਠੀਸਾ ਯਤਨ ਹੈ। ਪਰ ਸੱਚ ਛੁਪਾਣਾ ਭੀ ਠੀਕ ਨਹੀਂ ਹੁੰਦਾ। ਬਾਬਾ ਜੀ
ਦੂਰ ਨੇੜੇ ਅਤੇ ਹਰ ਵਰਤਮਾਨ ਦੀ ਸੋਝੀ ਰੱਖਦੇ ਸਨ ਅਤੇ ਹਰ ਦਿਲਾਂ ਦੀ ਜਾਣ ਲੈਂਦੇ ਸਨ। ਸਤਿਗੁਰਾਂ
ਨੇ ਇਹਨਾਂ ਤੇ ਇਤਨੀ ਮਹਾਨ ਬਖਸ਼ਸ਼ ਕੀਤੀ ਹੋਈ ਸੀ ਕਿ ਆਪ ਤ੍ਰੈ - ਕਾਲ ਦਰਸ਼ੀ ਹੁੰਦਿਆਂ ਹੋਇਆਂ ਭੀ
ਇਸ ਅਜਰ ਦਾਤ ਨੂੰ ਜਰ ਕੇ, ਲੱਖਤਾ ਨਹੀਂ ਹੋਣ ਦਿੰਦੇ ਸਨ। ਪਰਗਟ ਕਰਨ ਵਿਚ ਅਤਿ ਸੰਕੋਚ ਤੇ
ਚੁੱਪ ਵਰਤਦੇ ਸਨ। ਫਿਰ ਭੀ ਆਪ ਜੋ ਬਚਨ ਸਹਿਜ ਸੁਭਾ ਹੀ ਕਹਿ ਦਿੰਦੇ ਸਨ, ਉਹ ਬਚਨ ਤੱਤਕਾਲ
ਹੀ ਸਤਿ ਹੁੰਦਾ ਸੀ। ਜਾਂ ਜਿਥੇ ਭੀ ਕੋਈ ਬਿਪਤਾ ਵਿਚ ਸ਼ਰਧਾ ਨਾਲ ਬਾਬਾ ਜੀ ਦਾ ਧਿਆਨ ਕਰ ਕੇ
ਚਿੱਤਵਦਾ, ਉਥੇ ਉਸ ਦੀ ਸਹਾਇਤਾ ਤੱਤਕਾਲ ਹੋ ਜਾਂਦੀ।

ਇਸੇ ਤਰ੍ਹਾਂ ਮਾਤਾ ਜੀ ਦੇ ਅਸਥਾਨ ਤੇ ਦੋ ਪ੍ਰੇਮੀ ਸਿੰਘ–ਭਾਈ ਪ੍ਰਤਾਪ ਸਿੰਘ ਜੀ ਤੇ ਭਾਈ ਜੈਮਲ
ਸਿੰਘ ਜੀ ਮਾਤਾ ਜੀ ਦੇ ਅਸਥਾਨ ਤੋਂ ਬਾਬਾ ਜੀ ਤੋਂ ਖੁਸ਼ੇ ਲੈ ਕੇ ਪੰਜਾਬ ਨੂੰ ਚਾਲੇ ਪਾਏ। ਜਦ ਦੋਵੇਂ ਸਿੰਘ

'ਵਾਰਧਾ' ਸ਼ਹਿਰ ਪਹੁੰਚੇ, ਤਾਂ ਉਹਨਾਂ ਦੀਆਂ ਤਿੰਨ ਫੁਟੀ ਵਡੀਆਂ ਕ੍ਰਿਪਾਨਾਂ (੯ ਇੰਚ ਤੋਂ ਵੱਡੀਆਂ ਹੋਣ
ਕਰਕੇ) ਪਹਿਨਣ ਕਰ ਕੇ ਪੁਲੀਸ ਨੇ ਇਹਨਾਂ ਨੂੰ ਗ੍ਰਿਫਤਾਰ ਕਰ ਲਿਆ ਤੇ ਹਵਾਲਾਤ ਵਿਚ ਬੰਦ ਕਰ
ਦਿਤਾ ਗਿਆ।

ਇਹਨਾਂ ਸਿੰਘਾਂ ਤੇ ਕਚਹਿਰੀ ਵਿਚ ਮੁਕੱਦਮਾ ਚਲਿਆ ਤੇ ਜੱਜ ਨੇ ਹਾਈ ਕੋਰਟ ਦਾ ਤੇ ਹੈਦਰਾ-
ਬਾਦ, ਮਾਸਟਰ ਤਾਰਾ ਸਿੰਘ ਜੀ ਪ੍ਰਧਾਨ ਅਕਾਲੀ ਦਲ ਦਾ ਸਮਝੌਤਾ ਹੋਇਆ ਸੀ, ਉਸ ਦਾ ਫੈਸਲਾ
ਸਿੰਘਾਂ ਨੂੰ ਸੁਣਾਇਆ ਕਿ ਮਾਸਟਰ ਤਾਰਾ ਸਿੰਘ ਜੀ ਨੇ ਇਹ ਫੈਸਲਾ ਪਰਵਾਨ ਕੀਤਾ ਹੈ ਕਿ ਹਰ ਸਿੰਘ
੩ ਫੁਟ ਦੀ ਕਿਰਪਾਨ ਦੀ ਬਜਾਏ ੯* ਇੰਚ ਦੀ ਕਿਪਰਾਨ ਪਹਿਨ ਕੇ ਆਇਆ ਕਰੇਗਾ।

ਸਿੰਘਾਂ ਪਾਸ ਨਾ ਕੋਈ ਗਵਾਹ ਸੀ ਤੇ ਨਾ ਹੀ ਲਾਹੌਰ ਦੇ ਫੈਸਲੇ ਦੀ ਨਕਲ। ਇਉਂ ਅੱਠ ਦਿਨ
ਬੀਤ ਗਏ, ਪਰ ਕੋਈ ਚਾਰਾ ਜੋਰੀ ਤੇ ਰਾਹ ਨਜ਼ਰ ਨਾ ਆਵੇ, ਜਿਸ ਕਰ ਕੇ ਛੁਟਕਾਰਾ ਹੋ ਸਕੇ। ਸੋਚੀਂ ਪੈ
ਗਏ ਦੋਵੇਂ ਸਿੰਘ, ਕੀ ਕੀਤਾ ਜਾਵੇ।

ਸਿੰਘਾ ਅੰਦਰ ਸੁੱਤੇ ਸਿੱਧ ਫੁਰਨਾ, ਫੁਰਨਾ

ਆਖਰ ਏਹਨਾਂ ਨੇ ਮਨ ਵਿਚ ਵਿਚਾਰਿਆ ਕਿ ਅਸੀਂ ਮਾਤਾ ਜੀ ਦੇ ਅਸਥਾਨ ਤੇ ਅਰਦਾਸ ਕਰ ਕੇ
ਅਤੇ ਬਾਬਾ ਜੀ ਦੀਆਂ ਖੁਸ਼ੀਆਂ ਲੈ ਕੇ ਚਲੇ ਸਾਂ, ਪਰ ਸਾਡੇ ਤੇ ਅਜੇਹੀ ਬਿਪਤਾ ਕਿਉਂ ਗਲ ਪੈ ਗਈ ਏ।
ਕੋਈ ਗੁਨਾਹ ਨਹੀਂ ਕੀਤਾ। ਬਾਣਾ ਗੁਰੂ ਕਾ ਤੇ ਸ਼ਸਤਰ ਭੀ ਤਾਂ ਸਤਿਗੁਰੂ ਜੀ ਦੀ ਮਰਯਾਦਾ ਮੁਤਾਬਕ

---

*ਨੌਂ ਇੰਚ ਕ੍ਰਿਪਾਨ ਦਾ ਮਸਲਾ ਕਿਵੇਂ ਚਾਲੂ ਹੋਇਆ ?

ਇਕ ਵਾਰੀ ਮਾਸਟਰ ਤਾਰਾ ਸਿੰਘ ਜੀ ਵੱਡੀ ਤਿੰਨ ਫੁਟੀ ਕਿਰਪਾਨ ਨਾਲ ਸ੍ਰੀ ਸੱਚਖੰਡ ਹਜ਼ੂਰ
ਸਾਹਿਬ ਦੇ ਦੀਦਾਰੇ ਕਰਨ ਗਏ। ਚੂੰਕਿ ਰਿਆਸਤ ਹੈਦਰਾਬਾਦ ਵਿਚ ਕਾਨੂੰਨ ਸੀ ਕਿ ਇਸ ਰਿਆਸਤ
ਵਿਚ ਸਿਵਾਏ ਨਿਹੰਗ ਸਿੰਘਾਂ ਦੇ ਬਾਕੀ ਕੋਈ ਹੋਰ ਅਕਾਲੀ ਸਿੰਘ ਕੋਈ ਹਥਿਆਰ ਲੈ ਕੇ ਦਾਖਲ ਨਹੀਂ
ਹੋ ਸਕਦਾ ਸੀ। [ਮਾਸਟਰ ਜੀ ਅਤੇ ਇਹਨਾਂ ਦੇ ਨਾਲ ਗਏ ਸਿੰਘ ਇਸੇ ਜੁਰਮ ਵਿਚ ਫੜੇ ਗਏ। ਮੁਕੱਦਮਾ
ਚਲਿਆ। ਇਹ ਸਿੱਖੀ ਦਾ ਚਿੰਨ ਸਾਬਤ ਕੀਤਾ, ਕਿ ਸਿੰਘ ਹਰ ਵੇਲੇ ਗਾਤਰੇ ਵਿਚ ਕਿਰਪਾਨ ਨੂੰ ਰਹਿਤ
ਵਜੋਂ ਰੱਖ ਸਕਦਾ ਹੈ। ਅਦਾਲਤੀ ਫੈਸਲੇ ਵਿਚ ਮਾਸਟਰ ਤਾਰਾ ਸਿੰਘ ਸਿੰਘ ਜੀ ਨੇ ੯ ਇੰਚ ਦੀ ਕ੍ਰਿਪਾਨ
ਮੰਨੀ। ਜਿਸ ਕਰ ਕੇ ਜਿਥੇ ਹਰ ਸਿੰਘ ਵਡੀ ਕਿਰਪਾਨ ਦਾ ਧਾਰਨੀ ਸੀ, ਉਥੇ ਰਿਆਸਤ ਵਿਚ ਦਾਖਲੇ
ਲਈ ੯ ਇੰਚ ਦੀ ਕ੍ਰਿਪਾਨ ਪਹਿਣ ਨੇ ਆਉਣ ਦੀ ਇਕ ਸ਼ਰਾ ਚਲਾ ਦਿਤੀ ਕਿ ਹਰ ਅੰਮ੍ਰਿਤਧਾਰੀ ਸਿੰਘ
੩ ਫੁਟੀ ਕਿਰਪਾਨ ਦੀ ਬਜਾਏ ੯ ਇੰਚੀ ਕਿਰਪਾਨ ਪਾ ਕੇ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ
ਆ ਸਕਿਆ ਕਰੇਗਾ।

ਨਿਹੰਗ ਸਿੰਘ ਤਾਂ ੩ ਫੁਟੀ ਕ੍ਰਿਪਾਨ ਹੀ ਪਹਿਨ ਕੇ ਜਾਂਦੇ ਸਨ, ਪਰ ਅਕਾਲੀ ਸਿੰਘਾਂ ਤੇ ਇਹ
ਪਾਬੰਦੀ ਲਾਗੂ ਹੋ ਗਈ।

ਇਸੇ ਭੁਲੇਖੇ ਕਾਰਨ ਇਹ ਸਿੰਘ ਭੀ ਦੋਵੇਂ ਫੜੇ ਗਏ।

ਪਹਿਨੇ ਹੋਏ ਸਨ ।

ਇਹਨਾਂ ਦੋਹਾਂ ਸਿੰਘਾਂ ਨੇ ਇਹ ਵਿਚਾਰਦਿਆਂ ਬਾਬਾ ਜੀ ਦਾ ਧਿਆਨ ਕਰ ਕੇ ਬੇਨਤੀ ਕੀਤੀ ਕਿ ਬਾਬਾ ਜੀ ! ਅਸੀਂ ਸੱਚੇ ਹਾਂ, ਸਾਡਾ ਛੁਟਕਾਰਾ ਹੋ ਜਾਣਾ ਚਾਹੀਦਾ ਹੈ । ਅਸੀਂ ਬੇਗੁਨਾਹ ਹਾਂ ਐਵੇਂ ਘਾਣੀ ਪੀੜੇ ਜਾਵਾਂਗੇ । ਬਾਣੇ ਦੀ ਬੇਅਦਬੀ ਹੋਵੇਗੀ । ਸਾਡੀ ਰੱਖਿਆ ਕਰੋ । ਸਾਡੀ ਸਹਾਇਤਾ ਕਰੋ । ਆਪ ਸਭ ਕੁਝ ਜਾਣਦੇ ਹੋ । ਸਾਡਾ ਬਚਾਉ ਦਾ ਰਸਤਾ ਨਹੀਂ ਦਿਸ ਰਿਹਾ । ਅਰਦਾਸ ਕੀਤੀ ।

ਇਹਨਾਂ ਹੀ ਫਿਕਰਾਂ ਤੇ ਸੋਚਾਂ ਵਿਚ ਰਾਤ ਪੈ ਗਈ ! ਭਾਵੇਂ ਅੱਖਾਂ 'ਚ ਨੀਂਦ ਕਿਥੇ ? ਫੇਰ ਕਦੀ ਅੱਖ ਲਗਦੀ ਤੇ ਕਦੀ ਚੌਂਕ ਉਠਦੇ !

ਬਾਬਾ ਮਿੱਤ ਸਿੰਘ ਜੀ ਨੇ ਦੀਦਾਰ ਦੇਣੇ

ਅਚਾਨਕ ਅੰਮ੍ਰਿਤ ਵੇਲੇ ਉਹਨਾਂ ਦੀ ਅੱਖ ਲੱਗ ਗਈ–ਕੀ ਵੇਖਦੇ ਹਨ ਕਿ ਬਾਬਾ ਮਿੱਤ ਸਿੰਘ ਜੀ ਪਾਸ ਖੜੇ ਹੌਂਸਲਾ ਦੇ ਰਹੇ ਹਨ ਕਿ ਸਿੰਘੋ ! ਘਬਰਾਓ ਨਾ । ਜਿਸ ਦਾ ਬਾਣਾ ਹੈ ਉਹ ਹੀ ਆਪੇ ਮੇਹਰ ਕਰਨਗੇ ! ਤੁਸੀਂ ਸੱਚੇ ਹੋ ਅਤੇ ਸੱਚ ਦੀ ਹਮੇਸ਼ਾਂ ਵਿਜੈ ਹੁੰਦੀ ਹੈ । ਧੀਰਜ ਕਰੋ, ਡੋਲੋ ਨਾ । ਭਰੋਸਾ ਰਖੋ, ਸਤਿਗੁਰੂ ਜੀ ਆਪੇ ਇਹਨਾਂ ਨੂੰ ਸੋਝੀ ਦੇਣਗੇ । । ਇਹਨਾਂ ਨੂੰ ਤਾਂ ਕੋਈ ਗਿਆਨ ਨਹੀਂ । ਸੋ ਆਪਣੇ ਮਨ ਵਿਚ ਭੈ ਨਾ ਲਿਆਓ ਅਤੇ ਉਠੋ ! ਹੁਣ ਅੰਮ੍ਰਿਤ ਵੇਲਾ ਹੋ ਗਿਆ ਹੈ । ਉਠ ਕੇ ਬਾਣੀ ਪੜ੍ਹੋ । ਸਿੰਘ ਦਾ ਰਖਵਾਲਾ ਸਤਿਗੁਰੂ ਹੈ ।

ਸਿੰਘਾਂ ਨੂੰ ਭਰੋਸਾ ਆਉਣਾ

ਸਿੰਘਾਂ ਦੀ ਅਚਾਨਕ ਜਾਗ ਖੁਲ੍ਹ ਗਈ । ਉਹ ਬੜੇ ਚਾਵਾਂ ਤੇ ਖੁਸ਼ੀਆਂ ਨਾਲ ਆਪਸ ਵਿਚ ਇਕ ਦੂਜੇ ਨੂੰ ਦਸ ਰਹੇ ਸਨ ਕਿ ਬਾਬਾ ਜੀ ਸਾਡੇ ਪਾਸ ਖੜੇ ਸਾਨੂੰ ਧੀਰਜ ਦੇਂਦੇ ਤੱਕੇ ਹਨ । ਬੱਸ ਸਾਡੀ ਬੰਦ-ਖਲਾਸੀ ਹੋ ਗਈ । ਸਾਨੂੰ ਪੂਰਨ ਯਕੀਨ ਹੈ ।

ਦੋਵਾਂ ਸਿੰਘਾਂ ਨੇ ਸ਼ੁਕਰਾਨਾ ਕਰਦਿਆਂ ਬਾਣੀ ਪੜ੍ਹੀ ਤੇ ਅਰਦਾਸ ਕੀਤੀ ! ਦਿਨ ਚੜ੍ਹਦਿਆਂ ਹੀ ਸਿਪਾਹੀ ਉਹਨਾਂ ਨੂੰ ਕਚਹਿਰੀ ਵਿਚ ਲੈ ਗਏ । ਤੇ ਉਹਨਾਂ ਦੇ ਜਾਂਦਿਆਂ ਹੀ ਜਦ ਜੱਜ ਸਾਹਿਬ ਨੇ ਫੈਸਲਾ ਦੇ ਦਿਤਾ ਕਿ ਇਹ ਨਿਹੰਗ ਸਿੰਘ ਹਨ ਇਹ ਵੱਡੀ ਕ੍ਰਿਪਾਨ ੩ ਫੁਟੀ ਰੱਖ ਸਕਦੇ ਹਨ । ਸੋ ਇਹਨਾਂ ਨੂੰ ਬਾ - ਇਜ਼ਤ ਬਰੀ ਕੀਤਾ ਜਾਂਦਾ ਹੈ ਤੇ ਸਰਕਾਰੀ ਖਜ਼ਾਨੇ ਵਿਚੋਂ ਇਹਨਾਂ ਨੂੰ ਪੰਜਾਬ ਦੀ ਟਿਕਟ ਤੇ ਰਾਹ ਦੀ ਖਰਚੀ ਭੀ ਦਿਤੀ ਜਾਵੇ ।

ਇਉਂ ਦੋਵੇਂ ਸਿੰਘ ਬੜੀਆਂ ਖੁਸ਼ੀਆਂ ਨਾਲ ਸਤਿਗੁਰ ਦਾ ਸ਼ੁਕਰਾਨਾ ਕਰਦੇ, ਮਹਾਂਪੁਰਸ਼ਾਂ ਦੀ ਘਾਲ ਕਮਾਈ ਦੀ ਪ੍ਰਸੰਸਾ ਕਰਦੇ ਪੰਜਾਬ ਪੁਜ ਗਏ ।

ਸ੍ਰੀ ਸੱਚਖੰਡ ਤਖ਼ਤ ਦੀ ਸੇਵਾ ਲਈ ਪ੍ਰੇਰਣਾ

ਬਾਬਾ ਜੀ ਦਾ ਤੱਪ ਤੇ, ਸ਼ਕਤਿ ਤੇ ਨਿਸ਼ਕਾਮ ਸੇਵਾ ਨੇ ਜਿੱਥੇ ਹਰ ਯਾਤ੍ਰੀ ਨੂੰ ਪ੍ਰਭਾਵਤ ਕੀਤਾ, ਉਥੇ ਸੱਚਖੰਡ ਦੇ ਸਾਰੇ ਪ੍ਰਬੰਧਕ ਸੇਵਾਦਾਰ ਭੀ ਅਤਿ ਪ੍ਰਭਾਵਤ ਹੋ ਚੁਕੇ ਹੋਏ ਸਨ । ਹਰ ਇਕ ਦੀ ਮਨੋ - ਭਾਵਨਾ

ਸੀ, ਕਿ ਤਖ਼ਤ ਸ੍ਰੀ ਸੱਚਖੰਡ ਦੇ ਹੈੱਡ ਪੁਜਾਰੀ ਬਾਬਾ ਜੀ ਹੋਣੇ ਚਾਹੀਦੇ ਹਨ । ਉਹਨਾਂ ਦਾ ਵਿਚਾਰ ਸੀ ਕਿ ਜੇ ਬਾਬਾ ਜੀ ਮੰਨ ਜਾਣ ਤੇ ਸੱਚਖੰਡ ਤਖ਼ਤ ਦੀ ਮਾਨਤਾ ਤੇ ਮਾਇਆ ਦੇ ਚੜ੍ਹਾਵੇ ਵਿਚ ਮਹਾਨ ਵਾਧਾ ਹੋ ਜਾਵੇਗਾ ਤੇ ਬਾਬਾ ਜੀ ਦੀ ਇਸ ਤੋਂ ਵੀ ਵੱਧ ਪ੍ਰਭਤਾ ਹੋ ਜਾਵੇਗੀ ।

ਇਸ ਲਈ ਕਈ ਵਾਰੀ ਬਾਬਾ ਜੀ ਨੂੰ ਤਖ਼ਤ ਸੱਚਖੰਡ ਦੇ ਹੈੱਡ ਪੁਜਾਰੀ ਦੀ ਸੇਵਾ ਲਈ ਬੇਨਤੀਆਂ ਕੀਤੀਆਂ ਗਈਆਂ, ਪਰ ਬਾਬਾ ਜੀ ਹਰ ਵਾਰੀ ਇਹ ਸੇਵਾ ਤੋਂ ਨਾਂਹ ਕਰ ਦੇਂਦੇ ਕਿ ਅਸੀਂ ਇਸ ਪਾਵਨ ਤਖ਼ਤ ਦੀ ਸੇਵਾ ਦੇ ਯੋਗ ਨਹੀਂ ਹਾਂ । ਕਿਸੇ ਹੋਰ ਨੂੰ ਇਹ ਸੇਵਾ ਦੇ ਦਿਓ, ਕਿਉਂਕਿ ਇਸ ਵਾਰੀ [ਇਸ ਜਨਮ ਵਿਚ] ਕਿਸੇ ਬੰਧਨ ਵਿਚ ਬੱਝਣਾ ਨਹੀਂ ਚਾਹੁੰਦੇ । ਆਪ ਦੀ ਹਕੂਮਤ ਥਲੇ ਰਹਿਣਾ ਸਾਡਾ ਬਹੁਤ ਮੁਸ਼ਕਲ ਹੈ, **ਅਤੇ ਤਖ਼ਤ** (ਜਿਥੇ ਸਤਿਗੁਰੂ ਜੀ ਪ੍ਰਤੱਖ ਹਾਜ਼ਰ - ਨਾਜ਼ਰ ਹਨ) ਦੀ ਘਾਲ ਕਮਾਈ (ਸੇਵਾ) ਬਹੁਤ ਕੱਠਨ ਹੈ । ਅਸੀਂ ਇਹ ਸੇਵਾ* ਅਗੇ ਕਈ ਵਾਰੀ ਕਰ ਚੁੱਕੇ ਹਾਂ ਅਤੇ ਹੁਣ ਬੰਧਨ - ਮੁਕਤ ਹੋਣਾ ਚਾਹੁੰਦੇ ਹਾਂ ।

ਗੁਰੂ ਕਲਗੀਧਰ ਪਿਤਾ ਜੀ ਦੀ ਪ੍ਰਸੰਨਤਾ ਅਸੀਂ ਅਗੇ ਲੈ ਚੁੱਕੇ ਹਾਂ । 'ਮਾਂ' ਦਾ ਪਿਆਰ ਜੋ ਬੱਚੇ ਲਈ ਅਤਿ ਲੋੜੀਂਦਾ ਹੈ,ਇਸ ਲਈ ਜਗਤ - ਮਾਤਾ–ਮਾਤਾ ਸਾਹਿਬ ਕੌਰਾਂ ਦੀ ਦੇ ਅਸਥਾਨ ਦੀ ਪ੍ਰਸੰਨਤਾ ਹੁਣ ਲੈਣੀ ਹੈ ਤੇ ਇਹ ਹੀ ਸਾਨੂੰ ਹੁਕਮ ਹੈ । ਪੁੱਤ ਲਈ ਮਾਤਾ ਤੇ ਪਿਤਾ ਦਾ ਸਾਂਝਾ ਪਿਆਰ ਮਿਲੇ ਤਾਂ ਹੀ ਪ੍ਰਵਾਨਤ ਹੁੰਦਾ ਹੈ । ਇਕ ਪੱਖੀ ਪਿਆਰ ਅੱਧਵਾਟੇ ਲਟਕਦਾ ਹੈ ਉਹ ਜੀਵ, ਕਿਉਂਕਿ ਵਾਹਿਗੁਰੂ, ਪ੍ਰਮੇਸ਼ਰ ਦੀ ਪ੍ਰਾਪਤੀ,ਪ੍ਰਭੂ ਸ਼ਕਤਿ ਦੇ ਮਿਲਾਪ ਨਾਲ ਮਿਲਦੀ ਹੈ । ਪ੍ਰਭੂ ਤੇ ਸ਼ਕਤਿ(ਪਿਤਾ ਤੇ ਮਾਤਾ) ਦੋਹਾਂ ਦੀ ਖੁਸ਼ੀ ਨਾਲ ਹੀ ਜੀਵ ਮੁਕਤ ਹੁੰਦਾ ਹੈ ।

* ਸੇਵਾ ਸੱਚਖੰਡ ਕਈ ਵਾਰੀ ਕਰ ਚੁਕੇ ਹਾਂ–ਬਾਬਾ ਜੀ ਦਾ ਇਹ ਕਹਿਣਾ ਪਿਛਲੇ ਜਨਮਾਂ ਦੇ ਵੱਲ ਸੰਕੇਤ ਦਿੰਦਾ ਹੈ । ਬਾਬਾ ਧਰਮ ਸਿੰਘ ਜੀ, ਜੋ ਬਾਬਾ ਜੀ ਦੇ ਜੀਵਨ ਸਾਥੀ ਸਨ, ਦਸਦੇ ਸਨ ਕਿ ਇਕ ਦਿਨ ਬਾਬਾ ਮਿੱਤ ਸਿੰਘ ਮੌਜ ਵਿਚ ਸਨ, ਕਿ ਅਸਾਂ ਪੁਛਿਆ ਕਿ ਆਪ ਕਹਿੰਦੇ ਹੋ ਕਿ ਅਗੇ ਕਈ ਵਾਰੀ ਸੱਚਖੰਡ ਦੀ ਸੇਵਾ ਕਰ ਚੁਕੇ ਹਾਂ, ਆਪ ਦਾ ਪਿਛਲਾ ਜਨਮ ਕਿਥੇ ਸੀ ?

ਬਾਬਾ ਜੀ ਨੇ ਸਹਿਜ ਸੁਭਾ ਆਖਿਆ–ਕਿ ਇਸ ਜਨਮ ਤੋਂ ਪਹਿਲਾਂ ਅਸੀਂ ਦੋ ਜਾਮਿਆਂ ਵਿਚ ਆ ਚੁਕੇ ਹਾਂ । ਉਥੇ ਸਾਡੇ ਅੰਗੀਠੇ ਬਣੇ ਹੋਏ ਹਨ ਤੇ ਨਿਸ਼ਾਨ ਸਾਹਿਬ ਭੀ ਅਸਥਾਪਨ ਹਨ । ਪਰ ਉਹਨਾਂ ਨੇ ਇਹ ਨਾ ਦਸਿਆ ਕਿ ਉਹ ਅਸਥਾਨ ਕਿੱਥੇ ਹਨ ? ਆਪ ਚੁੱਪ ਰਹੇ ਤੇ ਇਸ ਗੱਲ ਦਾ ਰਾਜ਼–ਰਾਜ਼ ਵਿਚ ਹੀ ਰਹਿਣ ਦਿਤਾ ।

ਫਿਰ ਆਪ ਨੇ ਆਖਿਅ–ਅਗੇ ਅਸੀਂ ਸਤਿਗੁਰੂ ਕਲਗੀਧਰ ਜੀ ਦੇ ਅਸਥਾਨਾਂ ਦੀ ਸੇਵਾ ਕਰਦੇ ਰਹੇ ਹਾਂ, ਹੁਣ ਮਾਤਾ ਜੀ ਦੀ ਸੇਵਾ ਦਾ ਹੁਕਮ ਹੈ ।

ਕਈ ਜਨਮਾਂ– ਬਾਣੀ ਦੀ ਸੰਥਾ ਕਰਨ ਸਮੇਂ–

ਕਈ ਜਨਮ ਭਏ ਕੀਟ ਪਤੰਗਾ ॥

ਇਸ ਤੇ ਵਿਚਾਰ ਵਜੋਂ ਜਦ ਦਾਸ ਨੇ ਪੁਛਿਆ ਕਿ ਬਾਬਾ ਜੀ ਜੀਵ ਦਾ ਉਧਾਰ ਕਿੰਨੇ ਜਨਮਾਂ ਵਿਚ☞

ਬਾਬਾ ਜੀ ਦੀ ਦਿੱਬ ਦ੍ਰਿਸ਼ਟੀ ਤੇ ਸਤਿਗੁਰਾਂ ਦੇ ਹੁਕਮ ਰਜ਼ਾ ਦੀ ਪਾਲਣਾ ਕਰਨ, ਉਹਨਾਂ ਦੀ ਦੂਰ ਦ੍ਰਿਸ਼ਟੀ ਅਤੇ ਕਈ ਜਨਮਾਂ ਦੀ ਘਾਲ ਇਸੇ ਤਰ੍ਹਾਂ ਕਰਦੇ ਆ ਰਹੇ ਦਾ ਸੰਕੇਤ ਮਿਲਦਾ ਹੈ।

ਹੁੰਦਾ ਹੈ ? ਤਾਂ ਬਾਬਾ ਜੀ ਨੇ ਕਿਹਾ—ਪੰਜ ਜਨਮ ਲਗਾਤਾਰ ਮਸਤਕ ਤੇ ਲਿਖੇ ਮੁਤਾਬਕ ਸਿਖ ਹਉਮੈ-ਰਹਿਤ ਜੋ ਕਰਮ ਕਰਨ ਲਈ ਮਿਲੇ ਸ਼ਰਧਾ ਭਾਵਨੀ ਨਾਲ ਘਾਲ ਘਾਲਦਾ ਜਾਵੇ, ਥਿੜਕੇ ਨਾ, ਨਾਟਕ ਚੇਟਕ ਪ੍ਰਭਤਾ ਦੇ ਚੱਕਰ, ਹਉਂ ਤੋਂ ਰਹਿਤ ਹੋ ਕੇ ਕਰਮ ਕਰਦਾ ਜਾਵੇ ਤਾਂ ਮੋਖਸ਼ ਪਦ ਦੀ ਪ੍ਰਾਪਤੀ ਕਰ ਸਕਦਾ ਹੈ। ਕਲਿਜੁੱਗ ਅੰਦਰ ਉਹ ਮਹਾਂਪੁਰਖ ਧੰਨ ਹੈ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਮਿਸ਼ਨ (ਸਿੱਖੀ) ਘਰਾਣੇ ਵਿਚ ਜਨਮ ਲੈ ਕੇ, ਗੁਰੂ ਉਪਦੇਸ਼ ਲਗਣ ਵਾਲਾ ਹੋਵੇ,ਸੇਵਾ ਨਿਸ਼ਕਾਮ ਹੋ ਕੇ ਕਰੇ, ਬਾਣੀ ਕੀਰਤਨ ਦੁਆਰਾ ਵੈਰਾਗ ਉਤਪੰਨ ਹੋਵੇ ਤੇ ਅੰਦਰ ਆਸ਼ਾ ਬਣੇ ਬਾਣੀ ਪੜ੍ਹਨ ਦੀ।

੨. ਦੂਸਰੇ ਜਨਮ ਬਾਣੀ ਪੜ੍ਹਨ ਤੇ ਸੇਵਾ ਦੀ ਨਿਸ਼ਕਾਮ ਘਾਲ, ਬਿਨਾਂ ਭੇਟਾ, ਕੇਵਲ ਜੀਵਨ ਆਤ- ਮਿਕ ਬਲ ਸ਼ਕਤੀ ਲਈ ਤਾਂ ਅੰਤਸ਼ਹ ਕਰਨ ਦੀ ਮਲ ਲਹਿ ਕੇ ਅੰਦਰ ਹੋਰ ਉਜਾਲਾ ਰੋਸ਼ਨੀ ਬਾਣੀ ਬੋਧ (ਅਰਥ ਭਾਵ ਸਮਝਣ) ਦੀ ਇਛਾ ਉਤਪੰਨ ਹੋਵੇਗੀ।

੩. ਦੋ ਜਨਮਾਂ ਵਿਚ ਜੇ ਹਉਮੈ ਦੇ ਗਰਾਸ ਵਿਚ ਨਹੀਂ ਗਰਸਿਆ ਤਾਂ ਤੀਸਰੇ ਜਨਮ ਸੇਵਾ ਬਾਣੀ ਤੇ ਬੋਧ [ਗਿਆਨ] ਤਿੰਨਾਂ ਵਸਤੂਆਂ ਦਾ ਸੰਚਾਰ ਹੋਵੇਗਾ ਤੇ ਇਛਾ ਤੱਤ ਵਸਤੂ ਸਿਮਰਨ - ਭਜਨ ਅਭਿ- ਕਰਨ ਦੀ ਪ੍ਰਗਟੇਗੀ।

੪. ਚੌਥੇ ਜਨਮ—ਚਾਰੇ ਪਦਾਰਥ ਮਿਲਣਗੇ (ਸੇਵਾ, ਬਾਣੀ, ਬੋਧ ਤੇ ਸਿਮਰਨ) ਭਜਨ ਦਾ ਤੱ- ਪ੍ਰਭੂ ਲੱਖਤਾ, ਮੇਲ ਦੀ ਇੱਛਾ, ਤੀਬਰਤਾ, ਤਾਂਘ—

ਪ੍ਰਭ ਮਿਲਬੇ ਕਉ ਮੇਰਾ ਮਨ ਬਹੁ ਤਪਤੇ ॥

ਇਕਾਂਤ, ਇਕੱਲ ਵਾਂਜ ਅਤੇ ਸੰਸਾਰ ਤੋਂ ਉਪਰਾਮਤਾ। ਇਉਂ ਤਾਂਘੀ ਸਿੱਖ ਦਾ ਜੀਵਨ ਬਣ ਜਾਵੇਗਾ।

੫. ਇਹ ਪੰਜਵਾਂ ਜਨਮ ਆਖਰੀ ਮੰਜ਼ਲ ਹੈ ਪ੍ਰਭੂ ਮਿਲਣੇ ਦੀ, 'ਇਕ ਜੋਤ' ਹੋਣ ਦੀ ਕੱਠਨ ਘਾਲ ਹੈ। ਇਮਤਿਹਾਨ ਬੜਾ ਸਖਤ ਪਰਚਾ ਹੁੰਦਾ ਹੈ। (ਰਿਧੀਆਂ ਸਿਧੀਆਂ ਦਾ ਘੇਰਾ, ਵਾਕ ਸੱਤਾ ਦੀ ਜਿਲ੍ਹਣ, ਲੋਕਨ ਕੀ ਚਤਰਾਈ, ਪ੍ਰਭਤਾ, ਮਾਨ ਹਉਮੈ, ਵਰ ਸਰਾਪ, ਗੁਰੂ ਚੇਲੇ ਬਨਾਉਣ ਦੀ ਲਾਲਸਾ ਅਤੇ ਨਾਟਕ- ਚੇਟਕਾਂ ਦਾ ਜੰਜਾਲ ਆਦਿ ਪੈ ਜਾਂਦਾ ਹੈ।

ਜੇ ਇਹਨਾਂ ਸਾਰਿਆਂ ਵਿਚੋਂ ਬੱਚ ਕੇ ਨਿਕਲਿਆ ਤਾਂ ਪੂਰਨ ਪਦ ਬ੍ਰਹਮ ਗਿਆਨ ਦੀ ਪ੍ਰਾਪਤੀ ਕਰ ਕੇ ਪ੍ਰਭੂ ਵਿਚ ਲੀਨ ਹੋ ਗਿਆ। ਜੇ ਅੱਧਵਾਟੇ ਫੇਲ ਹੋ ਗਿਆ ਤਾਂ ਫਿਰ—

ਪਉੜੀ ਛੁੜਕੀ ਫਿਰ ਹਥ ਨਾ ਆਵੈ ਅਹਿਲਾ ਜਨਮ ਗਵਾਇਆ ॥

ਚਉਰਾਸੀਹ ਲੱਖ ਜੂਨਾਂ ਦਾ ਗੇੜ ਪੈ ਜਾਂਦਾ ਹੈ— ਸਹੁ ਵੇ ਜੀਆ ਆਪਣਾ ਕੀਆ ॥

ਇਹ ਸੀ ਮਹਾਂਪੁਰਸ਼ਾਂ ਦਾ ਉੱਚ ਮੰਜ਼ਲ ਤੇ ਪੁੱਜਣ ਦਾ ਗਿਆਨ। ਜੋ ਬਾਬਾ ਮਿੱਤ ਸਿੰਘ ਜੀ ਨੇ ਦਾਸ ਨੂੰ ਦਸਿਆ ਸੀ।

ਹਥਹੁ ਦੇ ਕੇ ਭਲਾ ਮਨਾਇ

ਆਮ ਤੌਰ ਤੇ ਵੇਖਣ ਵਿਚ ਆਇਆ ਹੈ ਕਿ ਬਾਬਾ ਜੀ ਜੋ ਭੀ ਵਸਤੂ ਆਉਂਦੀ, ਸਿੰਘਾਂ ਵਿਚ ਵੰਡ ਦੇਂਦੇ ਤੇ ਜੋ ਕੁਝ ਪਾਸ ਹੁੰਦਾ, ਲੋੜਵੰਦਾਂ ਨੂੰ ਦੇ ਕੇ ਖੁਸ਼ ਹੁੰਦੇ।

ਸੰਨ ੧੯੪੩ ਸਰਦੀਆਂ ਦੀ ਗਲ ਹੈ ਕਿ ਕਿਸੇ ਪ੍ਰੇਮੀ ਵਲੋਂ ਲੋਈਆਂ ਤੇ ਚਾਦਰਾਂ ਭੇਜੀਆਂ ਗਈਆਂ, ਬਾਬਾ ਜੀ ਨੇ ਸਾਰੇ ਬਸਤ੍ਰ ਵੰਡ ਦਿਤੇ ਤੇ ਕੇਵਲ ਇਕ ਲੋਈ ਤੇ ਚਾਦਰ ਹੀ ਬਾਬਾ ਜੀ ਪਾਸ ਰਹਿ ਗਈ। ਇਕ ਲੋੜਵੰਦ ਸਿੰਘ ਨੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਬਾਬਾ ਜੀ ਮੇਰੇ ਕੋਲ ਉਪਰ ਓੜਨ ਨੂੰ ਬਸਤਰ ਨਹੀਂ ਹੈ। ਤਾਂ ਬਾਬਾ ਜੀ ਨੇ ਲੋਈ ਤੇ ਚਾਦਰ ਚੁੱਕ ਕੇ ਦੋਵੇਂ ਉਸ ਅਗੇ ਰੱਖ ਦਿਤੇ। ਉਸ ਸਿੰਘ ਨੇ ਲੋਈ ਚੁਕ ਲਈ ਅਤੇ ਚਾਦਰ ਰਹਿਣ ਦਿਤੀ। ਕੁਝ ਦਿਨ ਬੀਤੇ ਕਿ ਇਕ ਹੋਰ ਬਿਹੰਗਮ ਨੇ ਆ ਕੇ ਬਸਤਰ ਦੀ ਮੰਗ ਕੀਤੀ। ਤਾਂ ਬਾਬਾ ਜੀ ਨੇ ਉਹ ਚਾਦਰ ਉਸ ਬੇਹੰਗਮ ਨੂੰ ਦੇ ਦਿਤੀ। ਆਪ ਉਸੇ ਹਜ਼ੂਰੀਏ ਨੂੰ ਓੜ ਕੇ ਆਰਾਮ ਕਰ ਲੈਂਦੇ।

ਆਮ ਤੌਰ ਤੇ ਬਾਬਾ ਜੀ ਘੱਟ ਹੀ ਦਿਨੇ ਜਾਂ ਰਾਤ ਨੂੰ ਸੌਂਦੇ ਵੇਖੇ ਗਏ। ਜਦ ਰਾਤ ਨੂੰ ਸਾਰੇ ਸਿੰਘ ਬਰਤਨਾਂ ਦੀ ਸੇਵਾ ਆਦਿ ਕਰ ਕੇ ਸੌਂ ਜਾਂਦੇ ਤਾਂ ਆਪ ਕਦੀ ਚੌਂਕੜਾ ਮਾਰ ਕੇ ਭਜਨ ਸਿਮਰਨ ਕਰਦੇ ਜਾਂ ਫਿਰ ਬਾਣੀ ਪੜ੍ਹਦੇ ਹੋਏ ਬੈਲਾਂ, ਪਸ਼ੂਆਂ ਅਤੇ ਘੋੜਿਆਂ ਦੀ ਦੇਖ ਭਾਲਦੇ, ਉਹਨਾਂ ਨੂੰ ਚਾਰਾ ਪੱਠਾ ਪਾਉਂਦੇ ਰਹਿੰਦੇ।

ਅਜੇ ਕੁਝ ਦਿਨ ਹੀ ਗੁਜ਼ਰੇ ਸਨ ਕਿ ਅਚਾਨਕ ਇਕ ਬਿਲਟੀ† ਆ ਗਈ, ਜਿਸ ਵਿਚ ੧੦੧ ਕੰਬਲ ਸਨ। ਕੰਬਲ ਆਉਂਦਿਆਂ ਹੀ ਬਾਬਾ ਜੀ ਨੇ ਸਭ ਸਿੰਘਾਂ ਨੂੰ ਇਕ ਇਕ ਕਰ ਕੇ ਵੰਡ ਦਿਤੇ। ਇਸ ਤਰ੍ਹਾਂ ਆਪ ਜੀ ਨੇ ਸਭ ਸਿੰਘਾਂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਅਤੇ ਆਪਣੇ ਲਈ ਕੋਈ ਕੰਬਲ ਨਾ ਰਖਿਆ। ਉਸੇ ਤਰਾਂ ਆਪ ਜੀ ਇਕੋ ਚੋਲੇ ਤੇ ਦੋ ਹਜ਼ੂਰੀਏ ਨਾਲ, ਨਦੀ ਦੇ ਗੀਟਿਆਂ ਤੇ ਸਿਰਹਾਣੇ ਪੱਥਰ ਦੀ ਸਿੱਲ ਬਿਰਾਜ ਜਾਂਦੇ।

---

† ਇਹ ਬਿਲਟੀ ਭਾਈ ਪਾਖਰ ਸਿੰਘ ਜੀ ਨਿਹੰਗ-ਸਿੰਘ ਡੇਰਾ ਬੱਸੀ ਵਾਲੇ ਨੇ ਭੇਜੀ ਸੀ, ਜੋ ਰਾਜਾ ਰਵੀ ਸ਼ੇਰ ਸਿੰਘ ਰਿਆਸਤ ਕਲਸੀਆ (ਛਛਰੌਲੀ) ਤੋਂ ਇਹ ਸੇਵਾ ਲਈ ਸੀ। ਰਾਜਾ ਸਾਹਿਬ ਗੁਰਸਿਖ ਤੇ ਕੀਰਤਨ ਦੇ ਮਾਹਿਰ ਅਤੇ ਰਸੀਏ ਭੀ ਸਨ। ਭਾ: ਪਾਖਰ ਸਿੰਘ ਜੀ ਨਾਲ ਗਿਆਨੀ ਅਮਰ ਸਿੰਘ ਜੀ (ਸ਼ਾਹਬਾਦ ਵਾਲੇ) ਜੋ ਚੰਗੇ ਕੀਰਤਨੀਏ ਸਨ, ਮਹਾਂਪੁਰਸ਼ ਸੰਤ ਬਾਬਾ ਆਤਮਾ ਸਿੰਘ ਜੀ ਨਿਹੰਗ - ਸਿੰਘ (ਸਮਾਲਕਾ ਨਜ਼ਟ ਲਾਡਵਾ)ਦੇ ਸਨ। ਜਦ ਕੀਰਤਨ ਕੀਤਾ ਤੇ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਮਾਤਾ ਜੀ ਦੇ ਅਸਥਾਨ ਤੇ ਬਾਬਾ ਜੀ ਦੀ ਘਾਲ ਕਮਾਈ ਦੀ ਸਿਫਤ ਸੁਣਾਈ ਤਾਂ ਰਾਜਾ ਸਾਹਿਬ ਬਹੁਤ ਪ੍ਰਸੰਨ ਹੋਏ, ਅਤੇ ਉਹਨਾਂ ਨੇ ਆਖਿਆ—ਆਪ ਜੀ ਜੋ ਸੇਵਾ ਆਖੋ, ਓਹੀ ਕਰਾਂਗੇ। ਰਾਜਾ ਸਾਹਿਬ ਨੇ ਦਿਲ ਖੋਹਲ ਕੇ ੧੦੧ ਕੰਬਲ ਤੇ ਹੋਰ ਮਾਇਆ ਦੀ ਭੀ ਸੇਵਾ ਭੇਟਾ ਕੀਤੀ।

ਭਾ: ਪਾਖਰ ਸਿੰਘ ਜੀ ਤੇ ਬਾਬਾ ਜੀ ਦੀ ਅਤੀ ਪ੍ਰਸੰਨਤਾ ਸੀ। ਸਿਰ ਤੇ ਹੱਥ ਧਰ ਫੋਟੋ ਖਿਚਵਾਈ ਤੇ ਕੜਛਾ ਲੋਹ, ਖੁਰਚਨਾ ਦਿਤਾ ਤੇ ਕਿਹਾ ਜਾਓ ਦੇਗ ਲੰਗਰ ਚਲਾਓ।

ਲੋੜਵੰਦ ਨੂੰ ੨੨ ਰੁਪੈ ਦੇਣੇ

ਬਾਬਾ ਜੀ ਦਾ ਹਿਰਦਾ ਕੋਮਲ ਤੇ ਹਰ ਲੋੜਵੰਦ ਲਈ ਦ੍ਰਵ ਜਾਂਦਾ। ਉਹ ਕਦੀ ਭੀ ਕਿਸੇ ਲੋੜਵੰਦ ਨੂੰ ਨਿਰਾਸੇ ਨਹੀਂ ਜਾਣ ਦੇਣਾ ਚਾਹੁੰਦੇ ਸਨ। ਇਸ ਤਰ੍ਹਾਂ ਇਕ ਲੋੜਵੰਦ ਸਿੰਘ ਨੇ ਬਾਬਾ ਜੀ ਤੋਂ ਲੋੜ ਮੁਤਾਬਕ ਮਾਇਆ ਮੰਗੀ। ਉਸ ਵਕਤ ਬਾਬਾ ਜੀ ਕੋਲ ੨੨ ਰੁਪਏ ਹੀ ਸਨ, ਉਹੋ ਹੀ ਰੁਪਏ ਉਹਨਾਂ ਨੇ ਉਸ ਸਿੰਘ ਨੂੰ ਦੇ ਦਿਤੇ।

ਇਧਰ ਡੇਰੇ ਦੇ ਸਿੰਘਾਂ ਨੂੰ ਜਦ ਪਤਾ ਲਗਾ ਕਿ ਬਾਬਾ ਜੀ ਨੇ ਉਸ ਸਿੰਘ ਨੂੰ ੨੨ ਰੁਪਈਏ ਦਿਤੇ ਹਨ, ਪਰ ਇਥੇ ਲੰਗਰ ਦੀਆਂ ਰਸਦਾਂ ਲਈ ਮਾਇਆ ਦੀ ਕਿਤਨੀ ਲੋੜ ਹੈ। (ਮੋਦੀ) ਦੁਕਾਨਦਾਰ ਦਾ ਕਿਤਨਾ ਕਰਜ਼ਾ ਦੇਣਾ ਹੈ, ਇਉਂ ਮਨਘੜਤ ਹੀ ਦਲੀਲਾਂ ਆਪੇ ਹੀ ਕੁਝ ਸਿੰਘਾਂ ਨੇ ਬਾਬਾ ਜੀ ਕੋਲ ਰੋਸ ਜਿਹਾ ਕੀਤਾ। ਪਰ ਬਾਬਾ ਜੀ ਨੂੰ, ਤੇ ਕਹਿ ਨਾ ਸਕੇ। ਪਰ ਬਾਬਾ ਜੀ ਉਹਨਾਂ ਸਿੰਘਾਂ ਦੇ ਭਾਵ ਨੂੰ ਤਾੜ ਸਮਝ ਗਏ ਸਨ।

ਕੁਝ ਦਿਨ ਹੋਏ ਸਨ ਕਿ ਕਿਸੇ ਪ੍ਰੇਮੀ ਸਿੰਘ ਵਲੋਂ ੧੧੦੦) ਰੁਪੈ ਆ ਗਏ। ਬਾਬਾ ਜੀ ਨੇ ਸਭ ਸੇਵਾਦਾਰਾਂ ਨੂੰ ਬੁਲਾ ਲਿਆ ਤੇ ਸਾਰਿਆਂ ਨੂੰ ੨੨-੨੨ ਰੁਪਏ ਹਰ ਇਕ ਸਿੰਘ ਦੇ ਅਗੇ ਰਖ ਕੇ (ਜਦ ਕਿ ਅਸਥਾਨ ਤੇ ਕੁਲ ੫੦ ਸਿੰਘ ਹੀ ਸਨ) ਆਖਿਆ-ਕਿ ਆਪ ਨੇ ਉਸ ਲੋੜਵੰਦ ਸਿੰਘ ਨੂੰ ੨੨ ਰੁਪਈਏ ਦੇਣ ਤੇ ਭਾਰੀ ਰੋਸ ਕੀਤਾ ਸੀ। ਸੋ ਤੁਸੀਂ ਭੀ ਆਪਣੀ ਲੋੜ ਪੂਰੀ ਕਰ ਲਵੋ।

ਸਿੰਘਾਂ ਨੂੰ ਕਦੇ ਕਿਸੇ ਨਾਲ ਈਰਖਾ ਜਾਂ ਦੂਖ ਨਹੀਂ ਕਰਨਾ ਚਾਹੀਦਾ। ਇਹ ਸਿੰਘਾਂ ਦਾ ਧਰਮ ਨਹੀਂ। ਲੋੜਵੰਦ ਦੀ ਲੋੜ ਪੂਰੀ ਕਰਨੀ, ਗੁਰੂ ਆਸ਼ੇ ਦੀ ਪੂਰਤੀ ਕਰਨ ਨਾਲ ਗੁਰੂ ਕੀ ਅਤੇ ਗੁਰੂ ਕੇ ਸਿਖ ਦੀ ਖੁਸ਼ੀ ਪ੍ਰਾਪਤ ਹੁੰਦੀ ਹੈ।

ਇਹਨਾਂ ਬਚਨਾਂ ਨੂੰ ਸੁਣ ਕੇ ਸਾਰੇ ਸਿੰਘ ਬਾਬਾ ਜੀ ਦੇ ਭਾਵ ਨੂੰ ਸਮਝ ਗਏ ਤੇ ਕਿਸੇ ਨੇ ਭੀ ਰੁਪਏ ਨਾ ਲਏ, ਤੇ ਮਾਫੀ ਮੰਗੀ ਕਿ ਅਸੀਂ ਭੁੱਲ ਗਏ ਹਾਂ। ਸਾਡੀ ਭੁਲ ਮਾਫ ਕਰ ਦਿਓ।

ਇਸ ਤਰ੍ਹਾਂ ਸਾਰੇ ਸਿੰਘਾਂ ਦੀ ਐਸੀ ਨਿਸ਼ਾ ਹੋਈ ਕਿ ਫਿਰ ਕਦੀ ਕਿਸੇ ਨੇ ਅਜਿਹੀ ਘ੍ਰਿਣਤਾ ਨਾ ਕੀਤੀ ਅਤੇ ਨਾ ਹੀ ਬਾਬਾ ਜੀ ਤੇ ਕਦੀ ਅਜਿਹਾ ਗਿਲ੍ਹਾ ਕੀਤਾ ਕਿ ਕੌਣ ਕੀ ਲਿਜਾਂਦਾ ਹੈ ਅਤੇ ਕਿਸ ਨੂੰ ਬਾਬਾ ਜੀ ਕੀ ਦੇ ਦੇਂਦੇ ਹਨ।

ਦੁੱਖ ਵਿਚ ਸੁੱਖ ਮਨਾਉਣਾ

ਬਾਬਾ ਜੀ ਸਰੀਰਕ ਤੌਰ ਤੇ ਕਿਸੇ ਭੀ ਦੁਖ ਤੇ ਸੁਖ ਨੂੰ ਇਕ ਸਮਾਨ ਹੀ ਸਮਝਦੇ ਸਨ। ਕਦੀ ਭੀ ਜੇ ਉਹਨਾਂ ਦੇ ਸਰੀਰ ਤੇ ਕਸ਼ਟ ਆ ਜਾਂਦਾ ਤਾਂ ਉਸ ਨੂੰ ਨਾ ਜਤਾਂਦੇ ਨਾ ਹੀ ਇਲਾਜ ਦਾ ਕੋਈ ਯਤਨ ਕਰਦੇ। ਹਮੇਸ਼ਾਂ ਚੜ੍ਹਦੀਆਂ ਕਲਾਂ ਵਿਚ ਰਹਿ ਕੇ ਆਪਣੇ ਆਪ ਨੂੰ ਰੋਗ ਰਹਿਤ ਹੀ ਦਰਸਾਉਂਦੇ। ਜਿਹਾ ਕਿ ਪਿਛੇ ਅੰਕਿਤ ਕੀਤਾ ਹੈ ਕਿ ਆਪ ਨੇ ਕੰਡਾ ਪੈਰ ਵਿਚ ਦੂਸਰ ਲੰਘ ਜਾਣ ਤੇ ਭੀ ਨਾ ਇਸ਼ਨਾਨ ਕਰਨ ਵਿਚ ਅਤੇ ਨਾ ਹੀ ਸੇਵਾ ਵਿਚ ਨਾਗਾ ਪੈਣ ਦਿਤਾ। ਕੰਡਾ ਕਢਾਉਣ ਸਮੇਂ ਭੀ ਨਾ ਕੋਈ ਚੀਸ ਵੱਟੀ ਤੇ

ਕੇਵਲ ਲਾਲ ਮਿਰਚਾਂ ਰਗੜਵਾ ਕੇ ਆਪ ਲਾਉਂਦੇ ਰਹੇ।

੨. ਇਕ ਵਾਰੀ ਆਪ ਦੀਆਂ ਅੱਖਾਂ ਦੁਖਣੇ ਆ ਗਈਆਂ, ਤਾਂ ਲਾਲ ਮਿਰਚਾਂ ਚੰਗੀ ਤਰ੍ਹਾਂ ਬੀ ਮਾਰ ਕੇ ਰਗੜਵਾ ਕੇ ਪਾਉਣ ਨਾਲ ਅੱਖਾਂ ਅਰੋਗ ਹੋ ਗਈਆਂ।

ਬਾਬਾ ਜੀ ਦਵਾਈ ਨਹੀਂ ਖਾਂਦੇ ਸਨ। ਤੇ ਨਾ ਹੀ ਇਲਾਜ ਕਰਾਉਂਦੇ ਸਨ। ('ਬੀਮਾਰ ਹੋਣ ਤੇ' ਉਲੇਖ ਵਿਚ ਪੜ੍ਹਨਾ।)

੩. ਇਕ ਵਾਰੀ ਬਾਬਾ ਜੀ ਦੀ ਲੱਤ ਵਿਚ ਦਰਦ ਹੋਣ ਲਗ ਪਿਆ। ਪ੍ਰੰਤੂ ਆਪ ਦੇ ਚੇਹਰੇ ਤੋਂ ਦਰਦ ਅਨੁਭਵ ਨਹੀਂ ਸੀ ਹੁੰਦਾ। ਨਾ ਹੀ ਇਸ ਬਾਰੇ ਕਿਸੇ ਸਿੰਘ ਨੂੰ ਕਿਹਾ। ਕਿਸੇ ਵੇਲੇ ਲੰਗਾ ਕੇ ਤੁਰਨ ਤੋਂ ਹੀ ਪਤਾ ਲਗਦਾ ਕਿ ਆਪ ਦੀ ਲੱਤ ਵਿਚ ਦਰਦ ਹੈ। ਇਹ ਤਾਂ ਬਾਬਾ ਜੀ ਹੀ ਜਾਣਦੇ ਸਨ ਕਿ ਪੀੜ ਕਿੰਨੀ ਕੁ ਹੈ। ਲੰਗਾ ਕੇ ਤੁਰਨ ਤੋਂ ਜਾਪਦਾ ਕਿ ਬਹੁਤ ਜ਼ੋਰ ਦੀ ਦਰਦ ਹੈ।

ਬਾਬਾ ਜੀ ਦਾ ਲੰਗ ਮਾਰਨਾ ਵੇਖ ਕੇ ਇਕ ਸਿੰਘ ਨੇ ਕਿਹਾ ਕਿ ਗਰਮ ਘਿਓ ਦੀ ਮਾਲਸ਼ ਕਰਨ ਨਾਲ ਦਰਦ ਹੱਟ ਜਾਂਦਾ ਹੈ। ਆਗਿਆ ਦਿਓ ਤਾਂ ਮੈਂ ਆਪ ਜੀ ਦੀ ਲੱਤ ਦੀ ਮਾਲਸ਼ ਕਰ ਦਿਆਂ। ਕਿਉਂਕਿ ਮੇਰਾ ਮਨ ਆਪ ਜੀ ਦੀ ਇਹ ਦਰਦ ਵੇਖ ਕੇ ਬਰਦਾਸ਼ਤ (ਸਹਿਣ) ਨਹੀਂ ਕਰ ਰਿਹਾ ਤੇ ਜੀਅ ਕਰਦਾ ਏ, ਸੇਵਾ ਕਰਾਂ।

ਬਾਬਾ ਜੀ ਨੇ ਉਸ ਸਿੰਘ ਦੇ ਮਨ ਦੀ ਭਾਵਨਾ ਨੂੰ ਨਾ ਰੋਕਦਿਆਂ ਉਸ ਸਿੰਘ ਨੂੰ ਕਿਹਾ-ਜਿਵੇਂ ਤੁਸਾਂ ਦਾ ਚਿੱਤ ਕਰਦਾ ਏ ਕਰੋ।

ਉਸ ਸਿੰਘ ਨੇ ਘਿਓ ਗਰਮ ਕਰ ਕੇ ਆਪਣੇ ਪੂਰੇ ਤਾਣ ਨਾਲ ਲੱਤ ਦੀ ਮਾਲਸ਼ ਕੀਤੀ। ਪਰ ਪੀੜ ਸਗੋਂ ਅਗੇ ਨਾਲੋਂ ਹੋਰ ਵੀ ਵਧੇਰੇ ਹੋ ਗਈ। ਪਰ ਬਾਬਾ ਜੀ ਚੁੱਪ ਰਹੇ। ਕੋਈ ਹਾਏ ਜਾਂ ਚੀਸ ਨਹੀਂ ਵੱਟੀ। ਉਸੇ ਤਰ੍ਹਾਂ ਹਸੂੰ ਹਸੂੰ ਚਿਹਰੇ ਨਾਲ ਪੀੜ ਸਹਿਣ ਕਰਦੇ ਗਏ।

ਇਸ ਤਰਾਂ ਕਿਸੇ ਨੇ ਵੱਟੇ ਰੇਤ ਦਾ ਸੇਕ ਕੀਤਾ, ਅਤੇ ਕਿਸੇ ਨੇ ਕੋਈ ਇਲਾਜ, ਜੋ ਉਸ ਨੂੰ ਭਾਉਂਦਾ, ਪਰ ਦਰਦ ਕਿਸੇ ਤਰਾਂ ਭੀ ਘੱਟ ਨਾ ਹੋਈ।

ਆਪ ਦੀ ਲੱਤ ਦਾ ਦਰਦ (ਕਸ਼ਟ) ਵੇਖ ਕੇ ਸਾਰੇ ਸਿੰਘ ਚਿੰਤਾਤੁਰ ਸਨ। ਸਿੰਘਾਂ ਨੇ ਬੇਨਤੀ ਕੀਤੀ ਕਿ ਆਪ ਹੁਕਮ ਕਰੋ ਤਾਂ ਕਿਸੇ ਯੋਗ ਡਾਕਟਰ ਨੂੰ ਲੈ ਆਵੀਏ। ਆਪ ਜੀ ਨੂੰ ਕ੍ਰਿਆ ਸੋਧਣ ਵਿਚ (ਨਦੀ ਹੇਠਾਂ ਉਤਰ ਕੇ ਜਾਣਾ ਤੇ ਫਿਰ ਉਪਰ ਚੜ੍ਹਨਾ) ਕਾਫੀ ਤਕਲੀਫ ਹੋ ਰਹੀ ਹੈ।

ਸਿੰਘਾਂ ਦੀ ਇਹ ਬੇਨਤੀ ਸੁਣਕੇ ਬਾਬਾ ਜੀ ਨੇ ਮੁਸਕਰਾ ਕੇ ਕਿਹਾ-ਆਪ ਸਭ ਇੰਨੇ ਚਿੰਤਾਤੁਰ ਕਿਉਂ ਹੋ ਰਹੇ ਹੋ। ਜਿਸ ਨੇ ਰੋਗ ਲਾਇਆ ਹੈ, ਉਹ ਆਪੇ ਹੀ ਹਟਾ ਲਵੇਗਾ। ਨਾਲੇ ਸਾਧਾਂ, ਫਕੀਰਾਂ ਪਾਸ ਤਾਂ ਅਜਿਹੀਆਂ ਹੀ ਚੀਜ਼ਾਂ (ਲੋਕਾਂ ਦੇ ਦੁੱਖ ਹੀ) ਹੁੰਦੀਆਂ ਹਨ। ਹੋਰ ਸਾਧੂਆਂ ਨੇ ਕਿਹੜਾ ਪਾਪ ਕੀਤਾ ਹੁੰਦਾ ਏ। ਇਹ ਤਾਂ ਲੋਕਾਂ ਦੀ ਪੀੜਾ ਆਪਣੇ ਤੇ ਲੈ ਕੇ ਦੂਜੇ ਦਾ ਹੀ ਕਸ਼ਟ ਨਿਵਾਰਨ ਲਈ ਪ੍ਰਭੂ ਨੇ ਭੇਜੇ ਹੁੰਦੇ ਹਨ, ਨਹੀਂ ਤਾਂ ਸੰਸਾਰ ਦਾ ਭਾਰ ਕੌਣ ਚੁਕੇ।

ਹਾਂ, ਪਰ ਸਾਨੂੰ ਇਸ ਪੀੜਾ ਦਾ ਕੋਈ ਦੁਖ ਨਹੀਂ। ਬਾਬਾ ਸ੍ਰੀ ਚੰਦ ਜੀ ਨੇ ਕੰਬਲ ਵਿਚ ਤਾਪ

ਰੱਖ ਛੱਡਿਆ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਬਾ ਬਿਧੀ ਚੰਦ ਜੀ ਦੀ ਪੀੜ (ਭੱਠ ਵਿਚ ਬੈਠਣ ਤੇ) ਹਰਨ ਕਰਨ ਲਈ ਆਪਣੇ ਸਰੀਰ ਤੇ ਜਲ ਦੇ ਘੜੇ ਪਵਾਉਣ ਲੱਗ ਪਏ ਸਨ। ਪਰ ਸਿਖ ਨੂੰ ਤੱਤੀ ਵਾ ਨਹੀਂ ਸੀ ਲੱਗਣ ਦਿਤੀ ਅਤੇ ਕਾਬਲ ਦੇ ਵਿਚ ਰਹਿੰਦੇ ਧਰਮੀ ਸਿੱਖ, ਜੋ ਲੋਕਾਂ ਦੀਆਂ ਅਮਾਨਤਾਂ ਰੱਖਦਾ ਸੀ, ਇਕ ਪਠਾਣ ਨਾਲ ਤੇਲ ਦੇ ਤੱਪਦੇ ਕੜਾਹੇ ਵਿਚ ਬਾਂਹ ਪਾ ਕੇ ਸੱਚ-ਝੂਠ ਦੇ ਨਿਤਾਰੇ ਕਾਰਨ ਸਿੱਖ ਦੀ ਲਾਜ ਰੱਖਣ ਲਈ ਆਪਣੀ ਬਾਂਹ ਤੇ ਛਾਲੇ ਪਵਾ ਲਏ ਸਨ ਅਤੇ ਬਾਂਹ ਉਪਰ ਪੱਟੀ ਬੰਨ੍ਹਵਾ ਲਈ ਸੀ।

ਇਹ ਉਸ ਦੇ ਚੋਜ ਤੇ ਖੇਡਾਂ ਹਨ, ਉਹ ਜਾਣੇ। ਤੁਸੀਂ ਚਿੰਤਾ ਨਾ ਕਰੋ। ਆਪਣੇ ਆਪ ਹੀ ਆਰਾਮ ਆ ਜਾਵੇਗਾ।

ਜਿਵੇਂ ਪਿਛੇ ਵਰਨਣ ਕੀਤਾ ਜਾ ਚੁਕਾ ਹੈ ਕਿ ਸਾਧੂ ਜਨ ਤਾਂ ਦੂਜਿਆਂ ਦੀਆਂ ਪੀੜਾਂ ਨੂੰ ਆਪਣੇ ਸਿਰ ਤੇ ਲੈ ਕੇ ਦੁਖੀਏ ਦਾ ਦੁੱਖ ਨਵਿਰਤ ਕਰ ਕੇ, ਪਰਉਪਰਕਾਰ ਕਰਿਆ ਹੀ ਕਰਦੇ ਹਨ, ਨਾ ਜਤਾਂਦੇ ਹਨ ਤੇ ਨਾ ਹੀ ਉਸ ਦੀ ਕੋਈ ਭੇਟਾ ਹੀ ਲੈਂਦੇ ਹਨ।

ਅਕਸਰ ਜੀਵ ਨਾਲ ਦੁੱਖ ਸੁੱਖ ਜੋ ਕਿ ਸਰੀਰ ਦੇ ਕਪੜੇ ਹਨ–

ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥ [ਮ: ੧–੧੪੯

ਸਰੀਰ ਨਾਲ ਹੰਢਾਉਣੇ ਹੀ ਪੈਂਦੇ ਹਨ। ਜਿਵੇਂ ਚੰਗੇ ਨਵੇਂ ਨਕੋਰ ਕਪੜੇ ਪਹਿਰਦੇ ਹਾਂ ਅਤੇ ਕਿਸੇ ਵੇਲੇ ਪੁਰਾਣੇ, ਪਾਟੇ ਤੇ ਗੰਢ ਤੁਪ ਵਾਲੇ ਕਪੜੇ ਭੀ ਪਾ ਲਈਦੇ ਹਨ। ਅਜਿਹੀ ਦਸ਼ਾ ਵਿਚ ਹਾਣ ਲਾਭ ਨਹੀਂ ਵਿਚਾਰਦੇ। ਤਿਵੇਂ ਭਗਤ ਜਨ ਸਰੀਰ ਦਾ ਭੋਗ–

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ॥ [ਮ: ੯–੨੧੯

ਦੁੱਖ ਸੁੱਖ ਨੂੰ ਇਕ ਸਮਾਨ ਜਾਣ ਕੇ ਭੋਗ ਲੈਂਦੇ ਹਨ। ਪਰ ਕਈ ਵਾਰੀ ਇਸ ਤਰਾਂ ਅਜਿਹੇ ਕਸ਼ਟ ਭੀ ਆ ਜਾਂਦੇ ਹਨ ਜੋ ਸਰੀਰਕ ਬਲ ਤੋਂ ਪ੍ਰਬਲ ਹੁੰਦੇ ਹਨ। ਅੰਦਰ ਸਹਾਰਨ ਸ਼ਕਤੀ ਸਰੀਰਕ ਨਿਰਬਲਤਾ ਕਾਰਨ ਕਠਨ ਹੋ ਜਾਂਦੀ ਹੈ।

ਇਸੇ ਅਸਹਿ ਕਸ਼ਟਾਵਲੀ ਕਾਰਨ ਇਸ ਵਾਰੀ ਬਾਬਾ ਧਰਮ ਸਿੰਘ ਜੀ ਸ਼ਿਕਾਰ ਹੋ ਗਏ, ਭਾਵ ਕਿ ਬਾਬਾ ਧਰਮ ਸਿੰਘ ਜੀ ਕਾਫੀ ਬੀਮਾਰ ਹੋ ਗਏ। ਥੋੜੀ ਥੋੜੀ ਦੇਰ ਬਾਅਦ ਪੇਟ ਵਿਚ ਅਜਿਹੀ ਦਰਦ (ਕਰੀਲਾ) ਉਠਦਾ, ਜੋ ਸਹਾਰਿਆ ਨਹੀਂ ਸੀ ਜਾ ਰਿਹਾ ਤੇ ਸਰੀਰ ਦੂਹਰਾ ਕਰੀ ਜਾਂਦਾ ਸੀ। ਭਾਈ ਨੱਥਾ ਸਿੰਘ ਜੀ ਕਾਰਬਾਰੀ, ਜੋ ਬਾਬਾ ਧਰਮ ਸਿੰਘ ਜੀ ਦੀ ਸੇਵਾ ਸੰਭਾਲ ਅਕਸਰ ਕਰਦੇ ਹੁੰਦੇ ਸਨ, ਆਪ ਦੀ ਅਜਿਹੀ ਦੁਖਦਾਈ ਸਥਿਤੀ ਵੇਖ ਕੇ ਬਾਬਾ ਮਿੱਤ ਸਿੰਘ ਜੀ ਪਾਸ ਭਾਈ ਨੱਥਾ ਸਿੰਘ ਜੀ ਦੌੜ ਕੇ ਗਿਆ। ਉਸ ਵਕਤ ਬਾਬਾ ਮਿੱਤ ਸਿੰਘ ਜੀ ਗੁਰਬਾਣੀ ਦੀ ਸੰਥਾ ਜਗਤ-ਮਾਤਾ–ਮਾਤਾ ਸਾਹਿਬ ਕੌਰਾਂ ਜੀ ਦੇ ਅਸਥਾਨ ਉਪਰ ਬੈਠੇ ਕਰਵਾ ਰਹੇ ਸਨ।

ਭਾਈ ਨੱਥਾ ਸਿੰਘ ਜੀ ਕਾਰਬਾਰੀ–ਬਾਬਾ ਜੀ! ਬਾਬਾ ਧਰਮ ਸਿੰਘ ਜੀ ਤਾਂ ਢਿੱਡ ਪੀੜ ਨਾਲ

ਬਹੁਤ ਵਿਆਕੁਲ ਹੋ ਰਹੇ ਹਨ ਅਤੇ ਬਹੁਤ ਪੁੱਠੇ ਸਿੱਧੇ ਹੋ ਰਹੇ ਹਨ। ਉਹ ਬਹੁਤ ਤੰਗ ਹਨ। ਸੋ ਆਪ ਜੀ ਕੋਈ ਉਪਾਏ ਕਰੋ।

ਬਾਬਾ ਜੀ– ਹੱਛਾ, ਜਾਓ! ਉਹਨਾਂ ਨੂੰ ਆਖੋ ਕਿ ਹੁਣ ਕੇਵਲ ਕੰਡੇ ਦੀ ਪੀੜ ਹੈ। ਜੇਰਾ ਕਰ ਕੇ ਇਸ ਪੀੜ ਨੂੰ ਸਹਿ। ਹੁਣ ਸਹਿ ਜਾਵੋਗੇ ਤਾਂ ਭਲਾ ਹੋਵੇਗਾ। ਕਿਉਂਕਿ ਭਾਰੀ ਕਸ਼ਟ ਟਲ ਗਿਆ ਹੈ। ਉਨ੍ਹਾਂ ਨੂੰ ਆਖੋ, ਵਾਹਿਗੁਰੂ ਵਾਹਿਗੁਰੂ ਜਪਣ, ਸਤਿਗੁਰੂ ਜੀ ਮਿਹਰ ਕਰਨਗੇ।

ਇਹ ਬਚਨ ਸੁਣ ਕੇ ਭਾਈ ਨੱਥਾ ਸਿੰਘ ਜੀ ਬਾਬਾ ਧਰਮ ਸਿੰਘ ਜੀ ਪਾਸ ਆ ਕੇ, ਬਾਬਾ ਜੀ ਦੇ ਕਹੇ ਬਚਨ ਤਾਂ ਉਹਨਾਂ ਨੂੰ ਆਖੇ, ਪਰ ਇਹ ਕਿਹਾ ਕਿ ਡਾਕਟਰ ਪਾਸੋਂ ਆਪ ਨੂੰ ਦਵਾਈ ਮੰਗਵਾ ਦੇਂਦੇ ਹਾਂ, ਤਾਂ ਜੋ ਆਪ ਇਸ ਪੀੜਾ ਤੋਂ ਨਜਾਤ ਪਾ ਸਕੋ।

ਬਾਬਾ ਧਰਮ ਸਿੰਘ ਜੀ– ਤੁਸੀਂ ਜਾ ਕੇ ਬਾਬਾ ਜੀ ਨੂੰ ਆਖੋ ਕਿ ਉਹ ਸਾਨੂੰ ਇਕ ਵਾਰੀ ਦਰਸ਼ਨ ਤਾਂ ਦੇ ਜਾਣ। ਸਾਡੀ ਦਵਾਈ ਉਹਨਾਂ ਪਾਸ ਹੈ, ਉਹ ਆਪੇ ਕਰ ਲੈਣਗੇ। ਮੈਥੋਂ ਕੇਹੜਾ ਗੁਨਾਹ ਹੋ ਗਿਆ ਹੈ, ਜਿਸ ਕਰ ਕੇ ਮੈਨੂੰ ਇਤਨੀ ਸਖਤ ਤਕਲੀਫ ਹੋ ਰਹੀ ਹੈ ਤੇ ਤੁਸੀਂ ਆ ਕੇ ਪਤਾ ਭੀ ਨਹੀਂ ਕਰ ਸਕਦੇ? ਜੇ ਅਸੀਂ ਚਲਾਣਾ ਕਰ ਗਏ ਤਾਂ ਆਵੋਗੇ।

ਬਾਬਾ ਜੀ ਦੇ ਅਗੰਮੀ ਵਚਨ– ਨਹੀਂ, ਅਜੇ ਉਹਨਾਂ ਦੇ ਅਕਾਲ ਚਲਾਣੇ ਦਾ ਸਮਾਂ ਨਹੀਂ। ਅਜੇ ਉਹਨਾਂ ਤਾਂ ਸਾਡੇ ਪਿਛੋਂ ਭੀ ਸੇਵਾ ਕਰਨੀ ਹੈ। ਕਿਉਂ ਘਬਰਾ ਗਏ ਹਨ। ਸੂਰਮੇ ਹੀ ਤਾਂ ਸਤਿਗੁਰੂ ਜੀ ਦੇ ਬਾਣ ਨੂੰ ਸਹਿਣ ਕਰਨ ਦੀ ਸ਼ਕਤੀ ਰਖਦੇ ਹਨ। ਕੁਛ ਨਹੀਂ ਹੁੰਦਾ। ਇਹ ਦੁਖ ਕਸਵੱਟੀ ਹੈ, ਖਿੜੇ ਮੱਥੇ ਸਹਾਰ ਲੈਣ। ਸੇਵਾ ਕਰੋ, ਸਮਾਂ ਹੈ, ਸੇਵਾ ਕਰਨ ਦਾ ਮੌਕਾ ਹੈ। ਮਹਾਂਪੁਰਸ਼ਾਂ ਦੀ ਸੇਵਾ ਕਰਨਾ ਵਡਾ ਪੁੰਨ ਹੈ। ਜਾਓ, ਉਹ ਠੀਕ ਹਨ। ਉਹਨਾਂ ਨੂੰ ਆਖੋ ਵਾਹਿਗੁਰੂ ਵਾਹਿਗੁਰੂ ਜਪਣ।

ਸਰਬ ਰੋਗ ਕਾ ਅਉਖਦੁ ਨਾਮੁ ॥ [ਸੁਖਮਨੀ ਸਾਹਿਬ–੨੭੪

ਅਤੇ ਪਵਿਤਰ ਗੁਰਬਾਣੀ ਪੜ੍ਹਨ।

ਭਾਈ ਨਥਾ ਸਿੰਘ ਜੀ– (ਬਾਬਾ ਧਰਮ ਸਿੰਘ ਜੀ ਪਾਸ ਫਿਰ ਗਏ ਤੇ ਕਿਹਾ) ਬਾਬਾ ਜੀ ਸੰਥਾ ਕਰਾ ਕੇ ਆਉਂਦੇ ਹਨ। ਉਹ ਆਖਦੇ ਹਨ ਕਿ ਬਸ ਕੰਡੇ ਦੀ ਪੀੜ ਹੈ। ਇਸ ਨੂੰ ਸਹਾਰ ਲਵੋ। ਹੁਣ ਆਈ ਬਲਾ ਟਲ ਗਈ ਹੈ।

ਬਾਬਾ ਧਰਮ ਸਿੰਘ ਜੀ– (ਕਾਹਲੀ ਨਾਲ ਬੁੰਗੇ ਤੋਂ ਬਾਹਰ ਢਿੱਡ ਘੁੱਟੀ, ਟੇਡੇ ਹੋਏ ਨਿਕਲ ਆਏ ਅਤੇ ਆਖਿਆ–ਜਾਓ ਅਤੇ ਬਾਬਾ ਜੀ ਨੂੰ ਆਖੋ ਕਿ ਸਾਡੇ ਪਰਾਣ ਹੁਣ ਅਸਤ ਹੋਣ ਲਗੇ ਹਨ ਆ ਕੇ ਆਖਰੀ ਦਰਸ਼ਨ ਕਰ ਲਵੋ।

ਭਾਈ ਨੱਥਾ ਸਿੰਘ ਜੀ– (ਦੌੜਦੇ ਗਏ) ਬਾਬਾ ਜੀ, ਜਲਦੀ ਕਰੋ। ਬਾਬਾ ਧਰਮ ਸਿੰਘ ਜੀ ਤਾਂ ਬਹੁਤ ਤੰਗ ਹਨ। ਸਾਨੂੰ ਸੇਵਾ ਭੀ ਨਹੀਂ ਕਰਨ ਦੇਂਦੇ ਤੇ ਨਾ ਹੀ ਕੋਈ ਗੱਲ ਸੁਣਦੇ ਹਨ ਪਾਸ ਭੀ ਖਲੋਣ ਨਹੀਂ ਦੇਂਦੇ। ਕਹਿੰਦੇ ਹਨ ਬਾਬਾ ਜੀ ਨੂੰ ਲਿਆਓ।

ਬਾਬਾ ਮਿੱਤ ਸਿੰਘ ਜੀ– ਹੱਛਾ! ਇਤਨੇ ਉਦਾਸ ਹੋ ਗਏ ਹਨ। ਜੇ ਜ਼ਰਾ ਕੁ ਜੇਰਾ ਕਰ ਲੈਂਦੇ

ਕਾਲ ਟੱਲ ਗਿਆ ਸੀ, ਸਬਰ, ਸ਼ੁਕਰ ਦੀ ਲੋੜ ਸੀ। (ਆਪ ਨੇ ਪੋਥੀ ਤੇ ਰੁਮਾਲਾ ਪੁਆ ਦਿਤਾ ਤੇ ਬਾਬਾ ਧਰਮ ਸਿੰਘ ਜੀ ਦੇ ਬੂੰਗੇ ਨੂੰ ਤੁਰ ਪਏ) ਬਾਬਾ ਧਰਮ ਸਿੰਘ ਜੀ ਭੀ ਬੂੰਗੇ ਤੋਂ ਤੁਰਦੇ (ਜਵਾਰੀ ਤੇ ਦਾਲਾਂ) ਦੇ ਕੁਠਾਰਾਂ* (ਹੰਬਾਰੀਆਂ) ਕੋਲ ਆ ਕੇ ਢਿੱਡ ਨੂੰ ਘੁੱਟ ਕੇ ਬੈਠ ਗਏ। ਇਤਨੇ ਨੂੰ ਬਾਬਾ ਮਿੱਤ ਸਿੰਘ ਜੀ ਭੀ ਉਥੇ ਪਹੁੰਚ ਗਏ।

ਬਾਬਾ ਮਿੱਤ ਸਿੰਘ ਜੀ– ਸਿੰਘ ਜੀ ! ਵਾਹਿਗੁਰੂ ਤੇ ਭਰੋਸਾ ਕਰੋ, ਬਾਣੀ ਪੜ੍ਹੋ, ਅਸੀਂ ਭੀ ਬਾਣੀ ਦਾ ਪਾਠ ਸੁਣ ਰਹੇ ਸਾਂ, ਤੁਹਾਡੇ ਭਲੇ ਲਈ ਹੀ ਸੀ। ਇਹ ਬਾਣੀ ਹੀ ਤਾਂ ਅਜਿਹੇ ਦੁਖਾਂ ਕਲੇਸ਼ਾਂ ਤੇ ਅੰਤ ਸਮੇਂ ਜੀਵ ਦੀ ਸਹਾਇਤਾ ਕਰਦੀ ਹੈ !

ਬਾਬਾ ਧਰਮ ਸਿੰਘ ਜੀ– ਬੜੀ ਬਾਣੀ ਪੜ੍ਹੀ ਏ, ਪਰ ਅਜ ਤਾਂ ਨਾ ਤੁਸੀਂ ਬਹੁੜੇ ਹੋ ਅਤੇ ਨਾ ਬਾਣੀ ਦਾ ਹੀ ਜਾਦੂ ਅਸਰ ਹੋਇਆ ਹੈ। [ਜਦ ਜੀਵ ਅਤਿ ਦੁਖੀ ਹੋਵੇ ਤਾਂ ਰਬ ਭੀ ਵੈਰੀ ਜਾਪਦਾ ਏ ਤੇ ਉਸ ਦੀ ਦਿਆਲਤਾ ਦੇ ਸਾਰੇ ਗੁਣ, ਉਪਕਾਰ, ਜੀਵ ਭੁਲ ਕੇ ਕਈ ਬਚਨ, ਕੁਬਚਨ ਭੀ ਬੋਲ ਜਾਂਦਾ ਹੈ। ਪਰੰਤੂ ਦੁਖ ਹੀ ਇਕ ਪਰਖ ਹੈ। ਇਸ ਨੂੰ ਜੋ ਸਹਿ ਜਾਵੇ, ਉਹ ਪਾਸ ਹੋ ਜਾਂਦਾ ਹੈ, ਨਹੀਂ ਤਾਂ ਉਹ ਫੇਲ ਹੀ ਹੈ।] ਇਤਨਾ ਦੁਖ ਮੈਥੋਂ ਨਹੀਂ ਝੱਲਿਆ ਜਾਂਦਾ। ਕਿਰਪਾ ਕਰ ਕੇ ਜਾਂ ਤਾਂ ਰਾਜ਼ੀ ਕਰੋ ਜਾਂ ਪਰਲੋਕ ਨੂੰ ਚਾਲੇ ਪੁਵਾ ਦੇਵੋ। ਸਰੀਰ ਇਤਨਾ ਕਸ਼ਟ ਨਹੀਂ ਝਲ ਸਕਦਾ। ਇਹ ਚੋਲਾ ਹੁਣ ਪੁਰਾਣਾ ਹੋ ਗਿਆ ਹੈ। ਪੁਰਾਣਾ ਠੀਕਰਾ [ਬਿਰਧ ਸਰੀਰ] ਕਿਸ ਕੰਮ ? ਭੱਜਣ ਦਿਓ ਇਸ ਨੂੰ। ਬਹੁਤ ਸੰਕਟ ਪਾ ਲਿਆ ਹੈ।

ਬਾਬਾ ਮਿੱਤ ਸਿੰਘ ਜੀ– ਸਿੰਘ ਜੀ ! ਤੁਸੀਂ ਤਾਂ ਐਵੇਂ ਘਬਰਾ ਗਏ ਹੋ। ਪਲ ਭਰ ਦੀ ਖੇਡ ਸੀ, ਨਾਲੇ ਸਰੀਰ (ਭਾਂਡਾ) ਤਾਂ ਸਤਿਗੁਰਾਂ ਦਾ ਸੀ, ਜੇ ਕਸ਼ਟ ਦਿਤਾ ਨੇ, ਤਾਂ ਰਾਜ਼ੀ ਭੀ ਆਪੇ ਕਰ ਲੈਂਦੇ। ਨਾਲੇ ਪਤਾ ਲਈ, ਕਿਸ ਦਾ ਕਸ਼ਟ ਤੁਸੀਂ ਸਹਾਰ ਕੇ ਕਿਸ ਦਾ ਭਲਾ ਹੀ ਕਰ ਰਹੇ ਹੋਵੋ ? ਸਿਮਰਨ ਭਗਤੀ ਹੀ ਇਸ ਸਮੇਂ ਦੀ ਸਹਾਇਕ ਹੁੰਦੀ ਹੈ। ਹੁਣ ਤੁਸੀਂ ਦਸੋ ਕਿ ਕੀ ਚਾਹੁੰਦੇ ਹੋ ? ਜੀਉ ਕੇ ਸੰਗਤ ਤੇ ਮਾਤਾ ਜੀ ਦੀ ਸੇਵਾ ਕਰਨੀ ਜਾਂ ਫਿਰ ... ...

ਬਾ: ਧਰਮ ਸਿੰਘ ਜੀ– ਕਿਰਪਾ ਕਰੋ ਤੇ ਸਾਨੂੰ ਇਸ ਮਹਾਂ ਕਸ਼ਟ ਤੋਂ ਬਚਾ ਲਓ। ਮੇਰੀ ਜਾਨ ਜਾ ਰਹੀ ਹੈ, ਤੁਸਾਂ ਨੂੰ ਹਾਸੀ ਸੁਝ ਰਹੀ ਏ।

(ਬਾਬਾ ਧਰਮ ਸਿੰਘ ਜੀ ਬਾਬਾ ਮਿੱਤ ਸਿੰਘ ਜੀ ਦੇ ਜੀਵਨ - ਸਾਥੀ ਹੋਣ ਕਰ ਕੇ ਕਈ ਵਾਰੀ ਆਪੋ ਵਿਚ ਕਹਿ ਸੁਣ ਲੈਂਦੇ ਸਨ।)

---

* ਕੁਠਾਰੀਆਂ–ਸਟੋਰ, ਜੋ ਇੱਟਾਂ ਦੇ ਬਣਾਏ ਹੋਏ ਸਨ, ਉਪਰ ਚਾਦਰਾਂ ਟੀਨ ਦੀਆਂ ਸਨ। ਉਨ੍ਹਾਂ 'ਚ ਜਵਾਰੀ ਤੇ ਦਾਲਾਂ ਧੋ ਸੁਕਾ ਕੇ ਰੱਖੀਆਂ ਜਾਂਦੀਆਂ ਸਨ ਤੇ ਲੰਗਰ ਦੀ ਵਰਤੋਂ ਲਈ ਵਰਤਦੇ ਸਨ।

ਸਿਖੀ ਬੋਲੇ ਵਿਚ ਸਟੋਰ [ਵਸਤੂਆਂ ਜਮਾਂ ਰੱਖਣ ਵਾਲਾ] ਨੂੰ ਕੁਠਾਰ ਬੋਲਦੇ ਹਨ।

ਕੁਠਾਰ ਦੇ ਅਰਥ ਹਨ–ਕੋਠਾ, (ਭੰਡਾਰ, ਦਾਣੇ ਰੱਖਣ ਵਾਲਾ) ਮੋਦੀ - ਖਾਨਾ।

[ਮਹਾਨ ਕੋਸ਼, ਪੰਨਾ ੩੩੭

ਬਾਬਾ ਮਿੱਤ ਸਿੰਘ ਜੀ– ਕਿਰਪਾ ਤਾਂ ਮੇਰੇ ਸਤਿਗੁਰੂ ਜੀ ਨੇ ਹੀ ਕਰਨੀ ਹੈ। ਟੇਕੋ ਮੱਥਾ ਸਤਿਗੁਰੂ ਜੀ ਨੂੰ ! ਤੇ ਚਲੋ ਆਸਣ ਤੇ ਚੱਲ ਕੇ ਖਿਰਾਜ ਜਾਵੋ। ਤੁਸੀ ਹੁਣ ਬਿਲਕੁਲ ਠੀਕ ਹੋ, ਰਾਜ਼ੀ ਹੋ। ਤੁਹਾਨੂੰ ਹੁਣ ਤੇ ਪੀੜ ਨਹੀਂ ਹੁੰਦੀ।

ਬਾਬਾ ਧਰਮ ਸਿੰਘ ਜੀ– ਬਾਬਾ ਜੀਓ ! ਆਪ ਨੇ ਬੜੀ ਕਿਰਪਾ ਕੀਤੀ ਹੈ। ਇਸੇ ਕਰ ਕੇ ਮੈਂ ਆਪ ਜੀ ਨੂੰ ਬਾਰ ਬਾਰ ਬੁਲਾ ਰਿਹਾ ਸਾਂ, ਕਿਉਂਕਿ ਦਾਰੂ ਤਾਂ ਤੁਹਾਡੇ ਹੱਥ ਸੀ। ਤੁਹਾਡੇ ਆਉਣ ਨਾਲ ਹੀ ਮੇਰੀ ਪੀੜਾ ਦੂਰ ਹੋ ਗਈ ਏ। ਇਹ ਕੀ ਚੋਜ ਕਰਦੇ ਹੋ ? ਜੇਕਰ ਆਪ ਜੀ ਓਦੋਂ ਹੀ ਪਹਿਲੀ ਵਾਰ ਇਸ ਪੀੜਾ ਤੋਂ ਬਚਾ ਲੈਂਦੇ ਤਾਂ ਕੀ ਸੀ ? ਹੁਣ ਭੀ ਤਾਂ ਬਚਾਇਆ ਜੇ ਨਾ ! ਇਹ ਕੀ ਭਾਣਾ ਸੀ, ਦਸੋ ਤਾਂ ਸਹੀ, ਇਹ ਕੀ ਖੇਡ ਵਰਤੀ ਹੈ ?

ਬਾਬਾ ਮਿੱਤ ਸਿੰਘ– ਮੇਰੇ ਸਾਥੀ ਸੱਜਣਾ ! ਇਹ ਖੇਡ ਤਾਂ ਅਕਾਲ ਪੁਰਖ ਦੀ ਹੈ। ਇਸ ਵਿਚ ਅਸੀਂ ਕੀ ਕਰ ਸਕਦੇ ਸਾਂ, ਨਾ ਹੀ ਸਾਡੇ ਵੱਸ ਹੈ। ਕੇਵਲ ਅਰਦਾਸ (ਪ੍ਰਾਰਥਨਾ) ਹੀ ਹੈ, ਜੇ ਉਹ ਕਬੂਲ ਕਰੇ ? ਪਰ ਵਾਹਿਗੁਰੂ ਆਪਣਿਆਂ ਸੇਵਕਾਂ ਦੀ ਪੀੜਾ ਆਪ ਹੀ ਹਰਨ ਕਰਦੇ ਹਨ। ਇਹ ਸਭ ਖੇਲ ਵਾਹਿਗੁਰੂ ਜੀ ਦਾ ਸੀ। ਇਸ ਕਰ ਕੇ ਉਸ ਦੀ ਯਾਦ ਬਾਣੀ ਦੁਆਰਾ, ਸਿਮਰਨ ਭਗਤੀ ਸੇਵਾ ਦੁਆਰਾ ਕਰੀਦੀ ਹੈ। ਇਉਂ ਗੁਰਮਤਿ ਅਧਾਰਤ ਬਚਨ ਬਿਲਾਸ ਕਰਦੇ ਬਾਬਾ ਧਰਮ ਸਿੰਘ ਜੀ ਨੂੰ ਉਹਨਾਂ ਦੇ ਬੂੰਗੇ ਵਿਚ ਆਸਣ ਤੇ ਆਰਾਮ ਕਰਨ ਲਈ ਛੱਡ ਆਏ ਅਤੇ ਭਾਈ ਨੱਥਾ ਸਿੰਘ ਜੀ ਨੂੰ ਕਿਹਾ ਕਿ ਆਪ ਇਹਨਾਂ ਦੀ ਸੇਵਾ ਵਿਚ ਤੱਤਪਰ ਰਹੋ।। ਹੁਣ ਇਹ ਠੀਕ ਹੋ ਗਏ ਹਨ, ਭਰਮ ਕਰਨ ਦੀ ਲੋੜ ਨਹੀਂ। ਸਭ ਸਿੰਘ ਵੀ ਆਪੋ ਆਪਣੇ ਆਸਨਾਂ ਤੇ ਚਲੇ ਗਏ। ਕਿਉਂਕਿ ਬਾਬਾ ਧਰਮ ਸਿੰਘ ਜੀ ਦੀ ਪੀੜਾ ਦੀ ਹਾਲ-ਪੁਕਾਰ ਸੁਣ ਕੇ ਸਭ ਸਿੰਘ ਇਕੱਠੇ ਹੋ ਗਏ ਹੋਏ ਸਨ, ਤਾਂ ਸਾਰੇ ਸਿੰਘ ਇਹ ਖੇਡ ਵੇਖ ਕੇ ਅਸਚਰਜ ਹੋ ਰਹੇ ਸਨ ਤੇ ਆਪੋ ਆਪਣੇ ਆਸਨਾਂ ਨੂੰ ਚਲੇ ਗਏ।

ਮਹਾਂਪੁਰਸ਼ ਕਿਸੇ ਦਾ ਦੁੱਖ ਨਹੀਂ ਸਹਾਰ ਸਕਦੇ, ਅਤੇ ਅਨੇਕਾ ਹੀ ਅਜਿਹੀਆਂ ਇਸ ਦੀਆਂ ਉਦਾਹਰਨਾਂ ਹਨ, ਜਿਨ੍ਹਾਂ ਤੋਂ ਇਹ ਪ੍ਰਤੀਤ ਹੁੰਦਾ ਹੈ, ਕਿ ਪਰਾਏ ਦੁਖ ਨੂੰ ਆਪਣੇ ਉਤੇ ਸਹਾਰ ਕੇ ਦੂਜੇ ਦੇ ਦੁੱਖ ਨੂੰ ਦੂਰ ਕਰ ਦੇਂਦੇ ਹਨ। ਕਿਉਂਕਿ ਸਿਮਰਨ ਬੰਦਗੀ ਵਾਲੇ ਪੁਰਸ਼ਾਂ ਦੀ ਵੱਡੀ ਪਹਿਚਾਣ ਹੀ ਇਹ ਹੈ ਕਿ ਉਹਨਾਂ ਵਿਚ ਦਯਾ ਹੁੰਦੀ ਹੈ। ਦਇਆ ਕਰਨਾ ਸਭ ਤੋਂ ਉੱਤਮ ਕਰਮ ਜਾਣ ਕੇ ਹੀ ਉਹ 'ਜੀਅ-ਦਇਆ' ਦਾ ਮਾਰਗ ਅਪਣਾਉਂਦੇ ਹਨ, ਭਾਵੇਂ ਆਪ ਨੂੰ ਕਿਤਨਾ ਹੀ ਕਸ਼ਟ ਝੱਲਣਾ ਪਵੇ। ਪਰ ਦੂਸਰੇ ਦੀ ਪੀੜਾ ਦੂਰ ਕਰਨ ਲਈ ਉਹ ਹਮੇਸ਼ਾ ਉਮਾਹ ਵਿਚ ਰਹਿੰਦੇ ਹਨ।

ਬਾਬਾ ਮਿੱਤ ਸਿੰਘ ਜੀ ਨੇ ਬਾਬਾ ਧਰਮ ਸਿੰਘ ਜੀ ਦੀ ਪੀੜਾ ਤਾਂ ਪਲਾਂ ਵਿਚ ਦੂਰ ਕਰ ਦਿਤੀ। ਉਨ੍ਹਾਂ ਦੇ ਪੇਟ ਵਿਚ ਉਠਦੇ ਕਰੀਰੇ ਨੂੰ ਸਹਾਰ ਨਾ ਸਕੇ,ਉਹਨਾਂ ਦਾ ਸਾਰਾ ਕਸ਼ਟ ਆਪਣੇ ਤੇ ਲੈ ਲਿਆ ਤੇ ਉਹਨਾਂ ਨੂੰ ਇਸ ਕਸ਼ਟ ਤੋਂ ਮੁਕਤ ਕਰ ਦਿਤਾ। ਇਹ ਹੈ ਨਿਸ਼ਾਨੀ ਭਗਤਿ - ਭਾਵਨੀ ਦੀ। ਅਸਚਰਜ ਕਥਾ, ਜਿਸ ਨੂੰ ਕਥਨ ਕਰਨਾ ਤੇ ਸਮਝਣਾ ਅਤਿ ਕਠਨ ਹੈ।

ਬਾਬਾ ਮਿੱਤ ਸਿੰਘ ਜੀ ਦਾ ਬੀਮਾਰ ਹੋਣਾ

ਬਾਬਾ ਧਰਮ ਸਿੰਘ ਜੀ ਦੂਜੇ ਦਿਨ ਬਿਲਕੁਲ ਤੰਦਰੁਸਤ ਹੋ ਗਏ, ਜਿਵੇਂ ਸਰੀਰ ਵਿਚ ਕੋਈ ਕਸ਼ਟ ਹੀ ਨਹੀਂ ਆਇਆ। ਉਧਰ ਬਾਬਾ ਮਿੱਤ ਸਿੰਘ ਜੀ, ਦੂਜੇ ਦਿਨ ਬੀਮਾਰ ਹੋ ਗਏ। ਇਹ ਵਾਰਤਾ ਹਾੜ, ਸਾਵਣ ਸੰਮਤ ੧੯੯੯ ਮੁਤਾਬਕ ੧੯੪੨ ਦੀ ਹੈ।

ਜਿਉਂ ਹੀ ਬਾਬਾ ਧਰਮ ਸਿੰਘ ਜੀ ਰਾਜ਼ੀ ਹੋ ਗਏ ਤੇ ਉਧਰ ਬਾਬਾ ਮਿੱਤ ਸਿੰਘ ਜੀ ਉਦੋਂ ਤੋਂ ਹੀ ਢਿਲੇ ਹੋ ਗਏ। ਜਦੋਂ ਪੇਟ ਵਿਚ ਕਰੀਰਾ ਉੱਠਦਾ, ਆਪ ਗੜਵਾ ਲੈ ਕੇ ਚੁੱਪਕੇ ਨਾਲ ਜੰਗਲ - ਪਾਣੀ ਚਲੇ ਜਾਂਦੇ। ਕਿਸੇ ਨੂੰ ਕੁਝ ਨਹੀਂ ਕਿਹਾ, ਕਿ ਸਾਡੇ ਪੇਟ ਵਿਚ ਦਰਦ ਹੈ। ਇਸੇ ਤਰਾਂ ਆਪ ਜੀ ਕਈ ਵਾਰੀ ਜੰਗਲ - ਮੈਦਾਨ ਗਏ। ਦੁਪਹਿਰ ਬਾਅਦ ਬਾਬਾ ਜੀ ਨੇ ਜਲ - ਪਾਣੀ ਛਕਿਆ, ਪਰ ਕਿਸੇ ਨੂੰ ਭੀ ਆਪਣੀ ਪੀੜਾ ਦੀ ਲਖਤਾ ਨਾ ਹੋਣ ਦਿਤੀ। ਆਪ ਜੀ ਗੜਵਾ ਲੈ ਕੇ ਜੰਗਲ - ਮੈਦਾਨ ਲਈ ਬਾਹਰ ਚਲੇ ਗਏ, ਤਾਂ ਉਥੇ ਅਜਿਹਾ ਪੇਟ ਅੰਦਰ ਵੱਟ ਪਿਆ ਕਿ ਹਿੰਮਤ ਹੀ ਖੋਹ ਗਿਆ। ਜੰਗਲ - ਮੈਦਾਨੋਂ ਹੋ ਕੇ ਬਾਬਾ ਜੀ ਬਾਹਰ ਹੀ ਖੇਤਾਂ ਵਿਚ ਲੰਮੇ ਪੈ ਗਏ। ਸਰੀਰ ਇਤਨਾ ਨਿਰਬਲ ਹੋ ਗਿਆ ਕਿ ਡੇਰੇ ਤੱਕ ਆਉਣ ਦੀ ਆਪ ਵਿਚ ਹਿੰਮਤ ਨਾ ਰਹੀ।

ਕਿਸੇ ਸਿੰਘ ਨੇ ਅਚਾਨਕ ਦੇਖਿਆ ! ਕਿ ਬਾਬਾ ਜੀ ਬਾਹਰ ਖੇਤਾਂ ਵਿਚ ਅੜਿੰਗ ਬੜਿੰਗ ਹੋਏ ਪਏ ਨੇ, ਉਸ ਨੇ ਹੋਰਨਾਂ ਸਿੰਘਾਂ ਨੂੰ ਆਵਾਜ਼ ਮਾਰੀ। ਭਾਈ ਨੱਥਾ ਸਿੰਘ ਜੀ, ਭਾਈ ਮਹਿਤਾਬ ਸਿੰਘ ਜੀ ਤੇ ਹੋਰ ਸਿੰਘ ਭਜੇ ਆਏ। (ਭਾਵੇਂ ਬਾਬਾ ਜੀ ਇਸ ਪੀੜ, ਪੇਟ ਦੇ ਵਟੂਲੇ ਨੂੰ ਜਾਣਦੇ ਉਥੇ ਲੰਮੇ ਪੈ ਗਏ ਕਿ ਬਾਰ ਬਾਰ ਡੇਰੇ ਵਿਚੋਂ ਆਉਣ ਦੀ ਬਜਾਏ ਬਾਹਰ ਹੀ ਪੈ ਜਾਂਦੇ ਹਾਂ। ਜਦ ਕਰੀਰਾ ਉਠੇਗਾ, ਮੈਦਾਨ ਖੇਡ ਲਵਾਂਗੇ। ਇਸੇ ਤਰ੍ਹਾਂ ਕਿਸੇ ਸਿੰਘ ਨੂੰ ਪਤਾ ਭੀ ਨਹੀਂ ਲਗੇਗਾ।)

ਸਿੰਘਾਂ ਨੇ ਬਾਬਾ ਜੀ ਨੂੰ ਹੱਥ ਪਾ ਕੇ ਚੁੱਕਿਆ। ਤਾਂ ਬਾਬਾ ਜੀ ਨੇ ਕਿਹਾ - ਅਸੀਂ ਠੀਕ ਹਾਂ, ਤੁਸੀਂ ਭਰਮ ਨਾ ਕਰੋ। ਇਸ ਕਰੀਰੇ ਦਾ ਦੁਖ ਤਾਂ ਸਾਨੂੰ ਸਹਿਣਾ ਹੀ ਪੈਣਾ ਹੈ। ਬਾਬਾ ਧਰਮ ਸਿੰਘ ਜੀ ਨੂੰ ਅਸਾਂ ਆਖਿਆ ਸੀ ਕਿ ਕੰਡੇ ਦੀ ਪੀੜ ਹੈ, ਸਹਿ ਲਵੋ, ਪਰ ਉਹ ਘਬਰਾ ਗਏ ਸਨ। ਸਾਥੋਂ ਉਹਨਾਂ ਦੀ ਪੀੜਾ ਜਰੀ ਨਹੀਂ ਗਈ। ਹੁਣ ਉਹ ਤਾਂ ਰਾਜ਼ੀ ਹੋ ਗਏ ਹਨ, ਪਰ ਜਿਤਨਾ ਚਿਰ ਕਸ਼ਟ ਹੈ, ਉਸ ਨੂੰ ਤਾਂ ਭੋਗਨ ਬਿਨਾਂ ਛੁਟਕਾਰਾ ਨਹੀਂ ਹੋਣਾ। ਉਹ ਸਾਨੂੰ ਭੋਗਣਾ ਪੈਣਾ ਹੈ। ਤੁਸੀਂ ਘਬਰਾਓ ਨਾ।

ਸਾਰੇ ਸਿੰਘਾਂ ਨੇ ਕਿਹਾ–ਬਾਬਾ ਜੀ ! ਚਲੋ ਡੇਰੇ, ਉਥੇ ਅਰਾਮ ਕਰੋ। ਕੋਈ ਸਿਆਣੇ ਡਾਕਟਰ ਦਾ ਪ੍ਰਬੰਧ ਕਰਦੇ ਹਾਂ। ਭਾਈ ਨੱਥਾ ਸਿੰਘ ਜੀ ਨੇ ਬਾਬਾ ਜੀ ਨੂੰ ਆਪਣੀ ਪਿੱਠ ਤੇ ਚੁੱਕ ਲਿਆ। ਭਾ: ਮਹਿਤਾਬ ਸਿੰਘ ਜੀ ਤੇ ਹੋਰ ਸਿੰਘਾਂ ਨੇ ਸਹਾਰਾ ਦਿਤਾ ਤੇ ਆਸਨ ਤੇ ਲੈ ਗਏ।

ਅਚਾਨਕ ਸੱਚਖੰਡ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਸੇਵਾਦਾਰ (ਗ੍ਰੰਥੀ ਸਿੰਘ ਭਾਈ ਹਜ਼ੂਰਾ ਸਿੰਘ ਜੀ ਉਹਨਾਂ ਦਾ ਜੁਆਈ ਤੇ ਰਸਾਲਦਾਰ ਗੋਪਾਲ ਸਿੰਘ ਜੀ ਦਰਸ਼ਨ ਕਰਨ ਆ ਗਏ। ਜਦ ਉਹਨਾਂ ਬਾਬਾ ਜੀ ਦੀ ਅਜਿਹੀ ਹਾਲਤ ਵੇਖੀ, ਤਾਂ ਕਿਹਾ–ਬਾਬਾ ਜੀ ! ਆਪ ਅੱਠ ਕੁ ਦਿਨਾਂ ਲਈ ਸੱਚਖੰਡ ਸ੍ਰੀ ਹਜ਼ੂਰ

ਸਾਹਿਬ ਚਲੋ। ਓਥੇ ਆਪ ਜੀ ਦਾ ਇਲਾਜ ਕਰਵਾ ਦਿਆਂਗੇ।

ਬਾਬਾ ਜੀ ਨੇ ਇਹ ਕਹਿ ਤਾਂ ਦਿਤਾ ਕਿ ਚੰਗਾ ਲੈ ਚਲੋ, ਜਿਵੇਂ ਆਪ ਦੀ ਇੱਛਾ ਹੋਵੇ ! ਪਰ ਜਦ ਸਿੰਘਾਂ ਨੂੰ ਪਤਾ ਲੱਗਾ ਕਿ ਬਾਬਾ ਜੀ ਸਰੀਰਕ ਤੌਰ ਤੇ ਬਹੁਤ ਕਮਜ਼ੋਰ ਹੋ ਗਏ ਹਨ ਅਤੇ ਪੈਦਲ ਨਹੀਂ ਚੱਲ ਸਕਣਗੇ [ਕਿਉਂਕਿ ਸਵਾਰੀ ਤੇ ਨਾ ਬਾਬਾ ਜੀ ਪੰਜਾਬੋਂ ਆਏ ਸਨ ਅਤੇ ਨਾ ਹੀ ਜਦੋਂ ਕਦੀ ਸੱਚਖੰਡ ਦੀਦਾਰੇ ਕਰਨ ਜਾਂਦੇ ਸਨ ਕਿਸੇ ਸਵਾਰੀ–ਘੋੜੇ ਜਾਂ ਗੜਬਹਿਲ ਤੇ ਨਹੀਂ ਜਾਂਦੇ ਸਨ, ਆਪ ਪੈਦਲ ਹੀ ਜਾਇਆ ਕਰਦੇ ਸਨ। ਇਹ ਉਹਨਾਂ ਦਾ ਨਿਯਮ ਸੀ] ਜੇ ਗੜਬਹਿਲ ਤੇ ਲੈ ਕੇ ਜਾਂਦੇ ਹਾਂ, ਤਾਂ ਬਾਬਾ ਜੀ ਦਾ ਨਿਯਮ ਟੁੱਟੇਗਾ। ਇਸ ਲਈ ਇਥੇ ਹੀ ਡਾਕਟਰ ਬੁਲਵਾ ਲਈਏ।

ਭਲਾ ਅਜਿਹੀ ਅਵਸੱਥਾ ਵਿਚ ਕਿਸ ਨੂੰ ਚੈਨ ਆ ਸਕਦਾ ਸੀ। ਅਜੇਹੇ ਮਹਾਂਪੁਰਸ਼ਾਂ ਜਿਨ੍ਹਾਂ ਨੇ ਆਪਣੀ ਤੱਪਸਿਆ ਨਾਲ ਸਭ ਨੂੰ ਅਜਿਹਾ ਅਕ੍ਰਸ਼ਕ ਕੀਤਾ ਹੋਇਆ ਸੀ, ਕਿ ਸਭ ਨੂੰ ਭਾਸਦਾ ਸੀ ਕਿ ਇਕ ਅਮੋਲਕ ਗੁਰਸਿਖ ਹੀਰੇ ਦੀ ਜਿਵੇਂ ਭੀ ਹੋਵੇ ਸਿਹਤਯਾਬੀ ਹੋ ਜਾਵੇ। ਹਰ ਇਕ ਪ੍ਰੇਮੀ ਦਾ ਮਨ ਤੜਪ ਰਿਹਾ ਸੀ। ਰਸਾਲਦਾਰ ਗੋਪਾਲ ਸਿੰਘ ਜੀ ਤੇ ਗਿਆਨੀ ਹਜ਼ੂਰਾ ਸਿੰਘ ਜੀਹੈਡ ਗ੍ਰੰਥੀ ਸੱਚਖੰਡ ਤਖ਼ਤ ਅਤੇ ਕੁਝ ਹੋਰ ਸਿੰਘ ਸੱਚਖੰਡ ਨੂੰ ਕਾਹਲੀ ਨਾਲ ਗਏ। ਸ਼ੀਘਰ ਹੀ ਸਾਰਿਆਂ ਨੇ ਪ੍ਰਬੰਧ ਕਰ ਕੇ ਵੱਡੇ ਹੱਸਤਪਤਾਲ ਦੇ ਸਿਵਲ ਸਰਜਨ ਨੂੰ ਮਾਤਾ ਜੀ ਦੇ ਗੁਰਦੁਆਰਾ ਸਾਹਿਬ ਲੈ ਕੇ ਪਹੁੰਚ ਗਏ। ਸਿਵਲ ਸਰਜਨ ਨੇ ਭੀ ਕੋਈ ਕਿੰਤੂ ਨਾ ਕੀਤੀ (ਕਿਉਂਕਿ ਬਾਬਾ ਜੀ ਦੀ ਸ਼ਖ਼ਸੀਅਤ ਹਰ ਖਾਸੋ - ਆਮ, ਨੇੜੇ-ਤੇੜੇ ਦੂਰ - ਦੁਰੇਡੇ ਤੱਕ ਫੈਲ ਚੁਕੀ ਸੀ। ਹਰ ਪੁਰਸ਼ ਬਾਬਾ ਜੀ ਦੇ ਦਰਸ਼ਨ ਕਰਨ ਲਈ ਉਤਾਵਲਾ ਰਹਿੰਦਾ ਪਰ ਅਜਿਹੇ ਸੇਵਾ ਦੇ ਸੁਭਾਗ ਸਮੇਂ ਨੂੰ (ਬੀਮਾਰੀ ਦੇ ਇਲਾਜ ਲਈ) ਤਾਂ ਹਰ ਪੁਰਸ਼ ਆਪਣੀ ਖੁਸ਼–ਕਿਸਮਤੀ ਸਮਝਦਾ। ਜਿਸ ਕਰਕੇ ਬਿਨਾਂ ਹਿੱਚਕਿਚਾਹਟ ਦੇ ਸਿਵਲ ਸਰਜਨ ਤੁਰੰਤ ਹੀ ਬਾਬਾ ਜੀ ਦੇ ਇਲਾਜ ਲਈ ਪਹੁੰਚ ਗਿਆ।

ਜਦ ਬਾਬਾ ਜੀ ਦੀ ਸਿਵਲ ਸਰਜਨ ਨੇ ਨਬਜ਼ ਵੇਖੀ ਤਾਂ ਉਹ ਕਹਿਣ ਲਗਾ ਕਿ ਇਹਨਾਂ ਨੂੰ ਤਾਂ ਡਬਲ ਨਮੂਨੀਆਂ ਹੋ ਗਿਆ ਹੈ। ਅਜੇ ਨਾਂਦੇੜ ਦਾ ਸਿਵਲ ਸਰਜਨ ਪੂਰੀ ਛਾਣ ਬੀਣ ਕਰ ਹੀ ਰਿਹਾ ਸੀ ਕਿ (ਅਚਾਨਕ ਨਾ ਜਾਣੇ ਕਿਵੇਂ ਨਵਾਬ ਸਾਹਿਬ ਨੂੰ ਖਬਰ ਪੁੱਜ ਗਈ। ਮੁਸਲਮਾਨ ਦੇ ਕਤਲ ਦੇ ਫੈਸਲੇ ਤੋਂ ਨਵਾਬ ਹੈਦਰਾਬਾਦ ਬਾਬਾ ਜੀ ਦਾ ਮੁਰੀਦ ਬਣ ਗਿਆ ਹੋਇਆ ਸੀ। ਨਵਾਬ ਸਾਹਿਬ ਕਈ ਵੇਰੀ ਬਾਬਾ ਜੀ ਦੇ ਦਰਸ਼ਨ ਕਰ ਕੇ ਪ੍ਰਭਾਵਤ ਹੋ ਚੁੱਕਾ ਹੋਇਆ ਸੀ) ਓਧਰੋਂ ਹੈਦਰਾਬਾਦ (ਦੱਖਣ) ਦੇ ਨਵਾਬ ਸਾਹਿਬ ਨੇ ਭੀ ਸਿਵਲ ਸਰਜਨ ਭੇਜ ਦਿਤਾ, ਇਕ ਹੋਰ ਮਾਹਿਰ ਡਾਕਟਰ ਸਿਵਲ ਸਰਜਨ ਭੀ ਆ ਗਿਆ। ਤਿੰਨ ਸਿਵਲ ਸਰਜਨ ਇਕੱਠੇ ਹੋ ਗਏ। ਹਰ ਇਕ ਦਾ ਯਤਨ ਤੇ ਅੰਤ੍ਰੀਵ ਤੀਬਰ ਇੱਛਾ, ਕਿ ਬਾਬਾ ਜੀ ਜਿਵੇਂ ਹੋਵੇ ਰਾਜ਼ੀ ਹੋ ਜਾਵਣ।

ਹੁਣ ਇਹਨਾਂ ਦੀ ਰਾਏ ਇਹ ਬਣੀ ਕਿ ਬਾਬਾ ਜੀ ਨੂੰ ਫੌਰਨ ਨਾਂਦੇੜ ਲੈ ਚਲੀਏ ਅਤੇ ਉਥੇ ਇਨ੍ਹਾਂ ਦਾ ਇਲਾਜ ਕੀਤਾ ਜਾਵੇ। ਕਿਉਂਕਿ ਇਥੇ ਦੁਵਾਈਆਂ ਲਿਆਉਣ ਵਿਚ ਸਮਾਂ ਲੱਗਦਾ ਹੈ ਅਤੇ ਪਤਾ ਨਹੀਂ ਕਿਸ ਸਮੇਂ ਕਿਹੜੀ ਦੁਵਾਈ ਬਦਲਣੀ ਪਵੇ, ਜਿਸ ਦੀ ਫੌਰਨ ਲੋੜ ਹੋਵੇ।

ਬਾਬਾ ਜੀ ਦੀ ਬੀਮਾਰੀ ਦੀਆਂ ਖਬਰਾਂ ਹਵਾ ਦੇ ਬੁਲੇ ਵਾਂਗ ਸਭ ਪਾਸੇ ਪਹੁੰਚ ਗਈਆਂ। ਜੋ ਸੁਣਦਾ, ਉਹੀ ਭੱਜਾ ਆਉਂਦਾ। ਇਸੇ ਤਰ੍ਹਾਂ ਅਜੇ ਇਹ ਵਿਚਾਰ ਹੋ ਰਹੀ ਸੀ ਕਿ ਸੱਚਖੰਡ ਦੇ ਵੱਡੇ ਪੁਜਾਰੀ ਭਾਈ ਹੀਰਾ ਸਿੰਘ ਜੀ ਨੇ ਪਾਲਕੀ ਭੇਜ ਦਿਤੀ ਤੇ ਨਾਲ ਹੀ ਸੇਵਾਦਾਰ ਭੇਜ ਦਿਤੇ ਜੋ ਪਾਲਕੀ ਚੁੱਕ ਲਿਆਣਗੇ, ਕਿਉਂਕਿ ਗੜਬਹਿਲ (ਗੱਡੀ) ਵਿਚ ਰਸਤੇ ਕੱਚੇ ਤੇ ਖਰਾਬ ਹੋਣ ਕਰ ਕੇ ਬਾਬਾ ਜੀ ਨੂੰ ਹੁੱਜਕੇ ਵਜਣਗੇ ਅਤੇ ਤਕਲੀਫ ਹੋਵੇਗੀ।

ਡਾਕਟਰਾਂ ਦੀ ਰਾਇ ਕਾਰਨ ਅਸਥਾਨੀ ਸਿੰਘਾਂ ਨੇ ਭੀ ਆਪਣਾ ਹੱਠ ਛੱਡ ਦਿਤਾ, ਤੇ ਨਾਂਦੇੜ 'ਚ ਬਾਬਾ ਜੀ ਦਾ ਇਲਾਜ ਕਰਾਉਣ ਲਈ ਰਜ਼ਾਮੰਦ ਹੋ ਗਏ।

ਬਾਬਾ ਜੀ ਨੇ ਸਾਰਿਆਂ ਨੂੰ ਧੀਰਜ ਦੇਂਦਿਆਂ ਕਿਹਾ–ਸਿੰਘੋ ! ਭਰਮ ਨਾ ਕਰਨਾ। ਵਹਿਗੁਰੂ ਜੀ ਬਖਸ਼ਸ਼ ਕਰਨਗੇ। ਤੁਸਾਂ ਮਗਰੋਂ ਨਿੱਤਨੇਮ ਕਰਦੇ ਰਹਿਣਾ। ਅਤੇ ਬਾਣੀ ਪੜ੍ਹਨੀ, ਆਪਸ ਵਿਚ ਲੜਾਈ ਝਗੜਾ ਨਹੀਂ ਕਰਨਾ। ਜ਼ੁ ਤੁਸੀਂ ਮਾਤਾ ਜੀ ਦੀ ਗੋਦ ਦਾ ਸੁੱਖ ਮਾਣਨਾ ਹੈ ਤਾਂ ਵਾਦ - ਵਿਵਾਦ ਵਿਚ ਸਮਾਂ ਨਾ ਗੰਵਾਉਣਾ। ਸੇਵਾ ਸਿਮਰਨ ਵਿਚ ਸਮਾਂ ਬਿਤਾਣਾ ਤਾਂ ਹੀ ਸਾਡੇ ਮਨ ਨੂੰ ਸ਼ਾਂਤੀ - ਸੁਖ ਮਿਲੇਗਾ।

ਈਰਖਾ-ਵਾਦ

ਈਰਖਾਵਾਦ, ਦ੍ਵੈਤਾ, ਵਾਦ - ਵਿਵਾਦ ਤਾਂ ਸ੍ਰਿਸ਼ਟੀ ਸਾਜਣ ਸਮੇਂ ਹੀ ਅਕਾਲ ਪੁਰਖ ਨੇ ਜੀਵਾਂ ਵਿਚ ਪਾਈ। ਜਿਹਾ ਕਿ—

ਖੰਡਾ ਪ੍ਰਿਥਮੈ ਸਾਜਿ ਕੈ ਜਿਨਿ ਸਭ ਸੈਸਾਰੁ ਉਪਾਇਆ ॥ ਬ੍ਰਹਮਾ ਬਿਸਨ ਮਹੇਸ ਸਾਜਿ ਕੁਦਰਤੀ ਦਾ ਖੇਲ ਰਚਾਇ ਬਣਾਇਆ ॥ ਸਿੰਧ ਪਰਬਤ ਮੇਦਨੀ ਬਿਨੁ ਥੰਮ੍ਹਾ ਗਗਨੁ ਰਹਾਇਆ ॥ ਸਿਰਜੇ ਦਾਨੋ ਦੇਵਤੇ ਤਿਨ ਅੰਦਰਿ 'ਬਾਦੁ' ਰਚਾਇਆ ॥ ਤੈਹੀ ਦੁਰਗਾ ਸਾਜਿ ਕੈ ਦੈਤਾ ਦਾ ਨਾਸੁ ਕਰਾਇਆ ॥

[ਚੰਡੀ ਦੀ ਵਾਰ ਪਉੜੀ ੨

ਸੋ ਇਹ ਕੁਦਰਤੀ ਗੱਲ ਹੈ ਕਿ ਵਾਦ - ਵਿਵਾਦ ਈਰਖਾ ਤੋਂ ਕੋਈ ਵਿਰਲਾ ਸਾਧੂ, ਸੰਤ ਹੀ ਬੱਚਿਆ ਹੋਇਆ ਹੈ। ਵਡੇ ਵਡੇ ਰਿਸ਼ੀ, ਮੁਨੀ, ਤਪੱਸਵੀ ਭੀ ਇਸ ਈਰਖਾ, ਮੱਦ, ਮਾਇਆ ਤੋਂ ਨਹੀਂ ਬੱਚ ਸਕੇ। ਜਿਸ ਕਰ ਕੇ ਮਾਇਕ ਜੀਵਾਂ ਵਿਚ ਤਾਂ ਇਹ ਜਵਾਲਾ ਅਵੱਸ਼ਕ ਹੀ ਭੜਕ ਪੈਂਦੀ ਹੈ।

ਬਾਬਾ ਜੀ ਦੇ ਇਲਾਜ ਲਈ ਕੁਝ ਦਿਨ ਅਸਥਾਨ ਤੋਂ ਬਾਹਰ ਰਹਿਣਾ ਸੂਝਵਾਨ ਸਿੰਘਾਂ ਅੰਦਰ ਇਹ ਗੱਲ ਭਾਸ ਰਹੀ ਸੀ ਕਿ ਇਹਨਾਂ ਸਿੰਘਾਂ ਵਿਚ ਅਜੇਹੀ ਬੀਮਾਰੀ ਦਾ ਕੋਈ ਇਲਾਜ ਬਾਬਾ ਜੀ ਕਰ ਕੇ ਜਾਵਣ, ਤਾਂ ਕਿ ਅਸਥਾਨ ਦਾ ਪ੍ਰਬੰਧ ਚਲਦਾ ਰਵੇ ! ਬਾਬੂ ਮਿਹਰ ਸਿੰਘ ਜੀ ਹੈਡ ਗਰੰਥੀ ਜੋ ਪੜ੍ਹੇ ਲਿਖੇ ਤੇ ਚੰਗੇ ਸੂਝਵਾਨ ਭੀ ਸਨ, ਦਰਸ਼ਨੀ ਨਿਹੰਗ ਸਿੰਘ ਸਨ, ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਬਾਬਾ ਜੀ, ਆਪ ਜੀ ਤਾਂ ਸਭ ਕੁਝ ਜਾਣਦੇ ਹੋ। ਜੋ ਸਿੰਘਾਂ ਵਿਚ ਆਪਸੀ ਕਿੰਨਾ ਕੁ ਪਿਆਰ, ਸ਼ਰਧਾ ਤੇ ਸੇਵਾ ਦਾ ਭਾਵ ਹੈ। ਜਿਸ ਕਰ ਕੇ ਜਿਸ ਜਿਸ ਸਿੰਘ ਨੂੰ ਜੋ ਜੋ ਡਿਊਟੀ ਲਾ ਜਾਵੋਗੇ, ਉਹ ਆਪਣੀ ਆਪਣੀ ਸੇਵਾ ਤਾਂ ਨਿਭਾਵੇਗਾ।

ਬਾਬਾ ਜੀ– ਸਾਡੇ ਪਿਛੋਂ ਬਾਬਾ ਧਰਮ ਸਿੰਘ ਜੀ ਹਨ। ਤੁਸਾਂ ਨੇ ਉਹਨਾਂ ਦੀ ਆਗਿਆ ਵਿਚ ਰਹਿਣਾ। ਉਹ ਜਿਵੇਂ ਕਹਿਣਗੇ, ਤੁਸਾਂ ਉਵੇਂ ਕਰਨਾ ਤੇ ਪ੍ਰੇਮ ਭਾਵਨਾ ਨਾਲ ਸੇਵਾ ਕਰੀ ਜਾਣਾ।

ਬਾਬਾ ਧਰਮ ਸਿੰਘ ਜੀ– ਬਾਬਾ ਜੀ ਆਪ ਭਲੀ ਭਾਂਤ ਜਾਣਦੇ ਹੋ, ਕਿ ਲਾਡਲੀਆਂ ਫੌਜਾਂ ਤਾਂ ਆਪ ਦਾ ਭੈ ਮੰਨਦੀਆਂ ਹਨ। ਨਹੀਂ ਤਾਂ ਆਪ ਮੁਹਾਰੇ ਵੇਹਰਨ ਲੱਗ ਜਾਂਦੀਆਂ ਹਨ। ਇਹ ਮੇਰੇ ਇਕਲੇ ਦੇ ਵੱਸ ਦੀ ਗੱਲ ਨਹੀਂ। ਬਾਬੂ ਮਿਹਰ ਸਿੰਘ ਜੀ ਨੇ ਠੀਕ ਕਿਹਾ ਹੈ। ਆਪ ਕਿਰਪਾ ਕਰ ਕੇ ਸਿੰਘਾਂ ਦੀ ਸੇਵਾ ਲਾ ਜਾਵੋ।

ਪ੍ਰਬੰਧ ਲਈ ਪੰਜ ਸਿੰਘਾਂ ਦੀ ਨਿਯੁਕਤੀ

ਬਾਬਾ ਮਿੱਤ ਸਿੰਘ ਜੀ– ਜਿਵੇਂ ਆਪ ਸਭ ਦੀ ਰਜ਼ਾ ਹੈ। ਪੰਜ ਸਿੰਘ ਤੁਹਾਡੇ ਨਾਲ ਸਾਡੇ ਮਗਰੋਂ ਸੇਵਾ ਸੰਭਾਲ ਕਰਨਗੇ–੧. ਬਾਬੂ ਮੇਹਰ ਸਿੰਘ ਜੀ ਗ੍ਰੰਥੀ ਸਿੰਘ ਜੀ, ੨. ਭਾਈ ਹਰਨਾਮ ਸਿੰਘ ਜੀ, ੩. ਭਾਈ ਗਜਗਾਹੀਆ ਸਿੰਘ ਜੀ, ੪. ਭਾਈ ਸੇਵਾ ਸਿੰਘ ਜੀ ਕਾਲੀਆ ੫. ਭਾਈ ਨੱਥਾ ਸਿੰਘ ਜੀ। ਸਾਡੇ ਨਾਲ ਕੇਵਲ ਤਿੰਨ ਸਿੰਘ ਹੀ ਚਲਣਗੇ। ਬਾਕੀ ਮਾਤਾ ਜੀ ਦੇ ਅਸਥਾਨ ਤੇ ਸੇਵਾ ਕਰਨੀ। ਪਿਆਰ ਨਾਲ ਰਹਿਣਾ ਤੇ ਗੁਰੂ ਤਾਅਬੇ ਹੋ ਕੇ ਗੁਰੂ ਕੇ ਭੈ ਵਿਚ ਰਹਿਣਾ। ਕਾਰੋਬਾਰੀ ਨੱਥਾ ਸਿੰਘ ਜੀ ਸਾਡੇ ਪਾਸ ਆ ਜਾਇਆ ਕਰਨਗੇ। ਇਸ ਤਰਾਂ ਸਾਡਾ ਤੁਹਾਡੇ ਨਾਲ ਤਾਲ - ਮੇਲ ਬਣਿਆ ਰਹੇਗਾ।

ਸਾਡੇ ਨਾਲ ੧. ਭਾਈ ਨੱਥਾ ਸਿੰਘ ਜੀ ਕਾਰਬਾਰੀ, ੨. ਭਾਈ ਮਹਿਤਾਬ ਸਿੰਘ ਜੀ (ਪਿੰਡ ਨੌਰਾਂ ਵਾਲੇ) ਦਰਜ਼ੀ, ੩. ਭਾਈ ਨਿਹਾਲ ਸਿੰਘ ਜੀ (ਪਰੋਜ਼ਪੁਰ ਬੇਲਾ ਵਾਲੇ) ਹੀ ਚਲਣਗੇ। ਹਾਂ, ਕਾਰਬਾਰੀ ਜੀ ਜਾਓ ਤੇ ਸਾਡੇ ਆਸਣ ਤੋਂ ਕੁਝ ਮਾਇਆ ਲੈ ਆਓ। ਕਿਉਂਕਿ ਹਜ਼ੂਰ ਦੇ ਦਰਬਾਰ ਜਾਣਾ ਹੈ। ਉਥੇ ਕੜਾਹ ਪ੍ਰਸ਼ਾਦਿ ਦਾ ਭੋਗ ਲੁਵਾਵਾਂਗੇ, ਤੇ ਅਰਦਾਸ ਭੇਟ ਦੇਵਾਂਗੇ।

ਜਦ ਕਾਰਬਾਰੀ ਜੀ ਨੇ ਆਸਨ ਫੋਲਿਆ (ਬਾਬਾ ਜੀ ਅਕਸਰ ਮਾਇਆ ਆਸਨ ਤੇ ਰੋੜੀ ਵਿਚ ਦੱਬ ਛੱਡਦੇ ਸਨ, ਉਥੇ ਸੇਫ ਜਾਂ ਗੋਲਕ੍ਰ ਨਹੀਂ ਸੀ ਹੁੰਦੀ) ਤਾਂ ਮਾਇਆ ਨਾ ਮਿਲੀ।ਕਾਰਬਾਰੀ(ਮੋਦੀ)ਜੀ ਨੇ ਆ ਕੇ ਕਿਹਾ ! ਕਿ ਬਾਬਾ ਜੀ ! ਉਥੇ ਤਾਂ ਮਾਇਆ ਨਹੀਂ ਮਿਲੀ।

ਬਾਬਾ ਜੀ– ਹੱਛਾ ! ਗੋਲਕ ਚੋਂ ਲੈ ਆਵੇ ? ਜੋ ਦਰਬਾਰ ਵਿਚ ਪਈ ਹੈ।

ਕਾਰਬਾਰੀ ਜੀ– ਜਦ ਗੋਲਕ ਵੇਖੀ ਤਾਂ ਉਸ ਵਿਚੋਂ ਭੀ ਮਾਇਆ ਨਾ ਮਿਲੀ। ਨੱਥਾ ਸਿੰਘ ਜੀ ਕਾਰਬਾਰੀ ਨੇਆ ਕੇ ਕਿਹਾ–ਬਾਬਾ ਜੀ ਮਾਇਆ ਤਾਂ ਹੈ ਨਹੀਂ।

ਬਾਬਾ ਜੀ– ਜਾਓ ਗੋਲਕ ਚੁੱਕ ਲਿਆਓ।

ਕਾਰਬਾਰੀ ਜੀ ਨੇ ਗੋਲਕ ਹੀ ਚੁੱਕ ਲਿਆਂਦੀ। (ਗੋਲਕ, ਸਮੇਂ ਦੀ ਚਾਲ ਨੂੰ ਮੁੱਖ ਰੱਖ਼ਦਿਆਂ ਰੱਖੀ

---

* ਅਰਦਾਸ ਭੇਟ–ਇਸ ਬਾਰੇ ਪਿਛੇ ਲਿਖਿਆ ਜਾ ਚੁੱਕਿਆ ਹੈ, ਤਖਤਾਂ ਤੇ ਹਰ ਗੁਰਸਿਖ ਘਟੋ ਘਟ ਸਵਾ ਰੁਪਈਆ ਅਰਦਾਸ ਪ੍ਰਸ਼ਾਦਿ ਨਾਲ ਜ਼ਰੂਰ ਭੇਟਾ ਕਰੇ ਤੇ ਅਰਦਾਸ ਕਰਵਾਵੇ। ਇਸ ਤਰਾਂ (ਪ੍ਰੂਜਕ) ਗੁਰ ਅਸਥਾਨ ਤੇ ਜੇ ਕੜਾਹ ਪ੍ਰਸ਼ਾਦਿ ਨਹੀਂ ਤਾਂ ਪਤਾਸਿਆਂ ਦਾ ਪ੍ਰਸ਼ਾਦਿ, ਜੇ ਇਹ ਭੀ ਨਹੀਂ ਤਾਂ ਸਵਾ ਰੁਪਈਆ ਜ਼ਰੂਰ ਅਰਦਾਸ ਭੇਟ ਕਰੋ। ਵੱਧ ਜੋ ਕਿਸੇ ਦੀ ਰਜ਼ਾ ਹੋਵੇ ਅਰਦਾਸ ਭੇਟ ਕਰ ਸਕਦੇ ਹੋ।

ਹੋਈ ਸੀ, ਪਰ ਤਾਲੇ ਨਹੀਂ ਸਨ ਲਾਉਂਦੇ) ਤਾਂ ਬਾਬਾ ਜੀ ਨੇ ਅੱਠ ਦਸ ਰੁਪਏ ਕੱਢ ਲਏ, ਤੇ ਪੰਜੀ, ਤੀਹ ਰੁਪੈ ਬਾਬੂ ਮੇਹਰ ਸਿੰਘ ਜੀ ਨੂੰ ਦੇ ਦਿਤੇ। ਲੌ! ਲੰਗਰ ਦੇਗ ਵਿਚ ਵਰਤ ਲੈਣੇ।

ਹਰ ਤਰਾਂ ਦੀ ਤਿਆਰੀ ਹੋ ਚੁੱਕੀ ਸੀ, ਜਦ ਬਾਬਾ ਜੀ ਨੂੰ ਪਾਲਕੀ ਵਿਚ ਬਿਠਾਉਣ ਲੱਗੇ, ਤਾਂ ਬਾਬਾ ਜੀ ਨੇ ਕਿਹਾ ਸਿੰਘੋ! ਇਹ ਕੀ? ਸਾਨੂੰ ਹਜ਼ੂਰ ਦੀ ਹਜ਼ੂਰੀ ਵਿਚ ਪਾਲਕੀ 'ਚ ਲੈ ਚਲੋਗੇ? ਨਹੀਂ? ਇਹ ਕਦਾਚਿੱਤ ਨਹੀਂ ਹੋਵੇਗਾ। ਸਾਨੂੰ ਪੈਦਲ ਹੀ ਲੈ ਚਲੋ। ਪਾਲਕੀ ਵਿਚ ਜਾਣਾ–ਇਹ ਸਾਥੋਂ ਵੱਡਾ ਗੁਨਾਹ ਤੇ ਪਾਪ ਹੋਵੇਗਾ।

ਜਦ ਸਿਵਲ ਸਰਜਨਾਂ ਤੇ ਸਾਰੇ ਸਿੰਘਾਂ ਨੇ ਆਖਿਆ–ਬਾਬਾ ਜੀ! ਆਪ ਜੀ ਦੀ ਸਿਹਤ ਆਗਿਆ ਨਹੀਂ ਦੇਂਦੀ ਕਿ ਆਪ ੪ ਮੀਲ ਟੁਰ ਕੈ ਜਾ ਸਕੋ। ਤਾਂ ਹੀ ਤਾਂ ਪੁਜਾਰੀ ਸਿੰਘ ਜੀ ਨੇ ਪਾਲਕੀ ਭੇਜੀ ਹੈ। ਕੋਈ ਹਰਜ ਵਾਲੀ ਗੱਲ ਨਹੀਂ। ਫਿਰ ਸਤਿਗੁਰੂ ਜੀ ਭੀ ਤਾਂ ਜਾਣਦੇ ਹਨ। ਤਾਹੀਓਂ ਤਾਂ ਸੱਚਖੰਡ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਦਰਬਾਰ ਤੋਂ ਪਾਲਕੀ ਆਈ ਏ। ਬੈਠੋ! ਲੈ ਚਲੀਏ ਤੇ ਸ਼ੀਘਰ ਹੀ ਚੱਲ ਕੇ ਆਪ ਦਾ ਇਲਾਜ ਸ਼ੁਰੂ ਕੀਤਾ ਜਾਵੇ।

ਬਾਬਾ ਜੀ– ਧੰਨ ਸਤਿਗੁਰੂ! ਧੰਨ ਸਤਿਗੁਰੂ! ਦਾਤਾਰ ਜੀ! ਮੈਂ ਇਸ ਯੋਗ ਤਾਂ ਨਹੀਂ ਹਾਂ। ਪਰ ਜਿਵੇਂ ਤੇਰਾ ਹੁਕਮ! ਤੇਰੇ ਸਿੰਘਾਂ ਦਾਂ ਹੁਕਮ! ਬਖ਼ਸ਼ ਲੈਣਾ ਮੇਰੇ ਅਪਰਾਧੀ ਦੇ ਗੁਨਾਹ–

ਮੈ ਕੀਤਾ ਨ ਜਾਤਾ ਹਰਾਮ ਖੋਰੁ ॥ ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ ॥ [ਸਿਰੀਰਾਗੁ ਮ: ੧

ਕਿਸ ਮੂੰਹ ਨਾਲ ਤੇਰੇ ਦਰਬਾਰ ਪਾਲਕੀ ਤੇ ਬੈਠ ਕੇ ਜਾਵਾਂ। ਬਾਬਾ ਜੀ ਦੇ ਨੇਤਰ ਮੁੰਦੇ ਗਏ। ਪ੍ਰੇਮ-ਫੁਆਰ ਦੋ ਮੋਤੀ ਸ਼ੁਕਰਾਨੇ ਵਜੋਂ ਭਰ ਲਿਆਏ। ਦੋਵੇਂ ਹੱਥ ਜੁੜੇ, ਪ੍ਰੇਮ ਰੰਗਨ ਵਿਚ ਹਜ਼ੂਰ ਅਗੇ ਅਰਦਾਸ ਧੀਮੀ ਅਵਾਜ਼–ਬੁੱਲ੍ਹਾਂ ਹੀ ਬੁੱਲ੍ਹਾਂ ਵਿਚ ਕਰੀ ਜਾ ਰਹੇ ਸਨ।

ਸਿੰਘੋ! ਸਾਨੂੰ ਜੇ ਪਾਲਕੀ ਵਿਚ ਹੀ ਲੈ ਕੇ ਜਾਣਾ ਹੈ ਤਾਂ ਹਜ਼ੂਰ ਦੇ ਦਰਬਾਰੋਂ ਆਏ ਸੇਵਾਦਾਰ ਪਾਲਕੀ ਨਾ ਚੁਕਣ ਕਿਉਂਕਿ ਇਹ ਹਜ਼ੂਰ ਦੇ ਸੇਵਾਦਾਰ ਹਨ। ਮੈਂ ਹੋਰ ਗੁਨਾਹਗਾਰ ਹੋਵਾਂਗਾ। ਮੇਰੇ ਸਤਿਗੁਰੂ ਹਜ਼ੂਰ ਦੇ ਸੇਵਾਦਾਰੋ! ਮੈਨੂੰ ਖਿਮਾਂ ਕਰਨੀ, ਮਾਫ ਕਰ ਦਿਓ, ਮੇਰੇ ਤੇ ਤਰਸ ਕਰਨਾ, ਤੁਸਾਂ ਪਾਲਕੀ ਨਾ ਚੁੱਕਣੀ, ਡੇਰੇ ਦੇ ਸਿੰਘ ਚੁੱਕਣਗੇ।

ਬਾਬਾ ਜੀ ਅੰਦਰ ਕਿਤਨਾ ਸੱਚਖੰਡ ਦੇ ਸੇਵਾਦਾਰਾਂ ਦਾ ਸਤਿਕਾਰ ਸੀ। ਨੀਯਤ ਕੀਤੇ ਤਿੰਨੇ ਸਿੰਘਾਂ ਤੋਂ ਇਲਾਵਾ ਹੋਰ ਭੀ ਭਾਈ ਸੇਵਾ ਸਿੰਘ ਜੀ ਕਾਲੀਆ ਭਾਈ ਸੁਖਮਿੰਦਰ* ਸਿੰਘ ਜੀ ਆਦਿ ਭੀ ਬਾਬਾ ਜੀ ਦੇ ਨਾਲ ਹੋ ਤੁਰੇ।

---

* ਇਹ ਗੁਰਮੁਖ ਸ੍ਰੀਮਾਨ ਸੰਤ ਸੁਬੇਗ ਸਿੰਘ ਜੀ ਜੋ ਮਹਾਂਪੁਰਸ਼ ਸੰਤ ਬਾਬਾ ਅਤਰ ਸਿੰਘ ਜੀ ਤੋਂ ਵਰੋਸਾਏ ਹੋਏ ਸਨ, ਦੇ ਸਮਕਾਲੀ ਸਨ। ਸੰਤ ਸੁਬੇਗ ਸਿੰਘ ਜੀ ਕਈ ਵਾਰੀ ਮਾਤਾ ਜੀ ਦੇ ਅਸਥਾਨ ਤੇ ਬਸਤ੍ਰ ਆਦਿ ਭੇਜ ਦਿੰਦੇ ਸਨ ਜੋ ਸੰਗਤਾਂ ਵਲੋਂ ਇਕਤਰ ਹੁੰਦੇ ਸਨ। ਇਕ ਸਿੰਘਾਂ ਨੇ ਬਾਬਾ ਜੀ ਨੂੰ ਕਿਹਾ ਕਿ ਸੰਤਾਂ ਨੂੰ ਚਿੱਠੀ ਪਾ ਦੇਈਏ ਕਿ ਉਹ ਬਸਤ੍ਰ ਭੇਜ ਦੇਵਣ। ਤਾਂ ਬਾਬਾ ਜੀ ਕਿਹਾ ਕਿ ਜੇ ਭਜਨ ਤੱਪ ਕਰਨ ਤੇ ਆਉਂਦੇ ਹਨ, ਤਾਂ ਚੰਗਾ ਹੈ ਜੇ ਮੰਗ ਕੇ ਭੇਜਦੇ ਹਨ? ਤਾਂ ਇਹ ਠੀਕ ਨਹੀਂ। ਨਾਲੇ ਸੰਤਾਂ☞

ਤਖ਼ਤ ਸੱਚਖੰਡ ਦਰਬਾਰ ਪਹੁੰਚਣ ਤੋਂ ਪਹਿਲਾਂ ਸਤਿਗੁਰੂ ਜੀ ਦੇ ਹਜ਼ੂਰ ਕੜਾਹ ਪ੍ਰਸ਼ਾਦਿ, ਅਰਦਾਸ ਭੇਟ ਕਰ ਕੇ, ਨਮਸ਼ਕਾਰ ਕਰ ਕੇ, ਅਰਦਾਸ ਕਰਵਾਈ। ਫਿਰ ਬਾਬਾ ਜੀ ਦਾ ਉਤਾਰਾ ਸੰਗਤ ਬੁੰਗੇ ਵਿਚ ਕਰਵਾਇਆ ਗਿਆ। ਜਿਉਂ ਹੀ ਸੰਗਤਾਂ ਨੂੰ ਪਤਾ ਲੱਗਾ, ਕਿ ਬਾਬਾ ਜੀ ਬੀਮਾਰ ਹਨ, ਸੰਗਤਾਂ ਭੌਰਿਆਂ ਵਾਂਗ ਉਮਡ ਆਈਆਂ। ਹੈੱਡ ਪੁਜਾਰੀ ਭਾਈ ਹੀਰਾ ਸਿੰਘ ਜੀ, ਹੈੱਡ ਗ੍ਰੰਥੀ ਭਾਈ ਹਜ਼ੂਰਾ ਸਿੰਘ ਜੀ ਤੇ ਸੱਚਖੰਡ ਦਰਬਾਰ ਦੇ ਹੋਰ ਸਾਰੇ ਸੇਵਾਦਾਰ, ਸ਼ਹਿਰ ਦੀਆਂ ਸੰਗਤਾਂ ਬਾਬਾ ਜੀ ਦੀ ਸਿਹਤ ਬਾਰੇ ਪੁੱਛਣ ਆ ਗਈਆਂ। ਭਾਵੇਂ ਬਾਬਾ ਜੀ ਸਿਹਤ ਬਹੁਤ ਹੀ ਕਮਜ਼ੋਰ ਹੋ ਚੁੱਕੀ ਸੀ, ਕਿ ਉਹਨਾਂ ਲਈ ਆਪਣੀ ਕ੍ਰਿਆ ਦੀ ਸੰਭਾਲ ਭੀ ਮੁਸ਼ਕਲ ਸੀ। ਦੁਮਾਲਾ(ਦਸਤਾਰ) ਭੀ ਦੂਸਰਾ ਸਿੰਘ ਹੀ ਸਜਾਉਂਦਾ। ਅਜਿਹੀ ਹਾਲਤ ਦੇ ਕਾਰਨ ਭਾਂਵੇਂ ਡਾਕਟਰਾਂ ਨੇ ਵਰਜਤ ਕੀਤਾ ਸੀ, ਕਿ ਬਾਬਾ ਜੀ ਨੂੰ ਪੂਰਨ ਆਰਾਮ ਕਰਨ ਦਿਤਾ ਜਾਵੇ। ਉਹਨਾਂ ਨੂੰ ਬਹੁਤਾ ਬੁਲਾਇਆ ਨਾ ਜਾਵੇ।

ਪਰ ਫਿਰ ਭੀ ਸੰਗਤਾਂ ਤੋਂ ਕਿਥੇ ਰਿਹਾ ਜਾ ਸਕਦਾ ਸੀ। ਇਕ ਚਮਕਦਾ ਸੂਰਜ, ਜਿਸ ਦੇ ਉਜਾਲੇ ਨੇ ਲੱਖਾਂ ਪ੍ਰਾਣੀਆਂ ਦੇ ਮਨ ਰੋਸ਼ਨ ਕੀਤੇ ਹੋਏ ਸਨ, ਕਿਵੇਂ ਕਾਲੇ ਬੱਦਲਾਂ ਓਹਲੇ ਛੁਪੇ ਨੂੰ ਸਹਾਰ ਸਕਦੀਆਂ ਸਨ? ਇਸ ਨੂਰਾਨੀ ਚਿਹਰੇ, ਨੂਰਿ - ਇਲਾਹੀ ਦੇ ਨੂਰ ਨੂੰ ਤੱਕਣ ਲਈ ਸਭ ਦੇ ਦੀਦੇ (ਅੱਖਾ) ਤਰਸ ਰਹੀਆਂ ਸਨ। ਕਲੇਜੇ ਧੂਹੇ ਜਾ ਰਹੇ ਸਨ, ਮਨਾਂ ਵਿਚ ਬੇ - ਚੈਨੀ, ਤੜਪਣ, ਦਿਲਾਂ ਵਿਚ ਵਾਹਿਗੁਰੂ ਅਗੇ ਅਰਦਾਸ ਕਰਦੇ– ਸੱਚਖੰਡ ਦੇ ਮਾਲਕ! ਕਲਗੀਧਰ ਪਿਤਾ ਜੀ, ਬਾਬਾ ਜੀ ਨੂੰ ਆਪਣਾ ਨੂਰ ਬਖ਼ਸ਼ ਕੇ ਅਰੋਗ ਕਰ ਦਿਓ। ਸਾਡੇ ਦਿਲਾਂ ਦੇ ਚਾਨਣ ਨੂੰ ਚਾਨਣਾ ਦੇ ਕੇ ਚਮਕਾ ਦਿਓ, ਜੋ ਆਪ ਦੀ ਰਜ਼ਾ ਨਾਲ ਕਸ਼ਟ ਹੈ, ਉਸ ਨੂੰ ਨਵਿਰਤ ਕਰ ਦਿਓ। ਆਪ ਸੂਲੀ ਨੂੰ ਸੂਲ ਵਿਚ ਬਦਲ ਸਕਦੇ ਹੋ? ਸੰਗਤਾਂ ਦੀ ਭੀੜ ਦ੍ਰਵੇ ਮਨ, ਸਜਲ ਨੇਤਰ, ਮੁੰਦੇ ਨੈਣਾਂ ਨਾਲ ਅਰਦਾਸ ਵਿਚ ਜੁੜੇ ਬੁੱਤ ਬਣੀ ਖੜੇ ਹੋਏ ਸਨ।

ਬਾਬਾ ਜੀ ਨੇ ਸਭ ਨੂੰ ਹੱਥ ਦੇ ਇਸ਼ਾਰੇ ਨਾਲ ਧੀਰਜ ਦਿਤੀ! ਪਰ ਚੁੱਪ ਵਿਚ ਧੀਰਜ, ਹੱਥ ਦਾ

ਪਾਸੋਂ ਬਸਤਰ ਨਹੀਂ ਮੰਗੀਦੇ, ਨਾਮ ਮੰਗੀਦਾ ਹੈ। ਬਸਤਰ ਆਦਿ ਤਾਂ ਗ੍ਰਿਹਸਤੀਆਂ ਦੀ ਕਮਾਈ ਦੇ ਹੀ ਬਣਦੇ ਹਨ। ਇਹ ਗ੍ਰਿਹਸਤੀਆਂ ਦਾ ਭੰਡਾਰ ਹੈ। ਸੰਤਾਂ ਪਾਸ ਤਾਂ ਨਾਮ ਦਾ ਭੰਡਾਰ ਹੁੰਦਾ ਹੈ, ਬਸਤਰਾਂ ਦਾ ਨਹੀਂ। ਤਾਂਤੇ ਜਿਥੇ ਜੋ ਵਸਤੂ ਹੋਵੇ, ਉਹੀ ਲੈਣੀ ਚਾਹੀਦੀ ਹੈ।

ਇਕ ਅਤਾਰ ਦੀ ਦੁਕਾਨ ਤੋਂ ਜੇ ਲੋਹੇ ਜਾਂ ਕਰਿਆਨੇ ਦਾ ਸਮਾਨ ਮੰਗੋਗੇ, ਤਾਂ ਸ਼ੋਭੇਗਾ ਨਹੀਂ? ਦੇਖਣ ਸੁਣਨ ਵਾਲਾ ਕਹੇਗਾ ਕਿ ਇਸ ਨੂੰ ਗਿਆਤਾ ਭੀ ਨਹੀਂ? ਕਿ ਲੋਹੇ ਦਾ ਸਾਮਾਨ ਭਲਾ ਅਤਰ ਵੇਚਣ ਵਾਲੇ ਦੀ ਦੁਕਾਨ ਤੋਂ ਕਿਥੋਂ ਭਾਲਦਾ ਹੈ। ਇਸੇ ਤਰ੍ਹਾਂ ਸੰਤਾਂ ਪਾਸ ਭਾਵੇਂ ਚਾਰ ਪਦਾਰਥ ਦੇਣ ਦੀ ਸਮਰੱਥਾ ਹੁੰਦੀ ਹੈ, ਪਰ ਸਭ ਤੋਂ ਸ਼ਰੇਸ਼ਟ ਵਸਤੂ 'ਨਾਮ' ਹੀ ਉਹਨਾਂ ਤੋਂ ਮੰਗਣੀ ਚਾਹੀਦੀ ਹੈ, ਤਾਂ ਜੋ ਕਿਸੇ ਹੋਰ ਵਸਤੂ ਦੇ ਮੰਗਣ ਦੀ ਲੋੜ ਹੀ ਨਾ ਰਵੇ।

ਭਾਈ ਸੁਖਮਿੰਦਰ ਸਿੰਘ ਚੰਗੇ ਜੀਵਨ ਵਾਲੇ ਵੈਦਗੀ (ਦਵਾਈਆਂ ਵੇਚਦੇ) ਬਿਹੰਗਮ ਸਨ ਤੇ ਕਾਫੀ ਬਿਰਧ ਸਨ।

ਕਰਦਾ ਸੀ। ਉਹਨਾਂ ਮਨਾਂ ਤੇ ਜਿਨ੍ਹਾਂ ਨੂੰ ਖਿੱਚ ਪੀੜ ਹੁੰਦੀ ਹੈ, ਉਹਨਾਂ ਦੀ–
ਦਲਾਸਾ ਕੀ ਕਾਟ ਕਰਦਾ ਸੀ।

ਕਉਣੁ ਜਾਣੇ ਪੀਰ ਪਰਾਈ ॥ [ਬਿਲਾਵਲ ਮ: ੧–੭੯੫

ਭਲਾ ਧੀਰਜ ਕਿਥੇ ? ਕਈਆਂ ਤੋਂ ਵੈਰਾਗ ਥੰਮ੍ਹਿਆ ਨਾ ਜਾਵੇ, ਨੇਤ੍ਰਾਂ ਤੋਂ ਬਾਹਰ ਵਹਿ ਤੁਰਿਆ ਤੇ ਕਈਆਂ ਦੇ ਬੁੱਲ੍ਹਾਂ ਥੱਥਲਾਂਦੀ ਅਵਾਜ਼ 'ਚ (ਅਰਦਾਸ) ਬਖਸ਼ ਲੈ ਦਾਤਿਆ, ਗਲਤੀ ਮਾਫ ਕਰ ਦਿਓ ? ਸਾਥੋਂ ਸਾਡੀ ਰੋਸ਼ਨੀ (ਚਰਾਗ ਗੁੱਲ ਨਾ ਕਰੋ) ਨਾ ਖੋਹੋ ਦਾਤਿਆ, ਸੰਗਤ ਦੀ ਪੁਕਾਰ ਸੁਣੋ ! ਇਹਨਾਂ ਤੋਂ ਬਿਨਾਂ ਹਨੇਰਾ ਛਾ ਜਾਏਗਾ। ਬਖਸ਼ੋ ! ਬਖਸ਼ੋ !! ਬਖਸ਼ੋ !!!

ਡਾਕਟਰ ਭੀ ਵਿਸਮਾਦ ਵਿਚ ਆ ਕੇ ਖੜੇ ਸਨ । ਡਾਕਟਰਾਂ ਨੇ ਸਾਰੀ ਸੰਗਤ ਨੂੰ ਧੀਰਜ ਦੇ ਕੇ ਵਿਦਾ ਕੀਤਾ, ਕਿ ਸਾਨੂੰ ਬਾਬਾ ਜੀ ਦੀ ਦੇਖ ਭਾਲ ਕਰਨ ਦਿਓ, ਤਾਂ ਜੋ ਅਸੀਂ ਕੋਈ ਦੁਵਾਈ ਨੀਯਤ ਕਰ ਸਕੀਏ। ਜਦ ਸਾਰੀ ਸੰਗਤ ਦਿਲਾਂ ਤੇ ਪੱਥਰ ਰੱਖ ਕੇ ਬਾਹਰ ਆ ਗਈ। ਇਹਨਾਂ ਡਾਕਟਰਾਂ ਵਿਚੋਂ (ਹੈਦਰਾਬਾਦ ਦੇ ਨਵਾਬ ਸਾਹਿਬ ਵਲੋਂ ਭੇਜਿਆ ਡਾਕਟਰ ਹਿੰਦੂ ਸੀ ਤੇ ਨਾਂਦੇੜ ਦਾ ਡਾਕਟਰ ਸਿੱਖ ਸੀ) ਬਾਬਾ ਜੀ ਦੇ ਜ਼ਖਮ ਤੋਂ ਜਦ ਕੰਮਪੋਡਰ ਨੇ ਜੋਰ ਨਾਲ ਪੱਟੀ ਖੋਹਲੀ ਤਾਂ ਜ਼ਖਮ ਉੱਚੜ ਗਿਆ। ਬਾਬਾ ਜੀ ਨੇ ਕੋਈ ਦੁਖ ਨਾ ਮੰਨਿਆ, ਪਰ ਡਾਕਟਰ ਸਾਹਿਬ ਨੇ ਕੰਮਪੋਡਰ ਨੂੰ ਬਹੁਤ ਡਾਂਟਿਆ–ਕਿ ਤੈਨੂੰ ਅਕਲ ਨਹੀਂ ? ਕਿ ਮਰੀਜ਼ ਦੀ ਹਾਲਤ ਤਾਂ ਵੇਖਦੋਂ, ਫਿਰ ਕੋਈ ਭੀ ਜ਼ਖਮ ਦੀ ਪੱਟੀ ਖੋਹਲਣ ਲਗਿਆਂ ਇਤਨੀ ਬੇਰਹਿਮੀ ? ਇਹ ਡਾਕਟਰਾਂ ਦੇ ਅਸੂਲ ਤੋਂ ਬਾਹਰ ਹੈ। ਡਾਕਟਰ ਹਮਦਰਦ ਹੁੰਦਾ ਏ, ਦਯਾਵਾਨ ਹੁੰਦਾ ਏ। ਉਹ ਨਿਰਦਈ ਤੇ ਬੇਰਹਿਮ ਨਹੀਂ ਹੁੰਦਾ ਏ, ਮਰੀਜ਼ ਤਾਂ ਅਗੇ ਹੀ ਦੁਖ ਵਿਚ ਹੁੰਦਾ ਏ, ਤੇ ਡਾਕਟਰ ਦਾ ਕਰਮ ਉਸ ਨੂੰ ਹੋਰ ਦੁਖ ਦੇਣਾ ਨਹੀਂ, ਸਗੋਂ ਸੁੱਖ ਦੇਣਾ ਹੁੰਦਾ ਹੈ। ਪਰ ਤੂੰ ਬੜੀ ਬੇਰਹਿਮੀ ਦਾ ਪ੍ਰਗਟਾ ਕੀਤਾ ਹੈ। ਬਾਬਾ ਜੀ ਤਾਂ ਮਹਾਂਪੁਰਸ਼ ਹਨ। ਉਹਨਾਂ ਤਾਂ ਭਾਵੇਂ ਚੀਸ ਨਹੀਂ ਵੱਟੀ। ਪਰ ਸਾਨੂੰ ਤਾਂ ਜਦ ਵੇਖ ਕੇ ਹੀ ਇਤਨਾ ਦੁਖ ਮਹਿਸੂਸ (ਅਨੁਭਵ) ਹੋਇਆ ਹੈ ਕਿ ਅਸੀਂ ਸਹਿਨ ਨਹੀਂ ਕਰ ਸਕੇ, ਤੂੰ ਕਿਤਨਾ ਜ਼ਾਲਮ ਇਨਸਾਨ ਹੈਂ ?

ਅਸਾਂ ਬਾਬਾ ਜੀ ਨੂੰ ਇਥੇ ਇਲਾਜ ਕਰਨ ਲਈ ਲਿਆਂਦਾ ਹੈ। ਨਾ ਕਿ ਹੋਰ ਦੁੱਖ ਦੇਣ ਲਈ। ਡਾਕਟਰ ਸਾਹਿਬ ਦੇ ਸੱਚੇ ਸੁੱਚੇ ਡਾਕਟਰੀ ਫਰਾਇਜ਼ ਦੀ ਭਾਵੇਂ ਕਿਤਨੇ ਕੁਝਿਤਨ ਬਚਨ ਸਨ, ਸੁਣ ਕੇ ਬਾਬਾ ਜੀ ਨੇ ਹੱਥ ਨਾਲ ਡਾਕਟਰ ਸਾਹਿਬ ਨੂੰ ਧੀਰਜ ਦਿਤੀ।

ਕਈ ਦਿਨ ਡਾਕਟਰਾਂ ਨੇ ਆਪਣੀ ਸਮਝ ਮੁਤਾਬਕ ਪੂਰਾ ਜ਼ੋਰ ਲਗਾਇਆ। ਉਹਨਾਂ ਐਕਸਰੇ ਭੀ ਲਏ, ਪਰ ਰੋਗ ਸਮਝ ਨਾ ਆਵੇ। ਜੋ ਭੀ ਦੁਵਾਈ ਪਰਯੋਗ ਕਰਦੇ, ਉਹ ਇਕ ਰੱਤੀ ਭਰ ਭੀ ਕਾਟ ਨਾ ਕਰਦੀ। ਦਵਾਈਆਂ ਦੇ ਢੇਰ ਲੱਗ ਗਏ। ਜਦ ਭਾਈ ਨੱਥਾ ਸਿੰਘ ਜੀ ਨੇ ਬਾਬਾ ਜੀ ਨੂੰ ਦਵਾਈ ਲੈਣ ਲਈ ਕਹਿਣਾ ਤਾਂ ਬਾਬਾ ਜੀ ਕਹਿਣ ਅਸਾਂ ਹੁਣ ਕੋਈ ਦਵਾਈ ਨਹੀਂ ਖਾਣੀ। ਸਾਡੀ ਮਰਜ਼ ਦੀ ਇਹਨਾਂ ਨੂੰ ਸਮਝ ਨਹੀਂ ਆਈ ਅਤੇ ਨਾ ਹੀ ਇਹਨਾਂ ਕੋਲ ਇਲਾਜ ਹੈ। ਇਲਾਜ ਤਾਂ ਸਾਡਾ 'ਪੂਰੇ ਸਤਿਗੁਰ ਪਾਸਿ' ਹੀ ਹੈ, ਆਪੇ ਕਰਨਗੇ ? ਇਹ ਦਵਾਈਆਂ ਤੁਸੀਂ ਖਾ ਲਿਆ ਕਰੋ। ਹੁਣ ਹਿਸਾਬ ਨਿਬੇੜ ਲਵੋ, ਨਹੀਂ ਤੇ ਫਿਰ ਖਾਣੀਆਂ ਪੈਣਗੀਆਂ।

ਦੁਵਾਈ* ਬੰਦ ਕਰ ਦਿਤੀ। ਡਾਕਟਰ ਜੋ ਦੁਵਾਈ ਕਹਿਣ, ਉਹ ਲਿਆ ਕੇ ਰੱਖ ਦਿਤੀ ਜਾਦੀ। ਇਸ ਤਰਾਂ ਕਈ ਦਿਨ ਲੰਘ ਗਏ। ਜਦ ਇਹਨਾਂ ਬਚਨਾਂ ਦਾ ਸਿੰਘਾਂ ਨੂੰ ਪਤਾ ਲੱਗਾ ਕਿ ਬਾਬਾ ਜੀ ਦੁਵਾਈ ਦਾ ਪਰਯੋਗ ਨਹੀਂ ਕਰ ਰਹੇ ਤੇ ਕਹਿੰਦੇ ਹਨ–

ਸਤਿਗੁਰ ਬਾਝਹੁ ਵੈਦੁ ਨ ਕੋਈ ॥ [ਮਾਰੂ ਮ: ੩–੧੦੧੯

ਤਾਂ ਤੇ ਸਤਿਗੁਰੂ ਪਾਸ ਅਰਦਾਸ ਕਰੀਏ। ਇਸੇ ਵਿਚਾਰ ਤੇ ਬਾਬਾ ਜੀ ਦੀ ਦੇਹ ਅਰੋਗਤਾ ਲਈ ਅਖੰਡ ਪਾਠ ਰਖੇ ਜਾਣ ਦਾ ਪ੍ਰੋਗਰਾਮ ਬਣਾਇਆ ਗਿਆ।

ਬਾਬਾ ਜੀ ਦੀ ਦੇਹ ਅਰੋਗਤਾ ਲਈ ਅਖੰਡ ਪਾਠ

ਬਾਬਾ ਜੀ ਦੀ ਦੇਹ - ਅਰੋਗਤਾ ਲਈ 'ਸਤਿਗੁਰੂ ਵੈਦ' ਤੋਂ 'ਨਾਮ ਦਾਰੂ' ਦੁਆਉਣ ਲਈ ਅਖੰਡ ਪਾਠ ਰਖਵਾਏ ਗਏ–

੧. ਪੁਜਾਰੀ ਬੁੰਗੇ ਭਾਈ ਹੀਰਾ ਸਿੰਘ ਜੀ ਹੈੱਡ ਪੁਜਾਰੀ ਵਲੋਂ।

੨. ਤਖ਼ਤ ਸ੍ਰੀ ਸੱਚਖੰਡ ਹਜ਼ੂਰ ਸਾਹਿਬ ੩. ਗੁ: ਲੰਗਰ ਸਾਹਿਬ, ਡੇਰਾ ਬਾਬਾ ਨਿਧਾਨ ਸਿੰਘ ਜੀ ਆਦਿ ਤੇ ਭੋਗ ਪੈਣ ਤੇ ਬਾਬਾ ਜੀ ਦੀ ਦੇਹ ਅਰੋਗਤਾ ਲਈ ਅਰਦਾਸਾਂ ਕੀਤੀਆਂ ਗਈਆਂ।

ਇਕ ਮਿਸਤਰੀ ਸਿੰਘ ਦੀ ਅਰਦਾਸ

ਬਾਬਾ ਜੀ ਤੇ ਅਟੁੱਟ ਵਿਸ਼ਵਾਸ ਰੱਖਣ ਵਾਲਾ ਇਕ ਮਿਸਤਰੀ ਸਿੰਘ, ਜੋ ਬਾਬਾ ਜੀ ਦੀ ਸੰਗਤ ਕਰ ਕੇ ਅਤਿ ਪ੍ਰਭਾਵਤ ਹੀ ਨਹੀਂ ਹੋਇਆ ਸੀ, ਸਗੋਂ ਸਭ ਕੁਝ ਅਰਪਣ ਵੀ ਕਰ ਚੁੱਕਾ ਸੀ। ਜਦ ਉਸ ਨੇ ਇਹ ਸੁਣਿਆ ਕਿ ਬਾਬਾ ਜੀ ਬੀਮਾਰ ਹਨ, ਤਾਂ ਉਹ ਰਹਿ ਨਾ ਸਕਿਆ। ਉਹ ਬਾਵਰਾ ਹੋਇਆ ਆਇਆ ਅਤੇ ਤਖ਼ਤ ਸੱਚਖੰਡ ਹਜ਼ੂਰ ਤੇ ਵੈਰਾਗੀ ਹੋਏ ਨੇ ਅਰਦਾਸ ਕੀਤੀ ਕਿ ਹੇ ਸੱਚੇ ਪਾਤਸ਼ਾਹ ! ਕਲਗੀਧਰ ਪਿਤਾ ! ਮੈਂ ਨਿਮਾਣੇ ਨੇ ਸੰਸਾਰ ਤੇ ਜੀਊ ਕੇ ਕੀ ਕਮਾਣਾ(ਕਰਨਾ)ਹੈ। ਪਾਪੀ ਨੂੰ ਤਾਂ ਧਰਤੀ ਤੇ ਰਹਿਣ ਦਾ ਭੀ ਕੋਈ ਅਧਿਕਾਰ ਨਹੀਂ। ਮਹਾਂਪੁਰਸ਼ ਤਾਂ ਉਸ ਧਰਤੀ ਨੂੰ ਸੁਹੱਪਣ ਬਖਸ਼ਦੇ ਹਨ,ਰੂਪਵੰਤ ਬਣਾ ਦੇਂਦੇ ਹਨ–

ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥ [ਗਉੜੀ ਵਾਰ–੩੧੯

ਫਿਰ ਮੇਰਾ ਤਾਂ ਕੌਡੀ ਮੁੱਲ ਭੀ ਨਹੀਂ। ਪਰ ਮਹਾਂਪੁਰਸ਼ਾਂ ਦਾ ਇਕ ਇਕ ਪਲ ਭੀ ਕਰੋੜਾਂ ਦਾ ਹੈ, ਜਿਸ ਕਰ ਕੇ ਮੇਰੇ ਸੱਚੇ ਸਤਿਗੁਰੂ, ਮੇਰੀ ਉਮਰ ਚੋਂ ਦੋ ਸਾਲ ਬਾਬਾ ਜੀ ਨੂੰ ਦੇ ਦਿਓ, ਤਾਂ ਜੋ ਸਾਡੇ ਜਿਹੇ ਮੂਰਖਾਂ ਨੂੰ ਭੀ ਕਾਰੇ ਲਾ ਸਕਣ।

ਇਧਰ ਬਾਬਾ ਜੀ ਨੂੰ ਭੀ ਇਸ ਸਾਰੀ ਵਾਰਦਾਤ ਦਾ (ਕਿ ਸਾਡੀ ਦੇਹ ਅਰੋਗਤਾ ਲਈ ਅਖੰਡ ਪਾਠ ਰੱਖੇ ਹਨ, ਮਿਸਤਰੀ ਸਿੰਘ ਨੇ ਦੋ ਸਾਲ ਦੀ ਉਮਰ ਦੇਣ ਦੀ ਸਤਿਗੁਰੂ ਹਜ਼ੂਰ ਅਰਦਾਸ ਕੀਤੀ ਹੈ) ਪਤਾ ਲੱਗਾ, ਤਾਂ ਸੁਤੇ ਸਿੱਧ ਹੀ ਸਹਿਜ ਸੁਭਾਅ ਬਾਬਾ ਜੀ ਬਚਨ ਕਰਨ ਲਗੇ–ਹੇ ਸੱਚੇ ਪਾਤਸ਼ਾਹ ਜੀ !ਆਪ

* ਦੁਵਾਈਆਂ– ਉਹ ਬਾਬਾ ਜੀ ਦੀਆਂ ਭਾਈ ਨੱਥਾ ਸਿੰਘ ਜੀ ਨੇ ਖਾਧੀਆਂ। (ਅਗੇ ਪੜ੍ਹੋ) ਸ਼ੇਰ ਨਾਲ ਝੜਪ ਭਾਈ ਨੱਥਾ ਸਿੰਘ ਜੀ ਦੀ–ਮਹਾਂ ਪੁਰਸ਼ਾਂ ਦੇ ਬਚਨ ਸਤਿ ਹੋਏ।

ਜੀ ਤਾਂ ਜਾਣਦੇ ਹੀ ਹੋ ਕਿ ਹੁਣ ਇਹ ਚੋਲਾ ਪੁਰਾਣਾ ਹੋ ਗਿਆ ਹੈ। ਸਾਡੀ ਇੱਛਾ ਤਾਂ ਹੁਣ ਇਸਨੂੰ ਛੱਡਣ ਦੀ ਸੀ, ਪਰ ਸੰਗਤ ਨਾਲ ਤੁਸਾਂ ਗੰਢ ਤੁੱਪ ਕਰ ਲਈ ਜਾਪਦੀ ਏ। ਫਿਰ ਭੀ ਤੁਸਾਂ ਸੰਗਤ ਦੀ ਹੀ ਮੰਨੀ ਜੇ। ਦਾਸ ਦੀ ਬੇਨਤੀ ਪ੍ਰਵਾਨ ਨਹੀਂ ਕੀਤੀ। ਮੇਰੇ ਸੱਚੇ ਪਿਤਾ–ਕਲਗੀਧਰ ਪਾਤਸ਼ਾਹ ਸੁਣਿਆ ਏ, ਕਿ ਸੰਗਤ ਨੇ ਆਪ ਜੀ ਨੂੰ ਗੰਢ - ਤੁਪ ਕਰਵਾਉਣ ਲਈ ਰਿਸ਼ਵਤ (ਵੱਢੀ) ਦਿਤੀ ਗਈ ਏ (ਅਖੰਡ ਪਾਠਾਂ ਦੀ) ? ਕੀ ਆਪ ਭੀ ਅਜਿਹਾ ਕਰ ਲੈਂਦੇ ਹੋ ? ਹਾਂ,–

ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ ਬੁਝਹੁ ਸਬਦ ਵੀਚਾਰਿ ॥ [ਸ: ਮ: ੪–੧੩੧੪

ਆਪ ਸੰਗਤ ਦੀ ਕਿਵੇਂ ਮੋੜਦੇ, ਕਿਉਂਕਿ ਆਪ ਜੀ ਦਾ ਬਿਰਦ ਹੀ ਅਜਿਹਾ ਹੈ। ਪੰਚਮ ਪਾਤਸ਼ਾਹ ਜੀ ਨੇ ਦਿਲੀ ਦੀ ਸੰਗਤ ਦਾ ਮਾਨ ਰੱਖਣ ਵਾਸਤੇ ਚੰਦੂ ਦੀ ਧੀ ਦਾ ਸਾਕ ਮੋੜ ਦਿਤਾ ਸੀ। ਉਸ ਸਾਕ ਮੋੜਨ ਬਦਲੇ ਕਿਤਨੇ ਕੱਸ਼ਟ ਝੱਲੇ। ਵਾਹ ! ਵਾਹ ! ਮੇਰੇ ਸ਼ਹਿਨਸ਼ਾਹ, ਜਿਵੇਂ ਆਪ ਜੀ ਦੀ ਅਤੇ ਆਪ ਜੀ ਦੀ ਸੰਗਤ ਦੀ ਰਜ਼ਾ। ਹੁਣ ਇਹ ਗੰਢ ਤੁਪ ਥੋੜਾ ਸਮਾਂ ਹੀ ਰਹਿ ਸਕੇਗਾ। ਜੇ ਚੋਲਾ ਹੀ ਬਦਲ ਦੇਂਦੇ ਤਾਂ ਨਵਾਂ ਜਾਮਾ ਮਿਲ ਜਾਂਦਾ, ਤਾਂ ਹੋਰ ਸੇਵਾ ਕਰ ਲੈਂਦੇ। ਪਰ ਹੁਣ ਤਾਂ 'ਭਇਆ ਪੁਰਾਣਾ ਚੋਲਾ' ਕਿੰਨੀ ਕੁ ਕਾਢ ਕਢੇਗਾ। ਮਸਾਂ ਦੋ ਢਾਈ ਸਾਲ ਹੀ ਲੰਘ ਸਕਦੇ ਹਨ, ਅਕਸਰ ਪੁਰਾਣੇ ਚੋਲੇ [ਬਿਰਧ ਸਰੀਰ] ਨੇ ਫੱਟਣਾ ਹੀ ਹੈ।

ਕਲਗੀਧਰ ਪਿਤਾ ਜੀ ! ਆਪ ਜੀ ਨੇ ਆਪਣੇ ਸੇਵਕਾਂ, ਹੈੱਡ ਪੁਜਾਰੀ, ਸੇਵਾਦਾਰਾਂ ਅਤੇ ਪਰਉਪਕਾਰੀਆਂ ਦੀ ਅਰਦਾਸ ਨਹੀਂ ਮੋੜ ਸਕਦੇ ਸੀ। ਆਪ ਜੀ ਦਾ ਫੁਰਮਾਨ ਭੀ ਤੇ ਬਿਰਧ ਭੀ ਹੈ–

ਬਿਰਥੀ ਕਦੇ ਨਾ ਹੋਵਈ ਜਨ ਕੀ ਅਰਦਾਸ ॥ [ਬਿਲਾਵਲ ਮ: ੫–੮੧੯

ਸੋ ਸੱਚੇ ਪਿਤਾ ਜੀ ! ਜੋ ਆਪ ਦੀ ਰਜ਼ਾ ਹੈ–

ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ ॥ [ਪਉੜੀ–੫੨੩

ਹੇ ਅਕਾਲ ਪੁਰਖ ਜੀ ! ਬਖਸ਼ਸ਼ ਕਰੋ ! ਜੋ ਆਪ ਜੀ ਦੀ ਰਜ਼ਾ, ਹੁਕਮ ਦੀ ਪਾਲਣਾ ਕਰ ਸਕਣ ਦੀ ਹਿੰਮਤ ਰੱਖ ਸਕਾਂ ਅਤੇ ਜਿਤਨਾ ਚਿਰ ਆਪ ਜੀ ਦੀ ਰਜ਼ਾ ਹੋਵੇ, ਸੇਵਾ ਕਰਨ ਲਈ ਤਾਕਤ ਬਖਸ਼ਣੀ। ਇਉਂ ਅਕਾਲ ਪੁਰਖੁ ਅਗੇ ਅਰਦਾਸ ਕਰ ਰਹੇ ਸਨ। ਅੰਤਸ਼ਹ ਕਰਨ ਵਿਚ ਅਨੁਭਵ ਹੋ ਰਿਹਾ ਸੀ ਕਿ ਸੰਕਟ ਸਤਿਗੁਰਾਂ ਨਵਿਰਤ ਕਰ ਦਿਤਾ ਹੈ।

ਇਧਰ ਡਾਕਟਰ ਆਪਣੀ ਸਿਰ - ਤੋੜ ਵਾਹ ਲਾਈ ਜਾ ਰਹੇ ਸਨ। ਜਦੋਂ ਪੁਛਿਆ ਕਿ ਦੁਵਾਈ ਸਮੇਂ ਸਿਰ ਪ੍ਰਯੋਗ ਕਰ ਰਹੇ ਹੋ, ਵਾਹਿਗੁਰੂ ਕਰੇ, ਸਾਡੀ ਸੇਵਾ ਪ੍ਰਵਾਨ ਕਰਨ ਤੇ ਤੁਸੀਂ ਜਲਦੀ ਹੀ ਰਾਜ਼ੀ (ਅਰੋਗ) ਹੋ ਜਾਵੋ।

ਭਾਈ ਨੱਥਾ ਸਿੰਘ ਜੀ ਨੇ ਡਾਕਟਰ ਨੂੰ ਆਖਿਆ--ਡਾਕਟਰ ਸਾਹਿਬ ! ਬਾਬਾ ਜੀ ਤਾਂ ਦੁਵਾਈ ਦਾ ਪ੍ਰਯੋਗ ਨਹੀਂ ਕਰ ਰਹੇ। ਉਹਨਾਂ ਨੇ ਕਈ ਦਿਨਾਂ ਤੋਂ ਦੁਵਾਈ ਛੱਡੀ ਹੋਈ ਹੈ। ਤੁਸੀਂ ਜੋ ਦੁਵਾਈ ਦਿੰਦੇ ਹੋ, ਬਾਬਾ ਜੀ ਰੱਖੀ ਜਾਂਦੇ ਹਨ। ਡਾਕਟਰ ਜੀ ! ਤੁਸੀਂ ਆਪ ਉਹਨਾਂ ਨੂੰ ਦੁਵਾਈ ਖਾਣ ਲਈ ਆਖੋ, ਸ਼ਾਇਦ ਤੁਹਾਡੇ ਆਖਣ ਤੇ ਦੁਵਾਈ ਖਾ ਲਿਆ ਕਰਨ। ਸਾਨੂੰ ਤੇ ਕਹਿੰਦੇ ਹਨ ਕਿ ਦੁਵਾਈ ਤੁਸੀਂ ਖਾ

ਲਿਆ ਕਰੋ। ਭਲਾ ਇਹਨਾਂ ਦੀ ਬਿਮਾਰੀ ਦੀ ਦੁਵਾਈ ਮੈਂ ਕਿਵੇਂ ਖਾ ਲਵਾਂ ?

ਡਾਕਟਰ ਜੀ– ਬਾਬਾ ਜੀ ! ਆਪ ਦੁਵਾਈ ਵਰਤੋ, ਜ਼ਰੂਰ ਗੁਰੂ ਮਹਾਰਾਜ ਮਿਹਰ ਕਰ ਕੇ ਆਪ ਨੂੰ ਰਾਜ਼ੀ ਕਰਨਗੇ। ਅਕਸਰ ਇਹ ਬੀਮਾਰੀ ਬਹੁਤ ਖਤਰਨਾਕ ਹਾਲਤ ਤੱਕ ਪਹੁੰਚ ਚੁੱਕੀ ਸੀ, ਪਰ ਹੁਣ ਤਾਂ ਜਾਪਦਾ ਏ ਕਿ ਮੋੜ ਪੈ ਗਿਆ ਹੈ। ਦੁਵਾਈ ਨਾ ਵਰਤਣ ਦੀ ਸੂਰਤ ਵਿਚ ਬੀਮਾਰੀ ਲੰਮੀ ਹੋਣ ਦਾ ਡਰ ਹੈ ਤੇ ਲਾ-ਇਲਾਜ ਭੀ ਹੋ ਸਕਦੀ ਹੈ।

ਬਾਬਾ ਜੀ — ਡਾਕਟਰ ਸਾਹਿਬ ਜੀ ! ਪਹਿਲਾਂ ਰੋਗ ਦੀ ਪਛਾਣ ਕਰੋ, ਫਿਰ ਹੀ ਦੁਵਾਈ ਕਾਟ ਕਰੇਗੀ, ਤੇ ਉਸ ਦੇ ਵਰਤਣ ਦਾ ਲਾਭ ਭੀ ਹੋਵੇਗਾ। ਇਸ ਲਈ–

ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣਿ ॥ [ਵਾਰ ਮਲਾਰ ਮ: ੧–੧੨੭੮

ਤਾਂ ਹੀ ਰੋਗ ਦਾ ਦਾਰੂ ਹੁੰਦਾ ਹੈ। ਜਦੋਂ ਵੈਦ, ਡਾਕਟਰ–

ਰੋਗ ਦਾਰੂ ਦੋਵੈ ਬੁਝੈ ਤਾਂ ਵੈਦ ਸੁਜਾਨ ॥

ਤਾਂ ਹੀ ਤੁਸੀਂ ਸੁਜਾਨ (ਸਿਆਣੇ) ਸਮਝੇ ਜਾਵੋਗੇ, ਜਦ ਰੋਗ ਦੀ ਪਹਿਚਾਣ ਕਰ ਕੇ ਤੇ ਫਿਰ ਉਸ ਦਾ ਸਹੀ ਦਾਰੂ (ਦੁਵਾਈ) ਜਾਣਦੇ ਹੋਵੋਗੇ। ਜਦ ਆਪ ਜੀ ਦੀ ਸਮਝ ਵਿਚ ਰੋਗ ਆਇਆ ਹੀ ਨਹੀਂ ਤਾਂ ਦੁਵਾਈ ਫਿਰ ਸਾਡੇ ਕਿਸ ਕੰਮ ? ਸਾਨੂੰ ਸਾਡਾ ਰੋਗ ਪਛਾਣ ਕੇ ਅਜਿਹਾ ਦਾਰੂ ਦਿਓ–

ਐਸਾ ਦਾਰੂ ਲੋੜਿ ਲਹੁ ਜਿਤ ਵੰਞੈ ਰੋਗਾ ਘਾਣਿ ॥ [ਮਲਾਰ ਮ: ੧–੧੨੭੯

ਅਨੇਕਾਂ ਰੋਗਾਂ ਦਾ ਨਾਸ ਹੁੰਦਾ ਹੋਵੇ ! ਜੋ ਸਾਡੇ ਤਨ ਨੂੰ, ਮਨ ਨੂੰ ਹਰ ਵਕਤ ਦੁੱਖਾਂ ਰੋਗਾਂ ਵਿਚ ਘੇਰੀ ਬੈਠੇ ਹਨ। ਬਾਬਾ ਜੀ ਕਿਸੇ ਰੰਗ ਵਿਚ ਕੁਝ ਅਗੰਮੀ ਰਮਜ਼ ਦੀਆਂ ਗੱਲਾਂ ਕਰੀ ਜਾ ਰਹੇ ਸਨ, ਜਿਸ ਨੂੰ ਭਲਾ ਡਾਕਟਰ ਕੀ ਜਾਨਣ ਕਿ ਕੀ ਰੋਗ ਹੈ ?

ਆਪ ਜੀ ਨੇ ਕਿਹਾ ਹੈ, ਕਿ ਜੇ ਦੁਵਾਈ ਨਹੀਂ ਖਾਉਗੇ, ਤਾਂ ਕਦ ਤੱਕ ਪਏ ਰਹੋਗੇ ਅਤੇ ਰੋਗ ਲਾ - ਇਲਾਜ ਹੋ ਜਾਵੇਗਾ। ਡਾਕਟਰ ਸਾਹਿਬ ! ਇਹ ਤਾਂ ਮਾਲਕ (ਵਾਹਿਗੁਰੂ) ਦੀ ਰਜ਼ਾ ਹੈ। ਜਦ ਸਰੀਰ ਹੀ ਉਹਨਾਂ ਦਾ ਸਾਜਿਆ ਹੈ ਤਾਂ ਆਪਣੇ ਭਾਂਡੇ (ਜਿਸਮ) ਨੂੰ ਜਦ ਤੱਕ ਮਰਜ਼ੀ ਹੈ, ਅਜਿਹੀ ਬਿਵਸੱਥਾ ਵਿਚ ਰੱਖਣ। ਇਹ ਸਾਡੇ ਤੁਹਾਡੇ ਵੱਸ ਵਿਚ ਤਾਂ ਹੈ ਹੀ ਨਹੀਂ। ਡਾਕਟਰ ਵੈਦ ਤਾਂ ਕਹਿੰਦਾ ਹੈ ਕਿ ਦਾਰੂ ਮੇਰੇ ਵੱਸ ਹੈ, ਪਰ–

ਕਬੀਰ ਬੈਦ ਕਹੈ ਹਉ ਹੀ ਭਲਾ ਦਾਰੂ ਮੇਰੈ ਵਸਿ ॥
ਇਹ ਤਉ ਬਸਤੁ ਗੋਪਾਲ ਕੀ ਜਬ ਭਾਵੈ ਲੇ ਖਸਿ ॥ ੭੯ ॥ [ਸਲੋਕ ਕਬੀਰ–੧੩੬੮

ਇਉਂ ਬਿਨਾਂ ਦੁਵਾਈ ਖਾਧਿਆਂ ਕਈ ਦਿਨ ਗੁਜ਼ਰ ਗਏ। ਇਕ ਦਿਨ ਸਿੰਘ ਮਸਾਲਾ ਰਗੜ ਰਹੇ ਸਨ, ਤਾਂ ਬਾਬਾ ਜੀ ਨੇ ਪੁਛਿਆ–ਕੀ ਰਗੜ ਰਹੇ ਹੋ ? ਸੁਖ-ਨਿਧਾਨ ਦੀ ਦੇਗ ? ਤਾਂ ਸਾਨੂੰ ਭੀ ਇਕ ਚੁਲਾ

ਸੁਖ ਨਿਧਾਨ–ਇਹ ਮੁਢਲੀ ਮਰਯਾਦਾ ਜੋ ਬੁੱਢਾ ਦਲ ਵਿਚ ਚਲੀ ਆ ਰਹੀ ਹੈ ਤੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਭੀ ਦੋ ਵਕਤ ਹਜ਼ੂਰ ਦੇ ਦਰਬਾਰ (ਇਕ ਦੋ ਕਿੰਨਕੇ) ਸੁੱਖ ਨਿਧਾਨ ਦੇ ਪਾ ਕੇ ਦੇਗ ਦਾ ਭੋਗ ਲਗਦਾ ਹੈ। ਵਿਸਥਾਰ ਪਿੱਛੇ ਦਿਤਾ ਗਿਆ ਹੈ।

ਦਿਓ। ਸਿੰਘ ਡਰਦੇ ਸਨ ਕਿ ਡਾਕਟਰਾਂ ਡਬਲ ਨਮੂਨੀਏ ਦੀ ਸ਼ਿਕਾਇਤ ਦਸੀ ਹੋਈ ਹੈ ਅਤੇ ਸਰੀਰ ਭੀ ਉਹਨਾਂ ਦਾ ਅੰਨ - ਜਲ ਛੱਕਣ ਤੋਂ ਬਿਨਾਂ ਕਾਫੀ ਕਮਜ਼ੋਰ ਹੋ ਚੁਕਾ ਹੈ। ਨਾ ਜਾਣੇ, ਇਸ ਹਾਲਤ 'ਚ ਕਿਤੇ 'ਸੁਖ - ਨਿਧਾਨ' ਦੀ ਦੇਗ ਵਿਗਾੜ ਨਾ ਕਰੇ ?

ਅਜੇ ਸਿੰਘ ਇਹਨਾਂ ਸੋਚਾਂ ਵਿਚ ਹੀ ਸਨ, ਕਿ ਬਾਬਾ ਜੀ ਨੇ ਕਿਹਾ ਡਰੋ ਨਾ, ਭਰਮ ਨਾ ਕਰੋ, ਜਦ ਕਿ ਸਾਡੇ–

ਮੇਰਾ ਬੈਦੁ ਗੁਰੂ ਗੋਬਿੰਦਾ ॥ [ਸੋਰਠਿ ਮ: ੫–੬੧੮

ਹਨ ਤੇ ਉਹਨਾਂ ਹੀ ਫੁਰਮਾਇਆ ਹੈ। ਉਹਨਾਂ ਦਾ ਭੋਗ (ਪ੍ਰਸਾਦਿ) ਹੀ ਸਾਨੂੰ ਅਰੋਗ ਕਰ ਦੇਵੇਗਾ।

ਡਰਦੇ ਹੋਏ ਸਿੰਘਾਂ ਨੇ ਸਰਬਤੀ ਦੇਗ ਦੇ ਦੋ ਚੂਲ਼ੇ ਬਾਬਾ ਜੀ ਨੂੰ ਦਿਤੇ। ਇਸ ਤਰਾਂ ਬਾਬਾ ਜੀ ਦੋ ਵਕਤ, ਦੋ ਚੂਲੇ ਦੇਗ ਦੇ ਲੈ ਲਿਆ ਕਰਨ। ਕੁਝ ਹੀ ਦਿਨਾਂ ਵਿਚ ਸਰੀਰ ਦੀ ਰੌਂ ਬਦਲਣ ਲੱਗ ਪਈ। ਸਾਰੇ ਅਚੰਭਾ ਸਨ ਕਿ ਇਹ ਕੀ ਖੇਡ ਸੀ। ਜੇ ਇਹ ਹੀ ਦਾਰੂ ਸੀ ਤਾਂ ਆਪ ਮਾਤਾ ਜੀ ਦੇ ਅਸਥਾਨ ਤੇ ਹੀ ਮੰਗ ਲੈਂਦੇ। ਪਰ ਇਹਨਾਂ ਦੀਆਂ ਇਹ ਹੀ ਜਾਨਣ। ਇਹ ਕੀ ਭਾਣਾ ਸੀ। ਕਿਉ ਇਤਨੇ ਦਿਨ ਉਹਨਾਂ ਕਸ਼ਟ ਝਲਿਆ ਏ।

ਬਾਬਾ ਜੀ ਸਤਿਗੁਰੂ ਜੀ ਦਾ ਭਾਣਾ ਮੰਨਦੇ, ਉਸ ਅਕਾਲ ਅਕਾਲ ਪੁਰਖ ਦਾ ਸ਼ੁਕਰਾਨਾ ਕਰਦੇ- ਹੇ ਅਕਾਲ ਪੁਰਖ ਦਾਤਾਰ ਜੀਓ! ਕੀ ਅਜੇ ਮਾਤ ਲੋਕ ਇਸ ਖੰਡਰ ਚੋਲੇ ਵਿਚ ਹੀ ਕੁਝ ਸਾਲ ਹੋਰ ਰਖੋਗੇ। ਅਸੀਂ ਤਾਂ ਉਤਾਵਲੇ ਸਾਂ, ਜੋ ਆਪ ਜੀ ਦੀ ਦਰਗਾਹ ਵਿਚ ਪਹੁੰਚ ਕੇ ਦਰਸ਼ਨ ਕਰਦੇ। ਪਰ–

ਜਿਉ ਜਿਉ ਤੇਰਾ ਹੁਕਮ ਤਿਵੈ ਤਿਉ ਹੋਵਣਾ ॥ [ਪਉੜੀ–੫੨੩

ਜਿਵੇਂ ਆਪ ਜੀ ਦੀ ਰਜ਼ਾ !

ਜਥੇਦਾਰ ਬਾ: ਸਾਹਿਬ ਸਿੰਘ ਜੀ ਕਲਾਧਾਰੀ ਬੁੱਢੇ ਦਲ ਦਾ ਅਕਾਲ ਚਲਾਣਾ ਤੇ ਬਾਬਾ ਜੀ ਦਾ ਰਾਜ਼ੀ ਹੋਣਾ

ਇਧਰ ਪੰਜਾਬ ਵਿਚ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ, ਇਹਨਾਂ ਹੀ ਦਿਨਾਂ (ਜਦ ਬਾਬਾ ਮਿੱਤ ਸਿੰਘ ਜੀ ਬੀਮਾਰ ਹਸਪਤਾਲ ਸਨ) ਬੁੱਢੇ ਦਲ ਦੇ ਗਿਆਰ੍ਹਵੇਂ ਜ: ਬਾਬਾ ਸਾਹਿਬ ਸਿੰਘ ਜੀ ਕਲਾਧਾਰੀ-ਜੋ ਬ੍ਰਹਮ ਗਿਆਨੀ ਸਨ, ੧੫ ਸਾਵਣ, ੧੯੯੯ ਮੁਤਾਬਕ ਜੁਲਾਈ ੧੯੪੨ ਨੂੰ ਅਕਾਲ ਚਲਾਣਾ ਕਰ ਗਏ। ਇਹ ਖਬਰ ਭਾਵੇਂ 'ਤਾਰ' ਰਾਹੀ ਸੱਚਖੰਡ ਭੇਜੀ ਗਈ। ਬਾਬਾ ਜੀ ਦੀ ਸਖਤ ਬੀਮਾਰੀ ਕਾਰਨ ਅਤੇ ਡਾਕਟਰਾਂ ਵਲੋਂ ਮਨ੍ਹਾਂ ਕੀਤਾ ਹੋਇਆ ਸੀ, ਕਿ ਨਾ ਤਾਂ ਕੋਈ ਸਿੰਘ ਉਹਨਾਂ ਨੂੰ ਮਿਲੇ ਤੇ ਨਾ ਹੀ ਬਹੁਤਾ ਬੁਲਾਇਆ ਜਾਵੇ। ਅਤੇ ਨਾ ਹੀ ਕੋਈ ਦੁਖਦਾਈ ਖਬਰ [ਘਟਨਾ] ਦਸੀ ਜਾਵੇ ਤਾਂਕਿ ਕਿਧਰੇ ਦਿਲ ਤੇ ਮਾੜਾ ਅਸਰ ਹੋਣ ਨਾਲ ਕੋਈ ਹੋਰ ਖੇਡ ਨਾ ਵਰਤ ਜਾਵੇ। ਜਿਤਨਾ ਭੀ ਹੋ ਸਕੇ ਉਹਨਾਂ ਨੂੰ ਵਧ ਤੋਂ ਵਧ ਆਰਾਮ ਕਰਨ ਦਿਤਾ ਜਾਵੇ। ਕੋਈ ਅਜਿਹੀ ਚਿੰਤਾ ਜਨਕ ਖਬਰ ਨਹੀਂ ਦਸਣੀ ਜਿਸ ਨਾਲ ਇਹਨਾਂ ਦੇ ਮਨ ਤੇ ਅਸਰ ਹੁੰਦਾ ਹੋਵੇ। ਇਹ ਇਹਨਾਂ ਦੇ ਭਲੇ ਲਈ ਹੈ।

ਅਜਿਹੀਆਂ ਹਦਾਇਤਾਂ ਕਾਰਨ ਤਾਰ ਪੁੱਜਣ ਤੇ ਬਾਬਾ ਜੀ ਨੂੰ ਜਥੇਦਾਰ ਜੀ ਦੇ ਅਕਾਲ ਚਲਾਣੇ ਦੀ

ਖਬਰ ਨਾ ਦਿਤੀ ਗਈ। ਜਦ ਜਥੇਦਾਰ ਬਾਬਾ ਸਾਹਿਬ ਸਿੰਘ ਜੀ ਨਮਿੱਤ ਅਖੰਡ ਪਾਠਾਂ ਦੇ ਭੋਗ ਪੈ ਗਏ ਜਥੇਦਾਰੀ ਜੀ ਦਸਤਾਰ - ਬੰਦੀ ਦੀ ਰਸਮ ਹੋ ਚੁੱਕੀ ਤਾਂ ਭਾਈ ਇੰਦਰ ਸਿੰਘ ਜੀ‡ ਨਿਹੰਗ ਸਿੰਘ, ਭਾਈ ਪ੍ਰੀਤਮ ਸਿੰਘ ਜੀ ਇਹਨਾਂ ਨੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਧਿਬ ਦੇ ਦਰਸ਼ਨ ਦੀਦਾਰ ਕਰਨ ਦੀ ਵੀਚਾਰ ਦਾਸ ਨੂੰ ਦੱਸੀ।

‡ ਭਾਈ ਇੰਦਰ ਸਿੰਘ ਜੀ ਨਿਹੰਗ ਸਿੰਘ–ਇਹ ਪੁਰਾਤਨ ਬੁੱਢੇ ਦਲ ਦੇ ਸਿੰਘ ਸਨ ਤੇ ਸਾਡੇ ਨਗਰ ਗੌਂਦਲਾਂਵਾਲਾ, ਜ਼ਿਲਾ ਗੁਜਰਾਂ ਵਾਲ਼ਾ (ਹੁਣ ਪਾਕਿਸਤਾਨ) ਦੇ ਵਸਨੀਕ ਸਨ। ਪਹਿਲੀ ਵਾਰ ਮੈਂ ਪਿੰਡ ਤੋਂ ਇਹਨਾਂ ਨਾਲ ਸੰਨ ੧੯੩੪–੩੫ ਵਿਚ ਤਖ਼ਤ ਸੱਚਖੰਡ ਦੇ ਦੀਦਾਰ ਕਰਨ ਤੁਰਿਆ ਸਾਂ। ਪਰ ਸ੍ਰੀ ਅੰਮ੍ਰਿਤਸਰ ਆ ਕੇ ਇਹਨਾਂ ਦੋਹਾਂ ਸੱਜਣਾਂ (ਭਾਈ ਇੰਦਰ ਸਿੰਘ ਜੀ ਤੇ ਭਾਈ ਪ੍ਰੀਤਮ ਸਿੰਘ ਜੀ) ਦਾ ਮਨ ਬਦਲ ਗਿਆ। ਸ਼ਾਇਦ ਮੇਰੇ ਮਾਤਾ ਪਿਤਾ ਜੀ ਦੇ ਉਲਾਹਮੇਂ ਤੋਂ ਡਰ ਕੇ ਇਹ ਮੈਨੂੰ ਸ੍ਰੀ ਅੰਮ੍ਰਿਤਸਰ ਇਹ ਕਹਿ ਕੇ ਛੱਡ ਗਏ ਕਿ ਆਪ ਉਰਦੂ ਪੜ੍ਹੇ ਹੋ, ਇਸ ਕਰ ਕੇ ਬਲੀ ਸਿੰਘ ਨਿਹੰਗ ਸਿੰਘ (ਸੱਪਾਂ ਵਾਲਾ) ਜੋ ਚੰਗੇ ਵਿਦਵਾਨ ਸਨ ਅਤੇ ਸਾਰਾ ਜ਼ਫ਼ਰਨਾਮਹ ਅਰਥਾਂ ਸਮੇਤ ਇਹਨਾਂ ਨੂੰ ਜ਼ਬਾਨੀ ਯਾਦ ਸੀ। (ਸੱਪ ਜਿਹੋ ਜਿਹਾ ਭੀ ਹੁੰਦਾ ਆਪ ਉਸ ਨੂੰ ਸਿਰੀ ਤੋ ਪਕੜ ਲੈਂਦੇ ਸਨ, ਜਿਵੇਂ ਇਹ ਇਹਨਾਂ ਦੀ ਖੇਡ ਸੀ)] ਪਾਸੋਂ ਪੜ੍ਹ ਲਵੋਂ। ਥੋੜੇ ਦਿਨਾਂ ਤੱਕ ਅਸੀਂ ਆਵਾਂਗੇ ਤੇ ਫਿਰ ਸੱਚਖੰਡ ਚਲਾਂਗੇ।

ਮੈਂ ਇਕੱਲਾ ਰਾਹ ਨਹੀਂ ਸੀ ਵੇਖਿਆ, ਜਿਸ ਕਰ ਕੇ ਬੁਰਜ ਬਾਬਾ ਫੂਲਾ ਸਿੰਘ ਜੀ ਅੰਮ੍ਰਿਤਸਰ ਤੇ ਕੁਝ ਦਿਨ ਡੇਰਾ ਬਾਬਾ ਸ਼ਾਮ ਸਿੰਘ ਜੀ, ਅਤੇ ਚੱਬੇ (ਅੰਮ੍ਰਿਤਸਰ - ਤਰਨ ਤਾਰਨ ਦੀ ਸੜਕ ਉਤੇ ਸ਼ਹੀਦ ਬਾਬਾ ਨੌਧ ਸਿੰਘ ਜੀ, ਛਾਉਣੀ ਨਿਹੰਗ ਸਿੰਘਾਂ, ਬਾਬਾ ਧਰਮ ਸਿੰਘ ਜੀ ਪਾਸ ਰਹਿ ਕੇ) ਜ਼ਫ਼ਰ-ਨਾਮਹ ਅਰਥਾਂ ਸਮੇਤ ਪੜਿਆ ਤੇ ਅੰਮ੍ਰਿਤਸਰੋਂ ਹੀ ਅਨੰਦਪੁਰ ਸਾਹਿਬ ਹੋਲੇ ਮਹਲੇ ਤੇ ਜਾ ਕੇ ਕਲਾਧਾਰੀ ਜਥੇਦਾਰ ਬਾਬਾ ਸਾਹਿਬ ਸਿੰਘ ਜੀ ਦੇ ਹਸਤ ਕਮਲਾਂ ਰਾਹੀਂ ਅੰਮ੍ਰਿਤ ਪਾਨ ਕੀਤਾ। ਦਾਸ ਦਾ ਪਹਿਲਾ ਨਾਮ ਕਰਤਾਰ ਸਿੰਘ ਤੋਂ ਕ੍ਰਿਪਾਲ ਸਿੰਘ ਪ੍ਰਚਲਿਤ ਹੋ ਗਿਆ। ਇਹ ਸੰਨ ੧੯੩੪–੩੫ ਤੋਂ ਪਹਿਲਾਂ ਦੀ ਗੱਲ ਹੈ।

ਇਨ੍ਹਾਂ ਨੇ ਜ: ਕਲਾਧਾਰੀ ਜੀ ਦੇ ਅਕਾਲ ਚਾਲਣੇ ਤੋਂ ਬਾਅਦ ਤਖ਼ਤ ਸੱਚਖੰਡ ਜਾਣ ਦਾ ਵਿਚਾਰ ਬਣਾਇਆ ਤੇ ਸੱਚਖੰਡ ਵਾਪਸੀ ਤੋਂ ਮੈਨੂੰ ਆਪਣੇ ਨਾਲ ਹੀ ਪਿੰਡ ਮੱਤੇ (ਗੁਜਰਾਂਵਾਲੇ) ਲੈ ਗਏ। ਕਿਉਂਕਿ ਕਲਾਧਾਰੀ ਜਥੇਦਾਰ ਜੀ ਦੇ ਅਕਾਲ ਚਲਾਣੇ ਦਾ ਮੈਨੂੰ ਬਹੁਤ ਹੀ ਅਸਰ ਹੋਇਆ। ਇਤਨਾ ਦੁੱਖ ਜਾਂ ਯਾਦ ਕਦੇ ਮੈਨੂੰ ਮਾਤਾ ਪਿਤਾ, ਭੈਣ ਭਾਈਆਂ ਜਾਂ ਰਿਸ਼ਤੇਦਾਰਾਂ ਦੇ ਵਿਛੋੜੇ ਦੀ ਨਹੀਂ ਸੀ ਹੋਈ, ਜਿੰਨੀ ਕਿ ਜਥੇਦਾਰ ਜੀ ਦੇ ਵਿਛੋੜੇ ਤੇ ਪਿਆਰ ਨੇ ਮੈਨੂੰ ਉਦਾਸ ਕੀਤਾ। ਭਾਵੇਂ ਜਥੇਦਾਰ ਸਾਹਿਬ ਬਾਬਾ ਚੇਤ ਸਿੰਘ ਜੀ ਬੁੱਢਾ ਦਲ ਨੇ ਬਹੁਤ ਦਿਲਾਸਾ ਦਿਤਾ, ਪਰ ਮਨ ਦੀ ਉਪਰਾਮਤਾ ਹੋਰ ਵੀ ਵਧੇਰੇ ਹੋ ਗਈ। ਇਸੇ ਕਾਰਨ ਭਾਈ ਇੰਦਰ ਸਿੰਘ ਜੀ ਮੈਨੂੰ ਨਾਲ ਲੈ ਗਏ ਤੇ ਨਵਾਂ ਵਾਜਾ ਖਰੀਦ ਲਿਆ, ਤਾਂ ਕਿ ਪਿੰਡ ਮੱਤੇ ਕੀਰਤਨ ਸਤਿਸੰਗ ਦੀ ਰੁਚੀ ਨਾਲ ਮਨ ਦੀ ਉਪ੍ਰਾਮਤਾ ਦੂਰ ਹੋ ਸਕੇ।

ਜਵਾਨੀ ਉਮਰੇ ਮਹਾਂਪੁਰਸ਼ਾਂ ਦਾ ਅਥਾਹ ਪਿਆਰ (ਪਰਮ ਪੂਜਜ ਬਾਬਾ ਮਿੱਤ ਸਿੰਘ ਜੀ ਦਾ ਤੇ☞

ਉਸ ਵਕਤ ਮੇਰਾ ਮਨ ਦੁਚਿੱਤੀ ਵਿਚ ਸੀ ਅਤੇ ਇਤਨੀ ਛੇਤੀ ਜਾਣਾ ਭੀ ਉਚਿਤ ਨਾ ਸਮਝਿਆ ਕਿਉਂਕਿ ਬੁੱਢੇ ਦਲ ਦੇ ਲਿਖਾਰੀ ਹੋਣ ਦੇ ਨਾਤੇ ਭੀ ਮੇਰਾ ਚਲੇ ਜਾਣਾ ਠੀਕ ਨਹੀਂ ਸੀ। ਅਜੇ ਜਥੇਦਾਰ ਬਾਬਾ ਸਾਹਿਬ ਸਿੰਘ ਜੀ ਕਲਾਧਾਰੀ ਦੇ ਪਿਆਰ ਦਾ ਜੋ ਦਿਲ ਤੇ ਝੱਟਕਾ ਵੱਜਾ ਸੀ। ਕਿਉਂਕਿ ਮੇਰੇ ਹੱਥਾਂ ਵਿਚ ਇਹ ਖੇਡ ਵਰਤੀ ਸੀ।

ਜਿਸ ਕਰ ਕੇ ਮੈਂ ਭਾਈ ਇੰਦਰ ਸਿੰਘ ਜੀ ਨੂੰ ਕਲਾਧਾਰੀ ਜਥੇਦਾਰ ਸਾਹਿਬ ਜੀ ਦੀ ਅਕਾਲ ਚਲਾਣੇ ਦੀ ਫੋਟੋ, ਕੁੱਝ ਹੱਥ ਲਿਖਤ ਗ੍ਰੰਥ (ਚੰਡੀ ਦੀ ਵਾਰ) ਮੰਗਲ ਸ੍ਰੀ ਸਰਬ ਲੋਹ, ਆਰਤੀ ਆਰਤਾ, ਜਪੁ, ਜਾਪ ਸਾਹਿਬ ਆਦਿ) ਅਤੇ ਕੁਝ ਧਾਰਮਿਕ ਗ੍ਰੰਥ ਬਜ਼ਾਰੋਂ ਖਰੀਦ ਕੇ ਦਿਤੇ ਕਿ ਬਾਬਾ ਜੀ ਦੀ ਭੇਟ ਕਰ ਦੇਣੇ, ਅਤੇ ਮੇਰੀ ਨਿਮਰਤਾ ਸਹਿਤ ਫਤਹਿ ਬੁਲਾਉਣੀ ਤੇ ਨਾ ਆ ਸਕਣ ਦਾ ਕਾਰਨ ਦੱਸਣਾ। ਇਕ ਉਹਨਾਂ ਨੂੰ ਬੇਨਤੀ - ਪੱਤਰ ਭੀ ਲਿਖ ਦਿਤਾ–ਬਾਬਾ ਜੀ ਆਪ ਜੀ ਦੇ ਚਰਨ ਪਰਸਨ ਨੂੰ ਮਨ ਤਾਂ ਬਹੁਤ ਲੋਚਦਾ ਹੈ, ਕਿਉਂਕਿ ਆਪ ਜੀ ਦੇ ਪਿਆਰ ਦੇ ਸਦਕਾ,ਜਥੇਦਾਰ ਕਲਾਧਾਰੀ ਜੀ ਦੇ ਪਿਆਰ ਤੋਂ ਵਿਰਵਾ ਹੋ ਗਿਆ ਹਾਂ। ਪਰ ਕੁਝ ਦਿਨ ਤਕ ਪੰਥਕ ਜ਼ਿਮੇਂਵਾਰੀਆਂ ਕਾਰਨ ਅਸਮਰੱਥ ਹਾਂ, ਖਿਮਾਂ ਕਰਨਾ। ਭੇਜੀਆਂ ਵਸਤੂਆਂ (ਪੁਸਤਕਾਂ) ਪ੍ਰਵਾਨ ਕਰਨੀਆਂ।

ਇਹ ਸਾਰੀਆਂ ਚੀਜ਼ਾਂ ਲੈ ਕੇ ਭਾਈ ਇੰਦਰ ਸਿੰਘ ਹੀ ੩੦ ਸਾਵਣ ਸੰ:੧੯੯੯ ਸ੍ਰੀ ਅੰਮ੍ਰਿਤਸਰ ਤੋਂ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨੂੰ ਚਾਲੇ ਪਾ ਗਏ। ਸੱਚਖੰਡ ਪੁੱਜਣ ਤੇ ਇਹਨਾਂ ਨੂੰ ਪਤਾ ਲੱਗਾ ਕਿ ਬਾਬਾ

☞ ਸਤਿਕਾਰ ਯੋਗ ਕਲਾਧਾਰੀ ਜ: ਬਾਬਾ ਸਾਹਿਬ ਸਿੰਘ ਜੀ ਦਾ) ਮੇਰੇ ਮਨ ਤੇ ਡੂੰਘਾ ਘਾਓ ਕਰ ਗਿਆ ਸੀ, ਕਿਉਂਕਿ ਜਿਤਨਾ ਪਿਆਰ ਇਹਨਾਂ ਮਹਾਂਪੁਰਸ਼ਾਂ ਪਾਸੋਂ ਮੈਨੂੰ ਮਿਲਿਆ ਤੇ ਜੀਵਨ ਪੰਧ (ਆਤਮਕ ਉਚਾਈਆਂ ਦਾ) ਗਿਆਨ ਮਿਲਿਆ, ਉਤਨਾ ਕਦੇ ਮਾਂ ਬਾਪ ਪਾਸੋਂ ਭੀ ਨਹੀਂ ਸੀ ਮਿਲ ਸਕਿਆ। ਮਨ ਦੀ ਸ਼ਾਂਤੀ, ਟਿਕਾਓ ਦਾ ਸੰਤੁਲਨ ਉਖੜਿਆ ਉਖੜਿਆ ਲੱਗਦਾ। ਸਮਝ ਨਹੀਂ ਸੀ ਆ ਰਹੀ ਕਿ ਕਿਹੜਾ ਰਮਤਾ ਧਾਰਨ ਕਰਾਂ (ਘਰ ਜਾਵਾਂ ਜਾਂ ਬੁੱਢੇ ਦਲ ਵਿਚ ਵਿਚਰਾਂ) ਦੋਹੀਂ ਪਾਸੀਂ ਈਰਖਾਲੂ, ਅਪਣੱਤ ਵਾਲਿਆਂ ਤੋਂ ਡਰ ਲੱਗਦਾ। ਝਗੜੇ, ਈਰਖਾ, ਦੁਬਦਾ ਦੇ ਝੇੜੇ ਛੱਡ ਕੇ ਘਰ ਤਿਆਗਿਆ ਸੀ। ਮਨ ਦੀ ਸ਼ਾਂਤੀ, ਟਿਕਾਓ ਲਈ ਕਦੀ ਮਨ ਕਰਦਾ ਕਿ ਪਰਮ ਪੂਜਜ ਬਾਬਾ ਮਿੱਤ ਸਿੰਘ ਜੀ ਪਾਸ ਤਖਤ ਸੱਚਖੰਡ ਚਲਾ ਜਾਵਾਂ। ਮਨ ਕਿਸੇ ਨਿਰਣੇ ਤੇ ਨਾ ਪੁੱਜਣ ਕਰ ਕੇ, ਭ: ਇੰਦਰ ਸਿੰਘ ਜੀ ਦੇ ਨਾਲ ਪਿੰਡ ਮੁੱੜ ਵਾਪਸ ਆ ਗਿਆ।

ਉਪ੍ਰੋਕਤ ਘਟਨਾ ੧੯੪੪ ਵਿਚ ਭਾਈ ਇੰਦਰ ਸਿੰਘ ਜੀ ਨੇ ਸੱਚਖੰਡ ਵਾਪਸੀ ਬਾਬਾ ਜੀ ਦਾ ਬੀਮਾਰ ਹੋਣਾ, ਕਲਾਧਾਰੀ ਜੀ ਦੀ ਫੋਟੋ ਵੇਖ ਕੇ ਬਚਨ ਦਸੇ, ਜੀ ਕੀਤਾ ਕਿ ਹੁਣੇ ਸੱਚਖੰਡ ਚਾਲੇ ਪਾਵਾਂ, ਪਰ ਭਾਈ ਇੰਦਰ ਸਿੰਘ ਜੀ ਨੇ ਧੀਰਜ ਦੇ ਕੇ ਕਿਹਾ ਕਿ ਕੁਝ ਦਿਨਾਂ ਬਾਅਦ ਜੋੜੇ ਤੇ ਬਸਤ੍ਰ ਲੈ ਕੇ ਤਖ਼ਤ ਸੱਚਖੰਡ ਚੱਲਾਂਗੇ। ਤੁਸੀ ਮੇਰੇ ਨਾਲ ਚਲਣਾ। (ਇਹ ਹਾਲ ਪਿਛੇ ਆ ਚੁੱਕਾ ਹੈ।)

ਉਪ੍ਰੋਕਤ ਲਿਖੀ ਘਟਨਾ ਭਾਈ ਇੰਦਰ ਸਿੰਘ ਜੀ ਨਿਹੰਗ ਸਿੰਘ ਦੀ ਅੱਖੀ ਡਿੱਠੀ, ਸੱਚਖੰਡੋ ਵਾਪਸ ਆਣ ਤੇ ਦਾਸ ਨੂੰ ਸੁਣਾਈ ਸੀ, ਜੋ ਅੰਕਿਤ ਕੀਤੀ ਗਈ।

ਜੀ ਹੱਸਪਤਾਲ ਵਿਚ ਹੀ ਹਨ। ਜਦ 'ਸੰਗਤ ਬੁੰਗੇ' ਪੁੱਜੇ, ਤਾਂ ਬਾਬਾ ਜੀ ਦੇ ਦਰਸ਼ਨਾਂ ਲਈ ਭਾਈ ਨੱਥਾ ਸਿੰਘ ਜੀ ਨੂੰ ਕਿਹਾ। ਉਹਨਾਂ ਨੇ ਆਖਿਆ–ਡਾਕਟਰਾਂ ਨੇ ਉਹਨਾ ਨਾਲ ਕਿਸੇ ਨੂੰ ਮਿਲਣਾ ਜਾਂ ਗਲਬਾਤ ਕਰਨੀ ਮਨ੍ਹਾਂ ਕੀਤਾ ਹੋਇਆ ਹੈ?

ਭਾਈ ਇੰਦਰ ਸਿੰਘ ਜੀ ਨੇ ਕਿਹਾ ਕਿ ਤੁਸੀਂ ਇਕ ਵਾਰੀ ਬਾਬਾ ਜੀ ਨੂੰ ਬੇਨਤੀ ਕਰੋ ਕਿ ਪੰਜਾਬੋਂ ਲਿਖਾਰੀ ਸਿੰਘ ਜੀ [ਦਾਸ] ਦਾ ਜ਼ਰੂਰੀ ਸੰਦੇਸ਼ ਹੈ ਅਤੇ ਆਹ ਕੁਝ ਭੇਟਾਂ ਹਨ ਜੋ ਲਿਖਾਰੀ ਸਿੰਘ ਜੀ ਵਲੋਂ ਦੇਣੀਆਂ ਹਨ।

ਜਦ ਭਾਈ ਨੱਥਾ ਸਿੰਘ ਜੀ ਨੇ ਬਾਬਾ ਜੀ ਨੂੰ ਇਹ ਬੇਨਤੀ ਕੀਤੀ ਕਿ ਪੰਜਾਬ ਤੋਂ ਇਕ ਸਿੰਘ 'ਲਿਖਾਰੀ ਕ੍ਰਿਪਾਲ ਸਿੰਘ ਜੀ' ਦਾ ਸੰਦੇਸ਼ਾ ਲੈ ਕੇ ਆਏ ਹਨ ਅਤੇ ਆਪ ਦੇ ਦਰਸ਼ਨਾਂ ਦੀ ਆਗਿਆ ਮੰਗਦੇ ਹਨ। ਬਾਬਾ ਜੀ ਨੇ ਤੁਰੰਤ ਆਗਿਆ ਦੇ ਦਿਤੀ ਅਤੇ ਕਿਹਾ ਕਿ ਜਲਦੀ ਨਾਲ ਉਸ ਨੂੰ ਅੰਦਰ ਬੁਲਾਵੋ। ਸੰਦੇਸ਼ਾ ਤਾਂ ਸਾਨੂੰ ਪਹਿਲਾਂ ਹੀ ਪਹੁੰਚ ਚੁਕਾ ਹੈ। ਜੋ ਭਾਣਾ ਵਰਤਣਾ ਸੀ ਵਰਤ ਚੁੱਕਾ ਹੈ। ਉਸ ਦੀ ਕੇਵਲ ਤਸਦੀਕ ਕਰਨੀ ਹੀ ਬਾਕੀ ਹੈ।। ਅਸੀਂ ਨਹੀਂ ਸਾਂ ਜਾਣਦੇ ਕਿ ਇਹ ਸਭ ਕੁਝ ਸਾਡੇ ਜੀਵਨ ਲਈ ਕਿਉਂ ਹੋ ਰਿਹਾ ਹੈ। ਹੱਛਾ ਛੇਤੀ ਅੰਦਰ ਬੁਲਾਵੋ।

ਭਾ: ਇੰਦਰ ਸਿੰਘ ਜੀ ਨੇ ਅੰਦਰ ਜਾਕੇ, ਫਤਹਿ ਬੁਲਾ ਕੇ ਚਰਨ ਪਰਸੇ ਤੇ ਪੁਸਤਕਾਂ ਭੇਟ ਕੀਤੀਆਂ, ਤਾਂ ਬਾਬਾ ਜੀ ਨੇ ਕਿਹਾ ਉਹਨਾਂ ਦੀ ਭੇਟਾ ਪ੍ਰਵਾਨ ਹੈ। ਪਰ ਤੁਸੀਂ ਉਹਨਾਂ ਦਾ ਲਿਖਿਆ ਪਤਰ ਪੜ੍ਹ ਕੇ ਸੁਣਾਓ। ਜਦ ਪੱਤਰ ਬਾਬਾ ਜੀ ਨੂੰ ਪੜ੍ਹ ਕੇ ਸੁਣਾਇਆ ਤਾਂ ਬਾਬਾ ਜੀ ਨੇਤਰ ਮੁੰਦੀ ਕਿਤਨਾ ਚਿਰ ਚੁੱਪ ਰਹੇ। ਇਧਰ ਭਾਈ ਇੰਦਰ ਸਿੰਘ ਜੀ ਨੇ ਬਾਬਾ ਜੀ ਦੀ ਅਜਿਹੀ ਕਮਜ਼ੋਰ ਹਾਲਤ ਵੇਖ ਕੇ, ਕਲਾਧਾਰੀ ਜਥੇਦਾਰ ਜੀ ਦੀ ਅਕਾਲ ਚਲਾਣੇ ਦੀ ਫੋਟੋ ਨਾ ਦੇਣੀ ਚਾਹੀ ਅਤੇ ਉਸ ਨੂੰ ਪਿੱਛੇ ਛੁਪਾ ਲਿਆ। ਜਦ ਬਾਬਾ ਜੀ ਨੇ ਨੇਤਰ ਖੋਹਲੇ ਤਾਂ ਕਹਿਣ ਲੱਗੇ ਭਾਈ ਸਿੱਖਾ! ਜਿਹੜਾ ਸੰਦੇਸ਼ਾ ਉਹਨਾਂ (ਲਿਖਾਰੀ ਜੀ) ਨੇ ਦੇ ਭੇਜਿਆ ਹੈ, ਉਹ ਤਾਂ ਤੁਸਾਂ ਦਿਤਾ ਹੀ ਨਹੀਂ। ਆਪ ਆ ਜਾਂਦੇ ਤਾਂ ਦਰਸਨ ਮੇਲੇ ਤਾਂ ਹੋ ਜਾਂਦੇ। ਵਾਹ ਵਾਹ, ਸਭ ਅੰਨ - ਜਲ ਦੇ ਅਧੀਨ ਹੈ। ਜਿਸ ਦੀ ਉਡੀਕ ਵਿਚ ਅਸੀਂ ਸਾਂ, ਲਿਆਓ! ਛੁਪਾਓ ਨਾ, ਬੱਸ ਇਹ ਹੀ ਖੇਡ ਸੀ, ਜੋ ਕਲਾਧਾਰੀ ਜਥੇਦਾਰ ਜੀ ਪਹਿਲਾਂ ਖੇਡ ਗਏ ਹਨ। ਲਿਆਓ ਉਹਨਾਂ ਦਾ ਫੋਟੋ, ਦਰਸ਼ਨ ਤਾਂ ਕਰ ਲਈਏ।

ਜਦ ਭਾਈ ਇੰਦਰ ਜੀ ਨੇ ਬਾਬਾ ਜੀ ਨੂੰ ਫੋਟੋ ਦਿਤੀ ਤਾਂ ਆਪ ਜੀ ਅਜਿਹਾ ਵਚਿੱਤਰ ਸਰੂਪ ਵੇਖ ਕੇ ਭਾਈ ਇੰਦਰ ਸਿੰਘ ਜੀ ਵੈਰਾਗੀ ਹੋ ਗਿਆ। ਬਾਬਾ ਜੀ ਨੇ ਉਸ ਨੂੰ ਧੀਰਜ ਦੇਂਦਿਆਂ ਕਿਹਾ–ਸਿੰਘਾ! ਇਹ ਕੀਹ? ਜੋ ਭਾਣਾ ਵਰਤਣਾ ਸੀ, ਉਹ ਵਰਤ ਗਿਆ, ਚਲਣ ਦੇ ਤਾਂ ਅਸਾਂ ਕਮਰਕੱਸੇ ਕੀਤੇ ਹੋਏ ਸਨ,ਪਰ ਕਲਾਧਾਰੀ ਜੀ ਤੁਸੀਂ ਪਹਿਲ ਕਰ ਗਏ ਹੋਹਾਂ, ਕਲਾਧਾਰੀ ਜੀ ਤੁਸੀਂ ਵਡੇ ਸਾਉ,ਸਾਡੀ ਵੀਚਾਰ ਸੀ ਕਿ ਤੁਹਾਡੇ ਪਹਿਰੇ ਵਿਚ ਅਸੀਂ ਚੜ੍ਹਾਈ ਕਰਦੇ। ਕਿਉਂਕਿ ਸਾਡਾ ਸਰੀਰ (ਚੋਲਾ) ਬਹੁਤ ਪੁਰਾਣਾ ਹੋ ਚੁੱਕਾ ਸੀ। ਆਪ ਜੀ ਤਾਂ ਅਜੇ ਤਿਆਰ ਬਰ-ਤਿਆਰ ਸੀ। ਹੱਛਾ! 'ਵਡਿਆ ਸਿਉ ਕਿਆ ਰੀਸ' ਵਡਿਆਂ ਨਾਲ ਕਾਹਦੀ ਰੀਸ। ਇਧਰ ਸਿੰਘਾਂ ਨੇ ਸਤਿਗੁਰੂ ਨੂੰ ਵੱਢੀ (ਅਖੰਡ ਪਾਠ ਕਰ ਕੇ) ਸਾਡੀ ਫਾਈਲ

ਦੱਬਵਾ ਦਿਤੀ ਹੈ । ਜਿਵੇਂ ਸਤਿਗੁਰੂ
(ਸੰਸਾਰ ਤੋਂ ਅੰਨ - ਜਲ ਮੁੱਕਣ ਦੀ ਤੇ ਚੋਲਾ ਬਦਲਣ ਦੀ)
ਜੀ ਦੀ ਰਜ਼ਾ । ਮਹਾਂਪੁਰਸ਼ਾਂ ਦੀ ਰੀਸ ਨਹੀਂ ਕੀਤੀ ਜਾ ਸਕਦੀ । ਹੁਣ ਸਾਨੂੰ ਦੋ ਢਾਈ ਵਰ੍ਹੇ ਜਿਊਣਾ
ਹੋਵੇਗਾ । ਚੰਗਾ ਪਾਤਸ਼ਾਹੋ ! ਸਾਡੀ ਫਤਹ ਪ੍ਰਵਾਨ ਕਰਨੀ ।

ਬਾਬਾ ਜੀ ਨੇ ਜਥੇਦਾਰ ਜੀ ਦੀ ਫੋਟੋ ਮਸਤਕ ਤੇ ਰੱਖੀ । ਕਿਸੇ ਵਜਦ ਵਿਚ ਪਰ ਹੌਲੀ ਜੇਹੇ ਕੁਛ ਕਹਿ
ਰਹੇ ਸਨ । ਅਜੇਹੀ ਵਿਸਮਾਦ ਪਰ ਸਮਝਣ ਤੋਂ ਖੇਡ ਵਰਤੀਂਦੀ ਰਹੀ ਕਿ ਇਕ ਦਮ ਬਾਬਾ ਜੀ ਨੇ ਜ਼ੋਰ
ਨਾਲ 'ਵਾਹਿਗੁਰੂ ਜੀ ਕਾ ਖਾਲਸਾ–ਵਾਹਿਗੁਰੂ ਜੀ ਕੀ ਫਤਹਿ' ਬੁਲਾਈ । ਚੇਹਰੇ ਤੇ ਇਕ ਨੂਰਾਨੀ ਝਲਕ,
ਮੱਥੇ ਤੇ ਖੇੜਾ ਸਰੀਰ ਵਿਚ ਫੁਰਤੀ, ਚੁਸਤੀ ਆ ਗਈ । ਇਹ ਵੇਖ ਕੇ ਭਾਈ ਇੰਦਰ ਸਿੰਘ ਜੀ ਅਤੇ
ਭਾਈ ਨੱਥਾ ਸਿੰਘ ਜੀ ਹੈਰਾਨ ਹੋ ਗਏ । ਇਹ ਕੀ ਅਸਚਰਜ ਖੇਡ ਦਰਸਾ ਰਹੇ ਹਨ ।

ਬਾਬਾ ਜੀ ਨੇ ਭਾਈ ਨੱਥਾ ਸਿੰਘ ਜੀ ਨੂੰ ਕਿਹਾ–ਆਹ ਸਭ ਵਸਤੂਆਂ ਸੰਭਾਲ ਲਵੋ । 'ਲਿਖਾਰੀ
ਸਿੰਘ' ਨੂੰ ਸੁਭ ਅਸੀਸਾਂ ਦਾ ਪੱਤਰ ਲਿਖ ਦਿਓ ਤੇ ਜਾਓ ! ਸੱਚਖੰਡ ਤਖ਼ਤ ਹਜ਼ੂਰ ਅਗੇ ਅਰਦਾਸ ਕਰੋ।ਅਤੇ
ਤ੍ਰੈਪਹਿਰੇ ਦੇਗ ਦੇ ਭੋਗ ਚੋਂ ਦੋ ਚੁਲੇ ਲਿਆ ਦਿਓ । ਅਸੀਂ ਠੀਕ ਹਾਂ । ਫਿਕਰ ਨਾ ਕਰੋ, ਜਿਨ੍ਹਾਂ ਦੀ ਉਡੀਕ
ਸੀ, ਓਹ ਆ ਮਿਲੇ ਹਨ, ਦਰਸ਼ਨ ਕਰ ਲਏ ਹਨ । ਪਹਿਲ ਕਰ ਗਏ ਨੇ । ਛੇਤੀ ਕਰੋ, ਨਾਲੇ ਸਿੰਘ ਨੂੰ ਭੀ
ਜਲ - ਪਾਣੀ ਛਕਾਓ । ਦੂਰੋਂ ਆਏ ਨੇ ਥੱਕੇ ਹੋਵਣਗੇ ।

ਏਧਰ ਬਾਹਰ ਬੈਠੇ ਸਿੰਘ ਬੜੇ ਉਤਾਵਲੇ, ਉਡੀਕ ਵਿਚ ਸਨ ਕਿ ਕਿਤਨਾ ਸਮਾਂ ਹੋ ਗਿਆ ਹੈ, ਪਰ
ਸਿੰਘ ਬਾਹਰ ਨਹੀਂ ਆਏ । ਕੀ ਕਾਰਨ ਹੋਵੇਗਾ । ਉਹ ਇਨ੍ਹਾਂ ਸੋਚਾਂ ਵਿਚ ਹੀ ਸਨ ਕਿ ਭਾਈ ਨੱਥਾ ਸਿੰਘ
ਜੀ ਤੇ ਭਾਈ ਇੰਦਰ ਸਿੰਘ ਜੀ ਬਾਹਰ ਆਏ । ਸਿੰਘਾਂ ਨੇ ਪੁੱਛਿਆ । ਜਦ ਨੱਥਾ ਸਿੰਘ ਕਾਰਬਾਰੀ ਜੀ ਨੇ
ਸਾਰੀ ਵਾਰਤਾਲਾਪ ਸਿੰਘਾਂ ਨੂੰ ਦੱਸੀ, ਤਾਂ ਸਾਰੇ ਸਿੰਘ ਬੜੇ ਵਿਸਮਾਦ ਜੇਹੇ ਹੋ ਗਏ । ਇਹ ਕੀ ਅਚੰਭਾ
ਖੇਡ ਵਰਤੀ ਹੈ ?

ਇਕ ਸਿੰਘ ਨੂੰ ਪਹਿਰੇ ਤੇ ਛੱਡ ਕੇ ਸਾਰੇ ਸਿੰਘ ਸੱਚਖੰਡ ਦਰਬਾਰ ਜਾ ਕੇ ਨਮਸ਼ਕਾਰ ਕੀਤਾ ।
ਸੁਖ ਨਿਧਾਨ ਦੀ ਦੇਗ ਦਾ ਭੋਗ ਲਗਣ ਲਈ ਹਜ਼ੂਰੀ ਦੀ ਹਾਜ਼ਰੀ ਵਿਚ ਪੁੱਜ ਚੁੱਕਾ ਸੀ । ਛੋਟੇ ਪੁਜਾਰੀ
ਜਦ ਅਰਦਾਸ ਕਰਨ ਲੱਗੇ, ਤਾਂ ਭਾਈ ਨੱਥਾ ਸਿੰਘ ਜੀ ਨੇ ਅਰਦਾਸ ਭੇਟ ਰੱਖ ਕੇ ਕਿਹਾ–ਬਾਬਾ ਜੀ ਵਲੋਂ
ਹਜ਼ੂਰ (ਕਲਗੀਧਰ ਪਾਤਸ਼ਾਹ ਜੀ ਦਾ) ਸ਼ੁਕਰਾਨਾ ਕਰਨਾ ਹੈ । ਆਪ ਜੀ ਦੀ ਬਖਸ਼ਸ਼ ਦਾ ਸਦਕਾ ਦੇਹ
ਅਰੋਗਤਾ ਹੋ ਗਈ ਹੈ । ਭੁੱਲਾਂ ਮਾਫ ਤੇ ਛੁੱਟੀਆਂ ਬਖਸ਼ਣੀਆਂ । ਜਿਤਨਾ ਸਮਾਂ ਹੋਰ ਬਖਸ਼ਿਆਂ ਹੈ, ਮਾਤਾ ਜੀ
ਦੇ ਅਸਥਾਨ ਦੀ ਸੇਵਾ ਕਰਨ ਦਾ ਬਲ ਬਖਸ਼ਣਾ । ਆਪ ਨੇ ਆਪਣਾ ਦੇਗ ਦਾ ਸੀਤ ਪ੍ਰਸ਼ਾਦਿ ਭੀ ਬਖਸ਼ਸ਼
ਕਰਕੇ ਰੋਗ ਖੰਡਨ ਕਰਨਾ ।

ਪੁਜਾਰੀ ਸਿੰਘ ਨੇ ਦੇਗ ਦੇ ਭੋਗ ਦੀ ਅਰਦਾਸ ਕੀਤੀ । ਬਾਬਾ ਜੀ ਦੀ ਬੇਨਤੀ ਦੀ ਅਰਦਾਸ
ਕੀਤੀ । ਕਾਰਬਾਰੀ ਸਿੰਘ ਭੋਗ ਦੀ ਦੇਗ ਦਾ ਪ੍ਰਸ਼ਾਦਿ ਦੇ ਦੋ ਚੁਲੇ ਲੈ ਕੇ ਬਾਬਾ ਜੀ ਨੂੰ ਛਕਾਣ ਲਈ ਜਦ
ਲੈ ਕੇ ਗਿਆ ਤਾਂ ਬਾਬਾ ਜੀ ਤਿਆਰ ਬਰ ਤਿਆਰ ਬੈਠੇ ਸਨ ।

ਜਦ ਇਹ ਖਬਰ ਸਿਵਲ ਸਰਜਨਾਂ ਨੂੰ ਦਸੀ ਗਈ, ਤਾਂ ਉਹ ਸਾਰੀ 'ਟੀਮ' ਡਾਕਟਰਾਂ ਦਾ ਗਰੁਪ

ਲੈ ਕੇ ਗਏ । ਜਦ ਚੰਗੀ ਤਰ੍ਹਾਂ ਬਾਬਾ ਜੀ ਦੀ ਜਾਂਚ ਕੀਤੀ ਤਾਂ ਸਭ ਹੈਰਾਨ ਹੋ ਗਏ ਕਿ ਉਹਨਾਂ ਨੇ ਕਿਹੜੀ ਦਵਾਈ ਵਰਤੀ ਹੈ ਜੋ ਘੰਟਿਆਂ ਵਿਚ ਹੀ ਸੋਨੇ ਤੇ ਸੁਹਾਗੇ ਦਾ ਕੰਮ ਕਰ ਕੇ 'ਹੱਥਾਂ ਤੇ ਸਰ੍ਹੋਂ ਜਮਾ ਕੇ ਵਿਖਾਈ ਏ ਕਿ ਸਰੀਰ ਵਿਚ ਇਕ ਦਮ ਰੂਹਾਨੀ ਭਰ ਦਿਤੀ ਹੈ ।

ਸੱਚ ਹੀ ਬਾਬਾ ਜੀ ਨੇ ਕਿਹਾ ਸੀ ਕਿ–'ਮੇਰਾ ਵੈਦ ਗੁਰੂ ਗੋਵਿੰਦਾ ॥' ਵਾਕਿਆ ਹੀ ਇਹ ਦੁਵਾਈਆਂ ਇਥੇ ਕਿਥੇ ਕਾਟ ਕਰਦੀਆਂ, ਜਦ ਰੋਗ ਅਡਿਠ ਹੋਵੇ ।

ਬਾਬਾ ਜੀ ਹੁਣ ਚੌਂਕੜੀ ਮਾਰੀ ਅਰੋਗ ਹਾਲਤ ਵਿਚ ਚੰਗੀ ਤਰ੍ਹਾਂ ਬਚਨ - ਬਿਲਾਸ ਕਰ ਰਹੇ ਸਨ । ਡਾਕਟਰਾਂ ਜਦ ਭਾਈ ਨੱਥਾ ਸਿੰਘ ਜੀ ਨੂੰ ਪੁਛਿਆ ਕਿ ਇਹਨਾਂ ਨੇ ਕੇਹੜੀ ਦੁਵਾਈ ਵਰਤੀ ਹੈ । ਸਵੇਰੇ ਬੋਲ ਭੀ ਨਹੀਂ ਸਕਦੇ ਸਨ, ਨਬਜ਼ ਭੀ ਬੜੀ ਧੀਮੀ ਸੀ । ਅਸੀਂ ਨਬਜ਼ ਦੀ ਹਰਕਤ ਤੋਂ ਚਿੰਤਾਤੁਰ ਸਾਂ, ਜੋ ਖਤਰੇ ਵਾਲੀ ਨਜ਼ਰ ਆਉਂਦੀ ਸੀ, ਪਰ ਇਤਨੀ ਜਲਦੀ ਸਭ ਕੁਝ ਬਦਲ ਜਾਣਾ, ਇਹ ਤਾਂ ਅਲਾਹੀ ਦਰਗਾਹੀ (ਵਾਹਿਗੁਰੂ ਜੀ ਦਾ) ਚਮਤਕਾਰ ਹੀ ਕਹਿ ਸਕਦੇ ਹਾਂ ।

ਬਾਬਾ ਜੀ ਦੀ ਦੇਹ ਵਿਚ ਪ੍ਰੀਵਰਤਨ

ਬਾਬਾ ਜੀ ਦੀ ਕਾਇਆਂ ਵਿਚ ਇਕ ਦਮ ਪ੍ਰੀਵਰਤਨ ਦੀ ਖਬਰ ਪਲਾਂ ਵਿਚ ਸ਼ਹਿਰ ਭਰ ਵਿਚ ਫੈਲ ਗਈ । ਸੰਗਤਾਂ ਅਸਚਰਜਤਾ ਨਾਲ ਵੇਖਣ ਆਉਣ ਲੱਗ ਪਈਆਂ । ਡਾਕਟਰਾਂ ਵਲੋਂ ਲਗਾਈ ਗਈ ਪਾਬੰਦੀ ਆਪੇ ਟੁੱਟ ਗਈ । ਡਾਕਟਰਾਂ ਦੇ ਵੇਖਦਿਆਂ ਵੇਖਦਿਆਂ ਸੰਗਤਾਂ ਦਾ ਭਾਰੀ ਇਕੱਠ ਹੋ ਗਿਆ । ਬਾਬਾ ਜੀ ਦੇ ਦਰਸ਼ਨ ਕਰ ਕੇ ਜਿਥੇ ਸੰਗਤਾਂ ਪ੍ਰਸੰਨਤਾ ਪ੍ਰਾਪਤ ਕਰ ਰਹੀਆਂ ਸਨ, ਉਥੇ ਪ੍ਰੇਮ - ਉਛਾਲੀਆਂ, ਵੈਰਾਗੀ ਹੋ ਕੇ ਗੁਰੂ ਜੀ ਦੇ ਚਰਨਾਂ ਵਿਚ ਜੁੜ ਕੇ ਅਰਦਾਸ ਕਰਦੀਆਂ ਬਹੁਤ ਹੈਰਾਨ ਹੋ ਰਹੀਆਂ ਸਨ– ਕਿ ਹੇ ਕਲਗੀਧਰ ਪਿਤਾ ਜੀ ! ਇਹ ਸਭ ਤੇਰੀ ਹੀ ਅਪਰ - ਅਪਾਰ ਲੀਲ੍ਹਾ ਹੈ । ਇਹ ਖੇਡ ਕੀ ਸੀ ! ਅਤੇ ਕਿਵੇਂ ਵਰਤਾਈ ?

ਸਾਰਿਆਂ ਦਾ ਹੈਰਾਨ ਹੋਣਾ

ਹੈੱਡ ਪੁਜਾਰੀ ਭਾਈ ਹੀਰਾ ਸਿੰਘ ਜੀ ਅਤੇ ਤਖ਼ਤ ਸੱਚਖੰਡ ਦੇ ਸਾਰੇ ਸੇਵਾਦਾਰ, ਬਾਬਾ ਨਿਧਾਨ ਸਿੰਘ ਜੀ ਅਤੇ ਹੋਰ ਸੇਵਾਦਾਰ ਪੁੱਜ ਗਏ । ਸਾਰੇ ਹੀ ਚਕ੍ਰਿੱਤ (ਹੈਰਾਨ) ਸਨ ਕਿ ਬਾਬਾ ਜੀ ਸਵੇਰੇ ਤਾਂ ਕਿਤਨੇ ਕਮਜ਼ੋਰ ਸਨ, ਅਤੇ ਹੁਣ ਇਤਨੀ ਜਲਦੀ ਸਿਹਤਯਾਬ ਹੋ ਗਏ ਹਨ । ਇਹਨਾਂ ਨੇ ਕਿਹੜਾ ਜਾਦੂ ਜਾਂ ਕਰਾਮਾਤ ਵਰਤੀ ਹੈ ।

ਬਾਬਾ ਜੀ ਨੇ ਧੀਰਜ ਦੇਣੀ

ਬਾਬਾ ਜੀ ਨੇ ਸਭ ਨੂੰ ਧੀਰਜ ਦੇਂਦਿਆਂ ਕਿਹਾ–ਇਹ ਨਾ ਜਾਦੂ ਨਾ ਕਰਾਮਾਤ ? ਇਹ ਤਾਂ–

ਕਰਤੇ ਹਥਿ ਵਡਿਆਈਆ ॥ [ਦਖਣੀ ਓਅੰਕਾਰ–੯੩੩

ਹਨ । ਇਸ ਲਈ ਉਹ ਆਪ ਹੀ ਜਾਨਣ–

ਮਾਰਿ ਆਪੇ ਜੀਵਾਲਦਾ ॥ [ਸਿਰੀਰਾਗੁ ਮ: ੫, ਪੰਨਾ ੪੮

ਫਿਰ ਤੁਸਾਂ ਸਾਧ ਸੰਗਤ ਦੀ ਅਰਦਾਸ, ਘਾਲ ਕਿਵੇਂ ਭੰਨ ਸਕਦਾ ਹੈ। ਮੇਰੇ ਸ਼ਹਿਨਸ਼ਾਹ ਦੀ ਕਰਾਮਾਤ ਸਾਧ ਸੰਗਤ ਦੀ ਅਰਦਾਸ ਹੀ ਹੈ। ਤੁਸਾਂ ਦੀ ਸੇਵਾ ਹੀ ਕਬੂਲ ਕਰ ਕੇ ਸਤਿਗੁਰਾਂ ਸਾਨੂੰ ਬਖਸ਼ਸ਼ ਕੀਤੀ ਹੈ। ਕੁਝ ਚੋਲੇ (ਸਰੀਰ) ਨੂੰ ਹੋਰ ਗੰਢ - ਤੁਪ ਕਰ ਦਿਤਾ ਨੇ। ਇਹ ਸਭ ਤੁਸਾਂ (ਸੰਗਤ) ਦੇ ਯਤਨਾਂ ਦਾ ਹੀ ਫਲ ਹੈ, ਅਤੇ ਸਾਡੇ ਪੂਜਜ ਜਥੇਦਾਰ ਕਲਾਧਾਰੀ ਬ੍ਰਹਮ ਗਿਆਨੀ ਬਾਬਾ ਸਾਹਿਬ ਸਿੰਘ ਜੀ ਬੁੱਢਾ ਦਲ ਦੇ ਸਾਥੋਂ ਪਹਿਲ ਕਰ ਗਏ ਹਨ। ਉਹਨਾਂ ਦਵਾਈ 'ਦਰਸ਼ਨਾਂ' ਦੀ ਭੇਜ ਦਿਤੀ ਹੈ। ਸਤਿਗੁਰੂ ਹਜ਼ੂਰ ਦਾ ਸੀਤ ਪ੍ਰਸ਼ਾਦਿ 'ਦੇਗ' ਨੇ ਸਾਡੇ ਸਾਰੇ ਕਸ਼ਟ ਕੱਟ ਦਿਤੇ ਹਨ। ਹੁਣ ਅਸੀਂ ਬਿਲਕੁਲ ਅਰੋਗ ਹਾਂ। ਦੋ ਢਾਈ ਵਰ੍ਹੇ ਦੀ ਮੋਹਲਤ ਹੋਰ ਮਿਲ ਗਈ ਹੈ, ਆਪ ਸਭ ਦੀ ਸੇਵਾ ਤੇ ਦਰਸ਼ਨ ਕਰਨ ਦੀ। ਗੁਰੂ ਰੂਪ ਸਾਧ ਸੰਗਤ ਜੀ ! ਸਾਨੂੰ ਖਿਮਾਂ ਕਰਨਾ। ਤੁਸਾਂ ਨੂੰ ਸਾਡੀ ਖਾਤਰ ਬਹੁਤ ਕਸ਼ਟ (ਤਕਲੀਫ) ਉਠਾਉਣਾ ਪਿਆ ਹੈ। ਪਰ ਸਾਨੂੰ ਹੁਣ ਆਗਿਆ ਬਖਸ਼ਣੀ। ਕੱਲ੍ਹ ਨੂੰ ਅਸੀਂ ਹਜ਼ੂਰ ਤੋਂ ਛੁੱਟੀਆਂ ਲੈ ਕੇ ਜਗਤ ਮਾਤਾ ਜੀ ਦੇ ਚਰਨ ਚੱਲ ਕੇ ਪਰਸਾਂਗੇ।

ਇਹ ਸੁਣ ਕੇ ਸਾਰਿਆਂ ਦੇ ਹਿਰਦੇ ਖੁਸ਼ੀ ਨਾਲ ਉੱਛਲ ਪਏ। ਬਾਬਾ ਜੀ ਆਪ ਕੁਝ ਦਿਨ ਹੋਰ ਆਰਾਮ ਕਰ ਲਵੋ। ਅਸਾਂ ਨੂੰ ਭੀ ਦਰਸ਼ਨਾਂ ਅਤੇ ਸੇਵਾ ਕਰ ਲੈਣ ਦਾ ਸੁਭਾਗ ਪ੍ਰਾਪਤ ਕਰ ਲੈਣ ਦਿਓ। ਚਲੈ ਹੀ ਜਾਣਾ ਹੈ ?

ਬਾਬਾ ਜੀ– ਸਾਧ ਸੰਗਤ ਜੀ ! ਹੁਣ ਜਦ ਸਤਿਗੁਰਾਂ ਨੇ ਖੁਸ਼ੀਆਂ ਬਖਸ਼ ਦਿਤੀਆਂ ਹਨ, ਤਾਂ ਸਾਧ-ਸੰਗਤ ਭੀ ਖੁਸ਼ੀਆਂ ਬਖਸ਼ੇ ਤੇ ਬਾਕੀ ਦਾ ਸਮਾਂ ਅਸੀਂ ਜਗਤ - ਮਾਤਾ–ਮਾਤਾ ਸਾਹਿਬ ਕੌਰਾਂ ਜੀ ਦੇ ਪਾਵਨ ਚਰਨਾਂ ਵਿਚ ਗੁਜ਼ਾਰਨ ਕਰੀਏ। ਇਉਂ ਸਭ ਸੰਗਤਾਂ ਦੀਆਂ ਖੁਸ਼ੀਆਂ ਪਰਾਪਤ ਕੀਤੀਆਂ। ਰਾਤ ਬੜੇ ਸੁੱਖ ਆਰਾਮ ਨਾਲ ਗੁਜ਼ਾਰਨ ਕੀਤੀ।

ਤ੍ਰੈਪਹਿਰਾ ਵੱਜਣ ਤੇ ਸੌਚ - ਇਸ਼ਨਾਨ ਕਰਨਾ

ਅੰਮ੍ਰਿਤ ਵੇਲੇ ਤ੍ਰੈ - ਪਹਿਰਾ ਵਜਿਆ। ਬਾਬਾ ਜੀ ਨੇ ਸਿੰਘਾਂ ਨੂੰ ਆਵਾਜ਼ ਦਿਤੀ। ਸਾਰਿਆਂ ਸਿੰਘਾਂ ਨੇ ਸੌਚ - ਇਸ਼ਨਾਨ ਕੀਤਾ। ਬਾਬਾ ਜੀ ਦਾ ਇਸ਼ਨਾਨ ਕਰਾਇਆ। ਦੁਮਾਲੇ ਝੁਲਾਏ, ਪ੍ਰਸ਼ਾਦਿ ਲੈ ਕੇ ਤਖਤ ਸ੍ਰੀ ਸੱਚਖੰਡ ਹਜ਼ੂਰ ਜੀ ਦੀ ਹਾਜ਼ਰੀ ਭਰਨ ਪੁੱਜੇ। ਅਰਦਾਸ ਭੇਟ ਰੱਖ ਕੇ, ਕਲਗੀਧਰ ਪਾਤਸ਼ਾਹ ਜੀ ਦਾ ਸ਼ੁਕਰਾਨਾ, ਅਰਦਾਸ ਪੁਜਾਰੀ ਸਿੰਘ ਪਾਸੋਂ ਕਰਵਾਈ। ਪਰਕਰਮਾਂ ਕਰ ਕੇ ਗੁਰੂ ਮਹਾਰਾਜ ਦਾ ਪਾਵਨ ਹੁਕਮਨਾਮਾ ਤੇ ਕੀਰਤਨ ਸਰਵਨ ਕੀਤਾ।

ਗੁ: ਮਾਤਾ ਜੀ ਦੇ ਚਾਲੇ ਪਾਣੇ

ਗੁਰਦਵਾਰਾ ਮਾਤਾ ਸਾਹਿਬ ਕੌਰਾਂ ਦੇ ਅਸਥਾਨ ਤੇ ਚਾਲੇ ਪਾਣ ਦੀਆਂ ਹਜ਼ੂਰ ਤੋਂ ਖੁਸ਼ੀਆਂ ਲਈਆਂ। ਸੰਗਤ ਬੁੰਗੇ ਆ ਕੇ ਸਾਰਿਆਂ ਸਿੰਘਾਂ ਨੇ ਜਲ - ਪਾਣੀ ਛੱਕਿਆ ਅਤੇ ਦਿਨ ਚੜ੍ਹੇ ਜਾਣ ਦੇ ਤਿਆਰੇ ਕੀਤੇ। ਪੁਜਾਰੀ ਸਿੰਘ ਨੇ ਪਾਲਕੀ ਭੇਜ ਦਿਤੀ। ਪੁਜਾਰੀ ਸਿੰਘ ਆਪ ਭੀ ਅਤੇ ਹੋਰ ਸੰਗਤਾਂ–ਮਾਈ ਭਾਈ ਬਾਬਾ ਜੀ ਨੂੰ ਵਿਦਾ ਕਰਨ ਦੂਰ ਤੱਕ ਉਹਨਾਂ ਨਾਲ ਗਈਆਂ। ਬਾਬਾ ਜੀ ਨੇ ਬਹੁਤ ਸਾਰੀ ਸੰਗਤ ਨੂੰ

(ਹੈਦਰਾਬਾਦ ਦੱਖਣ) ਵਾਲੀ ਸੜਕ ਜੋ ਗੁਦਾਵਰੀ ਦੇ ਪੁਲ ਤੋਂ ਵਾਪਸ ਮੋੜ ਦਿਤਾ। ਕੁਝ ਕੁ ਸ਼ਰਧਾਲੂ ਪਰੇਮ ਭਾਵਨਾ ਨਾਲ ਵਾਰੀ ਵਾਰੀ ਪਾਲਕੀ ਚੁੱਕਦੇ, ਗੁ: ਮਾਤਾ ਸਾਹਿਬ ਕੌਰਾਂ ਜੀ ਦੇ ਅਸਥਾਨ ਤੱਕ ਅੱਠ ਮੀਲ ਪੈਦਲ ਪੁੱਜੇ।

ਸਭ ਸੰਗਤਾਂ ਨੂੰ ਵਿਦਾ ਕਰਨਾ

ਰਾਤ ਨੂੰ ਬਿਸਰਾਮ ਕੀਤਾ ਅਤੇ ਸਵੇਰੇ ਸਭ ਸੰਗਤਾਂ ਨੂੰ ਖੁਸ਼ੀਆਂ ਨਾਲ ਵਿਦਾ ਕੀਤਾ। ਇਸ ਤਰ੍ਹਾਂ ਜਿਵੇਂ ਬਾਬਾ ਜੀ ਨੇ ਕਿਹਾ ਸੀ ਕਿ ਦੋ ਢਾਈ ਸਾਲ ਜਥੇਦਾਰ ਬਾਬਾ ਸਾਹਿਬ ਸਿੰਘ ਜੀ ਕਲਾਧਾਰੀ ਦੇ ਅਕਾਲ ਚਲਾਣੇ ਪਿਛੋਂ ਚੜ੍ਹਾਈ ਕਰਾਂਗੇ। ਇਸ ਤਰ੍ਹਾਂ ਸਹਿਜ ਸੁਭਾ ਨਿਕਲੇ ਬਚਨਾਂ ਦੀ ਪੂਰਤੀ ਆਪ ਜੀ ਨੇ ਕਰ ਵਿਖਾਈ। ਜਥੇਦਾਰ ਬਾਬਾ ਸਾਹਿਬ ਸਿੰਘ ਜੀ ਕਲਾਧਾਰੀ ਬੁੱਢਾ ਦਲ ਦਾ ਅਕਾਲ ਚਲਾਣਾ ੧੫ ਸਾਵਣ, ਸੰਮਤ ੧੯੯੯, ਮੁਤਾਬਕ ਜੁਲਾਈ ੧੯੪੨ ਤੋਂ ਠੀਕ ੨ ਸਾਲ, ੨ ਮਹੀਨੇ, ੧੮ ਦਿਨ ਬਾਅਦ ਭਾਵ ੨ ਕਤਕ ਸੰਮਤ ੨੦੦੧ ਮੁਤਾਬਕ ਅਕਤੂਬਰ ਸੰਨ ੧੯੪੪ ਨੂੰ ਬਾਬਾ ਮਿੱਤ ਸਿੰਘ ਜੀ ਨੇ ਅਕਾਲ ਚਲਾਣਾ ਕੀਤਾ। [ਵਿਸਥਾਰ ਅੱਗੇ ਪੜ੍ਹਨਾ)

ਵਚਿੱਤ੍ਰ ਖੇਡ

ਇਹ ਸੀ ਮਹਾਂਪੁਰਸ਼ਾਂ ਦੀ ਵਚਿਤ੍ਰ ਖੇਡ, ਜਿਵੇਂ ਬਾਬਾ ਧਰਮ ਸਿੰਘ ਜੀ ਨੂੰ ਬਚਨ ਕੀਤਾ ਸੀ, ਕੰਡੇ ਦੀ ਪੀੜ ਹੈ, ਸਹਿ ਲਵੋ। ਪਰ ਉਹਨਾਂ ਵਲੋਂ ਬਚਨ* ਨਾ ਮੰਨਣ ਕਰ ਕੇ ਉਹਨਾਂ ਦੀ ਸਾਰੀ ਪੀੜਾ ਆਪਣੇ ਉਤੇ ਲੈ ਲਈ ਅਤੇ ਕਿਤਨਾ ਕਸ਼ਟ ਸਹਾਰਨ ਕੀਤਾ। ਪਰ ਕਿਸੇ ਤਰ੍ਹਾਂ ਭੀ ਕਿਸੇ ਨੂੰ ਮਹਿਸੂਸ ਨਾ ਹੋਣ

---

* ਬਚਨ ਪਾਲਣ ਨਾ ਕੀਤਾ - ਜਿਵੇਂ ਕਲਗੀਧਰ ਪਾਤਸ਼ਾਹ ਜੀ ਨੇ ਅਨੰਦਪੁਰ ਸਾਹਿਬ ਦੇ ਜੰਗ ਸਮੇਂ ਸਿੰਘਾਂ ਦੇ ਉਤਾਵਲੇ ਹੋ ਜਾਣ ਤੇ ਕਿਹਾ ਸੀ–ਸਿੰਘੋ ! ਤਿੰਨ ਦਿਨਾਂ ਦੀ ਖੇਡ ਹੈ, ਸਹਿਣ ਕਰ ਲਵੋ। ਕਲਜੁਗ ਪਲਟ ਕੇ ਸਤਿਜੁਗ ਲਾ ਕੇ ਖਾਲਸਾ ਜੀ ਦਾ ਰਾਜ ਸਥਾਪਤ ਕਰ ਜਾਣਾ ਹੈ। ਪਰ ਸਿੰਘਾਂ ਵਲੋਂ ਉਹਨਾਂ ਦਾ ਬਚਨ ਨਾ ਮੰਨਣ ਕਾਰਨ ਸਤਿਗੁਰੂ ਜੀ ਨੇ ਕਿਤਨਾ ਕਸ਼ਟ ਸਹਾਰਨ ਕੀਤਾ। ਪ੍ਰਵਾਰ ਵਿਛੜ ਗਿਆ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਸ਼ਹੀਦ ਕਰਵਾਏ, ਆਪ ਨੰਗੀ ਪੈਰੀਂ ਜੰਗਲਾਂ, ਬੀਆਬਾਨਾਂ ਦਾ ਸਫਰ ਕਰਦੇ, ਮਖਮਲੀ ਸੇਜਾਂ ਤੇ ਸੈਣ ਕਰਨ ਵਾਲੇ ਅੱਜ ਭੋਇੰ ਆਸਣ ਕਰ ਕੇ, ਟਿੰਡ ਦਾ ਸਿਰਹਾਣਾ, ਬਿਨਾਂ ਸੇਵਾਦਾਰ ਦੇ, ਫਿਰ ਭੀ–

ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆਂ ਦਾ ਰਹਿਣਾ॥ [ਖਿਆਲ ਪਾ: ੧੦

ਦਾ ਸ਼ੁਕਰ ਮਨਾਉਂਦੇ, ਖਾਲਸੇ ਦੇ ਕਰਮਾਂ ਨੂੰ ਕੋਸਦੇ, ਆਪਣੀ ਮੰਜ਼ਲ ਤਹਿ ਕਰਦੇ ਗਏ।

ਤਿੰਨ ਦਿਨਾਂ ਦੀ ਝਾਲ (ਦੁਖ - ਭੁਖ) ਨਾ ਝੱਲਣ ਕਾਰਨ, ਤਿੰਨ ਸਦੀਆਂ, ਪਤਾ ਨਹੀਂ ਹੋਰ ਕਿੰਨਾ ਕੁ ਸਮਾਂ ਪਿਛੇ ਪੈ ਗਏ, ਅਤੇ ਖਾਲਸੇ ਤੇ ਮੁਸੀਬਤਾਂ ਤੇ ਮੁਸੀਬਤਾਂ ਦੇ ਪਹਾੜ ਟੁੱਟਦੇ ਆ ਰਹੇ ਹਨ। ਅਸਾਂ ਕਲਗੀਧਰ ਪਿਤਾ ਜੀ ਦਾ ਬਚਨ ਤਾਂ ਮੰਨਿਆ ਨਹੀਂ ਸੀ। ਇਸ ਲਈ ਪਤਾ ਨਹੀਂ ਕਦ ਤੱਕ ਅਸਾਂ ਨੂੰ ਤਸੀਹੇ ਸਹਿਣੇ ਪੈਣਗੇ।

ਦਿਤਾ। ਅਜਿਹੀ ਅਚੰਭਾ ਖੇਡ ਤਾ ਸਾਡੇ ਸਾਰਿਆਂ ਲਈ ਸਿਵਾਏ ਹੈਰਾਨੀ ਦੇ ਹੋਰ ਕੀ ਹੋ ਸਕਦੀ ਹੈ, ਕਿਉਂਕਿ ਅਸੀਂ ਅਲਪੱਗ ਜੀਵਾਂ ਦੀ ਬੁੱਧੀ, ਸੋਚ ਤੋਂ ਪਰੇ ਦੀ ਗੱਲ ਹੈ। ਇਹ ਤਾਂ ਮਹਾਂਪੁਰਸ਼ ਹੀ ਜਾਨਣ ਇਹ ਵਚਿੱਤ੍ਰ ਚਿੱਤਰ ਕੀ ਖੇਡਿਆ ਗਿਆ ਸੀ। ਕਿਉਂਕਿ–

ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ॥ [ਸੁਖਮਨੀ–੨੭੩

ਅਜਿਹਾ ਕੌਤਕ ਤਾਂ ਬ੍ਰਹਮ ਵੇਤਾ ਹੀ ਸਮਝ ਸਕਦੇ ਹਨ।

ਬੁੱਢਾ ਦਲ ਜਥੇਦਾਰ ਜੀ ਦੀ ਬਰੋਬਰੀ ਨਾ ਕਰਨੀ

ਸ੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਜਥੇਦਾਰ ਜੀ ਦੀ ਬਰੋਬਰੀ ਨਾ ਕਰਦੇ ਹੋਏ ਆਪਣੀ ਫਾਇਲ ਨੂੰ ਠੱਪਵਾ ਕੇ ਅੱਗੇ ਪਾ ਦੇਣਾ, ਤਾਂਹੀਓਂ ਤੇ ਫੁਰਮਾਇਆ–

ਧਰਮ ਰਾਇ ਤਿਨ ਕਾ ਮਿਤੁ ਹੈ .... ॥ [ਮ: ੧–੧੦੯੧

ਅਤੇ ਬ੍ਰਹਮਵੇਤਾ ਦੀ ਅਵੱਸਥਾ–

ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥ [ਸੁਖਮਨੀ ਸਾਹਿਬ–੨੭੩

ਅਜੇਹੀਆਂ ਅਸਚਰਜ ਖੇਡਾਂ ਹੀ ਮਹਾਂਪੁਰਸ਼ਾਂ ਦੀ ਘਾਲ ਕਮਾਈ ਦਾ ਨਿਸਚਾ ਦ੍ਰਿੜਉਂਦੀਆਂ ਹਨ–

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਇ ॥ [ਸੂਹੀ ਮ: ੫–੭੪੯

ਭਾਵੇਂ ਅਕਾਲ ਪੁਰਖ ਜੀ ਦਾ ਅੱਟਲ ਨਿਯਮ ਕਦੇ ਟੱਲ ਨਹੀਂ ਸਕਦਾ–

ਸਭਨਾ ਮਰਣਾ ਆਇਆ ॥ [ਸੋਰਠਿ ਮ: ੧–੫੯੫

ਹੈ ਅਤੇ– ਕਾਲ ਹੀ ਭਾਇ ਭਇਓ ਭਗਵਾਨ ...... ॥

ਅਉਰ ਸੋ ਕਾਲ ਸਭੈ ਬਸ ਕਾਲ ਕੇ ਏਕ ਹੀ ਕਾਲ ਅਕਾਲ ਸਦਾ ਹੈ ॥ [ਅਕਾਲ ਉਸਤਤ

ਸੱਚਾਈ ਹੈ। ਪ੍ਰੰਤੂ ਭਗਤੀ ਸਿਮਰਨ ਕਰਨ ਵਾਲੇ ਭਗਤਾਂ ਸੰਤ ਜਨਾਂ, ਸਾਧ ਜਨਾਂ ਲਈ–

ਮੇਰੀ ਬਾਂਧੀ ਭਗਤੁ ਛਡਾਵੈ, ਬਾਂਧੈ ਭਗਤ ਨ ਛੂਟੈ ਮੋਹਿ ॥
ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥੧॥
[ਭਗਤ ਨਾਮਦੇਵ ਸਾਰੰਗ–੧੨੫੨

ਭਗਤ ਦੀ ਭਗਤੀ ਅਗੇ ਪ੍ਰਭੂ ਨੂੰ ਭੀ ਨਿਯਮ ਵਿਚ ਤਬਦੀਲੀ ਕਰਨੀ ਪੈਂਦੀ ਹੈ। ਜਿਵੇਂ ਸਤੀ ਅਨਸੂਆਂ ਦੇ ਸੱਤਜ ਨੇ ਛੇ ਮਹੀਨੇ ਸੂਰਜ ਨਾ ਚੜ੍ਹਨ ਦਿਤਾ, ਅਤੇ ਜਿਵੇਂ ਬਾਬਾ ਦੀਪ ਸਿੰਘ ਜੀ ਦਾ ਸੀਸ ਧੜ ਤੋਂ ਜੁਦਾ ਹੋ ਚੁਕਣ ਤੇ ਭੀ ਲਾੜੀ ਮੌਤ ਨੂੰ ਕਿਹਾ, ਠਹਿਰ–ਜਾਹ ! ਮੈਨੂੰ ਕੀਤੀ ਅਰਦਾਸ ਪੂਰੀ ਕਰ ਲੈਣ ਦੇ। ਪੂਰੇ ਸੱਤ ਮੀਲ ਧੜ ਲੜਦਾ ਆਇਆ। ਭਾਈ ਮਤੀ ਦਾਸ ਜੀ ਦੁਫਾੜ ਕੀਤੇ ਜਾ ਚੁੱਕੇ ਹਨ, ਪਰ ਪ੍ਰਾਣ ਅਟਕੇ ਹੋਏ ਹਨ। ਜਦ ਤੱਕ ਜਪੁਜੀ ਸਾਹਿਬ ਦੇ ਪਾਠ ਦੀ ਸਮਾਪਤੀ ਨਹੀਂ ਹੋਈ–ਇਸੇ ਕਰ ਕੇ–

ਜਮ ਦੂਤੁ ਨ ਆਵੈ ਨੇਰੇ ॥ [ਸੋਰਠਿ ਮ: ੬੩੦

ਇਉਂ ਮਹਾਂਪੁਰਸ਼– ਸਹਜੇ ਆਵੈ ਸਹਜੇ ਜਾਇ ॥ [ਗਉੜੀ ਮ: ੧–੧੫੨

ਪ੍ਰਭੂ ਰਜ਼ਾ ਵਿਚ ਰਹਿੰਦੇ ਜਗਤ ਲਈ ਵਿਸਮਾਦ ਕਰ ਦਿਖਲਾਉਂਦੇ ਹਨ।

ਨਵਾਬ ਦੇ ਸਿਵਲ ਸਰਜਨ ਨੇ ਬਾਬਾ ਜੀ ਨਾਲ ਮਾਤਾ ਜੀ ਦੇ ਅਸਥਾਨ ਤੇ ਜਾਣਾ

ਹੈਦਰਾਬਾਦ ਦੱਖਣ ਦੇ ਨਵਾਬ ਸਾਹਿਬ (ਜੋ ਬਹਾਦਰ ਸ਼ਾਹ ਦੀ ਗੱਦੀ ਤੇ ਸਨ) ਦੇ ਭੇਜੇ ਸਿਵਲ ਸਰਜਨ, ਭਾਵੇਂ ਹਿੰਦੂ ਜ਼ਾਤੀ ਦਾ ਮਰਹੱਟਾ ਸੀ। ਪਰ ਬਾਬਾ ਜੀ ਦੇ ਇਲਾਜ ਤੇ ਦਰਸ਼ਨਾਂ ਅਤੇ ਬਾਬਾ ਜੀ ਬਾਰੇ, ਉਹਨਾਂ ਦੀ ਸ਼ਖਸੀਅਤ ਬਾਰੇ ਸੁਣ ਕੇ, ਵੇਖ ਕੇ ਖਾਸ ਕਰ ਕੇ ਇਕ ਦਿਨ ਵਿਚ ਬਿਨਾਂ ਦੁਆਈ ਦੇ ਖਾਧਿਆਂ, ਉਹਨਾਂ ਦੇ ਅਰੋਗ ਹੋਣ ਦੇ ਕੌਤਕ ਨੂੰ ਵੇਖ ਕੇ ਬਹੁਤ ਹੀ ਪ੍ਰਭਾਵਤ ਹੋਇਆ। ਅਤੇ ਉਸ ਨੇ ਮਨ ਬਣਾਇਆ, ਕਿ ਕੁਝ ਦਿਨ ਇਥੇ ਹੋਰ ਰਹਿ ਕੇ ਮਹਾਂਪੁਰਸ਼ਾਂ ਦੀ ਸੰਗਤ ਅਤੇ ਉਹਨਾਂ ਦੀ ਸੇਵਾ ਦਾ ਸੁਭਾਗ ਪ੍ਰਾਪਤ ਕੀਤਾ ਜਾਵੇ। ਇਉਂ ਸਿਵਲ ਸਰਜਨ ਤੇ ਉਸ ਦੀ ਘਰਵਾਲੀ ਦੋਵੇਂ ਹੀ ਬਾਬਾ ਜੀ ਦੇ ਨਾਲ ਗੁ: ਮਾਤਾ ਜੀ ਦੇ ਅਸਥਾਨ ਤੇ ਆ ਗਏ।

ਪੰਜ ਸੱਤ ਦਿਨ ਬਾਬਾ ਜੀ ਦੀ ਸੰਗਤ ਤੇ ਸੇਵਾ ਕੀਤੀ। ਇਹਨਾਂ ਨੇ ਗੁਰੂ ਕਾ ਅਸਤਬਲ [ਘੋੜੇ ਵੇਖੇ] ਗਊਆਂ, ਬੈਲ, ਵੱਛੀਆਂ, ਵੱਛੇ, ਕੱਟੀਆਂ ਕੱਟੇ ਆਦਿ ਵੇਖੇ ਅਤੇ ਅਤੀ ਪਰਸੰਨ ਹੋਏ। ਸਿਵਲ ਸਰਜਨ ਸਾਹਿਬ ਦੀ ਇਸਤ੍ਰੀ ਨੇ ਬਾਬਾ ਜੀ ਦੇ ਪਾਸ ਆ ਕੇ ਕਿਹਾ ਕਿ ਔਹ ਵੱਛਾ ਕੇਡਾ ਸੁੰਦਰ ਤੇ ਮਨਮੋਹਣਾ ਹੈ।

ਬਾਬਾ ਜੀ ਝੱਟ ਹੀ ਉਸ ਦੀ ਭਾਵਨਾ ਨੂੰ ਜਾਣ ਗਏ। ਉਹਨਾਂ ਨੇ ਕਿਹਾ ਕਿ ਵੱਛੇ ਦੇ ਨਾਲ ਉਸ ਦੀ ਮਾਂ (ਗਊ) ਨੂੰ ਭੀ ਲੈ ਜਾਵੋ। ਇਕੱਲੇ ਵੱਛੇ ਨੂੰ ਕਿਉਂ ਲੈ ਜਾਂਦੇ ਹੋ। ਇਸ ਤਰਾਂ (ਮਾਂ)ਗਊ ਵੱਛੇ ਬਿਨਾ ਤਰਸੇਗੀ ਅਤੇ ਵੱਛਾ ਮਾਂ ਬਿਨਾਂ ਤੜਪੇਗਾ। ਇਉਂ ਤੁਸੀਂ ਭੀ ਇਕੱਲੇ ਵੱਛੇ ਦੀ ਬਿਹਬਲਤਾ ਵੇਖ ਕੇ ਪ੍ਰੇਸ਼ਾਨ ਹੋਵੋਗੇ। ਮਾਂ - ਪੁੱਤ ਦੋਵੇਂ ਲੈ ਜਾਵੋ।

ਗਊ ਤੇ ਵੱਛਾ ਲੈ ਜਾਣਾ

ਬਾਬਾ ਜੀ ਦੇ ਇਹ ਬਚਨ ਸੁਣ ਕੇ ਸਿਵਲ ਸਰਜਨ ਤੇ ਉਸ ਦੀ ਇਸਤ੍ਰੀ ਬੜੇ ਪ੍ਰਸੰਨ ਹੋਏ। ਜਦ ਸਿਵਲ ਸਰਜਨ ਬਾਬਾ ਜੀ ਨੂੰ ਗਊ ਵੱਛੇ ਦਾ ਮੋਖ ਦੇਣ ਲੱਗਾ, ਤਾਂ ਬਾਬਾ ਜੀ ਨੇ ਕਿਹਾ ਕਿ ਇਕ ਮਲਾਹ ਦੂਜੇ ਮਲਾਹ ਪਾਸੋਂ ਦਾਮ ਨਹੀਂ ਲੈਂਦਾ। ਫਿਰ ਤੁਸੀਂ ਸਾਡੀ ਕਈ ਦਿਨਾਂ ਤੋਂ ਸੇਵਾ ਕਰ ਰਹੇ ਹੋ। ਅਸੀਂ ਤਾਂ ਉਸ ਦਾ ਬੱਦਲ ਭੀ ਨਹੀਂ ਚੁੱਕਾ ਸਕੇ ਹਾਂ। ਜਦ ਤੁਸਾਂ ਕੋਈ ਫੀਸ ਨਹੀਂ ਲਈ, ਤਾਂ ਅਸੀਂ ਇਸ ਦਾ ਮੁੱਲ ਕਿਵੇਂ ਲਵੀਏ। ਨਾਲੇ ਇਹ ਤਾਂ ਹੈ ਹੀ ਸਾਧ ਸੰਗਤ ਦੀ ਵਸਤੂ, ਜਿਸ ਤੇ ਸਭ ਦਾ ਹੱਕ ਹੈ। ਆਪ ਕੋਈ ਪਰਾਏ ਭੀ ਤਾਂ ਨਹੀਂ ?

ਡਾਕਟਰ ਤੇ ਉਸ ਦੀ ਪਤਨੀ ਤੇ ਇਤਨਾ ਪ੍ਰਭਾਵ ਪਿਆ, ਕਿ ਉਹ ਹਮੇਸ਼ਾਂ ਲਈ ਸਭ ਮਾਰਗ ਛੱਡ ਕੇ ਗੁਰੂ ਘਰ ਦੇ ਉਪਾਸ਼ਕ ਬਣ ਗਏ। ਆਪਣੀ ਸੇਵਾ - ਭੇਟਾ ਮਾਤਾ ਜੀ ਦੇ ਅਸਥਾਨ ਤੇ ਕਈ ਵਾਰੀ ਆ ਕੇ ਦੇ ਜਾਂਦੇ ਤੇ ਕਈਆਂ ਹੋਰਨਾਂ ਨੂੰ ਪ੍ਰੇਰ ਕੇ ਨਾਲ ਲਿਆਉਂਦੇ ਤੇ ਇਸ ਅਸਥਾਨ ਨਾਲ ਜੋੜਦੇ।

ਬਾਬਾ ਜੀ ਵਾਲੀਆਂ ਦੁਵਾਈਆਂ ਭਾਈ ਨੱਥਾ ਸਿੰਘ ਜੀ ਨੇ ਖਾਣੀਆਂ ਸ਼ੇਰ ਨਾਲ ਝੜਪ

ਮਾਤਾ ਸਾਹਿਬ ਕੌਰਾਂ ਜੀ ਦੇ ਅਸਥਾਨ ਦੀ ਜ਼ਮੀਨ ਜੋ ਪਿੰਡ ਮੁਕਟ ਪਾਸ ਸੀ। ਇਕ ਦਿਨ ਉਥੇ ਅਚਾਨਕ ਸ਼ੇਰ ਆ ਗਿਆ ਅਤੇ ਗਊਆਂ ਉਪਰ ਝੱਪਟ ਪਿਆ। ਭਾਈ ਨੱਥਾ ਸਿੰਘ ਜੀ ਆਪਣੀ ਵੱਡੀ ਗਾਤਰੇ ਦੀ ਤਲਵਾਰ ਲੈ ਕੇ ਸ਼ੇਰ ਨਾਲ ਜਾ ਟਕਰੇ ਤੇ ਲਲਕਾਰਾ ਮਾਰਿਆ। ਇਹ ਸੁਣ ਕੇ ਸੇਰ ਨੇ ਗਊਆਂ ਨੂੰ ਛੱਡ ਦਿਤਾ ਤੇ ਭਾਈ ਨੱਥਾ ਸਿੰਘ ਜੀ ਵਲ ਦੌੜਿਆ, ਤੇ ਬੜੇ ਜੋਸ਼ੋ - ਖਰੋਸ਼ ਨਾਲ ਦਹਾੜਿਆ ਤੇ ਇਕ ਦਮ ਛਾਲ ਮਾਰ ਕੇ ਝੱਪਟ ਪਿਆ ਤੇ ਆਪਣੇ ਪੰਜਿਆਂ (ਨਹੁੰਆਂ) ਨਾਲ ਭਾਈ ਨੱਥਾ ਸਿੰਘ ਜੀ ਦਾ ਸਰੀਰ ਲਹੂ - ਲੁਹਾਨ ਕਰ ਦਿਤਾ, ਪਰ ਭਾਈ ਨੱਥਾ ਸਿੰਘ ਜੀ ਨੇ ਭੀ ਹਿੰਮਤ ਨਾ ਹਾਰੀ ਅਤੇ ਤਲਵਾਰ ਨਾਲ ਵਾਰ ਕਰ ਕੇ ਸ਼ੇਰ ਦੇ ਸਿਰ ਵਿਚ ਅਜਿਹੇ ਫੱਟ ਕੀਤੇ। ਜਿਸ ਨਾਲ ਡੂੰਘੇ ਘਾਵ ਹੋਣ ਤੇ ਸ਼ੇਰ ਨੱਠ ਗਿਆ। ਭਾਈ ਨੱਥਾ ਸਿੰਘ ਜੀ ਨੂੰ ਸਿੰਘਾਂ ਨੇ ਚੁੱਕ ਕੇ ਮਾਤਾ ਜੀ ਦੇ ਅਸਥਾਨ ਤੇ ਲੈ ਆਂਦਾ।

ਭਾਈ ਨੱਥਾ ਸਿੰਘ ਜੀ ਜ਼ਖਮਾਂ ਦੀ ਤਾਬ ਨਾ ਲਾ ਸਕੇ ਤੇ ਬੀਮਾਰ ਹੋ ਗਏ। ਉਹ ਦੁਵਾਈਆਂ ਜੋ ਬਾਬਾ ਜੀ ਲਈ ਖਰੀਦੀਆਂ ਹੋਈਆਂ ਸਨ। ਬਾਬਾ ਜੀ ਦੇ ਉਹ ਬਚਨ ਜੋ ਸਹਿਜ ਸੁਭਾ ਉਹਨਾਂ ਨੇ ਕੀਤੇ ਸਨ, ਯਾਦ ਆ ਗਏ (ਭਾਈ ਨੱਥਾ ਸਿੰਘ ਤੁਸੀਂ ਇਹ ਦੁਵਾਈਆਂ ਖਾ ਲਿਆ ਕਰੋ। ਹੁਣ ਖਾ ਲਵੋ, ਨਹੀਂ ਤਾਂ ਫਿਰ ਖਾਣੀਆਂ ਪੈਣਗੀਆਂ।) ਭਾਵੇਂ ਉਸ ਵਕਤ ਇਹ ਬਚਨ ਆਪ ਜੀ ਦੇ ਅਣਗੌਲੇ ਜਿਹੇ ਭਾਸਦੇ ਸਨ, ਪਰ ਮਹਾਂਪੁਰਸ਼ਾਂ ਦਾ ਬੋਲਿਆ ਕਿਸੇ ਪ੍ਰਥਾਇ ਹੋਇਆ ਕਰਦਾ ਹੈ, ਜੋ ਉਹ ਹੀ ਜਾਣਦੇ ਹਨ।

ਅੱਜ ਉਹੋ ਹੀ ਦੁਵਾਈਆਂ ਭਾਈ ਨੱਥਾ ਸਿੰਘ ਜੀ ਕਾਰਬਾਰੀ ਨੇ ਪਰਯੋਗ ਕੀਤੀਆਂ, ਜਿਸ ਨਾਲ ਉਹ ਰਾਜ਼ੀ ਜੋ ਗਏ।

ਭਾਈ ਮਹਿਤਾਬ ਸਿੰਘ ਜੀ ਦਰਜ਼ੀ ਨਾਲ ਦੁਬਾਰਾ ਅਗੰਮੀ ਬਚਨ

ਮਹਾਂ ਪੁਰਸ਼ਾਂ ਦੀ ਚਾਲ ਨਿਰਾਲੀ ਹੁੰਦੀ ਹੈ। 'ਭਗਤਾ ਕੀ ਚਾਲ ਨਿਰਾਲੀ ॥' ਇਹਨਾਂ ਦਾ ਕਥਨ ਭੀ ਨਿਰਾਲਾ ਤੇ ਭੇਦ ਭਰੀਆ ਰਮਜ਼ਾਂ ਨਾਲ ਹੁੰਦਾ ਹੈ। ਪਰ ਸਮਝ ਉਹੀ ਸਕਦਾ ਹੈ, ਜਿਸ ਨੂੰ ਅਜਿਹਾ ਗਿਆਨ ਹੋਵੇ। ਜਿਵੇਂ ਗੁਰਬਾਣੀ ਭਾਵੇਂ ਪੜ੍ਹਨ ਸੁਣਨ ਵਿਚ ਕਿਤਨੀ ਸਰਲ, ਸੁਖੈਣ ਜਾਪਦੀ ਹੈ, ਪਰੰਤੂ ਇਸ ਦੇ ਅਰਥ ਭਾਵ ਦੀ (ਅੰਦਰੂਨੀ ਭਾਵ ਦੀ) ਉਸ ਨੂੰ ਹੀ ਸੋਝੀ ਆ ਸਕਦੀ ਹੈ,ਜੋ ਉਸ ਮੰਡਲ ਵਿਚ ਸ਼ਬਦ ਸੁਰਤ ਦੀ ਪਹੁੰਚ ਰੱਖਦਾ ਹੋਵੇ। ਬਾਕੀ ਸੰਸਾਰਕ ਬਿਰਤੀ ਵਿਦਿਆ ਮੁਤਾਬਕ ਅਰਥ ਬੋਧ ਹੀ ਕਰ ਲੈਂਦੇ ਹਨ। ਇਸੇ ਤਰਾਂ ਕਈ ਵਾਰੀ ਭੂਤ-ਭਵਿਖ ਤੇ ਵਰਤਮਾਨ ਦੀ ਸਥਿਤੀ ਵਿਚ ਅਜਿਹੇ ਬਚਨ ਹੁੰਦੇ ਹਨ। ਜਿਨ੍ਹਾਂ ਨੂੰ ਸਮਝਣਾ ਅਤਿ ਕਠਨ ਹੁੰਦਾ ਹੈ। ਆਮ ਜੀਵਾਂ ਦੀ ਸੁਰਤ ਤਾਂ ਆਪਣੇ ਨਾਲ ਵਰਤੀ, ਸੁਪਨ, ਸਖੋਪਤ ਵਿਚ ਵੀ ਅਸੀਂ ਨਹੀਂ ਮੰਨਦੇ ਬੁੱਝਦੇ ਤੇ ਸਮਝ ਸਕਦੇ, ਪਰ ਮਹਾਂਪੁਰਸ਼ਾਂ ਦੇ ਅਜਿਹੇ ਬਚਨ ਤਾਂ ਕੀ ਸਮਝਣੇ ਹੋਏ।

ਭਾਈ ਮਹਿਤਾਬ ਸਿੰਘ ਜੀ (ਨੌਰੇ ਵਾਲੇ) ਪਹਿਲਾਂ ਭੀ ੯–੧੦ ਸਾਲ ਸੇਵਾ ਕਰ ਕੇ, ਬਾਬਾ ਜੀ ਦੇ

ਬੀਮਾਰ ਹੋ ਕੇ ਰਾਜ਼ੀ ਹੋਣ ਤੋਂ ਬਾਅਦ ਪੰਜਾਬ ਆ ਗਏ ਸਨ, ਕਿਉਂਕਿ ਇਹਨਾਂ ਦੇ ਮਾਤਾ ਜੀ ਬਹੁਤ ਬਿਰਧ ਸਨ। ਉਹਨਾਂ ਦੀ ਸੇਵਾ ਕਰਨ ਵਾਲਾ ਕੋਲ ਕੋਈ ਨਹੀਂ ਸੀ। ਭਾਈ ਮਹਿਤਾਬ ਸਿੰਘ ਜੀ ਕੁਝ ਸਮਾਂ ਘਰ ਰਹਿ ਕੇ ਦੁਬਾਰਾ ਤਖ਼ਤ ਸੱਚਖੰਡ ਦੇ ਦੀਦਾਰਿਆ ਨੂੰ ਗਏ। ਹੋਰ ਅਸਥਾਨਾਂ ਦੇ ਦਰਸ਼ਨ ਕਰ ਕੇ, ਮਾਤਾ ਜੀ ਦੇ ਅਸਥਾਨ ਤੇ ਪੁੱਜੇ। ਦਰਸ਼ਨ ਦੀਦਾਰ ਕਰ ਕੇ ਬਾਬਾ ਜੀ ਨੂੰ ਚਰਨ - ਬੰਦਨਾ ਕੀਤੀ।

ਬਾਬਾ ਜੀ– ਆਓ, ਜੀ ਆਇਆਂ ਨੂੰ! ਪੰਜਾਬ ਮਨ ਨਹੀਂ ਲੱਗਾ ? ਚੰਗਾ ਕੀਤਾ ਜੇ ਆ ਗਏ ਓ। ਜਲ - ਪਾਣੀ ਛੱਕੋ ਤੇ ਆਸਣ ਲਾਵੋ, ਸੇਵਾ ਕਰੋ।

ਭਾਈ ਮਹਿਤਾਬ ਸਿੰਘ– ਸਤਿਗੁਰਾਂ ਦੀ ਅਪਾਰ ਬਖਸ਼ਸ਼ ਅਤੇ ਆਪ ਦੀ ਕ੍ਰਿਪਾ ਦ੍ਰਿਸ਼ਟੀ ਦਾ ਸਦਕਾ, ਜੀਅ ਲੋਚਿਆ ਸੀ। ਦੁਬਾਰਾ ਦਰਸ਼ਨ ਕਰਨ ਦਾ ਬਲ ਬਖਸ਼ਿਆ ਜੇ। ਪਰ ਕੁਝ 'ਜਨਮ - ਮਾਂ' ਦੀ ਸੇਵਾ ਦਾ ਫਰਜ਼ ਮੇਰੇ ਜ਼ਿਮੇਂ ਹੋਣ ਕਰ ਕੇ ਬਹੁਤਾ ਸਮਾਂ ਦਰਸ਼ਨ ਨਹੀਂ ਕਰ ਸਕਾਂਗਾ।

ਬਾਬਾ ਜੀ– ਹਾਂ ਮਾਂਤਾ ਪਿਤਾ ਦੀ ਸੇਵਾ ਕਰਨੀ ਉਤਮ ਸੇਵਾ ਹੈ। ਉਹਨਾਂ ਦੀ ਸੇਵਾ ਜ਼ਰੂਰ ਕਰਨੀ ਚਾਹੀਦੀ ਹੈ। ਪਰ ਕੀ ਤੁਹਾਡਾ ਮਨ ਮੋਹ - ਮਮਤਾ ਵਿਚ ਤਾਂ ਨਹੀਂ ਫਸ ਗਿਆ ? ਕਿਉਂਕਿ–

ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗਿ ਖਾਇਆ॥ [ਸਲੋਕ ਮ: ੩–੬੪੩

ਬੱਚ ਕੇ ਰਹਿਓ ਜੇ।

ਭਾਈ ਮਹਿਤਾਬ ਸਿੰਘ ਜੀ– ਬਾਬਾ ਜੀ! ਆਪ ਜੀ ਦੀ ਸੰਗਤ,ਪੰਗਤ ਦੀ ਰੰਗਤ ਅਜੇਹੀ ਚੜ੍ਹੀ ਹੈ, ਸਤਿਗੁਰੂ ਜੀ ਕਿਰਪਾ ਕਰਨ, ਜੀਵਨ ਭਰ ਇਸ ਜਾਮੇ ਤਾਂ ਕੀ ਜੇ ਕਈ ਜਾਮੇ ਹੋਰ ਭੀ ਧਾਰਨੇ ਪਏ ਤਾਂ ਭੀ ਇਹ ਰੰਗ ਉਤਰੇਗਾ ਨਹੀਂ, ਸਗੋਂ ਦੂਣ ਸਵਾਇਆ ਹੋ ਕੇ ਉਘੜੇ-ਚਮਕੇਗਾ।

ਕੁਝ ਦਿਨ ਦਰਸ਼ਨ ਦੀਦਾਰ ਕਰ ਕੇ ਤੇ ਫਿਰ ਪੰਜਾਬ ਜਾਣ ਲਈ ਬਾਬਾ ਜੀ ਤੋਂ ਇਹ ਕਹਿ ਕੇ ਆਗਿਆ ਮੰਗੀ ਕਿ ਬਾਬਾ ਜੀ! ਮਾਤਾ ਜੀ ਘਰ ਇਕੱਲੇ ਹਨ ਤੇ ਉਹਨਾਂ ਦੀ ਸੇਵਾ - ਸੰਭਾਲ ਲਈ ਜਾਣਾਂ ਜ਼ਰੂਰੀ ਹੈ। ਕ੍ਰਿਪਾ ਕਰ ਕੇ ਆਗਿਆ ਦਿਓ।

ਬਾਬਾ ਜੀ–ਚੰਗਾ, ਜਿਵੇਂ ਆਪ ਜੀ ਦੀ ਰਜ਼ਾ! ਹਾਂ ਮਾਤਾ ਜੀ ਦੀ ਸੇਵਾ ਜਾ ਕੇ ਜ਼ਰੂਰ ਕਰੋ। ਪਰ ਚਾਰ ਮਹੀਨੇ ਜੇਕਰ ਆਪ ਹੋਰ ਠਹਿਰ ਜਾਂਦੇ, ਤਾਂ ਚੰਗਾ ਸੀ। ਫਿਰ ਆਪ ਨੇ ਸਦਾ ਹੀ ਪੰਜਾਬ ਰਹਿਣਾ ਹੈ। ਇਹ ਅਗੰਮੀ ਵਚਨ ਭਾਈ ਮਹਿਤਾਬ ਸਿੰਘ ਜੀ ਸਮਝ ਨਾ ਸਕੇ।

ਬਾਬਾ ਜੀ ਨੇ ਪੰਜਾਬ ਜਾਣ ਦੀ ਭਾਈ ਮਹਿਤਾਬ ਸਿੰਘ ਜੀ ਨੂੰ ਆਗਿਆ ਦੇ ਦਿਤੀ, ਪਰ (ਸਦਾ ਪੰਜਾਬ ਰਹਿਣਾ ਏ) ਦੀ ਰਮਜ਼ ਉਹਨਾਂ ਦੀ ਸਮਝ ਵਿਚ ਨਾ ਆਈ। ਉਹ ਪੰਜਾਬ ਆ ਗਏ। ਆਪ ਜੀ ਨੂੰ ਓਦੋਂ ਇਸ ਅਨੁਭਵੀ ਬਚਨ ਦਾ ਗਿਆਨ ਹੋਇਆ, ਜਦੋਂ ਚਾਰ ਮਹੀਨੇ ਬਾਅਦ ਬਾਬਾ ਜੀ ਅਕਾਲ ਚਲਾਣਾ ਕਰ ਗਏ। ਮਨ ਦੀਆਂ ਸੋਚਾਂ! ਫਿਰ ਕੀ ਕਰ ਸਕਦੀਆਂ ਸਨ। ਕਾਸ਼! ਇਹ ਗੱਲ ਬਾਬਾ ਜੀ ਰਮਜ਼ ਵਿਚ ਨਾ ਕਹਿੰਦੇ, ਸਗੋਂ ਸਪਸ਼ਟ ਆਖਦੇ ਤਾਂ ਜ਼ਰੂਰ ਬਚਨ ਦੀ ਪਾਲਣਾ ਕਰ ਕੇ ਚਾਰ ਮਹੀਨੇ ਹੋਰ ਠਹਿਰ ਜਾਂਦੇ ਤੇ ਬਾਬਾ ਜੀ ਦੇ ਅੰਤਮ ਦਰਸ਼ਨ ਹੋ ਜਾਂਦੇ। ਇਹ ਪਛੋਤਾਵਾ ਭਾਈ ਮਹਿਤਾਬ ਸਿੰਘ ਜੀ ਦੇ ਮਨ ਵਿਚ ਸਦਾ ਬਣਿਆ ਰਿਹਾ।

ਪਰੰਤੂ ਮਹਾਂਪੁਰਸ਼ ਵਾਹਿਗੁਰੂ ਦੇ ਹੁਕਮ ਨੂੰ ਸਾਫ ਉਜਾਗਰ ਨਹੀਂ ਕਰਦੇ। ਪਰ ਕਿਸੇ ਓਹਲੇ ਵਿਚ ਰੱਖ ਕੇ ਦਸ ਭੀ ਜਾਂਦੇ ਹਨ। ਪਰ ਸਮਝਣਾ ਕਠਨ ਹੈ।

ਬੰਦੂਕ ਚਲਾਉਣ ਦਾ ਸ਼ੌਕ ਪੂਰਾ ਕਰਨਾ

ਬਾਬਾ ਜੀ ਕਦੇ ਭੀ ਕਿਸੇ ਦੇ ਮਨ ਦੀ ਆਸ਼ਾ ਨੂੰ ਨਿਰਾਸ਼ਾ ਵਿਚ ਨਹੀਂ ਸਨ ਹੋਣ ਦੇਂਦੇ ਅਤੇ ਹਰ ਜੀਵ ਦੀ ਖੁਸ਼ੀ ਪ੍ਰਾਪਤ ਕਰਨ ਲਈ ਅਨੋਖੇ ਤੇ ਵਚਿਤਰ ਢੰਗ ਵਰਤ ਲੈਂਦੇ,ਜਿਸ ਨਾਲ ਉਸਦੇ ਹਰ ਪ੍ਰਸ਼ਨ ਦਾ ਉਤਰ ਹੁੰਦਾ। ਉਹ ਜੀਵ ਆਪ ਹੀ ਮਹਿਸੂਸ ਕਰ ਲੈਂਦਾ ਅਤੇ ਉਸ ਨੂੰ ਬਾਬਾ ਜੀ ਦੇ ਕਰਤਵ ਦੇ ਅਨੇਕਾਂ ਭਾਵ ਪੂਰਕ, ਭਾਵਾਂ ਦਾ ਸੁਤੇ ਸਿੱਧ ਹੀ ਪਰਕਾਸ਼ ਹੋ ਜਾਂਦਾ, ਜੋ ਸਦੀਆਂ ਭਰ ਦੀਆਂ ਮਿਹਨਤਾਂ ਨਾਲ ਸ਼ਾਇਦ ਹੀ ਪ੍ਰਾਪਤ ਹੁੰਦਾ ਹੋਵੇ। ਮਹਾਂਪੁਰਸ਼ਾਂ ਦਾ ਕੋਮਲ ਦਿਆਲੂ ਹਿਰਦਾ, ਕਦੀ ਸਹਿਨ ਨਹੀਂ ਕਰਦਾ ਕਿ ਕਿਸੇ ਦੀ ਆਤਮਾ ਤਿਹਾਈ ਰਹੇ। ਉਹ ਦਇਆ ਦਾ ਸੀਤਲ ਜਲ ਛਿੜਕ ਕੇ ਸ਼ਾਂਤੀ ਅਤੇ ਪਿਆਰ ਪ੍ਰਦਾਨ ਕਰਦੇ ਹਨ।

ਇਕ ਵਾਰੀ ਭਾਈ ਸੋਹਨ ਸਿੰਘ ਜੀ ਪਸ਼ੌਰੀਆ ਨਿਹੰਗ ਸਿੰਘ ਨੇ ਭਾਈ ਮਹਿਤਾਬ ਸਿੰਘ ਜੀ ਦੀ ਬੰਦੂਕ ਉਹਨਾਂ ਤੋਂ ਬਿਨਾਂ ਪੁੱਛੇ, ਉਨ੍ਹਾਂ ਦੇ ਆਸਣ ਤੋਂ ਲੈਕੇ ਫਾਇਰ ਕਰ ਦਿਤਾ (ਹੈਦਰਾਬਾਦ ਦੱਖਣ ਵਿਚ ਪਹਾੜੀ ਅਤੇ ਜੰਗਲੀ ਜਾਨਵਰਾਂ ਕਾਰਨ ਆਪਣੀ ਸ੍ਵੈ ਰਖਿਆ ਲਈ ਤੋੜੇਦਾਰ ਬੰਦੂਕਾਂ ਬਿਨਾਂ ਲੈਸੰਸ ਹਰ ਕੋਈ ਰੱਖ ਸਕਦਾ ਜੀ। ਅਜਿਹੀ ਨਵਾਬ ਵਲੋਂ ਆਗਿਆ ਸੀ।)

ਜਦ ਭਾਈ ਮਹਿਤਾਬ ਸਿੰਘ ਜੀ ਨੂੰ ਪਤਾ ਲੱਗਾ, ਤਾਂ ਉਹਨਾਂ ਨੂੰ ਬਹੁਤ ਗੁੱਸਾ ਆਇਆ ਕਿ ਬਿਨਾਂ ਪੁੱਛੇ, ਉਹਨਾਂ ਨੇ ਬੰਦੂਕ ਕਿਉਂ ਚੁੱਕੀ ਹੈ ? ਅਤੇ ਚਲਾ ਭੀ ਦਿਤੀ ਹੈ। ਇਹ ਉਨ੍ਹਾਂ ਨੇ ਅਯੋਗ ਕੰਮ ਕੀਤਾ ਹੈ। ਜੇਕਰ ਕੱਲ ਨੂੰ ਕੋਈ ਨੁਕਸਾਨ ਹੋ ਜਾਵੇ, ਤਾਂ ਮੈਂ ਖਾਹ ਮਖਾਹ ਅਪਰਾਧੀ ਘੋਸ਼ਤ ਕੀਤਾ ਜਾਵਾਂਗਾ। ਉਸ ਗੁਸੇ ਵਿਚ ਆਏ ਹੋਏ ਨੇ ਭਾਈ ਸੋਹਨ ਸਿੰਘ ਜੀ ਨੂੰ ਜ਼ੋਰ ਨਾਲ ਚਪੇੜ ਕੱਢ ਮਾਰੀ ਅਤੇ ਨਾਲ ਹੀ ਬੰਦੂਕ ਖੋਹ ਲਈ।

ਇਸ ਝਗੜੇ ਦਾ ਜਦ ਬਾਬਾ ਜੀ ਨੂੰ ਪਤਾ ਲੱਗਾ, ਤਾਂ ਉਹਨਾਂ ਨੇ ਭਾਈ ਸੋਹਨ ਸਿੰਘ ਜੀ ਦਾ ਬਦਲਾ ਲਊ ਗੁਸੇ ਨੂੰ ਠੰਢਿਆਂ ਕਰਨ ਲਈ, ਇਕ ਅਤਿ ਸੁੰਦਰ ਬੰਦੂਕ ਕੱਢ ਕੇ ਦਿਤੀ ਤੇ ਆਖਿਆ–ਲੈ ਗੁਰਮੁਖਾ ! ਤੂੰ ਇਸ ਨਾਲ ਆਪਣਾ ਸ਼ੌਕ ਪੂਰਾ ਕਰ ਲੈ। ਬਿਗਾਨੀ ਚੀਜ਼ ਦਾ ਕੀ ਮਾਨ 'ਜਬ ਭਾਵੈ ਲੈ ਖਸਿ' ਇਉਂ ਆਪਣੀ ਪ੍ਰਤੀਤਿ ਖੁੱਸ ਜਾਂਦੀ ਹੈ ਜੀਵ ਦੀ। ਲੈ ਹੁਣ ਬੰਦੂਕ ਚਲਾ ਅਤੇ ਸਿਖ ਲਓ ਨਿਸ਼ਾਨੇਬਾਜ਼ੀ। ਪਰ ਨਿਸ਼ਾਨਾ ਸਿੱਧਾ ਹੋਵੇ, ਤਾਂ ਭੈ ਕਾਹੇ ਦਾ। ਪਰ ਕਿਸੇ ਤੋਂ ਬਦਲਾ ਲੈਣ ਦੀ ਭਾਵਨਾ ਆਪਣੇ ਮਨ ਵਿਚ ਨਹੀਂ ਰਖਣੀ।

ਭਾਈ ਸੋਹਨ ਸਿੰਘ ਜੀ ਪਸ਼ੌਰੀਆ– (ਬਾਬਾ ਜੀ ਦੇ ਨੂਰਾਨੀ ਚਿਹਰੇ ਦੀ ਮੁਸਕਰਾਹਟ ਇਕ ਟੱਕ ਲਾਈ ਵੇਖਦੇ, ਪੱਥਰ ਦੀ ਮੂਰਤੀ ਬਣੀ ਖੜੇ ਹੱਥ ਜੋੜੀ ਗਲਤੀ ਦਾ ਅਹਿਸਾਸ ਕਰਦੇ ਕਿਹਾ) ਬਾਬਾ ਜੀ ਗਲਤੀ ਹੋ ਗਈ ਏ, ਬੜੀ ਕਿਰਪਾ ਕੀਤੀ ਜੇ, ਸੋਝੀ ਬਖਸ਼ੀ ਜੇ।

ਭਾਵੇਂ ਬਾਬਾ ਜੀ ਦੀਆਂ ਰਮਜ਼ਾਂ, ਜੋ ਪ੍ਰਭੂ ਭਗਤੀ, ਸਿਮਰਨ, ਸੇਵਾ ਦੇ ਮਾਰਗ ਦਰਸਾ ਰਹੀਆਂ

ਸਨ, ਪੂਰਨ ਸੋਝੀ (ਸਮਝ) ਤਾਂ ਨਾ ਆਈ, ਪਰ ਬਾਬਾ ਦੀ ਦੇ ਬਚਨਾ ਦਾ ਭਾਈ ਸੋਹਨ ਸਿੰਘ ਜੀ† ਪਿਸ਼ੌਰੀਏ ਦੇ ਮਨ ਤੇ ਅਜਿਹਾ ਅਸਰ ਹੋਇਆ, ਉਹਨਾਂ ਅੰਦਰ ਕ੍ਰੋਧ - ਅਗਨੀ ਮੰਦਾਗਨ ਹੋ ਗਈ, ਮਨ 'ਚ ਤੈ ਜਿਹਾ ਆਉਣ ਲੱਗਾ। ਉਹ ਸੋਚ ਰਹੇ ਸਨ ਕਿ ਮੈਂ ਅਜਿਹਾ ਕਿਉਂ ਕੀਤਾ।

ਜਦ ਇਹ ਬੰਦੂਕ, ਜੋ ਬਾਬਾ ਜੀ ਨੇ ਦਿਤੀ ਸੀ, ਵੇਖੀ ! ਤਾਂ ਉਸ ਤੇ ਇਤਨੀ ਸੁੰਦਰ ਕਾਰੀਗਰੀ ਹੋਈ ਹੋਈ ਸੀ ਕਿ ਵੇਖਣ ਵਾਲਾ ਚਕ੍ਰਿੱਤ ਰਹਿ ਜਾਂਦਾ ਸੀ। ਉਸ ਬੰਦੂਕ ਉਤੇ ਕਿਤਨੀਆਂ ਸੁੰਦਰ ਤਸਵੀਰਾਂ ਖੁਦੀਆਂ ਸਨ, ਜੋ ਕਿਸੇ ਚੰਗੇ ਕਾਰੀਗਰ ਦੀ ਕਲਾ ਕ੍ਰਿਤ ਦੀ ਪ੍ਰਦਸ਼ਨੀ ਦਰਸਾ ਰਹੀਆਂ ਸਨ। ਅਜਿਹਾ ਭਾਸ ਰਿਹਾ ਸੀ ਕਿ ਬਾਬਾ ਜੀ ਪਾਸ ਇਹ ਬੰਦੂਕ ਕਿਸੇ ਸ਼ਾਹੀ ਖਾਨਦਾਨ ਵਲੋਂ ਭੇਟ ਕੀਤੀ ਗਈ ਹੋਵੇਗੀ।

ਇਹ ਸੀ ਬਾਬਾ ਜੀ ਦੀ ਦਿਆਲਤਾ ਤੇ ਉਦਾਰਤਾ ਦੀ ਝਲਕ। ਜਿਸ ਤੋਂ ਬਾਬਾ ਜੀ ਦਾ ਹਰੇਕ ਪ੍ਰਾਣੀ ਲਈ ਕਿਤਨਾ ਉਪਕਾਰ ਜੀਵਨ ਪਤਾ ਲੱਗਦਾ ਹੈ। ਅਤੇ ਅਨੋਖੇ ਢੰਗ ਨਾਲ ਉਸ ਦੀ ਗਲਤੀ ਨੂੰ ਰੂਪਾ ਕੇ ਮਹਿਸੂਸ ਕਰਵਾ ਦਿੰਦੇ ਸਨ।

---

† ਭਾਈ ਸੋਹਨ ਸਿੰਘ ਜੀ ਪਿਸ਼ੌਰੀਆ–ਇਹਨਾਂ ਦਾ ਜਨਮ ਪਿੰਡ ਸੁਲਤਾਨਵਿੰਡ ਜ਼ਿਲਾ ਅੰਮ੍ਰਿਤਸਰ ਵਿਖੇ ਸੰਨ ੧੯੧੨ ਵਿਚ ਹੋਇਆ। ਆਪ ਦੇ ਪਿਤਾ ਸ: ਗੁਰਦਿੱਤ ਸਿੰਘ ਜੀ ਅਤੇ ਮਾਤਾ ਰਾਣੀ (ਬੀਬੀ ਹਰਿਕਰਮ ਕੌਰ ਜੀ) ਸਨ ਅਤੇ ਇਹਨਾਂ ਦੀ ਗੋਤ ਕਾਹਲੋਂ ਸੀ। ਗੁਰੂ ਕੇ ਬਾਗ ਦੇ ਮੋਰਚੇ ਸਮੇਂ ਇਹਨਾਂ ਦੀ ਉਮਰ ੯–੧੦ ਸਾਲ ਦੀ ਸੀ। ਇਹਨਾਂ ਦੇ ਵੱਡੇ ਭਰਾ ਸ: ਸੁਵਰਨ ਸਿੰਘ ਜੀ ਅਟੇਲਰੀ ਫੌਜ ਵਿਚ ਭਰਤੀ ਸਨ, ਜੋ ਨਾਸਕ (ਬੰਬੇ ਪਾਸ ਹੈ) ਰਹਿੰਦੇ ਸਨ ਅਤੇ ਤਖਤ ਸੱਚਖੰਡ ਦੇ ਕਈ ਵਾਰੀ ਦਰਸ਼ਨ ਕਰ ਆਏ ਸਨ। ਜਦ ਘਰ ਆਉਂਦੇ ਤਾਂ ਤਖਤ ਸੱਚਖੰਡ ਦੇ ਹੀ ਬਚਨ - ਬਿਲਾਸ ਕਰਦੇ ਸਨ। ਸੁਵਰਨ ਸਿੰਘ ਜੀ ਇਹ ਵੀ ਦਸਿਆ ਕਰਦੇ ਸਨ ਕਿ ਉਥੇ ਨਿਹੰਗ ਸਿੰਘਾਂ ਦੀ ਛਾਉਣੀ ਹੈ। ਜਿਸ ਕਰ ਕੇ ਭਾਈ ਸੋਹਨ ਸਿੰਘ ਜੀ ਦੇ ਮਨ ਵਿਚ ਤਖਤ ਸੱਚਖੰਡ ਦੇ ਦਰਸ਼ਨਾਂ ਦੀ ਲਾਲਸਾ ਪੈਦਾ ਹੋ ਗਈ ਤੇ ਪੜ੍ਹਾਈ ਦੀ ਰੁਚੀ ਵਲ ਮਨ ਨਾ ਲੱਗਦਾ।

ਇਸ ਕਰ ਕੇ ੧੯੩੦–੩੧ ਵਿਚ, ਜਦ ਭਾਈ ਸੋਹਨ ਸਿੰਘ ਜੀ ਚੌਥੀ ਜਮਾਤ ਵਿਚ ਪੜ੍ਹਦੇ ਸਨ, ਤਾਂ ਘਰੋਂ ੨੦/– ਰੁਪੈ ਚੋਰੀ ਕਰ ਕੇ ਪਸ਼ੌਰ ਤੋਂ ਭੱਜ ਗਏ। ਅਤੇ ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ੧੩ ਰੁਪਈਆਂ ਵਿਚ ਪਹੁੰਚ ਗਏ। ਸਾਢੇ ਗਿਆਰਾਂ ਸਾਲ ਦੀ ਉਮਰ ਵਿਚ ਆਪ ਨੇ ਅਕਾਲੀ ਕੌਰ ਸਿੰਘ ਜੀ ਪਾਸੋਂ ਪਿਸ਼ਾਵਰ ਵਿਚ ਅੰਮ੍ਰਿਤ ਪਾਨ ਕੀਤਾ। ਫਿਰ ਦੁਬਾਰਾ ਬੁੱਢੇ ਦਲ ਤੋਂ ਅੰਮ੍ਰਿਤ ਪਾਨ ਕੀਤਾ ਅਤੇ ਆਪ ਦਾ ਨਾਮ ਸੋਹਨ ਸਿੰਘ ਨਿਕਲਿਆ ਤੇ ਉਪਨਾਮ 'ਪਿਸ਼ੌਰੀਆ' ਕਰ ਕੇ ਪ੍ਰਸਿਧ ਹੋ ਗਿਆ।

ਤਖਤ ਸੱਚਖੰਡ ਪੁੱਜਣ ਤੇ ਦਰਸ਼ਨ ਦੀਦਾਰੇ ਕੀਤੇ ਤੇ ਪੁਜਾਰੀ ਭਾਈ ਹੀਰਾ ਸਿੰਘ ਜੀ ਨੂੰ ੧/– ਰੁਪਈਆ ਰੱਖ ਕੇ ਮੱਥਾ ਟੇਕਿਆ। ਮਨ ਵੈਰਾਗੀ ਦਸ਼ਾ ਵਿਚ ਸੀ, ਉਦਾਸ ਤੇ ਕਾਫੀ ਚਿੰਤਾਤੁਰ ਭੀ ਸਨ। ਟਿਕਾਉ ਦਾ ਸਾਧਨ ਨਹੀਂ ਸੀ ਮਿਲ ਰਿਹਾ। ਆਪ ਡਾਵਾਂ ਡੋਲ ਹੋਏ ਫਿਰਦੇ ਰਹੇ। ਇਕ ਦਿਨ ਆਪ ਜੀ ਨਿਹੰਗ ਸਿੰਘਾਂ ਦੀ ਛਾਉਣੀ ਪੁੱਛ ਕੇ ਜਥੇਦਾਰ ਬਾਬਾ ਲੱਧਾ ਸਿੰਘ ਜੀ ਪਾਸ ਪੁਜੇ। ਪਰ ਮਨ ਦੀ ਉਪ੍ਰਾਮਤਾ ਦੂਰ ਨਾ ਹੋਈ। ਇਕ ਦਿਨ ਆਪ ਨੂੰ ਭਾਈ ਹਜ਼ਾਰਾ ਸਿੰਘ ਜੀ ਜਮ੍ਹਾਦਾਰ ਮਿਲੇ। ਉਨ੍ਹਾਂ ਨੇ ਆਪ ਜੀ ☞

ਮਲਵਈ ਤੇ ਮਝੈਲਾਂ ਦਾ ਝੱਗੜਾ

ਕਾਦਰੇ ਕਰੀਮ ਦੀ ਰਚਨਾ ਅਨੋਖੀ ਜੇਹੀ ਹੈ। ਦੇਵ ਤੇ ਦੈਂਤ, ਸੱਚ ਤੇ ਝੂਠ, ਅਨੇਕਾਂ 'ਦੂਈ ਵਾਲੀ' ਵਾਲੀ ਰਚਨਾ, ਵੈਰ - ਵਿਰੋਧ, ਈਰਖਾ - ਦ੍ਵੈਤਾ, ਪਾ ਕੇ ਸੰਸਾਰ ਨੂੰ ਅਜੇਹੇ ਆਹਰੇ ਲਾ ਕੇ ਯੁਗਾਂ ਦਾ ਚੱਕਰ ਚਲਾਇਆ ਹੋਇਆ ਹੈ. ਕਿਧਰੇ ਧਰਮ, ਜ਼ਾਤ, ਦੇਸ਼, ਪ੍ਰਾਂਤਾਂ, ਬੋਲੀਆਂ, ਸੂਬਿਆਂ ਤੇ ਉਸ ਵਿਚ ਭੀ ਵੱਖ ਵੱਖ ਹੱਦਾਂ ਦੀ ਵੰਡ ਮੁਤਾਬਕ ਜੀਵਾਂ ਦੇ ਨਾਮਾਂ ਦੀ ਜਿਵੇਂ ਪੰਜਾਬ ਵਿਚ ਪਹਿਲਾਂ - ੧. ਪਠਾਣੀ ਇਲਾਕਾ

ਨੂੰ ਪੁੱਛਿਆ–ਕਾਕਾ ! ਤੂੰ ਕਿਥੋਂ ਆਇਆ ਏਂ? ਤਾਂ ਭਾਈ ਸੋਹਨ ਸਿੰਘ ਜੀ ਨੇ ਸਾਰਾ ਬ੍ਰਿਤਾਂਤ ਦਸਿਆ ਅਤੇ ਕਿਹਾ ਕਿ ਮੈਂ ਸੁਣਿਆ ਸੀ ਕਿ ਸ੍ਰੀ ਕਲਗੀਧਰ ਜੀ ਇਥੇ ਰਹਿੰਦੇ ਹਨ, ਪਰ ਉਹਨਾਂ ਦੇ ਦਰਸ਼ਨ ਨਹੀਂ ਹੋ ਰਹੇ। ਇਸ ਕਰ ਕੇ ਮਨ ਬੜਾ ਉਦਾਸ ਰਹਿੰਦਾ ਹੈ। ਤੁਸੀਂ ਕਿਸ ਕਮਰੇ ਵਿਚ ਰਹਿੰਦੇ ਹੋ? ਸੋਹਨ ਸਿੰਘ ਜੀ ਨੇ ਕਿਹਾ, ਜਮਾਂਦਾਰ ਜੀ ਨੇ ਕਿਹਾ ਸ਼ਾਮ ਨੂੰ ਆਉਣਾ। ਜਦ ਸ਼ਾਮ ਨੂੰ ਆਇਆ, ਤਾਂ ਪਤਾਸੇ ਲੈਕੇ ਅਰਦਾਸ ਕਰਾਈ। ਜਮਾਂਦਾਰ ਜੀ ਨੇ ਕਿਹਾ ਇਹ ਸਾਹਮਣੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਕਮਰਾ (ਆਸਨ) ਹੈ।

ਸਤਿਗੁਰੂ ਜੀ ਸੌਂਦੇ ਕਿਥੇ ਹਨ ? ਪਿਸ਼ੌਰੀਏ ਨੇ ਪੁੱਛਿਆ।

ਜ਼ਮਾਂਦਾਰ ਜੀ ਨੇ ਕਿਹਾ–ਕਾਕਾ ! ਇਸੇ ਕਮਰੇ ਵਿਚ ਵਿਚ ਹੀ ਜਾਗਰਤ ਰੂਪ ਹੀ ਰਹਿੰਦੇ ਹਨ। ਫਿਰ ਸੋਹਨ ਸਿੰਘ ਜੀ ਨੇ ਕਿਹਾ–ਗੁਰੂ ਜੀ ਮਿਲਦੇ ਕੱਦ ਹਨ ? ਤਾਂ ਜ਼ਮਾਂਦਾਰ ਜੀ ਨੇ ਕਿਹਾ–ਜਦੋਂ ਚਾਹੋ, ਉਹ ਤਾਂ ਸਦਾ ਤੁਹਾਡੇ ਕੋਲ ਹੀ ਹਨ, ਪਰ ਉਹਨਾਂ ਦਾ ਦਰਸ਼ਨ ਭਾਗਵਾਨ ਹੀ ਕਰ ਸਕਦਾ ਹੈ।

ਭਾਈ ਸੋਹਨ ਸਿੰਘ ਜੀ ਨੂੰ ਬਾਬਾ ਮਿੱਤ ਸਿੰਘ ਜੀ ਦੀ ਦੱਸ ਪਈ। ਉਹ ਰੇਲ ਗੱਡੀ ਰਾਹੀਂ ਮੁਕਟ ਰੇਲਵੇ ਸ਼ਟੇਸ਼ਨ ਪਹੁੰਚੇ। ਉਥੋਂ ਭਾਈ ਸੋਹਨ ਸਿੰਘ ਜੀ ਗੁ: ਮਾਤਾ ਜੀ ਦੇ ਅਸਥਾਨ ਤੇ ਪਹੁੰਚੇ। ਜਦ ਉਹਨਾਂ ਨੇ ਬਾਬਾ ਜੀ ਦੇ ਦਰਸ਼ਨ ਕੀਤੇ ਤਾਂ ਪਿਸ਼ੌਰੀਏ ਨੂੰ ਬਾਬਾ ਜੀ ਵਿਚੋਂ ਅਕਾਲੀ ਕੌਰ ਸਿੰਘ ਜੀ ਦੇ ਦਰਸ਼ਨ ਨਜ਼ਰੀਂ ਆਏ। ਉਹਨਾਂ ਨੇ ਬਾਬਾ ਜੀ ਨੂੰ ਨਮਸ਼ਕਾਰ ਕੀਤੀ।

ਆਪ ਅਜੇ ਕੁਝ ਦਿਨ ਇਥੇ ਰਹੇ ਸਨ ਕਿ ਇਹਨਾਂ ਦੇ ਵਡੇ ਭਰਾਤਾ ਜੀ ਫੌਜੀਆਂ ਸਮੇਤ ਸੱਚਖੰਡ ਦੇ ਦਰਸ਼ਨਾਂ ਨੂੰ ਆਏ। ਤਾਂ ਭਾਈ ਸੋਹਨ ਸਿੰਘ ਜੀ ਨੇ ਸਾਰੇ ਫੌਜੀਆਂ ਨੂੰ ਲੰਗਰ ਛਕਾਇਆ। ਸੇਵਾ ਵਿਚ ਲੱਗੇ ਹੋਏ ਨੂੰ ਵੇਖ ਕੇ ਇਹਨਾਂ ਦੇ ਭਰਾਤਾ ਜੀ ਬਹੁਤ ਖੁਸ਼ ਹੋਏ। ਸੱਚਖੰਡ ਆ ਕੇ, ਪੁਜਾਰੀ ਹਰਿਨਾਮ ਸਿੰਘ ਜੀ ਪਾਸ ਉਹਨਾਂ ਨੂੰ ਗੁਰਬਾਣੀ ਦੀ ਸੰਥਾ ਪਾਠ ਕਰਨ ਲਾਇਆ। ਪਾਠ ਕਰ ਕੇ ਭਾਈ ਸੋਹਨ ਸਿੰਘ ਜੀ ਦੁਬਾਰਾ ਮਾਤਾ ਜੀ ਦੇ ਅਸਥਾਨ ਤੇ ਚਲੇ ਗਏ। ਤਾਂ ਬਾਬਾ ਮਿੱਤ ਸਿੰਘ ਜੀ ਨੇ ਬੰਦਾ ਘਾਟ ਗੁਰ ਅਸਥਾਨ ਦੇ ਪਹਿਰੇ ਲਈ ਚਾਬੀ ਭਾਈ ਸ਼ੇਰ ਸਿੰਘ ਜੀ ਸਿਆਲ ਕੋਟੀਏ ਨੂੰ ਦੇ ਭੇਜਿਆ। ਭਾਈ ਸੋਹਨ ਸਿੰਘ ਜੀ ਨੇ ਅਰਜ਼ ਕੀਤੀ–ਬਾਬਾ ਜੀ ਮੈਂ ਅਨਪੜ੍ਹ ਹਾਂ। ਤਾਂ ਬਾਬਾ ਜੀ ਨੇ ਕਿਹਾ ਤਾਂ ਹੀ ਤਾਂ ਤੁਹਾਡੀ ਸੇਵਾ ਲਾ ਰਹੇ ਹਾਂ, ਕਿਉਂਕਿ ਅਨਪੜ੍ਹ ਪੜ੍ਹਿਆਂ ਲਿਖਿਆਂ ਨਾਲੋਂ ਚੰਗੀ ਸੇਵਾ ਕਰਦਾ ਹੈ। ਅਤੇ ਆਪ ਪੜ੍ਹਿਆਂ-ਲਿਖਿਆਂ ਦੀ ਭੀ ਚੰਗੀ ਸੇਵਾ ਕਰੋਗੇ। ਨਾਲੇ ਸੇਵਾ ਦਾ ਸਬੰਧ ਪੜ੍ਹੇ ਨਾਲ ਨਹੀਂ ? ਇਥੇ ਤਾਂ ਪੜ੍ਹਿਆ ਤੇ ਅਨਪੜ੍ਹਿਆ ਇਕ ਸਮਾਨ ਹੈ। ਸੇਵਾ ਭਾਵ - ਭਗਤੀ ਨਾਲ ਹੁੰਦੀ ਹੈ।

ਪਿਸ਼ੌਰ, ੨. ਜਿਹਲਮ–ਰਾਵਲਪਿੰਡੀ, ੩. ਸਿਆਲਕੋਟ–ਗੁਜਰਾਂਵਾਲੇ ਦਾ ਪਰਗਨਾ, ੪. ਬਾਰ, ੫. ਗੰਜੀਬਾਰ ਮਾਝਾ, ਦੁਆਬਾ, ਮਾਲਵਾ। ਇਉਂ ਹੱਦਾਂ ਦੀਆਂ ਵੰਡੀਆਂ ਹੀ ਨਹੀਂ, ਸਗੋਂ ਸਮਾਜਕ, ਆਰਥਿਕ ਅਤੇ ਭਾਈਚਾਰਕ ਵੰਡਾਂ ਭੀ ਵੱਖ ਵੱਖ ਹੋਣ ਕਰ ਕੇ ਇਹ ਭੀ ਜ਼ਰੂਰੀ ਆਪਸੀ ਮੱਤ - ਭੇਦ ਹੋ ਜਾਵਨ।

ਇਹ ਮਤ - ਭੇਦ ਧਰਮੀਆਂ ਦੀ ਵੰਡ ਦਾ ਸ਼ਿਕਾਰ ਭੀ ਹੋ ਜਾਂਦੇ ਹਨ ਅਤੇ ਆਖਰ ਨੌਬਤ ਲੜਾਈਆਂ ਝਗੜੇ ਹੁੰਦੇ ਹਨ। ਹਰ ਕੋਈ ਆਪਣੇ ਪੱਖ ਦੀ ਪੂਰਤੀ ਲਈ ਇਤਿਹਾਸਕ ਪੱਖ ਦੀ ਭੀ

ਬਾਬਾ ਜੀ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਭਾਈ ਸੋਹਨ ਸਿੰਘ ਜੀ ਨੇ ਗੁ: ਬੰਦਾ ਘਾਟ ਦੀ ਸੇਵਾ ਬਹੁਤ ਸੋਹਣੇ ਢੰਗ ਨਾਲ ਨਿਭਾਹੁੰਦੇ ਰਹੇ ਸਨ। ਸ਼ਹਿਰ ਦੇ ਬੱਚਿਆਂ ਨੂੰ ਗੁਰਬਾਣੀ ਦੀ ਵਿਦਿਆ ਦੇ ਨਾਲ ਸ਼ਸਤਰ ਵਿਦਿਆ ਦਾ ਦਾਨ ਭੀ ਪ੍ਰਦਾਨ ਕਰਦੇ ਰਹੇ ਸਨ। (ਸੰਤ ਗੁਰਮੁਖ ਸਿੰਘ ਜੀ) ਸ੍ਰੀ ਸੰਤ ਜੀਵਨ ਸਿੰਘ ਜੀ ਸੰਪ੍ਰਦਾਏ ਵਲੋਂ ਇਹ ਅਸਥਾਨ ਬੜਾ ਸੁੰਦਰ ਬਣਾਇਆ ਗਿਆ ਹੈ। ਸੇਵਾ ਜਾਰੀ ਹੈ ?

ਜਦ ਸ੍ਰ: ਗੁਰਦੇਵ ਸਿੰਘ ਜੀ, ਬਾਬਾ ਮਿੱਤ ਸਿੰਘ ਜੀ ਦੇ ਪਿੰਡ ਮੰਡਿਆਣੀ ਦੇ, ਬਾਬਾ ਜੀ ਦੀ ਜੀਵਨੀ ਦੀ ਪੁੱਛ ਗਿੱਛ ਲਈ ਸ੍ਰੀ ਹਜ਼ੂਰ ਸਾਹਿਬ ਪੁੱਜੇ। ਤਾਂ ਕਈ ਉਥੋਂ ਦੇ ਵਸਨੀਕਾਂ ਤੋਂ ਨਿਹੰਗ ਸਿੰਘਾਂ ਪੁੱਛਦੇ ਰਹੇ। ਜਦ ਉਹਨਾਂ ਨੇ ਬੰਦਾ ਘਾਟ ਦੇ ਦਰਸ਼ਨ ਕੀਤੇ ਤਾਂ ਭਾਈ ਸੋਹਨ ਸਿੰਘ ਜੀ ਪਸ਼ੌਰੀਏ (ਜੋ ਇਥੋਂ ਦੇ ਸੇਵਾਦਾਰ ਸਨ) ਨੂੰ ਮਿਲੇ। ਪਰ ਸਭ ਦਾ ਇਕੋ ਉੱਤਰ ਸੀ ਕਿ ਜੇ ਕਿਧਰੇ ਗਿਆਨੀ ਕ੍ਰਿਪਾਲ ਸਿੰਘ ਜੀ ਲਿਖਾਰੀ ਬੁੱਢਾ ਦਲ ਮਿਲ ਸਕਣ, ਤਾਂ ਉਹਨਾਂ ਪਾਸੋਂ ਜਾਣਕਾਰੀ ਮਿਲ ਸਕਦੀ ਹੈ। ਉਹਨਾਂ ਤੋਂ ਬਿਨਾਂ ਕਿਸੇ ਪਾਸੋਂ ਭੀ ਵਿਸਥਾਰ ਪੂਰਬਕ ਜਾਣਕਾਰੀ ਨਹੀਂ ਮਿਲੇਗੀ। ਹਾਲਾਂ ਕਿ ਭਾਈ ਸੋਹਨ ਸਿੰਘ ਜੀ ਨੇ ਕਾਫੀ ਸਮਾਂ ਬਾਬਾ ਮਿੱਤ ਸਿੰਘ ਜੀ ਦੀ ਸੰਗਤ ਕੀਤੀ ਹੋਈ ਸੀ, ਅਤੇ ਬਾਬਾ ਜੀ ਨੇ ਹੀ ਉਹਨਾਂ ਨੂੰ ਗੁ: ਬੰਦਾ ਘਾਟ ਸੇਵਾ ਤੇ ਲਾਇਆ ਹੋਇਆ ਸੀ। ਇਨ੍ਹਾਂ ਬੜੀ ਅਣਥੱਕ ਸੇਵਾ ਕੀਤੀ।

ਆਪ ਸੁਭਾਵ ਦੇ ਤਿੱਖੇ ਅਤੇ ਕੜਵੇ ਸਨ। ਮਨ ਆਇਆ ਤਾਂ ਕਿਸੇ ਦਾ ਲਿਹਾਜ਼ ਨਹੀਂ ਕਰਦੇ ਸਨ। ਦਾਸ ਭੀ ਜਦ ਕਦੀ ਮਿਲਦਾ, ਆਪ ਆਪਣੇ ਸੁਭਾ ਮੁਤਾਬਕ ਭਾਵੇਂ ਹਾਸੇ ਵਿਚ ਹੀ ਕਹਿ ਦੇਂਦੇ–ਬੱਸ ਜੀ, ਹੁਣ ਤੁਸੀਂ ਜਾਓ। ਭਾਵੇਂ ਬਹੁਤ ਨਜ਼ਦੀਕੀ ਪਿਆਰ ਸੀ। ਪਾਕਿਸਤਾਨ ਬਣਨ ਤੋਂ ਪਹਿਲਾਂ ਜਦ ਅਸੀਂ ਅੰਮ੍ਰਿਤਸਰੋਂ ਰਾਵਲਪਿੰਡੀ, ਪਿਸ਼ੌਰ ਆਦਿ ਦਾ ਗਵਨ ਕਰਨ ਗਏ ਸਾਂ ਤਾਂ ਇਹ ਸਾਡੇ ਨਾਲ ਸਨ। ਬੇਸ਼ਕ ਦਾਸ ਦੇ ਲਈ ਆਦਰ ਸਤਿਕਾਰ ਇਹਨਾਂ ਦੇ ਮਨ ਵਿਚ ਬਹੁਤ ਸੀ, ਪਰ ਉਹ ਕਦੀ ਕਦੀ ਸੁਭਾ ਵਰਤ ਲੈਂਦੇ ਸਨ।

ਗੁਰਦੁਆਰਾ ਬੰਦਾ ਘਾਟ ਦੀ ਤਨੋਂ ਮਨੋਂ ਸੇਵਾ ਕਰਦਿਆਂ, ਕੁਝ ਸਮਾਂ ਹੀ ਹੋਇਆ ਹੈ ਦਾਸ ਸੰਨ ੧੯੯੪-੯੫ ਸੱਚਖੰਡ ਦੀਦਾਰੇ ਕਰਨ ਗਿਆ, ਮਿਲੇ ਸਾਂ। ਪਰ ਹੁਕਮ ਅਕਾਲ ਪੁਰਖ ਦਾ, ਇਹ ਹੁਣ ਅਕਾਲ ਚਲਾਣਾ ਕਰ ਗਏ ਹਨ।

ਗੁ: ਬੰਦਾ ਘਾਟ, ਸ੍ਰੀ ਮਾਨ ਪਰਮ ਪੂਜਯ ਸੰਤ ਗੁਰਮੁਖ ਸਿੰਘ ਜੀ ਦੀ ਸੰਪ੍ਰਦਾਇ ਨੇ ਮਹਾਂਪੁਰਸ਼ ਸੰਤ ਬਾਬਾ ਜੀਵਨ ਸਿੰਘ ਜੀ ਵਲੋਂ, ਇਹ ਅਸਥਾਨ ਬੜਾ ਸੁੰਦਰ ਬਣਾਇਆ ਗਿਆ ਹੈ।

ਵਰਤੋਂ ਕਰਨ ਤੋਂ ਸੰਕੋਚ ਨਹੀਂ ਕਰਦਾ ਤੇ ਇਕ ਦੂਜੇ ਤੇ ਧਰਮੀ ਤੇ ਅਧਰਮੀ ਹੋਣ ਦੇ ਦੂਸ਼ਣ ਲਾਣ ਤੋਂ
ਭੀ ਹਿਚਕਿਚਾਹਟ ਨਹੀਂ ਕੀਤੀ ਜਾਂਦੀ।

ਬੁੱਢੇ ਦਲ ਵਿਚ ਦੇਸ਼ ਦੇ ਵੱਖ ਵੱਖ ਭਾਗਾਂ ਤੋਂ ਸਿੰਘ ਸੱਜਦੇ ਹਨ। ਕਈ ਵਾਰੀ ਸਵਾਲ ਮਾਝੇ,
ਮਾਲਵੇ ਜਾਂ ਹੋਰ ਪ੍ਰਾਂਤਾਂ (ਸੂਬਿਆਂ) ਦਾ ਉੱਠ ਖਲੋਂਦਾ ਹੈ, ਸਮਾਜਿਕ ਅਤੇ ਰਾਜਨੀਤਕ ਤੌਰ ਤੇ ਭੀ
ਅਜਿਹੇ ਸੁਆਲ ਉਠਦੇ ਰਹਿੰਦੇ ਹਨ।

ਇਹੀ ਹੀ ਹਵਾ, ਗੁਰਦੁਆਰਾ ਮਾਤਾ ਸਾਹਿਬ ਕੌਰਾਂ ਜੀ ਦੇ ਅਸਥਾਨ ਤੇ ਭੀ ਵੱਗ ਪਈ ਅਤੇ ਮਝੈਲਾਂ
ਮਲਵਈ ਸਿੰਘਾਂ ਦਾ ਆਪਸੀ ਮੱਤ - ਭੇਦ (ਝਗੜਾ) ਹੋਣ ਲੱਗ ਪਿਆ। ਹਰ ਇਕ, ਇਕ ਦੂਜੇ ਤੇ ਗੁਰ-
ਸਿੱਖੀ ਬਾਰੇ ਗੋਲਾਬਾਰੀ ਝਾੜ ਰਹੇ ਸਨ। ਗੱਲਾਂ ਹੀ ਗੱਲਾਂ ਵਿਚ ਇਹ ਝਗੜਾ ਸ਼ਸਤਰਾਂ ਦੇ ਚਲਾਉਣ
ਤੱਕ ਪੁੱਜਣ ਹੀ ਵਾਲਾ ਸੀ ਕਿ ਭਾਈ ਸੋਹਨ ਸਿੰਘ ਜੀ ਪਸ਼ੌਰੀਏ ਨੇ ਦੌੜ ਕੇ ਬਾਬਾ ਜੀ ਨੂੰ ਕਿਹਾ ਕਿ ਮਝੈਲਾਂ
ਤੇ ਮਲਵਈਆਂ ਦਾ ਝਗੜਾ ਹੋ ਰਿਹਾ ਹੈ।

ਇਹ ਸੁਣ ਕੇ ਬਾਬਾ ਜੀ ਕੁਝ ਸਮਾਂ ਚੁੱਪ ਰਹੇ, ਤੇ ਅੱਧ - ਮੀਟੇ ਨੇਤਰਾਂ ਰਾਹੀ ਜਿਵੇਂ ਵਾਹਿਗੁਰੂ
ਜੀ ਦੀ ਇਸ ਖੇਡ ਨੂੰ ਵੇਖ ਰਹੇ ਹੋਵਣ ਤੇ ਹੁਕਮ ਦੀ ਉਡੀਕ ਵਿਚ ਖੜੇ ਹੋਵਣ। ਅਚਾਨਕ ਹੀ ਲੰਮਾ ਸਾਹ
ਲੈਂਦਿਆਂ ਉਚਾਰਨ ਕੀਤਾ— ਨਮੋ ਕਲਹ ਕਰਤਾ ॥ ਨਮੋ ਸ਼ਾਂਤ ਰੁਪੈ ॥ [ਜਾਪ, ਪਾ: ੧੦

ਹੇ ਵਾਹਿਗੁਰੂ ! ਤੁਸੀਂ ਆਪ ਹੀ ਝਗੜਾ ਪਾਉਂਦੇ ਹੋ ਆਪ ਹੀ ਸ਼ਾਂਤਿ, ਨਮਸ਼ਕਾਰ ਹੋਵੇ।

ਜਦ ਆਪ ਨੇ ਇਹ ਬਚਨ ਕੀਤੇ ਤਾਂ ਦੋਵੇਂ ਧਿਰਾਂ (ਮਝੈਲਾਂ, ਮਲਵਈਆਂ) ਵਿਚ ਆਪਣੇ ਆਪ
ਆਪ ਸ਼ਾਂਤਿ ਹੋ ਗਈ ਤੇ ਚੁਪ ਕਰ ਕੇ ਆਪਣੇ ਆਪਣੇ ਆਸਨਾਂ ਤੇ ਚਲੇ ਗਏ।

ਜਦ ਸ਼ਾਮ ਨੂੰ ਲੰਗਰ ਵਾਸਤੇ ਪੰਗਤ ਲੱਗੀ ਤਾਂ ਦੋਹਾਂ ਧਿਰਾਂ ਨੇ ਆਪਣੀ ਭੁੱਲ ਦਾ ਅਹਿਸਾਸ
ਕਰਦਿਆਂ ਉਠ ਕੇ ਬਾਬਾ ਜੀ ਤੋਂ ਖਿਮਾਂ ਮੰਗੀ। ਤੇ ਕਹਿਣ ਲਗੇ—ਬਾਬਾ ਜੀ ਸਾਥੋਂ ਭੁੱਲ ਹੋ ਗਈ ਹੈ।
ਆਪ ਸਾਡੀਆਂ ਗਲਤੀਆਂ ਤੇ ਗੁਨਾਹ ਮਾਫ ਕਰੋ।

ਬਾਬਾ ਜੀ— ਸਿੰਘੋ ! ਭਲਾ ਦਸੋ, ਤੁਸੀਂ ਕਿਸ ਗੁਰੂ ਦੇ ਸਿੱਖ ਹੋ ? ਜਦ ਅਸੀਂ ਚਾਹੇ ਕਿਸੇ ਦੇਸ
ਦੇ ਹੋਵੀਏ। ਸਾਰੇ ਅੰਮ੍ਰਿਤ ਛੱਕ ਕੇ ਭਾਈ ਭਾਈ ਹੋ ਗਏ ਹਾਂ। ਜ਼ਾਤ ਪਾਤ, ਪ੍ਰਾਂਤ, ਦਾ ਝੱਗੜਾ ਹੀ ਖਤਮ
ਹੋ ਗਿਆ। ਅੰਮ੍ਰਿਤ ਛੱਕਣ ਸਮੇਂ ਤੁਸੀਂ ਅਨੰਦਪੁਰ ਦੇ ਵਾਸੀ ਬਣੇ ਹੋ ਅਤੇ ਤੁਹਾਡੇ ਸਭ ਦੇ ਪਿਤਾ ਸ੍ਰੀ ਗੁਰੂ
ਗੋਬਿੰਦ ਸਿੰਘ ਜੀ ਹਨ ਤੇ ਮਾਤਾ ਸਾਹਿਬ ਕੌਰਾਂ ਜੀ। ਫਿਰ ਤੁਹਾਡਾ ਝੱਗੜਾ ਕਿਸ ਗੱਲ ਦਾ ਹੈ ? ਨਾ
ਪ੍ਰਾਂਤ (ਮਾਝਾ, ਮਾਲਵਾ) ਰਿਹਾ, ਨਾ ਜ਼ਾਤ ਪਾਤ। ਫਿਰ ਸਿੰਘ ਸਿੰਘ ਨਾਲ ਝਗੜਾ ਕਰਣਾ ਤਾਂ ਚੰਗਾ ਹੀ
ਨਹੀਂ ਲੱਗਦਾ। ਗੁਰੂ ਕੇ ਹੁਕਮ ਨੂੰ ਨਾ ਮੰਨਣਾ ਹੋਇਆ। ਕਿਉਂਕਿ ਸਿੰਘ-ਸਿੰਘ ਤੇ ਵਾਰ ਨਾ ਕਰੇ, ਜੋ ਕਰੇ ਸੋ
ਤਨਖਾਹੀਆ। ਤੁਹਾਡੇ ਮਨਾਂ ਅੰਦਰ ਗੁਰਬਾਣੀ ਨਹੀਂ ਵੱਸੀ। ਬਾਣਾ ਧਾਰ ਲੈਣਾ ਤੇ ਉਸ ਤੇ ਅਮਲ ਕਰਨ
ਨਾਲ ਹੀ ਸਤਿਗੁਰੂ ਜੀ ਦੀ ਪ੍ਰਸੰਨਤਾ ਹੈ—

ਝਗਰ ਕੀਏ ਝਗਰਉ ਹੀ ਪਾਵਾ ॥ [ਬਾਵਨ ਅਖਰੀ ਕਬੀਰ ਜੀ, ਪੰਨਾ ੩੪੧

ਗੁਰੂ ਦੁਆਰੇ ਤਾਂ ਮਨ ਦੇ ਵਿੰਡ ਤਿਆਗ ਕੇ (ਗੁਰੂ ਕੇ ਮੱਤ) ਦੀ ਸੋਝੀ ਆਉਣੀ ਚਾਹੀਦੀ ਹੈ। ਫਿਰ

ਅਸੀਂ ਸਾਰੇ— ਏਕ ਪਿਤਾ ਏਕਸ ਕੇ ਹਮ ਬਾਰਿਕ ॥ [ਸੋਰਠਿ ਮ: ੫—੬੧੧

ਹਾਂ। ਝਗੜਾ ਕਾਹਦਾ ? ਝਗੜਾ ਨਹੀਂ ਕਰੀਦਾ। ਗੁਰੂ ਆਸ਼ੇ ਅਤੇ ਗੁਰੂ ਦੇ ਹੁਕਮਾਂ ਦੀ ਪਾਲਣਾ ਕਰ ਕੇ
ਜੀਵਨ ਨੂੰ ਗੁਰੂ - ਚਰਨਾਂ ਨਾਲ ਜੋੜੋ, ਨਾ ਕਿ ਵਾਦ - ਵਿਵਾਦ ਵਿਚ ਸਮਾਂ ਗੰਵਾ ਕੇ, ਸਤਿਗੁਰੂ ਜੀ ਦੀ
ਦਿਆਲਤਾ ਤੇ ਚਿੱਕੜ ਉੱਛਾਲੋ। ਸੇਵਾ ਕਰੋ ਬਾਣੀ ਪੜ੍ਹੋ, ਜੋ ਬੇਹੰਗਮ ਦਾ ਕੰਮ ਹੈ।

ਬਾਬਾ ਜੀ ਦੀ ਨਿੱਤ ਕ੍ਰਿਆ

੧. ਅੰਮ੍ਰਿਤ ਵੇਲੇ ਰੋਜ਼ਾਨਾ ਜਾਗਣਾ—(ਆਮ ਤੌਰ ਤੇ ਸਿੰਘਾਂ ਦੇ ਉੱਠਣ ਤੋਂ ਪਹਿਲਾਂ) ਵੈਸੇ ਤਾਂ
ਜਦੋਂ ਵੇਖੋ, ਜਾਗਦੇ ਹੀ ਹੁੰਦੇ ਸਨ। ਸਿਮਰਨ ਵਿਚ ਅੱਠੋ ਪਹਿਰ ਸੁਰਤ ਜੋੜੀ ਰੱਖਦੇ ਸਨ।

੨. ਨਿੱਤਾ ਪ੍ਰਤੀ ਗੋਦਾਵਰੀ ਦੇ ਤੱਟ ਤੇ ਹੀ ਜਾ ਕੇ ਇਸ਼ਨਾਨ ਕਰਨਾ, ਕ੍ਰਿਆ ਸੋਧਣੀ। (ਕੋਈ
ਗੜਵਈ ਨਾਲ ਨਾ ਰੱਖਣਾ, ਆਪਣੀ ਕ੍ਰਿਆ ਆਪ ਸੋਧਣੀ।)

੩. ਕ੍ਰਿਆ ਸੋਧ ਕੇ ਆਸਨ ਤੇ ਬੈਠ ਕੇ ਦੁਮਾਲਾ ਸਜਾਉਣਾ ਤੇ ਨਿੱਤਨੇਮ ਜ਼ਬਾਨੀ ਕਰਨਾ।

੪, ਰੋਜ਼ਾਨਾ ਸਤਿਗੁਰੂ ਜੀ ਦੇ ਭੋਗ ਦੀ 'ਇਕ ਸੇਰ' ਦੀ ਕੜਾਹ ਪ੍ਰਸ਼ਾਦਿ ਦੀ ਦੇਗ ਮਰਯਾਦਾ
ਪੂਰਬਕ ਆਪਣੀਂ ਹੱਥੀਂ ਸਜਾਂਦੇ, ਕਾਰਬਾਰੀ ਜਾਂ ਕਿਸੇ ਹੋਰ ਨੇ ਪਹਿਲਾਂ ਚੁੱਲ੍ਹੇ (ਲੰਗਰ) ਤੇ ਮਿੱਟੀ ਦਾ
ਪੋਚਾ ਕਰ ਦੇਣਾ। ਬਰਤਨ ਸਾਫ ਕਰ ਦੇਣੇ ਤੇ ਚੰਡਾ (ਅੱਗ) ਬਾਲ ਦੇਣੀ। ਬਾਬਾ ਜੀ ਨੇ ਗੁਰਬਾਣੀ ਦਾ
ਪਾਠ ਕਰਦੇ ਹੋਏ ਮੱਠੀ ਅੱਗ (ਆਂਚ) ਨਾਲ ਆਟਾ ਭੁੰਨ ਕੇ ਆਪ ਪਹਿਲਾਂ ਚਾਸ਼ਨੀ ਬਣਾ ਕੇ ਉਸ ਨੂੰ
ਗੜਵੇ ਵਿਚ ਪਾ ਲੈਂਦੇ। (ਅੱਜ ਕਲ ਵਾਂਗ ਨਹੀਂ, ਕਿ ਚਾਸ਼ਨੀ ਬਨਾਉਣ ਤੋਂ ਬਿਨਾਂ, ਕੜਾਹੀ ਵਿਚ
ਆਟਾ ਭੁੰਨ ਕੇ, ਵਿਚੇ ਖੰਡ ਪਾ ਕੇ ਤੇ ਫਿਰ ਉਸ ਵਿਚ ਅਣਮਿਣਿਆ ਪਾਣੀ ਠੰਡਾ ਹੀ ਪਾ ਕੇ ਕੜਾਹ ਪ੍ਰਸਾਦਿ
ਤਿਆਰ ਕਰ ਲਿਆ ਜਾਂਦਾ ਹੈ, ਪਰ ਇਹ ਸਾਡੀ ਮਨਮਤਿ ਹੈ। ਅਸੀਂ ਮਰਯਾਦਾ ਤਿਆਗੀ ਜਾ ਰਹੇ ਹਾਂ)।
ਅਤੇ ਆਟਾ ਠੀਕ ਲਾਲ ਭੁਜ ਜਾਣ ਤੇ ਕੜਾਹੀ ਨੂੰ ਚੁੱਲ੍ਹੇ ਤੋਂ ਹੇਠਾਂ ਲਾਹ ਕੇ ਚਾਸ਼ਨੀ (ਮਿੱਠਾ ਪਾਣੀ)
ਪਾਉਂਦੇ। ਇਤਨਾ ਸਵਾਦਿਸ਼ਟ ਕੜਾਹ ਪ੍ਰਸ਼ਾਦਿ ਸਾਰੀ ਜ਼ਿੰਦਗੀ ਕਿਧਰੇ ਬਣਦਾ ਨਹੀਂ ਦੇਖਿਆ।
ਜੋ ਸਾਰਾ ਦਿਨ ਜਿਤਨੀ ਭੀ ਸੰਗਤ ਆਉਂਦੀ, ਸਭ ਨੂੰ ਦੋਹਰਾ ਵਰਤਾਰਾ ਵਰਤਾਇਆ ਜਾਂਦਾ, ਪਰੰਤੂ
ਕਦੇ ਤੋਟ ਨਾ ਆਉਂਦੀ।

੫. ਦੂਸਰੀ ਸੁੱਕ ਮਾਂਜ ਸਰਬ ਲੋਹ ਦੀ ਕੜਾਹੀ (ਉਹੋ ਪ੍ਰਸ਼ਾਦਿ ਸਜਾਉਣ ਵਾਲੀ ਕਾਲੀ ਕੜਾਹੀ
ਵਿਚ ਪ੍ਰਸ਼ਾਦਿ, ਗੁਰੂ ਹਜ਼ੂਰ ਨਹੀਂ ਲਿਜਾਂਦੇ ਸਨ (ਸੁਕ ਮਾਂਜ ਦੂਸਰੀ ਕੜਾਹੀ) ਵਿਚ ਪਾ ਕੇ ਗੁਰੂ ਹਜ਼ੂਰ
ਆਸਾ ਜੀ ਦੀ ਵਾਰ ਦੇ ਭੋਗ ਤੋਂ ਪਹਿਲਾਂ ਲੈ ਜਾਂਦੇ।

ਜ਼ਰੂਰੀ ਧਿਆਨ ਯੋਗ ਜੋ ਬਾਬਾ ਜੀ ਪੁਰਾਤਨ ਮਰਯਾਦਾ ਮੁਤਾਬਕ ਹੇਠ ਲਿਖੀਆਂ ਖਾਸ ਖਾਸ
ਵਿਸ਼ੇਸ਼ਤਾਵਾਂ ਦਾ ਧਿਆਨ ਰੱਖਦੇ।

[ੳ] ਸਵੇਰੇ ਬਰਤਨ ਦੁਬਾਰਾ ਸੁੱਚਮ ਕਰਦੇ ਤੇ ਸਰਬ-ਲੋਹ ਦੀ ਕੜਾਹੀ ਵਿਚ ਮੱਠੀ ਅੱਗ ਤੇ ਚਾਸ਼ਨੀ
ਬਣਾਉਂਦੇ ਅਤੇ ਨਾਲ ਹੀ ਬਾਣੀ ਪੜ੍ਹਦੇ ਰਹਿੰਦੇ। ਚਾਸ਼ਨੀ ਗੜਵੇ ਵਿਚ ਪਾ ਲੈਣੀ। ਕੜਾਹੀ
ਵਿਚ ਘਿਉ ਮੈਦਾ ਮੱਠੀ ਮੱਠੀ ਅੱਗ ਤੇ ਭੁੰਨਣਾ। ਆਟਾ ਲਾਲ ਹੋ ਜਾਣ ਤੇ ਚੁਲੇ ਤੋਂ ਹੇਠਾਂ ਉਤਾਰ ਕੇ